رنگ مجیٹھ

ਰੰਗ ਮਜੀਠ



ਸੁਰਿੰਦਰ ਸਿੰਘ ਸੁਨੱਡ

سریندر سنگھ سُنڈ

رنگ مجیٹھ

ਰੰਗ ਮਜੀਠ

(ਕਾਵਿ ਰੰਗੋਲੀ)

شعری رنگولی

ਸੁਰਿੰਦਰ ਸਿੰਘ ਸੁੱਨੜ

سریندر سنگھ سُنڈ

ਆਪਣੀ ਆਵਾਜ਼

www.apneeawaaz.com

www.facebook.com/APNEEAWAAZ

Rang Majith
(a book of poetry)
by
Surnider Singh Sunnar

ISBN 978-81-927506-1-3

ਮੁੱਲ– 200 ਰੁਪਏ, 20 ਡਾਲਰ

ਕਾਪੀ ਰਾਈਟ: ਲੇਖਕ

ਸਾਲ: 2014

ਪ੍ਰਕਾਸ਼ਕ:

Published by

https://apneeawaaz.com

Facebook
https://www.facebook.com/APNEEAWAAZ/

Email
apneeawaaz@gmail.com

ਸਮਰਪਿਤ

ਲੇਖਕਾਂ ਅਤੇ ਪਾਠਕਾਂ
ਨੂੰ

ਤਰਤੀਬ

ਅੱਖ਼ਰ ਅੱਖ਼ਰ ਕਵਿਤਾ

- ਪੈਂਤੀ ਅੱਖ਼ਰੀ/16
- ਬਾਰ੍ਹਮਾਹ/22
  - -ਚੇਤ
  - -ਵੈਸਾਖ
  - -ਜੇਠ
  - -ਹਾੜ੍ਹ
  - -ਸਾਉਣ
  - -ਭਾਦੋਂ
  - -ਅੱਸੂ
  - -ਕੱਤਕ
  - -ਮੱਘਰ
  - -ਪੋਹ
  - -ਮਾਘ
  - -ਫੱਗਣ
- ਜਨਮ ਕੁੰਡਲੀ/34

ਰੂਹ ਰਾਗ਼

- ਰੱਬ ਪ੍ਰਸਤ/40
- ਰੰਗ ਮਜੀਠ/43
- ਰਾਖ਼ਸ਼ ਬੁੱਧੀ/45
- ਕਰਾਮਾਤ/47
- ਦਾਤੇ ਦੀ ਦਾਤ/48
- ਧਰਮ/50
- ਧਰਮ ਅਸਥਾਨ/52
- ਧਰਮੀਂ/53
- ਤੂੰ ਹੀ ਤੂੰ/55
- ਓਅੰਕਾਰ56
- ਸ਼ਬਦ/57
- ਕਿਆਮਤ/58

ترتیب

اکھر اکھر کوتا

پینتی اکھری

بارھاں ماہ

- چیت-
- ویساکھ-
- جیٹھ-
- ہاڑھ-
- ساؤن-
- بھادوں-
- اسو-
- کتک-
- مگھر-
- پوہ-
- ماگھ-
- پھگن-

جنم کنڈلی

روح راگ

- ربّ پرست
- رنگ مجیٹھ
- راکھش بدھی
- کرامات/47
- داتے دی دات
- دھرم
- دھرم استھان
- دھرمی
- توں ہی توں
- اونکا
- شبد
- قیامت
- ربّ دے نغمے
- سمپورن
- میں کون ہاں
- دھرواس
- قادر دی قدرت
- من دی میل
- چکرویو
- رانجھن
- سچ دا راہ
- بھگتو-بھگتو بول
- سدیوی سچ
- سچ دی کھوج
- پرم پرکھ دیاں داتاں
- ادُھورا منکھ
- پریم
- دھرم دی ہوند
- شبد گورو اوتا
- امرت دھارا
- سرتی برتی
- من مندر
- ست یُگ
- بندے دا بنایا بھگوان
- سپنا
- پریم دے پاندھی
- شُونی توں برہمنڈ تک
- بندہ ربّ نے سرجیا
- گیان
- شبد شرن وچّ
- بھٹکن
- ادم تے اوتار
- اشٹ
- شبد شکتی
- ٹُٹی گنڈھ ستگور دے نال

- ਰੱਬ ਦੇ ਨਗ਼ਮੇ/59
- ਸੰਪੂਰਣ/60
- ਮੈਂ ਕੌਣ ਹਾਂ/61
- ਧਰਵਾਸ/63
- ਕਾਦਰ ਦੀ ਕੁਦਰਤ/64
- ਮਨ ਦੀ ਮੈਲ਼/65
- ਚੱਕਰਵਿਊ/66
- ਰਾਂਝਣ/67
- ਸੱਚ ਦਾ ਰਾਹ/68
- ਭਗਤੂ-ਭਗਤੂ ਬੋਲ/69
- ਸਦੀਵੀ ਸੱਚ/70
- ਸੱਚ ਦੀ ਖੋਜ/71
- ਪਰਮ ਪੁਰਖ਼ ਦੀਆਂ ਦਾਤਾਂ/72
- ਅਧੂਰਾ ਮਨੁੱਖ/73
- ਪ੍ਰੇਮ/74
- ਧਰਮ ਦੀ ਹੋਂਦ/75
- ਸ਼ਬਦ ਗੁਰੂ ਅਵਤਾਰ/76
- ਅੰਮ੍ਰਿਤ ਧਾਰਾ/77
- ਸੁਰਤੀ-ਬਿਰਤੀ /78
- ਮਨ ਮੰਦਰ/79
- ਸਤਿਯੁਗ/80
- ਬੰਦੇ ਦਾ ਬਣਾਇਆ ਭਗਵਾਨ/81
- ਸੁਪਨਾ/82
- ਪ੍ਰੇਮ ਦੇ ਪਾਂਧੀ/83
- ਸੂਨਯ ਤੋਂ ਬ੍ਰਹਿਮੰਡ ਤਕ/84
- ਬੰਦਾ ਰੱਬ ਨੇ ਸਿਰਜਿਆ/85
- ਗਿਆਨ/86
- ਸ਼ਬਦ ਸ਼ਰਣ ਵਿੱਚ/87
- ਭਟਕਣ/88
- ਆਦਮ ਤੇ ਅਵਤਾਰ/89
- ਇਸ਼ਟ/90
- ਸ਼ਬਦ ਸ਼ਕਤੀ/91
- ਟੁੱਟੀ ਗੰਢ ਸਤਿਗੁਰ ਦੇ ਨਾਲ /92

• ਜਹਾਨ/93	جہان	دعا
• ਸੱਚ ਹੈ ਆਦਿ ਜੁਗਾਦਿ/94	سچ ہے آدی جگادِ	مجبوری
• ਸ਼ਬਦਾਂ ਦੀ ਪਰਵਾਜ਼/95	شبداں دی پرواز	پوجا
• ਪ੍ਰੇਮ ਸਮੁੰਦਰ/96	پریم سمندر	نیویں رکھاں دے پھل
• ਧਾਰਮਿਕਤਾ/97	دھارمکتا	زوراور
ਚਿੱਤ ਚੇਤੇ ਨਾ ਚੇਤ ਚੜ੍ਹੇਗਾ	چتّ چیتے نہ چیت چڑھے گا	مایہ نگری
• ਚਾਨਣਵੰਤ/100	چانونت	پیسے دی بھکھ
• ਚੇਤ/102	چیت	واٹ
• ਕਨਸੋ/103	کنسو	جتی-ستی
• ਲਟਬਾਉਰਾ/104	لٹ باؤرا	لالچ
• ਮੋਹ ਮਇਆ/105	موہ مایا	دیپک
• ਨਸ਼ੱਈ/106	نشئیّ	بھکھ تے دکھ
• ਪੱਕਾ ਰਿਸ਼ਤਾ/107	پکا رشتہ	قیمت
• ਪਾਤਰ/108	پاتر	بول
• ਪੁਤਲੀਆਂ ਦਾ ਤਮਾਸ਼ਾ..... /109	پتلیاں دا تماشہ	گھاٹا-وادھاا
• ਰਾਮ ਤੇ ਰਾਵਣ/110	رام تے راون	ہڈّ ماس دا بندہ
• ਸਮਾਂ/111	سماں	امریکا
• ਸਾਥੀ/112	ساتھی	ٹھنڈیاں-تتیاں ہواواں
• ਸ਼ਿਸੂਪਾਲ/113	شش وپال	ہاسے
• ਧੰਨਵਾਦ/115	دھنوا	اسمان
• ਚਾਅ/117	چا	خالی ہتھ
• ਮਹਿਕਾਂ ਦਾ ਵਣਜਾਰਾ ਭੰਵਰਾ/118	مہکاں دا ونجارا بھنورا	منزل نہ ملی
• ਇੱਛਾਧਾਰੀ/120	اِچھادھاری	بھلیکھا
• ਜੀ ਕਰਦਾ ਹੈ/121	جی کردا ہے	بے بسی
• ਨਜ਼ਮ ਲਿਖਾਂ ਜਾਂ ਗੀਤ/123	نظم لکھاں جاں گیت	مالک دی ملکیت
• ਸੱਜਣ/124	سجن	اکلتا
• ਮੈਨਾ ਦੀ ਮੂਰਤ/125	مینا دی مورت	منکھ دے ناں
• ਤੇਰੇ ਆਪਣੇ/127	تیرے اپنے	کوجھ
• ਨਵਾਂ ਸਾਲ ਮੁਬਾਰਕ/129	نواں سال مبارک	چاہت
• ਕਥਾ/130	کتھا	من
• ਗੰਦਲਾਂ/131	گندلاں	چند 'تے داغ
• ਬਿਨ ਸਿਰਲੇਖੋਂ/132	بن سرلیکھوں	تیرا اک مخول
• ਐਨਕ/134	عینک	ریجھاں
• ਦੁਆ/135		
• ਮਜ਼ਬੂਰੀ/136		
• ਪੂਜਾ/137		
• ਨੀਵੇਂ ਰੁੱਖਾਂ ਦੇ ਫ਼ਲ/138		
• ਜ਼ੋਰਾਵਰ/139		
• ਮਾਇਆ ਨਗਰੀ/140		
• ਪੈਸੇ ਦੀ ਭੁੱਖ/141		
• ਵਾਟ/142		
• ਜਤੀ-ਸਤੀ/143		
• ਲਾਲਚ/144		
• ਦੀਪਕ/145		
• ਭੁੱਖ ਤੇ ਦੁੱਖ/146		
• ਕੀਮਤ/147		
• ਬੋਲ/148		
• ਘਾਟਾ-ਵਾਧਾ/149		
• ਹੱਡ-ਮਾਸ ਦਾ ਬੰਦਾ/150		
• ਅਮਰੀਕਾ/151		
• ਠੰਡੀਆਂ-ਤੱਤੀਆਂ ਹਵਾਵਾਂ/152		
• ਹਾਸੇ/153		
• ਆਸਮਾਨ/154		
• ਖ਼ਾਲੀ ਹੱਥ/155		
• ਮੰਜ਼ਿਲ ਨਾ ਮਿਲੀ/156		
• ਭੁਲੇਖਾ/157		
• ਬੇਵਸੀ/158		
• ਮਾਲਕ ਦੀ ਮਲਕੀਅਤ/159		
• ਇਕੱਲਤਾ/160		
• ਮਨੁੱਖ ਦੇ ਨਾਂ/161		
• ਕੋਝ/163		
• ਚਾਹਤ/164		
• ਮਨ/165		
• ਚੰਦ 'ਤੇ ਦਾਗ਼/166		
• ਤੇਰਾ ਇੱਕ ਮਖੌਲ/167		
• ਰੀਝਾਂ/168		

• ਆਪਣਾ ਭੇਤ/170	اپنا بھیت	
• ਬੰਦੇ ਦੀ ਕਰਾਮਾਤ/171	بندے دی کرامات	
• ਘਾਟੇ ਵਾਲੇ ਸੌਦੇ/172	گھاٹے والے سودے	
• ਮਾਇਆ/173	مایہ	
• ਸੰਸਾਰ/174	سنسار	
• ਕਿਸਮਤ/175	قسمت	
• ਸਿਰ/176	سر	
• ਕੋਮਲਤਾ/177	کوملتا	
• ਅੱਗ178	ئگ	
• ਪਰਵਾਜ਼/179	پرواز	
• ਤਰਜ਼/180	طرز	
• ਮੋਏ ਅਰਮਾਨ/181	موئے ارمان	
• ਜੀਵਨ ਜੋਤ/182	جیون جوت	
• ਖ਼ਾਲਸ ਇਨਸਾਨ/183	خالص انسان	
• ਪੱਤਝੜ/184	پت جھڑ	
• ਰਮਜ਼/185	رمز	
• ਸਹੀ ਰਸਤਾ/186	صحیح رستہ	
• ਯਾਰ/187	یار	
• ਰੱਬ ਦਾ ਸਿਰਨਾਵਾਂ/188	ربّ دا سرناوا	
• ਬਚਪਨ/189	بچپن	
• ਵਧਾਈਆਂ/190	ودھائیاں	
• ਇਮਾਨ/191	ایمان	
• ਨੀਂਦ/192	نیند	
• ਅਹਿਸਾਸ/193	احساس	
• ਦੁਖਦੀ ਰਗ਼/194	دکھدی رگ	
• ਅਖੌਤੀ ਸਾਹਿਤਕਾਰ/195	اکھوتی ساہتکار	
• ਸ਼ੀਸ਼ਾ/196	شیشہ	
• ਕਰੁੱਤੀ ਵੇਲ/197	کرتی ویل	
• ਰਿਸ਼ਤਾ198	رشتہ	
• ਚੱਕਰਵਿਊ/199	چکرویو	
• ਆਪਣੇ ਅੰਦਰ ਝਾਤ/200	اپنے اندر جھات	
• ਸੂਰਜ ਸਿਖ਼ਰ ਦੁਪਹਿਰ/201	سورج سکھر دوپہر	
• ਬੀਜ ਤੋਂ ਬਿਰਖ਼ ਤਕ/202	بیج توں برکھ تک	

• ਰੰਗਾਂ ਬਿਨ ਹੋਲੀ ਨਹੀਂ/203	رنگ بِن ہولی نہیں	
• ਸੱਤਿਆਨਾਸ/204	ستیا ناز	
• ਹੁੰਘਾਰਾ/205	ہُنگھارا	
• ਅਰਦਾਸ/206	ارداس	
• ਪੱਕੀ ਆੜੀ/207	پکی آڑی	
• ਸਦਾ ਬਹਾਰ/208	سدابہار	
• ਸੋਚ/209	سوچ	
• ਰੁੱਤ/210	رُت	
• ਪੰਜਾਬੀ ਮੁੰਡੇ ਅਮਰੀਕਾ ਵਿੱਚ/211	پنجابی مُنڈے امریکہ وِچ	
• ਸੱਚੋ-ਸੱਚ/212	سچو س	
• ਮਨ ਦੀ ਮੈਲ਼/213	من دی مَیل	
• ਅੰਤਰਮੁਖ/214	انتر مُکھ	
• ਤਿੱਤਲੀ/215	تِتلی	
ਸ਼ਹਾਦਤ ਨੂੰ ਸ਼ਰਧਾਂਜਲੀ	**شہادت نُوں شردھانجلی**	
• ਸ਼ਹਾਦਤ/218	شہادت	
• ਜਜ਼ਬਾ/220	جذبہ	
• ਗੁਰੂ ਦਰਬਾਰ/221	گورو دربار	
• ਤੱਤੀ ਤਵੀ/222	تتی تَوی	
• ਪੰਥ ਮਹਾਂਰਾਜ/223	پنتھ مہا راج	
• ਵਿਸ਼ਵਾਸ/225	وشواس	
• ਵਿਸਾਖੀ/227	وساکھی	
ਸੱਚ ਦਾ ਸੇਕ	**سچ دا سیک**	
• ਪਿੰਜਰਾ/230	پنجرا	
• ਡੁੱਬਦਾ ਬੇੜਾ/231	ڈُبدا بیڑا	
• ਢਿੱਡ ਦੀ ਭੁੱਖ/233	ڈھڈ دی بُھکھ	
• ਡੋਲ ਨਾ ਜਾਵੀਂ/234	ڈول نہ جاوِیں	
• ਲੋਹਾ/235	لوہا	
• ਵਾਅਦਾ/236	دُعا	
• ਤਿੱਤਲੀਆਂ ਦਾ ਕਤਲ/237	تتلیاں دا قتل	
• ਤਰਸ ਦੀ ਪਾਤਰ ਨਹੀਂ/238	ترس دی پاتر نہیں	
• ਤਾਰੋ/239	تارو	
• ਧੀਆਂ-ਭੈਣਾਂ/240	دِھیاں بھیناں	
• ਖ਼ੁਦਕੁਸ਼ੀ/242	خود کُشی	

• ਸਖੀਏ/244	سکھیے
• ਕਸਮ/245	قسم
• ਆਓ! ਇਤਿਹਾਸ ਲਿਖੀਏ/246	آؤ! اتہاس لکھیے
• ਕਿਸਾਨ ਦਾ ਦੁਖਾਂਤ/248	کسان دا دکھانت
• ਬਜਰੀ ਚੋਰ/250	بجری چور
• ਸੁਕਰਾਤ ਗਾਇਬ ਹੈ/251	سقراط غائب ہے
• ਸਾਹਸ/252	ساہس
• ਮੋਏ ਲੋਕਾਂ ਬਾਰੇ/253	موئے لوکاں بارے
• ਵੱਡੇ ਲੋਕ/254	وڈے لوک
• ਕੁੜੀਆਂ ਚਿੜੀਆਂ/255	کڑیاں چڑیاں
• ਉੱਤਮ ਜਾਤ/257	اتم جات
• ਸੰਘਰਸ਼/258	سنگھرش
• ਝੂਠੀ ਕਸਮ/259	جھوٹھی قسم
• ਕਿਰਤੀ ਕਿਰਸਾਨ/260	کرتی کرسان
• ਲੋਕਪਾਲ/261	لوک پال
• ਲੀਡਰ/262	لیڈر
• ਕੁਰਸੀ/263	کرسی
• ਖ਼ੂਨ-ਖ਼ਰਾਬਾ/264	خون-خرابہ
• ਭਾਰਤ ਦੀਆਂ ਸਰਕਾਰਾਂ/265	بھارت دیاں سرکاراں
• ਸਿਆਸਤਦਾਨ/266	سیاستدان
• ਭਾਰਤ ਦੀ ਧੀ/267	بھارت دی دھی
• ਮਾਰਟਨ ਲੂਥਰ ਕਿੰਗ ਦਾ ਸੁਪਨਾ/268	مارٹن لوتھر کنگ دا سپنا
ਮਾਂ ਦੀ ਮਮਤਾ, ਮਾਂ ਬੋਲੀ	ماں دی ممتا، ماں بولی
• ਮਾਂ ਦੀ ਮਹਿਕ/270	ماں دی مہک
• ਅੰਮੀ/272	امی
• ਮੇਰੀ ਮਾਂ /273	میری ماں
• ਮਾਂ ਪੰਜਾਬੀ/275	ماں پنجابی
• ਬੋਲੀਂ ਬੀਬੀ ਅੰਮ੍ਰਿਤਾ/277	بولیں بی بی امرتا
• ਮਾਂ ਦਾ ਧਰਮ/278	ماں دا دھرم
• ਮਾਂ ਦੀ ਯਾਦ/279	ماں دی یاد
• ਮਾਂ ਬੋਲੀ/280	ماں بولی
• ਪੰਜਾਬੀ ਜ਼ੁਬਾਨ/281	پنجابی زبان
• ਮਾਂ ਮਛੋਹਰ ਨਹੀਂ ਮੈਂ/282	ماں مچھوہر نہیں میں

• ਭਾਸ਼ਾ/283	بھاشا
• ਮਾਂ-ਪੁੱਤ ਵਾਲਾ ਸਾਕ/284	ماں پتّ والا ساک
• ਪਿਤਰ/285	پتر
ਦੇਸ਼ ਪਿਆਰ ਦੀ ਕਵਿਤਾ	دیش پیار دی کویتا
• ਪੰਜ ਦੁਆਬ/288	پنج دواب
• ਵਤਨ ਵਾਪਸੀ/290	وطن واپسی
• ਮੇਰਾ ਦੇਸ਼/291	میرا دیش
• ਸੱਤ ਸਮੁੰਦਰ ਤਰ ਕੇ/292	ستّ سمندر تر کے
• ਗੱਲ ਕਰੀਏ ਦੇਸ਼ ਪੰਜਾਬ ਦੀ/293	گلّ کریئے دیش پنجاب دی
• ਦਰਿਆਵਾਂ ਦਾ ਪਾਣੀ/295	دریاواں دا پانی
• ਪਰਦੇਸੀ/297	پردیسی
• ਪੰਜਾਬਣਾਂ/299	پنجابناں
• ਪੁਰਾਣਾ ਪੰਜਾਬ/300	پرانا پنجاب
• ਜੰਡ, ਟਾਹਲੀਆਂ, ਤੂਤ/302	جنڈ، ٹاہلیاں، توت
• ਪਿੰਡ ਦੀ ਯਾਦ/303	پنڈ دی یاد
ਢਾਈ ਅੱਖਰ ਪ੍ਰੇਮ ਕੇ	ڈھائی اکھر پریم کے
• ਮੁਟਿਆਰ/306	مٹیار
• ਮਟਿਆਰੇ! ਕੱਚ ਕਮਾਈ ਨਾ/308	مٹیارے! کچّ کمائی نہ
• ਸੰਗਦੇ ਰਹਿਣਾ/309	سنگدے رہنا
• ਸੱਸੀ ਦੀ ਸੇਜ/310	سسی دی سیج
• ਬਾਂਕੀਆਂ ਨਾਰਾਂ/311	بانکیاں ناراں
• ਸੋਹਣਾ ਹੋਇਆ ਸੋਹਣੀਏ/313	سوہنا ہویا سوہنیئے
• ਕਣੀਆਂ ਦਾ ਗੀਤ/314	کنیاں دا گیت
• ਜੁਗਨੀ/315	جگنی
• ਜਿੰਦੂਆ/316	جندوآ
• ਢੋਲਾ/318	ڈھولا
• ਮਾਹੀਆ/319	ماہیا
• ਤੇਰਾ ਕਰਜ਼ ਚੁਕਾਵਾਂਗੇ..../321	تیرا قرض چکاواں گے
• ਸਿਹਰਾ/323	سہرا
• ਸਬੱਬ/326	سببّ
• ਜੋਬਨ/327	جوبن
• ਮਲੰਗ/328	ملنگ
• ਗੰਧਾਰ/329	گندھار

• ਮਾਸ ਤੇ ਮਹਿਕ/331
• ਖ਼ਰੀਆਂ-ਖੋਟੀਆਂ/332
• ਝੂਠੇ ਰੰਗ-ਤਮਾਸ਼ੇ/333
• ਲਾਰਾ ਲਾਇਆ ਗਿਆ/335
• ਚੰਦਾ/336
• ਤੈਨੂੰ ਉੱਡਣਾ ਸਿਖਾਈਏ/337
• ਖੁਸ਼ੀਆਂ/338
• ਤੇਰਾ ਮੁੜ ਜਾਣਾ/339
• ਨੀਲੀਆਂ ਅੱਖਾਂ ਦਾ ਆਸਮਾਨ/341
• ਦਿਲ/343
• ਮੰਜ਼ਿਲ/344
• ਸੁਪਨਿਆਂ ਨੂੰ/345
• ਬਾਗ਼ ਹਵਾਲੇ ਤੇਰੇ/346
• ਆਸ਼ਿਕ/347
• ਵੈਲਨਟਾਈਨ ਦਾ ਤੋਹਫ਼ਾ/348
• ਦਿਲ ਦਾ ਹਾਲ/349
• ਆਸ/350
• ਸਾਜਨ/351
• ਪੀੜ/352
• ਮਹਿਫ਼ਿਲ/353
• ਠੋਹਕਰ 'ਤੇ ਜ਼ਮਾਨਾ/354
• ਸਾਂਝ ਦਿਲਾਂ ਦੀ/355
• ਮੋੜ-ਮੁੜਾਈਆਂ/356
• ਸੁਲ੍ਹਾ-ਸਫ਼ਾਈਆਂ/357

ਬਿਨ ਸਿਰਲੇਖ

• ਬਿਨ ਸਿਰਲੇਖ/360

ਹੀਰ

• ਹੀਰ/404

ماس تے مہک
کھریاں کھوٹیاں
جھوٹھے رنگ-تماشے
لارا لایا گیا
چندہ
تینوں اڈنا سکھائیے
خوشیاں
تیرا مڑ جانا
نیلیاں اکھاں دا آسمان
دل
منزل
سپنیاں نوں
باغ حوالے تیرے
عاشق
ویلنٹائین دا تحفہ
دل دا حالَ
آس
ساجن
پیڑ
محفل
ٹھوہکر تے زمانہ
سانجھ دلاں دی
موڑ مڑائیاں
صلح صفایاں

بن سرلیکھ

بن سرلیکھ

ہیر

ہیر

ਸੁੰਨ ਸਿਫ਼ਰ/872
ਤੇਰੀ ਹਾਜ਼ਰੀ/874
ਰਿਸ਼ਤਾ/876
ਸਿਖੀ ਸਿਖਿਆ ਗੁਰ ਵਿਚਾਰ/878
ਸੀਸ ਝੁਕਾ ਲੈਂਦੇ ਹੋ/880
ਸੁਪਨਾਂ/882
ਕੁਝ ਗ਼ਲਤ ਹੈ/884
ਮਾਂ/886
ਕਿਰਤੀ ਕਿਸਾਨ ਅੰਦੋਲਨ/888
ਸਪਤਾਹ/892
ਨਜ਼ਰੀਆ/906
ਪੰਜਾਬ ਦੇਸ਼/908
ਇਨਸਾਨੀਅਤ/910
ਪੁੱਠੇ ਰਾਹ/912
ਸੂਰਜ/914
ਪੰਜਾਬੀ/916
ਭਾਰਤ ਦੇਸ਼/918
ਭਗਤ ਸਿੰਘ/920
ਸੱਚ ਝੂਠ/922
ਧਰਮ ਕਰਮ/924
ਭੁੱਖ/926
ਜੱਗ ਵਿਰੋਧੀ/928
ਇਕੋ ਇਕ/930
ਖੁੱਲ ਕੇ ਹਾਲ ਸੁੱਣਾ ਸਜਣਾ/932
ਰਾਮ ਰਸ/934
ਸਿਤਾਰ/936
ਬਾਬਿਆਂ ਪੁੱਤ ਮਰਵਾ ਦਿਤੇ/938

سنّ صفر
تیری حاضری
رشتہ
سکھی سکھیا گر وچار
سیس جھکا لیندے ہو
سپناں
کجھ غلط ہے
ماں
کرتی کسان اندولن
سپتاہ
نظریہ
پنجاب دیش
انسانیت
پٹھے راہ
سورج
پنجابی
بھارت دیش
بھگت سنگھ
دھرم کرم
بھکھ
جگّ ورودھی
اکو اک
رام رس
ستار
بابیاں پُت مروا دِتے
سزا سنا دتیاں
ہؤ دور اندھیرا
پترکار
ان دیکھیا ان سُنیا
ننگے پیریں جان والیا

سزا سُنا دِتیاں
ہوُ دُور اندھیرا
پترکار
ان دیکھیا ان سُنیا
ننگے پیریں جان والیا
اندولن
مولا مہر کریں
ہو رام
توں کون ہیں
خالصہ تیار بر تیار
جےَ جوان جےَ کسان
گرپرب
الفاظ
مانگن نیک
اگنی پریکشا
شبد گورو
درد
بہانہ
کرتی
سچ نوں پھانسی
رتّ رتّ دے میوے
ماں مچھوہر
پردہ رہا
تھکّ گیا ہاں
سبزباغ
سنتاپ
ساکہ نیلا تارہ
تیرا رسنا
راجا پرجا
دنیاں جھوٹھ بولدی ہے
لومبڑ

ਸਜ਼ਾ ਸੁਣਾ ਦਿਤੀਆਂ/940
ਹਊ ਦੂਰ ਅੰਧੇਰਾ/942
ਪੱਤਰਕਾਰ/944
ਅਣਦੇਖਿਆ ਅਣਸੁਣਿਆ/946
ਨੰਗੇ ਪੈਰੀਂ ਜਾਨ ਵਾਲਿਆ/948
ਅੰਦੋਲਨ/950
ਮੌਲਾ ਮੇਹਰ ਕਰੀਂ/952
ਹੋ ਰਾਮ/954
ਤੂੰ ਕੌਣ ਹੈਂ/956
ਕਿਰਤੀ ਕਿਸਾਨ ਅੰਦੋਲਨ/958
ਖ਼ਾਲਸਾ ਤਿਆਰ ਬਰ ਤਿਆਰ/960
ਜੈ ਜਵਾਨ ਜੈ ਕਿਸਾਨ/962
ਗੁਰਪੁਰਬ/964
ਇਲਫ਼ਾਜ਼/966
ਮਾਂਗਨ ਨੀਕਾ/968
ਅਗਨੀ ਪ੍ਰੀਕਸ਼ਾ/970
ਸ਼ਬਦ ਗੁਰੂ/972
ਦਰਦ/974
ਬਹਾਨਾ/976
ਕਿਰਤੀ/978
ਗੁਰਪੁਰਬ/980
ਸੱਚ ਨੂੰ ਫਾਂਸੀ/982
ਰੁੱਤ ਰੁੱਤ ਦੇ ਮੇਵੇ/984
ਮਾਂ ਮਛੋਹਰ/986
ਪਰਦਾ ਰਿਹਾ/988
ਥੱਕ ਗਿਆ ਹਾਂ/990
ਸਬਜ਼ਬਾਗ/992
ਸੰਤਾਪ/994
ਸਾਕਾ ਨੀਲਾ ਤਾਰਾ/996
ਤੇਰਾ ਰੁੱਸਣਾ/1000
ਰਾਜਾ ਪਰਜਾ/1002
ਦੁਨੀਆਂ ਝੂਠ ਬੋਲਦੀ ਹੈ/1004
ਲੁੰਬੜ/1006

ਅੱਖਰ ਅੱਖਰ ਕਵਿਤਾ



اکھرّ اکھرّ کوتا



ਪੈਂਤੀ ਅੱਖ਼ਰੀ

ਊੜਾ ਊਲ ਜਲੂਲ ਵਿੱਚ ਉਮਰ ਬੀਤੀ,
ਉਸਦੀ ਸਮਝ ਨਾ ਆਈ ਉਸਨੂੰ ਪਾਵਣਾ ਕੀ।
ਉੱਪਰੋਂ-ਉੱਪਰੋਂ ਉਸਦੀ ਉਮੀਦ ਕੀਤੀ,
ਰਾਹ ਦੀ ਸਮਝ ਜੇ ਨਹੀਂ ਉਸ 'ਤੇ ਜਾਵਣਾ ਕੀ।

ਐੜਾ ਅਲਫ਼ ਅੱਲਾ ਦਾ ਹੀ ਆਸਰਾ ਹੈ,
ਆਲ-ਜਾਲ਼, ਜੰਜਾਲ਼ ਵਿਅਰਥ ਭੱਜ-ਨੱਠ।
ਐਵੇਂ ਧਰਤ ਆਕਾਸ਼ ਤੂੰ ਫਿਰੇਂ ਗਾਹੁੰਦਾ,
ਆਦਮ ਇੱਕ ਤੂੰ ਭਾਲਦਾ ਫਿਰੇਂ ਅੱਠ-ਸੱਠ।

ਈੜੀ ਇੱਕੋ-ਇੱਕ ਓਅੰਕਾਰ ਇਲਮੀ,
ਇਲਮਾਂ ਬਾਝ ਹੈ ਆਦਮੀ ਏਸ ਜੱਗ ਵਿੱਚ।
ਇਹ ਜੋ ਇਲਮ ਦੀ ਅਗਨ ਤੂੰ ਬਾਲਦਾ ਏਂ,
ਸੜ ਜਾਏਂਗਾ ਆਪਣੀ ਏਸ ਅੱਗ ਵਿੱਚ।

ਸੱਸਾ ਸਹਿਜ ਸੰਤੋਖ਼ ਸੀ ਸਰਲ ਕਾਇਦਾ,
ਭੰਬਲਭੂਸੇ ਵਿੱਚ ਫਸਿਆ ਸੰਸਾਰ ਐਵੇਂ।
ਸੁਪਨ ਦੁਨੀਆ ਤੂੰ ਸਿਰਜਦਾ ਫਿਰੇਂ ਜਿਹੜੀ,
ਸੱਚ ਨਹੀਂ, ਇਹ ਬਿਲਕੁਲ ਬੇਕਾਰ ਐਵੇਂ।

ਹਾਹਾ ਹਰੀਹਰ, ਹਰੀਹਰ ਫਿਰੇਂ ਕਰਦਾ,
ਮੂੰਹੋਂ ਹੋਰ ਤੇ ਅੰਦਰ ਕੁੱਝ ਹੋਰ ਬੰਦਿਆ!
ਹਰ ਹਾਲ ਵਿੱਚ ਹਰੀ ਤਾਂ ਨਾਲ ਤੇਰੇ,
ਹਉਮੈਂ ਤਿਆਗ ਕੇ ਹਰੀ ਨਾ' ਜੋੜ ਬੰਦਿਆ!

پینتی اکھری

اُوڑا اُول جلُول وچ عُمر بیتی،
اُسدی سمجھ نہ آئی اُسنوں پاونا کیہ
اُپروں اُپروں اُسدی اُمید کیتی،
راہ دی سمجھ جے نہیں اس تے جاونا کیہ

ایڑا الف اللہ دا ہی آسرا ہے،
آل جال، جنجال وِاَرتھ بھج نٹھ
ایویں دھرت آکاش توں پھریں گاہندا،
آدم اک توں بھالدا پھریں اٹھ سٹھ

ایڑی اکو اک اوانکار علمی،
علماں باجھ ہے آدمی ایس جگ وچ
ایہہ جو علم دی اگن توں بالدا ایں،
سڑ جائیں گا اپنی ایس اگ وچ

سسّا سہج سنتوکھ سی سرل قاعدہ،
بھمُبل بُھوسے وچ پھسیا سنسار ایویں
سپن دنیا توں سِرجدا پھریں جیہڑی،
سچ نہیں، ایہہ بِلُکل بے کار ایویں

ہاہا ہری ہر، ہری ہر پھریں کردا،
مونہوں ہور تے اندر کُجھ ہور بندیا!
ہر حال وچ ہری تاں نال تیرے،
ہؤمیں تیاگ کے ہری نا' جوڑ بندیا!

ਝੱਜਾ ਝੂਠੀ-ਮੂਠੀ ਝਲਕ ਪਈ ਤੈਨੂੰ,
ਝਿਲਮਲ-ਝਿਲਮਲ ਜੋ ਕਰੇ ਸਭ ਝੂਠ ਹੀ ਹੈ।
ਝੱਲ ਤੇਰਾ ਜੋ ਝੰਡੇ ਝੁਲਾਉਣ ਵਾਲਾ,
ਝੂਠ ਪਿੱਛੇ ਭੱਜਦਿਆਂ ਲੱਗਦੀ ਛੁਟ ਹੀ ਹੈ।

ਟੈਂਕਾ ਟਣਕਦਾ ਫਿਰੇਂ ਤੂੰ ਖੋਟਿਆ ਵੇ!
ਟੈਂ-ਟੈਂ ਕਰਦਾ ਤੂੰ ਤੇ ਥੱਕਦਾ ਨਹੀਂ।
ਟਿੰਡ ਵਿੱਚ ਕਾਨਾ ਐਵੇਂ ਪਾਈ ਰੱਖਦੈਂ,
ਟੂਣੇਹਾਰਿਆ ਟਪਲੇ ਲਾ ਅੱਕਦਾ ਨਹੀਂ।

ਠੱਠਾ ਠੰਡ ਕਲੇਜੇ ਨੂੰ ਤਾਂ ਪੈਂਦੀ,
ਠਾਕੁਰਦੁਆਰਿਆਂ 'ਤੇ ਠੀਕਰ ਚਾੜ੍ਹ ਆਵੇਂ।
ਪਿੱਠ ਦੇ ਕੇ ਨੱਠ ਜਾਏਂ ਜਦੋਂ ਮਰਜ਼ੀ,
ਠੱਗੀ ਨਾਲ ਬੇਦਾਵੇ ਕਦੇ ਪਾੜ ਆਵੇਂ।

ਡੱਡਾ ਡਮਰੂ ਵਜਾਏਂ ਤੂੰ ਬਹੁਤ ਵਧੀਆ,
ਡੌਂਡੀ ਪਿੱਟਦਾ ਫਿਰੇਂ ਜਹਾਨ ਅੰਦਰ।
ਡਰੇ ਡਾਂਗ ਤੋਂ ਮਾੜੇ ਨਾ' ਲਵੇਂ ਪੰਗਾ,
ਡੰਗ ਸਾਰਦੈਂ ਤੂੰ ਰੱਖ ਕੇ ਧਿਆਨ ਅੰਦਰ।

ਢੱਢਾ ਢੋਲ ਢਮੱਕਾ ਤੂੰ ਕਰੇਂ ਕਾਫ਼ੀ,
ਗੱਲ ਜੋੜਦੈਂ ਢਾਡੀ ਜਿਉਂ ਵਾਰ ਗਾਵੇ।
ਢੱਕਣ ਦੇ ਕੇ ਰਿੰਨ੍ਹੀਏ ਜੇ ਕੁੱਝ ਵੀ,
ਕੀ ਰਿੱਝਦਾ ਕੋਈ ਨਾ ਸਮਝ ਪਾਵੇ।

ਤੱਤਾ ਤੇਰਿਆਂ ਨੇ ਤੈਨੂੰ ਤੰਗ ਕਰਨਾ,
ਐਸੀ ਤ੍ਰਿਪਤੀ ਤੋਂ ਚੰਗਾ ਅਤ੍ਰਿਪਤ ਰਹਿਣਾ।
ਤੈਨੂੰ ਤਲਖ਼ ਤਜ਼ਰਬੇ ਵੀ ਹੋਣਗੇ ਕਈ,
ਤੇਰੀ ਤਮ੍ਹਾ ਨੇ ਵੀ ਤੈਨੂੰ ਤੇਲ ਦੇਣਾ।

ਥੱਥਾ ਥੱਕ-ਹਾਰ ਕੇ ਸੁਰਤ ਆਵੇ,
ਥੁੜ੍ਹਿਆ ਕੀ ਸੀ ਏਹੋ ਜਿਹੇ ਟੌਹਰ ਬਾਝੋਂ।

جھجا جُھوٹھی مُوٹھی جھلک پئی تینوں،
جھلمل جھلمل جو کرے سبھ جُھوٹھ ہی ہے
جھل تیرا جو جھلے جُھلاؤن والا
جُھوٹھ پِچھے بھجدیاں لگدی چُھٹ ہی ہے

ٹینکا ٹُنکدا پھرے توں کھوٹیا وے!
ٹیں ٹیں کردا توں تے تھکدا نہیں
ٹِنڈ وِچ کانا ایویں پائی رکھدیں،
ٹُونے ہاری ٹپالے لا اکدا نہیں

ٹھٹھا ٹھنڈ کلیجے نوں تاں پیندی،
ٹھاکردواریاں 'تے ٹھیکر چاڑھ آویں
پٹھ دے کے نٹھ جائیں جدوں مرضی،
ٹھگی نال بے دعوے کدے پاڑ آویں

ڈڈا ڈمرو وجائیں توں بہت ودھیا،
ڈونڈی پٹدا پھریں جہان اندر
ڈرے ڈانگ توں ماڑے نہ' لویں پنگا،
ڈنگ ساردیں توں رکھ کے دھیان اندر

ڈھڈھا ڈھول ڈھمکا توں کریں کافی،
گل جوڑدیں ڈھاڈی جیوں وار گاوے
ڈھکن دے کے رنھیے جے کجھ وی،
کی رجھدا کوئی نہ سمجھ پاوے

تتا تیریاں نے تینوں تنگ کرنا،
ایسی ترپتی توں چنگا اترپت رہنا
تینوں تلخ تجربے وی ہون گے کئی،
تیری طمع نے وی تینوں تیل دینا

تھتھا تھک ہار کے سرت آوے،
تُھڑیا کیہ سی ایہو جیہے ٹوہر باجھوں

ਥਾਂ-ਥਾਂ 'ਤੇ ਨੇ ਥਿੜਕਣ ਪੈਰ੍ਹ ਲੱਗੇ,
ਬੰਦਾ ਥਿੜਕਦਾ ਨਹੀਂ ਕਿਸੇ ਔਹਰ ਬਾਝੋਂ।

ਦੱਦਾ ਦਾਨਿਸ਼ਮੰਦਾਂ ਦੀ ਇਹ ਦੁਨੀਆ,
ਦਵਾ-ਦਾਰੂ ਵੀ ਦਰਦ ਦੇ ਮਿਲਣ ਏਥੇ।
ਕੰਡੇ ਦੁੱਖ ਦਿੰਦੇ, ਦਿਲ ਨੂੰ ਹੌਲ ਪੈਂਦੇ,
ਮਹਿਕ ਦੇਣ ਨੂੰ ਫੁੱਲ ਵੀ ਖਿਲਣ ਏਥੇ।

ਧੱਦਾ ਧੰਨ ਪਰਭਾਣੀਆਂ ਸਬਰ ਜਿਨ੍ਹਾਂ,
ਧਰਤੀ ਧਰਮ ਦੀ ਧੌਲ 'ਤੇ ਖੜੀ ਲੱਗਦੀ।
ਧੀਰਜ ਨਾਲ ਜੇ ਜਿਉਣ ਦਾ ਵੱਲ਼ ਹੋਵੇ,
ਧੰਨ-ਧੰਨ ਹੋ ਜਾਏ ਸ਼ੋਭਾ ਮਿਲੇ ਜੱਗ ਦੀ।

ਨੰਨਾ ਨਾਮ ਦਾ ਆਸਰਾ ਲੈ ਬੰਦਿਆ!
ਨਮੋ ਸ਼ਿਵਾ ਨਾਲ ਨਾਮ ਖੁਮਾਰੀਆਂ ਨੇ।
ਨੇਹੁੰ ਮਿਲ ਗਿਆ ਜੇਕਰ ਕਿਸੇ 'ਕੇਰਾਂ,
ਨਾਮੇ ਨਦਰੀਂ, ਫਿਰ ਨਦਰ ਨਿਹਾਰੀਆਂ ਨੇ।

ਪੱਪਾ ਪਰਮ ਪਰਮੇਸ਼ਵਰ ਪਿਤਾ ਪਿਆਰਾ,
ਪਲ-ਪਲ ਮੈਂ ਜਾਵਾਂ ਬਲਿਹਾਰ ਉਸਤੋਂ।
ਪਰਵਰਦਗਾਰ ਅਪਾਰ ਦਾ ਪਿਆਰ ਪਾ ਕੇ,
ਵਾਰੇ-ਵਾਰੇ ਜਾਵਾਂ, ਵਾਰ-ਵਾਰ ਉਸਤੋਂ।

ਫੱਫਾ ਫਿਕਫਿਕਾ ਲੰਘੇ ਨਾ ਸੰਘ ਅੰਦਰ,
ਫਿੱਕੇ ਬੋਲ ਵੀ ਕੰਨਾਂ ਨੂੰ ਨਹੀਂ ਭਾਉਂਦੇ।
ਫੁੱਲ ਫੱਬੇ ਨਾ ਲਾਟ 'ਤੇ ਸੜੇ ਜਿਹੜਾ,
ਆਪੇ ਫਾਥੜੀ ਨੂੰ ਕੋਈ ਨਾ ਮੂੰਹ ਲਾਉਂਦੇ।

ਬੱਬਾ ਬਹੁਤ ਕੁੱਝ ਬੰਦੇ ਨੂੰ ਬਖ਼ਸ਼ਿਆ ਹੈ,
ਹੋਰ ਬਹੁਤੇ ਤੋਂ ਬਹੁਤਾ ਹੁਣ ਕੀ ਹੋਵੇ।
ਬਾਰ੍ਹਾਂਤਾਲਿਆਂ ਬੰਦਿਆ! ਬਣ ਬੰਦਾ,
ਨਾਮ ਸਿਮਰ ਬਸ! ਜਿੰਨਾ ਚਿਰ ਜੀਅ ਹੋਵੇ।

تھاں تھاں 'تے نیں تھڑکن پیر لگے،
بندہ تھڑکدا نہیں کسے اوہر باجھوں

ددا دانشمنداں دی ایہہ دنیا،
دوا دارو وی درد دے ملن ایتھے
کنڈے دکھ دیندے، دل نوں ہول پیندے،
مہک دین نوں پھل وی کھلن ایتھے

دھدا دھن پربھانیاں صبر جیہناں،
دھرتی دھرم دی دھول 'تے کھڑی لگدی
دھیرج نال جے جیون دا ول ہووے،
دھن دھن ہو جائے شوبھا ملے جگ دی

ننا نام دا آسرا لے بندیا!
نمو شوا نال نام خماریاں نے
نیہں مل گیا جیکر کسے 'کیراں،
نامے ندریں، پھر ندر نہاریاں نے

پپا پرم پرمیشور پِتا پیارا،
پل پل میں جاواں بلہار اُستوں
پروردگار اپار دا پیار پا کے،
وارے وارے جاواں، وار وار اُستوں

پھپّھا پِھک پِھکا لنگھے نہ سَنگھ اندر،
پِھکے بول وی کنّاں نوں نہیں بھاؤندے
پھل پھبے نہ لاٹ 'تے سڑے جیہڑا،
آپے پھاتھڑی نوں کوئی نہ مونہہ لاؤندے

ببا بہت کجھ بندے نوں بخشیا ہے،
ہور بہتے توں بہتا ہن کیہ ہووے
بارھانتالیاں بندیا! بن بندہ،
نام سِمر بس! جِنا چر جی ہووے

ਭੱਭਾ ਭਰਮ ਦੀ ਭਾਜੀ ਪਕਾਈ ਫਿਰਦੈਂ,
ਭਾਂਤ-ਭਾਂਤ ਦੇ ਚਸਕੇ ਤੂੰ ਲਾਏਂ ਭਾਊ!
ਭੁੱਲਿਆ ਕੁੱਝ ਨਹੀਂ ਜਾਣਦੈਂ ਭਲੀ-ਭਾਂਤੀ,
ਭਾਓ, ਭਾਓ ਹੀ ਹੈ ਜੋ ਪਾਰ ਲਾਊ।

ਮੰਮਾ ਮੇਰਿਆਂ-ਤੇਰਿਆਂ ਵਿੱਚ ਉਲਝੇ,
ਮੋਹ-ਮਾਇਆ ਨੇ ਜਾਲ ਵਿਛਾਇਓ ਨੇ।
ਕਦੇ ਮੌਤ ਨੂੰ ਮੇਰੀ ਨਾ ਕਹੇ ਕੋਈ,
ਮਲਕਲ ਮੌਤ ਵੀ ਆਇਆ ਕਿ ਆਇਓ ਨੇ।

ਯੱਯਾ ਯਾਦ ਰੱਖੀਂ! ਯਾਰੀ ਟੁੱਟ ਜਾਣੀ,
ਸਾਰੇ ਯੁਗ, ਯੁਗਾਂਤਰ ਵੀ ਪਲਟ ਜਾਂਦੇ।
ਜਮ ਪਕੜ ਕੇ ਤੁਰ ਗਿਆ ਜਦੋਂ ਤੈਨੂੰ,
ਚੰਗੇ-ਭਲੇ ਸਾਹ ਇਕਦਮ ਹਲਟ ਜਾਂਦੇ।

ਰਾਰਾ ਰੌਣਕਾਂ ਤੇਰੀਆਂ ਰਹਿਣੀਆ ਨਹੀਂ,
ਤੁਰ ਜਾਏਂਗਾ ਰੋਜ਼ ਦੋ ਰੋਜ਼ ਰਹਿ ਕੇ।
ਰਾਹੀ ਰੱਬ ਦੀਆਂ ਰਮਝਾਂ ਨੂੰ ਨਾ ਜਾਣੇ,
ਰਾਤੋ-ਰਾਤ ਜਾਣਾ ਕਿਹੜੀ ਰੇਲ ਬਹਿ ਕੇ।

ਲੱਲਾ ਲਾ ਕੇ ਬੈਠਾਂ ਤੂੰ ਦਿਲ ਦਿਲਬਰ,
ਲਾਲ੍ਹਾਂ ਸੁੱਟਦਾਂ ਤੂੰ ਲੱਡੂ ਖਾਣ ਦੇ ਲਈ।
ਲਿਖਿਆ ਲੇਖ ਤੇਰਾ ਜੋ ਲਾਲ ਅੱਖ਼ਰੀਂ,
ਲੱਭ ਲਈਂ ਕੁੱਝ ਨਾਲ ਲਿਜਾਣ ਦੇ ਲਈ।

ਵਾਵ੍ਹਾ ਵਾਹੇਗੁਰੂ-ਵਾਹੇਗੁਰੂ ਕਰ ਬੰਦਿਆ!
ਵਕਤ ਨਾਲ ਤੂੰ ਵਕਤ ਪਛਾਣ ਭਾਈ!
ਵਗੀ ਪੁਰੇ ਦੀ 'ਵਾ ਜਦ ਵੇਗ ਦੇ ਵਿੱਚ,
ਹਰੇ ਪੱਤੇ ਵੀ ਪਲ 'ਚ ਝੜ ਜਾਣ ਭਾਈ!

ੜਾੜਾ ਰਿੜਕਿਆ ਬੜਾ ਤੂੰ ਸਾਫ਼ ਪਾਣੀ,
ਪਾਣੀ ਵਿੱਚ ਮਧਾਣੀ ਪਾ ਲੱਭਿਆ ਕੀ।

بھبھا بھرم دی بھاجی پکائی پھردیں،
بھانت بھانت دے چسکے توں لائیں بھاؤ!
بھلیا کجھ نہیں جاندیں بھلی بھانتی،
بھاؤ، بھاؤ ہی ہے جو پار لاؤُ

مما میریاں تیریاں وچ الجھے،
موہ مایا نے جال وچھائیو نے
کدے موت نوں میری نہ کہے کوئی،
ملکل موت وی آیا کہ آئیو نے

یہا یاد رکھیں! یاری ٹُٹ جانی،
سارے یگ، یگانتر وی پلٹ جاندے
جم پکڑ کے تر گیا جدوں تینوں،
چنگے بھلے ساہ اک دم ہلٹ جاندے

رارا رونقاں تیریاں رہنیا نہیں،
تر جائیں گا روز دو روز رہِ کے
راہی رب دیاں رمزاں نوں نہ جانے،
راتو رات جانا کیہڑی ریل بہہ کے

للا لا کے بیٹھاں توں دل دلبر،
لالھاں سٹداں توں لڈو کھان دے لئی
لکھیا لیکھ تیرا جو لال اکھریں،
لبھ لئیں کجھ نال لجان دے لئی

واوھا واہیگرو واہیگرو کر بندیا!
وقت نال توں وقت پچھان بھائی!
وگی پُرے دی 'وا جد ویگ دے وچ،
ہرے پتے وی پل 'چ جھڑ جان بھائی!

ڑاڑا رڑکیا بڑا توں صاف پانی،
پانی وچ مدھانی پا لبھیا کیہ

ਰਿੜ੍ਹਨਾ, ਤੁਰਨਾ ਤੂੰ ਸਿੱਖ ਕੇ ਭੱਜ ਤੁਰਿਆ,
ਰੁੜ੍ਹ ਗਿਆ ਪੂਰਾ ਆਬੂ ਛੱਡਿਆ ਕੀ।

ਬੱਤੀ ਅੱਖ਼ਰਾਂ ਦਾ ਬਣਦਾ ਵਜ਼ਨ ਬਹੁਤਾ,
ਤਿੰਨ ਅੱਖ਼ਰ ਜੋ ਕਾਬੂ ਵਿੱਚ ਨਹੀਂ ਆਏ।
ਸਿੱਖਿਆ ਵੱਲ਼ ਗ੍ਰੰਥਾਂ ਨੂੰ ਪੜ੍ਹ-ਸੁਣ ਕੇ,
ਸਾਡੇ ਪੂਰਬਿਆਂ ਪੂਰਨੇ ਬਹੁਤ ਪਾਏ।

ਕਰਿਓ! ਤੁੱਛ ਜਿਹੀ ਭੇਟਾ ਮਨਜ਼ੂਰ ਮੇਰੀ
ਸੁੱਨੜ ਅਜੇ ਤੱਕ ਇੱਕ ਵਿਦਿਆਰਥੀ ਹੈ।
ਸ਼ਰਨ ਸਾਹਿਤਕਾਰਾਂ ਦੀ ਵਿੱਚ ਬੈਠਾ
ਸੁੱਨੜ ਸਮਝਦਾ ਅਜੇ ਸ਼ਰਨਾਰਥੀ ਹੈ।

ਙੰਙਾਂ ਗਿਆਨ ਨਾ ਮੈਨੂੰ ਵੰਞਾਂ ਜੁਗਤ ਕੋਈ,
ਣਾਣਾ ਵੀ ਨਾ ਕਾਬੂ ਵਿੱਚ ਕਰਨ ਜੋਗਾ।
ਪੈਂਤੀ ਅੱਖ਼ਰੀ ਮਾਲਾ ਦੇ ਤਿੰਨ ਮਣਕੇ
ਙੰਙਾਂ, ਞੰਞਾਂ ਤੇ ਣਾਣਾ ਨਹੀਂ ਘੜਨ ਜੋਗਾ।

•

رڑھنا، ترنا توں سکھ کے بھج تریا،
رڑھ گیا پورا آبو چھڈیا کیہ

بتی اکھراں دا بندا وزن بہتا،
تن اکھر جو قابو وچ نہیں آئے
سکھیا ول گرنتھاں نوں پڑھ سنہ کے،
ساڈے پوربیاں پورنے بہت پائے

کریو! تچھ جہی بھیٹا منظور میری
سنڑ اجے تک اک ودیارتھی ہے
شرن ساہتکاراں دی وچ بیٹھا
سنڑ سمجھدا اجے شرنارتھی ہے

ننناں گیان نہ مینوں نجننجاں جگت کوئی،
نانا وی نہ قابو وچ کرن جوگا
پینتی اکھری مالا دے تن منکے
ننناں، جنجاں تے نانا نہیں گھڑن جوگا

ਬਾਰ੍ਹਾਂਮਾਹ

ਚੇਤ

ਚੜ੍ਹਿਆ ਸੂਰਜ ਚੇਤ ਦਾ, ਚਾਲੂ ਹੋਇਆ ਸਾਲ।
ਗਿਣਤੀ ਸੂਰਜ ਚੜ੍ਹਣ ਦੀ, ਹੋਰ ਨਾ ਕੋਈ ਖ਼ਿਆਲ।

ਚੱਲੀ ਸੂਈ ਸਮੇਂ ਦੀ ਬਸ! ਫਿਰ ਚੱਲ ਸੋ ਚੱਲ।
ਰੋਕ ਸਕਣ ਦਾ ਇਸਨੂੰ, ਲੱਭਿਆ ਨਾ ਕੋਈ ਹੱਲ।

ਕੋਰੀ ਕਾਪੀ ਗਣਿਤ ਦੀ, ਹੱਥੀਂ ਹਿੰਦਸੇ ਪਾਏ।
ਮਰਜ਼ੀ ਦੇ ਨਾਲ ਫਾਥੀਏ! ਤੈਨੂੰ ਕੌਣ ਛੁਡਾਏ।

ਸੋਚ ਤੇਰੀ ਨੇ ਸੋਚਿਆ, ਸੋਚਣ ਜੋਗੀ ਹੋਈ।
ਸਬਜ਼ਬਾਗ ਸਮਝਣ ਲਈ, ਸਹਿਜੋਂ ਟੁੱਟ ਖਲੋਈ।

ਸੀਤਲ 'ਵਾ ਸੋਹਣਾ ਸਮਾਂ, ਬਣਿਆਂ ਧੁੰਦੂਕਾਰ।
ਮਿਰਗਤ੍ਰਿਸ਼ਨਾ ਵੇਖੀਏ, ਕੀ ਕਰਦੀ ਚਮਤਕਾਰ।

ਨਾ ਕੋਈ ਚਿੰਤਾ ਨਾ ਫ਼ਿਕਰ, ਗਰਭ ਜੂਨ ਦੇ ਦੇਸ਼।
ਕੱਟ ਹੋ ਗਿਆ ਨਾੜੂਆ, ਪੈਦਾ ਹੋ ਗਿਆ ਵੇਸ।

ਨਾ ਟੁੱਟਦਾ ਤਾਂ ਖ਼ਰਾ ਸੀ, ਹੁਣ ਤੇਰੀਆਂ ਜਾਣੇ ਤੂੰ,
ਚਰਖੇ ਵਾਂਗੂੰ ਚਰਖਿਆ, ਜਾਹ ਕਰਦਾ ਫਿਰ ਘੂੰ-ਘੂੰ।

•

بارھاں ماہ

چیت

چڑھیا سورج چیت دا، چالو ہویا سال
گنتی سورج چڑھن دی، ہور نہ کوئی خیال

چلی سوئی سمیں دی بس! پھر چل سو چل
روک سکن دا اسنوں، لبھیا نہ کوئی حل

کوری کاپی گنت دی، ہتھیں ہوندسے پائے
مرضی دے نال پھاتھیے! تینوں کون چھڈائے

سوچ تیری نے سوچیا، سوچن جوگی ہوئی
سبزباگ سمجھن لئی، سہجوں ٹٹ کھلوئی

سیتل 'وا سوہنا سماں، بنیاں دھندوکار
مرگ ترشنا ویکھیے، کیہ کردی چمتکار

نہ کوئی چنتا نہ فکر، گربھ جون دے دیش
کٹ ہو گیا ناڑوآ، پیدا ہو گیا ویس

نہ ٹُٹدا تاں خرا سی، ہُن تیریاں جانے توں،
چرخے وانگوں چرکھیا، جا کردا پھر گُھوں گُھوں

ਵੈਸਾਖ

ਵੈਸੇ ਤਾਂ ਵੈਸਾਖ ਵੀ, ਬਹੁਤਾ ਦੂਰ ਨਹੀਂ।
ਜਾਗ ਲੱਗ ਕੇ ਦੁੱਧ ਨੂੰ, ਬਣਿਆ ਅਜੇ ਦਹੀਂ।

ਸਾਖਾਂ ਅਜੇ ਕਰੂੰਬਲਾਂ, ਨੰਨੇ ਨੈਣ ਨਕਸ਼।
ਲੋਭ-ਮੋਹ ਨਹੀਂ ਜਨਮਿਆਂ, ਹੈਂਕੜ, ਕ੍ਰੋਧ, ਹਵਸ।

ਕੱਟਣਾ ਪੈਣਾ ਖਾਣ ਨੂੰ, ਜੋ ਆਪ ਪਕਾਇਆ ਖੇਤ।
ਬਾਗ਼ਵਾਨ ਫੁੱਲ ਤੋੜਦਾ, ਕਿਸ ਤੋਂ ਪੁੱਛੀਏ ਭੇਤ।

ਚੰਗੇ-ਚੋਖੇ ਖਾਣ ਦਾ, ਲੱਗਾ ਪੈਣ ਸਵਾਦ।
ਇੱਕ ਦਿਨ ਲੇਖਾ ਹੋਵਸੀਂ, ਇਹ ਵੀ ਰੱਖੀਂ ਯਾਦ।

ਸਵਾਦ ਸਦਾ ਨਾ ਰਹਿਣਗੇ, ਤੱਤਾਂ ਵਿੱਚੋਂ ਤੱਤ।
ਤਰਕੀਬਾਂ ਨਹੀਂ ਰਹਿਣੀਆਂ, ਮਰ ਮੁੱਕ ਜਾਣੀ ਮੱਤ।

ਹਾਲੇ ਕੁੱਝ ਨਾ ਵਿਗੜਿਆ, ਤਪਸ਼ ਵੱਲ ਨਾ ਤੁਰ।
ਤੂੰ ਵੀ ਖ਼ੁਦ ਨਹੀਂ ਜਾਣਦਾ, ਜੋ ਤੂੰ ਕਰਦਾਂ ਘੁਰ-ਘੁਰ।

•

ویساکھ

ویسے تاں ویساکھ وی، بہتا دور نہیں
جاگ لگ کے دودھ نوں، بنیا اجے دہیں

ساکھاں اجے کرومبلاں، ننے نین نقش
لوبھ موہ نہیں جنمیاں، ہینکڑ، کرودھ، ہوس

کٹنا پینا کھان نوں، جو آپ پکایا کھیت
باغوان پھل توڑدا، کس توں پچھیے بھیت

چنگے چوکھے کھان دا، لگا پین سواد
اک دن لیکھا ہووسیں، ایہہ وی رکھیں یاد

سواد سدا نہ رہن گے، تتاں وچوں تت
ترکیباں نہیں رہنیاں، مر مک جانی مت

حالے کجھ نہ وگڑیا، تپش ول نہ تر
توں وی خود نہیں جاندا، جو توں کرداں گھر گھر

ਜੇਠ

ਜੇਠ ਵੱਡੇ ਨੂੰ ਆਖਦੇ, ਵੱਡਿਆਂ ਤੋਂ ਲੈ ਮੱਤ।
ਪਿਓ-ਦਾਦੇ ਦੇ ਵਾਂਗ ਤੇਰਾ ਵੀ, ਭੰਗ ਹੋਣਾ ਜਤ-ਸਤ।

ਤਪਸ਼ ਵੱਲ ਨੂੰ ਤੁਰ ਪਿਓਂ, ਇਹ ਕੀ ਤੇਰੀ ਦੌੜ।
ਅਸਲੀ ਮਾਇਆ ਤਿਆਗ਼ ਕੇ, ਕਰ ਲਿਆ ਝੁੱਗਾ ਚੌੜ।

ਹਿੰਗ ਲੱਗੀ ਨਾ ਫਟਕੜੀ, ਮਿਲ ਗਈ ਮਾਨਸ ਦੇਹ।
ਪਰ ਤੂੰ ਇਹ ਵੀ ਸਮਝ ਲੈ! ਖੇਹ ਨੇ ਹੋਣਾ ਖੇਹ।

ਕਰਜ਼ਾ ਚੁੱਕਣ ਲੱਗਿਆਂ, ਇੱਕ ਦਿਨ ਹੋਊ ਹਿਸਾਬ।
ਪਾਈ-ਪਾਈ ਦੇਣ ਲਈ, ਰੱਖੀਂ ਤਿਆਰ ਜਵਾਬ।

ਆਪਣੇ ਪੈਰ੍ਹੀਂ ਹੋਣ ਦਾ, ਤੈਨੂੰ ਬਹੁਤਾ ਮਾਣ।
ਇੱਕ ਦਿਨ ਐਸਾ ਆਵਸੀ, ਕੋਈ ਨਾ ਚੱਲੂ ਤਾਣ।

ਚਰਨ ਕਮਲ ਦਾ ਆਸਰਾ, ਛੱਡ ਤੁਰਿਓਂ ਤੂੰ ਆਪ।
ਤਪਸ਼ ਵਿੱਚੋਂ ਨਹੀਂ ਲੱਭਣਾ, ਠੰਡਕ ਵਰਗਾ ਸਾਕ।

•

جیٹھ

جیٹھ وڈے نوں آکھدے، وڈیاں توں لے مت
پیو دادے دے وانگ تیرا وی، بھنگ ہونا جت ست

تپش ول نوں تر پیوں، ایہہ کیہ تیری دوڑ
اصلی مایہ تیاغ کے، کر لیا جھگا چوڑ

ہنگ لگی نہ پھٹکڑی، مل گئی مانس دیہہ
پر توں ایہہ وی سمجھ لے! کھیہہ نے ہونا کھیہہ

قرضہ چکن لگیاں، اک دن ہوؤُ حساب
پائی پائی دین لئی، رکھیں تیار جواب

اپنے پیرھیں ہون دا، تینوں بہتا مان
اک دن ایسا آوسی، کوئی نہ چلو تان

چرن کمل دا آسرا، چھڈ تریوں توں آپ
تپش وچوں نہیں لبھنا، ٹھنڈک ورگا ساک

ਹਾੜ੍ਹ

ਹਾੜ੍ਹ ਮਹੀਨਾ ਚੜ੍ਹ ਪਿਆ, ਸੜਦਾ ਫਿਰੇ ਜਹਾਨ।
ਮਹੀਨਾ ਚੌਥਾ ਅਜੇ ਤਾਂ, ਥਿੜਕ ਰਿਹਾ ਇਮਾਨ।

ਧਰਤੀ ਤੱਤੀ ਹੋ ਗਈ, ਲੋਆਂ ਵਗਦੀਆਂ ਨਿੱਤ।
ਏਸ ਤਰ੍ਹਾਂ ਵੀ ਹੋਊਗੀ, ਨਾ ਮਨ ਤੇਰੇ ਨਾ ਚਿੱਤ।

ਖਾ ਖਰਬੂਜੇ, ਚਿੱਬੜਾਂ, ਕਰ 'ਲਾ ਪੂਰੇ ਸਵਾਦ।
ਪੈਰ੍ਹ-ਪੈਰ੍ਹ 'ਤੇ ਵੇਖ ਲਵੀਂ, ਨਾਨੀ ਆਊ ਯਾਦ।

ਸੋਹਣਾ ਤੁੰਮਾ ਵੇਖ ਕੇ, ਤੂੰ ਠੱਗਿਆ ਆਪਣਾ ਆਪ।
ਹਰ ਬਿਪਤਾ ਵਿੱਚ ਵੇਖ ਲਵੀਂ, ਭੱਜ ਖਲੋਣੇ ਸਾਕ।

ਆਪਣੇ ਪਿੰਡੋਂ ਚੱਲ ਕੇ, ਪਹੁੰਚਾਂ ਵਿੱਚ ਉਜਾੜ।
ਵੇਂਹਦਾ ਰਹਿ ਤੇ ਭੁਗਤ ਹੁਣ, ਅਜੇ ਤਾਂ ਚੜ੍ਹਿਆ ਹਾੜ੍ਹ।

ਰੱਕੜ ਭੂਮੀ ਹੋ ਗਈ, ਸੜ੍ਹਿਆ ਪਿਆ ਚੁਫ਼ੇਰ।
ਬੂੰਦ ਨਾ ਪਾਣੀ ਲੱਭਦਾ, ਇਹ ਕਰਮਾਂ ਦਾ ਗੇੜ।

•

ھاڑھ

ہاڑھ مہینہ چڑھ پیا، سڑدا پھرے جہان
مہینہ چوتھا اجے تاں، تھڑک رہا ایمان

دھرتی تتی ہو گئی، لوآں وگدیاں نت
ایس طرحاں وی ہوؤگی، نہ من تیرے نہ چت

کھا خربوزے، چبڑاں، کر 'لا پورے سواد
پیرھ پیرھ 'تے ویکھ لویں، نانی آؤ یاد

سوہنا تما ویکھ کے، توں ٹھگیا اپنا آپ
ہر بپتا وچ ویکھ لویں، بھج کھلونے ساک

اپنے پنڈوں چل کے، پہنچاں وچ اجاڑ
ویہندا رہ تے بھگت ہن، اجے تاں چڑھیا ہاڑھ

رکڑ بھومی ہو گئی، سڑھیا پیا چفیر
بوند نہ پانی لبھدا، ایہہ کرماں دا گیڑ

ਸਾਉਣ

ਨਿੱਤ ਅਰਦਾਸਾਂ ਕੀਤੀਆਂ, ਤਾਂ ਫਿਰ ਆਇਆ ਹੈ ਸਾਉਣ।
ਵਿਰਲੇ-ਵਿਰਲੇ ਅੰਬਰੀਂ, ਬੱਦਲ ਲੱਗੇ ਭਾਉਣ।

ਕਿਣਮਿਣ ਹੋਈ ਅੰਬਰੋਂ, ਸੰਭਲ ਗਏ ਖੜਸੁੱਕ।
ਪਹਿਲੀਆਂ ਕਣੀਆਂ ਪਤਾ ਨਹੀਂ, ਕਿੱਥੇ ਗਈਆਂ ਲੁਕ।

ਬਾਰਸ਼ ਹੋਈ ਰੱਜ ਕੇ, ਆਇਆ ਸੁਖ ਦਾ ਸਾਹ।
ਜੇਠ-ਹਾੜ੍ਹ ਦੀ ਧੁੱਪ ਨੇ, ਕੱਢ ਰੱਖਿਆ ਸੀ ਤ੍ਰਾਹ।

ਤੀਆਂ ਲੱਗੀਆਂ ਝੂੰਞਣੀਂ, ਕੁੜੀਆਂ ਗਾਉਂਦੀਆਂ ਗੀਤ।
ਅੰਦਰ ਬਾਹਰ ਤਪਸ਼ ਜੋ, ਰਤਾ ਕੁ ਹੋਈ ਸੀਤ।

ਖੁੱਡੀਂ ਪਾਣੀ ਪੈ ਗਿਆ, ਸੱਪ-ਸਪੋਲ ਬੜੀ।
ਮੂਸਾ ਭੱਜਿਆ ਮੌਤ ਤੋਂ, ਅੱਗੇ ਮੌਤ ਖੜੀ।

ਸੁਣਦਾ ਨਹੀਂ ਸੈਂ ਕਿਸੇ ਦੀ, ਹੁਣ ਦੱਸ! ਹੁਣ ਬੋਲ!!
ਹੱਥਾਂ ਦੇ ਨਾਲ ਦਿੱਤੀਆਂ, ਦੰਦਾਂ ਦੇ ਨਾਲ ਖੋਲ੍ਹ।

•

ساؤن

نِت ارداساں کیتیاں، تاں پھر آیا ہے ساؤن
وِرلے وِرلے امبریں، بدل لگے بھاؤن

کِن مِن ہوئی انبروں، سنبھل گئے کھڑسُک
پہلیاں کنیاں پتہ نہیں، کتھے گئیاں لُک

بارش ہوئی رج کے، آیا سُکھ دا ساہ
جیٹھ ہاڑھ دی دُھپ نے، کڈھ رکھیا سی تراہ

تیاں لگیاں ترنجنیں، کڑیاں گاؤندیاں گیت
اندر باہر تپش جو، رتا کو ہوئی سیت

کھڈیں پانی پے گیا، سپ سپول بڑی
موسیٰ بھجیا موت توں، اگے موت کھڑی

سُندا نہیں سیں کسے دی، ہُن دس! ہن بول!!
ہتھاں دے نال دتیاں، دنداں دے نال کھول

ਭਾਦੋਂ

ਦੋ ਭਾਅ ਹੋ ਗਏ ਸਮੇਂ ਦੇ, ਬਾਰਿਸ਼ ਨਾਲੇ ਹੁੱਟ।
ਸ਼ਸ਼ੋਪੰਜ ਵਿੱਚ ਸੋਚਦਾ, ਕਿੱਦਾਂ ਜਾਵਾਂ ਛੁੱਟ।

ਭਾਦੋਂ ਦਾ ਭਜਾਇਆ, ਸਾਧ ਹੋ ਗਿਆ ਜੱਟ।
ਮੰਗਣਾ ਵੀ ਨਾ ਆਂਵਦਾ, ਬੋਲ ਜਾਏ ਵੱਧ-ਘੱਟ।

ਸਾਉਣੀ ਫਸਲਾਂ ਉੱਗੀਆਂ, ਆਉਣ ਲੱਗਾ ਕੰਮ ਲੋਟ।
ਮੂੰਜੀ ਮਹਿਕੀ ਖੇਤ ਵਿੱਚ, ਮਟਰ, ਮੂਲੀਆਂ, ਮੋਠ

ਦੂਜੇ ਪਾਸੇ ਦੇਖੀਏ! ਤਾਂ ਉਹ ਵੀ ਨਹੀਂਓ ਘੱਟ।
ਮੱਛਰ ਅਤੇ ਮਲੇਰੀਆ, ਕੱਢੀ ਜਾਂਦੈ ਵੱਟ।

ਕਰ ਚਾਤਰ ਚਤੁਰਾਈਆਂ, ਭੱਜ 'ਲਾ ਅੰਨ੍ਹੇਵਾਹ।
ਜਾਣ ਲਵੇਂਗਾ ਚਾਤਰਾ! ਵਿਕਦੀ ਕਿਹੜੇ ਭਾਅ।

ਭਾਦੋਂ ਭਰਮ ਭਲਾਈਆਂ, ਨਾ ਉਸ ਪਾਰ ਨਾ ਇਸ।
ਕੋਈ ਨਾ ਸੁਣਦਾ ਕਿਸੇ ਦੀ, ਵੇਦਨ ਕਹੀਏ ਕਿਸ।

•

بھادوں

دو بھاء ہو گئے سمیں دے، بارش نالے ہٹ
شش و پنج وچ سوچدا، کداں جاواں چھٹ

بھادوں دا بھجایا، سادھ ہو گیا جٹ
منگنا وی نہ آوندا، بول جائے ودھ گھٹ

ساؤنی فصلاں اگیاں، آؤن لگا کم لوٹ
مونجی مہکی کھیت وچ، مٹر، مولیاں، موٹھ

دوجے پاسے دیکھیے! تاں اوہ وی نہیںؤ گھٹ
مچھر اتے ملیریا، کڈھی جاندے وٹ

کر چاتر چترائیاں، بھج 'لا انھے واہ
جان لویں گا چاترا! وکدی کیہڑے بھاء

بھادوں بھرم بھلائیاں، نہ اُس پار نہ اِس
کوئی نہ سُندا کسے دی، ویدن کہیے کس

ਅੱਸੂ

ਆਸੁਣ ਬਹਿ ਕੇ ਬੰਦਿਆ! ਭੁੱਲ ਜਾ ਓਤ ਤੇ ਪੋਤ।
ਪਿੱਛੇ ਮੁੜਨ ਦੀ ਅਜੇ ਵੀ, ਕਰ ਲੈ ਕੋਈ ਵਿਉਂਤ।

ਖ਼ੁਦ ਰਚ ਕੇ ਚੱਕਰਵਿਊ, ਵਿੱਚ ਫਸ ਗਿਆ ਆਪ।
ਤੈਨੂੰ 'ਕੱਲਾ ਫਸਿਆ ਦੇਖ ਕੇ, ਦੌੜ ਗਏ ਅੰਗ-ਸਾਕ।

ਦੱਦਾ ਦੋਸ਼ ਨਾ ਕਿਸੇ ਦਾ, ਸਭ ਤੇਰੀ ਕਰਤੂਤ।
ਤਾਣਾ ਤੂੰ ਉਲਝਾਇਆ, ਤੂੰ ਆਪ ਹੀ ਕਰਨਾ ਸੂਤ।

ਵੱਤਰ ਹੈ ਤੇ ਰੁੱਤ ਵੀ, ਹੁਣ ਪੂਰੀ ਕਰ 'ਲਾ ਰੀਝ।
ਭੁੱਲ ਕੇ ਵੀ ਨਾ ਬੀਜੀਏ, ਕਦੇ ਕਰੁੱਤਾ ਬੀਜ।

ਕੱਚੇ ਰੰਗਾਂ ਨਾਲ ਤੂੰ, ਹੁਣ ਬੈਠਾ ਰਿਸ਼ਤਾ ਜੋੜ।
ਪੱਕੇ ਰੰਗ ਨਾ' ਆਪ ਹੀ, ਤੂੰ ਕੀਤਾ ਤੋੜ ਵਿਛੋੜ।

ਆਪਣੇ ਅੰਦਰ ਝਾਕ ਤੂੰ, ਕਰਦੇ ਪਰਦੇਫਾਸ਼।
ਸੱਤਵੇਂ ਮਹੀਨੇ ਸੱਤਿ 'ਤੇ, ਆਸੁਣ ਕਰ ਵਿਸ਼ਵਾਸ।

•

اسُّو

آسن بہہ کے بندیا! بھل جا اوت تے پوت
پچھے مڑن دی اجے وی، کر لے کوئی ویونت

خود رچ کے چکرویو، وچ پھس گیا آپ
تینوں 'کلا پھسیا دیکھ کے، دوڑ گئے انگ ساک

ددا دوش نہ کسے دا، سبھ تیری کرتوت
تانا توں الجھایا، توں آپ ہی کرنا سوت

وتر ہے تے رت وی، ہن پوری کر 'لا ریجھ
بھل کے وی نہ بیجیے، کدے کرتا بیج

کچے رنگاں نال توں، ہن بیٹھا رشتہ جوڑ
پکے رنگ نہ' آپ ہی، توں کیتا توڑ وچھوڑ

اپنے اندر جھاک توں، کردے پردے فاش
ستویں مہینے ستِ 'تے، آسُن کر وشواس

ਕੱਤਕ

ਕੱਤੇ ਦੇ ਵਿੱਚ ਆਪ ਹੀ, ਕੱਤਣੇ ਪੈਣੇ ਕਰਮ।
ਮੀਂਹ ਗਏ, ਝੱਖੜ ਗਏ, ਰੁੱਤ ਹੋਈ ਮਾਸਾ ਨਰਮ।

ਹਾੜੀ ਬੀਜਣ ਵਾਸਤੇ, ਹੁਣ ਕਰ 'ਲਾ ਭੌਂਏ ਤਿਆਰ।
ਜਿਉਂ-ਜਿਉਂ ਮਿਹਨਤ ਕਰੇਂਗਾ, ਆਉਂਦਾ ਜਾਊ ਨਿਖ਼ਾਰ।

ਜਿੰਨਾ ਘਾਟਾ ਪੈ ਗਿਆ ਬਸ! ਹੁਣ ਉਸਨੂੰ ਜਾ ਭੁੱਲ।
ਰਹਿੰਦੇ-ਖੂੰਹਦੇ ਬੇਰ ਵੀ, ਨਹੀਂ ਤਾਂ ਜਾਣੇ ਡੁੱਲ।

ਰੁੱਤ ਬਦਲੀ ਤੂੰ ਬਦਲ, ਘਰ ਪਰਤਣ ਦੀ ਸੋਚ।
ਪਰਦੇਸਾਂ ਵਿੱਚ ਰੁਲਣ ਦੀ, ਕਾਹਤੋਂ ਕਰਨੀ ਲੋਚ।

ਦਾਤਾ ਦੇ ਸਰਬੱਤ ਨੂੰ, ਇੱਕੋ-ਇੱਕ ਅਰਦਾਸ।
ਆਪਣੇ ਅੰਦਰ ਵਸਦੇ, ਦੋਸ਼ਾਂ ਦਾ ਮੰਗੀਏ ਨਾਸ਼।

ਕੱਤਣਾ ਤੇਰੀ ਕੀਰਤੀ, ਕੱਤਣਾ ਤੇਰੀ ਬੁੱਧ।
ਜੇ ਕੱਤਕ ਵਿੱਚ ਕੱਤੀਏ ਤਾਂ ਕਾਰਜ ਹੁੰਦੇ ਸੁੱਧ।

•

کتک

کتے دے وچ آپ ہی، کتنے پینے کرم
مینہہ گئے، جھکھڑ گئے، رت ہوئی ماسہ نرم

ہاڑی بیجن واسطے، ہن کر 'لا بھونئے تیار
جیوں جیوں محنت کریں گا، آؤندا جاؤ نکھار

جنا گھاٹا پے گیا بس! ہن اسنوں جا بھل
رہندے کھونہدے بیر وی، نہیں تاں جانے ڈل

رت بدلی توں بدل، گھر پرتن دی سوچ
پردیساں وچ رلن دی، کاہتوں کرنی لوچ

داتا دے سربت نوں، اکو اک ارداس
اپنے اندر وسدے، دوشاں دا منگیے نعش

کتنا تیری کیرتی، کتنا تیری بدھ
جے کتک وچ کتیے تاں کارج ہوندے شدھ

ਮੱਘਰ

ਮਨ ਘਰ ਦੇ ਵਿੱਚ ਵਸਦਾ, ਮਨ ਬੁੱਧ ਦਾ ਪ੍ਰਿਤਪਾਲ।
ਮਨ ਕਰਦਾ ਚਤੁਰਾਈਆਂ, ਪਰ ਇੱਕ ਨਾ ਚੱਲੇ ਨਾਲ।

ਪੁੰਗਰੀਆਂ ਫਸਲਾਂ, ਪੁੰਗਰ ਤੂੰ, ਮਨ ਨੂੰ ਦੇ ਹੁਣ ਮੋੜ।
ਪੁੰਗਰ ਕੇ ਸੀ ਵਿਛੜਿਆ, ਫਿਰ ਪੁੰਗਰ ਕੇ ਹੀ ਜੋੜ।

ਜਿਸਦੇ ਨਾਲ ਖਲੋਣ 'ਤੇ, ਸਭ ਦੁਨੀਆ ਕਰਦੀ ਮਾਣ।
ਉਸਦੇ ਵੱਲ ਨੂੰ ਮੁੜਣ ਲਈ, ਲਾ ਦੇ ਪੂਰਾ ਤਾਣ।

ਸੇਂਜੀ ਸਰਸੋਂ ਬੀਜ ਕੇ, ਚਾਰਾ ਕਰ ਹੁਣ ਤਿਆਰ।
ਤੇਰੀ ਏਸ ਲਵੇਰੀ 'ਤੇ, ਹੱਥ ਫੇਰ ਤੇ ਦੇ ਪਿਆਰ।

ਨਾ ਠੱਕਾ ਨਾ ਲੋਅ ਵਗੇ, ਨਾ ਝੱਖੜ ਨਾ ਕੋਈ 'ਨ੍ਹੇਰ।
ਸਹਿਜੇ-ਸਹਿਜੇ ਸਹਿਜ ਲੱਭ, ਕਿਤੇ ਹੋ ਨਾ ਜਾਏ ਦੇਰ।

ਮਨ-ਮੰਦਰ ਵਿੱਚ ਆਰਤੀ, ਕਰਨ ਦੀ ਸਿੱਖ ਲੈ ਜਾਚ।
ਮਨ ਘਰ ਬੈਠਣ ਸਿੱਖ 'ਲਾ, ਕਦੇ ਸਕਦਾ ਨਹੀਂ ਗੁਆਚ।

•

مگھر

من گھر دے وچ وسدا، من بُدھ دا پرتپال
من کردا چترائیاں، پر اک نہ چلے نال

پُنگریاں فصلاں، پنگر توں، من نوں دے ہن موڑ
پُنگر کے سی وچھڑیا، پھر پُنگر کے ہی جوڑ

جسدے نال کھلون 'تے، سبھ دنیا کردی مان
اُسدے ول نوں مڑن لئی، لا دے پورا تان

سینجی سرسوں بیج کے، چارہ کر ہن تیار
تیری ایس لویری 'تے، ہتھ پھیر تے دے پیار

نہ ٹھکا نہ لوء وگے، نہ جھکھڑ نہ کوئی 'نھیر
سہجے سہجے سہج لبھ، کتے ہو نہ جائے دیر

من مندر وچ آرتی، کرن دی سکھ لے جاچ
من گھر بیٹھن سکھ 'لا، کدے سکدا نہیں گواچ

ਪੋਹ

ਅੰਗ ਲੱਗਣ ਦੀ ਆਸ ਵਿੱਚ, ਕਰ 'ਲਾ ਹੁਣ ਸ਼ਿੰਗਾਰ।
ਜੇਕਰ ਗਲ਼ੇ ਲਗਾ ਲਿਆ, ਹੋ ਜਾਸੀ ਦੂਰ ਤੁਖ਼ਾਰ।

ਫਸਲ ਗੋਡ ਕੇ ਰੱਖੀਏ, ਨਾਲੇ ਚੁਣ ਸੁੱਟੀਏ ਨਦੀਨ।
ਬਾਥੂ, ਮੈਣਾ, ਭੱਖੜਾ, ਇਟਸਿਟ, ਫਸਲ ਕਰਨ ਫ਼ਲਹੀਣ।

ਲੰਮੀਆਂ ਉਮਰਾਂ ਹਾੜ੍ਹੀਆਂ, ਕੱਕਰ ਸਹਿਣ ਸਮਰੱਥ।
ਜੇ ਵਿੱਚ ਉੱਗ ਪਏ ਘਾਹ-ਫੂਸ, ਕੁੱਝ ਨਾ ਆਉਂਦਾ ਹੱਥ।

ਗੋਡੀ ਕਰਕੇ, ਸਿੰਝ ਕੇ, ਖੇਤੀ ਨੂੰ ਕਰੀਏ ਤਿਆਰ।
ਖਾਦ ਵਕਤ ਸਿਰ ਪੈ ਜਾਏ ਤਾਂ ਬੂਟੇ ਨੂੰ ਚੜ੍ਹੇ ਨਿਖ਼ਾਰ।

ਗੱਲ ਸੁਣ ਮਿੱਤਰ ਪਿਆਰਿਆ! ਖੋਲ੍ਹਾਂ ਆਪਣਾ ਭੇਤ।
ਰੰਗ ਬਰੰਗਾ ਆਪ ਖੁਦ, ਤੂੰ ਖੇਤੀ ਅਤੇ ਤੂੰ ਖੇਤ।

ਮਨ ਮਿਲਣੇ ਨੂੰ ਲੋਚਿਆ, ਇਹ ਬਹੁਤ ਵੱਡੀ ਫ਼ਰਿਆਦ।
ਵਸਲ ਘੜੀ ਜਦ ਵਾਪਰੀ, ਕੁੱਝ ਨਾ ਰਹਿਣਾ ਯਾਦ।

•

پوہ

انگ لگن دی آس وچ، کر 'لا ہن شنگار
جیکر گلے لگا لیا، ہو جاسی دور تُخار

فصل گوڈ کے رکھیے، نالے چن سٹیے ندین
باتھو، مینا، بھکھڑا، اٹسٹ، فصل کرن پھل ہِین

لمیاں عمراں ہاڑھیاں، ککر سہن سمرتھ
جے وچ اگ پئے گھاہ پھوس، کجھ نہ آؤندا ہتھ

گوڈی کرکے، سنجھ کے، کھیتی نوں کریے تیار
کھاد وقت سر پے جائے تاں بوٹے نوں چڑھے نکھار

گل سُن متر پیاریا! کھولھاں اپنا بھیت
رنگ برنگا آپ خود، توں کھیتی اتے توں کھیت

من ملنے نوں لوچیا، ایہہ بہت وڈی فریاد
وصل گھڑی جد واپری، کجھ نہ رہنا یاد

ਮਾਘ

ਕੱਕਰ ਕੋਰਾ ਕਹਿਰ ਦਾ, ਮਹੀਨਾ ਚੜ੍ਹਿਆ ਮਾਘ।
ਬੁੱਕਲ ਦੇ ਬਿਨ ਨਾ ਸਰੇ, ਨਾ ਸੁੱਤਿਆਂ ਨਾ ਜਾਗ।

ਦਸ-ਦਸ ਦਿਨ ਧੁੰਦ ਮਿਟੇ ਨਾ, ਲੱਗੇ ਪੈਂਦੀ ਝੁਰ।
ਮੂੰਹ ਨੂੰ ਮੂੰਹ ਨਾ ਦਿਸਦਾ, ਕੀ ਦਿਸਣਾ ਹੈ ਦੂਰ।

ਮੂੰਹ-ਹੱਥ ਧੋ ਕੇ ਸਾਰਦੇ, ਪੰਜ ਇਸ਼ਨਾਨੇ ਕਰਨ।
ਗੱਲ੍ਹਾਂ ਥਿੜਕਣ ਠੰਡ ਨਾਲ, ਹੋਰ ਕਿੰਨਾ ਕੁ ਠਰਨ।

ਰੱਬ-ਰੱਬ ਆਪੇ ਹੋਂਵਦਾ, ਠਰ੍ਹਦਿਆਂ ਵੱਜਦੇ ਦੰਦ।
ਸੜਕਾਂ ਰੁਕ-ਰੁਕ ਚੱਲਦੀਆਂ, ਆਉਣਾ-ਜਾਣਾ ਬੰਦ।

ਵਿੱਛੜਦਿਆਂ ਧੁੱਪ ਘੇਰਿਆ, ਤਪਸ਼ ਜੇਠ ਤੇ ਹਾੜ੍ਹ।
ਮੁੜਦਿਆਂ ਪਾਲ਼ਾ ਪੈ ਗਿਆ, ਰੁਕ ਜਾ! ਮੌਕਾ ਤਾੜ।

ਚਾਰੇ ਕੂੰਟਾਂ ਗਾਹ ਲਈਆਂ, ਚੱਲ ਮੁੜ ਚੱਲੀਏ! ਦਰਬਾਰ।
ਗਲਵਕੜੀ ਸ਼ਾਹੁ ਦੀ ਮਿਲੇ, ਸਭ ਕੁੱਝ ਦੇਈਏ ਹਾਰ।

•

ماگھ

ککّر کورا قہر دا، مہینہ چڑھیا ماگھ
بُکل دے بن نہ سرے، نہ ستیاں نہ جاگ

دس دس دن دھند مٹے نہ، لگے پیندی بھور
مونہہ نوں مونہہ نہ دِسدا، کیہ دِسنا ہے دور

مونہہ ہتھہ دھو کے ساردے، پنج اشنانے کرن
گلھاں تھڑکن ٹھنڈ نال، ہور کِنا کو ٹھرن

ربّ ربّ آپے ہوویندا، ٹھرھدیاں وجدے دند
سڑکاں رک رک چلدیاں، آؤنا جانا بند

وچھڑیاں دھپ گھیریا، تپش جیٹھ تے ہاڑھ
مڑیاں پالا پے گیا، رک جا! موقع تاڑ

چارے کونٹاں گاہ لئیاں، چل مڑ چلیے! دربار
گلوکڑی شوہ دی ملے، سبھ کجھ دیئیے ہار

ਫੱਗਣ

ਘੁੰਮ-ਘੁਮਾ ਕੇ ਘਰ ਮੁੜੇ, ਹੋਇਆ ਅੰਤ ਮਿਲਾਪ।
ਸੁਰੂ ਅੰਤ ਇੱਕੋ ਜਗ੍ਹਾ, ਵਿੱਚ ਬਾਕੀ ਸਾਰੇ ਸਾਕ।

ਆਦਿ ਬਿਨਾ ਨਾ ਅੰਤ ਹੈ, ਜਨਮ ਬਿਨਾ ਨਾ ਮੌਤ।
ਸੁੱਖ ਜਾਵੇ, ਦੁੱਖ ਆਂਵਦਾ, ਇਹ ਸੱਚੋ-ਸੱਚ ਅਖੌਤ।

ਚਾਨਣ ਮਿਟਦਾ 'ਨ੍ਹੇਰ ਵਿੱਚ, ਅੰਧੇਰ ਮਿਟੇ ਪਰਕਾਸ਼।
'ਨੇਰ੍ਹਾ ਚਾਨਣ ਦੋਵੇਂ ਹੀ, ਇੱਕ-ਦੂਜੇ ਦਾ ਵਿਸ਼ਵਾਸ।

ਸੱਚ ਬਿਨਾ ਕੋਈ ਝੂਠ ਨਾ, ਝੂਠ ਬਿਨਾ ਨਹੀਂ ਸੱਚ।
ਸੱਚ-ਝੂਠ ਨਿਰਭਰ ਕਰਨ, ਇਸ ਵਿੱਚ ਕੋਈ ਨਾ ਕੱਚ।

ਘਰ ਨਾ ਵਾਪਸ ਪਰਤਦਾ, ਜੇ ਗੁਣ ਨਾ ਹੁੰਦੇ ਕੋਲ।
ਜੱਗ ਵਿੱਚ ਐਸਾ ਕੋਈ ਨਾ, ਜੋ ਸਦਾ-ਸਦਾ ਅਡੋਲ।

ਪੈਂਡਾ, ਪਾਂਧੀ ਦੋਏ ਤੂੰ, ਇਹ ਵਾਟ ਤੇਰਾ ਵਿਸਥਾਰ।
ਤੂੰ ਕਰਤਾ, ਤੂੰ ਕਰਮ ਹੈਂ, ਆਪੇ ਹੀ ਤੂੰ ਕਰਤਾਰ।

•

پھگن

گھم گھما کے گھر مڑے، ہویا انت ملاپ
شروع انت اکو جگہ، وچ باقی سارے ساک

آدی بنا نہ انت ہے، جنم بنا نہ موت
سکھ جاوے، دکھ آنودا، ایہہ سچو سچ اکھوت

چانن مٹدا 'نھیر وچ، اندھیر مٹے پرکاش
'نیرھا چانن دوویں ہی، اک دوجے دا وشواس

سچ بنا کوئی جھوٹھ نہ، جھوٹھ بنا نہیں سچ
سچ جھوٹھ نربھر کرن، اس وچ کوئی نہ کچ

گھر نہ واپس پرتدا، جے گن نہ ہوندے کول
جگ وچ ایسا کوئی نہ، جو سدا سدا اڈول

پینڈا، پاندھی دوئے توں، ایہہ واٹ تیرا وستھار
توں کرتا، توں کرم ہیں، آپے ہی توں کرتار

ਜਨਮ ਕੁੰਡਲੀ

1.
ਅੰਬਰ ਫਟਿਆ ਜ਼ੋਰ ਦੀ, ਇੱਕ ਸ਼ਕਤੀ ਪ੍ਰਗਟ ਹੋਈ,
ਪੰਜ ਤੱਤ ਜਿਸਦੇ ਰੂਪ ਸੀ, ਤੇ ਜਿਹੜੀ ਪੰਜਾਂ ਵਿੱਚ ਸਮੋਈ।
ਧਰਤੀ ਗੋਲਾ ਅੱਗ ਦਾ, ਹਵਾ 'ਚ ਆਣ ਖਲੋਈ,
ਹਵਾ 'ਚ ਚੱਕਰ ਲਾਉਂਦਿਆਂ, ਇੱਕ ਦਿਨ ਠੰਡੀ ਹੋਈ।

ਹਵਾ, ਹਵਾਵਾਂ ਨਾਲ ਰਲ, ਪਾਣੀ ਪ੍ਰਗਟਿਆ,
ਜਲ ਦੇ ਪ੍ਰਗਟ ਹੁੰਦਿਆਂ, ਹਰਿਆਵਲ ਜੰਮ ਖਲੋਈ।
ਧਰਤੀ ਵੀ ਪੰਜ ਤੱਤ ਹੈ, ਜੀਵ-ਜੰਤ, ਆਕਾਸ਼,
ਪੰਜ ਭੂਤਕ ਇਨਸਾਨ ਹੈ, ਪੰਜੇ ਤੱਤ ਸਭ ਕੋਈ।

2.
ਧਰਤੀ ਮਾਂ ਦੇ ਗਰਭ ਦੀ ਅੱਗ ਵਿੱਚੋਂ,
ਪਵਨ ਗੁਰੂ ਅਵਤਾਰ ਜਦ ਧਾਰਿਆ ਸੂ।
ਪਾਣੀ ਪਿਤਾ ਪੈਦਾ ਹੋਇਆ ਪਵਨ ਵਿੱਚੋਂ,
ਸਬਜ਼ ਬਾਗ਼ ਸਭ ਜਲ ਪਸਾਰਿਆ ਸੂ।

ਜਿਉਂ-ਜਿਉਂ ਵਧੇ ਹਰਿਆਵਲੀ, ਵਧੇ ਪਾਣੀ,
ਜਲ ਦੇਵਤੇ ਨੇ ਜੱਗ ਤਾਰਿਆ ਸੂ।
ਪਾਣੀ, ਹਵਾ ਤੇ ਸੇਕ ਨਾਲ ਬਣੇ ਬੱਦਲ,
ਬੱਦਲਾਂ, ਅੰਬਰਾਂ ਵਿੱਚ ਗੇੜਾ ਮਾਰਿਆ ਸੂ।

ਉੱਚੀਆਂ ਨੀਵੀਂਆਂ ਧਰਤੀਆਂ ਨਾਲ ਖਹਿ ਕੇ,
ਬੱਦਲਾਂ ਧਰਤੀ ਨੂੰ ਧੋ ਨਿਖ਼ਾਰਿਆ ਸੂ।

جنم کُنڈلی

.1
امبر پھٹیا زور دی، اک شکتی پرگٹ ہوئی،
پنج تت جسدے روپ سی، تے جیہڑی پنجاں وچ سموئی
دھرتی گولہ اگ دا، ہوا 'چ آن کھلوئی،
ہوا 'چ چکر لاؤندیاں، اک دن ٹھنڈی ہوئی

ہوا، ہواواں نال رل، پانی پرگٹیا،
جل دے پرگٹ ہوندیاں، ہریاول جم کھلوئی
دھرتی وی پنج تت ہے، جیو جنت، آکاش،
پنج بھوتک انسان ہے، پنجے تت سبھ کوئی

.2
دھرتی ماں دے گربھ دی اگ وچوں،
پون گورو اوتار جد دھاریا سو
پانی پتا پیدا ہویا پون وچوں،
سبز باغ سبھ جل پساریا سو
جیوں جیوں ودھے ہریاولی، ودھے پانی،

جل دیوتے نے جگ تاریا سو
پانی، ہوا تے سیک نال بنے بدل،
بدلاں، امبراں وچ گیڑا ماریا سو

اچیاں نیوینیاں دھرتیاں نال کھہِ کے،
بدلاں دھرتی نوں دھو نکھاریا سو

ਰੱਬ ਨੇ ਬੰਦਾ ਹੀ ਨਹੀਂ ਸਾਰੇ ਜੀਵ ਸਿਰਜੇ,
ਉਸ ਅਸੀਮ ਨੂੰ ਸੀਮਿਤ ਨਾ ਕਰੋ ਯਾਰੋ!
ਸਭ ਨੂੰ ਜੰਮਣਾ, ਮਾਰਨਾ ਰੱਬ ਦੇ ਹੱਥ,
ਨਾ ਸਿਆਣਪਾਂ ਨਾਲ ਜੰਮੋ-ਮਰੋ ਯਾਰੋ!

ਪੰਜਾਂ ਤੱਤਾਂ ਨਾਲ ਜਿਸਮ ਬਣਾਏ ਸਾਰੇ,
ਮਰਜ਼ੀ ਰੱਬ ਦੀ ਨੂੰ ਸਤਿ ਕਰ ਜਰੋ ਯਾਰੋ!
ਪੈਦਾ ਕਰਨ ਵਾਲਾ ਇੱਕੋ-ਇੱਕ ਜਿਹੜਾ,
ਉਸਨੂੰ ਘੜੋ ਨਾ ਉਸ ਤੋਂ ਕੁੱਝ ਡਰੋ ਯਾਰੋ!

5.
ਅੱਲਾ ਤਾਲਾ ਦੇ ਹੁਕਮ ਨਾਲ ਬਣੀ ਦੁਨੀਆ,
ਪਾਕ ਮੌਲਾ ਨੇ ਸ੍ਰਿਸ਼ਟ ਉਪਾਈ ਸਾਰੀ।
ਚੰਨ, ਸੂਰਜ ਨੂੰ ਕਾਰਜ ਸੰਭਾਲਿਆ ਸੂ,
ਕਾਇਆਨਾਤ ਸਭ ਕੰਮ 'ਤੇ ਲਾਈ ਸਾਰੀ।

ਝਰਨੇ, ਝੀਲਾਂ ਬਣਾ ਕੇ ਖੁਦਾ ਨੇ ਸਭ,
ਆਬ-ਏ-ਹਯਾਤ ਦੀ ਕਥਾ ਸੁਣਾਈ ਸਾਰੀ।
ਪੈਦਾ ਕੀਤੇ ਬੇਅੰਤ ਖਜੂਰ, ਮੇਵੇ,
ਤੇ ਇਸਲਾਮ ਦੀ ਝੰਡੀ ਝੁਲਾਈ ਸਾਰੀ।

ਜੋ-ਜੋ ਹਜਰਤ ਦੇ ਮੂੰਹੋਂ ਇਲਹਾਮ ਹੋਇਆ,
ਹੁਕਮ ਆਖ਼ਰੀ ਦੁਨੀਆ ਮਨਾਈ ਸਾਰੀ।
ਲੇਕਿਨ ਜਨਮ ਦਿੰਦੀ ਜਿਹੜੀ ਆਦਮੀ ਨੂੰ,
ਔਰਤ ਜਾਤ ਹੀ ਮੂਲੋਂ ਭੁਲਾਈ ਸਾਰੀ।

ਹੁਕਮ ਡੰਡੇ ਦੇ ਨਾਲ ਧਰਮ ਚਲਾਉਣ ਦੇ ਨੇ,
ਦੁਨੀਆ ਭੰਬਲ-ਭੂਸੇ ਵਿੱਚ ਪਾਈ ਸਾਰੀ।
ਸ਼ਬਦਾਂ ਬਾਝ ਤਾਂ ਕੋਈ ਨਾ ਧਰਮ ਬਣਦਾ,
ਮੂੰਹ ਵਿੱਚ ਸ਼ਬਦ, ਹੱਥ ਛੁਰੀ ਫੜਾਈ ਸਾਰੀ।

رب نے بندہ ہی نہیں سارے جیو سرجے،
اس اسیم نوں سیمت نہ کرو یارو!
سبھ نوں جمنا، مارنا رب دے ہتھ،
نہ سیانپاں نال جمو مرو یارو!

پنجاں تتاں نال جسم بنائے سارے،
مرضی رب دی نوں ست کر جرو یارو!
پیدا کرن والا اکو اک جیہڑا،
اسنوں گھڑو نہ اس توں کجھ ڈرو یارو!

.5
اللہ تعالیٰ دے حکم نال بنی دنیا،
پاک مولیٰ نے سرشٹ اپائی ساری
چن، سورج نوں کارج سنبھالیا سو،
کایانات سبھ کم 'تے لائی ساری

جھرنے، جھیلاں بنا کے خدا نے سبھ،
آب اے حیات دی کتھا سنائی ساری
پیدا کیتے بے انت کھجور، میوے،
تے اسلام دی جھنڈی جھلائی ساری

جو جو حضرت دے مونہوں الہام ہویا،
حکم اکھری دنیا منائی ساری
لیکن جنم دیندی جیہڑی آدمی نوں،
عورت جات ہی مولوں بھلائی ساری

حکم ڈنڈے دے نال دھرم چلاؤن دے نے،
دنیا بھمبل بھوسے وچ پائی ساری
شبداں باجھ تاں کوئی نہ دھرم بندا،
منہ وچ شبد، ہتھ چھری پھڑائی ساری

ਰੱਬ ਨੇ ਬੰਦਾ ਹੀ ਨਹੀਂ ਸਾਰੇ ਜੀਵ ਸਿਰਜੇ,
ਉਸ ਅਸੀਮ ਨੂੰ ਸੀਮਿਤ ਨਾ ਕਰੋ ਯਾਰੋ!
ਸਭ ਨੂੰ ਜੰਮਣਾ, ਮਾਰਨਾ ਰੱਬ ਦੇ ਹੱਥ,
ਨਾ ਸਿਆਣਪਾਂ ਨਾਲ ਜੰਮੋ-ਮਰੋ ਯਾਰੋ!

ਪੰਜਾਂ ਤੱਤਾਂ ਨਾਲ ਜਿਸਮ ਬਣਾਏ ਸਾਰੇ,
ਮਰਜ਼ੀ ਰੱਬ ਦੀ ਨੂੰ ਸਤਿ ਕਰ ਜਰੋ ਯਾਰੋ!
ਪੈਦਾ ਕਰਨ ਵਾਲਾ ਇੱਕੋ-ਇੱਕ ਜਿਹੜਾ,
ਉਸਨੂੰ ਘੜੋ ਨਾ ਉਸ ਤੋਂ ਕੁੱਝ ਡਰੋ ਯਾਰੋ!

5.
ਅੱਲਾ ਤਾਲਾ ਦੇ ਹੁਕਮ ਨਾਲ ਬਣੀ ਦੁਨੀਆ,
ਪਾਕ ਮੌਲਾ ਨੇ ਸ੍ਰਿਸ਼ਟ ਉਪਾਈ ਸਾਰੀ।
ਚੰਨ, ਸੂਰਜ ਨੂੰ ਕਾਰਜ ਸੰਭਾਲਿਆ ਸੂ,
ਕਾਇਆਨਾਤ ਸਭ ਕੰਮ 'ਤੇ ਲਾਈ ਸਾਰੀ।

ਝਰਨੇ, ਝੀਲਾਂ ਬਣਾ ਕੇ ਖੁਦਾ ਨੇ ਸਭ,
ਆਬ-ਏ-ਹਯਾਤ ਦੀ ਕਥਾ ਸੁਣਾਈ ਸਾਰੀ।
ਪੈਦਾ ਕੀਤੇ ਬੇਅੰਤ ਖਜੂਰ, ਮੇਵੇ,
ਤੇ ਇਸਲਾਮ ਦੀ ਝੰਡੀ ਝੁਲਾਈ ਸਾਰੀ।

ਜੋ-ਜੋ ਹਜਰਤ ਦੇ ਮੂੰਹੋਂ ਇਲਹਾਮ ਹੋਇਆ,
ਹੁਕਮ ਆਖ਼ਰੀ ਦੁਨੀਆ ਮਨਾਈ ਸਾਰੀ।
ਲੇਕਿਨ ਜਨਮ ਦਿੰਦੀ ਜਿਹੜੀ ਆਦਮੀ ਨੂੰ,
ਔਰਤ ਜਾਤ ਹੀ ਮੂਲੋਂ ਭੁਲਾਈ ਸਾਰੀ।

ਹੁਕਮ ਡੰਡੇ ਦੇ ਨਾਲ ਧਰਮ ਚਲਾਉਣ ਦੇ ਨੇ,
ਦੁਨੀਆ ਭੰਬਲ-ਭੂਸੇ ਵਿੱਚ ਪਾਈ ਸਾਰੀ।
ਸ਼ਬਦਾਂ ਬਾਝ ਤਾਂ ਕੋਈ ਨਾ ਧਰਮ ਬਣਦਾ,
ਮੂੰਹ ਵਿੱਚ ਸ਼ਬਦ, ਹੱਥ ਛੁਰੀ ਫੜਾਈ ਸਾਰੀ।

رب نے بندہ ہی نہیں سارے جیو سرجے،
اس اسیم نوں سیمت نہ کرو یارو!
سبھ نوں جمنا، مارنا رب دے ہتھ،
نہ سیانپاں نال جمو مرو یارو!

پنجاں تتاں نال جسم بنائے سارے،
مرضی رب دی نوں ست کر جرو یارو!
پیدا کرن والا اکو اک جیہڑا،
اسنوں گھڑو نہ اس توں کجھ ڈرو یارو!

.5
اللہ تعالیٰ دے حکم نال بنی دنیا،
پاک مولیٰ نے سرشٹ اپائی ساری
چن، سورج نوں کارج سنبھالیا سو،
کایانات سبھ کم 'تے لائی ساری

جھرنے، جھیلاں بنا کے خدا نے سبھ،
آب اے حیات دی کتھا سنائی ساری
پیدا کیتے بے انت کھجور، میوے،
تے اسلام دی جھنڈی جھلائی ساری

جو جو حضرت دے مونہوں الہام ہویا،
حکم اکھری دنیا منائی ساری
لیکن جنم دیندی جیہڑی آدمی نوں،
عورت جات ہی مولوں بھلائی ساری

حکم ڈنڈے دے نال دھرم چلاؤن دے نے،
دنیا بھمبل بھوسے وچ پائی ساری
شبداں باجھ تاں کوئی نہ دھرم بندا،
منہ وچ شبد، ہتھ چھری پھڑائی ساری

6.

ਦੇਖੋ! ਰੱਬ ਨੂੰ ਮਰਨ ਦੀ ਲੋੜ ਪੈ ਗਈ,
ਆਦਮ ਜਾਤ ਦੀਆਂ ਭੁੱਲਾਂ ਬਖ਼ਸ਼ਾਉਣ ਦੇ ਲਈ।
ਇੱਕ ਨਵੀਂ ਕਹਾਣੀ ਵੀ ਪਈ ਘੜਨੀ,
ਛੇਆਂ ਦਿਨਾਂ ਵਿੱਚ ਦੁਨੀਆ ਬਣਵਾਉਣ ਦੇ ਲਈ।

ਪਾਣੀ ਉੱਪਰ ਜੇ ਤਰਦੀ ਸੀ ਰੂਹ ਰੱਬ ਦੀ,
ਪੰਜਾਂ ਤੱਤਾਂ ਨੂੰ ਪ੍ਰਗਟ ਕਰਾਉਣ ਦੇ ਲਈ।
ਹਵਾ ਬਿਨਾ ਤਾਂ ਪਾਣੀ ਨਾ ਕਦੇ ਬਣਦਾ,
ਸੇਕ ਚਾਹੀਦਾ ਹਵਾ ਉਪਜਾਉਣ ਦੇ ਲਈ।

ਬਿਨਾ ਧਰਤੀ ਦੇ ਸੇਕ ਪਰ ਆਊ ਕਿੱਥੋਂ,
ਅੰਬਰ ਚਾਹੀਦਾ ਧਰਤੀ ਘੁੰਮਾਉਣ ਦੇ ਲਈ।
ਪੰਜੇ ਤੱਤ ਜੇ ਪਹਿਲਾਂ ਹੀ ਸੀ 'ਗੇ ਹਾਜ਼ਰ,
ਸਾਰੀ ਸ੍ਰਿਸ਼ਟੀ ਨੂੰ ਘੜਣ-ਘੜਾਉਣ ਦੇ ਲਈ।

ਛੇਆਂ ਦਿਨਾਂ ਵਾਲੀ ਕਥਾ ਪਈ ਘੜਨੀ,
ਨਵੇਂ ਸਿਰਿਓਂ ਇੱਕ ਧਰਮ ਚਲਾਉਣ ਦੇ ਲਈ।
ਔਰਤ ਕੱਢੀ ਫਿਰ ਬੰਦੇ ਦੀ ਪਸਲੀ ਤੋਂ,
ਨਵੇਂ ਸਿਰਿਓਂ ਛੂ ਮੰਤਰ ਦਿਖਾਲਉਣ ਦੇ ਲਈ।

7.

ਬੰਦਾ ਬਣਿਆ ਕਈ ਮੰਨਦੇ ਬਾਂਦਰਾਂ ਤੋਂ,
ਗੱਲ ਬਣਦੀ ਨਹੀਂ ਇਸ ਬਿਆਨ ਵਿੱਚ ਵੀ।
ਇਹ ਤਾਂ ਠੀਕ ਹੈ! ਹੋਇਆ ਵਿਕਾਸ ਸਭ ਦਾ,
ਕੋਈ ਸ਼ਿਕਵਾ ਨਹੀਂ ਇਸ ਗਿਆਨ ਵਿੱਚ ਵੀ।

ਪੈਦਾ ਪਾਣੀ ਵਿੱਚ ਹੋਏ ਜੋ ਜੀਵ-ਜੰਤੂ,
ਅੰਬਰੀਂ ਉੱਡਣਾ ਨਹੀਂ ਉਨ੍ਹਾਂ ਦੇ ਧਿਆਨ ਵਿੱਚ ਵੀ।
ਸਾਕਾਹਾਰੀ ਤੇ ਮਾਸ ਨੂੰ ਖਾਣ ਵਾਲੇ,
ਵੱਖਰੇ-ਵੱਖਰੇ ਸਭ ਜੀਅ ਖਾਣਾ ਖਾਣ ਵਿੱਚ ਵੀ।

.6

دیکھو! رب نوں مرن دی لوڑ پے گئی،
آدم ذات دیاں بھلاں بخشاؤن دے لئی
اک نویں کہانی وی پئی گھڑنی،
چھیاں دناں وچ دنیا بنواؤن دے لئی

پانی اپر جے تردی سی روح رب دی،
پنجاں تتاں نوں پرگٹ کراؤن دے لئی
ہوا بنا تاں پانی نہ کدے بندا،
سیک چاہیدا ہوا اپجاؤن دے لئی

بنا دھرتی دے سیک پر آؤ کتھوں،
امبر چاہیدا دھرتی گھماؤن دے لئی
پنجے تت جے پہلاں ہی سی 'گے حاضر،
ساری سرشٹی نوں گھڑن گھڑاؤن دے لئی

چھیاں دناں والی کتھا پئی گھڑنی،
نویں سرؤں اک دھرم چلاؤن دے لئی
عورت کڈھی پھر بندے دی پسلی توں،
نویں سریوں چھو منتر دکھالؤن دے لئی

.7

بندہ بنیا کئی مندے باندراں توں،
گل بندی نہیں اس بیان وچ وی
ایہہ تاں ٹھیک ہے! ہویا وکاس سبھ دا،
کوئی شکوہ نہیں اس گیان وچ وی

پیدا پانی وچ ہوئے جو جیو جنتو،
امبریں اڈنا نہیں اونہاں دے دھیان وچ وی
ساکاہاری تے ماس نوں کھان والے،
وکھرے وکھرے سبھ جی کھانا کھان وچ وی

ਚਾਰ ਪੈਰ ਤੇ ਸਿਰਾਂ ‘ਤੇ ਸਿੰਘ ਵਾਲੇ,
ਆਦਮ ਜਾਤ ਤੋਂ ਵੱਖਰੇ ਪਹਿਚਾਣ ਵਿੱਚ ਵੀ।
ਬੰਦਾ, ਬੰਦੇ ਦੇ ਰੂਪ ਵਿੱਚ ਸੁਰੂ ਤੋਂ ਹੀ,
ਵੱਖਰਾ ਪਸੂਆਂ ਤੋਂ ਸੀ ਆਣ-ਬਾਣ ਵਿੱਚ ਵੀ।

ਘੋੜੇ, ਹਾਥੀਆਂ ਦੀ ਬੰਦੇ ਮਦਦ ਕਰਦੇ,
ਤਾਕਤਵਰਾਂ ਤੋਂ ਬਚਣ, ਬਚਾਉਣ ਵਿੱਚ ਵੀ।
ਬਾਂਦਰ ਬੰਦੇ ਦੀ ਕੋਈ ਕਰਤੂਤ ਲੱਗਦੀ,
ਲਗਭਗ ਬੰਦੇ ਦੀ ਪੇਂਦ ਚੜ੍ਹਾਉਣ ਵਿੱਚ ਵੀ।

8.
ਜਲ ਤੇ ਥਲ ਦੇ ਵੱਖੋ-ਵੱਖ ਜੀਵ-ਜੰਤੂ,
ਪਸੂ, ਪੰਛੀਆਂ ਵੱਖ-ਵੱਖ ਵਿਕਾਸ ਹੋਇਆ।
ਹਰ ਇੱਕ ਜੀਵ ਤੇ ਨਸਲ ਦੀ ਜੂਨ ਵੱਖਰੀ,
ਆਪੋ-ਆਪਣਾ ਸਭ ਦਾ ਇਤਿਹਾਸ ਹੋਇਆ।

ਦੁੱਖ-ਸੁੱਖ ਫੋਲ੍ਹਣੇ ਸਿੱਖਿਆ ਜਦੋਂ ਬੰਦਾ,
ਤਾਂ ਇਨਸਾਨ ਨੂੰ ਨਵਾਂ ਵਿਸ਼ਵਾਸ ਹੋਇਆ।
ਜਦੋਂ ਸਿੱਖ ਲਿਆ ਬੰਦੇ ਨੇ ਸ਼ਬਦ ਜਾਦੂ,
ਸਭ ਕੁੱਝ ਜ਼ਿੰਦਗੀ ਦਾ ਉਸ ਦਿਨ ਰਾਸ ਹੋਇਆ।

ਸ਼ਬਦ ਸ਼ਕਤੀ ਤੋਂ ਵੱਡੀ ਨਹੀਂ ਕੋਈ ਸ਼ਕਤੀ,
ਖੰਡ, ਬ੍ਰਹਿਮੰਡ ਫਿਰ ਬੰਦੇ ਦਾ ਦਾਸ ਹੋਇਆ।
ਕਈ ਕੁੱਝ ਘੜਣ, ਬਣਾਉਣ ਦੇ ਯੋਗ ਹੋਇਆ,
ਰੱਬ ਵਰਗਾ ਇਨਸਾਨੀ ਅਹਿਸਾਸ ਹੋਇਆ।

ਬੰਦਾ ਜਦੋਂ ਰੱਬ ਬਣ-ਬਣ ਕੇ ਬਹਿਣ ਲੱਗਿਆ,
ਸਾਰੀ ਸ਼ਕਤੀ ਦਾ ਫਿਰ ਸੱਤਿਆਨਾਸ ਹੋਇਆ।

•

چار پیر تے سراں تے سنگھ والے،
آدم جات توں وکھرے پہچان وچ وی
بندہ، بندے دے روپ وچ شروع توں ہی،
وکھرا پشواں توں سی آن بان وچ وی

گھوڑے، ہاتھیاں دی بندے مدد کردے،
طاقتوراں توں بچن، بچاؤن وچ وی
باندر بندے دی کوئی کرتوت لگدی،
لگ بھگ بندے دی پیند چڑھاؤن وچ وی

.8
جل تے تھل دے وکھو وکھو جیو جنتو،
پشو، پنچھیاں وکھ وکھ وکاس ہویا
ہر اک جیو تے نسل دی جون وکھری،
آپو اپنا سبھ دا اتہاس ہویا

دکھ سکھ پھولھنے سکھیا جدوں بندہ،
تاں انسان نوں نواں وشواس ہویا
جدوں سکھ لیا بندے نے شبد جادو،
سبھ کجھ زندگی دا اس دن راس ہویا

شبد شکتی توں وڈی نہیں کوئی شکتی،
کھنڈ، برہمنڈ پھر بندے دا داس ہویا
کئی کجھ گھڑن، بناؤن دے یوگ ہویا،
رب ورگا انسانی احساس ہویا

بندہ جدوں رب بن بن کے بہن لگیا،
ساری شکتی دا پھر ستیاناس ہویا

ਰੂਹ ਰਾਗ਼



روح راگ



ਰੱਬ ਪ੍ਰਸਤ

ਰੱਬ ਪ੍ਰਸਤ ਹੋਣਾ ਚਾਹੁੰਦਾ ਹਾਂ
ਰੱਬ ਪ੍ਰਸਤ ਚੰਗੇ ਹੁੰਦੇ ਹਨ।
ਸਾਡੇ ਵਡ-ਵਡੇਰੇ ਸੁਣਿਆ! ਰੱਬ ਪ੍ਰਸਤ ਹੋਇਆ ਕਰਦੇ ਸੀ।

ਸੱਚ ਬੋਲਣ ਨੂੰ ਜੀਅ ਕਰਦਾ ਹੈ
ਸੱਚ ਬੋਲਣਾ ਚੰਗੀ ਗੱਲ ਹੈ।
ਸਾਡੇ ਪਿਉ, ਦਾਦੇ ਪੜ੍ਹਦਾਦੇ ਸੱਚ ਪ੍ਰਸਤ ਹੋਇਆ ਕਰਦੇ ਸੀ।

ਦਿਲ ਕਰਦਾ ਹੈ ਅੰਮ੍ਰਿਤਧਾਰੀ ਹੋ ਜਾਵਾਂ ਮੈਂ
ਪਰ ਡਰਦਾ ਹਾਂ
ਅੰਮ੍ਰਿਤ ਦੀ ਮਰਿਆਦਾ ਕੌਣ ਨਿਭਾਊਗਾ?
ਝੂਠਾ, ਸੱਚ ਦੀ ਬੋਲੀ ਕਿੱਦਾਂ ਪਾਊਗਾ?

ਝੂਠ ਦੀ ਬੁੱਕਲ ਲਾਹ ਦਿੱਤੀ ਤਾਂ ਠਰ ਜਾਵਾਂਗੇ,
ਸੱਚ ਖਾ ਕੇ ਤਾਂ ਜੀਅ ਨਹੀਂ ਹੋਣਾ ਮਰ ਜਾਵਾਂਗੇ।

ਇਹ ਤਾਂ ਬੜਾ ਕਠਿਨ ਰਸਤਾ ਹੈ
ਹੋਰ ਕੋਈ ਉਪਰਾਲਾ ਕਰੀਏ।

ربّ پرست

ربّ پرست ہونا چاہوندا ہاں
ربّ پرست چنگے ہوندے ہن
ساڈے وڈ وڈیرے سُنیا! ربّ پرست ہویا کردے سی

سچ بولن نوں جی کردا ہے
سچ بولنا چنگی گل ہے
ساڈے پیو، دادے پڑدادے سچ پرست ہویا کردے سی

دِل کردا ہے امرت دھاری ہو جاواں میں
پر ڈردا ہاں
امرت دی مریادا کون نبھاؤ گا؟
جُھوٹھا، سچ دی بولی کِداں پاؤ گا؟

جُھوٹھ دی بُکل لاہ دِتی تاں ٹھر جاواں گے
سچ کھا کے تاں جی نہیں ہونا مر جاواں گے

ایہہ تاں بڑا کٹھن رستہ ہے
ہور کوئی اُپرالا کرئیے

ਰੱਬ ਪ੍ਰਸਤ ਹੋਣਾ ਚਾਹੁੰਦਾ ਹਾਂ।

ਸ਼ਬਦ ਗੁਰੂ ਵਿੱਚ ਵਾਸਦੇਵ ਦਾ ਨਾਂ ਆਉਂਦਾ ਹੈ।
ਗੀਤਾ ਦਾ ਉਪਦੇਸ਼ ਲਵਾਂ ਮੈਂ
ਕੇਸ਼ਵ ਦਾ ਚੇਲਾ ਬਣ ਜਾਵਾਂ
ਧਰਮਰਾਜ ਤੋਂ ਆਗਿਆ ਲੈ ਕੇ
ਅਰਜਣ ਵਾਂਗੂੰ ਤੀਰ ਚਲਾਵਾਂ।
ਮੇਰੇ ਵਿੱਚ ਤਾਂ ਅੱਗ ਬੜੀ ਹੈ
ਭੀਮ ਸੈਨ ਦਾ ਪੁੱਤ ਬਣ ਜਾਵਾਂ।
ਲੇਕਿਨ ਮੈਨੂੰ ਡਰ ਲੱਗਦਾ ਹੈ
ਕਰਣ ਕਿਸੇ ਮਜਬੂਰੀ ਕਾਰਣ
ਅਰਜਣ ਦੀ ਥਾਂ
ਤੀਰ ਕਿਤੇ ਮੇਰੇ ਨਾ ਮਾਰੇ।
ਕੀ ਕਰ ਸਕਦਾਂ
ਰੱਬ ਪ੍ਰਸਤ ਹੋਣਾ ਚਾਹੁੰਦਾ ਹਾਂ।
ਸਾਡੇ ਵਡ-ਵਡੇਰੇ ਸੁਣਿਆ! ਰੱਬ ਪ੍ਰਸਤ ਹੋਇਆ ਕਰਦੇ ਸੀ।

ਰਾਮ ਰਾਮ ਕਰਕੇ ਵੇਂਹਦਾ ਹਾਂ
ਰਾਮ ਰੱਬ ਦਾ ਨਾਂ ਉੱਤਮ ਹੈ।
ਮਰਕਟ ਰੱਬ ਦਾ ਹੋ ਸਕਦਾ ਹੈ ਮੈਨੂੰ ਕੀ ਹੈ
ਪੁੱਲ਼ ਬੰਨ ਕੇ ਤੇ ਲੰਕਾ ਵੀ ਨਹੀਂ ਜਾਣਾ ਪੈਣਾ।
ਸ਼ਹਿਰ-ਸ਼ਹਿਰ ਹਰ ਗਲੀ-ਗਲੀ ਵਿੱਚ ਰਾਵਣ ਰਹਿੰਦੇ
ਕੁੰਭਕਰਨ ਦੇ ਕਈ ਘੁਰਾੜੇ ਘਰ ਸੁਣਦੇ ਹਨ।
ਪਰ ਮੈਂ ਸੋਚਾਂ ਦੈਤਾਂ ਦੇ ਨਾਲ ਪੰਗਾ ਲੈ ਕੇ ਮੈਂ ਕੀ ਕਰਨਾ?
ਹਨੂੰਮਾਨ ਤਾਂ ਉੱਡ ਜਾਂਦਾ ਸੀ
ਮੈਥੋਂ ਤਾਂ ਉੱਡਿਆ ਨਹੀਂ ਜਾਣਾ
ਸਮਝ ਨਹੀਂ ਲੱਗਦੀ ਕੀ ਸੋਚਾਂ
ਕਿਹੜਾ ਰਾਹ ਅਪਣਾ ਕੇ ਦੇਖਾਂ।

رب پرست ہونا چاہندا ہاں

شبد گورو وچ واسدیو دا ناں آؤندا ہے
گیتا دا اپدیش لواں میں
کیشو دا چیلا بن جاواں
دھرمراج توں آگیا لے کے
ارجن وانگوں تیر چلاواں
میرے وچ تاں اگ بڑی ہے
بھیم سین دا پت بن جاواں
لیکن مینوں ڈر لگدا ہے
کرن کسے مجبوری کارن
ارجن دی تھاں
تیر کتے میرے نہ مارے
کیہ کر سکداں
رب پرست ہونا چاہندا ہاں
ساڈے وڈ وڈیرے سنیا! رب پرست ہویا کردے سی

رام رام کرکے وینہدا ہاں
رام رب دا ناں اتم ہے
مرکٹ رب دا ہو سکدا ہے مینوں کیہ ہے
پل بن کے تے لنکا وی نہیں جانا پینا
شہر شہر ہر گلی گلی وچ راون رہندے
کمبھکرن دے کئی گھراڑے گھر سندے ہن
پر میں سوچاں دیتاں دے نال پنگا لے کے میں کیہ کرنا؟
ہنومان تاں اڈ جاندا سی
میتھوں تاں اڈیا نہیں جانا
سمجھ نہیں لگدی کیہ سوچاں
کیہڑا راہ اپنا کے دیکھاں

ਰੰਗ ਮਜੀਠ

ਮੈਨੂੰ ਰੰਗ ਦੇ ਰੰਗ ਮਜੀਠ
ਕੱਚੇ ਰੰਗ ਕਸੁੰਭ ਲਾ-ਲਾ
ਲਾਹ-ਲਾਹ ਹੋ ਗਏ ਢੀਠ
ਮੈਨੂੰ ਰੰਗ ਦੇ ਰੰਗ ਮਜੀਠ।

ਇਹ ਵੀ ਤੇਰੀ ਦਾਤ, ਤੂੰ ਦਾਤਾ ਜਿੰਨੇ ਰੰਗ ਵਿਖਾਏ
ਸੱਤ ਰੰਗੀਆਂ ਪੀਂਘਾਂ ਅਸਮਾਨੀ ਚੜ੍ਹ-ਚੜ੍ਹ ਰੂਪ ਬਣਾਏ
ਕੱਚੀ ਕੰਚਨ ਦੇਹੀ ਕੋਲੋਂ ਕਿੰਨੇ ਕੇਲ ਕਰਾਏ
ਪੱਕਾ ਰੰਗ ਚੜ੍ਹਾ ਦੇ ਹੁਣ ਲੱਗ ਜਾਵੇ ਚਰਣ ਪ੍ਰੀਤ।
ਮੈਨੂੰ ਰੰਗ ਦੇ ਰੰਗ ਮਜੀਠ
ਕੱਚੇ ਰੰਗ ਕਸੁੰਭ.....।

ਦੁਨੀਆ ਦੇ ਦਰਸ਼ਨ ਕਰਵਾਏ, ਇਹ ਵੀ ਤੇਰੀ ਦਾਤ
ਮਾਂ ਪਿਓ, ਸਕੇ ਸਬੰਧੀ ਦਿੱਤੇ, ਬਖ਼ਸ਼ੀ ਇੱਕ ਜਮਾਤ
ਜੋਬਨ ਰੱਤੀ ਜੋਰੂ, ਪੁੱਤਰ, ਭਾਈ-ਭੈਣਾਂ ਦਾ ਸਾਥ
ਬਸ! ਬਸ!! ਬਸ!!! ਹੁਣ ਬਖ਼ਸ਼ੀ ਮੈਨੂੰ, ਮਾਲਕ ਮਨ ਦਾ ਮੀਤ।

ਮੈਨੂੰ ਰੰਗ ਦੇ ਰੰਗ ਮਜੀਠ
ਕੱਚੇ ਰੰਗ ਕਸੁੰਭ.....।

ਹੱਥ-ਪੈਰ੍ਹ ਬੜੇ ਹੀ ਮਾਰੇ ਦੁਨੀਆਂ ਦੇ ਵਿੱਚ ਆ ਕੇ
ਚਹੁੰ ਕੂਟੀਂ ਭੱਜ-ਭੱਜ ਕੇ ਤੱਕਿਆ ਦੇਸ-ਵਿਦੇਸ਼ੀਂ ਜਾ ਕੇ
ਚੁਣ-ਚੁਣ ਕੇ ਚਸਕੇ ਵੀ ਲਾਏ ਤੱਕਿਆ ਮਨ ਪਰਚਾ ਕੇ
ਮਨ ਮੰਦਿਰ ਵਿੱਚ ਗੂੰਜ ਪਵੇ ਜੇ ਬਸ! ਇੱਕ ਤੇਰਾ ਹੀ ਗੀਤ।

رنگ مجیٹھ

مینوں رنگ دے رنگ مجیٹھ
کچے رنگ کسنبھ لا لا
لاہ لاہ ہو گئے ڈھیٹھ
مینوں رنگ دے رنگ مجیٹھ

ایہہ وی تیری دات، توں داتا جنے رنگ وکھائی
ست رنگیاں پینگھاں اسمانی چڑھ چڑھ روپ بنائے
کچی کنچن دیہی کولوں کنے کیل کرائے
پکا رنگ چڑھا دے ہن لگ جاوے چرن پریت
مینوں رنگ دے رنگ مجیٹھ
کچے رنگ کسنبھ.....

دنیا دے درشن کروائے، ایہہ وی تیری دات
ماں پیو، سکے سبندھی دتے، بخشی اک جماعت
جوبن رتی جورو، پتر، بھائی بھیناں دا ساتھ
بس! بس!! بس!!! ہن بخشی مینوں، مالک من دا میت

مینوں رنگ دے رنگ مجیٹھ
کچے رنگ کسنبھ.....

ہتھ پیر بڑے ہی مارے دنیاں دے وچ آ کے
چونہہ کوٹیں بھج بھج کے تکیا دیس ودیشیں جا کے
چن چن کے چسکے وی لائے تکیا من پرچہ کے
من مندر وچ گونج پوے جے بس! اک تیرا ہی گیت

ਮੈਨੂੰ ਰੰਗ ਦੇ ਰੰਗ ਮਜੀਠ
ਕੱਚੇ ਰੰਗ ਕਸੁੰਭ.....।
ਜੇ ਤੂੰ ਕਿਰਪਾ ਕਰੇ ਗੁਸਾਈਆਂ ਤਾਂ ਕੋਈ ਕਰਮ ਕਮਾਵਾਂ
ਚਾਹਤ ਹੋਰ ਰਹੇ ਨਾ ਕੋਈ ਬਸ! ਇੱਕ ਤੈਨੂੰ ਚਾਹਵਾਂ
ਤੇਰਾ ਹੀ ਤਾਂ ਹੈ ਇਹ ਸਭ ਕੁੱਝ, ਬਸ! ਤੇਰਾ ਬਣ ਜਾਵਾਂ
ਪਤ ਮੇਰੀ ਰਹਿ ਜਾਵੇ ਜੇ ਮਿਲ ਜਾਵੇ ਪਤਤ ਪੁਨੀਤ।

ਮੈਨੂੰ ਰੰਗ ਦੇ ਰੰਗ ਮਜੀਠ
ਕੱਚੇ ਰੰਗ ਕਸੁੰਭ ਲਾ ਲਾ
ਲਾਹ ਲਾਹ ਹੋ ਗਏ ਢੀਠ।

•

ینوں رنگ دے رنگ مجیٹھ
کچے رنگ کسنبھ.....
جے توں کرپا کرے گسائیاں تاں کوئی کرم کماواں
چاہت ہور رہے نہ کوئی بس! اک تینوں چاہواں
تیرا ہی تاں ہے ایہہ سبھ کجھ، بس! تیرا بن جاواں
پت میری رہ جاوے جے مل جاوے پتت پنیت

مینوں رنگ دے رنگ مجیٹھ
کچے رنگ کسنبھ لا لا
لاہ لاہ ہو گئے ڈھیٹھ

ਰਾਖ਼ਸ਼ ਬੁੱਧੀ

ਕੌਡੇ ਰਾਖ਼ਸ਼ ਤੇ ਸੱਜਣ ਠੱਗ ਬਾਰੇ ਪੜ੍ਹਿਆ,
ਕੌਡੇ ਰਾਖ਼ਸ਼ ਤੇ ਸੱਜਣ ਠੱਗ ਬਾਰੇ ਸੁਣਿਆ।
ਬੀਤ ਗਏ ਇਤਿਹਾਸ ਨੂੰ ਪੜ੍ਹ ਕੇ ਡਰ ਆਇਆ ਸੀ,
ਬੀਤ ਗਏ ਇਤਿਹਾਸ ਨੂੰ ਪੜ੍ਹ ਕੇ ਕੰਬ ਗਿਆ ਸੀ।

ਜਦ ਇਹ ਧਰਤੀ ਥਕ ਗਈ ਸੀ
ਕਾਦਰ ਕੁਦਰਤ ਅੱਕ ਗਈ ਸੀ
ਦੁਨੀਆਂ ਦੇ ਨਿਪਟਾਰੇ ਖਾਤਰ
ਜੱਗ ਦੇ ਪਾਰ ਉਤਾਰੇ ਖਾਤਰ
ਸੱਚ ਦੀ ਬੋਲੀ ਤੂੰ ਪਾਈ ਸੀ।

ਕਿੱਥੇ ਜਗਨਨਾਥ ਦਾ ਮੰਦਿਰ
ਕਾਬਾ ਧੁਰ ਮਾਰੁਥਲ ਅੰਦਰ
ਕਿੰਨਾ ਲੰਮਾ ਸਫ਼ਰ ਸੀ ਤੇਰਾ
ਸੱਚ ਦੀ ਬੋਲੀ ਸੱਚ ਦਾ ਫੇਰਾ
ਚਾਨਣ ਤੱਕ ਭੱਜ ਗਿਆ ਹਨ੍ਹੇਰਾ
ਰਾਤ ਗਈ, ਚੜ੍ਹ ਪਿਆ ਸਵੇਰਾ।

ਓਸ ਸਵੇਰੇ ਮੁਰਸ਼ਦ ਦੇ ਨਾਲ ਤਾੜੀ ਲਾ ਕੇ
ਓਸ ਸਵੇਰੇ ਰੱਬ ਸੱਚੇ ਦੇ ਗੀਤ ਸੁਣਾ ਕੇ
ਰਾਖ਼ਸ਼ ਬੁੱਧੀ ਨੂੰ ਥੋੜੀ ਜਿਹੀ ਢਾਹ ਲਾਈ ਸੀ
ਠੱਗਾਂ ਦੀ ਠੱਗੀ ਉਸ ਵੇਲੇ ਸ਼ਰਮਾਈ ਸੀ।

ਤੇਰਾ ਗੀਤ ਤੇ ਤੇਰਾ ਜਾਮਾ
ਵੱਖ-ਵੱਖ ਰੂਪ ਧਾਰ ਕੇ ਆਇਆ
ਦੂਜੇ, ਤੀਜੇ, ਚੌਥੇ, ਪੰਜਵੇਂ ਤੇਰੇ ਜਾਮੇ
ਤੇਰੇ ਵਾਂਗੂੰ ਓਸੇ ਰੱਬ ਦਾ ਗੀਤ ਸੁਣਾਇਆ।
ਇੱਕ ਦਿਨ ਐਸਾ ਮੌਕਾ ਆਇਆ

راخش بدھی

کوڈے راخش تے سجن ٹھگ بارے پڑھیا،
کوڈے راخش تے سجن ٹھگ بارے سنیا
بیت گئے اتہاس نوں پڑھ کے ڈر آیا سی،
بیت گئے اتہاس نوں پڑھ کے کمب گیا سی

جد ایہہ دھرتی تھک گئی سی
قادر قدرت اک گئی سی
دنیاں دے نپٹارے خاطر
جگ دے پار اتارے خاطر
سچ دی بولی توں پائی سی

کتھے جگن ناتھ دا مندر
کعبہ دھر ماروتھل اندر
کنا لما سفر سی تیرا
سچ دی بولی سچ دا پھیرا
چانن تک بھج گیا ہنھیرا
رات گئی، چڑھ پیا سویرا

اوس سویرے مرشد دے نال تاڑی لا کے
اوس سویرے رب سچے دے گیت سنا کے
راخش بدھی نوں تھوڑی جہی ڈھاہ لائی سی
ٹھگاں دی ٹھگی اس ویلے شرمائی سی

تیرا گیت تے تیرا جامہ
وکھ وکھ روپ دھار کے آیا
دوجے، تیجے، چوتھے، پنجویں تیرے جامے
تیرے وانگوں اوسے رب دا گیت سنایا
اک دن ایسا موقع آیا

ਤੇਰੇ ਨਗ਼ਮੇ ਕਹਿਣ ਲਈ ਵੀ
ਰੱਬ ਦੇ ਰੰਗ ਵਿੱਚ ਰਹਿਣ ਲਈ ਵੀ
ਤੀਰ ਅਤੇ ਸ਼ਮਸ਼ੀਰ ਦੀ ਵਰਤੋਂ
ਖ਼ੁਦ ਤੇਰੇ ਜਾਮੇ ਨੇ ਕੀਤੀ।

ਕਿੰਨਾ ਦਰਦ ਸੀ ਤੈਨੂੰ ਉਸ ਦਿਨ
ਇਸ ਬਾਰੇ ਵੀ ਮੈਂ ਪੜ੍ਹਿਆ ਹੈ
ਇਸ ਬਾਰੇ ਵੀ ਮੈਂ ਸੁਣਿਆ ਹੈ।
ਉਸ ਦਿਨ ਤੈਨੂੰ ਕੀ ਦਿਸਿਆ ਸੀ
ਕੌਡਾ ਰਾਖ਼ਸ਼ ਤੇ ਸੱਜਣ ਠੱਗ?

ਮੈਂ ਜਦ ਆਪਣੇ ਬਾਰੇ ਪੜ੍ਹਦਾਂ
ਮੈਂ ਜਦ ਆਪਣੇ ਬਾਰੇ ਸੁਣਦਾਂ
ਬੀਤ ਰਹੇ ਇਤਿਹਾਸ ਨੂੰ ਪੜ੍ਹ ਕੇ ਡਰ ਜਾਂਦਾ ਹਾਂ।
ਬੀਤ ਰਹੇ ਇਤਿਹਾਸ ਨੂੰ ਸੁਣ ਕੇ ਕੰਬ ਜਾਂਦਾ ਹਾਂ।

ਠੱਗਾਂ ਦੀ ਭਰਮਾਰ ਹੈ ਅੱਜਕੱਲ੍ਹ
ਠੱਗਾਂ ਦੀ ਸਰਕਾਰ ਹੈ ਅੱਜਕੱਲ੍ਹ
ਆਪਣੀ ਇਹ ਤਸਵੀਰ ਵੇਖ ਕੇ
ਹਰ ਪਲ ਹਰ ਦਿਨ ਮੈਂ ਮਰਦਾ ਹਾਂ
ਡੁੱਬਦਾ-ਤਰਦਾ ਗੱਲ ਕਰਦਾ ਹਾਂ
ਜੇ ਕਿੱਧਰੇ ਤੇਰਾ ਮਨ ਮੰਨੇ
ਜੇ ਕਿੱਧਰੇ ਤੇਰਾ ਦਿਲ ਆਵੇ
ਆ ਕੇ ਇੱਕ ਦੋ ਗੀਤ ਸੁਣਾ 'ਜਾ
ਚਿੱਲੇ 'ਤੇ ਇੱਕ ਤੀਰ ਚੜ੍ਹਾ 'ਜਾ
ਤੇਜ਼ ਧਾਰ ਸ਼ਮਸ਼ੀਰ ਵਿਖਾ 'ਜਾ।

ਮੈਂ ਜਦ ਅੱਜ ਦੇ ਬਾਰੇ ਪੜ੍ਹਦਾਂ ਡਰ ਜਾਂਦਾ ਹਾਂ
ਮੈਂ ਜਦ ਅੱਜ ਦੇ ਬਾਰੇ ਸੁਣਦਾਂ ਕੰਬ ਜਾਂਦਾ ਹਾਂ।

تیرے نغمے کہن لئی وی
رب دے رنگ وچ رہن لئی وی
تیر اتے شمشیر دی ورتوں
خود تیرے جامے نے کیتی

کنا درد سی تینوں اس دن
اس بارے وی میں پڑھیا ہے
اس بارے وی میں سنیا ہے
اس دن تینوں کیہ دسیا سی
کوڈا راخش تے سجن ٹھگ؟

میں جد اپنے بارے پڑھداں
میں جد اپنے بارے سنداں
بیت رہے اتہاس نوں پڑھ کے ڈر جاندا ہاں
بیت رہے اتہاس نوں سن کے کمب جاندا ہاں

ٹھگاں دی بھرمار ہے اجکلھ
ٹھگاں دی سرکار ہے اجکلھ
اپنی ایہہ تصویر ویکھ کے
ہر پل ہر دن میں مردا ہاں
ڈبدا تردادا گل کردا ہاں
جے کدھرے تیرا من منے
جے کدھرے تیرا دل آوے
آ کے اک دو گیت سنا 'جا
چلے 'تے اک تیر چڑھا 'جا
تیز دھار شمشیر وکھا 'جا

میں جد اج دے بارے پڑھداں ڈر جاندا ہاں
میں جد اج دے بارے سنداں کمب جاندا ہاں

ਕਰਾਮਾਤ

ਬ੍ਰਹਮਾਂ, ਵਿਸ਼ਨੂੰ, ਸ਼ਿਵਜੀ ਅਤੇ ਮਹੇਸ਼ ਜਦੋਂ,
ਆਪਣੀ-ਆਪਣੀ ਕਰਾਮਾਤ ਦੱਸਣ ਲੱਗੇ।
ਆਪਣੇ-ਆਪਣੇ ਜ਼ੌਹਰ ਦਿਖਾ ਕੇ ਦੁਨੀਆਂ ਨੂੰ,
ਇਕ ਦੂਜੇ ਦੀ ਤਾਕਤ 'ਤੇ ਹੱਸਣ ਲੱਗੇ।
ਇਹ ਤੱਕ ਕੇ ਤਾਂ ਧਰਮਰਾਜ ਵੀ ਡੋਲ ਗਿਆ,
ਸ਼ਕਤੀਵਾਨ ਬਰਾਬਰ ਜਦ ਵੱਸਣ ਲੱਗੇ।
ਜਿਸ ਦਿਨ ਰਾਮ, ਰਹੀਮ ਦਾ ਝਗੜਾ ਹੋ ਤੁਰਿਆ,
ਜੰਜੂ ਪਿੱਛੇ ਜਦ ਮੁੱਲਾਂ ਨੱਸਣ ਲੱਗੇ।
ਸਮਾਂ ਜਦੋਂ ਕੁੱਝ ਕਹਿਣ ਦੇ ਨਾ ਸਮਰੱਥ ਰਿਹਾ,
ਜਦੋਂ ਬੁਲਬੁਲੇ ਸਾਗਰ 'ਤੇ ਨੱਚਣ ਲੱਗੇ।

ਉਸ ਦਿਨ ਨਾਨਕ ਨੇ ਇੱਕ ਗੱਲ ਸਮਝਾਈ ਸੀ।
ਸਰੇਆਮ ਇੱਕ ਸੱਚ ਦੀ ਬੋਲੀ ਪਾਈ ਸੀ।
ਸੱਚ ਦੇ ਸੱਚ ਨੇ ਵੱਖਰੀ ਕੌਮ ਬਣਾਈ ਸੀ।
ਸਿੱਖ ਹੋਣਾ ਇਕ ਬਹੁਤ ਵੱਡੀ ਵਡਿਆਈ ਸੀ।

ਅੱਜ ਮੈਂ ਆਪਣੇ ਆਪ ਨੂੰ ਸਿੱਖ ਅਖਵਾਉਂਦਾ ਹਾਂ,
ਚੇਹਰਾ-ਮੋਹਰਾ ਸਿੱਖਾਂ ਜਿਹਾ ਬਣਾਉਂਦਾ ਹਾਂ।
ਲੇਕਿਨ ਜਦ ਖੁਦ ਕੋਲੋਂ ਮੈਂ ਸੱਚ ਪੁੱਛਦਾ ਹਾਂ,
ਆਪਣੇ ਕੋਲੋਂ ਖੁਦ ਆਪੇ ਸ਼ਰਮਾਉਂਦਾ ਹਾਂ।

ਇੱਕ ਵਾਰੀ ਫਿਰ ਆ ਕੇ ਦਰਸ ਦਿਖਾ ਜਾਵੇਂ ਜੇ,
ਸਿੱਖੀ ਸਰਦਾਰੀ ਦੀ ਪੇਂਦ ਚੜ੍ਹਾ ਜਾਵੇਂ ਜੇ।
ਆਪਣੇ ਸਿੱਖ ਨੂੰ ਸਿੱਧੇ ਰਸਤੇ ਪਾ ਜਾਵੇਂ ਜੇ,
ਸੱਚ ਬੋਲਣ ਦੀ ਫਿਰ ਤੋਂ ਗੁੜ੍ਹਤੀ ਦੇ ਜਾਵੇਂ ਜੇ।

کرامات

برہماں، وشنوں، شوجی اتے مہیش جدوں،
اپنی اپنی کرامات دسن لگے
اپنے اپنے جوہر دکھا کے دنیا نوں،
اک دوجے دی طاقت 'تے ہسن لگے
ایہہ تک کے تاں دھرمراج وی ڈول گیا،
شکتیوان برابر جد وسن لگے
جس دن رام، رحیم دا جھگڑا ہو تریا،
جنجو پچھے جد ملاں نسن لگے
سماں جدوں کجھ کہن دے نہ سمرتھ رہیا،
جدوں بلبلے ساگر 'تے نچن لگے

اس دن نانک نے اک گل سمجھائی سی
سرعام اک سچ دی بولی پائی سی
سچ دے سچ نے وکھری قوم بنائی سی
سکھ ہونا اک بہت وڈی وڈیائی سی

اج میں اپنے آپ نوں سکھ اکھواؤندا ہاں،
چہرا موہرا سکھاں جیہا بناؤندا ہاں
لیکن جد خود کولوں میں سچ پچھدا ہاں،
اپنے کولوں خود آپے شرماؤندا ہاں

اک واری پھر آ کے درس دکھا جاویں جے،
سکھی سرداری دی پینڈ چڑھا جاویں جے
اپنے سکھ نوں سدھے رستے پا جاویں جے،
سچ بولن دی پھر توں گڑھتی دے جاویں جے

ਦਾਤੇ ਦੀ ਦਾਤ

ਦਾਤਾਂ ਤਾਂ ਖਾਂਦੇ ਪਹਿਨਦੇ, ਦਾਤੇ ਤੋਂ ਪਰ ਕਿਓਂ ਦੂਰ ਹਾਂ।
ਗੱਲਾਂ ਤਾਂ ਸਭ ਇਹ ਤੇਰੀਆਂ, ਕਿਸ ਗੱਲ ਤੋਂ ਮਜਬੂਰ ਹਾਂ।

ਕਿੰਨੀ ਵਧੀਆ ਜਾਤ ਇਹ ਬਖ਼ਸ਼ੀ ਤੂੰ ਸਾਨੂੰ ਦਾਤਿਆ!
ਉੱਚ ਦੀ ਔਕਾਤ ਇਹ ਬਖਸ਼ੀ ਤੂੰ ਸਾਨੂੰ ਦਾਤਿਆ!!

ਸਭ ਜੀਆਂ ਤੋਂ ਵੱਧ ਅਕਲਾਂ ਤੂੰ ਦਿੱਤੀਆਂ ਮਾਲਕਾ!
ਸਭ ਜੀਆਂ ਤੋਂ ਸੋਹਣੀਆਂ ਸ਼ਕਲਾਂ ਤੂੰ ਦਿੱਤੀਆਂ ਮਾਲਕਾ!

ਸੋਚ ਸ਼ਕਤੀ ਦੀ ਸਿਖ਼ਰ ਵੀ ਦਾਤ ਤੇਰੀ ਦਾਤਿਆ!
ਦਿਲ ਦੇਖਾਂ, ਤਾਂ ਕਹਾਂ 'ਕਿਆ ਬਾਤ' ਤੇਰੀ ਦਾਤਿਆ!

ਅੱਖ ਪੁੱਟ ਕੇ ਦੇਖਿਆਂ ਚੰਗਾ ਬੁਰਾ ਸਭ ਦਿਸ ਰਿਹਾ।
ਪਰਖ਼ ਹੁੰਦੀ, ਹਵਾ ਦੱਖਣ ਜਾਂ ਪੁਰਾ ਸਭ ਦਿਸ ਰਿਹਾ।

ਸੁਣ ਕੇ ਦੱਸ ਸਕਦੇ ਹਾਂ, ਰੋਂਦਾ ਹੈ ਜਾਂ ਗਾਉਂਦਾ ਹੈ ਕੋਈ।
ਬਿੜਕ ਤੋਂ ਜ਼ਾਹਿਰ ਕਿ ਜਾਂਦਾ ਹੈ ਜਾਂ ਆਉਂਦਾ ਹੈ ਕੋਈ।

ਸੈਂਕੜੇ ਹੀ ਬੋਲੀਆਂ ਤੂੰ ਬਖ਼ਸ਼ੀਆਂ ਬੋਲਣ ਲਈ।
ਬੰਦੇ ਨੂੰ ਬਖ਼ਸ਼ੀ ਸੂਝ, ਬੰਦਾ ਬੋਲ ਤੋਂ ਤੋਲਣ ਲਈ।

ਪੈਰੁ ਦੋ ਦਿੱਤੇ ਤੂੰ, ਦੋਹਾਂ ਦੀ ਬੜੀ ਹੀ ਲੋੜ ਹੈ।
ਧਰਤੀ ਸਾਰੀ ਗਾਹ ਲਈ, ਹੁਣ ਅੰਬਰਾਂ ਦੀ ਦੌੜ ਹੈ।

داتے دی دات

داتاں تاں کھاندے پہندے، داتے توں پر کیوں دور ہاں
گلاں تاں سبھ ایہہ تیریاں، کس گل توں مجبور ہاں

کنی ودھیا جات ایہہ بخشی توں سانوں داتیا!
اچ دی اوقات ایہہ بخشی توں سانوں داتیا!!

سبھ جیاں توں ودھ عقلاں توں دتیاں مالکا!
سبھ جیاں توں سوہنیاں شکلاں توں دتیاں مالکا!

سوچ شکتی دی سخر وی دات تیری داتیا!
دل دیکھاں، تاں کہاں 'کیا بات' تیری داتیا!

اکھ پٹ کے دیکھیاں چنگا برا سبھ دس رہیا
پرکھ ہوندی، ہوا دکھن جاں پرا سبھ دس رہیا

سن کے دس سکدے ہاں، روندا ہے جاں گاؤندا ہے کوئی
بڑک توں ظاہر کہ جاندا ہے جاں آؤندا ہے کوئی

سینکڑے ہی بولیاں توں بخشیاں بولن لئی
بندے نوں بخشی سوجھ، بندہ بول توں تولن لئی

پَیر دو دتے توں، دوہاں دی بڑی ہی لوڑ ہے
دھرتی ساری گاہ لئی، ہن امبراں دی دوڑ ہے

ਹੈਰਾਨ ਹੋ ਜਾਂਦਾ ਜਦੋਂ ਹੱਥਾਂ ਦੀ ਤਾਕਤ ਦੇਖਦਾਂ।
ਫਖ਼ਰ ਕਰਦਾ ਹਾਂ, ਜਦੋਂ ਆਪਣੀ ਲਿਆਕਤ ਦੇਖਦਾਂ।

ਇਹ ਜਾਣਦੇ ਹਾਂ ਦਾਤਿਆ! ਸਭ ਕੁੱਝ ਇਹ ਤੇਰੀ ਦਾਤ ਹੈ।
ਇਹ ਵੀ ਪਤਾ ਹੈ ਦਾਤਿਆ! ਤੇਰੀ ਇਹ ਸਭ ਕਰਾਮਾਤ ਹੈ।

ਰਸ-ਰਸ ਕੇ ਜੀਵਨ ਭੋਗਦੇ ਰਸ-ਰਸ ਕੇ ਇਸਨੂੰ ਮਾਣਦੇ।
ਤੇਰੇ ਤੋਂ ਲੁਕਿਆ ਕੁੱਝ ਨਹੀਂ ਪੂਰੀ ਤਰਾਂ ਇਹ ਜਾਣਦੇ।

ਵਧ-ਚੜ੍ਹ ਕੇ ਗੱਪਾਂ ਮਾਰਦੇ, ਅਜੇ ਹਾਣੀਆਂ ਵਿੱਚ ਹਾਂ ਅਸੀਂ
ਲੁਕਿਆ ਨਹੀਂ ਕੁੱਝ ਵੀ ਕਿ ਕਿਨ੍ਹਾਂ ਪਾਣੀਆਂ ਵਿੱਚ ਹਾਂ ਅਸੀਂ।

ਧੱਕਦੇ ਹਾਂ ਤਾਰੇ ਪਰ੍ਹਾਂ ਨੂੰ, ਮੂੰਹ ਚੜ੍ਹ ਕੇ ਜਦ ਹਾਂ ਬੋਲਦੇ।
ਪੂਰੀ ਸਮਝ ਹੈ ਝੂਠ ਦੀ, ਫਿਰ ਵੀ ਕੁਫ਼ਰ ਹਾਂ ਤੋਲਦੇ।

ਦਾਤਾ ਵੀ ਤੂੰ ਦਾਤਾਂ ਵੀ ਇਹ ਸਭ ਤੇਰੀਆਂ।
ਬੋਲੀ ਵੀ ਤੂੰ ਬਾਤਾਂ ਵੀ ਇਹ ਸਭ ਤੇਰੀਆਂ।

ਫੁੱਲ, ਫ਼ਲ, ਪੱਤੇ, ਤਣਾ, ਸ਼ਾਖਾਵਾਂ ਵੀ ਇਹ ਸਭ ਤੇਰੀਆਂ।
ਜਾਮਾ ਵੀ ਤੇਰਾ ਮਾਲਕਾ! ਜਾਤਾਂ ਵੀ ਇਹ ਸਭ ਤੇਰੀਆਂ।

ਦਾਤਾਂ ਤਾਂ ਖਾਂਦੇ ਪਹਿਨਦੇ, ਦਾਤੇ ਤੋਂ ਪਰ ਕਿਓਂ ਦੂਰ ਹਾਂ।
ਗੱਲਾਂ ਤਾਂ ਸਭ ਇਹ ਤੇਰੀਆਂ, ਕਿਸ ਗੱਲ ਤੋਂ ਮਜਬੂਰ ਹਾਂ।

•

حیران ہو جاندا جدوں ہتھاں دی طاقت دیکھداں
فخر کردا ہاں، جدوں اپنی لیاقت دیکھداں

ایہہ جاندے ہاں داتیا! سبھ کجھ ایہہ تیری دات ہے
ایہہ وی پتہ ہے داتیا! تیری ایہہ سبھ کرامات ہے

رس رس کے جیون بھوگدے رس رس کے اسنوں مانڈے
تیرے توں لکیا کجھ نہیں پوری طرحاں ایہہ جاندے

وڈھ چڑھ کے گپاں ماردے، اجے ہانیاں وچ ہاں اسیں
لکیا نہیں کجھ وی کہ کنھاں پانیاں وچ ہاں اسیں

دھکدے ہاں تارے پرھاں نوں، مُونہہ چڑھ کے جد ہاں بولدے
پوری سمجھ ہے جھوٹھ دی، پھر وی کفر ہاں تولدے

داتا وی توں داتاں وی ایہہ سبھ تیریاں
بولی وی توں باتاں وی ایہہ سبھ تیریاں

پھل، پھل، پتے، تنا، شاکھاواں وی ایہہ سبھ تیریاں
جامہ وی تیرا مالکا! جاتاں وی ایہہ سبھ تیریاں

داتا تاں کھاندے پہندے، داتے توں پر کیوں دور ہاں
گلاں تاں سبھ ایہہ تیریاں، کس گل توں مجبور ہاں

ਧਰਮ

ਧਰਮ ਵਿੱਚ ਹਦਾਇਤ ਹੋਣੀਂ ਲਾਜ਼ਮੀ,
ਧਰਮ ਪਰ ਹਦਾਇਤਨਾਮਾ ਨਹੀਂ ਹੈ।
ਜ਼ਿੰਦਗੀ ਵਿੱਚ ਕਿਰਤ ਕਰਨਾ ਲਾਜ਼ਮੀ,
ਜ਼ਿੰਦਗੀ ਇੱਕ ਕਾਰਨਾਮਾ ਨਹੀਂ ਹੈ।

ਸੱਚ ਨੂੰ ਸੱਚ ਆਖਣਾ ਵੀ ਧਰਮ ਹੈ,
ਸੋਚਣਾ ਤੇ ਸਮਝਣਾ ਵੀ ਕਰਮ ਹੈ।
ਹਰ ਕਰਮ ਦੀ ਆਪਣੀ ਇੱਕ ਵਿਧੀ ਹੈ,
ਕਰਮਾਂ ਦਾ ਕੋਈ ਕਾਰਖਾਨਾ ਨਹੀਂ ਹੈ।

ਜ਼ਿੰਦਗੀ ਵਿੱਚ ਕਿਰਤ ਕਰਨਾ ਲਾਜ਼ਮੀ,
ਜ਼ਿੰਦਗੀ ਇੱਕ ਕਾਰਨਾਮਾ ਨਹੀਂ ਹੈ।

ਧਾਰਮਿਕ ਹੋਣਾ ਤਾਂ ਇੱਕ ਅਭਿਆਸ ਹੈ,
ਖੁਦ ਆਪਣੇ 'ਤੇ ਆਪਣਾ ਵਿਸ਼ਵਾਸ਼ ਹੈ।
ਸੱਚ ਦਾ ਹਰ ਜੀਵ ਦੇ ਵਿੱਚ ਵਾਸ ਹੈ,
ਸੱਚ ਹੀ ਤਾਂ ਇੱਕ ਸੱਚਾ ਅਹਿਸਾਸ ਹੈ।
ਸੱਚ ਦੀ ਨਾ ਕਿਸੇ ਦੇ ਨਾਲ ਦੁਸ਼ਮਣੀ,
ਤੇ ਸੱਚ ਦਾ ਕੋਈ ਦੋਸਤਾਨਾ ਨਹੀਂ ਹੈ।

ਜ਼ਿੰਦਗੀ ਵਿੱਚ ਕਿਰਤ ਕਰਨਾ ਲਾਜ਼ਮੀਂ,
ਜ਼ਿੰਦਗੀ ਇੱਕ ਕਾਰਨਾਮਾ ਨਹੀਂ ਹੈ।

ਦੂਜਿਆਂ ਨੂੰ ਸਿੱਖਿਆ ਜੋ ਦੇ ਰਿਹੈਂ,
ਆਪ ਆਪਣੇ ਵਾਸਤੇ ਕਰਕੇ ਤਾਂ ਦੇਖ।
ਭਵ ਸਾਗਰ ਨੂੰ ਤਰਨ ਦਾ ਵਲ਼ ਦੱਸਦੈਂ,

دھرم

دھرم وچ ہدایت ہونیں لازمی،
دھرم پر ہدائت ناما نہیں ہے
زندگی وچ کرت کرنا لازمی،
زندگی اک کارنامہ نہیں ہے

سچ نوں سچ آکھنا وی دھرم ہے،
سوچنا تے سمجھنا وی کرم ہے
ہر کرم دی اپنی اک وِدھی ہے،
کرماں دا کوئی کارخانہ نہیں ہے

زندگی وچ کرت کرنا لازمی،
زندگی اک کارنامہ نہیں ہے

دھارمک ہونا تاں اک ابھیاس ہے،
خود اپنے تے اپنا وشواش ہے
سچ دا ہر جیو دے وچ واس ہے،
سچ ہی تاں اک سچا احساس ہے
سچ دی نہ کسے دے نال دشمنی،
تے سچ دا کوئی دوستانہ نہیں ہے

زندگی وچ کرت کرنا لازمی،
زندگی اک کارنامہ نہیں ہے

دوجیاں نوں سکھیا جو دے رہیں،
آپ اپنے واسطے کرکے تاں دیکھ
بھو ساگر نوں ترن دا ول دسدیں،

ਖੁਦ ਭਲਾ ਦੋ ਤਾਰੀਆਂ ਤਰ ਕੇ ਤਾਂ ਦੇਖ।
ਧਰਮ ਖਾਤਰ ਮਰਨ ਦੀ ਗੱਲ ਕਰ ਰਿਹੈਂ,
ਅੱਗੇ ਹੋ ਕੇ ਆਪ ਖੁਦ ਮਰ ਕੇ ਤਾਂ ਦੇਖ।
ਸਹਿਣ ਦੀ, ਜਰ ਲੈਣ ਦੀ ਸਿੱਖਿਆ ਦਵੇਂ,
ਖੁਦ ਕਿਸੇ ਦੇ ਜ਼ੁਲਮ ਨੂੰ ਜਰ ਕੇ ਤਾਂ ਦੇਖ।
ਸੱਚ ਦੀ ਸੱਚਿਆਈ ਤੂੰ ਵੀ ਜਾਣਦੈਂ
ਸਿੱਖਿਆ ਸੱਚ ਦਾ ਬਿਆਨਾ ਨਹੀਂ ਹੈ।

ਧਰਮ ਵਿੱਚ ਹਦਾਇਤ ਹੋਣੀਂ ਲਾਜ਼ਮੀ,
ਧਰਮ ਪਰ ਹਦਾਇਤਨਾਮਾ ਨਹੀਂ ਹੈ।
ਜ਼ਿੰਦਗੀ ਵਿੱਚ ਕਿਰਤ ਕਰਨਾ ਲਾਜ਼ਮੀ,
ਜ਼ਿੰਦਗੀ ਇੱਕ ਕਾਰਨਾਮਾ ਨਹੀਂ ਹੈ।

خود بھلا دو تاریاں تر کے تاں دیکھ
دھرم خاطر مرن دی گل کر رہیں،
اگے ہو کے آپ خود مر کے تاں دیکھ
سہن دی، جر لین دی سکھیا دویں،
خود کسے دے ظلم نوں جر کے تاں دیکھ
سچ دی سچیائی توں وی جاندیں
سکھیا سچ دا بیاناں نہیں ہے

دھرم وچ ہدایت ہونیں لازمی،
دھرم پر ہدائتناما نہیں ہے
زندگی وچ کرت کرنا لازمی،
زندگی اک کارنامہ نہیں ہے

ਧਰਮ ਅਸਥਾਨ

ਜੱਗ ਸਿੱਧੇ ਰਾਹ ਪਾਵਣ ਲਈ, ਬਾਬਾ ਅਇਆ ਬਣ ਇਨਸਾਨ।
ਬਾਬੇ ਦੇ ਦੋ ਭਾਈ ਸੁਣੀਂਦੇ, ਇੱਕ ਹਿੰਦੂ ਇੱਕ ਮੁਸਲਮਾਨ।

ਰਾਮ ਰਹੀਮ ਤਾਂ ਉੱਚੇ ਨਾਂ ਹਨ, ਇਸ ਤੋਂ ਉੱਚਾ ਕਿਸ ਦਾ ਨਾਮ।
ਸੱਚ ਤੋਂ ਸੱਚਾ ਕੀ ਹੋ ਸਕਦਾ, ਧਰਮ, ਕਰਮ ਕਿ ਦੀਨ ਇਮਾਨ।

ਸੱਤਿ ਨਾਮ ਤਾਂ ਇੱਕੋ ਹੀ ਹੈ, ਅੱਲਾ ਕਹਿ ਲਓ ਜਾਂ ਭਗਵਾਨ।
ਇੱਕ ਮਾਂ ਦੇ ਦੋ ਪੁੱਤ ਗਵਾਚੇ, ਇੱਕ-ਦੂਜੇ ਦੀ ਨਾ ਪਹਿਚਾਣ।

ਮੋਹ ਮਾਇਆ ਦੀ ਮ੍ਰਿਗ ਤ੍ਰਿਸ਼ਨਾ, ਜਾ ਪਹੁੰਚੇ ਵਿੱਚ ਬੀਆਬਾਨ।
ਆਪਣੀ ਮਾਂ ਨੂੰ ਲੱਭਦੇ ਫਿਰਦੇ, ਰਸਤੇ ਤੋਂ ਬਿਲਕੁਲ ਅਨਜਾਣ।

ਦੋਵੇਂ ਭੈਣਾਂ ਗੁਣੀ ਗਿਆਨੀ, ਦੋਨੋਂ ਭੈਣਾਂ ਹਨ ਵਿਦਵਾਨ।
ਗੀਤਾ ਦਾ ਉਪਦੇਸ਼ ਵੀ ਉੱਤਮ, ਉੱਤਮ ਗੱਲਾਂ ਕਰੇ ਕੁਰਾਨ।

ਬਾਬੇ ਨੇ ਇੱਕ ਗੱਲ ਸਮਝਾਈ, ਬਿਲਕੁਲ ਹੋ ਕੇ ਅੰਤਰਧਿਆਨ।
ਜੇ ਦੋ ਭਾਈ ਮਿਲ ਜਾਵਣ ਤਾਂ, ਨਿਸਚਤ ਹੋ ਜਾਵਣ ਬਲਵਾਨ।

ਇੱਕੋ ਗਰਭ ਦੀਆਂ ਇਹ ਤੰਦਾਂ, ਮਿਲ ਕੇ ਸੋਹਣਾ ਸੂਤ ਬਨਾਣ।
ਰਾਹ ਵੀ ਇੱਕ, ਮੰਜ਼ਿਲ ਵੀ ਇੱਕੋ, ਇੱਕ-ਦੂਜੇ ਦਾ ਹੱਥ ਵਟਾਣ।

ਰਲ ਕੇ ਆਪਣੀ ਮਾਂ ਨੂੰ ਲੱਭਣ, ਰਲ ਕੇ ਆਪਣੀ ਵਾਟ ਮੁਕਾਣ।
ਸਾਂਝੀ ਬਿਰਤੀ ਲਾ ਕੇ ਸੋਚਣ, ਤੜਕੇ ਉੱਠ ਕੇ ਕਰ ਇਸ਼ਨਾਨ।

ਬਸ! ਏਹੀ ਬਾਬੇ ਦੀ ਸਿੱਖਿਆ, ਏਹੀ ਬਾਬੇ ਦਾ ਫ਼ੁਰਮਾਨ।
ਜੇ ਸਾਰੇ ਧਰਮੀ ਹੋ ਜਾਵਣ, ਜੱਗ ਬਣ ਜਾਵੇ ਧਰਮ ਅਸਥਾਨ।

•

دھرم استھان

جگ سدھے راہ پاون لئی، بابا آیا بن انسان
بابے دے دو بھائی سنیندے، اک ہوندو اک مسلمان

رام رحیم تاں اچے ناں ہن، اس توں اچا کس دا نام
سچ توں سچا کیہ ہو سکدا، دھرم، کرم کہ دین ایمان

ستِ نام تاں اکو ہی ہے، اللہ کہہ لؤ جاں بھگوان
اک ماں دے دو پت گواچے، اک دوجے دی نہ پہچان

موہ مایہ دی مرگ ترشنا، جا پہنچے وچ بیابان
اپنی ماں نوں لبھدے پھردے، رستے توں بالکل انجان

دوویں بھیناں گنی گیانی، دونوں بھیناں ہن ودوان
گیتا دا اپدیش وی اتم، اتم گلاں کرے قرآن

بابے نے اک گل سمجھائی، بالکل ہو کے انتردھیان
جے دو بھائی مل جاون تاں، نسچت ہو جاون بلوان

اکو گربھ دیاں ایہہ تنداں، مل کے سوہنا سوت بنان
راہ وی اک، منزل وی اکو، اک دوجے دا ہتھ وٹان

رل کے اپنی ماں نوں لبھن، رل کے اپنی واٹ مکان
سانجھی برتی لا کے سوچن، تڑکے اٹھ کے کر اشنان

بس! ایہی بابے دی سکھیا، ایہی بابے دا فرمان
جے سارے دھرمی ہو جاون، جگ بن جاوے دھرم استھان

ਧਰਮੀਂ

ਜੋ ਜੋ ਧਰਮ ਕਮਾਵੇ ਸਿੱਖ ਹੈ।
ਸੱਚ ਦੀ ਬੋਲੀ ਪਾਵੇ ਸਿੱਖ ਹੈ।

ਤਨ ਮਨ ਸੱਚ ਸਮਾਵੇ ਸਿੱਖ ਹੈ।
ਸੱਚ ਨੂੰ ਜੋ ਅਪਣਾਵੇ ਸਿੱਖ ਹੈ।

ਧਰਮੀਂ ਨੂੰ ਜੋ ਚਾਹਵੇ ਸਿੱਖ ਹੈ।
ਜੋ ਸੱਚ ਦਾ ਬਣ ਜਾਵੇ ਸਿੱਖ ਹੈ।

ਬਾਣੀ ਪੜ੍ਹੇ ਪੜ੍ਹਾਵੇ ਸਿੱਖ ਹੈ।
ਜੋ ਹਰ ਕੇ ਗੁਣ ਗਾਵੇ ਸਿੱਖ ਹੈ।

ਸਾਧ ਸੰਗਤ ਵਿੱਚ ਆਵੇ ਸਿੱਖ ਹੈ।
ਰੱਬ ਦਾ ਨਾਮ ਧਿਆਵੇ ਸਿੱਖ ਹੈ।

ਸਿੱਖ ਦਾ ਉਤਮ ਰੂਪ ਖ਼ਾਲਸਾ,
ਸਿੱਖ ਦਾ ਖ਼ਾਸ ਸਰੂਪ ਖ਼ਾਲਸਾ।

ਜੇ ਕੋਈ ਅੰਮ੍ਰਿਤਧਾਰੀ ਹੋਵੇ,
ਜੇ ਕੋਈ ਪਰਉਪਕਾਰੀ ਹੋਵੇ।

ਜੇ ਕੋਈ ਸੋਹਣੀ ਸੂਰਤ ਹੋਵੇ,
ਗੋਬਿੰਦ ਵਰਗੀ ਮੂਰਤ ਹੋਵੇ।

ਗੋਬਿੰਦ ਸਿੰਘ ਦਾ ਯਾਰ ਹੈ ਉਹ ਤਾਂ,
ਸਿੱਖਾਂ ਦਾ ਸਰਦਾਰ ਹੈ ਉਹ ਤਾਂ।

دھرمی

جو جو دھرم کماوے سِکھ ہے
سچ دی بولی پاوے سِکھ ہے

تن من سچ سماوے سِکھ ہے
سچ نوں جو اپناوے سِکھ ہے

دھرمیں نوں جو چاہوے سِکھ ہے
جو سچ دا بن جاوے سِکھ ہے

بانی پڑھے پڑھاوے سِکھ ہے
جو ہر کے گن گاوے سِکھ ہے

سادھ سنگت وچ آوے سکھ ہے
رب دا نام دھیاوے سکھ ہے

سِکھ دا اُتم روپ خالصہ،
سِکھ دا خاص سروپ خالصہ

جے کوئی امرت دھاری ہووے،
جے کوئی پرُپکاری ہووے

جے کوئی سوہنی صورت ہووے،
گوبند ورگی مورت ہووے

گوبند سنگھ دا یار ہے اوہ تاں،
سِکھاں دا سردار ہے اوہ تاں

ਨਾਨਕ ਦਾ ਇਹ ਧਰਮ ਨਿਆਰਾ,
ਕੁੱਲ ਦੁਨੀਆਂ, ਜਿਸ ਦਾ ਪਰਵਾਰਾ।

ਰਵੀਦਾਸ ਦਾ ਬਿਆਨ ਵੀ ਸਿੱਖ ਹੈ।
ਬੁੱਧੂ ਦੀ ਸੰਤਾਨ ਵੀ ਸਿੱਖ ਹੈ।

ਨਾਮਦੇਵ ਦਾ ਨਾਮ ਵੀ ਸਿੱਖ ਹੈ।
ਧੰਨੇ ਜੱਟ ਦਾ ਧਿਆਨ ਵੀ ਸਿੱਖ ਹੈ।

ਭਗਤ ਕਬੀਰ ਦੀ ਤਾਣੀ ਸਿੱਖ ਹੈ।
ਸ਼ੇਖ ਫਰੀਦ ਦੀ ਬਾਣੀ ਸਿੱਖ ਹੈ।

•

نانک دا ایہہ دھرم نیارا،
کل دنیاں، جس دا پروارا

رویداس دا بیان وی سکھ ہے
بدھو دی سنتان وی سکھ ہے

نامدیو دا نام وی سکھ ہے
دھنے جٹ دا دھیان وی سکھ ہے

بھگت کبیر دی تانی سکھ ہے
شیخ فرید دی بانی سکھ ہے

ਤੂੰ ਹੀ ਤੂੰ

ਰਾਮ ਭੀ ਤੂੰ ਰਹੀਮ ਵੀ ਤੂੰ ਹੈਂ
ਕਰਤਾ, ਕਰਮ ਕਰੀਮ ਭੀ ਤੂੰ ਹੈਂ
ਰੰਗ ਭੀ ਤੂੰ ਰੰਗੀਨ ਭੀ ਤੂੰ ਹੈਂ
ਸ਼ੌਕ ਭੀ ਤੂੰ ਸ਼ੌਕੀਨ ਭੀ ਤੂੰ ਹੈਂ
ਜੋਗੀ ਤੂੰ ਹੈਂ ਬੀਨ ਭੀ ਤੂੰ ਹੈਂ
ਸਸੀਅਰ ਸਗਲ ਯਕੀਨ ਭੀ ਤੂੰ ਹੈਂ।

ਤੂੰ ਹੀ ਤੂੰ ਹੈਂ ਤੂੰ ਹੀ ਤੂੰ ਹੈਂ।

ਧਨ ਵੀ ਤੂੰ ਹੈਂ ਧਿਆਨ ਵੀ ਤੂੰ ਹੈਂ
ਗੁਣ ਵੀ ਤੂੰ ਹੈਂ ਗਿਆਨ ਭੀ ਤੂੰ ਹੈਂ
ਬੋਲੀ ਤੂੰ ਹੈਂ ਬਿਆਨ ਭੀ ਤੂੰ ਹੈਂ
ਤੇਜ ਧਾਰ ਵੀ, ਮਿਆਨ ਭੀ ਤੂੰ ਹੈਂ।

ਤੂੰ ਹੀ ਤੂੰ ਹੈਂ ਤੂੰ ਹੀ ਤੂੰ ਹੈਂ।

•

تُوں ہی تُوں

رام بھی تُوں رحیم وی توں ہیں
کرتا، کرم کریم بھی توں ہیں
رنگ بھی توں رنگین بھی توں ہیں
شوق بھی توں شوقین بھی توں ہیں
جوگی توں ہیں بین بھی توں ہیں
سسیئر سگل یقین بھی توں ہیں

تُوں ہی تُوں ہیں تُوں ہی تُوں ہیں

دھن وی توں ہیں دھیان وی توں ہیں
گُن وی توں ہیں گیان بھی توں ہیں
بولی توں ہیں بیان بھی توں ہیں
تیز دھار وی، میان بھی توں ہیں

تُوں ہی تُوں ہیں تُوں ہی تُوں ہیں

ਓਅੰਕਾਰ

ਇੱਕ ਹੈ ਓਅੰਕਾਰ ਹੈ,
ਕਰਤਾਰ ਹੈ ਨਿਰੰਕਾਰ ਹੈ।
ਨਾਨਕ ਦਾ ਰਵੀਦਾਸ ਦਾ,
ਛੱਤੀਆਂ ਦਾ ਸਾਂਝਾ ਪਿਆਰ ਹੈ।

ਕਬੀਰ, ਫ਼ਰੀਦ ਤੇ ਨਾਮ ਦੇਵ,
ਧੰਨੇ ਦੀ ਵੱਖ-ਵੱਖ ਜਾਤ ਹੈ,
ਪਰ ਗੁਰਬਾਣੀ ਦੀ ਗੋਦ ਵਿੱਚ,
ਇੱਕੋ ਜਿਹਾ ਸਤਿਕਾਰ ਹੈ।

ਇੱਕ ਹੀ ਓਅੰਕਾਰ ਹੈ,
ਕਰਤਾਰ ਹੈ ਨਿਰੰਕਾਰ ਹੈ....।

ਇਹ ਇੱਕ ਹੈ ਇੱਕ-ਮਿੱਕ ਹੈ,
ਰਾਗਾਂ 'ਚ ਰਲਦਾ ਰਾਗ਼ ਹੈ,
ਗੁਰੂ ਹੈ ਜਾਂ ਭਗਤ ਜਨ,
ਸਭਨਾਂ ਦਾ ਇੱਕ ਵਿਚਾਰ ਹੈ।

ਇੱਕ ਹੀ ਓਅੰਕਾਰ ਹੈ,
ਕਰਤਾਰ ਹੈ ਨਿਰੰਕਾਰ ਹੈ....।

ਸੱਤ ਦਾ ਸੱਤਿਨਾਮ ਹੈ,
ਨਿਰਭਓ ਹੈ ਨਿਰਵੈਰ ਹੈ।
ਸੋਚਾਂ ਤਾਂ ਲੱਗਦਾ ਇਸ ਤਰਾਂ,
ਇਹ ਆਪ ਪਰਵਰਦਗਾਰ ਹੈ।

ਇੱਕ ਹੀ ਓਅੰਕਾਰ ਹੈ,
ਕਰਤਾਰ ਹੈ ਨਿਰੰਕਾਰ ਹੈ....।

•

اونکار

اک ہے اوانکار ہے،
کرتار ہے نرنکار ہے
نانک دا رویداس دا،
چھتیاں دا سانجھا پیار ہے

کبیر، فرید تے نام دیو،
دھنے دی وکھ وکھ جات ہے،
پر گربانی دی گود وچ،
اکو جیہا ستکار ہے

اک ہی اونکار ہے،
کرتار ہے نرنکار ہے....

ایہہ اک ہے اک مک ہے،
راغاں 'چ رلدا راغ ہے،
گورو ہے جاں بھگت جن،
سبھناں دا اک وچار ہے

اک ہی اونکار ہے،
کرتار ہے نرنکار ہے....

ست دا ستنام ہے،
نربھؤ ہے نرویر ہے
سوچاں تاں لگدا اس طرحاں،
ایہہ آپ پروردگار ہے

اک ہی اونکار ہے،
کرتار ہے نرنکار ہے....

ਸ਼ਬਦ

ਸਤਿ ਸ਼ਬਦ ਸ਼ਕਤੀ ਸੰਪੂਰਣ ਇੱਕੋ ਇੱਕ ਓਅੰਕਾਰ।
ਸਤਿ ਸ਼ੁਰੂਆਤ, ਸਤਿ ਹੀ ਵਰਤੇ ਸਤਿ ਰਹੇਗਾ ਆਖ਼ਰਕਾਰ।

ਸਤਿ ਸ਼ਕਤੀ ਸਭ ਕਰੇ ਕਰਾਵੇ, ਸਤਿ ਸਿਰਜੇ ਸੰਸਾਰ।
ਸੰਪੂਰਣ ਨਾ ਡਰੇ-ਡਰਾਵੇ ਨਾ ਕੋਈ ਜਿੱਤ ਨਾ ਹਾਰ।

ਸਰਬਵਿਆਪਕ ਸ਼ਕਤੀ ਦਾ ਹੈ ਸ਼ਬਦਾਂ ਵਿੱਚ ਸਤਿਕਾਰ।
ਸਮਾਂ-ਕਾਲ, ਸੀਮਾ ਨਾ ਕੋਈ, ਜੂਨ ਰਹਿਤ ਆਕਾਰ।

ਸੂਰਤ-ਮੂਰਤ ਨਾ ਕੋਈ ਜਾਮਾ ਨਰਾਇਣ ਨਿਰੰਕਾਰ।
ਸਾਹਿਬ ਸਹੀ ਸਲਾਮਤ ਸਤਿਗੁਰ ਮਿਹਰਾਂ ਦਾ ਭੰਡਾਰ।

ਸਭ ਨੂੰ ਦਾਤਾਂ ਬਖ਼ਸ਼ ਰਿਹਾ ਹੈ ਦਾਤਾ ਬਖਸ਼ਣਹਾਰ।
ਸਰਬਕਲਾ ਸਮਰੱਥ ਦਾ ਸਿਮਰਣ, ਨਾਮ ਲੰਘਾਵੇ ਪਾਰ।

ਸਹਿਜ, ਸਿਆਣਪ, ਸੰਜਮ, ਸੁੱਚਮ ਦਾਤਾਂ ਹੱਥ ਦਾਤਾਰ।
ਸਤਿ ਸਤਿ ਕਰ ਜਾਣੀਏਂ, ਸਾਰੇ ਸ਼ਬਦ ਬਣੇ ਆਧਾਰ।

ਸ਼ਬਦ ਬਿਨਾ ਸੋਝੀ ਨਾ ਕੋਈ ਸ਼ਬਦ ਸਵਾਰਣਹਾਰ।
ਸ਼ਬਦ ਜਾਪ ਦੀ ਜੁਗਤੀ ਦੇ ਨਾ' ਪਾਈਏ ਪਰਵਰਦਗਾਰ।

•

شبد

ست شبد شکتی سمپورن اکو اک اوانکار
ست شروعات، ست ہی ورتے ست رہے گا آخرکار

ست شکتی سبھ کرے کراوے، ست سرجے سنسار
سمپورن نہ ڈرے ڈراوے نہ کوئی جت نہ ہار

سرب ویاپک شکتی دا ہے شبداں وچ ستکار
سماں کال، سیما نہ کوئی، جون رہت آکار

صورت مورت نہ کوئی جامہ نرائن نرنکار
صاحب صحیح سلامت ستگور مہراں دا بھنڈار

سبھ نوں داتاں بخش رہیا ہے داتا بخشنہار
سربکلا سمرتھ دا سمرن، نام لنگھاوے پار

سہج، سیانپ، سنجم، سچم داتاں ہتھ داتار
ست ست کر جانیئیں، سارے شبد بنے آدھار

شبد بنا سوجھی نہ کوئی شبد سوارن ہار
شبد جاپ دی جگتی دے نہ' پائیے پروردگار

ਕਿਆਮਤ

ਕਾਜ਼ੀ ਕਰਮ ਕਿਆਮਤ ਭਾਲੇ।
ਨਿੱਤ-ਨਿੱਤ ਸੋਚ-ਸੋਚ ਦਿਨ ਗਾਲ਼ੇ।

ਸੁਬ੍ਹਾ, ਸ਼ਾਮ ਮਸਜਿਦ ਵਿੱਚ ਜਾ ਕੇ
ਅੱਲਾ ਪਾਕ ਦਾ ਨਾਮ ਧਿਆ ਕੇ
ਆਪਣੇ ਮਨ ਦੀ ਬਿਪਤਾ ਟਾਲੇ।

ਕਾਜ਼ੀ ਕਰਮ ਕਿਆਮਤ ਭਾਲੇ....।

ਇੱਕ ਦਿਨ ਤੂੰ ਸੁਖ ਨੀਂਦੇ ਸੌਣਾ
ਤਨ ਤੇ ਮਨ ਦਾ, ਸਫ਼ਰ ਮੁਕਾਉਣਾ
ਤਨ ਖ਼ਾਕੀ ਹੈ, ਖ਼ਾਕ ਰਲਾਉਣਾ
ਦੇਣੇ ਪੈਣੇ ਕਿਰਤ ਹਵਾਲੇ।

ਕਾਜ਼ੀ ਕਰਮ ਕਿਆਮਤ ਭਾਲੇ....।

ਕਾਜ਼ੀ ਇੱਕ ਦਿਨ ਖ਼ਾਤਰ ਰੋਵੇ
ਏਥੇ ਰੋਜ਼ ਕਿਆਮਤ ਹੋਵੇ
ਸੱਚ ਚੰਦਰਮਾ ਪ੍ਰਗਟ ਹੋਵੇ
ਸੱਚ ਦੀ ਸੋਚ, ਕਰਨ ਸੱਚ ਵਾਲੇ।

ਕਾਜ਼ੀ ਕਰਮ ਕਿਆਮਤ ਭਾਲੇ.....।

•

قیامت

قاضی کرم قیامت بھالے
نت نت سوچ سوچ دن گالے

صبح، شام مسجد وچ جا کے
اللہ پاک دا نام دھیا کے
اپنے من دی بپتا ٹالے

قاضی کرم قیامت بھالے....

اِک دن توں سکھ نیندے سونا
تن تے من دا، سفر مکاؤنا
تن خاکی ہے، خاک رلاؤنا
دینے پینے کرت حوالے

قاضی کرم قیامت بھالے....

قاضی اک دن خاطر رووے
ایتھے روز قیامت ہووے
سچ چندرما پرگٹ ہووے
سچ دی سوچ، کرن سچ والے

قاضی کرم قیامت بھالے.....

ਰੱਬ ਦੇ ਨਗ਼ਮੇ

ਕਿਸ ਰੱਬ ਦੇ ਨਗ਼ਮੇ ਤੇਰੀ ਬਾਣੀ ਬਣ ਆਏ।
ਕਿਸ ਮੋਹਣ ਦੇ ਤੂੰ ਮਨ ਮੋਹਣੇ ਸ਼ਬਦ ਬਣਾਏ।

ਕਿਸ ਦਾਤੇ ਦੀਆਂ ਦਾਤਾਂ ਦੇ ਤੂੰ ਸੋਹਲੇ ਗਾਏ।
ਕਿਸ ਪਰਮੇਸ਼ਰ ਦੇ ਤੂੰ ਨਿੱਤ-ਨਿੱਤ ਪਾਠ ਪੜ੍ਹਾਏ।

ਕਿਸ ਦੀ ਰਜ਼ਾ 'ਚ ਰਹਿਣ ਲਈ ਤੂੰ ਵਾਕ ਸੁਣਾਏ।
ਕਿਹੜਾ ਰਾਹ ਸੀ ਜੋ ਤੈਥੋਂ ਵੀ ਅੱਗੇ ਜਾਏ।

ਕਿਹੜਾ ਕੰਮ ਸੀ ਜੋ ਤੈਨੂੰ ਕਰਨਾ ਨਾ ਆਏ।
ਸਾਨੂੰ ਤਾਂ ਹਾਲੇ ਤੱਕ ਤੇਰੀ ਸਮਝ ਨਾ ਆਏ।

ਤੈਥੋਂ ਵੱਡਾ ਪਤਾ ਨਹੀਂ ਕਿਹੜਾ ਅਖਵਾਏ।
ਤੈਥੋਂ ਵੱਡਾ ਪਤਾ ਨਹੀਂ ਕਿਹੜਾ ਅਖਵਾਏ।

•

ربّ دے نغمے

کس رب دے نغمے تیری بانی بن آئے
کس موہن دے توں من موہنے شبد بنائے

کس داتے دیاں داتاں دے توں سوہلے گائے
کس پرمیشر دے توں نت نت پاٹھ پڑھائے

کس دی رضا 'چ رہن لئی توں واک سنائے
کیہڑا راہ سی جو تیتھوں وی اگے جائے

کیہڑا کم سی جو تینوں کرنا نہ آئے
سانوں تاں حالے تک تیری سمجھ نہ آئے

تیتھوں وڈا پتہ نہیں کیہڑا اکھوائے
تیتھوں وڈا پتہ نہیں کیہڑا اکھوائے

ਰੂਹ ਰਾਗ਼



روح راگ



ਸੰਪੂਰਣ

ਪੂਰਣ ਸੀ, ਸੰਪੁਰਣ ਸੀ ਮੈਂ,
ਜਦ ਮੈਨੂੰ ਵਿਸ਼ਵਾਸ ਸੀ ਤੇਰਾ।
ਸੀਤਲ, ਤਪਸ ਗਰਭ ਤੇਰੇ ਦੀ,
ਧੰਦੂਕਾਰੇ ਵਾਸ ਸੀ ਮੇਰਾ।

ਖਾਣ-ਪੀਣ ਦਾ ਫ਼ਿਕਰ ਨਹੀਂ ਸੀ,
ਖੁਸ਼ੀ ਗ਼ਮੀਂ ਦੇ ਅਰਥ ਨਾ ਜਾਣਾ।
ਕੁੱਝ ਸੋਚਣ ਦੀ ਲੋੜ ਨਹੀਂ ਸੀ,
ਜਦ ਤੱਕ ਤੂੰ ਧਰਵਾਸ ਸੀ ਮੇਰਾ।

ਤੇਰੇ 'ਤੇ ਨਿਰਭਰ ਸੀ ਸਭ ਕੁੱਝ,
ਅੰਗ-ਸੰਗ ਦਾ ਅਹਿਸਾਸ ਨਹੀਂ ਸੀ।
ਨਾ ਦੁੱਖ ਸੀ ਨਾ ਭੁੱਖ ਸੀ ਮੈਨੂੰ,
ਕਿਸੇ ਕਿਸਮ ਦੀ ਪਿਆਸ ਨਹੀਂ ਸੀ।

ਰੋਗ ਰਹਿਤ ਸੁਰਤੀ, ਬਿਰਤੀ ਸੀ,
ਦਇਆ ਤੇਰੀ ਧੜਕਣ ਸੀ ਮੇਰੀ।
ਸਭ ਕੁੱਝ ਤੇਰੇ ਤੋਂ ਮਿਲਦਾ ਸੀ,
ਹੋਰ ਕਿਸੇ 'ਤੇ ਆਸ ਨਹੀਂ ਸੀ।

ਨਾ ਜਾਣਾ ਮੈਂ ਕਦ ਸੌਣਾ ਹੈ,
ਜਾਗ ਖੁੱਲਣ ਦਾ ਡਰ ਨਾ ਕੋਈ।
ਨਾ ਕੋਈ ਤਾਲਾ ਨਾ ਕੋਈ ਚਾਬੀ,
ਘਰ ਨਾ ਕੋਈ ਦਰ ਨਾ ਕੋਈ।

ਸਹਿਜ ਤੇਰਾ ਸਿਮਰਣ ਵੀ ਤੇਰਾ,
ਮੈਂ ਦਾ ਜਨਮ ਨਹੀਂ ਸੀ ਹੋਇਆ।
ਤੂੰ ਹੀ ਤੂੰ ਸੀ! ਤੂੰ ਹੀ ਤੂੰ ਸੀ!!
ਤੇਰੇ ਵਰਗਾ ਵਰ ਨਾ ਕੋਈ।

•

سمپورن

پورن سی، سمپرن سی میں،
جد مینوں وشواس سی تیرا
سیتل، تپس گربھ تیرے دی،
دُھندوکارے واس سی میرا

کھان پین دا فکر نہیں سی،
خوشی غمیں دے ارتھ نہ جانا
کجھ سوچن دی لوڑ نہیں سی،
جد تک توں دھرواس سی میرا

تیرے تے نربھر سی سبھ کجھ،
انگ سنگ دا احساس نہیں سی
نہ دُکھ سی نہ بُھکھ سی مینوں،
کسے قسم دی پیاس نہیں سی

روگ رہت سرتی، برتی سی،
دئیا تیری دھڑکن سی میری
سبھ کجھ تیرے توں مِلدا سی،
ہور کسے تے آس نہیں سی

نہ جانا میں کد سونا ہے،
جاگ کُھلن دا ڈر نہ کوئی
نہ کوئی تالا نہ کوئی چابی،
گھر نہ کوئی در نہ کوئی

سہج تیرا سمرن وی تیرا،
میں دا جنم نہیں سی ہویا
تُوں ہی تُوں سی! تُوں ہی تُوں سی!!

ਮੈਂ ਕੌਣ ਹਾਂ

ਬ੍ਰਹਮਾ ਨਹੀਂ ਮੈਂ, ਬ੍ਰਹਮ ਗਿਆਨੀ ਵੀ ਨਹੀਂ।
ਨਾ ਹੀ ਭਗਤ ਹਾਂ, ਨਾ ਹੀ ਜਤੀ-ਸਤੀ ਸੰਤੋਖੀ।

ਸ਼ਾਇਦ ਮੈਂ ਇਨਸਾਨ ਹਾਂ

ਇੱਕ ਪ੍ਰਕਾਸ਼ ਹੋਇਆ ਸੀ
ਆਵਾਜ਼ ਆਈ ਸੀ ਇਲਾਹੀ
ਸ਼ਾਇਦ ਸੁਪਨਾ ਸੀ ਇਹ ਮੇਰਾ।
ਯਾਦ ਹੈ, ਮੈਨੂੰ ਕਿਸੇ ਨੇ ਕਿਹਾ ਸੀ,
“ਹੈਵਾਨੀਅਤ ਨੂੰ ਤਿਆਗ਼ ਦੇਵੇਂ
ਹਵਸ ਨੂੰ ਵਸ ਵਿੱਚ ਕਰ ਲਵੇਂ
ਤਾਂ ਤੂੰ ਇਨਸਾਨ ਬਣ ਸਕਦੈਂ।”

ਮੈਨੂੰ ਸਮਝ ਨਹੀਂ ਲੱਗਦੀ
ਹੋ ਸਕਦਾ ਮੈਂ ਸਮਝਣਾ ਚਾਹੁੰਦਾ ਨਹੀਂ
ਕਿ ਮੈਂ ਕੌਣ ਹਾਂ?

ਮੈਨੂੰ ਪਤਾ ਹੈ ਬ੍ਰਹਮਾ ਨਹੀਂ ਹਾਂ
ਬ੍ਰਹਮਾ ਤਾਂ ਇੱਕ ਸਤਿਕਾਰ ਹੈ
ਕਰਤਾ ਹੈ ਕਰਤਾਰ ਹੈ।
ਜੋ ਕਰਦਾ ਹੈ ਕਰਤਾਰ!
ਬਹੁਤ ਵਧੀਆ ਹੈ ਬਹਾਨਾ
ਮੇਰਿਆਂ ਦੋਸ਼ਾਂ ਦਾ ਮੈਂ ਦੋਸ਼ੀ ਨਹੀਂ
ਹਰ ਦੋਸ਼ ਤੋਂ ਅਗਿਆਨ ਹਾਂ ਮੈਂ।

ਸਭ ਦੇ ਸਾਹਮਣੇ ਇਕਬਾਲ ਕਰਦਾਂ ਕਿ
ਮੈਂ ਅਗਿਆਨ ਹਾਂ

میں کون ہاں

برہما نہیں میں، برہم گیانی وی نہیں
نہ ہی بھگت ہاں، نہ ہی جتی ستی سنتوکھی

شاید میں انسان ہاں

اک پرکاش ہویا سی
آواز آئی سی الٰہی
شاید سپنا سی ایہہ میرا
یاد ہے، مینوں کسے نے کیہا سی،
"حیوانیت نوں تیاغ دیویں
ہوس نوں وس وچ کر لویں
تاں توں انسان بن سکدیں"

مینوں سمجھ نہیں لگدی
ہو سکدا میں سمجھنا چاہندا نہیں
کہ میں کون ہاں؟

مینوں پتہ ہے برہما نہیں ہاں
برہما تاں اک ستکار ہے
کرتا ہے کرتار ہے
جو کردا ہے کرتار!
بہت ودھیا ہے بہانہ
میریاں دوشاں دا میں دوشی نہیں
ہر دوش توں اگیان ہاں میں

سبھ دے سامنے اقبال کرداں کہ
میں اگیان ہے

ਬ੍ਰਹਮ ਗਿਆਨੀ ਵੀ ਨਹੀਂ ਹਾਂ।
ਫਿਰ ਮੈਂ ਕੌਣ ਹਾਂ?
ਮੈਂ ਭਗਤੀ ਨਹੀਂ ਕਰਦਾ
ਜੰਗਲਾਂ ਵਿੱਚ ਭਟਕਣ ਨਾਲ
ਬੁੱਧ ਦਾ ਕੁੱਝ ਨਹੀਂ ਬਣਿਆ
ਤਾਂ ਫਿਰ ਮੈਂ ਕਿਉਂ ਭਟਕਾਂ!

ਮੈਂ ਭਗਤ ਵੀ ਬਿਲਕੁੱਲ ਨਹੀਂ ਹਾਂ
ਜਤ-ਸਤ ਕਰ ਨਹੀਂ ਹੁੰਦਾ
ਮੈਂ ਝੂਠ ਕਿਉਂ ਬੋਲਾਂ
ਅੱਜ ਤੱਕ ਮੈਨੂੰ ਕਦੇ ਸੰਤੋਖ਼ ਨਹੀਂ ਹੋਇਆ,
ਜਤੀ-ਸਤੀ ਸੰਤੋਖ਼ੀ ਚੰਗੇ ਹੋਣਗੇ।
ਮੇਰਾ ਏਨਾ ਚੰਗਾ ਬਣਨ ਨੂੰ ਵੀ ਜੀਅ ਨਹੀਂ ਕਰਦਾ
ਇਸ ਲਈ ਸਾਫ਼ ਦੱਸ ਦੇਵਾਂ
ਮੈਂ ਜਤੀ-ਸਤੀ ਸੰਤੋਖ਼ੀ ਬਿਲਕੁੱਲ ਨਹੀਂ ਹਾਂ।

ਫਿਰ ਮੈਂ ਕੌਣ ਹਾਂ?
ਸ਼ਾਇਦ ਮੈਂ ਇਨਸਾਨ ਹਾਂ
ਹਿੰਮਤ ਨਹੀਂ ਮੇਰੀ
ਕਿ ਮੈਂ ਇਨਸਾਨੀਅਤ ਦੀ ਗੱਲ ਕਰਾਂ।
ਇਨਸਾਨ ਕਹਿੰਦੇ ਨੇ ਸਾਰੇ ਕਹਿਣ ਦੇਵਾਂ
ਮੈਂ ਆਪਣੇ ਭੇਦ ਕਿਉਂ ਖੋਲ੍ਹਾਂ
ਸਮਝ ਹੈ ਮੈਨੂੰ ਇੱਕ ਇਨਸਾਨ ਕੀ ਹੁੰਦੈ?
ਲੋਕਾਂ ਦੀਆਂ ਨਜ਼ਰਾਂ 'ਚ ਮੈਂ ਇਨਸਾਨ ਹਾਂ
ਰਹਿਣ ਦੇ ਪਰਦਾ ਕਿ ਮੈਂ ਜਾਣ ਨਾ ਸਕਿਆ
ਨਹੀਂ ਪਤਾ ਤੇ ਨਾ ਸਹੀ ਮੈਂ ਕੌਣ ਹਾਂ!
ਨਹੀਂ ਪਤਾ ਤੇ ਨਾ ਸਹੀ ਮੈਂ ਕੌਣ ਹਾਂ!!
•

برہم گیانی وی نہیں ہاں
پھر میں کون ہاں؟
میں بھگتی نہیں کردا
جنگلاں وچ بھٹکن نال
بدھ دا کجھ نہیں بنیا
تاں پھر میں کیوں بھٹکاں!

میں بھگت وی بلکل نہیں ہاں
جت ست کر نہیں ہوندا
میں جھوٹھ کیوں بولاں
اج تک مینوں کدے سنتوکھ نہیں ہویا،
جتی ستی سنتوکھی چنگے ہون گے
میرا اینا چنگا بنن نوں وی جی نہیں کردا
اس لئی صاف دس دیواں
میں جتی ستی سنتوکھی بلکل نہیں ہاں

پھر میں کون ہاں؟
شاید میں انسان ہاں
ہمت نہیں میری
کہ میں انسانیت دی گل کراں
انسان کہندے نے سارے کہن دیواں
میں اپنے بھید کیوں کھولھاں
سمجھ ہے مینوں اک انسان کیہ ہوندے؟
لوکاں دیاں نظراں 'چ میں انسان ہاں
رہن دے پردہ کہ میں جان نہ سکیا
نہیں پتہ تے نہ صحیح میں کون ہاں!
نہیں پتہ تے نہ صحیح میں کون ہاں!!

ਧਰਵਾਸ

ਤਰਸ ਗਏ ਅਸੀਂ ਛਾਵਾਂ ਨੂੰ,
ਸਾਨੂੰ ਗੋਡੇ-ਗੋਡੇ ਪਿਆਸ।
ਕੌਣ ਦਿਲਾਸਾ ਦੇਵੇ ਸਾਨੂੰ,
ਕੌਣ ਦੇਵੇ ਧਰਵਾਸ।

ਖ਼ਬਰੇ ਇਸ ਹਾਲਤ ਵਿੱਚ,
ਹੁਣ ਕਿੰਨਾ ਚਿਰ ਜੀਣਾ ਹੈ।
ਡੋਲ ਗਏ ਮੇਰੇ ਸਭ ਸਾਥੀ,
ਡੋਲ ਗਿਆ ਵਿਸ਼ਵਾਸ।

ਕੌਣ ਦਿਲਾਸਾ ਦੇਵੇ ਸਾਨੂੰ,
ਕੌਣ ਦੇਵੇ ਧਰਵਾਸ.....।

ਕਿਸ-ਕਿਸ ਦੀ ਹੁਣ ਗੱਲਾਂ ਕਰੀਏ,
ਸਭ ਕੁੱਝ ਹੀ ਤਾਂ ਡੋਲ ਗਿਆ ਹੈ।
ਡੋਲ ਗਏ ਸਭ ਕਲਮਾਂ ਵਾਲੇ,
ਡੋਲ ਗਿਆ ਅਹਿਸਾਸ।

ਕੌਣ ਦਿਲਾਸਾ ਦੇਵੇ ਸਾਨੂੰ,
ਕੌਣ ਦੇਵੇ ਧਰਵਾਸ.....।

ਝੂਠੇ, ਸੱਚ ਦਾ ਸਬਕ ਸਿਖਾਉਂਦੇ,
ਅੰਨੇ ਏਥੇ ਰਾਹ ਦਰਸਾਉਂਦੇ।
ਝੂਠ ਜਾਪਦਾ ਸੱਚ ਏਥੇ,
ਤੇ ਸੱਚ ਜਾਪੇ ਮਿਥਿਹਾਸ।

ਕੌਣ ਦਿਲਾਸਾ ਦੇਵੇ ਸਾਨੂੰ,
ਕੌਣ ਦੇਵੇ ਧਰਵਾਸ.....।

•

دھرواس

ترس گئے اسیں چھاواں نوں،
سانوں گوڈے گوڈے پیاس
کون دلاسہ دیوے سانوں،
کون دیوے دھرواس

خبرے اس حالت وچ،
ہن کنا چر جینا ہے
ڈول گئے میرے سبھ ساتھی،
ڈول گیا وشواس

کون دلاسہ دیوے سانوں،
کون دیوے دھرواس.....

کس کس دی ہن گلاں کریے،
سبھ کجھ ہی تاں ڈول گیا ہے
ڈول گئے سبھ قلماں والے،
ڈول گیا احساس

کون دلاسہ دیوے سانوں،
کون دیوے دھرواس.....

جھوٹھے، سچ دا سبق سکھاؤندے،
انے ایتھے راہ درساؤندے
جھوٹھ جاپدا سچ ایتھے،
تے سچ جاپے متھہاس

کون دلاسہ دیوے سانوں،
کون دیوے دھرواس.....

ਕਾਦਰ ਦੀ ਕੁਦਰਤ

ਕਾਦਰ ਦੀ ਕੁਦਰਤ ਦੇ ਕਾਤਲ ਕੌਣ-ਕੌਣ,
ਨਾਂ ਗਿਣਾਂ ਜੇ ਗਿਣਤੀ ‘ਚ ਮੇਰਾ ਨਾਮ ਵੀ ਆਊ।

ਤੇਰਾ-ਮੇਰਾ, ਸਾਰਿਆਂ ਦਾ ਦੋਸ਼ ਹੈ,
ਇੱਕ ਦੋਸ਼ੀ ਦੂਸਰੇ ‘ਤੇ ਦੋਸ਼ ਕੀ ਲਾਊ।

ਕਾਬੂ ਕਰਦੇ ਫਿਰਨ ਜੋ ਕਰਤਾਰ ਨੂੰ,
ਕਿਸ ਧਰਮ ਦਾ ਪਿੰਜਰਾ ਜੋ ਕੈਦ ਕਰ ਪਾਊ।

ਮੁਰਗਾਬੀ ਤੋਂ ਸ਼ਾਂਤ ਸਾਗਰ ਖੁੱਸ ਗਿਆ,
ਕਿਸਮਤ ‘ਤੇ ਹੱਸੂਗੀ ਜਾਂ ਫਿਰ ਰੋਂਦੀ ਰਹਿ ਜਾਊ।

ਅੰਬ, ਜਾਮਨ ਨਾ ਰਹੇ ਬਾਗਾਂ ਦੀ ਮੌਤ ‘ਤੇ,
ਕੋਇਲ ਵਿਚਾਰੀ ਗਾਊਗੀ ਜਾਂ ਕੀਰਨੇ ਪਾਊ।

ਸਵਾਂਤ ਬੂੰਦਾਂ ਝਾਲਦੈਂ, ਛੱਪੜ ਵੀ ਨਾ ਰਹੇ,
ਚਾਤ੍ਰਿਕ ਬਬੀਹਾ ਸੁੱਨੜਾ! ਜੀਊ ਕਿ ਮਰ ਜਾਊ।

ਇਹ ਪੀਰਾਂ, ਅਵਤਾਰਾਂ ਦੀ ਧਰਤੀ ਸੀ ਕਦੇ,
ਰਾਮ, ਰੱਬ, ਅੱਲਾ ਦਾ ਬੰਦਾ ਕੀ ਸਮਝ ਪਾਊ।

ਰਾਮ ਦੇ ਸਰਨਾਵਿਆਂ ਦੀ ਲਿਸਟ ਵਿੱਚ,
ਕੋਈ ਲੁਬਾਣਾ ਕਿਸ ਤਰ੍ਹਾਂ ਹੁਣ ਗੁਰੂ ਲੱਭ ਪਾਊ।

ਅੰਬਰਾਂ ਨੂੰ ਛੋਹ ਰਹੇ ਹੋ ਪਰਬਤੋ!
ਬਹੁਤ ਉੱਚੇ ਥਾਂ ਤਾਂ ਫੁੱਲ ਬੂਟਾ ਨਾ ਜੰਮ ਪਾਊ।

ਕੀ ਪਤਾ ਸੀ ਪਾਣੀਆਂ ਦੇ ਦੇਸ਼ ਵਿੱਚ
ਪਾਣੀ ਦੇਖਣ ਨੂੰ ਕਦੇ ਨਲਕਾ ਤਰਸ ਜਾਊ।

•

قادر دی قدرت

قادر دی قدرت دے قاتل کون کون،
ناں گناں جے گنتی 'چ میرا نام وی آؤُ

تیرا میرا، ساریاں دا دوش ہے،
اک دوشی دوسرے 'تے دوش کیہ لاؤُ

قابو کردے پھرن جو کرتار نوں،
کس دھرم دا پنجرہ جو قید کر پاؤُ

مرغابی توں شانت ساگر کھس گیا،
قسمت 'تے ہسوگی جاں پھر روندی رہ جاؤُ

امب، جامن نہ رہے باغاں دی موت 'تے،
کوئل وچاری گاؤگی جاں کیرنے پاؤُ

سوانت بوندا‌ں بھالدیں، چھپڑ وی نہ رہے،
چاترک ببیہا سنڑا! جیؤ کہ مر جاؤُ

ایہہ پیراں، اوتاراں دی دھرتی سی کدے،
رام، رب، اللہ دا بندہ کیہ سمجھ پاؤُ

رام دے سرناویاں دی لسٹ وچ،
کوئی لبانا کس طرحاں ہن گورو لبھ پاؤُ

امبراں نوں چھوہ رہے ہو پربتو!
بہت اچے تھاں تاں پھل بوٹا نہ جم پاؤُ

کیہ پتہ سی پانیاں دے دیش وچ
پانی دیکھن نوں کدے نلکا ترس جاؤُ

ਮਨ ਦੀ ਮੈਲ਼

ਮਨ ਦੀ ਮੈਲ਼ ਮਨੋਂ ਨਾਂ ਉਤਰੀ, ਮਲ-ਮਲ ਪਿੰਡੇ ਨਾਈਦਾ।
ਸੁੰਦਰ ਸੋਹਣੇ ਵਸਤਰ ਪਾ ਕੇ ਅਤਰ-ਫਲੇਲ ਲਗਾਈਦਾ।

ਹਓਮੈ ਤੇ ਹੰਕਾਰ ਨਾ ਹਟਿਆ ਦਿਲ ਨੂੰ ਬੜਾ ਹਟਾਈਦਾ।
ਮਾਲਕ ਦੇ ਮੰਦਿਰਾਂ ਵਿੱਚ ਜਾ ਕੇ, ਨਿੱਤ-ਨਿੱਤ ਸੀਸ ਝੁਕਾਈਦਾ।

ਮੋਹ-ਮਮਤਾ ਮਨ ਵਿੱਚ ਬੈਠੀ ਹੈ ਮਨ ਨੂੰ ਬੜਾ ਮਨਾਈਂਦਾ।
ਆਪਣਾ ਮਨ ਕਾਬੂ ਨਹੀਂ ਆਉਂਦਾ ਲੋਕਾਂ ਨੂੰ ਸਮਝਾਈਦਾ।

ਧਰਮ ਦਾ ਮਤਲਬ ਖੁਦ ਨਾ ਜਾਣਾ, ਧਰਮੀ ਰੂਪ ਬਣਾਈਦਾ।
ਦਨੀਆ ਦੇ ਨਿਪਟਾਰੇ ਖਾਤਰ ਡਮ-ਡਮ ਡਗਾ ਵਜਾਈਦਾ।

ਹਰ ਦਮ ਹਓਮੈ ਅੰਗ-ਸੰਗ ਰਹਿੰਦੀ, ਪਲ-ਪਲ ਲੜ ਛੁਡਵਾਈਦਾ।
ਪੰਜੇ ਦੂਤ ਅਸਾਂ ਤੋਂ ਤਕੜੇ ਖੁਦ ਤਕੜੇ ਅਖਵਾਈਦਾ।

ਜੇ ਕੋਈ ਗੱਲ ਸਿਰੇ ਨਾ ਚੜ੍ਹਦੀ ਬੜਾ ਗੁੱਸੇ ਵਿੱਚ ਆਈਦਾ।
ਵਿਸ਼ਵਾਮਿੱਤਰ ਤੋਂ ਵੀ ਵਧੀਆ ਧਰਮਰਾਜ ਬਣਵਾਈਦਾ।

ਮੋਹ ਮਾਇਆ ਕਿੰਨੀ ਛੋਟੀ ਹੈ ਇੱਕ ਦਮ ਇਹ ਭੁੱਲ ਜਾਈਦਾ।
ਅੱਜ ਏਨਾ ਵੀ ਭੁੱਲਦਾ ਜਾਂਦਾ ਕਿੱਦਾਂ ਰਾਮ ਮਨਾਈਂਦਾ।

ਖੁਦ ਹੀ ਖ਼ੈਰ ਕਰੇ ਜੇ ਮਾਲਕ ਤਾਂ ਚਰਨੀ ਚਿੱਤ ਲਾਈਦਾ।
ਅਠਸਠ ਤੀਰਥ ਓਥੇ ਹਾਜ਼ਰ, ਜਿੱਥੇ ਨਾਮ ਧਿਆਈਦਾ।

•

من دی میل

من دی میل منوں ناں اتری، مل مل پنڈے ناھیدا
سندر سوہنے وستر پا کے عطر پھلیل لگائیدا

ہؤمے تے ہنکار نہ ہٹیا دل نوں بڑا ہٹائیدا
مالک دے مندراں وچ جا کے، نت نت سیس جھکائیدا

موہ ممتا من وچ بیٹھی ہے من نوں بڑا منائیندا
اپنا من قابو نہیں آؤندا لوکاں نوں سمجھائیدا

دھرم دا مطلب خود نہ جانا، دھرمی روپ بنائیدا
دنیا دے نپٹارے خاطر ڈم ڈم ڈگا وجائیدا

ہر دم ہؤمے انگ سنگ رہندی، پل پل لڑ چھڈوائیدا
پنجے دوت اساں توں تکڑے خود تکڑے اکھوائیدا

جے کوئی گل سرے نہ چڑھدی بڑا غصے وچ آئیدا
وشوامتر توں وی ودھیا دھرمراج بنوائیدا

موہ مایہ کنی چھوٹی ہے اک دم ایہہ بھل جائیدا
اج اینا وی بھلدا جاندا کداں رام منائیندا

خود ہی خیر کرے جے مالک تاں چرنی چت لائیدا
اٹھسٹھ تیرتھ اوتھے حاضر، جتھے نام دھیائیدا

ਚੱਕਰਵਿਊ

ਆਤਮਾ ਦੇ ਅਰਥ ਸਮਝਣ ਦੀ ਤਾਂ ਗੱਲ ਹੀ ਹੋਰ ਹੈ।
ਆਦਮੀ ਨੂੰ ਆਦਮੀ ਸਮਝਣ ਦਾ ਦੱਸੀਂ ਵੱਲ਼ ਜ਼ਰਾ।

ਲਾਜ ਸਾਡੀ ਲੁੱਟ ਕੇ ਲੰਕੇਸ਼ ਲੰਕਾ ਲੈ ਗਏ,
ਭਾਲ ਕੇ ਲੈ ਆਉਣ ਜੇ ਵਣਮਾਣਸਾਂ ਨੂੰ ਘੱਲ ਜ਼ਰਾ।

ਚਾਲਾਂ ਚੱਲਦੇ ਆਪ ਹੀ ਚੱਕਰਵਿਊ ਵਿੱਚ ਫਸ ਗਏ,
ਤਮ੍ਹਾ ਦੇ ਤੀਰਾਂ ਤੋਂ, ਬਚ ਨਿਕਲਣ ਦਾ ਬਖ਼ਸ਼ੀਂ ਬਲ ਜ਼ਰਾ।

ਆਦਮੀ ਦੀ ਦੁਸ਼ਮਣੀ, ਦੁਸ਼ਮਣ ਵੀ ਉਸਦਾ ਆਦਮੀ,
ਸਾਡੀ ਸਮੱਸਿਆ ਦਾ ਦੱਸੋ! ਜੇ ਹੋ ਸਕੇ ਤਾਂ ਹੱਲ ਜ਼ਰਾ।

ਤਪਸ਼, ਗਰਮੀ, ਸੇਕ ਆਵੇ, ਔੜ ਲੱਗੀ ਹਰ ਤਰਫ਼,
ਇੰਦਰ ਨੂੰ ਕਰੀਏ ਬੇਨਤੀ, ਧਰਤੀ ਕਰੇ ਜਲਥਲ ਜ਼ਰਾ।

•

چکرویو

آتما دے ارتھ سمجھن دی تاں گل ہی ہور ہے
آدمی نوں آدمی سمجھن دا دسیں ول ذرا

لاج ساڈی لٹ کے لنکیش لنکا لے گئے،
بھال کے لے آن جے ونمانساں نوں گھل ذرا

چالاں چلدے آپ ہی چکرویو وچ پھس گئے،
طمع دے تیراں توں، بچ نکلن دا بخشیں بل ذرا

آدمی دی دشمنی، دشمن وی اسدا آدمی،
ساڈی سمسیا دا دسو! جے ہو سکے تاں حل ذرا

تپش، گرمی، سیک آوے، اوڑ لگی ہر طرف،
اندر نوں کریے بینتی، دھرتی کرے جلتھل ذرا

ਰਾਂਝਣ

ਰਾਂਝਣ ਮਾਹੀ ਮੇਰਾ ਲੋਕੋ, ਧੀਦੋ ਰਾਂਝਾ ਮੇਰਾ।
ਰੂਹ ਕਲਬੂਤ ਦੀਆਂ ਹੁਣ ਗੱਲਾਂ, ਮਿਟ ਗਿਆ ਮੇਰਾ ਤੇਰਾ।

ਯਾਰ ਮੇਰਾ ਪਟਵਾਰੀ ਨੀ ਹੁਣ ਪੱਕੀ ਪੈ ਗਈ ਯਾਰੀ।
ਮੇਰੇ ਨਾਂ ਗਰਦੌਰੀ ਕਰਤੀ, ਕਇਆਨਾਤ ਹੀ ਸਾਰੀ।

ਆਖੋ ਸਾਰੇ ਝੱਲੀ ਨੀ, ਹੁਣ ਹੋ ਗਈ ਖੇਡ ਅਵੱਲੀ।
ਮੱਲ ਕੇ ਤਾਂ ਕੋਈ ਦੱਸੇ, ਜਿਹੜੀ ਅਸੀਂ ਜਗ੍ਹਾ ਜਾ ਮੱਲੀ।

ਰਿਸ਼ਤਾ ਹੋ ਗਿਆ ਪੱਕਾ, ਸੱਚੀਂ ਰਿਸ਼ਤਾ ਹੋ ਗਿਆ ਪੱਕਾ।
ਕਰਨ ਕਰਾਉਣ ਵਾਲੇ ਨੇ ਕੀਤਾ, ਕੌਣ ਕਰੂ ਹੁਣ ਧੱਕਾ।

ਹੁਣ ਦਿਲ ਵਿੱਚ ਮੇਰੇ ਮੱਕਾ, ਸਾਡਾ ਦਿਲ ਵੀ ਹੱਕਾ-ਬੱਕਾ।
ਹੁਣ ਤਾਂ ਜਿੱਧਰ ਨੂੰ ਮੈਂ ਘੁੰਮਾਂ, ਨਾਲ ਈ ਘੁੰਮਦਾ ਮੱਕਾ।

ਪੂਜਾ ਮਿਲੀ ਪੁਜਾਰੀ, ਹੁਣ ਕੋਈ ਕਿੱਦਾਂ ਕਰੂ ਖੁਆਰੀ।
ਮਹਿਕ ਪਈ ਹੁਣ ਜੀਵਨ ਖੇਤੀ, ਹਰ ਇੱਕ ਫ਼ਸਲ ਨਿਆਰੀ।

ਰੰਗ ਵੀ ਉਹ, ਰੰਗਿਆ ਵੀ ਉਸਨੇ, ਮੇਰੇ ਘਰੇ ਲਲਾਰੀ।
ਸਾਡੀ ਖੇਡ ਅਸੀਂ ਖੇਡਾਂਗੇ ਹੁਣ ਇਹ ਸਾਡੀ ਵਾਰੀ।

ਮਨ ਮੰਦਰ ਵਿੱਚ ਮਨ ਦੀ ਪੂਜਾ ਖੁਦ ਮਨ ਆਪ ਪੁਜਾਰੀ।
ਜਿਨ੍ਹਾਂ ਰਾਹਾਂ 'ਤੇ ਚੱਲਾਂਗੇ ਹੁਣ, ਨਾਲ ਤੁਰੂ ਗਿਰਧਾਰੀ।

ਸਾਡਾ ਪੈਂਡਾ ਸਾਡੀ ਮੰਜ਼ਿਲ ਸਾਡੇ 'ਤੇ ਅਸਵਾਰੀ।
ਬਹੁਤ ਹੀ ਖੇਡ ਨਿਆਰੀ ਨੀ, ਸਾਨੂੰ ਲੱਗੇ ਬੜੀ ਪਿਆਰੀ।

•

رانجھن

رانجھن ماہی میرا لوکو، دھیدو رانجھا میرا
روح قلبوت دیاں ہن گلاں، مٹ گیا میرا تیرا

یار میرا پٹواری نی ہن پکی پے گئی یاری
میرے ناں گردوری کرتی، کیانات ہی ساری

آکھو سارے جھلی نی، ہن ہو گئی کھیڈ اولی
مل کے تاں کوئی دسے، جیہڑی اسیں جگہ جا ملی

رشتہ ہو گیا پکا، سچیں رشتہ ہو گیا پکا
کرن کراؤن والے نے کیتا، کون کرو ہن دھکہ

ہن دل وچ میرے مکہ، ساڈا دل وی حقہ بکا
ہن تاں جدھر نوں میں گھماں، نال ای گھمدا مکہ

پوجا ملی پجاری، ہن کوئی کداں کرو خواری
مہک پئی ہن جیون کھیتی، ہر اک فصل نیاری

رنگ وی اوہ، رنگیا وی اسنے، میرے گھرے للاری
ساڈی کھیڈ اسیں کھیڈانگے ہن ایہہ ساڈی واری

من مندر وچ من دی پوجا خود من آپ پجاری
جیہناں راہاں 'تے چلانگے ہن، نال ترو گردھاری

ساڈا پینڈا ساڈی منزل ساڈے 'تے اسواری
بہت ہی کھیڈ نیاری نی، سانوں لگے بڑی پیاری

ਸੱਚ ਦਾ ਰਾਹ

ਮੋਹ-ਮਾਇਆ ਦੀ ਕੰਧ ਹੇਠਾਂ ਦੱਬ ਗਿਆ, ਮੈਂ ਮਰ ਗਿਆ।
ਬੇਅੰਤ ਲਾਸ਼ਾਂ ਦੇਖ ਕੇ ਘਬਰਾ ਗਿਆ, ਮੈਂ ਡਰ ਗਿਆ।

ਜਿਉਂਦੀਆਂ ਲਾਸ਼ਾਂ ਦੀ ਚੁੱਪ 'ਚੋਂ ਸਾਫ਼ ਨਜ਼ਰੀਂ ਆ ਗਿਆ।
ਉਹ ਸਾਹਿਬਜ਼ਾਦਾ ਨਹੀਂ ਜੋ ਇਸ ਕੰਧ ਥੱਲੇ ਆ ਗਿਆ

ਮੈਂ ਜਾਣਦਾ ਹਾਂ ਪੁੰਨ ਅਤੇ ਪਾਪ ਵਿੱਚ ਕੀ ਫ਼ਰਕ ਹੈ।
ਮੈਂ ਜਾਣਦਾਂ ਧਰਤੀ 'ਤੇ ਕਿਹੜਾ ਸਵਰਗ ਕਿਹੜਾ ਨਰਕ ਹੈ।

ਕਹਿਣ ਵਿੱਚ ਤੇ ਕਰਨ ਵਿੱਚ ਤਾਂ ਬਹੁਤ ਅੰਤਰ ਹੈ।
ਯਾਰੋ! ਰੌਲਾ-ਰੱਪਾ ਪਾ ਕੇ ਮੈਂ ਤਾਂ ਝੱਟ ਲੰਘਾਇਆ ਹੈ।

ਸੱਚ ਸੁਣ ਸਕਣਾ ਵੀ ਮੇਰੇ ਵੱਸ ਦੀ ਗੱਲ ਨਹੀਂ ਹੈ।
ਸੱਚ ਦੇ ਰਾਹ ਤੁਰਨ ਦਾ ਮੈਂ ਮਨ ਬਣਾਇਆ ਹੈ।

•

سچ دا راہ

موہ مایا دی کندھ ہیٹھاں دب گیا، میں مر گیا
بے انت لاشاں دیکھ کے گھبرا گیا، میں ڈر گیا

جیوندیاں لاشاں دی چپ 'چوں صاف نظریں آ گیا
اوہ صاحب زادہ نہیں جو اس کندھ تھلے آ گیا

میں جاندا ہاں پن اتے پاپ وچ کیہ فرق ہے
میں جاناں دھرتی 'تے کیہڑا سورگ کیہڑا نرک ہے

کہن وچ تے کرن وچ تاں بہت انتر ہے
یارو! رولا رپا پا کے میں تاں جھٹ لنگھایا ہے

سچ سن سکنا وی میرے وس دی گل نہیں ہے
سچ دے راہ ترن دا میں من بنایا ہے

ਭਗਤੂ-ਭਗਤੂ ਬੋਲ

ਜੋ ਬੁਰਾ-ਭਲਾ ਤੈਨੂੰ ਆਖਦਾ, ਸੁਣ ਬੈਠ ਕੇ ਉਸਦੇ ਕੋਲ।
ਜੇ ਕੰਜਰੀ-ਕੰਜਰੀ ਆਖਦਾ ਤੂੰ ਭਗਤੂ-ਭਗਤੂ ਬੋਲ।

ਦੋਵੇ ਰੰਗ ਉਸਦੇ ਦੇਖ ਸੁਣ ਸਮਝਣ ਦੀ ਕੋਸ਼ਿਸ਼ ਕਰ ਤੂੰ,
ਉਹ ਨਾਲੇ ਲਾਲ੍ਹਾ ਸੁੱਟਦਾ ਨਾਲੇ ਬੋਲੇ ਬੋਲ ਕਬੋਲ।

ਤੂੰ ਡਰ ਨਾ ਕਿਸੇ ਵੀ ਗੱਲ ਤੋਂ ਉਹ ਤੈਥੋ ਵੱਧ ਡਰਪੋਕ,
ਪਰ ਉਸਦੇ ਮੂੰਹੋਂ ਸੁਣਨ ਨਾਲ ਹੀ ਖੁੱਲ੍ਹਣੇ ਉਸਦੇ ਪੋਲ।

ਤੇਰੀ ਖੁਸ਼ਬੂ, ਰੰਗ, ਮੁਲਾਇਮਤਾ ਦੇ ਚੱਤੇ ਪਹਿਰ ਸ਼ੌਕੀਨ,
ਇਹ ਸਭ ਸਿੰਘਾਸਣ ਡੋਲਣੇ, ਤੂੰ ਖੜ ਕੇ ਦੇਖ ਅਡੋਲ।

•

بھگتو بھگتو بول

جو برا بھلا تینوں آکھدا، سن بیٹھ کے اسدے کول
جے کنجری کنجری آکھدا توں بھگتو بھگتو بول

دووے رنگ اسدے دیکھ سن سمجھن دی کوشش کر
توں،
اوہ نالے لالھا سٹدا نالے بولے بول کبول

توں ڈر نہ کسے وی گل توں اوہ تیتھو ودھ ڈرپوک،
پر اسدے مونہوں سنن نال ہی کھلھنے اسدے پول

تیری خوشبو، رنگ، ملائمتا دے چتے پہر شوقین،
ایہہ سبھ سنگھاسن ڈولنے، توں کھڑ کے دیکھ اڈول

ਸਦੀਵੀ ਸੱਚ

ਸੱਚ ਸਲਾਮਤ ਸਦਾ ਸਦੀਵੀ, ਸੱਚ ਕਹਿਣ ਦਾ ਕਾਹਦਾ ਡਰ,
ਸਤਿਪੁਰਖ਼ ਗੁਰੂ ਨਾਨਕ ਧੁਰ ਕੀ ਬਾਣੀ ਪ੍ਰਤੱਖ ਹਰ।

ਸਿਰਜਣਹਾਰ ਨਾ ਸਿਰਜਿਆ ਜਾਵੇ, ਪੀਰ, ਪੈਗੰਬਰ ਹੋ ਸਕਦੇ,
ਸ਼ਬਦਾਂ ਵਿੱਚ ਸਤਿਕਾਰ ਹਰੀ ਦਾ, ਸਤਿ ਸ਼ਬਦ ਹੈ ਹਰੀਹਰ।

ਸ਼ਬਦ ਸੱਚ ਨੂੰ ਪੜ੍ਹੀਏ-ਸੁਣੀਏਂ, ਜੇ ਹੋ ਸਕੇ ਤਾਂ ਗਾਵੀਏ ਵੀ,
ਜਿਸਨੇ ਤੂੰ-ਤੂੰ ਕਹਿਣਾ ਸਿੱਖ ਲਿਆ, ਉਸਦੀ ਮੈਂ-ਮੈਂ ਜਾਵੇ ਮਰ।

ਮਿੱਟੀ ਦੀਆਂ ਪੁਤਲੀਆਂ ਨੱਚਣ ਇੱਕ ਦਿਨ ਸਭ ਨੇ ਟੁੱਟ ਜਾਣਾ,
ਸ਼ਬਦਾਂ ਨਾਲ ਜੁੜ ਗਿਆ ਜਿਹੜਾ, ਭਵ ਸਾਗਰ ਨੂੰ ਜਾਵੇ ਤਰ।

•

سدیوی سچ

سچ سلامت سدا سدیوی، سچ کہن دا کاہدا ڈر،
ست پُرکھ گورو نانک دھر کیہ بانی پرتکھ ہر

سرجن ہار نہ سرجیا جاوے، پیر، پیغمبر ہو سکدے،
شبداں وچ ستکار ہری دا، ست شبد ہے ہریہر

شبد سچ نوں پڑھیے سنیئیں، جے ہو سکے تاں گاویے وی،
جسنے توں توں کہنا سکھ لیا، اسدی میں میں جاوے مر

مٹی دیاں پتلیاں نچن اک دن سبھ نے ٹٹ جانا،
شبداں نال جڑ گیا جیہڑا، بھو ساگر نوں جاوے تر

ਸੱਚ ਦੀ ਖੋਜ

ਮਹਾਂਪੁਰਖ਼ਾਂ ਦੀ ਮਹਾਂਵਿਭੂਤੀ ਸਤਿਪ੍ਰਸਤੀ ਦਾ ਸਤਿਕਾਰ,
ਸੱਚ ਤਾਂ ਬਸ ਇੱਕ ਸੱਚਾ ਹੀ ਹੈ, ਬਾਕੀ ਸਭ ਝੂਠਾ ਸੰਸਾਰ।
ਸੱਚ ਦੀ ਖੋਜ ਕਰਨ ਸਚਿਆਰੇ ਆਪੋ-ਆਪਣੇ ਅੰਦਰੋਂ,
ਸੱਚ ਬਣਾਇਆ ਨਹੀਂ ਬਣ ਸਕਦਾ ਚਾਰ ਵੇਦ ਚਾਰੇ ਸਚਿਆਰ।

ਸੱਚਪ੍ਰਸਤ ਜੀਸਸ, ਸੁਕਰਾਤ ਸੱਚ ਦੇ ਪਾਂਧੀ ਰਾਮ, ਰਹੀਮ,
ਪੂਰਣ ਸੱਚ ਨਹੀਂ ਕੋਈ ਵੀ ਸੱਚ ਦਾ ਕਰਦੇ ਸੀ ਸਤਿਕਾਰ।
ਰੱਬ ਬਣ-ਬਣ ਕੇ ਬਹਿੰਦੀ ਦੁਨੀਆ ਰੱਬ ਨਾ ਬਣੇ ਬਣਾਇਆ,
ਸੱਚ ਦਾ ਰੂਪ ਨਹੀਂ ਕੋਈ ਵੀ ਸੱਚ ਤਾਂ ਅਪਰ-ਅਪਾਰ।

ਸ਼ਬਦ ਵਸੀਲਾ ਸੱਚ ਬੋਲਣ ਦਾ ਸ਼ਬਦ ਗੁਰੂ ਹੈ ਸਤਿਗੁਰ,
ਸ਼ਬਦਾਂ ਵਿੱਚ ਸਮਾਇਆ ਸੱਚਾ, ਬਾਕੀ ਗੱਲਾਂ ਸਭ ਬੇਕਾਰ।
ਵੇਦ-ਕੇਤਾਬ, ਅੰਜ਼ੀਲਾਂ, ਬਾਈਬਲ ਸ਼ਬਦਾਂ ਵਿੱਚ ਕੁਰਾਨ,
ਸ਼ਬਦ ਨਿਰੰਜਣ ਸ਼ਬਦ ਸਤਿਗੁਰੂ ਸੱਚ ਖੰਡ ਸ਼ਬਦ ਨਿਰੰਕਾਰ।

•

سچ دی کھوج

مہاں پُرکھاں دی مہانوبھوتی ستپرستی دا ستکار،
سچ تاں بس اک سچا ہی ہے، باقی سبھ جھوٹھا سنسار
سچ دی کھوج کرن سچیارے آپو اپنے اندروں،
سچ بنایا نہیں بن سکدا چار وید چارے سچیار

سچ پرست جیسس، سقراط سچ دے پاندھی رام، رحیم،
پورن سچ نہیں کوئی وی سچ دا کردے سی ستکار
رب بن بن کے بہندی دنیا رب نہ بنے بنایا،
سچ دا روپ نہیں کوئی وی سچ تاں اپر اپار

شبد وسیلہ سچ بولن دا شبد گورو ہے ستگور،
شبداں وچ سمایا سچا، باقی گلاں سبھ بے کار
وید کیتاب، انجیلاں، بائیبل شبداں وچ قرآن،
شبد نرنجن شبد ستگورو سچ کھنڈ شبد نرنکار

ਪਰਮ ਪੁਰਖ਼ ਦੀਆਂ ਦਾਤਾਂ

ਕਿਰਪਾ ਹੋਈ ਆਪਾਰ ਕਿ ਮਿਲਿਆ ਤਨ ਕੋਠੜਾ ਰਹਿਣ ਲਈ।
ਜੀਭਾ ਬਖ਼ਸ਼ਿਸ਼ ਹੋਈ ਸਾਨੂੰ, ਸਭ ਵਲਵਲੇ ਕਹਿਣ ਲਈ।

ਪੰਜ ਤੱਤ, ਪੰਜ ਗਿਆਨ ਇੰਦਰੀਆਂ, ਪੰਜ ਇੰਦਰੀਆਂ ਕਰਮਸ਼ੀਲ,
ਕਿਰਤ ਕਰਨ ਲਈ ਹੱਥ ਮਿਲੇ ਤੇ ਲੱਤਾਂ ਉੱਠਣ-ਬਹਿਣ ਲਈ।

ਪਰਮ ਪੁਰਖ਼ ਦੀਆਂ ਦਾਤਾਂ ਨੂੰ ਮਲਕੀਅਤ ਨਾ ਸਮਝੀ ਸੁੱਨੜਾ!
ਇਹ ਤਾਂ ਮੌਕਾ ਮਿਲਿਆ ਸਾਨੂੰ ਉਸਦੀ ਰਜ਼ਾ 'ਚ ਰਹਿਣ ਲਈ।

•

پرم پُرکھ دیاں داتاں

کِرپا ہوئی آپار کہ ملیا تن کوٹھڑا رہن لئی
جیبھا بخشش ہوئی سانوں، سبھ ولولے کہن لئی

پنج تت، پنج گیان اندریاں، پنج اندریاں کرمشیل،
کرت کرن لئی ہتھ ملے تے لتاں اٹھن بہن لئی

پرم پُرکھ دیاں داتاں نوں ملکیت نہ سمجھی سُنڑا!
ایہہ تاں موقع ملیا سانوں اسدی رضا 'چ رہن لئی

ਅਧੂਰਾ ਮਨੁੱਖ

ਸਭ ਕੁੱਝ ਠੀਕ ਕਰਦਿਆਂ ਮਰ ਗਏ ਕੁੱਝ ਵੀ ਨਾ ਹੋਇਆ ਕਰ ਵੇ।
ਜੰਗਲਾਂ ਵੱਲ ਨੂੰ ਤੁਰ ਪਏ ਜਿਹੜੇ ਕਿਸ ਵਿਧ ਪਹੁੰਚਣ ਘਰ ਵੇ।

ਪੂਰਨ ਨਾਲੋਂ ਟੁੱਟਣ ਕਰਕੇ ਹੀ ਤਾਂ ਹੋਏ ਅਧੂਰੇ।
ਸੂਰਜ ਕਿਰਣ ਦੁਬਾਰਾ ਮਿਲਿਆਂ, ਹੋਣੇ ਕਾਰਜ ਪੂਰੇ।

ਸਾਗਰ ਉੱਤੇ ਲਹਿਰਾਂ, ਛੱਲਾਂ ਅਤੇ ਬੁਲਬੁਲੇ ਤਰਦੇ।
ਕੌਣ ਜਾਣੇ ਕਦ ਪੈਦਾ ਹੁੰਦੇ, ਕੌਣ ਜਾਣੇ ਕਦ ਮਰਦੇ।

ਹਰ ਕੋਈ ਆਪਣੀ ਕਿਰਤ-ਕਮਾਈ ਦਾ ਫ਼ਲ ਆਪੇ ਭੋਗੇ।
ਹੋਰ ਬੜਾ ਕੁੱਝ ਲਿਖ ਸਕਦੇ ਪਰ ਕਰਮ ਲਿਖਣ ਨਹੀਂ ਜੋਗੇ।

•

ادُھورا منُکھ

سبھ کجھ ٹھیک کردیاں مر گئے کجھ وی نہ ہویا کر وے
جنگلاں ول نوں تر پئے جیہڑے کس وِدھ پہنچن گھر وے

پورن نالوں ٹٹن کرکے ہی تاں ہوئے ادھورے
سورج کرن دوبارہ ملیاں، ہونے کارج پورے

ساگر اتے لہراں، چھلاں اتے بلبلے تردے
کون جانے کد پیدا ہوندے، کون جانے کد مردے

ہر کوئی اپنی کرت کمائی دا پھل آپے بھوگے
ہور بڑا کجھ لکھ سکدے پر کرم لکھن نہیں جوگے

ਪ੍ਰੇਮ

ਆ ਸੁਣ ਮਿੱਤਰ ਪਿਆਰਿਆ! ਪ੍ਰੇਮ ਬਿਨਾ ਨਾ ਮੇਲ।
ਸੱਚਮੁੱਚ ਜਿਸਨੂੰ ਭੁੱਖ ਲੱਗੇ, ਉਹ ਖੇਲ ਸਕੇ ਇਹ ਖੇਲ।

ਹੋਰ ਕੋਈ ਕਿੱਦਾਂ ਕਰੇ ਜੋ ਤੂੰ ਕਰ ਸਕਦੈਂ ਆਪ।
ਰਾਮ ਦੀ ਮਰਜ਼ੀ ਹੋਏ ਤਾਹੀਓਂ ਸੰਤ ਬਣ ਸਕਣ ਮਾਈ ਬਾਪ।

ਸੁਖ ਦੇ ਸਕਦਾ ਹੈ ਸੁਖਦਾਤਾ ਕੋਈ ਹੋਰ ਨਾ ਇਸਦੇ ਯੋਗ।
ਜੋ-ਜੋ ਸੱਜਣ ਸਮਝਦੇ ਬਸ! ਉਹ ਸਚਿਆਰੇ ਲੋਗ।

ਆਪਣੀ ਹਉਮੈਂ ਤਿਆਗ ਕੇ ਜੋ ਪ੍ਰਭ ਚਰਨੀਂ ਚਿੱਤ ਲਾਏ।
ਇੱਕ ਵਾਰੀ ਜੇ ਮਿਲ ਗਿਆ, ਉਹ ਕਿੱਦਾਂ ਵਿੱਛੁੜ ਜਾਏ।

ਜਿਹੜਾ ਇੱਕ ਦੇ ਲੜ ਲੱਗੇ, ਇੱਕੋ ਹੀ ਜਿਸਦੇ ਚਿੱਤ।
ਫਿਰ ਦੇਰ ਨਾ ਲੱਗਦੀ ਓਸਨੂੰ, ਹੋਂਵਦਿਆਂ ਇੱਕ-ਮਿੱਕ।

ਆਸ ਪਿਆਰ ਸਾਰੀ ਮਿਟੇ ਕੋਈ ਸਮਰੱਥ ਕੰਤ ਮਿਲਾਏ।
ਸੁਹਾਗਣ ਆਪਣੇ ਕੰਤ ਦੇ ਕਿਉਂ ਨਾ ਸੀਨੇ ਲੱਗ ਜਾਏ।

•

پریم

آ سن متر پیاریا! پریم بنا نہ میل
سچ مچ جسنوں بھکھ لگے، اوہ کھیل سکے ایہہ کھیل

ہور کوئی کداں کرے جو توں کر سکدیں آپ
رام دی مرضی ہوئے تاہیؤں سنت بن سکن مائی باپ

سکھ دے سکدا ہے سکھداتا کوئی ہور نہ اسدے یوگ
جو جو سجن سمجھدے بس! اوہ سچیارے لوگ

اپنی ہؤمیں تیاگ کے جو پربھ چرنیں چت لائے
اک واری جے مل گیا، اوہ کداں وچھڑ جائے

جیہڑا اک دے لڑ لگے، اکو ہی جسدے چت
پھر دیر نہ لگدی اوسنوں، ہونودیاں اک مک

آس پیار ساری مٹے کوئی سمرتھ کنت ملائے
سہاگن اپنے کنت دے کیوں نہ سینے لگ جائے

ਧਰਮ ਦੀ ਹੋਂਦ

ਜੰਮਦੀ-ਮਰਦੀ ਦੁਨੀਆ ਦੇ ਵਿੱਚ ਧਰਮ ਵੀ ਜੰਮਦੇ-ਮਰਦੇ ਨੇ।
ਲੋਹਾ ਅਕਸਰ ਡੁੱਬ ਜਾਂਦਾ, ਲੱਕੜੀ ਦੇ ਬੇੜੇ ਤਰਦੇ ਨੇ।

ਸਭ ਤੋਂ ਪਹਿਲਾਂ ਧਰਮ ਸਨਾਤਨ, ਭਾਸ਼ਾ ਪਹਿਲੀ ਸੰਸਕ੍ਰਿਤ,
ਧਰਮ ਗ੍ਰੰਥ ਰਿਗਵੇਦ ਹੈ ਪਹਿਲਾ ਸਾਰੇ ਇਹ ਗੱਲ ਕਰਦੇ ਨੇ।

ਪੜ੍ਹਨ-ਪੜ੍ਹਾਉਣ ਬਿਨਾ ਕੋਈ ਪੁਸਤਕ ਕਿੰਨਾ ਚਿਰ ਜੀਅ ਸਕਦੀ ਹੈ।
ਪਤਾ ਨਹੀਂ ਕਿਉਂ ਪੰਡਿਤ ਸਭ ਨੂੰ ਵੇਦ ਪੜ੍ਹਾਉਣੋਂ ਡਰਦੇ ਨੇ।

ਮੁਸਲਮਾਨ ਮਦਰੱਸੇ ਕਰਕੇ ਦੁਨੀਆ ਦੇ ਵਿੱਚ ਫੈਲ ਗਏ।
ਬਾਈਬਲ ਵੰਡ ਇਸਾਈ, ਸਾਰੀ ਦੁਨੀਆ ਕਾਬੂ ਕਰਦੇ ਨੇ।

ਹਰ ਇੱਕ ਧਰਮ ਬਰਾਬਰ ਹੈ ਪਰ ਪੜ੍ਹਣਾ ਪੈਂਦਾ ਹੈ ਇਸਨੂੰ,
ਜੋ ਧਰਮੀਂ ਪਾਠਕ ਬਣ ਜਾਂਦੇ ਫਿਰ ਕਿਸੇ ਕੋਲੋਂ ਨਾ ਹਰਦੇ ਨੇ।

ਸ਼ਬਦ ਗੁਰੂ ਨੂੰ ਮੱਥਾ ਟੇਕਣ ਨਾਲ ਹੀ ਗੱਲ ਨਹੀਂ ਬਣ ਸਕਦੀ,
ਪੜ੍ਹਣ, ਸੁਣਨ, ਸਮਝਣ ਜਿਹੜੇ ਉਹ ਹਰ ਭਵ ਸਾਗਰ ਤਰਦੇ ਨੇ।

•

دھرم دی ہوند

جمدی مردی دنیا دے وچ دھرم وی جمدے مردیے نیں
لوہا اکثر ڈب جاندا، لکڑی دے بیڑے تردے نیں

سبھ توں پہلاں دھرم سناتن، بھاشا پہلی سنسکرت،
دھرم گرنتھ رگوید ہے پہلا سارے ایہہ گل کردے نیں

پڑھن پڑھاؤن بنا کوئی پستک کنا چر جی سکدی ہے
پتہ نہیں کیوں پنڈت سبھ نوں وید پڑھاؤنوں ڈردے نیں

مسلمان مدرسے کرکے دنیا دے وچ پھیل گئے
بائیبل ونڈ عیسائی، ساری دنیا قابو کردے نیں

ہر اک دھرم برابر ہے پر پڑھنا پیندا ہے اسنوں،
جو دھرمیں پاٹھک بن جاندے پھر کسے کولوں نہ ہردے نیں

شبد گورو نوں متھا ٹیکن نال ہی گل نہیں بن سکدی،
پڑھن، سنن، سمجھن جیہڑے اوہ ہر بھو ساگر تردے نیں

ਸ਼ਬਦ ਗੁਰੂ ਅਵਤਾਰ

ਅਤੋਲ ਸ਼ਕਤੀ ਰੱਬ ਜਿਸਨੂੰ ਬੰਦਾ ਫਿਰਦਾ ਤੋਲਦਾ।
ਸ਼ਬਦ ਸ਼ਕਤੀ ਨਾਲ ਚੌਂਹ ਕੂੰਟਾਂ 'ਚ ਫਿਰਦਾ ਟੋਲ੍ਹਦਾ।

ਨਿਰੰਕਾਰ ਦੇ ਆਕਾਰ ਘੜਦਾ ਫਿਰੇ ਬੰਦਾ ਰਾਤ ਦਿਨ,
ਸ਼ਬਦ ਨਾ ਬੋਲੇ ਕਦੇ ਬੰਦਾ ਸ਼ਬਦ ਨੂੰ ਬੋਲਦਾ।

ਸ਼ਬਦ ਜਦ ਪ੍ਰਕਾਸ਼ ਹੋਇਆ ਹਰ ਵਕਤ ਪ੍ਰਕਾਸ਼ ਹੈ,
'ਨ੍ਹੇਰਿਆਂ ਦੀ ਕੜ੍ਹੀ ਤਾਂ ਬੰਦਾ ਹੈ ਫਿਰਦਾ ਘੋਲਦਾ।

ਸ਼ਬਦ ਗੁਰ ਅਵਤਾਰ ਵਿੱਚ, ਦਾਤਾਰ ਬੈਠਾ ਹੈ ਅਡੋਲ,
ਬੰਦੇ ਦੀ ਮਰਜ਼ੀ ਨਾਲ ਹੀ ਬੰਦਾ ਹੈ ਫਿਰਦਾ ਡੋਲਦਾ।

ਰਸਤਾ ਦਰਸਾਉਂਦਾ ਗੁਰੂ ਰਾਹਾਂ 'ਚ ਰੁਲਣੋਂ ਵਰਜ਼ਦਾ,
ਰੱਬ ਕੀ ਕਰੇ ਜੇ ਜਾਣਬੁਝ ਕੇ ਬੰਦਾ ਖੁਦ ਨੂੰ ਰੋਲ਼ਦਾ।

ਸ਼ਬਦ ਵੇਚਣ ਤੁਰ ਪਿਆ ਇਨਸਾਨ ਅੱਜ ਬਾਜ਼ਾਰ ਵਿੱਚ,
ਭੁੱਖ ਮੇਟਣ ਵਾਸਤੇ ਮੁੱਲ ਪਾ ਰਿਹਾ ਅਨਮੋਲ ਦਾ।

•

شبد گورو اوتار

اتول شکتی رب جسنوں بندہ پھردا تولدا
شبد شکتی نال چونہ کونٹاں 'چ پھردا ٹولھدا

نرنکار دے آکار گھڑدا پھرے بندہ رات دن،
شبد نہ بولے کدے بندہ شبد نوں بولدا

شبد جد پرکاش ہویا ہر وقت پرکاش ہے،
'نھیریاں دی کڑھی تاں بندہ ہے پھردا گھولدا

شبد گر اوتار وچ، داتار بیٹھا ہے اڈول،
بندے دی مرضی نال ہی بندہ ہے پھردا ڈولدا

رستہ درساؤندا گورو راہاں 'چ رلنوں ورزدا،
ربّ کیہ کرے جے جانبجھ کے بندہ خود نوں رولدا

شبد ویچن تر پیا انسان اج بازار وچ،
بھکھ میٹن واسطے مل پا رہا انمول دا

ਅੰਮ੍ਰਿਤ ਧਾਰਾ

ਅੰਮ੍ਰਿਤ ਧਾਰਾ, ਸਾਧ ਕੀ ਬਾਣੀ ਲੇਕਿਨ ਸਮਝੇ ਉਹੀਓ,
ਜੋ ਰਸਨਾ ਨਿੱਤ ਨਾਮ ਜਪੇ।

ਸ਼ਬਦ ਸਾਧ ਦੇ ਸੁਖ ਸਾਗਰ 'ਚੋਂ ਅਨਹਦ ਸ਼ਬਦ ਸੁਣਨ ਨਿੱਤ ਨੇਮੀਂ,
ਬਾਕੀ ਸਭ ਝੱਖ ਮਾਰ ਖਪੇ।

ਮਿੱਟੀ ਦੇ ਬਰਤਨ ਨੇ ਭਾਵੇਂ ਪਰ ਮਟਕੀ ਠੰਡੇ ਜਲ ਕਰਕੇ,
ਖੁਦ ਠੰਡੀ ਤੇ ਦੁਨੀਆ ਨੂੰ ਠੰਡ ਪਾਵੇ।

ਤਪਦੇ ਤਵੇ, ਪਤੀਲੇ ਸੜਦੇ, ਦੁੱਧ ਦਧੁਨੇ ਵੀ ਅੱਗ ਫੱਕਦੇ,
ਕਿਸੇ ਦੀ ਕਿਸਮਤ ਨੂੰ ਨਾ ਕੋਈ ਬਦਲ ਸਕੇ।

•

امرت دھارا

امرت دھارا، سادھ کیہ بانی لیکن سمجھے اہیؤ،
جو رسنا نت نام جپے

شبد سادھ دے سکھ ساگر 'چوں انحد شبد سنن نت نیمیں،
باقی سبھ جھکھ مار کھپے

مٹی دے برتن نے بھاویں پر مٹکی ٹھنڈے جل کرکے،
خود ٹھنڈی تے دنیا نوں ٹھنڈ پاوے

تپدے توے، پتیلے سڑدے، دودھ ددھونے وی اگ پھکدے،
کسے دی قسمت نوں نہ کوئی بدل سکے

ਸੁਰਤੀ-ਬਿਰਤੀ

ਤਪਸ਼ ਇਸ ਤਰ੍ਹਾਂ ਸੀ, ਲੱਗਦਾ ਸੀ ਸੁਰਤੀ-ਬਿਰਤੀ ਹਾਰ ਗਈ।
ਅੱਜ ਐਸੀ ਕਿਣਮਿਣ ਹੋਈ ਸਾਰੇ ਦੁੱਖ, ਸੰਤਾਪ ਉਤਾਰ ਗਈ।

ਰੋ ਪੈਣਾ ਇਨਸਾਨੀ ਗੱਲ ਹੈ ਕਸ਼ਟ ਕੋਈ ਵੀ ਜਦ ਹੋਵੇ,
ਅੰਮ੍ਰਿਤਧਾਰਾ ਸਰਵਣ ਹੋਈ ਰੂਹ ਮੇਰੀ ਬਲਿਹਾਰ ਗਈ।

ਬਿਖ਼ਰ ਰਿਹਾ ਸੀ ਸਾਰਾ ਕੁੱਝ ਅੰਨ ਪਰਮੇਸ਼ਰ ਵੀ ਨਹੀਂ ਸੀ ਭਾਉਂਦਾ,
ਐਸੀ ਕਿਰਪਾ ਹੋਈ ਅੱਜ ਜੀਵਨ ਦੇ ਅਰਥ ਸੰਵਾਰ ਗਈ।

ਦਰਸ਼ ਤੇਰੇ ਦੀ ਪਿਆਸ ਵੀ ਮੇਰੇ ਨਾਲ ਹੀ ਮਿਟਦੀ ਜਾਂਦੀ ਸੀ,
ਵਸਲ ਹੋਣ ਦੀ ਆਸ ਬਣੀ ਡੁੱਬਦੇ ਪੱਥਰ ਨੂੰ ਤਾਰ ਗਈ।

•

سرتی برتی

تپش اس طرحاں سی، لگدا سی سرتی برتی ہار گئی
اج ایسی کن من ہوئی سارے دکھ، سنتاپ اتار گئی

رو پینا انسانی گل ہے کشٹ کوئی وی جد ہووے،
امرتدھارا سرون ہوئی روح میری بلہار گئی

بِکھر رہیا سی سارا کجھ ان پرمیشر وی نہیں سی بھاؤندا،
ایسی کرپا ہوئی اج جیون دے ارتھ سنوار گئی

درش تیرے دی پیاس وی میرے نال ہی مٹدی جاندی سی،
وصل ہون دی آس بنی ڈبدے پتھر نوں تار گئی

ਮਨ ਮੰਦਰ

ਗੁਰ ਕਾ ਸ਼ਬਦ ਸੰਵਾਰੇ ਹਿਰਦਾ, ਸ਼ਬਦ ਛਿੜਕਦਾ ਅਤਰ-ਫੁਲੇਲ।
ਮਨ ਮੰਦਰ ਜੇ ਸੋਹਣਾ, ਸੁਥਰਾ ਤਾਂ ਹੋ ਸਕਦਾ ਹਰਿ ਸਿਓਂ ਮੇਲ।

ਹਓਮੈਂ ਕੋਈ ਬੰਦਸ਼ ਨਾ ਲਾਵੇ, ਭੱਜ-ਭੱਜ ਕੇ ਮਨ ਦੇ ਵਿੱਚ ਆਵੇ।
ਧਰਮ-ਕਰਮ ਨੂੰ ਕਾਬੂ ਕਰਕੇ, ਭਗਤੀ ਦਾ ਹੰਕਾਰ ਕਰਾਵੇ।
ਸੱਚ ਸੁਥਰੇ ਬਰਤਨ ਵਿੱਚ ਪੈਂਦਾ, ਹਓਮੈਂ ਨੂੰ ਪਰਹੇਜ਼ ਨਾ ਆਵੇ।

ਹਓਮੈਂ ਹੈਂਕੜ ਥਾਂ-ਥਾਂ ਉੱਤੇ, ਦੇਖੋ! ਕੀ ਕੁਦਰਤ ਦਾ ਖੇਲ।
ਸ਼ਬਦ ਗੁਰੂ ਦਾ ਵਾਰਾ ਪਹਿਰਾ, ਕਰ ਸਕਦੈ ਹਓਮੈਂ ਨੂੰ ਫੇਲ।

ਮਨ ਮੰਦਰ ਜੇ ਸੋਹਣਾ, ਸੁਥਰਾ ਤਾਂ ਹੋ ਸਕਦਾ ਹਰਿ ਸਿਓਂ ਮੇਲ।

•

من مندر

گر کا شبد سنوارے ہردا، شبد چھڑکدا عطر پھلیل
من مندر جے سوہنا، ستھرا تاں ہو سکدا ہرِ سیوں میل

ہؤمیں کوئی بندش نہ لاوے، بھج بھج کے من دے وچ آوے
دھرم کرم نوں قابو کرکے، بھگتی دا ہنکار کراوے
سچ ستھرے برتن وچ پیندا، ہؤمیں نوں پرہیز نہ آوے
ہؤمیں ہینکڑ تھاں تھاں اتے، دیکھو! کیہ قدرت دا کھیل

شبد گورو دا وارا پہرہ، کر سکدے ہؤمیں نوں فیل
من مندر جے سوہنا، ستھرا تاں ہو سکدا ہرِ سیوں میل

ਸਤਿਯੁਗ

ਐਸਾ ਸਤਿਯੁਗ ਵੀ ਸੁਣਿਆ ਧਰਤੀ ਉੱਤੇ ਸੀ,
ਜਾਨਵਰਾਂ ਦੀ ਬੋਲੀ ਵੀ ਸਮਝੀ ਜਾਂਦੀ ਸੀ।
ਇਹ ਕੈਸੀ ਰੁੱਤ ਆਈ ਹੈ ਓਸੇ ਧਰਤੀ ‘ਤੇ,
ਆਦਮੀਆਂ ਦੀਆਂ ਧਾਹਾਂ ਦੀ ਵੀ ਸਮਝ ਨਾ ਆਵੇ।

ਅਗਨੀ ਤੇ ਇੰਦਰ ਦਾ ਇੰਨਾ ਸੁੱਖ ਹੁੰਦਾ ਸੀ,
ਦੇਵਤਿਆਂ ਵਿੱਚ ਪਾਣੀ ਦੀ ਗਿਣਤੀ ਹੁੰਦੀ ਸੀ।
ਰੱਬ ਬਣ ਕੇ ਬੰਦਾ ਧਰਤੀ ‘ਤੇ ਐਸਾ ਬੈਠਾ,
ਧਰਮਰਾਜ ਵੀ ਧਰਤੀ ‘ਤੇ ਆਉਣੋਂ ਘਬਰਾਵੇ।

ਜਿਸ ਧਰਤੀ ‘ਤੇ ਰੱਬ ਵਰਗੇ ਰਾਜੇ ਹੁੰਦੇ ਸੀ,
ਮਰਿਆਦਾ ਪ੍ਰਸ਼ੋਤਮ ਵੀ ਕਹਿੰਦੇ ਸੀ ਲੋਕੀਂ।
ਅਣਿਆਈ ਮੌਤੇ ਮਰਨੋਂ ਪਰਜਾ ਡਰਦੀ ਹੈ,
ਬੋਲਣ ਤੋਂ ਪਹਿਲਾਂ ਹੀ ਗਰਦਨ ਕੱਟੀ ਜਾਵੇ।

•

ستیُگ

ایسا ستیگ وی سنیا دھرتی اتے سی،
جانوراں دی بولی وی سمجھی جاندی سی
ایہہ کیسی رت آئی ہے اوسے دھرتی 'تے،
آدمیاں دیاں دھاہاں دی وی سمجھ نہ آوے

اگنی تے اندر دا انا سکھ ہوندا سی،
دیوتیاں وچ پانی دی گنتی ہوندی سی
رب بن کے بندہ دھرتی 'تے ایسا بیٹھا،
دھرمراج وی دھرتی 'تے آؤنوں گھبراوے

جس دھرتی 'تے رب ورگے راجے ہوندے سی،
مریادا پرشوتم وی کہندے سی لوکیں
انیائی موتے مرنوں پرجا ڈردی ہے،
بولن توں پہلاں ہی گردن کٹی جاوے

ਬੰਦੇ ਦਾ ਬਣਾਇਆ ਭਗਵਾਨ

ਬੰਦੇ ਦੇ ਬਣਾਏ ਭਗਤ ਤੇ ਭਗਵਾਨ ਦੋਹਾਂ ਨੇ ਨਹੀਂ ਰਹਿਣਾ।

ਬੰਦੇ ਨੇ ਬ੍ਰਹਮਾ ਬਣਾ ਕੇ ਬ੍ਰਹਮਾ ਤੋਂ ਬਣਵਾ ਲਿਆ ਸਭ ਕੁੱਝ।
ਰੱਬ ਨੂੰ ਰਾਜਾ ਬਣਾ ਕੇ ਮਰਜ਼ੀ ਨਾ' ਕਰਵਾ ਲਿਆ ਸਭ ਕੁੱਝ।
ਕਦੇ ਤਾਂ ਰਾਮ ਦੇ ਭਗਤਾਂ ਦੇ ਜੰਜੂ ਲਾਹ ਰਹੀ ਅੱਲਾ ਦੀ ਫ਼ੌਜ।
ਇੱਕ ਭਗਵਾਨ ਤੋਂ ਭਗਵਾਨ ਮਰਵਾ ਦੇਣਾ ਹੈ ਬੰਦੇ ਦੀ ਮੌਜ।
ਰੱਬ ਨੂੰ ਰਚਣ ਵਾਲਿਆ ਬੰਦਿਆ ਵੇ! ਤੇਰੀ ਅਕਲ ਦਾ ਕੀ ਕਹਿਣਾ।

ਪਰ ਬੰਦੇ ਦੇ ਬਣਾਏ ਭਗਤ ਤੇ ਭਗਵਾਨ ਦੋਹਾਂ ਨੇ ਨਹੀਂ ਰਹਿਣਾ।

ਬਹੁਤ ਡੂੰਘੀ ਰਾਤ ਹੋ ਜਾਵੇ ਤਾਂ ਲੱਗਦਾ ਹੈ ਕਿ ਲਾਗੇ ਹੈ ਸਵੇਰਾ।
ਰੱਬ ਵੀ ਥਕ ਗਿਆ ਹੋਣੈ ਬੰਦੇ ਨੇ ਰੱਬ ਨੂੰ ਭਜਾਇਆ ਹੈ ਬਥੇਰਾ।
ਪਿੱਛਲਖੁਰੀ ਭੱਜਣਾ ਪਿਆ ਰੱਬ ਨੂੰ ਹਜ਼ਾਰਾਂ ਸਾਲ, ਕਈ ਸਦੀਆਂ।
ਰੱਬ ਨੂੰ ਸੂਲੀ ਚਾੜ੍ਹ ਕੇ ਬਖ਼ਸ਼ਾ ਲਈਆਂ ਬੰਦੇ ਨੇ ਸਾਰੀਆਂ ਬਦੀਆਂ।
ਕੋਈ ਭਗਤ ਬਣ ਜਾਵੇ, ਕੋਈ ਰੱਬ ਨੂੰ ਬਣਾਵੇ ਸੁੱਨੜ ਨੇ ਕੀ ਲੈਣਾ।

ਜਦ ਬੰਦੇ ਦੇ ਬਣਾਏ ਭਗਤ ਤੇ ਭਗਵਾਨ ਦੋਹਾਂ ਨੇ ਨਹੀਂ ਰਹਿਣਾ।

•

بندے دا بنایا بھگوان

بندے دے بنائے بھگت تے بھگوان دوہاں نے نہیں رہنا

بندے نے برہما بنا کے برہما توں بنوا لیا سبھ کجھ
رب نوں راجا بنا کے مرضی نہ' کروا لیا سبھ کجھ
کدے تاں رام دے بھگتاں دے جنجو لاہ رہی اللہ دی فوج
اک بھگوان توں بھگوان مروا دینا ہے بندے دی موج
رب نوں رچن والیا بندیا وے! تیری عقل دا کیہ کہنا

پر بندے دے بنائے بھگت تے بھگوان دوہاں نے نہیں رہنا

بہت ڈونگھی رات ہو جاوے تاں لگدا ہے کہ لاگے ہے سویرا
رب وی تھک گیا ہونے بندے نے رب نوں بھجایا ہے بتھیرا
پچھل پیریں بھجنا پیا رب نوں ہزاراں سال، کئی صدیاں
رب نوں سولی چاڑھ کے بخشا لئیاں بندے نے ساریاں بدیاں
کوئی بھگت بن جاوے، کوئی رب نوں بناوے سنڑ نے کیہ لینا

جد بندے دے بنائے بھگت تے بھگوان دوہاں نے نہیں رہنا

ਸੁਪਨਾ

ਸੋਚ ਵੀ ਸੁਪਨਾ, ਤੂੰ ਵੀ ਸੁਪਨਾ, ਸੁਪਨੇ ਵਿੱਚ ਵੀ ਆਇਆ ਸੁਪਨਾ,
ਸੁਪਨ ਲੋਕ ਦੇ ਵਾਸੀ ਸੁਪਨੇ ਲੈਂਦੇ ਆਉਂਦੇ-ਜਾਂਵਦਿਆਂ।

ਸੁਪਨੇ ਦੇ ਵਿੱਚ ਰੱਬ ਬਣਾਇਆ ਆਪਣੇ ਵਰਗਾ ਚਿਹਰਾ ਲਾਇਆ,
ਬ੍ਰਹਮਾ ਨਾਮ ਰੱਖ ਕੇ ਆਪੇ, ਖੁਦ ਹੀ ਫਿਰਨ ਧਿਆਂਵਦਿਆਂ।

ਰਾਮ ਗਰਭ ਜੂਨ ਵਿੱਚ ਲਿਆ ਕੇ, ਕ੍ਰਿਸ਼ਨ ਕੰਸ ਕੋਲੋਂ ਛੁਡਵਾ ਕੇ,
ਆਪੇ ਪਰਜਾ ਬਣ ਗਿਆ ਸੁਪਨਾ, ਰੱਬ ਤੋਂ ਰਾਜ ਕਰਾਂਵਦਿਆਂ।

ਸੁਪਨੇ ਦਾ ਰੱਬ ਗ਼ਲਤੀਆਂ ਕਰਦਾ, ਮਰਕਟ ਆਣ ਸਹਾਇਤਾ ਕਰਦਾ,
ਧਰਮ ਰਾਜ ਨੇ ਝੂਠ ਬੋਲਿਆ, ਦੋਂਣਾਚਾਰ ਹਰਾਂਵਦਿਆਂ।

ਸੁਪਨੇ ਵਿੱਚ ਸੁਕਰਾਤ ਬਣਾ ਕੇ, ਰੱਬ ਵਰਗੇ ਕਈ ਕਰਮ ਕਰਾ ਕੇ,
ਸੁਪਨੇ ਨੂੰ ਲੱਜਿਆ ਨਾ ਆਈ ਰੱਬ ਨੂੰ ਜ਼ਹਿਰ ਪਿਲਾਂਵਦਿਆਂ।

ਰੱਬ ਦੇ ਪੁੱਤ ਨੂੰ ਰੱਬ ਬਣਾ ਕੇ, ਰੱਬ ਵਰਗਾ ਸੁਪਨਾ ਦਿਖਲਾ ਕੇ,
ਸੁਪਨੇ ਵਿੱਚ ਸੁਪਨੇ ਨੇ ਤੱਕਿਆ ਰੱਬ ਨੂੰ ਫ਼ਾਹੇ ਲਾਂਵਦਿਆਂ।

ਸੁਪਨੇ ਵਿੱਚ ਇਲਹਾਮ ਕਰਾ ਕੇ, ਧੁਰ ਦਰਗਾਹੋਂ ਹੁਕਮ ਕਰਾ ਕੇ,
ਸੁਪਨੇ ਵਿੱਚ ਇਸਲਾਮੀ ਫਿਰਦੇ ਆਪਣੀ ਈਨ ਮਨਾਂਵਦਿਆਂ।

ਸ਼ਬਦ ਬਿਨਾ ਹਰ ਸੁਪਨਾ ਗੂੰਗਾ, ਹਰ ਕੋਈ ਮੰਦਿਰ ਹਰ ਕੋਈ ਬੁੰਗਾ,
ਸ਼ਬਦਾਂ 'ਚੋਂ ਰੱਬ ਲੱਭ 'ਲਾ ਸੁੱਨੜਾ! ਰਾਹ, ਮੰਜ਼ਿਲ ਗਤਿ ਪਾਂਵਦਿਆਂ।

•

سُپنا

سوچ وی سپنا، توں وی سپنا، سپنے وچ وی آیا سپنا،
سپن لوک دے واسی سپنے لیندے آؤندے جاوندیاں

سپنے دے وچ رب بنایا اپنے ورگا چہرہ لایا،
برہما نام رکھ کے آپے، خود ہی پھرن دھیاوندیاں

رام گربھ جون وچ لیا کے، کرشن کنس کولوں چھڈوا کے،
آپے پرجا بن گیا سپنا، رب توں راج کراوندیاں

سپنے دا رب غلطیاں کردا، مرکٹ آن سہائتا کردا،
دھرم راج نے جھوٹھ بولیا، دروناچار ہراوندیاں

سپنے وچ سقراط بنا کے، رب ورگے کئی کرم کرا کے،
سپنے نوں لجیا نہ آئی رب نوں زہر پلانودیاں

رب دے پت نوں رب بنا کے، رب ورگا سپنا دکھلا کے،
سپنے وچ سپنے نے تکیا رب نوں فاہے لاوندیاں

سپنے وچ الہام کرا کے، دھر درگاہوں حکم کرا کے،
سپنے وچ اسلامی پھردے اپنی این مناوندیاں

شبد بنا ہر سپنا گونگا، ہر کوئی مندر ہر کوئی بنگا،
شبداں 'چوں رب لبھ 'لا سنڑا! راہ، منزل گتِ پاوندیاں

ਪ੍ਰੇਮ ਦੇ ਪਾਂਧੀ

ਮਰਨ ਤੋਂ ਜੋ ਡਰਨ ਉਹਨਾਂ ਨੂੰ ਹਰਾਉਂਦੀ ਜ਼ਿੰਦਗੀ।
ਪ੍ਰੇਮ ਦੇ ਪਾਂਧੀ ਨੂੰ ਤਾਂ ਮਰਨਾ ਸਿਖਾਉਂਦੀ ਜ਼ਿੰਦਗੀ।

ਮਰਨ ਦੇ ਕਾਰਣ ਤਾਂ ਜੀਸਸ ਨੂੰ ਧਿਆਉਂਦੇ ਧਾਰਮਿਕ,
ਸੁਕਰਾਤ ਨੂੰ ਹੀ ਜ਼ਹਿਰ ਦੇ ਪਿਆਲੇ ਪਿਆਉਂਦੀ ਜ਼ਿੰਦਗੀ।

ਸੀਸ ਕਟਵਾ ਕੇ ਹੀ ਪਾਇਆ ਪਿਆਰ, ਪੰਜਾਂ ਪਿਆਰਿਆਂ,
ਜੋ ਮੌਤ ਨੂੰ ਲਾੜੀ ਕਹੇ, ਉਸਨੂੰ ਧਿਆਉਂਦੀ ਜ਼ਿੰਦਗੀ।

ਜੋ ਕਿਸੇ ਕਾਰਣ ਮਰ ਨਹੀਂ ਸਕਦਾ ਉਹ ਪ੍ਰੇਮੀ ਹੀ ਨਹੀਂ,
ਪਿਆਰ ਪੀਂਘਾਂ ਨੂੰ ਹੀ ਅਸਮਾਨੇ ਚੜਾਉਂਦੀ ਜ਼ਿੰਦਗੀ।

ਤੂੰ ਖੁਦ ਵੀ ਸਿੱਖ ਲੈ ਸੁੱਨੜਾ! ਸਿੱਖਣ ਬਿਨਾ ਕੀ ਲਿਖੇਂਗਾ,
ਸਤੀਂ ਨਾ ਮਾਸਾ ਵੀ, ਸਤਿਆਂ ਨੂੰ ਸਤਾਉਂਦੀ ਜ਼ਿੰਦਗੀ।

•

پریم دے پاندھی

مرن توں جو ڈرن اوہناں نوں ہراؤندی زندگی
پریم دے پاندھی نوں تاں مرنا سکھاؤندی زندگی

مرن دے کارن تاں جیسس نوں دھیاؤندے دھارمک،
سقراط نوں ہی زہر دے پیالے پیاؤندی زندگی

سیس کٹوا کے ہی پایا پیار، پنجاں پیاریاں،
جو موت نوں لاڑی کہے، اسنوں دھیاؤندی زندگی

جو کسے کارن مر نہیں سکدا اوہ پریمی ہی نہیں،
پیار پینگھاں نوں ہی اسمانے چڑاؤندی زندگی

توں خود وی سکھ لے سنڑا! سکھن بنا کیہ لکھینگا،
ستیں نہ ماسہ وی، ستیاں نوں ستاؤندی زندگی

ਸੂਨਯ ਤੋਂ ਬ੍ਰਹਿਮੰਡ ਤਕ

ਬੀਜ ਵਿੱਚੋਂ ਜੰਮਿਆ ਤਣਾ,
ਬਣੀਆਂ ਟਾਹਣੀਆਂ, ਪੱਤੇ ਤੇ ਫੁੱਲ, ਫ਼ਲ ਲੱਗੇ,
ਤੇ ਆਖ਼ਰ ਦੇ ਵਿੱਚ ਫ਼ਲ 'ਚੋਂ ਲੱਭਿਆ ਬੀਜ।

ਸਾਗਰ ਵਿੱਚੋਂ ਭਾਫ਼ ਬਣ ਬੱਦਲ ਬਣੇ,
ਮੀਹ ਵਰ੍ਹੇ, ਬਰਫ਼, ਪਾਣੀ, ਨਦੀਆਂ, ਨਾਲੇ,
ਫਿਰ ਤੋਂ ਸਾਗਰ ਜਾ ਬਣੇ, ਕੁਦਰਤ ਹੈ ਕੀ ਚੀਜ਼।

ਸੂਰਜ ਦੀਆਂ ਕਿਰਨਾਂ, ਸੂਰਜ, ਲਹਿਰਾਂ, ਛੱਲਾਂ, ਬੁਲਬਲੇ, ਸਾਗਰ,
ਪੰਜਾਂ ਤੱਤਾਂ ਜੁੜਨਾ ਚਾਹਿਆ,
ਹਾਏ! ਬਿਖ਼ਰਨ ਦੀ ਰੀਝ।

ਧਰਤ, ਇਹ ਆਕਾਸ਼, ਪਤਾਲ, ਸ੍ਰਿਸ਼ਟੀ ਖੰਡ ਤੇ ਬ੍ਰਹਿਮੰਡ,
ਜਿਸ ਕਿਸੇ ਸ਼ਕਤੀ 'ਚੋਂ ਉਪਜੇ,
ਉਹ ਕੋਈ ਹੈ ਨਹੀਂ ਦੂਜ-ਤੀਜ।

•

شونی توں برہمنڈ تک

بیج وچوں جمیا تنا،
بنیاں ٹاہنیاں، پتے تے پھل، پھل لگے،
تے آخر دے وچ پھل 'چوں لبھیا بیج

ساگر وچوں بھاف بن بدل بنے،
مینہہ وَرہے، برف، پانی، ندیاں، نالے،
پھر توں ساگر جا بنے، قدرت ہے کیہ چیز

سورج دیاں کرناں، سورج، لہراں، چھلاں، بلبلے، ساگر،
پنجاں تتاں جڑنا چاہیا،
ہائے! بِکھرن دی ریجھ

دھرت، ایہہ آکاش، پتال، سرشٹی کھنڈ تے برہمنڈ،
جس کسے شکتی 'چوں اپجے،
اوہ کوئی ہے نہیں دوج تیج

ਬੰਦਾ ਰੱਬ ਨੇ ਸਿਰਜਿਆ

ਸਾਚੇ ਸੱਚ ਦਾ ਸੇਕ ਸਿਰਜਿਆ, ਅਗਨੀ ਕੀਤੀ ਤਿਆਰ।
ਪਵਨ ਨਾ ਉਪਜੇ ਸੇਕ ਬਿਨ, ਮਿਟਦਾ ਨਾ ਅੰਧਿਆਰ।

ਜੇ ਪ੍ਰਕਾਸ਼ ਨਾ ਉਪਜਦਾ, ਰਹਿੰਦਾ ਧੰਦੂਕਾਰ।
ਪਵਨ ਤੋਂ ਪਾਣੀ ਉਪਜਿਆ, ਚਾਰੋਂ ਤਰਫ਼ ਬਹਾਰ।

ਧਰਤੀ ਮਾਂ ਦੇ ਗਰਭ ਵਿੱਚੋਂ, ਪ੍ਰਗਟਿਆ ਸੰਸਾਰ।
ਹਰ ਇਕ ਜੀਅ ਦਾ ਕੁਦਰਤੀ, ਹੋਵੇ ਕੋਈ ਆਕਾਰ।

ਬੰਦਾ ਰੱਬ ਨੇ ਸਿਰਜਿਆ, ਸ੍ਰਿਸਟੀ ਦਾ ਸਰਦਾਰ
ਸੱਚ, ਝੂਠ ਪਰਖ਼ਣ ਲਈ, ਬਖ਼ਸ਼ੀ ਸੋਚ ਵਿਚਾਰ

ਰਚਨਾ ਕਰਨੇ ਵਾਸਤੇ, ਦੇ ਦਿੱਤਾ ਅਧਿਕਾਰ।
ਰੱਬ ਨੂੰ ਸਿਰਜਣ ਵਾਸਤੇ, ਬੰਦਾ ਹੋ ਗਿਆ ਤਿਆਰ।

ਵੱਖ-ਵੱਖ ਰੱਬ ਬਣਾ ਲਏ, ਰੱਬ ਬੰਦੇ ਲਈ ਵਪਾਰ।
ਆਪਣੀ ਇਸ ਕਰਤੂਤ 'ਤੇ ਕੋਈ ਨਹੀਂ ਸ਼ਰਮਸਾਰ।

•

بندہ رب نے سرجیا

ساچے سچ دا سیک سرجیا، اگنی کیتی تیار
پون نہ اپجے سیک بن، مٹدا نہ اندھیار

جے پرکاش نہ اپجدا، رہندا دھندوکار
پون توں پانی اپجیا، چاروں طرف بہار

دھرتی ماں دے گربھ وچوں، پرگٹیا سنسار
ہر اک جی دا قدرتی، ہووے کوئی آکار

بندہ رب نے سرجیا، سرسٹی دا سردار
سچ، جھوٹھ پرکھن لئی، بخشی سوچ وچار

رچنا کرنے واسطے، دے دتا ادھیکار
رب نوں سرجن واسطے، بندہ ہو گیا تیار

وکھ وکھ رب بنا لئے، رب بندے لئی وپار
اپنی اس کرتوت تے کوئی نہیں شرمسار

ਗਿਆਨ

ਪੰਜ ਤੱਤਾਂ ਦਾ ਪੁਤਲਾ ਪੰਜ ਕਰਮ ਤੇ ਪੰਜ ਗਿਆਨ।
ਸਭ ਕੁੱਝ ਬਿਖ਼ਰ ਜਾਏਸੀ, ਜਦ ਨਿੱਕਲ ਜਾਸੀ ਜਾਨ।

ਮੈਂ ਮੁੱਕੀ ਤਾਂ ਮੁੱਕਣਾ ਮੋਹ ਮਮਤਾ ਦਾ ਜਾਲ,
ਤੂੰ-ਤੂੰ ਕਰ 'ਲਾ ਸੁੱਨੜਾ! ਹੋ ਕੇ ਅੰਤਰਧਿਆਨ।

•

گیان

پنج تتاں دا پتلا پنج کرم تے پنج گیان
سبھ کجھ بخر جائیسی، جد نکل جاسی جان

میں مکی تاں مکنا موہ ممتا دا جال،
توں توں کر 'لا سنڑا! ہو کے انتردھیان

ਸ਼ਬਦ ਸ਼ਰਣ ਵਿੱਚ

ਸ਼ਬਦ ਗੁਰੂ ਸੰਪੂਰਣ ਸਤਿਗੁਰ ਪੂਰਣ ਗੁਰ ਅਵਤਾਰ।
ਸ਼ਬਦ ਸ਼ਰਣ ਵਿੱਚ ਆ ਜਾਵੇ ਤਾਂ ਤਰ ਜਾਵੇ ਸੰਸਾਰ।

ਗੀਤਾ, ਪੁਰਾਣ, ਕੁਰਾਨ ਜਾਂ ਬਾਈਬਲ ਸ਼ਬਦ ਬਿਨਾ ਨਾ ਬਣਦੇ,
ਸ਼ਬਦ ਸਿਆਣ ਲੈਣ ਸਾਰੇ ਤਾਂ ਮਿਟ ਜਾਵੇ ਅੰਧਕਾਰ।

•

شبد شرن وچ

شبد گورو سمپورن ستگور پورن گر اوتار
شبد شرن وچ آ جاوے تاں تر جاوے سنسار

گیتا، پران، قرآن جاں بائیبل شبد بنا نہ بندے،
شبد سیان لین سارے تاں مٹ جاوے اندھکار

ਭਟਕਣ

ਸਚਿਆਰਾ ਸੱਚ ਲੱਭਦਿਆਂ ਫੋਲ੍ਹੇ ਧਰਤ, ਆਕਾਸ਼ ਬੜੇ,
ਛਾਣ ਮਾਰੀ ਸਭ ਦੁਨੀਆ ਲੇਕਿਨ ਕੁੱਝ ਵੀ ਥਿਆਇਆ ਨਾ।
ਧੂਫ਼-ਬੱਤੀਆਂ ਕਰਕੇ ਥਾਂ-ਥਾਂ ਅਲਖ਼ ਜਗਾਈ ਮੈਂ,
ਲੇਕਿਨ ਆਪਣੇ ਮਨ ਮੰਦਿਰ ਵਿੱਚ ਦੀਵਾ ਕਦੇ ਜਗਾਇਆ ਨਾ।

ਝਾੜੂ ਪੋਚੇ ਲਾਏ ਕਈਆਂ ਧਰਮ ਅਸਥਾਨਾਂ 'ਤੇ,
ਲੇਕਿਨ ਮਨ ਦੀ ਮੈਲ਼ ਮਿਟਾਵਣ ਵਾਲਾ ਧਰਮ ਨਿਭਾਇਆ ਨਾ।
ਦੁਨਿਆਵੀ ਵਸਤਾਂ ਕਬਜ਼ੇ ਵਿੱਚ ਬਹੁਤ ਕੀਤੀਆਂ ਮੈਂ,
ਪਰ ਲੋਭ, ਮੋਹ, ਹੰਕਾਰ 'ਤੇ ਕਬਜ਼ਾ ਕਰਨਾ ਚਾਹਿਆ ਨਾ।

ਲੋਕਾਂ ਨੂੰ ਜੀਵਨ ਦੀਆਂ ਮੱਤਾਂ ਦਿੰਦਾ ਫਿਰਿਆ ਮੈਂ,
ਪਰ ਮੈਨੂੰ ਆਪਣੇ ਆਪ ਉਮਰ ਭਰ ਜੀਣਾ ਆਇਆ ਨਾ।
ਸਚਿਆਰਾ ਸੱਚ ਲੱਭਦਿਆਂ ਫੋਲ੍ਹੇ ਧਰਤ, ਆਕਾਸ਼ ਬੜੇ,
ਛਾਣ ਮਾਰੀ ਸਭ ਦੁਨੀਆ ਲੇਕਿਨ ਕੁੱਝ ਵੀ ਥਿਆਇਆ ਨਾ।

•

بھٹکن

سچیارا سچ لبھدیاں پھولھے دھرت، آکاش بڑے،
چھان ماری سبھ دنیا لیکن کجھ وی تھیایا نہ
دھوف بتیاں کرکے تھاں تھاں الکھ جگائی میں،
لیکن اپنے من مندر وچ دیوا کدے جگایا نہ

جھاڑو پوچے لائے کئیاں دھرم استھاناں 'تے،
لیکن من دی میل مٹاون والا دھرم نبھایا نہ
دنیاوی وستاں قبضے وچ بہت کیتیاں میں،
پر لوبھ، موہ، ہنکار 'تے قبضہ کرنا چاہیا نہ

لوکاں نوں جیون دیاں متاں دیندا پھریا میں،
پر مینوں اپنے آپ عمر بھر جینا آیا نہ
سچیارا سچ لبھدیاں پھولھے دھرت، آکاش بڑے،
چھان ماری سبھ دنیا لیکن کجھ وی تھیایا نہ

ਆਦਮ ਤੇ ਅਵਤਾਰ

ਕੋਈ ਬੰਦਾ ਨਹੀਂ ਸਤਿਯੁਗੀ ਆਦਮ ਨਾ ਅਵਤਾਰ।
ਸਤਿਯੁਗ ਤਾਂ ਸਤਿਕਾਰ ਹੈ ਜਾਂ ਫਿਰ ਅਪਰ ਅਪਾਰ।

ਤ੍ਰੇਤੇ ਯੁੱਗ ਵਿੱਚ ਪ੍ਰਗਟਿਆ ਸ੍ਰਿਸ਼ਟੀ ਵਿੱਚ ਨਿਰੰਕਾਰ।
ਰੱਬ ਬਣ ਕੇ ਰੱਬ ਵਿਚਰਿਆ ਸੱਚੋ-ਸੱਚ ਸਚਿਆਰ।

ਦੁਆਪਰ ਵਿੱਚ ਦੁਬਿਧਾ ਬਣੀ ਨਿਪਟੇ ਕ੍ਰਿਸ਼ਨ ਮੁਰਾਰ।
ਧਰਮ ਦਾ ਝੰਡਾ ਝੁੱਲਿਆ ਤੇ ਬਦੀ ਦੀ ਹੋਈ ਹਾਰ।

ਕਲਯੁਗ ਦੇ ਵਿੱਚ ਝੂਠ ਦਾ ਪਸਰ ਗਿਆ ਪਾਸਾਰ।
ਸਤਿਗੁਰ ਨਾਨਕ ਸ਼ਬਦ ਨਾਲ ਕਰਿਆ ਪਾਰ ਉਤਾਰ।

ਸ਼ਬਦ ਬਿਨਾ ਸੋਝੀ ਨਹੀਂ ਨਾ ਅੰਦਰ ਨਾ ਬਾਹਰ।
ਪੂਰਣ ਸੱਚ ਇੱਕ ਸ਼ਬਦ ਹੈ ਸ਼ਬਦ ਦੇ ਲੜ ਲੱਗ ਯਾਰ!

•

آدم تے اوتار

کوئی بندہ نہیں ستیُگی آدم نہ اوتار
ستیگ تاں ستکار ہے جاں پھر اپر اپار

تریتے یگ وچ پرگٹیا سرشٹی وچ نرنکار
رب بن کے رب وچریا سچو سچ سچیار

دواپر وچ دبدھا بنی نپٹے کرشن مرار
دھرم دا جھنڈا جھلیا تے بدی دی ہوئی ہار

کلیُگ دے وچ جھوٹھ دا پسر گیا پاسار
ستگور نانک شبد نال کریا پار اتار

شبد بنا سوجھی نہیں نہ اندر نہ باہر
پورن سچ اِک شبد ہے شبد دے لڑ لگ یارا!

ਇਸ਼ਟ

ਹਾਲੇ ਤਾਂ ਪੱਲਾ ਹੀ ਫੜਿਆ ਤੇਰੇ ਵਿੱਚ ਸਮਾਉਣਾ ਹੈ।
ਦੁਨੀਆ ਤੋਂ ਵੈਰਾਗ ਧਾਰ ਕੇ ਤੈਨੂੰ ਇਸ਼ਟ ਬਣਾਉਣਾ ਹੈ।

ਇੱਕੋ ਰੀਝ ਬਚੀ ਹੈ ਤੈਨੂੰ ਜੀਵਨ ਵਿੱਚ ਅਪਣਾਉਣਾ ਹੈ।
ਬਾਕੀ ਬਚਦੇ ਸਾਹਾਂ ਨਾ' ਬਸ! ਤੇਰਾ ਨਾਮ ਧਿਆਉਣਾ ਹੈ।

ਵਸਲ ਘੜੀ ਨੂੰ ਜੀਅ ਕਰਦਾ ਹੈ ਹੁਣ ਤਾਂ ਚਿੱਤ ਪ੍ਰਚਾਉਣਾ ਹੈ।
ਮਨ ਮੰਦਰ ਨੂੰ ਲਿੱਪ-ਪੋਚ ਕੇ ਤੈਨੂੰ ਵਿੱਚ ਸਜਾਉਣਾ ਹੈ।

ਤੇਰਾ ਆਂਚਲ ਛੱਡ ਕੇ ਦੱਸ ਫਿਰ ਸਾਡੇ ਹੱਥ ਕੀ ਆਉਣਾ ਹੈ।
ਰੁੱਸਿਆ ਵੀ ਹੋਵੇਂ ਭਾਵੇਂ ਇੱਕ ਵਾਰ ਜਰੂਰ ਮਨਾਉਣਾ ਹੈ।

•

اشٹ

حالے تاں پلہ ہی پھڑیا تیرے وچ سماؤنا ہے
دنیا توں ویراگ دھار کے تینوں اشٹ بناؤنا ہے

اکو ریجھ بچی ہے تینوں جیون وچ اپناؤنا ہے
باقی بچدے ساہاں نہ' بس! تیرا نام دھیاؤنا ہے

وصل گھڑی نوں جی کردا ہے ہن تاں چت پرچاؤنا ہے
من مندر نوں لپ پوچ کے تینوں وچ سجاؤنا ہے

تیرا آنچل چھڈ کے دس پھر ساڈے ہتھ کیہ آؤنا ہے
رسیا وی ہوویں بھاویں اک وار ضرور مناؤنا ہے

ਸ਼ਬਦ ਸ਼ਕਤੀ

ਸ਼ਬਦ ਬਣ ਬੰਦਿਆ! ਨਹੀਂ ਤਾਂ ਬੇਅਰਥ ਮਰ ਜਾਏਂਗਾ।
ਕੁੱਝ ਨਹੀਂ ਬਣਨਾ ਅਗਰ ਤੂੰ ਸ਼ਬਦ ਨਾ ਬਣ ਪਾਏਂਗਾ।

ਛਿਣਭੰਗਰੀਆਂ ਬੋਲੀਆਂ ਹਰ ਸ਼ੈ ਹੈ ਥੋੜਚਿਰੀ,
ਸ਼ਬਦਾਂ ਬਾਝੋਂ ਦੱਸ ਭਲਾ! ਕਿਸ ਨਾਂ ਨਾਲ ਜਾਣਿਆਂ ਜਾਏਂਗਾ।

ਸ਼ਬਦ ਸ਼ਕਤੀ ਕਰਕੇ ਹੀ ਸਭ ਸ਼ਕਤੀਆਂ ਬਣੀਆਂ,
ਸ਼ਬਦ ਨਾ ਹੋਵੇ ਤਾਂ ਫਿਰ ਇਨਸਾਨ ਕਿੰਝ ਕਹਿਲਾਏਂਗਾ।

ਸ਼ਬਦ ਦੱਸੇ ਪਾਪ-ਪੁੰਨ ਤੇ ਸ਼ਬਦਾਂ ਵਿੱਚ ਇਨਸਾਨੀਅਤ,
ਪਸੂ-ਪੰਛੀ ਵੀ ਤੂੰ ਸ਼ਬਦਾਂ ਨਾਲ ਹੀ ਕਹਿ ਪਾਏਂਗਾ।

ਸ਼ਬਦ ਦੇ ਲੜ ਲੱਗ ਕੇ ਸਿੱਖ 'ਲਾ ਸ਼ਬਦ ਨੂੰ ਵਰਤਣਾ,
ਸ਼ਬਦ ਜਾਮਾ ਪਾ ਲਿਆ ਤਾਂ ਅਮਰ ਪਦਵੀ ਪਾਏਂਗਾ।

•

شبد شکتی

شبد بن بندیا! نہیں تاں بے ارتھ مر جائیں گا
کُجھ نہیں بننا اگر توں شبد نہ بن پائیں گا

چھنبھنگریاں بولیاں ہر شے ہے تھھوڑچری،
شبداں باجھوں دس بھلا! کس ناں نال جانیاں جائیں گا

شبد شکتی کرکے ہی سبھ شکتیاں بنیاں،
شبد نہ ہووے تاں پھر انسان کنجھ کہلائیں گا

شبد دسے پاپ پن تے شبداں وچ انسانیت،
پسو پنچھی وی توں شبداں نال ہی کہہ پائیں گا

شبد دے لڑ لگ کے سکھ 'لا شبد نوں ورتنا،
شبد جامہ پا لیا تاں امر پدوی پائیں گا

ਟੁੱਟੀ ਗੰਢ ਸਤਿਗੁਰ ਦੇ ਨਾਲ

ਇੱਕ ਪਿਤਾ ਦੇ ਕਈ ਬੱਚੇ ਹੋ ਸਕਦੇ ਨੇ,
ਪਰ ਇੱਕ ਬੱਚੇ ਦੇ ਕਈ ਬਾਪ ਨਹੀਂ ਹੋ ਸਕਦੇ।
ਇੱਕ ਗਰਭ 'ਚੋਂ ਕਈ ਬੱਚੇ ਜੰਮ ਸਕਦੇ ਨੇ,
ਪਰ ਇੱਕ ਜੀਵ ਨੂੰ ਕਈ ਗਰਭ ਨਹੀਂ ਢੋਅ ਸਕਦੇ।

ਇੱਕ ਵਿਸ਼ਵਾਸ਼ ਨਿਰੰਤਰ ਜਿਸ ਦੇ ਅੰਦਰ ਹੈ,
ਉਸ ਨੂੰ ਮਾੜੇ ਮੋਟੇ ਕਦੇ ਨਾ ਮੋਹ ਸਕਦੇ।
ਦਸ਼ਮ ਪਿਤਾ ਨੇ ਤਾਂ ਇੱਕ ਦੇ ਲੜ ਲਾਇਆ ਸੀ,
ਇੱਕ ਤੋਂ ਵੱਧ ਗ੍ਰੰਥ, ਗੁਰੂ ਨਹੀਂ ਹੋ ਸਕਦੇ।

ਪਾਕ ਪਵਿੱਤਰ ਕਈ ਗ੍ਰੰਥ ਹਾਜ਼ਰ, ਲੇਕਿਨ
ਗੁਰੂ ਬਰਾਬਰ ਰਲ ਕੇ ਨਹੀਂ ਖਲੋ ਸਕਦੇ।
ਰੋਜ਼ ਬੇਦਾਅਵੇ ਲਿਖਦੀ ਫਿਰਦੀ ਹੈ ਦੁਨੀਆ,
ਏਨੇ ਪਾਪ ਤਾਂ ਕਦੇ ਨਹੀਂ ਧੋ ਹੋ ਸਕਦੇ।

ਇੱਕ ਦੇ ਲੜ ਲੱਗਣ ਦਾ ਕੀ ਨੁਕਸਾਨ ਭਲਾ!
ਇੱਕ ਧਾਗੇ ਬਿਨ ਮਾਲ਼ਾ ਨਹੀਂ ਪਰੋ ਸਕਦੇ।
ਪਾੜ ਬੇਦਾਅਵੇ ਟੁੱਟੀ ਗੰਢ ਸਕਦੈ ਸਤਿਗੁਰ,
ਪਤਾ ਨਹੀਂ ਅਸੀ ਇੱਕ ਦੇ ਕਿਉਂ ਨਹੀਂ ਹੋ ਸਕਦੇ।

•

ٹُٹّی گنڈھ ستگور دے نال

اک پتا دے کئی بچے ہو سکدے نے،
پر اک بچے دے کئی باپ نہیں ہو سکدے
اک گربھ 'چوں کئی بچے جم سکدے نے،
پر اک جیو نوں کئی گربھ نہیں ڈھوء سکدے

اک وشواش نرنتر جس دے اندر ہے،
اس نوں ماڑے موٹے کدے نہ موہ سکدے
دشم پتا نے تاں اک دے لڑ لایا سی،
اک توں ودھ گرنتھ، گورُ نہیں ہو سکدے

پاک پوتر کئی گرنتھ حاضر، لیکن
گورُ برابر رل کے نہیں کھلو سکدے
روز بیدائوے لکھدی پھردی ہے دنیا،
اینے پاپ تاں کدے نہیں دھو ہو سکدے

اک دے لڑ لگن دا کیہ نقصان بھلا!
اک دھاگے بن مالا نہیں پرو سکدے
پاڑ بیدائوے ٹٹی گنڈھ سکدے ستگور،
پتہ نہیں اسیں اک دے کیوں نہیں ہو سکدے

ਜਹਾਨ

ਉੱਤਮ ਰਚਨਾ ਰੱਬ ਦੀ ਧਰਤੀ ‘ਤੇ ਇਨਸਾਨ।
ਬੰਦੇ ਨੇ ‘ਗਾਂਹ ਸਿਰਜਤਾ ਆਪਣਾ ਇੱਕ ਜਹਾਨ।

ਰੱਬ ਵਾਂਗੂੰ ਰਚਨਾ ਕਰੇ ਖੋਜੇ ਧਰਤ, ਆਕਾਸ਼,
ਰੱਬ ਬਣ-ਬਣ ਵੀ ਬੈਠਦਾ ਬੰਦਾ ਬੜਾ ਸ਼ੈਤਾਨ।

ਸਿਰਜਣਹਾਰ ਨੂੰ ਸਾਜਦਾ ਮਨ ਮਰਜ਼ੀ ਦੇ ਨਾਲ,
ਖੁਦ ਬੰਦਾ ਬਾਹਰਮੁਖੀ ਆਪੇ ਅੰਤਰਧਿਆਨ ।

ਕਿੰਨੀਆ ਦਾਤਾਂ ਬਖ਼ਸ਼ੀਆਂ! ਦਾਤੇ ਬਖ਼ਸ਼ਣਹਾਰ,
ਪਰ ਸਭ ਕੁੱਝ ਲੈ ਕੇ ਵੀ ਦੁਖੀ ਬੰਦਾ ਬੇਈਮਾਨ।

ਚਿਹਰਾ ਆਪਣਾ ਸੋਧਦਾ ਨਕਲੀ ਲਾਉਦਾ ਰੰਗ,
ਅਸਲੀ ਰੰਗ ਮਜੀਠ ਦਾ ਵੀ ਹੈ ਪੂਰਣ ਗਿਆਨ।

ਸੁੱਨੜ ਤੇ ਸੋਚੀਂ ਪਿਆ ਬੇਵਸ ਤੇ ਮਜਬੂਰ,
ਸਮਝ ਨਾ ਲੱਗੇ ਬੰਦੇ ਦਾ ਝੂਠ-ਤੂਫ਼ਾਨ।

•

جہان

اتم رچنا رب دی دھرتی 'تے انسان
بندے نے 'گانہ سرجتا اپنا اک جہان

رب وانگوں رچنا کرے خوجے دھرت، آکاش،
رب بن بن وی بیٹھدا بندہ بڑا شیطان

سرجن ہار نوں ساجدا من مرضی دے نال،
خود بندہ باہرمکھی آپے انتردھیان

کنیا داتاں بخشیاں! داتے بخشنہار،
پر سبھ کجھ لے کے وی دکھی بندہ بے ایمان

چہرہ اپنا سودھدا نقلی لاؤدا رنگ،
اصلی رنگ مجیٹھ دا وی ہے پورن گیان

سنڑ تے سوچیں پیا بے بس تے مجبور،
سمجھ نہ لگے بندے دا جھوٹھ طوفان

ਸੱਚ ਹੈ ਆਦਿ ਜੁਗਾਦਿ

ਉਸ ਸੱਚ ਦਾ ਕੀ ਖੋਜਣਾ ਜੋ ਸੱਚ ਹੈ ਆਦਿ ਜੁਗਾਦਿ,
ਭੁੱਲ ਨਹੀਂ ਸਕਦਾ ਕਦੇ ਜੋ ਉਸਨੂੰ ਕੀ ਕਰਨਾ ਯਾਦ।

ਖੋਜੀ ਖੋਜਾਂ ਖੋਜਦੇ, ਖੋਜਣ ਧਰਤ, ਆਕਾਸ਼,
ਉਸ ਤੱਕ ਕਿਸੇ ਨਾ ਪਹੁੰਚਣਾ ਸਭ ਵਕਤ ਕਰਨ ਬਰਬਾਦ।

ਮੂੰਹ ਭਨਾ ਕੇ ਪਰਤਣਾ ਹਰ ਮਛਲੀ ਦੀ ਜਾਤ,
ਪੱਥਰ ਦਾ ਕੀ ਚੱਟਣਾ ਕੀ ਆਉਣਾ ਉਸਦਾ ਸਵਾਦ।

ਜਿੰਨਾ ਸਰਪੱਟ ਭੱਜਦੇ ਓਨਾ ਜਾਵਣ ਦੂਰ,
ਉਸ ਤੱਕ ਕਿੱਤਰਾਂ ਪਹੁੰਚਣਾ ਜਿਸਦਾ ਅੰਤ ਨਾ ਆਦਿ।

ਭੁੱਲ-ਭੁੱਲਾਈਆ ਜ਼ਿੰਦਗੀ ਸਭ ਦੀ ਇਹ ਔਕਾਤ,
ਨਾ ਕਿਸੇ ਪਹਿਲਾਂ ਲੱਭਣਾ, ਨਾ ਲੱਭਣਾ ਕਿਸੇ ਬਾਅਦ।

•

سچ ہے آدی جگادِ

اس سچ دا کیہ کھوجنا جو سچ ہے آدی جگادِ،
بھل نہیں سکدا کدے جو اسنوں کیہ کرنا یاد

کھوجی کھوجاں کھوجدے، کھوجن دھرت، آکاش،
اس تک کسے نہ پہنچنا سبھ وقت کرن برباد

منہ بھنا کے پرتنا ہر مچھلی دی جات،
پتھر دا کیہ چٹنا کیہ آؤنا اسدا سواد

جنا سرپٹ بھجدے اونا جاون دور،
اس تک کتراں پہنچنا جسدا انت نہ آدی

بھل بھلائیا زندگی سبھ دی ایہہ اوقات،
نہ کسے پہلاں لبھنا، نہ لبھنا کسے بعد

ਸ਼ਬਦਾਂ ਦੀ ਪਰਵਾਜ਼

ਸ਼ਬਦ ਦਾ ਨਾ ਜਨਮ ਨਾ ਕੋਈ ਮੌਤ ਹੈ, ਪਰ ਜਦੋਂ ਮੈਂ ਸਮਝਿਆ ਤਾਂ ਬੋਲਿਆ।
ਸ਼ਬਦ ਵਰਤਣ ਦੀ ਜਦੋਂ ਮੈਂ ਜੁਗਤ ਸਿੱਖੀ, ਸ਼ਬਦਾਂ ਰਾਹੀਂ ਫੇਰ ਮੈਂ ਦਿਲ ਖੋਲ੍ਹਿਆ।

ਬਿਖ਼ਰੀ ਹੋਈ ਜ਼ਿੰਦਗੀ, ਮਾਲਾ ਬਣੀ ਸ਼ਾਹਰਗ ਵਿੱਚ ਸ਼ਬਦਾਂ ਨੂੰ ਜਦੋਂ ਪਰੋ ਲਿਆ।
ਬਣ ਗਿਆ ਸਾਂ ਮੈਂ ਬੁਝਾਰਤ ਓਸ ਦਿਨ, ਜਦੋਂ ਵੀ ਮੈਂ ਕੋਈ ਸ਼ਬਦ ਲੁਕੋ ਲਿਆ।

ਸ਼ਬਦਾਂ ਨੇ ਹੀ ਓਸ ਦਿਨ ਕੀਤਾ ਜ਼ਲੀਲ, ਬੋਲਿਆ ਮੈਂ ਸ਼ਬਦ ਜਦ ਅਣਤੋਲਿਆ।
ਸ਼ਬਦਾਂ ਦੀ ਪਰਵਾਜ਼ ਦੇ ਹੀ ਆਸਰੇ ਧਰਤੀਆਂ ਤੇ ਅੰਬਰਾਂ ਨੂੰ ਛੋਹ ਲਿਆ।

ਸ਼ਬਦ ਸ਼ਕਤੀ ਨਾਲ ਹੀ ਤਾਂ ਬੰਦਿਆ! ਦੁਨੀਆ ਦੇ ਹਰ ਜੀਵ ਨੂੰ ਤੂੰ ਮੋਹ ਲਿਆ।।

•

شبداں دی پرواز

شبد دا نہ جنم نہ کوئی موت ہے، پر جدوں میں سمجھیا تاں بولیا
شبد ورتن دی جدوں میں جگت سکھی، شبداں راہیں پھیر میں دل کھولھیا

بکھری ہوئی زندگی، مالا بنی شاہرگ وچ شبداں نوں جدوں پرو لیا
بن گیا ساں میں بجھارت اوس دن، جدوں وی میں کوئی شبد لکو لیا

شبداں نے ہی اوس دن کیتا ذلیل، بولیا میں شبد جد انتولیا
شبداں دی پرواز دے ہی آسرے دھرتیاں تے امبراں نوں چھوہ لیا

شبد شکتی نال ہی تاں بندیا! دنیا دے ہر جیو نوں توں موہ لیا

ਪ੍ਰੇਮ ਸਮੁੰਦਰ

ਪ੍ਰੇਮ ਸਮੁੰਦਰ ਵਿੱਚ ਜੋ ਵੜਿਆ ਵਾਪਿਸ ਕਦੇ ਨਾ ਆਇਆ।
ਖੁਰ ਗਿਆ ਲੂਣ ਦਾ ਪੁਤਲਾ ਲੇਕਿਨ ਕੁੱਝ ਨਾ ਉਸਨੂੰ ਥਿਆਇਆ।

ਪ੍ਰੇਮ ਸ਼ੁਰੂ ਹੋ ਜਾਂਦਾ ਪਰ ਅੱਜ ਤੱਕ ਨਾ ਕਿਸੇ ਮੁਕਾਇਆ।
ਭਗਤੀ ਦੀ ਕੋਈ ਕਥਾ ਨਾ ਹੁੰਦੀ, ਭਗਤਾਂ ਨੇ ਸਮਝਾਇਆ।

ਗਿਆਨ ਦੇ ਕਚਰੇ ਨੇ ਅੱਜ ਤੱਕ ਨਾ ਕੋਈ ਅਗਿਆਨ ਮਿਟਾਇਆ।
ਜੋ ਸੱਚ-ਮੁੱਚ ਦਿਲ ਵਿੱਚ ਬੈਠਾ ਉਹ ਕਦੇ ਨਾ ਗਿਆ ਭੁਲਾਇਆ।

ਸੱਚੀਂ ਤੇਰੇ ਦਰ 'ਤੇ ਨੱਚ ਕੇ ਮਜ਼ਾ ਬਹੁਤ ਹੀ ਆਇਆ।
ਹਾਰੀ-ਸਾਰੀ ਨੂੰ ਜੋ ਮਿਲ ਜਾਏ ਉਹ ਕਾਹਦਾ ਸਰਮਾਇਆ।

ਮੁਕਤ ਅਜੇ ਤਕ ਕੋਈ ਨਾ ਹੋਇਆ ਹਰ ਇੱਕ ਨੇ ਹੀ ਚਾਹਿਆ।।

•

پریم سمندر

پریم سمندر وچ جو وڑیا واپس کدے نہ آیا
کھر گیا لون دا پتلا لیکن کجھ نہ اسنوں تھیایا

پریم شروع ہو جاندا پر اج تک نہ کسے مکایا
بھگتی دی کوئی کتھا نہ ہوندی، بھگتاں نے سمجھایا

گیان دے کچرے نے اج تک نہ کوئی اگیان مٹایا
جو سچ مچ دل وچ بیٹھا اوہ کدے نہ گیا بھلایا

سچیں تیرے در تے نچ کے مزہ بہت ہی آیا
ہاری ساری نوں جو مل جائے اوہ کاہدا سرمایہ

مکت اجے تک کوئی نہ ہویا ہر اک نے ہی چاہیا

ਧਾਰਮਿਕਤਾ

ਤਹਿ ਦਿਲੋਂ ਤੇਰੇ ਕੋਲ ਮੈਂ ਇਜ਼ਹਾਰ ਕਰਦਾ ਹਾਂ।
ਕਿ ਧਾਰਮਿਕ ਦੁਨੀਆ ਦਾ ਮੈਂ ਸਤਿਕਾਰ ਕਰਦਾ ਹਾਂ।

ਮੈ ਪੜ੍ਹਿਆ, ਸੁਣਿਆ, ਮੰਨਿਆ ਜਦ ਵੀ ਧਰਮ ਨੂੰ।
ਸੱਚੀਂ ਚੰਗਾ ਲੱਗਿਆ, ਕਰਦਿਆਂ ਇਸ ਕਰਮ ਨੂੰ।

ਪਰ ਠੇਕੇਦਾਰੀ ਧਰਮ ਦੀ ਮੈ ਕਰ ਨਹੀਂ ਸਕਦਾ।
ਆਪਣੀ ਜ਼ਮੀਰੋਂ ਕਦੇ ਵੀ ਮੈ ਮਰ ਨਹੀਂ ਸਕਦਾ।

ਕਿਉਂਕਿ ਭੁੱਖ ਵੀ ਲੱਗਦੀ ਹੈ ਮੈਨੂੰ ਪਿਆਸ ਵੀ।
ਤੇ ਨਾਲੇ ਦਿਲ ਨੇ ਛੱਡੀ ਨਹੀਂ ਅਜੇ ਤੱਕ ਆਸ ਵੀ।

ਤੋਤੇ ਦੀ ਅੱਖ ਵਾਂਗ ਅੱਖ ਵਿੱਚ ਆਸ ਹੈ ਹਾਲੇ।
ਕਦੇ ਤਾਂ ਕੋਈ ਮਿਲੇਗਾ ਵਿਸ਼ਵਾਸ ਹੈ ਹਾਲੇ।

•

دھارمکتا

تہہ دلوں تیرے کول میں اظہار کردا ہاں
کہ دھارمک دنیا دا میں ستکار کردا ہاں

میں پڑھیا، سنیا، منیا جد وی دھرم نوں
سچی چنگا لگیا، کردیاں اس کرم نوں

پر ٹھیکیداری دھرم دی میں کر نہیں سکدا
اپنی زمیروں کدے وی میں مر نہیں سکدا

کیونکہ بھکھ وی لگدی ہے مینوں پیاس وی
تے نالے دل نے چھڈی نہیں اجے تک آس وی

طوطے دی اکھ وانگ اکھ وچ آس ہے حالے
کدے تاں کوئی ملے گا وشواس ہے حالے

ਚਿੱਤ ਚੇਤੇ ਨਾ
ਚੇਤ ਚੜ੍ਹੇਗਾ

چِت چیتے نہ
چیت چڑھے گا

چانن ونت

جسنوں لبھدے لبھدے دنیاں ترس گئی،
اوہ تاں سنیاں چاننونت سویرا ہے

میری عمر ہنھیرے دے وچ بیت گئی،
سبھ توں لاگے رشتے دار ہنھیرا ہے

گھپ ہنھیرا میری ساری زندگی ہے،
گھپ ہنھیرا میرا چار چفیرا ہے

اپنا ہے ایہہ آپاں اس وچ جیندے ہاں،
فرق نہیں کجھ تیرا ہے جاں میرا ہے

اک سچے وچ ساری عمر بتا چلے،
دیکھو! ساڈا کنا وڈا جیرا ہے،

اینے نہیں بے سمجھ کہ سانوں سمجھ نہیں،
دنیا وچ کس کم لئی ساڈا پھیرا ہے

ਚਾਨਣਵੰਤ

ਜਿਸਨੂੰ ਲੱਭਦੇ-ਲੱਭਦੇ ਦੁਨੀਆਂ ਤਰਸ ਗਈ,
ਉਹ ਤਾਂ ਸੁਣਿਆਂ ਚਾਨਣਵੰਤ ਸਵੇਰਾ ਹੈ।

ਮੇਰੀ ਉਮਰ ਹਨ੍ਹੇਰੇ ਦੇ ਵਿੱਚ ਬੀਤ ਗਈ,
ਸਭ ਤੋਂ ਲਾਗੇ ਰਿਸ਼ਤੇਦਾਰ ਹਨ੍ਹੇਰਾ ਹੈ।

ਘੁੱਪ ਹਨ੍ਹੇਰਾ ਮੇਰੀ ਸਾਰੀ ਜ਼ਿੰਦਗੀ ਹੈ,
ਘੁੱਪ ਹਨ੍ਹੇਰਾ ਮੇਰਾ ਚਾਰ ਚੁਫ਼ੇਰਾ ਹੈ।

ਆਪਣਾ ਹੈ ਇਹ ਆਪਾਂ ਇਸ ਵਿੱਚ ਜੀਂਦੇ ਹਾਂ,
ਫ਼ਰਕ ਨਹੀਂ ਕੁੱਝ ਤੇਰਾ ਹੈ ਜਾਂ ਮੇਰਾ ਹੈ।

ਇੱਕ ਸੱਚੇ ਵਿੱਚ ਸਾਰੀ ਉਮਰ ਬਿਤਾ ਚੱਲੇ,
ਦੇਖੋ! ਸਾਡਾ ਕਿੰਨਾ ਵੱਡਾ ਜੇਰਾ ਹੈ,

ਏਨੇ ਨਹੀਂ ਬੇਸਮਝ ਕਿ ਸਾਨੂੰ ਸਮਝ ਨਹੀਂ,
ਦੁਨੀਆ ਵਿੱਚ ਕਿਸ ਕੰਮ ਲਈ ਸਾਡਾ ਫੇਰਾ ਹੈ।

ਆਪਣੀ ਕਿਸਮਤ ਆਪ ਬਣਾ ਕੇ ਬੈਠੇ ਹਾਂ,
ਕੀ ਜਾਣੀਏਂ! ਕਿੱਥੇ ਕੀ ਨਿਬੇੜਾ ਹੈ।

ਗੱਲ ਕਰੀਏ ਤਾਂ ਲੋਕੀਂ ਸਾਨੂੰ ਸੁਣਦੇ ਨੇ,
ਇਸਦਾ ਮਤਲਬ ਸਾਨੂੰ ਇਲਮ ਬਥੇਰਾ ਹੈ।

ਭਰਮ ਦਾ ਅੱਲਣ ਪਾ ਕੇ ਭਾਜੀ ਪੱਕਦੀ ਹੈ,
ਖੁਸ਼ਫ਼ਹਿਮੀ ਦਾ ਸਾਡੇ ਘਰੇਂ ਲਵੇਰਾ ਹੈ।

ਸ਼ੌਕ ਨਾਲ ਸਭ ਰਲ-ਮਿਲ ਕੇ ਛੱਕ ਲੈਂਦੇ ਹਾਂ,
ਨਾ ਕੋਈ ਸਾਡਾ ਝਗੜਾ ਹੈ ਨਾ ਝੇੜਾ ਹੈ।

ਪਰਖ਼ ਲੈਣ ਦੀ ਲੋੜ ਨਹੀਂ ਲੱਗਦੀ ਹੁਣ ਤਾਂ,
ਖੁਸ਼ਬੋ ਤੇ ਬਦਬੋ ਦਾ ਅੰਤਰ ਕਿਹੜਾ ਹੈ।

ਜਾਹ ਵੀਰਾ! ਤੂੰ ਕਿੱਦਾਂ ਸਾਨੂੰ ਲੱਭੇਂਗਾ,
ਭੁੱਲ ਭੁਲਾਈਆਂ ਦੇ ਵਿੱਚ ਸਾਡਾ ਡੇਰਾ ਹੈ।

ਜਿਸਨੂੰ ਲੱਭਦੇ-ਲੱਭਦੇ ਦੁਨੀਆ ਤਰਸ ਗਈ,
ਉਹ ਤਾਂ ਸੁਣਿਆਂ ਚਾਨਣਵੰਤ ਸਵੇਰਾ ਹੈ।

•

اپنی قسمت آپ بنا کے بیٹھے ہاں،
کیہ جانیے! کتھے کیہ نبیڑا ہے

گل کریے تاں لوکیں سانوں سندے نے،
اسدا مطلب سانوں علم بتھیرا ہے

بھرم دا الن پا کے بھاجی پکدی ہے،
خوش فہمی دا ساڈے گھریں لویرا ہے

شوق نال سبھ رل مل کے چھک لیندے ہاں،
نہ کوئی ساڈا جھگڑا ہے نہ جھیڑا ہے

پرکھ لین دی لوڑ نہیں لگدی ہن تاں،
خوشبو تے بدبو دا انتر کیہڑا ہے

جا ویرا! توں کداں سانوں لبھینگا،
بھل بھلائیاں دے وچ ساڈا ڈیرہ ہے

جسنوں لبھدے لبھدے دنیا ترس گئی،
اوہ تاں سنیاں چانن ونت سویرا ہے

ਚੇਤ

ਚਿੱਤ ਚੇਤੇ ਨਾ ਚੇਤ ਚੜ੍ਹੇਗਾ,
ਮੈਂ ਦਾ ਜਨਮ ਹੋਏਗਾ ਇੱਕ ਦਿਨ।
ਦੁਨੀਆ ਦੇ ਦਰਸ਼ਨ ਕਰਦੇ ਹੀ,
ਧਾਹਾਂ ਮਾਰ ਰੋਏਗਾ ਇੱਕ ਦਿਨ।

ਤੂੰ ਦੇ ਵਿੱਚੋਂ ਜਦ ਮੈਂ ਜਨਮੀਂ,
ਦਾਈ ਨੇਂ ਜਦ ਨਾੜੂਆ ਕੱਟਿਆ।
ਟੁੱਟਦਿਆਂ ਸਾਰ ਹੀ ਖ਼ਬਰ ਹੋ ਗਈ,
ਮੈਂ ਦਾ ਮਾਸ ਮੋਏਗਾ ਇੱਕ ਦਿਨ।

ਤੇਰੇ ਤੋਂ ਮੇਰੇ ਬਣਦੇ ਹੀ,
ਹੱਥ ਪੈਰ੍ਹਾਂ ਦਾ ਫ਼ਿਕਰ ਪੈ ਗਿਆ।
ਸੀਰਤ 'ਚੋਂ ਜਦ ਸੂਰਤ ਦਿੱਸੀ,
ਸੌਦੇ ਦੇ ਵਿੱਚ ਘਾਟਾ ਪੈ ਗਿਆ।
ਸ਼ਸ਼ੋਪੰਜ ਵਿੱਚ ਪੈ ਗਈ ਜਿੰਦੜੀ,
ਮੇਰਾ ਕੀ ਹੈ, ਤੇਰਾ ਕੀ ਹੈ।
ਚਮਕ-ਦਮਕ ਦੇਖੀ ਦੁਨੀਆ ਦੀ,
ਬਸ! ਦੁਨੀਆ ਦਾ ਬਣ ਕੇ ਰਹਿ ਗਿਆ।

ਬੜੀ ਮਧੁਰ ਆਵਾਜ਼ ਸੀ ਆਈ,
ਕੋਇਲ ਨੇਂ ਜਦ ਕੂ-ਕੂ ਕੀਤੀ।
ਜਦ ਕੋਇਲ ਨੂੰ ਗਹੁ ਨਾਲ ਤੱਕਿਆ,
ਪੁੱਛੋ ਨਾ ਮਨ 'ਤੇ ਕੀ ਬੀਤੀ।
ਬਿਰਹਾ ਜਾਰੀ, ਹੌਕੇ ਲੈਂਦੀ,
ਅੱਗ ਅਸੀਂ ਬਸੰਤਰ ਸਮਝੇ।
ਆਪਣੀਂ ਅਕਲ ਨੂੰ ਮੁਰਸ਼ਦ ਮੰਨ ਲਿਆ,
ਮੁਰਸ਼ਦ ਦੇ ਵੱਲ ਕੰਡ ਹੈ ਕੀਤੀ।

•

چیت

چت چیتے نہ چیت چڑھیگا،
میں دا جنم ہوئےگا اک دن
دنیا دے درشن کردے ہی،
دھاہاں مار روئیگا اک دن

توں دے وچوں جد میں جنمیں،
دائی نیں جد ناڑوآ کٹیا
ٹٹدیاں سار ہی خبر ہو گئی،
میں دا ماس موئیگا اک دن

تیرے توں میرے بندے ہی،
ہتھ پیرھاں دا فکر پے گیا
سیرت 'چوں جد صورت دسی،
سودے دے وچ گھاٹا پے گیا
ششوپنج وچ پے گئی جندڑی،
میرا کیہ ہے، تیرا کیہ ہے
چمک دمک دیکھی دنیا دی،
بس! دنیا دا بن کے رہِ گیا

بڑی مدھر آواز سی آئی،
کوئل نیں جد کوُ کوُ کیتی
جد کوئل نوں گہہ نال تکیا،
پچھو نہ من 'تے کیہ بیتی
برہا جاری، ہوکے لیندی،
اگ اسیں بسنتر سمجھے
آپنیں عقل نوں مرشد من لیا،
مرشد دے ول کنڈ ہے کیتی

ਕਨਸੋ

ਮੈਨੂੰ ਮੇਰੇ ਆਪਣੇ ਮਨ ‘ਚੋਂ ਬੋ ਆਉਂਦੀ ਹੈ
ਪਤਾ ਨਹੀਂ ਕੀ ਗ਼ਲਤ ਚੀਜ਼ ਮਨ ਵਿੱਚ ਬੈਠੀ ਹੈ
ਪਤਾ ਨਹੀਂ ਕਿਉਂ ਗ਼ਲਤ ਜਿਹੀ ਕਨਸੋ ਆਉਂਦੀ ਹੈ।

ਜਾਂ ਤਾਂ ਮੇਰਾ ਮਨ ਮਰ ਮੁੱਕ ਕੇ ਮੁਸ਼ਕ ਗਿਆ ਹੈ
ਜਾਂ ਕੋਈ ਮ੍ਰਿਤਕ ਮਤ ਦੀ ਇਸਨੂੰ ਛੋਹ ਆਉਂਦੀ ਹੈ
ਦੁਨੀਆ ਦੇ ਦੇਖਣ ਨੂੰ ਮੇਰੀ ਦਿੱਖ ਬੜੀ ਹੈ
ਕੱਪੜਿਆਂ ‘ਚੋਂ ਅਤਰਾਂ ਦੀ ਖੁਸ਼ਬੋ ਆਉਂਦੀ ਹੈ।

ਪਰ ਮੈਨੂੰ ਮੇਰੇ ਆਪਣੇ ਮਨ ‘ਚੋਂ ਬੋ ਆਉਂਦੀ ਹੈ।

•

کنسو

مینوں میرے اپنے من 'چوں بو آؤندی ہے
پتہ نہیں کیہ غلط چیز من وچ بیٹھی ہے
پتہ نہیں کیوں غلط جہی کنسو آؤندی ہے

جاں تاں میرا من مر مک کے مشک گیا ہے
جاں کوئی مرتک مت دی اسنوں چھوہ آؤندی ہے
دنیا دے دیکھن نوں میری دکھ بڑی ہے
کپڑیاں 'چوں اتراں دی خوشبو آؤندی ہے

پر مینوں میرے اپنے من 'چوں بو آؤندی ہے

ਲਟਬਾਉਰਾ

ਸੁੱਨੜ ਇੱਕ ਲਟਬਾਉਰਾ ਫ਼ੱਕਰ,
ਸੱਚੀਂ-ਮੁੱਚੀਂ ਬੜਾ ਮਲੰਗ ਹੈ।
ਉਸਦਾ ਆਪਣੀ ਗੱਲ ਕਰਨ ਦਾ,
ਦੁਨੀਆ ਨਾਲੋਂ ਵੱਖਰਾ ਢੰਗ ਹੈ।

ਆਪਣੀ ਗੱਲ ਜਾਂ ਹੋਰ ਕਿਸੇ ਦੀ,
ਕਹਿਣ ਲੱਗਾ ਉਹ ਬੜਾ ਨਿਸੰਗ ਹੈ।
ਰੰਗ-ਰੰਗੀਲੀ ਦੁਨੀਆ ਦੇ ਵਿੱਚ,
ਸੁੱਨੜ ਦਾ ਵੱਖਰਾ ਹੀ ਰੰਗ ਹੈ।

•

لٹ باؤرا

سُنڑ اک لٹ باؤرا فقر،
سچیں مچیں بڑا ملنگ ہے
اسدا اپنی گل کرن دا،
دنیا نالوں وکھرا ڈھنگ ہے

اپنی گل جاں ہور کسے دی،
کہن لگا اوہ بڑا نسنگ ہے
رنگ رنگیلی دنیا دے وچ،
سنڑ دا وکھرا ہی رنگ ہے

ਮੋਹ ਮਇਆ

ਮੌਜ-ਮੌਜ 'ਤੇ ਮੌਜਾਂ ਕਰਦਾ ਸੱਤ ਸਮੁੰਦਰ ਤਰਦਾ ਫਿਰਿਆ।
ਬੜੀ ਚਲਾਕੀ ਨਾਲ ਨਿਕਲਿਆ ਘੁੰਮਣ-ਘੇਰਾਂ ਵਿੱਚ ਜਦ ਘਿਰਿਆ।
ਤਾਰੂ ਬੜਾ ਵਿਲੱਖਣ ਸਾਂ ਮੈਂ ਤਰਨਾ ਖੱਬੇ ਹੱਥ ਦੀ ਕਿਰਿਆ।
ਸਿੱਪੀਆਂ ਘੋਗੇ 'ਕੱਠੇ ਕਰਦਾ ਚਹੁੰ-ਕੂੰਟਾਂ ਵਿੱਚ ਨੱਠਦਾ ਫਿਰਿਆ।

ਥੋੜਾ ਜਿਹਾ ਥਕੇਵਾਂ ਹੋਇਆ, ਰੱਜ ਕੇ ਖਾ ਤੇ ਪੀ ਨਹੀਂ ਹੁੰਦਾ।
ਬਹੁਤਾ ਖਾ ਕੇ ਤਰ ਨਹੀਂ ਹੁੰਦਾ, ਭੁੱਖਿਆਂ ਰਹਿ ਕੇ ਜੀਅ ਨਹੀਂ ਹੁੰਦਾ।
ਕੁੱਝ-ਕੁੱਝ ਖ਼ਬਰ ਜਿਹੀ ਹੁੰਦੀ ਹੈ, ਕੀ ਹੁੰਦਾ ਤੇ ਕੀ ਨਹੀਂ ਹੁੰਦਾ।
ਆਪਣੀ ਪਹੁੰਚ ਨਜ਼ਰ ਆਈ ਹੈ, ਸਰਲ ਸਾਫ਼ ਕੰਮ ਵੀ ਨਹੀਂ ਹੁੰਦਾ।

ਪਤਾ ਨਹੀਂ ਮੰਜ਼ਿਲ ਕਿਹੜੀ ਸੀ, ਕਿਹੜਾ ਭਵ ਜਲ ਤਰਨਾ ਚਾਹਿਆ।
ਪਤਾ ਨਹੀਂ ਮੈਂ ਕੀ ਕੁੱਝ ਖੋਇਆ, ਪਤਾ ਨਹੀਂ ਮੈਂ ਕੀ ਕੁੱਝ ਪਾਇਆ।
ਪਤਾ ਨਹੀਂ ਲੱਭਦਾ ਮੈਂ ਕੀ ਸਾਂ, ਕਿਸ ਕੰਮ ਨੂੰ ਮੈਂ ਇਸ਼ਟ ਬਣਾਇਆ।
ਮਨ ਮੂਰਖ ਦੇ ਪਿੱਛੇ ਲੱਗ ਕੇ ਮੋਹ ਮਾਇਆ ਦਾ ਜਾਲ ਵਿਛਾਇਆ।

•

موہ مایا

موج موج تے موجاں کردا ست سمندر تردا پھریا
بڑی چلاکی نال نکلیا گھمن گھیراں وچ جد گھریا
تارو بڑا ولکھن ساں میں ترنا کھبے ہتھ دی کریا
سپیاں گھوگے 'کٹھے کردا چہوں کونٹاں وچ نٹھدا پھریا

تھوڑا جیہا تھکیواں ہویا، رج کے کھا تے پی نہیں ہوندا
بہتا کھا کے تر نہیں ہوندا، بھکھیاں رہ کے جی نہیں ہوندا
کجھ کجھ خبر جہی ہوندی ہے، کیہ ہوندا تے کیہ نہیں ہوندا
اپنی پہنچ نظر آئی ہے، سرل صاف کم وی نہیں ہوندا

پتہ نہیں منزل کیہڑی سی، کیہڑا بھو جل ترنا چاہیا
پتہ نہیں میں کیہ کجھ کھویا، پتہ نہیں میں کیہ کجھ پایا
پتہ نہیں لبھدا میں کیہ ساں، کس کم نوں میں اشٹ بنایا
من مورکھ دے پچھے لگ کے موہ مایہ دا جال وچھایا

ਨਸ਼ੱਈ

ਮੈਂ ਦਾਰੂ ਪੀਣੀ ਛੱਡ ਦਿੱਤੀ, ਨਸ਼ਿਆਂ ਤੋਂ ਜਾਨ ਛਡਾਂਵਦਿਆਂ
ਵਧੀਆ ਗੱਲਾਂ ਕਰਦਾ ਹਾਂ ਚਿਹਰੇ ਦਾ ਅਸਲ ਲੁਕਾਂਵਦਿਆਂ
ਨਸ਼ਾ ਰਹਿਤ ਮੇਰਾ ਜੀਵਨ ਇਹ ਉੱਚੀ-ਉੱਚੀ ਗਾਂਵਦਿਆਂ
ਭਰਮ ਹੋ ਗਿਆ ਮੈਨੂੰ ਹੀ, ਦੁਨੀਆ ਦਾ ਭਰਮ ਮਿਟਾਂਵਦਿਆਂ
ਪੋਸਤ, ਭੰਗ, ਅਫ਼ੀਮ, ਨਸ਼ਾ ਦਾਰੂ 'ਤੇ ਤੋਹਮਤ ਲਾਂਵਦਿਆਂ
ਵਸਤਾਂ ਦੀ ਬਦਖੋਹੀ ਕਰਕੇ, ਆਪਣਾ ਮਨ ਪਰਚਾਂਵਦਿਆਂ।

ਸੌਂਹ ਦੇ ਅਰਥ ਨਹੀਂ ਆਉਂਦੇ ਪਰ ਫਿਰ ਵੀ ਸੌਂਹਾਂ ਖਾਂਵਦਿਆਂ।
ਮੈਂ ਦਾਰੂ ਪੀਣੀ ਛੱਡ ਦਿੱਤੀ, ਨਸ਼ਿਆਂ ਤੋਂ ਜਾਨ ਛਡਾਂਵਦਿਆਂ.....।

ਇਸ ਗੱਲ ਦਾ ਹੈ ਨਸ਼ਾ ਬੜਾ ਮੈਨੂੰ ਕਿ ਹੱਥ ਨਸ਼ੇ ਨੂੰ ਨਹੀਂ ਲਾਉਂਦਾ
ਨਸ਼ੱਈ ਹੋਇਆ ਹੀ ਤਾਂ ਮੈਂ ਬਸ! ਏਸੇ ਦੇ ਹਾਂ ਗੁਣ ਗਾਉਂਦਾ
ਕੋਲੋਂ ਕੀਮਤ ਦੇ ਕੇ ਵੀ ਮੈਂ ਏਸ ਕਲਾ ਦਾ ਮੁੱਲ ਪਾਉਂਦਾ
ਸੱਥਾਂ ਦਾ ਪ੍ਰਧਾਨ ਬਣਨ ਨੂੰ, ਰਾਤ ਦਿਨੇ ਰਹਿੰਦਾ ਚਾਹੁੰਦਾ
ਖੁਸ਼ਬੂਦਾਰ ਕਹੇ ਕੋਈ, ਮੈਂ ਅਤਰ ਫਲੇਲ ਫਿਰਾਂ ਲਾਉਂਦਾ
ਇਸ ਗੱਲ ਦਾ ਹੈ ਨਸ਼ਾ ਬੜਾ ਕਿ ਸਭ ਕੁੱਝ ਮੇਰੇ ਮਨ ਭਾਉਂਦਾ।

ਡਿੱਗ ਨਾ ਜਾਵਾਂ ਮਗਰ ਕਿਤੇ ਗੁੱਡੀ ਅਸਮਾਨ ਚੜ੍ਹਾਂਵਦਿਆਂ।
ਮੈਂ ਦਾਰੂ ਪੀਣੀ ਛੱਡ ਦਿੱਤੀ ਨਸ਼ਿਆਂ ਤੋਂ ਜਾਨ ਛਡਾਂਵਦਿਆਂ।

ਉਹ ਦਿਨ ਹਾਲੇ ਨਹੀਂ ਭੁੱਲਿਆ, ਜਦ ਡੋਲੇ ਫ਼ਰਕਣ ਲੱਗੇ ਸੀ
ਆਪਣੀ ਹੀ ਦੁਨੀਆਂ ਦੇ ਵਿੱਚੋਂ, ਦੁਸ਼ਮਣ ਰੜਕਣ ਲੱਗੇ ਸੀ
ਭਰ ਜੋਬਨ ਦਾ ਨਸ਼ਾ ਸੀ ਹੋਇਆ, ਤੁਰਦੇ ਮੜਕਣ ਲੱਗੇ ਸੀ
ਕਈ ਰੀਝਾਂ, ਕਈ ਸੁਪਨੇ ਮੇਰੇ ਦਿਲ ਵਿੱਚ ਧੜਕਣ ਲੱਗੇ ਸੀ
ਧਨ-ਦੌਲਤ ਦਾ ਨਸ਼ਾ ਸੀ ਹੋਇਆ, ਡਾਲਰ ਬੜਕਣ ਲੱਗੇ ਸੀ
ਕਾਮਯਾਬੀਆਂ ਦੇ ਨਸ਼ਿਆਂ ਵਿੱਚ ਖੂੰਡੇ ਖੜਕਣ ਲੱਗੇ ਸੀ।

ਧਨ, ਜੋਬਨ, ਤਾਕਤ ਦੀ ਮਸਤੀ ਸਾਰੀ ਉਮਰ ਹੰਢਾਂਵਦਿਆਂ।
ਮੈਂ ਦਾਰੂ ਪੀਣੀ ਛੱਡ ਦਿੱਤੀ, ਨਸ਼ਿਆਂ ਤੋਂ ਜਾਨ ਛਡਾਂਵਦਿਆਂ
ਵਧੀਆ ਗੱਲਾਂ ਕਰਦਾ ਹਾਂ ਚਿਹਰੇ ਦਾ ਅਸਲ ਲੁਕਾਂਵਦਿਆਂ।

نشئی

میں دارو پینی چھڈ دتی، نشیاں توں جان چھڈاوندیاں
ودھیا گلاں کردا ہاں چہرے دا اصل لکانودیاں
نشہ رہت میرا جیون ایہہ اچی اچی گانودیاں
بھرم ہو گیا مینوں ہی، دنیا دا بھرم مٹانودیاں
پوست، بھنگ، افیم، نشہ دارو 'تے تہمت لاوندیاں
وستاں دی بدخوہی کرکے، اپنا من پرچاوندیاں

سونہہ دے ارتھ نہیں آؤندے پر پھر وی سونہاں کھانودیاں
میں دارو پینی چھڈ دتی، نشیاں توں جان چھڈاوندیاں.....

ایس گل دا ہے نشہ بڑا مینوں کہ ہتھ نشے نوں نہیں لاؤندا
نشئی ہویا ہی تاں میں بس! ایسے دے ہاں گن گاؤندا
کولوں قیمت دے کے وی میں ایس کلا دا مل پاؤندا
ستھاں دا پردھان بنن نوں، رات دنے رہندا چاہندا
خوشبودار کہے کوئی، میں عطر پھلیل پھراں لاؤندا
ایس گل دا ہے نشہ بڑا کہ سبھ کجھ میرے من بھاؤندا

ڈِگ نہ جاواں مگر کتے گڈی اسمان چڑھاوندیاں
میں دارو پینی چھڈ دتی نشیاں توں جان چھڈاوندیاں

اوہ دن حالے نہیں بھلیا، جد ڈولے فرکن لگے سی
اپنی ہی دنیاں دے وچوں، دشمن رڑکن لگے سی
بھر جوبن دا نشہ سی ہویا، تردے مڑکن لگے سی
کئی ریجھاں، کئی سپنے میرے دل وچ دھڑکن لگے سی
دھن دولت دا نشہ سی ہویا، ڈالر بڑکن لگے سی
کامیابیاں دے نشیاں وچ کھونڈے کھڑکن لگے سی

دھن، جوبن، طاقت دی مستی ساری عمر ہنڈھاوندیاں
میں دارو پینی چھڈ دتی، نشیاں توں جان چھڈاوندیاں
ودھیا گلاں کردا ہاں چہرے دا اصل لکاوندیاں

ਪੱਕਾ ਰਿਸ਼ਤਾ

ਹਰ ਬੰਦੇ ਦਾ ਦੁਨੀਆ ਦੇ ਨਾਲ ਰਿਸ਼ਤਾ ਹੈ,
ਹਰ ਰਿਸ਼ਤੇ ਦਾ ਨਾਮਕਰਣ ਨਹੀਂ ਹੋ ਸਕਦਾ।
ਮਹਿਕਾਂ ਦੇ ਵਣਜਾਰੇ ਨੇ ਲੋਕੀਂ ਭਾਵੇਂ,
ਹਰ ਫੁੱਲ ਲੇਕਿਨ ਹਰ ਦਿਲ ਨੂੰ ਨਹੀਂ ਮੋਹ ਸਕਦਾ।

ਸਾਰੇ ਦੁੱਖ-ਸੁੱਖ ਦੁਨੀਆ ਦੇ ਵਿੱਚੋਂ ਉਪਜੇ,
ਹਰ ਥਾਂ ਲੇਕਿਨ ਰੋਣੇ ਕੋਈ ਨਹੀਂ ਰੋ ਸਕਦਾ।
ਆਪਣੀ ਦੁਨੀਆ ਦੇ ਕਈ ਐਸੇ ਵੀ ਰੰਗ ਨੇ,
ਹਰ ਰੰਗ ਦੇ ਵਿੱਚ ਹਰ ਇੱਕ ਨਹੀਂ ਸਮੋ ਸਕਦਾ।

ਸਾਰੀ ਵਾਹ ਲਾ ਕੇ ਭਾਵੇਂ ਕੋਈ ਵੇਖ ਲਵੇ,
ਸਾਰੇ ਧੋਣੇ ਕਦੇ ਨਾ ਕੋਈ ਧੋ ਸਕਦਾ।
ਸੱਚੇ-ਝੂਠੇ ਮੋਤੀ, ਮਣਕੇ ਇਹ ਦੁਨੀਆ,
ਇੱਕ ਧਾਗੇ ਵਿੱਚ ਕੋਈ ਨਾ ਕਦੇ ਪਰੋ ਸਕਦਾ।

ਹਰ ਦਿਲ ਦੇ ਵਿੱਚ ਰੀਝਾਂ ਆਪੋ-ਆਪਣੀਆਂ,
ਕਿਸੇ ਦੇ ਦਿਲ ਨੂੰ ਕੋਈ ਵੀ ਨਹੀਂ ਟੋਹ ਸਕਦਾ।
ਸੋਚਾਂ ਦੇ ਅੰਬਰੀਂ ਮੈਂ ਉੱਡ ਕੇ ਵੇਖ ਲਿਆ,
ਦੁਨੀਆ ਦੀਆਂ ਉਚਾਈਆਂ ਮੈਂ ਨਹੀਂ ਛੋਹ ਸਕਦਾ।

ਮੈਂ ਤਾਂ ਬਸ! ਆਪਣੀ ਸਹੁੰ ਖਾ ਕੇ ਕਹਿ ਸਕਦਾ,
ਪੱਕਾ ਰਿਸ਼ਤਾ ਤਾਂ ਆਪਣੇ ਨਾਲ ਹੋ ਸਕਦਾ।
ਹਰ ਬੰਦੇ ਦਾ ਦੁਨੀਆ ਦੇ ਨਾਲ ਰਿਸ਼ਤਾ ਹੈ,
ਹਰ ਰਿਸ਼ਤੇ ਦਾ ਨਾਮਕਰਣ ਨਹੀਂ ਹੋ ਸਕਦਾ।

•

پکا رشتہ

ہر بندے دا دنیا دے نال رشتہ ہے،
ہر رشتے دا نام کرن نہیں ہو سکدا
مہکاں دے ونجارے نے لوکیں بھاویں،
ہر پھل لیکن ہر دل نوں نہیں موہ سکدا

سارے دکھ سکھ دنیا دے وچوں پُجے،
ہر تھاں لیکن رونے کوئی نہیں رو سکدا
اپنی دنیا دے کئی ایسے وی رنگ نیں،
ہر رنگ دے وچ ہر اک نہیں سمو سکدا

ساری واہ لا کے بھاویں کوئی ویکھ لوے،
سارے دھونے کدے نہ کوئی دھو سکدا
سچے جھوٹھے موتی، منکے ایہہ دنیا،
اک دھاگے وچ کوئی نہ کدے پرو سکدا

ہر دل دے وچ ریجھاں آپو اپنیاں،
کسے دے دل نوں کوئی وی نہیں ٹوہ سکدا
سوچاں دے امبریں میں اڈ کے ویکھ لیا،
دنیا دیاں اچائیاں میں نہیں چھوہ سکدا

میں تاں بس! اپنی سہں کھا کے کہہ سکدا،
پکا رشتہ تاں اپنے نال ہو سکدا
ہر بندے دا دنیا دے نال رشتہ ہے،
ہر رشتے دا نامکرن نہیں ہو سکدا پاتر

ਪਾਤਰ

ਤੂੰ ਵੀ ਪਾਤਰ ਮੈਂ ਵੀ ਪਾਤਰ, ਕਿਉਂ ਨਾ ਗਲ਼ ਲੱਗ ਜਾਈਏ।
ਰਾਤ ਹਨ੍ਹੇਰੀ, ਲੰਬਾ ਪੈਂਡਾ, ਰਲ ਮਿਲ ਵਾਟ ਮੁਕਾਈਏ।
ਅਦਾਕਾਰ ਤੂੰ ਵੀ ਤੇ ਮੈਂ ਵੀ, ਰੰਗ-ਮੰਚ ਤੇ ਰਲ ਕੇ ਆਈਏ।
ਇੱਕ-ਦੂਜੇ ਦੀ ਤਾਕਤ ਬਣ ਕੇ ਤਾਕਤਵਰ ਹੋ ਜਾਈਏ।

ਤੂੰ ਵੀ ਪਾਤਰ ਮੈਂ ਵੀ ਪਾਤਰ, ਕਿਉਂ ਨਾ ਗਲ਼ ਲੱਗ ਜਾਈਏ....।

ਦੋਵੇਂ ਅਸੀਂ ਸ਼ਿਕਾਰ ਬਣ ਗਏ, ਦੋਵੇਂ ਅਸੀਂ ਸ਼ਿਕਾਰੀ।
ਅਕਲਮੰਦ ਦੋਵੇਂ ਆਪਾਂ, ਕੀ ਕਾਰਣ ਬਣੇ ਅਨਾੜੀ।
ਲੋਕਾਂ ਨੂੰ ਮੱਤਾਂ ਦੇਈਏ ਪਰ ਸਾਡੀ ਮੱਤ ਕਿਉਂ ਮਾਰੀ।
ਸੋਚ ਸਮਝ ਕੇ ਤੁਰੀਏ! ਰਲ-ਮਿਲ ਕੇ ਕੋਈ ਗੱਲ ਬਣਾਈਏ।

ਤੂੰ ਵੀ ਪਾਤਰ ਮੈਂ ਵੀ ਪਾਤਰ, ਕਿਉਂ ਨਾ ਗਲ਼ ਲੱਗ ਜਾਈਏ....।

ਕੁੱਝ ਮੈਂ ਤੇਰੇ ਕੋਲੋਂ ਸਿੱਖਾਂ, ਕੁੱਝ ਤੈਨੂੰ ਸਮਝਾਵਾਂ।
ਮੱਛੀ ਅਤੇ ਮਛੇਰੇ ਦੀ ਪਰ ਕਿੱਦਾਂ ਸੁਲਾਹ ਕਰਾਵਾਂ।
ਤੇਰੇ ਅੰਦਰ ਵਿਚਲਾ ਮੰਦਰ, ਮੈਂ ਕਿੱਦਾਂ ਬਣ ਜਾਵਾਂ।
ਜਿਸ ਦੇ ਹੱਥੋਂ ਮੇਰੀ ਮੁਕਤੀ ਉਸਨੂੰ ਕਿਵੇਂ ਧਿਆਵਾਂ।
ਸਾਂਝਾ ਰਾਹ ਜੇ ਲੱਭ ਜਾਵੇ ਤਾਂ ਝੇੜਾ ਅੱਜ ਮੁਕਾਈਏ।

ਤੂੰ ਵੀ ਪਾਤਰ ਮੈਂ ਵੀ ਪਾਤਰ, ਕਿਉਂ ਨਾ ਗਲ਼ ਲੱਗ ਜਾਈਏ....।

ਪਾਤਰ ਚਿਤਰਣ ਕਰਨ ਲਈ ਮੈਂ ਕਵਿਤਾ ਰੋਜ਼ ਬਣਾਵਾਂ।
ਆਪਣਾ ਆਪ ਮੈਂ ਭੁੱਲ ਜਾਵਾਂ ਤੇ ਦੁਨੀਆ ਨੂੰ ਅਜ਼ਮਾਵਾਂ।
ਥੱਕ-ਹਾਰ ਕੇ ਅੱਜ ਤੈਨੂੰ ਹੁਣ ਆਪਣੀ ਗੱਲ ਸੁਣਾਵਾਂ।
ਦਿਲ ਕਰਦਾ ਹੈ ਜੇ ਤੂੰ ਮੰਨੇ, ਤੇਰੇ ਗਲ਼ ਲੱਗ ਜਾਵਾਂ।
ਤੂੰ ਵੀ ਹੰਢਿਆ ਮੈਂ ਵੀ ਘੱਟ ਨਹੀਂ, ਆ! ਅੱਜ ਗੱਲ ਮੁਕਾਈਏ।

ਤੂੰ ਵੀ ਪਾਤਰ ਮੈਂ ਵੀ ਪਾਤਰ, ਕਿਉਂ ਨਾ ਗਲ਼ ਲੱਗ ਜਾਈਏ....।

•

پاتر

توں وی پاتر میں وی پاتر، کیوں نہ گل لگ جائیے
رات ہنھیری، لمبا پینڈا، رل مل واٹ مکائیے
اداکار توں وی تے میں وی، رنگ منچ تے رل کے آئیے
اک دوجے دی طاقت بن کے طاقتور ہو جائیے

توں وی پاتر میں وی پاتر، کیوں نہ گل لگ جائیے....

دوویں اسیں شکار بن گئے، دوویں اسیں شکاری
عقل مند دوویں آپاں، کیہ کارن بنے اناڑی
لوکاں نوں متاں دیئیے پر ساڈی مت کیوں ماری
سوچ سمجھ کے تریے! رل مل کے کوئی گل بنائیے

توں وی پاتر میں وی پاتر، کیوں نہ گل لگ جائیے....

کجھ میں تیرے کولوں سکھاں، کجھ تینوں سمجھاواں
مچھی اتے مچھیرے دی پر کداں صلاح کراواں
تیرے اندر وچلا مندر، میں کداں بن جاواں
جس دے ہتھوں میری مکتی اسنوں کویں دھیاواں
سانجھا راہ جے لبھ جاوے تاں جھیڑا اج مکائیے

توں وی پاتر میں وی پاتر، کیوں نہ گل لگ جائیے....

پاتر چترن کرن لئی میں کویتا روز بناواں
اپنا آپ میں بھل جاواں تے دنیا نوں ازماواں
تھک ہار کے اج تینوں ہن اپنی گل سناواں
دل کردا ہے جے توں منے، تیرے گل لگ جاواں
توں وی ہنڈھیا میں وی گھٹ نہیں، آ! اج گل مکائیے
توں وی پاتر میں وی پاتر، کیوں نہ گل لگ جائیے....

ਪੁਤਲੀਆਂ ਦਾ ਤਮਾਸ਼ਾ.....

ਪੁਤਲੀਆਂ ਦਾ ਤਮਾਸ਼ਾ ਸੀ ਹੁੰਦਾ ਰਿਹਾ।
ਕੋਈ ਨੱਚਦਾ ਤੇ ਕੋਈ ਨਚਾਉਂਦਾ ਰਿਹਾ।

ਆਪਣੀ ਆਪਣੀ ਤਰਜ਼ ਸਾਰੇ ਕੱਢਦੇ ਰਹੇ,
ਕੋਈ ਹੱਸਦਾ ਰਿਹਾ ਕੋਈ ਰੋਂਦਾ ਰਿਹਾ।

ਹਰ ਕੋਈ ਆਪਣਾ ਰੋਲ ਕਰਦਾ ਰਿਹਾ,
ਕੋਈ ਜਾਂਦਾ ਰਿਹਾ, ਕੋਈ ਆਉਂਦਾ ਰਿਹਾ।

ਜਿਸ ਤਰ੍ਹਾਂ ਵੀ ਵਿਧਾਤਾ ਨੇ ਕਿਸਮਤ ਲਿਖੀ,
ਬੰਦਾ ਰੱਬ ਦੀ ਰਜ਼ਾ ਨੂੰ ਨਿਭਾਉਂਦਾ ਰਿਹਾ।

ਸਭ ਪਤਾ ਹੈ ਕਿ ਹਿੱਸਾ ਤਾਂ ਲਿਖਿਆ ਪਿਆ,
ਫਿਰ ਵੀ ਵਧ ਚੜ੍ਹ ਸਕੀਮਾਂ ਬਣਾਉਂਦਾ ਰਿਹਾ।

ਤੁਰਨਾ ਧਰਤੀ 'ਤੇ ਪੈਣਾ ਹੈ ਇਨਸਾਨ ਨੂੰ,
ਫੇਰ ਵੀ ਅਸਮਾਨ ਨੂੰ ਹੱਥ ਪਾਉਂਦਾ ਰਿਹਾ।

ਅੰਬ ਲਾਉਂਣੇ ਕਿਸੇ ਨੇ ਤੇ ਖਾਣੇ ਕਿਸੇ,
ਫਿਰ ਵੀ ਬੂਟੇ 'ਤੇ ਬੂਟਾ ਲਗਾਉਂਦਾ ਰਿਹਾ।

'ਕੱਲੇ ਆਏ ਤੇ 'ਕੱਲੇ ਚਲੇ ਜਾਣਾ ਹੈ,
ਬੰਦਾ ਪਰਿਵਾਰ ਫਿਰ ਵੀ ਵਧਾਉਂਦਾ ਰਿਹਾ।

ਬੇਸਮਝ ਹੈ ਜੇ ਸੁੱਨੜ ਤਾਂ ਮੈਂ ਕੀ ਕਰਾਂ,
ਉਸਨੂੰ ਹਰ ਰੋਜ਼ ਰਸਤਾ ਦਿਖਾਉਂਦਾ ਰਿਹਾ।

ਭੱਜਿਆ ਜਾਂਦਾ ਧੜੱਮ ਕਰਕੇ ਡਿੱਗ ਪਿਆ,
ਰੁਕ ਜਾ! ਰੁਕ ਜਾ!! ਮੈਂ 'ਵਾਜ਼ਾਂ ਲਗਾਉਂਦਾ ਰਿਹਾ।

پتلیاں دا تماشہ.....

پتلیاں دا تماشہ سی ہوندا رہیا
کوئی نچدا تے کوئی نچاؤندا رہیا

اپنی اپنی طرز سارے کڈھدے رہے،
کوئی ہسدا رہا کوئی روندا رہیا

ہر کوئی اپنا رول کردا رہا،
کوئی جاندا رہا، کوئی آؤندا رہیا

جس طرحاں وی ودھاتا نے قسمت لکھی،
بندہ رب دی رضا نوں نبھاؤندا رہیا

سبھ پتہ ہے کہ حصہ تاں لکھیا پیا،
پھر وی ودھ چڑھ سکیماں بناؤندا رہیا

ترنا دھرتی 'تے پینا ہے انسان نوں،
پھیر وی اسمان نوں ہتھ پاؤندا رہیا

امب لاؤنے کسے نے تے کھانے کسے،
پھر وی بوٹے 'تے بوٹا لگاؤندا رہیا

'کلے آئے تے 'کلے چلے جانا ہے،
بندہ پریوار پھر وی ودھاؤندا رہیا

بے سمجھ ہے جے سنڑ تاں میں کیہ کراں،
اسنوں ہر روز رستہ دکھاؤندا رہیا

بھجیا جاندا دھڑم کرکے ڈگ پیا،
رک جا! رک جا!! میں 'واجاں لگاؤندا رہیا

ਰਾਮ ਤੇ ਰਾਵਣ

ਰਾਮ ਤੇ ਰਾਵਣ ਦੀਆਂ ਸੀ ਰਾਸ਼ੀਆਂ ਤਾਂ ਰਲਦੀਆਂ,
ਪਰ ਕ੍ਰਿਸ਼ਨ ਦਾ ਤੇ ਕੰਸ ਦਾ ਕਿਰਦਾਰ ਆਪਣਾ-ਆਪਣਾ।
ਪੋਤੇ ਨੱਤੇ ਇੱਕ ਹੀ ਬਾਬੇ ਦੇ ਭਾਵੇਂ ਹਾਂ ਅਸੀਂ,
ਪਰ 'ਕੱਲੇ-'ਕੱਲੇ ਸਖ਼ਸ਼ ਦਾ ਸਤਿਕਾਰ ਆਪਣਾ-ਆਪਣਾ।

ਕਿਸਮ ਤਾਂ ਇੱਕੋ ਅਸੀਂ ਇਹ ਜਿਸਮ ਵੀ ਇੱਕੋ ਜਿਹਾ,
ਪਰ ਹਰ ਕਿਸੇ ਦਾ ਫੇਰ ਵੀ ਵਿਵਹਾਰ ਆਪਣਾ-ਆਪਣਾ।
ਦਿਲ ਦੀ ਬਣਤਰ ਇੱਕ ਹੈ, ਧੜਕਣ ਵੀ ਹੈ ਇੱਕੋ ਜਿਹੀ,
ਪਰ ਵੱਖਰੇ-ਵੱਖਰੇ ਦਿਲਾਂ ਵਿੱਚ ਪਿਆਰ ਆਪਣਾ-ਆਪਣਾ।

ਸ਼ਬਦ ਵੀ ਇੱਕੋ ਜਿਹੇ ਬੋਲੀ ਵੀ ਸਾਡੀ ਇੱਕ ਹੈ,
ਪਰ ਹਰ ਕਿਸੇ ਦੀ ਜੀਭ 'ਤੇ ਇਜ਼ਹਾਰ ਆਪਣਾ-ਆਪਣਾ।
ਕੋਈ ਫੁੱਲ ਕਿਹੜੇ ਬਗ਼ੀਚੇ, ਕਿਸ ਤਰਾਂ ਖਿੜਿਆ ਕਦੇ,
ਗੁਲ ਵੀ ਆਪੋ-ਆਪਣੇ ਗੁਲਜ਼ਾਰ ਆਪਣਾ-ਆਪਣਾ।

ਰਾਮ ਤੇ ਰਾਵਣ ਦੀਆਂ ਸੀ ਰਾਸ਼ੀਆਂ ਤਾਂ ਰਲਦੀਆਂ,
ਪਰ ਕ੍ਰਿਸ਼ਨ ਦਾ ਤੇ ਕੰਸ ਦਾ ਕਿਰਦਾਰ ਆਪਣਾ-ਆਪਣਾ।

•

رام تے راون

رام تے راون دیاں سی راشیاں تاں رلدیاں،
پر کرشن دا تے کنس دا کردار اپنا اپنا
پوتے نتے اک ہی بابے دے بھاویں ہاں اسیں،
پر 'کلے 'کلے شخص دا ستکار اپنا اپنا

قسم تاں اکو اسیں ایہہ جسم وی اکو جیہا،
پر ہر کسے دا پھیر وی ووہار اپنا اپنا
دل دی بنتر اک ہے، دھڑکن وی ہے اکو جہی،
پر وکھرے وکھرے دلاں وچ پیار اپنا اپنا

شبد وی اکو جہے بولی وی ساڈی اک ہے،
پر ہر کسے دی جیبھ 'تے اظہار اپنا اپنا
کوئی پھل کیہڑے بغیچے، کس طرحاں کھڑیا کدے،
گل وی آپو اپنے گلزار اپنا اپنا

رام تے راون دیاں سی راشیاں تاں رلدیاں،
پر کرشن دا تے کنس دا کردار اپنا اپنا

ਸਮਾਂ

ਸਮਾਂ ਤਾਂ ਬਿਲਕੁੱਲ ਨਵਾਂ ਨਰੋਆ, ਕੋਈ ਨਾ ਰੂਪ ਵਟਾਇਆ।
ਲੰਘਦੇ-ਲੰਘਦੇ ਲੰਘ ਜਾਣਾ ਮੈਂ ਅੱਧੋਂ ਵੱਧ ਲੰਘਾਇਆ।
ਸਮਾਂ ਬੀਤਿਆ ਫਿਰ ਨਾ ਆਉਣਾ, ਭਰਮ ਜਿਹਾ ਕਿਨ ਪਾਇਆ।
ਮੈਨੂੰ ਲੱਗਦਾ ਸਮੇਂ ਨੇ ਮੈਨੂੰ, ਰੱਜ-ਰੱਜ ਰੋਜ਼ ਹੰਢਾਇਆ।

ਸਮਾਂ ਤਾਂ ਬਿਲਕੁੱਲ ਨਵਾਂ ਨਰੋਆ, ਕੋਈ ਨਾ ਰੂਪ ਵਟਾਇਆ।

ਨਿੱਕੇ-ਨਿੱਕੇ ਸੀ ਅੰਗ ਮੇਰੇ, ਫਿਰ ਜੋਬਨ ਰੁੱਤ ਆਈ।
ਕਿੰਨਾ ਬਦਲ ਗਿਆ ਇਹ ਚੇਹਰਾ, ਬਦਲ ਗਈ ਪਰਛਾਈ।
ਹੌਲੀ-ਹੌਲੀ ਅੱਜ ਹੁਣ ਚਿੱਟੇ ਧੌਲਿਆਂ ਦੀ ਰੁੱਤ ਆਈ।
ਬੀਤ ਜਾਊਂਗਾ ਪਹਿਲਾਂ ਵਾਂਗੂੰ, ਕੋਈ ਰੋਕ ਨਾ ਪਾਇਆ।

ਸਮਾਂ ਤਾਂ ਬਿਲਕੁੱਲ ਨਵਾਂ ਨਰੋਆ, ਕੋਈ ਨਾ ਰੂਪ ਵਟਾਇਆ।

ਇੱਕ ਦਿਨ ਮੇਰੀਆਂ ਸਾਰੀਆਂ ਗਰਜ਼ਾਂ ਮਾਂ ਮੇਰੀ ਨੇ ਪੂਰੀਆਂ।
ਜਦ ਹੀ ਰੀਝਾਂ ਜੰਮੀਆਂ, ਜੰਮਦਿਆਂ ਸਾਰ ਬੜਾ ਹੀ ਝੂਰੀਆਂ।
ਪੱਤਝੜ ਰੁੱਤ ਜਦ ਨਜ਼ਰ ਪਈ, ਤਾਂ ਮੈਂ ਖੁਦ ਰੀਝਾਂ ਘੂਰੀਆਂ।
ਟੁੱਟ ਜਾਣਾ ਹੈ ਇੱਕ ਦਿਨ, ਪੰਜਾਂ ਤੱਤਾਂ ਨੇ ਜਦ ਟੁੱਟਣਾ ਚਾਹਿਆ।

ਸਮਾਂ ਤਾਂ ਬਿਲਕੁੱਲ ਨਵਾਂ ਨਰੋਆ, ਕੋਈ ਨਾ ਰੂਪ ਵਟਾਇਆ।

ਸੀਮਾਬੱਧ ਸੀਮਾ ਸਰ ਹੁੰਦੀਆਂ, ਸਮਾਂ ਅਸੀਮ ਕਿਸੇ ਨਾ ਗਾਹਿਆ।
ਜਨਮ ਲੈਣ ਵਾਲੇ ਮਰਦੇ ਨੇ, ਸਮੇਂ ਨੇ ਕਿਹੜਾ ਗਰਭ ਹੰਢਾਇਆ।
ਅਰਬਾਂ-ਖਰਬਾਂ ਜਿਸਮਾਂ ਨੂੰ, ਸਮੇਂ-ਸਮੇਂ ਸਿਰ ਸਮੇਂ ਨੇਂ ਢਾਇਆ।
ਸਮੇਂ ਦੀਆਂ ਸੂਈਆਂ ਨੂੰ ਆਪਾਂ, ਆਪਣੇ ਲਈ ਬਣਾਇਆ।

ਸਮਾਂ ਤਾਂ ਬਿਲਕੁੱਲ ਨਵਾਂ ਨਰੋਆ, ਕੋਈ ਨਾ ਰੂਪ ਵਟਾਇਆ।
ਲੰਘਦੇ-ਲੰਘਦੇ ਲੰਘ ਜਾਣਾ ਮੈਂ ਅੱਧੋਂ ਵੱਧ ਲੰਘਾਇਆ।

•

سماں

سماں تاں بلکل نواں نروآ، کوئی نہ روپ وٹایا
لنگھدے لنگھدے لنگھ جانا میں ادھوں ودھ لنگھایا
سماں بیتیا پھر نہ آؤنا، بھرم جیہا کن پایا
مینوں لگدا سمیں نے مینوں، رج رج روز ہنڈھایا

سماں تاں بلکل نواں نروآ، کوئی نہ روپ وٹایا

نکے نکے سی انگ میرے، پھر جوبن رت آئی
کنا بدل گیا ایہہ چہرا، بدل گئی پرچھائی
ہولی ہولی اج ہن چٹے دھولیاں دی رت آئی
بیت جاؤنگا پہلاں وانگوں، کوئی روک نہ پایا

سماں تاں بلکل نواں نروآ، کوئی نہ روپ وٹایا

اک دن میریاں ساریاں غرضاں ماں میری نے پوریاں
جد ہی ریجھاں جمیاں، جمدیاں سار بڑا ہی جھوریاں
پتجھڑ رت جد نظر پئی، تاں میں خود ریجھاں گھوریاں
ٹٹ جانا ہے اک دن، پنجاں تتاں نے جد ٹٹنا چاہیا

سماں تاں بلکل نواں نروآ، کوئی نہ روپ وٹایا

سیمابدھ سیما سر ہوندیاں، سماں اسیم کسے نہ گاہیا
جنم لین والے مردے نے، سمیں نے کیہڑا گربھ ہنڈھایا
عرباں کھرباں جسماں نوں، سمیں سمیں سر سمیں نیں ڈھایا
سمیں دیاں سوئیاں نوں آپاں، اپنے لئی بنایا

سماں تاں بلکل نواں نروآ، کوئی نہ روپ وٹایا
لنگھدے لنگھدے لنگھ جانا میں ادھوں ودھ لنگھایا

ਸਾਥੀ

ਦੁਨੀਆ ਦੇ ਸਾਥੀ ਬਣ-ਬਣ ਕੇ ਵੇਖ ਲਿਆ,
ਹੁਣ ਤਾਂ ਯਾਰੋ! ਆਪਣਾ ਸਾਥ ਨਿਭਾਵਾਂਗੇ।
ਲੋਕਾਂ ਨੂੰ ਪਰਚਾ-ਪਰਚਾ ਕੇ ਕੀ ਮਿਲਿਆ,
ਹੁਣ ਤਾਂ ਯਾਰੋ! ਆਪਣਾ ਮਨ ਪਰਚਾਵਾਂਗੇ।

ਘੁੱਟੀਆਂ ਰੱਖੀਆਂ ਰੀਝਾਂ ਸਾਰੀ ਉਮਰ ਅਸੀਂ,
ਰੀਝਾਂ ਦੇ ਨਾਲ ਖੁੱਲ੍ਹ ਕੇ ਕਿੱਕਲੀ ਪਾਵਾਂਗੇ।
ਲੋਕਾਂ ਦੇ ਗੀਤਾਂ ਨੂੰ ਗਾ-ਗਾ ਥੱਕ ਗਏ,
ਹੁਣ ਆਪਣੇ ਗੀਤਾਂ ਨੂੰ ਰੱਜ-ਰੱਜ ਗਾਵਾਂਗੇ।

ਹੋਰਾਂ ਦੇ ਦਿਲ ਖੁਸ਼ ਕਰ-ਕਰ ਕੇ ਹਾਰ ਗਏ,
ਆਪਣੀਆਂ ਖੁਸ਼ੀਆਂ ਦੀ ਈਦ ਮਨਾਵਾਂਗੇ।
ਰੱਬ ਵਾਂਗੂੰ ਲੋਕਾਂ ਦੀ ਪੂਜਾ ਕਰ ਵੇਖੀ,
ਆਪਣਾ ਰਾਂਝਾ ਰਾਜ਼ੀ ਕਰਨਾ ਚਾਹਵਾਂਗੇ।

ਝੁਕ-ਝੁਕ ਸਜਦਾ ਕਰਨਾ ਰਾਸ ਨਹੀਂ ਆਇਆ।
ਆਪਣੇ ਮਨ ਮਿੱਤਰ ਨੂੰ ਪੀਰ ਬਣਾਵਾਂਗੇ।
ਦੁਨੀਆ ਦੇ ਸਾਥੀ ਬਣ-ਬਣ ਕੇ ਵੇਖ ਲਿਆ,
ਹੁਣ ਤਾਂ ਯਾਰੋ! ਆਪਣਾ ਸਾਥ ਨਿਭਾਵਾਂਗੇ।

•

ساتھی

دنیا دے ساتھی بن بن کے ویکھ لیا،
ہن تاں یارو! اپنا ساتھ نبھاواں گے
لوکاں نوں پرچا پرچا کے کیہ مِلیا
ہُن تاں یارو! اپنا من پرچاواں گے

گھٹیاں رکھیاں ریجھاں ساری عمر اسیں،
ریجھاں دے نال کھلھ کے ککلی پاوانگے
لوکاں دے گیتاں نوں گا گا تھک گئے،
ہن اپنے گیتاں نوں رج رج گاواں گے

ہوراں دے دل خوش کر کر کے ہار گئے،
اپنیاں خوشیاں دی عید مناواں گے
رب وانگوں لوکاں دی پوجا کر ویکھی،
اپنا رانجھا راضی کرنا چاہواں گے

جھک جھک سجدہ کرنا راس نہیں آیا
اپنے من متر نوں پیر بناواں گے
دنیا دے ساتھی بن بن کے ویکھ لیا،
ہن تاں یارو! اپنا ساتھ نبھاواں گے

ਸ਼ਿਸ਼ੁਪਾਲ

ਰਾਜੇ ਦੇ ਘਰ ਪੈਦਾ ਹੋਇਆ, ਮਾਂ ਮੇਰੀ ਪਟਰਾਣੀ।
ਨੌਕਰ ਚਾਕਰ ਨੱਠੇ ਫਿਰਦੇ, ਗੋਲੀਆਂ ਦੀ ਇੱਕ ਛਾਣ੍ਹੀ

ਰਾਣੇਂ, ਰਾਜੇ 'ਕੱਠੇ ਹੋ ਕੇ ਆਏ ਦੇਣ ਵਧਾਈਆਂ।
ਮਹਾਂਰਾਣੀਆਂ 'ਕੱਠੀਆਂ ਹੋਈਆਂ ਸੁਲਤਾਨਾਂ ਦੀਆਂ ਜਾਈਆਂ।

ਜੰਮਦਿਆਂ ਸਾਰ ਜਿਸਮ ਮੇਰੇ ਦਾ ਕੋਝਾਪਣ ਦਿਸ ਆਇਆ।
ਮਾਲਕ ਦੀ ਮਰਜ਼ੀ ਜੋ ਮੈਨੂੰ ਬਦਸੂਰਤ ਬਣਵਾਇਆ।

ਮਾਂ ਰੋ-ਰੋ ਕੇ ਕਮਲੀ ਹੋਈ, ਇਹ ਕੀ ਭਾਣਾ ਹੋਇਆ।
ਪੁੱਤ ਜੰਮਣ 'ਤੇ ਰਾਜੇ ਦਾ ਘਰ ਬਣਿਆ ਇੱਕ ਨਰੋਆ।

ਤੇਰੀ ਲੀਲ੍ਹਾ ਕ੍ਰਿਸ਼ਨ ਮੁਰਾਰੀ ਖੁਦ ਆ ਕੇ ਹੱਥ ਲਾਇਆ।
ਪਲ ਛਿਣ ਵਿੱਚ ਹੀ ਜਿਸਮ ਮੇਰੇ ਦਾ ਸਾਰਾ ਕੋਝ ਮਿਟਾਇਆ।

ਰਾਜੇ ਦਾ ਪੁੱਤ ਸ਼ਿਸ਼ੁਪਾਲ ਵੀ ਇੱਕ ਦਿਨ ਰਾਜਾ ਬਣਿਆ।
ਰਾਜ ਭਾਗ ਤੇ ਧਨ ਦੌਲਤ ਦਾ ਬਹੁਤ ਹੀ ਤਾਣਾ ਤਣਿਆ।

ਐਸੀ ਤਾਜ, ਤਖ਼ਤ ਦੀ ਤਾਕਤ ਰੱਬ ਵੀ ਭੁੱਲਦਾ ਜਾਵੇ।
ਬਸ! ਓਹ ਹੀ ਕੰਮ ਚੰਗਾ ਲੱਗੇ, ਜਿਹੜਾ ਮਨ ਨੂੰ ਭਾਵੇ।

شِشُوپال

راجے دے گھر پیدا ہویا، ماں میری پٹرانی
نوکر چاکر نٹھے پھردے، گولیاں دی اک ڈھانھی

رانیں، راجے 'کٹھے ہو کے آئے دین ودھائیاں
مہارانیاں 'کٹھیاں ہوئیاں سلطاناں دیاں جائیاں

جمدیاں سار جسم میرے دا کوجھاپن دس آیا
مالک دی مرضی جو مینوں بدصورت بنوایا

ماں رو رو کے کملی ہوئی، ایہہ کیہ بھانا ہویا
پت جمن 'تے راجے دا گھر بنیا اک نڑوآ

تیری لیلہ کرشن مراری خود آ کے ہتھ لایا
پل چھن وچ ہی جسم میرے دا سارا کوجھ مٹایا

راجے دا پت ششوپال وی اک دن راجا بنیا
راج بھاگ تے دھن دولت دا بہت ہی تانا تنیا

ایسی تاج، تخت دی طاقت رب وی بھلدا جاوے
بس! اوہ ہی کم چنگا لگے، جیہڑا من نوں بھاوے

ਧਰਮ ਰਾਜ ਨੇ ਆਪਣੇ ਹੱਥੀਂ ਅਦਭੁੱਤ ਮਹਿਲ ਬਣਾਇਆ।
ਸ਼ਿਸ਼ੂਪਾਲ ਰਾਜਾ ਵੀ, ਬਾਕੀ ਰਾਜਿਆਂ ਦੇ ਸੰਗ ਆਇਆ।

ਬੋਲੀ ਜਾਵਾਂ ਜੋ ਮੂੰਹ ਆਵੇ ਭੁੱਲ ਗਿਆ ਭਗਵਾਨ।
ਫਿਰ ਕੀ ਹੋਇਆ ਜੇ ਰੱਬ ਰਾਜਾ, ਮੈਂ ਵੀ ਤਾਂ ਸੁਲਤਾਨ।

ਅੱਤ ਦੇ ਨਾਲ ਵੈਰ ਖੁਦਾ ਦਾ ਮੈਨੂੰ ਯਾਦ ਨਾ ਆਇਆ।
ਆਪਣੀਂ ਕਰਤੂਤੀਂ ਮੈਂ ਆਪਣਾ ਰੱਬ ਤੋਂ ਕਤਲ ਕਰਾਇਆ।

ਆਪ ਉਪਾਇਆ ਆਪ ਮਿਟਾਇਆ ਮੈਂ ਇਹ ਭੇਦ ਨਾ ਜਾਣਾ।
ਤੇਰੀ ਮੇਹਰ ਹੋਵੇ ਤਾਂ ਹੀ ਤਾਂ ਮੰਨਾਂ ਤੇਰਾ ਭਾਣਾ।

•

دھرم راج نے اپنے ہتھیں ادبھت محل بنایا
ششوپال راجا وی، باقی راجیاں دے سنگ آیا

بولی جاواں جو مُونہہ آوے بھل گیا بھگوان
پھر کیہ ہویا جے رب راجا، میں وی تاں سلطان

ات دے نال ویر خدا دا مینوں یاد نہ آیا
آپنیں کرتوتیں میں اپنا رب توں قتل کرایا

آپ اپایا آپ مٹایا میں ایہہ بھید نہ جانا
تیری میہر ہووے تاں ہی تاں مناں تیرا بھانا

ਧੰਨਵਾਦ

ਧੰਨਵਾਦ ਬਾਪੂ ਤੇ ਮਾਂ ਦਾ,
ਧੀ ਜੰਮੀ ਤੇ ਦੋਹਾਂ ਨੇ ਹੀ,
ਮੱਥੇ ਵੱਟ ਨਾ ਪਾਇਆ।
ਪਰਵਰਦਗਾਰ ਅਪਾਰ ਦੀ ਕਿਰਪਾ,
ਭੈਣ ਨਾਲ ਖੇਡਣ ਦੀ ਖਾਤਰ,
ਵੀਰਾ ਮਾਂ ਨੇ ਜਾਇਆ।

ਧੀ-ਭੈਣ ਬਣ ਕੇ ਤੂੰ ਦੱਸਿਆ,
ਆਪਣੇ ਪਿਉ- ਦਾਦੇ ਦੀ ਪੱਗ ਨੂੰ
ਦਾਗ਼ ਰਤਾ ਨਾ ਲਾਇਆ।
ਧਰਮੀ ਬਾਪੂ ਧਰਮ ਕਮਾਇਆ,
ਤੂੰ ਵੀ ਆਪਣਾ ਫਰਜ਼ ਨਿਭਾਇਆ,
ਧੀ ਦਾ ਦਰਜਾ ਪਾਇਆ।

ਭੈਣ-ਭਾਈ ਰੱਖੜੀ ਦਾ ਰਿਸ਼ਤਾ,
ਵੀਰ ਸਲਾਮਤ ਦੇਖਣ ਲਈ ਤੂੰ,
ਹਰ ਇੱਕ ਪੀਰ ਮਨਾਇਆ।
ਫਿਰ ਇਕ ਦਿਨ ਐਸਾ ਆਇਆ,
ਮਾਂ-ਪਿਓ ਤੇਰੇ ਵਰ ਲੱਭਿਆ,
ਤੈਨੂੰ ਆਪਣਿਆਂ ਪਰਣਾਇਆ।

دھنواد

دھنواد باپو تے ماں دا،
دھی جمی تے دوہاں نے ہی،
متھے وٹ نہ پایا
پروردگار اپار دی کرپا،
بھین نال کھیڈن دی خاطر،
ویرا ماں نے جایا

دھی بھین بن کے توں دسیا،
اپنے پیو دادے دی پگ نوں
داغ رتا نہ لایا
دھرمی باپو دھرم کمایا،
توں وی اپنا فرض نبھایا،
دھی دا درجہ پایا

بھین بھائی رکھڑی دا رشتہ،
ویر سلامت دیکھن لئی توں،
ہر اک پیر منایا
پھر اک دن ایسا آیا،
ماں پیو تیرے ور لبھیا،
تینوں آپنیاں پرنایا

ਪਰਮੇਸ਼ਰ ਮੰਨਿਆ ਤੂੰ ਉਸਨੂੰ,
ਪਰਮ ਪੁਰਖ਼ ਲੱਗਿਆ ਉਹ ਤੈਨੂੰ,
ਤੂੰ ਦੀਨ ਇਮਾਨ ਲੁਟਾਇਆ।
ਤੇਰੀ ਕੁੱਖ ਹਰੀ ਹੋਈ,
ਸੁਣੀ ਗਈ ਤੇਰੀ ਅਰਜ਼ੋਈ,
ਤੂੰ ਪੁੱਤਰ ਝੋਲੀ ਪਾਇਆ।

ਧੀ, ਭੈਣ, ਮਾਂ ਬਣਕੇ,
ਹਰ ਰੁੱਤ ਹਰ ਰੰਗ ਤੂੰ
ਅੜੀਏ! ਕਿੱਦਾਂ ਤੋੜ ਨਿਭਾਇਆ।

•

پرمیشر منیا توں اسنوں،
پرم پرکھ لگیا اوہ تینوں،
توں دین ایمان لٹایا
تیری ککھ ہری ہوئی،
سنی گئی تیری عرضوئی،
توں پتر جھولی پایا
دھی، بھین، ماں بنکے،
ہر رت ہر رنگ توں
اڑیے! کداں توڑ نبھایا

چاء

جد وی ساڈی ریجھ مری، 'کلے بہہ کے روئے،
کاہدا ایسا جیون جیکر سارے چاء ادھموئے

مر مکے چاء سارے، ساڈیاں ریجھاں وی مر گئیاں،
جؤندے رہے اساں توں پر پران نہیں چھڈ ہوئے

قسمت لکھن والیا دس! ساتھوں کیہ غلطی ہوئی
نینھ بخش کے سانوں پھر کیوں ہنجھوآں وچ ڈبوئے

بھر جوبن دا بھرم جیہا، ایویں سانوں کروایا،
بھکھدے انگ بھلا! کاہتوں اسیں بکل وچ لکوئے

جو جو کارج کیتا اک اپرادھ جیہا کیوں لگیا،
اکثر انجھ کیوں لگیا ساتھوں پاپ نہیں دھو ہوئے

جے جیون دتا سی اک دو چاء وی جے دے دیندا،
جیون دی ارتھی دے ساتھوں ارتھ نہیں کر ہوئے

ਚਾਅ

ਜਦ ਵੀ ਸਾਡੀ ਰੀਝ ਮਰੀ, 'ਕੱਲੇ ਬਹਿ ਕੇ ਰੋਏ,
ਕਾਹਦਾ ਐਸਾ ਜੀਵਨ ਜੇਕਰ ਸਾਰੇ ਚਾਅ ਅੱਧਮੋਏ।

ਮਰ ਮੁੱਕੇ ਚਾਅ ਸਾਰੇ, ਸਾਡੀਆਂ ਰੀਝਾਂ ਵੀ ਮਰ ਗਈਆਂ,
ਜਿਉਂਦੇ ਰਹੇ ਅਸਾਂ ਤੋਂ ਪਰ ਪ੍ਰਾਣ ਨਹੀਂ ਛੱਡ ਹੋਏ।

ਕਿਸਮਤ ਲਿਖਣ ਵਾਲਿਆ ਦੱਸ! ਸਾਥੋਂ ਕੀ ਗ਼ਲਤੀ ਹੋਈ
ਨੈਣੂੰ ਬਖ਼ਸ਼ ਕੇ ਸਾਨੂੰ ਫਿਰ ਕਿਉਂ ਹੰਝੂਆਂ ਵਿੱਚ ਡਬੋਏ।

ਭਰ ਜੋਬਨ ਦਾ ਭਰਮ ਜਿਹਾ, ਐਵੇਂ ਸਾਨੂੰ ਕਰਵਾਇਆ,
ਭਖਦੇ ਅੰਗ ਭਲਾ! ਕਾਹਤੋਂ ਅਸੀਂ ਬੁੱਕਲ ਵਿੱਚ ਲਕੋਏ।

ਜੋ-ਜੋ ਕਾਰਜ ਕੀਤਾ ਇੱਕ ਅਪਰਾਧ ਜਿਹਾ ਕਿਉਂ ਲੱਗਿਆ,
ਅਕਸਰ ਇੰਝ ਕਿਉਂ ਲੱਗਿਆ ਸਾਥੋਂ ਪਾਪ ਨਹੀਂ ਧੋ ਹੋਏ।

ਜੇ ਜੀਵਨ ਦਿੱਤਾ ਸੀ ਇੱਕ ਦੋ ਚਾਅ ਵੀ ਜੇ ਦੇ ਦੇਂਦਾ,
ਜੀਵਨ ਦੀ ਅਰਥੀ ਦੇ ਸਾਥੋਂ ਅਰਥ ਨਹੀਂ ਕਰ ਹੋਏ।

•

ਮਹਿਕਾਂ ਦਾ ਵਣਜਾਰਾ ਭੰਵਰਾ

ਮਹਿਕਾਂ ਦਾ ਵਣਜਾਰਾ ਭੰਵਰਾ।
ਪਰ ਭੰਵਰੇ ਤੋਂ ਮਹਿਕ ਨਾ ਆਵੇ।

ਹਰ ਇੱਕ ਫੁੱਲ ਨੂੰ ਸੁੰਘਣਾ ਚਾਹਵੇ
ਹਰ ਸੋਹਣਾ ਰੰਗ ਦਿਲ ਨੂੰ ਭਾਵੇ
ਕੋਮਲਤਾ ਦੇ ਨਿੱਤ ਗੁਣ ਗਾਵੇ।

ਮਹਿਕਾਂ ਦਾ ਵਣਜਾਰਾ ਭੰਵਰਾ।
ਪਰ ਭੰਵਰੇ ਤੋਂ ਮਹਿਕ ਨਾ ਆਵੇ।

ਸਭ ਦੁਨੀਆਂ ਭੰਵਰੇ ਨੂੰ ਜਾਣੇ
ਸੱਥ ਵਿੱਚ ਗੱਲਾਂ ਕਰਨ ਸਿਆਣੇ
ਹਰ ਫੁੱਲ ਦੀ ਉਹ ਮਹਿਕ ਪਛਾਣੇ
ਬਾਗਾਂ ਦੇ ਵਿੱਚ ਗਾਉਂਦਾ ਗਾਣੇ।

ਭੰਵਰੇ ਤੋਂ ਹਰ ਕੋਈ ਡਰਦਾ
ਕਿੱਧਰੇ ਨੱਕ 'ਤੇ ਨਾ ਲੜ ਜਾਵੇ।

ਮਹਿਕਾਂ ਦਾ ਵਣਜਾਰਾ ਭੰਵਰਾ।
ਪਰ ਭੰਵਰੇ ਤੋਂ ਮਹਿਕ ਨਾ ਆਵੇ।

ਫੁੱਲ ਭੰਵਰੇ ਦੇ ਮਨ ਦੇ ਮੀਤ
ਮਹਿਕ ਨਾਲ ਭੰਵਰੇ ਦੀ ਪ੍ਰੀਤ

مہکاں دا ونجارا بھنورا

مہکاں دا ونجارا بھنورا
پر بھنورے توں مہک نہ آوے

ہر اک پھل نوں سنگھنا چاہوے
ہر سوہنا رنگ دل نوں بھاوے
کوملتا دے نت گن گاوے

مہکاں دا ونجارا بھنورا

پر بھنورے توں مہک نہ آوے
سبھ دنیاں بھنورے نوں جانے
ستھ وچ گلاں کرن سیانے
ہر پھل دی اوہ مہک پچھانے
باغاں دے وچ گاؤندا گانے

بھنورے توں ہر کوئی ڈردا
کدھرے نک 'تے نہ لڑ جاوے

مہکاں دا ونجارا بھنورا
پر بھنورے توں مہک نہ آوے

پھل بھنورے دے من دے میت
مہک نال بھنورے دی پریت

ਗਰਮੀਂ ਹੈ ਜਾਂ ਸਰਦੀ ਸੀਤ
ਫੁੱਲ ਸੁੰਘਣੇ ਭੰਵਰੇ ਦੀ ਰੀਤ।

ਸੁੰਦਰਤਾ ਦੇ ਸੰਗ ਨਿੱਤ ਰਹਿੰਦਾ
ਪਰ ਖੁਦ ਸੁੰਦਰ ਨਾ ਬਣ ਪਾਵੇ।

ਮਹਿਕਾਂ ਦਾ ਵਣਜਾਰਾ ਭੰਵਰਾ।
ਪਰ ਭੰਵਰੇ ਤੋਂ ਮਹਿਕ ਨਾ ਆਵੇ।

ਮੇਰਾ ਮਨ ਕਾਬੂ ਨਾ ਆਉਂਦਾ
ਮਹਿਕਾਂ 'ਤੇ ਮਨ ਮੋਹਣਾ ਚਾਹੁੰਦਾ।

ਸੁੰਦਰਤਾ ਦੇ ਮਹਿਲ ਬਣਾਉਂਦਾ
ਕੋਮਲਤਾ ਦੇ ਨਾ' ਚਿੱਤ ਲਾਉਂਦਾ।

ਸੁੰਦਰ ਸੋਚ ਨਹੀਂ ਮਨ ਅੰਦਰ
ਕੋਮਲਤਾ ਦਾ ਅਰਥ ਨਾ ਆਵੇ।

ਮਹਿਕਾਂ ਦਾ ਵਣਜਾਰਾ ਭੰਵਰਾ।
ਪਰ ਭੰਵਰੇ ਤੋਂ ਮਹਿਕ ਨਾ ਆਵੇ।

•

گرمں ہے جاں سردی سیت
پھل سنگھنے بھنورے دی ریت

سندرتا دے سنگ نت رہندا
پر خود سندر نہ بن پاوے

مہکاں دا ونجارا بھنورا
پر بھنورے توں مہک نہ آوے

میرا من قابو نہ آؤندا
مہکاں 'تے من موہنا چاہندا

سندرتا دے محل بناؤندا
کوملتا دے نہ' چت لاؤندا

سندر سوچ نہیں من اندر
کوملتا دا ارتھ نہ آوے

مہکاں دا ونجارا بھنورا
پر بھنورے توں مہک نہ آوے

ਇੱਛਾਧਾਰੀ

ਕਿਸੇ ਦੇ ਬਾਰੇ ਤਾਂ ਸੋਚਾਂ ਜੇ ਮੇਰੀ ਭੁੱਖ ਮਿਟ ਜਾਵੇ।
ਭੁੱਖਣ ਭਾਣੇ ਬੰਦੇ ਕੋਲੋਂ ਕੀ ਕੋਈ ਆਸ ਰਖਾਵੇ।

ਵਿਹਲ ਮਿਲੇ ਮੇਰੇ ਤੋਂ ਮੈਨੂੰ, ਤਾਂ ਕੁੱਝ ਤੇਰਾ ਸੋਚਾਂ।
ਆਪਣੀ ਹੀ ਭੁੱਖ ਮੇਟਣ ਖਾਤਰ ਰਾਤ ਦਿਨੇ ਮੈਂ ਲੋਚਾਂ।

ਸ਼ੁਕਰ ਕਰਾਂ ਜੇ ਮੇਰਾ ਮਾਲਕ ਮੈਨੂੰ ਰਾਹ ਦਿਖਾਵੇ।
ਮੇਰਿਆਂ ਪੈਰ੍ਹਾਂ ਉੱਤੇ ਹੀ ਮੈਨੂੰ ਤੁਰਨਾ ਆ ਆਵੇ।

ਮੇਰੀਆਂ ਲੱਤਾਂ ਕੋਲੋਂ ਮੇਰਾ ਭਾਰ ਨਾ ਚੁੱਕਿਆ ਜਾਵੇ।
ਜੇ ਕੋਈ ਭਾਰ ਵੰਡਾ ਸਕਦਾ ਹੈ, ਉਹੀਓ ਭਰੀ ਚੁਕਾਵੇ।

ਬੇਵਸੀਆਂ ਨੇ ਬਸ ਕਰਵਾਈ, ਵਸ ਨਹੀਂ ਕੁੱਝ ਮੇਰੇ।
ਮੇਰਾ ਆਪਣਾ ਇੱਛਾਧਾਰੀ ਮੇਰੇ ਵਸ ਨਾ ਆਵੇ।

ਮੇਰੀ ਕਮਜ਼ੋਰੀ, ਲੱਕ ਮੇਰਾ ਸਿੱਧਿਆਂ ਤੁਰਨ ਨਾ ਦੇਵੇ।
ਹਵਸ ਮੇਰੀ ਨੇ ਕਾਬੂ ਕੀਤਾ ਕਿਹੜਾ ਆਣ ਛੁਡਾਵੇ।

ਢਿੱਡ ਦੀ ਭੁੱਖ ਹੈ ਕਿੰਨੀ ਭੈੜੀ ਡੰਗ ਦੋ ਡੰਗ ਨਾ ਜਰਦੀ।
ਢਿੱਡੋਂ ਭੁੱਖਾ ਮੈਂ ਜਦ ਹੋਵਾਂ ਕੁੱਝ ਵੀ ਹੋਰ ਨਾ ਭਾਵੇ।

ਪੇਟ ਦੀ ਪੂਜਾ ਕਰਕੇ ਹੀ ਫਿਰ ਦਿਲ ਦੀ ਵਾਰੀ ਆਵੇ।
ਖ਼ਾਲੀ ਪੇਟ ਸ਼ਾਇਦ ਕੋਈ ਨਾ ਦਿਲ ਦਾ ਹਾਲ ਸੁਣਾਵੇ।

ਤਨ-ਮਨ ਦੇ ਵਿੱਚ ਦਰਦ ਜੇ ਕੋਈ ਸੋਚ ਕਿੱਧਰ ਨੂੰ ਜਾਵੇ।
ਅਕਲਾਂ ਦੇ ਘੋੜੇ ਨੂੰ ਫਿਰ ਬਈ! ਕਿੱਦਾਂ ਕੋਈ ਦੁੜਾਵੇ।

ਜਿਸਮਾਨੀ ਭੁੱਖ ਮਿਟ ਜਾਵੇ ਤਾਂ ਗੁਰ ਚਰਨੀ ਚਿੱਤ ਲਾਵਾਂ
ਭੁੱਖਣ ਭਾਣੇ ਯਾਰੋ! ਰੱਬ ਵੀ ਕਿਤੇ ਨਜ਼ਰ ਨਾ ਆਵੇ।

•

اِچھادھاری

کسے دے بارے تاں سوچاں جے میری بھکھ مٹ جاوے
بھکھن بھانے بندے کولوں کیہ کوئی آس رکھاوے

وہل ملے میرے توں مینوں، تاں کجھ تیرا سوچاں
اپنی ہی بھکھ میٹن خاطر رات دنے میں لوچاں

شکر کراں جے میرا مالک مینوں راہ دکھاوے
میریاں پیرھاں اتے ہی مینوں ترنا آ آوے

میریاں لتاں کولوں میرا بھار نہ چکیا جاوے
جے کوئی بھار ونڈا سکدا ہے، اہیؤ بھری چکاوے

بیوسیاں نے بس کروائی، وس نہیں کجھ میرے
میرا اپنا اچھادھاری میرے وس نہ آوے

میری کمزوری، لک میرا سدھیاں ترن نہ دیوے
ہوس میری نے قابو کیتا کیہڑا آن چھڈاوے

ڈھڈ دی بھکھ ہے کنی بھیڑی ڈنگ دو ڈنگ نہ جردی
ڈھڈوں بھکھا میں جد ہواں کجھ وی ہور نہ بھاوے

پیٹ دی پوجا کرکے ہی پھر دل دی واری آوے
خالی پیٹ شاید کوئی نہ دل دا حال سناوے

تن من دے وچ درد جے کوئی سوچ کدھر نوں جاوے
عقلاں دے گھوڑے نوں پھر بئی! کداں کوئی دڑاوے

جسمانی بھکھ مٹ جاوے تاں گر چرنی چت لاواں
بھکھن بھانے یارو! رب وی کتے نظر نہ آوے

ਜੀ ਕਰਦਾ ਹੈ

ਤਾਕਤਵਰ ਦੁਨੀਆ ਤੋਂ ਹਾਰੇ ਸੱਜਣਾ ਵੇ!
ਤੇਰੇ ਕੋਲੋਂ ਹਰ ਜਾਵਣ ਨੂੰ ਜੀ ਕਰਦਾ ਹੈ।

ਸਹਿਮੇਂ-ਸਹਿਮੇਂ ਫਿਰਦੇ, ਮਰ-ਮਰ ਜੀਂਵਦਿਆ,
ਤੇਰੀ ਮੌਤੇ ਮਰ ਜਾਵਣ ਨੂੰ ਜੀ ਕਰਦਾ ਹੈ।

ਤੇਰੇ ਤੋਂ ਮਧਰਾ ਲੱਗਣ ਦਾ ਚਾਅ ਮੈਨੂੰ,
ਚਾਅ ਇਹ ਪੂਰਾ ਕਰ ਜਾਵਣ ਨੂੰ ਜੀ ਕਰਦਾ ਹੈ।

ਤੇਰੇ ਮੇਰੇ ਵਿਚਕਾਲੇ ਭਵ ਸਾਗਰ ਜੋ,
ਸਾਰੇ ਸਾਗਰ ਤਰ ਜਾਵਣ ਨੂੰ ਜੀ ਕਰਦਾ ਹੈ।

ਜੁਲਮ ਜ਼ਬਰ ਜੋ ਵੀ ਹੋਇਆ, ਵੇਖੀ ਜਾਊ!
ਸਾਰਾ ਕੁੱਝ ਹੀ ਜਰ ਜਾਵਣ ਨੂੰ ਜੀ ਕਰਦਾ ਹੈ।

ਫਿੱਕੇ ਪੈਂਦੇ ਜਾਂਦੇ ਤੇਰਿਆਂ ਰੰਗਾਂ ਨੂੰ,
ਲਾਲ-ਗੁਲਾਬੀ ਕਰ ਜਾਵਣ ਨੂੰ ਜੀ ਕਰਦਾ ਹੈ।

جی کردا ہے

طاقتور دنیا توں ہارے سجنا وے!
تیرے کولوں ہر جاون نوں جی کردا ہے

سہمے سہمے پھردے، مر مر جیوندیاں،
تیری موتے مر جاون نوں جی کردا ہے

تیرے توں مدھرا لگن دا چاء مینوں،
چاء ایہہ پورا کر جاون نوں جی کردا ہے

تیرے میرے وچکالے بھو ساگر جو،
سارے ساگر تر جاون نوں جی کردا ہے

ظلم زبر جو وی ہویا، ویکھی جاؤ!
سارا کجھ ہی جر جاون نوں جی کردا ہے

پھکے پیندے جاندے تیریاں رنگاں نوں،
لال گلابی کر جاون نوں جی کردا ہے

ਜਿੱਥੋਂ-ਜਿੱਥੋਂ ਜੋ-ਜੋ ਤੇਰਾ ਮਿਟ ਚੁੱਕਿਆ,
ਖ਼ਾਲੀ ਥਾਵਾਂ ਭਰ ਜਾਵਣ ਨੂੰ ਜੀ ਕਰਦਾ ਹੈ।

ਜਾਨ ਦੇ ਬਦਲੇ ਜਾਨ ਜੇ ਦੇਣੀ ਪੈ ਜਾਵੇ,
ਜਾਨ ਤਲੀ 'ਤੇ ਧਰ ਜਾਵਣ ਨੂੰ ਜੀਅ ਕਰਦਾ ਹੈ।

ਤੈਨੂੰ ਕਿਸੇ ਕਿਨਾਰੇ ਕੰਢੇ ਵੇਖਣ ਲਈ,
ਦੋਵੇਂ ਕੰਢੇ ਖਰ ਜਾਵਣ ਨੂੰ ਜੀਅ ਕਰਦਾ ਹੈ।

ਭਾਵੇਂ ਇਸ ਵਿੱਚ ਕੋਈ ਸਿਆਣਪ ਨਹੀਂ ਦਿਸਦੀ,
ਪਾਗਲ ਮਨ ਖ਼ੁਸ਼ ਕਰ ਜਾਵਣ ਨੂੰ ਜੀਅ ਕਰਦਾ ਹੈ

ਤਾਕਤਵਰ ਦੁਨੀਆ ਤੋਂ ਹਾਰੇ ਸੱਜਣਾ ਵੇ!
ਤੇਰੇ ਕੋਲੋਂ ਹਰ ਜਾਵਣ ਨੂੰ ਜੀ ਕਰਦਾ ਹੈ।

•

جتھوں جتھوں جو جو تیرا مٹ چکیا،
خالی تھاواں بھر جاون نوں جی کردا ہے

جان دے بدلے جان جے دینی پے جاوے،
جان تلی 'تے دھر جاون نوں جی کردا ہے

تینوں کسے کنارے کنڈھے ویکھن لئی،
دوویں کنڈھے کھر جاون نوں جی کردا ہے

بھاویں اس وچ کوئی سیانپ نہیں دسدی،
پاگل من خوش کر جاون نوں جی کردا ہے

طاقتور دنیا توں ہارے سجنا وے!
تیرے کولوں ہر جاون نوں جی کردا ہے

ਨਜ਼ਮ ਲਿਖਾਂ ਜਾਂ ਗੀਤ

ਨਜ਼ਮ ਲਿਖਾਂ ਜਾਂ ਗੀਤ, ਗਜ਼ਲ ਜਾਂ ਸਭ ਕੁੱਝ ਲਿਖ ਮਾਰਾਂ।
ਕਾਵਿ ਉਡਾਰੀ ਲਾਉਣ ਲਈ ਹੁਣ ਖੁੱਲ੍ਹ ਕੇ ਖੰਭ ਮਾਰਾਂ।

ਲੱਗ ਜਾਵੇ ਨਾ ਨਜ਼ਰ ਕਿਤੇ ਕੰਜਕਾਂ ਕਵਿਤਾਵਾਂ ਨੂੰ,
ਗੀਤਾਂ ਤੇ ਗਜ਼ਲਾਂ ਦੇ ਸਿਰ ਤੋਂ ਨਿੱਤ ਮਿਰਚਾਂ ਵਾਰਾਂ।

ਵਡ-ਵਡੇਰੇ ਕਵਿਤਾ ਦੇ ਵੀ ਇੱਕ ਦਿਨ ਨਿੱਕੇ ਸੀ,
ਨਿੱਕੀਆਂ-ਨਿੱਕੀਆਂ ਰਚਨਾਵਾਂ ਦੇ ਨਾਲ ਹੀ ਕੰਮ ਸਾਰਾਂ।

ਹੋ ਸਕਦਾ ਮੇਰੀ ਕਵਿਤਾ ਵੀ ਇੱਕ ਦਿਨ ਮਹਿਕ ਪਵੇ,
ਕੱਚੀਆਂ ਕਲੀਆਂ ਉੱਤੇ ਵੀ ਹੋ ਸਕਦਾ ਆਉਣ ਬਹਾਰਾਂ।

•

نظم لکھاں جاں گیت

نظم لکھاں جاں گیت، غزل جاں سبھ کجھ لکھ ماراں
کاو اڈاری لاؤن لئی ہن کھلھ کے کھنبھ ماراں

لگ جاوے نہ نظر کتے کنجکاں کویتاواں نوں،
گیتاں تے غزلاں دے سر توں نت مرچاں واراں

وڈ وڈیرے کویتا دے وی اک دن نکے سی،
نکیاں نکی رچناواں دے نال ہی کم ساراں

ہو سکدا میری کویتا وی اک دن مہک پوے،
کچیاں کلیاں اتے وی ہو سکدا آؤن بہاراں

ਸੱਜਣ

ਸੱਜਣ ਸਾਡੇ ਸੱਚ ਦੱਸਾਂ! ਕਰ ਗਏ ਕਮਾਲ।
ਪ੍ਰਸ਼ਨ ਚਿੰਨ ਤੱਕ ਸੀਮਤ ਸਾਡਾ ਰਿਹਾ ਸਵਾਲ।

ਤਰਸ-ਤਰਸ ਕੇ ਮਰ ਗਏ, ਪੁੱਛੂ ਬਾਤ ਕਦੇ,
ਪੁੱਛਿਆ ਵੀ ਤਾਂ ਕੀ ਪੁੱਛਿਆ ਜ਼ਖਮਾਂ ਦਾ ਹਾਲ।

ਸਬਰ ਦੀਆਂ ਸਿਖ਼ਰਾਂ ਦਾ ਕਾਹਦਾ ਮਾਣ ਕਰਾਂ,
ਉਸ ਦੇ ਬਾਰੇ ਕੀ ਦੱਸਾਂ ਕੀ ਦਿਆਂ ਮਿਸਾਲ।

ਸਾਡੀਆਂ ਰੀਝਾਂ, ਰੀਝਾਂ ਹੀ ਬਣੀਆਂ ਰਹੀਆਂ,
ਜਾਣ ਨਾ ਸਕੀਆਂ ਕਾਹਤੋਂ ਕਿਸ ਦੀ ਕਰਦੀਆਂ ਭਾਲ।

ਦੂਰ-ਦੂਰ ਤੱਕ ਚਰਚੇ ਉਸਦੀ ਤਾਕਤ ਦੇ,
ਰੱਖ-ਰੱਖ ਭੁੱਲਦੇ ਫਿਰਦੇ, ਉਹ ਆਪਣਾ ਧਨ-ਮਾਲ।

ਉੱਚੇ ਪਰਬਤ ਨੂੰ ਮੈਂ ਦੱਸ! ਫੁੱਲ ਕਿੰਝ ਕਹਾਂ,
ਨਾ ਉਹ ਕੋਮਲ ਨਾ ਖੁਸ਼ਬੂ ਨਾ ਹੀ ਰੰਗ ਲਾਲ।

ਇੱਕੋ ਹੀ ਕਾਰਣ ਸੀ ਸਾਡੇ ਨੱਚਣ ਦਾ,
ਹੋ ਸਕਦਾ ਹੈ ਸ਼ਾਇਦ ਉਹ ਜਾਏ ਦਿਆਲ।

ਸੱਜਣ ਸਾਡੇ ਸੱਚ ਦੱਸਾਂ! ਕਰ ਗਏ ਕਮਾਲ।
ਪ੍ਰਸ਼ਨ ਚਿੰਨ ਤੱਕ ਸੀਮਤ ਸਾਡਾ ਰਿਹਾ ਸਵਾਲ।

•

سجن

سجن ساڈے سچ دساں! کر گئے کمال
پرشن چنہ تک سیمت ساڈا رہا سوال

ترس ترس کے مر گئے، پچھو بات کدے،
پچھیا وی تاں کیہ پچھیا زخماں دا حال

صبر دیاں سخراں دا کاہدا مان کراں،
اس دے بارے کیہ دساں کیہ دیاں مثال

ساڈیاں ریجھاں، ریجھاں ہی بنیاں رہیاں،
جان نہ سکیاں کاہتوں کس دی کردیاں بھال

دور دور تک چرچے اسدی طاقت دے،
رکھ رکھ بھلدے پھردے، اوہ اپنا دھن مال

اچے پربت نوں میں دس! پھل کنجھ کہاں،
نہ اوہ کومل نہ خوشبو نہ ہی رنگ لال

اکو ہی کارن سی ساڈے نچن دا،
ہو سکدا ہے شاید اوہ جائے دیال

سجن ساڈے سچ دساں! کر گئے کمال
پرشن چنہ تک سیمت ساڈا رہا سوال

ਮੈਨਾ ਦੀ ਮੂਰਤ

ਮਨ ਮੰਦਰ ਵਿੱਚ ਫੁਰਨਾ ਫੁਰਿਆ,
ਮੈਨਾ ਦੀ ਮੂਰਤ ਬਣਵਾਈਏ।
ਕਾਗਜ਼ ਦੇ ਪਿੰਡੇ 'ਤੇ ਇਕਦਮ,
ਅਸਲੀ ਮੈਨਾ ਵਾਂਗ ਦਿਖਾਈਏ।

ਸੁੰਦਰਤਾ ਦੀ ਮੂਰਤ ਲਾ ਕੇ,
ਹਰ ਇੱਕ ਦੇ ਦਿਲ ਨੂੰ ਭਰਮਾਈਏ।
ਵਾਹ! ਵਾਹ!! ਕਰ ਉੱਠੇ ਦਿਲ ਸਭ ਦਾ,
ਜਿਸਨੂੰ ਵੀ ਦਰਸ਼ਨ ਕਰਵਾਈਏ।

ਕਈ ਮੁਸੱਵਰ 'ਕੱਠੇ ਕੀਤੇ,
ਬੁੱਤ ਘਾੜੇ ਵੀ ਬਹੁਤ ਬੁਲਾਏ।
ਅਤਿਕਥਨੀ ਵਿੱਚ ਗੱਲ ਕਰਨ ਲਈ,
ਕਵੀਆਂ ਦੇ ਵੀ ਚਰਨ ਪਵਾਏ।

ਮੂਰਤ ਦੇ ਪਿੱਛੇ ਇਓਂ ਜਾਪੇ,
ਜਿਵੇਂ ਵਰ੍ਹਾਊ ਬੱਦਲ ਛਾਏ।
ਅੱਥਰੇ-ਅੱਥਰੇ ਭਾਲ-ਭਾਲ ਕੇ,
ਪੰਜ ਸੱਤ ਤੋਤੇ ਵੀ ਮੰਗਵਾਏ।

ਤੋਤੇ ਦੀ ਅੱਖ ਵਿੱਚ ਹਰ ਤੋਤਾ,
ਅੜ੍ਹਿਪਤੀ ਦਾ ਮਾਰਿਆ ਜਾਪੇ।
ਅੱਖਾਂ ਵਿੱਚ ਅਭਿਲਾਸ਼ਾ ਦਿੱਸੇ,
ਲੇਕਿਨ ਹਾਰਿਆ-ਹਾਰਿਆ ਜਾਪੇ।

مَینا دی مورت

من مندر وچ پھرنا پھریا،
مینا دی مورت بنوائیے
کاغذ دے پنڈے 'تے اک دم،
اصلی مینا وانگ دکھائیے

سندرتا دی مورت لا کے،
ہر اک دے دل نوں بھرمائیے
واہ! واہ!! کر اٹھے دل سبھ دا،
جسنوں وی درشن کروائیے

کئی مصور 'کٹھے کیتے،
بت گھاڑے وی بہت بلائے
اتکتھنی وچ گل کرن لئی،
کویاں دے وی چرن پوائے

مورت دے پچھے اؤں جاپے،
جویں ورھاؤ بدل چھائے
اتھرے اتھرے بھال بھال کے،
پنج ست طوطے وی منگوائے

طوطے دی اکھ وچ ہر طوطا،
اترپتی دا ماریا جاپے
اکھاں وچ ابھلاشا دسے،
لیکن ہاریا ہاریا جاپے

ਬੜੀ ਉਦਾਸੀ ਵਿੱਚ ਹਰ ਤੋਤਾ,
ਬਿਰਹਾ ਦੇ ਵਿੱਚ ਜਾਰਿਆ ਜਾਪੇ।
ਆਪਣਾ-ਆਪਣਾ ਕੁੱਝ ਨਾ ਲੱਗੇ,
ਓਪਰਿਆਂ ਵਿੱਚ ਤਾੜਿਆ ਜਾਪੇ।

ਮੈਨਾਂ ਦੀ ਮੂਰਤ ਦੇਖਣ ਨੂੰ,
ਇੱਕ ਵੀ ਤੋਤਾ 'ਗਾਂਹ ਨਾ ਆਇਆ।
ਪਿਆਰ ਭੁੱਖ ਮੇਟਣ ਦੇ ਖਾਤਰ,
ਮੂਰਤ ਦੇ ਵੱਲ ਕੋਈ ਨਾ ਧਾਇਆ।

ਝੂਠਾ-ਮੂਠਾ ਪਲ-ਛਿਣ ਖਾਤਰ,
ਇੱਕ ਦਾ ਵੀ ਨਾ ਦਿਲ ਲਲਚਾਇਆ।
ਬੜੀ ਕੀਮਤੀ ਮੂਰਤ ਲੇਕਿਨ,
ਪੰਛੀਆਂ ਕੌਡੀ ਮੁੱਲ ਨਾ ਪਾਇਆ।

ਮੈਂ ਆਪਣੇ ਮਨ ਮੰਦਿਰ ਅੰਦਰ,
ਨਿੱਤ-ਨਿੱਤ ਇੱਕ ਤਸਵੀਰ ਬਣਾਵਾਂ।
ਪੂਰਾ ਯਤਨ ਕਰਾਂ ਬਣ ਜਾਵੇ,
ਮਨ-ਤਨ ਲਾ ਕੇ ਸਿਰੇ ਚੜ੍ਹਾਵਾਂ।

ਮੂਰਤ ਮਨ ਨੂੰ ਐਸੀ ਭਾਵੇ,
ਅਸਲੀ ਬਿਲਕੁੱਲ ਭੁੱਲ ਜਾਵਾਂ
ਪੰਛੀ ਨੂੰ ਤਾਂ ਸਮਝ ਨਹੀਂ ਹੈ,
ਮੈਂ ਮੂਰਤ ਨਾਲ ਮਨ ਪਰਚਾਵਾਂ।

ਅਸਲੀ-ਨਕਲੀ ਸਭ ਕੁੱਝ ਚਾਹਵਾਂ।
ਪਰ ਕਿੱਦਾਂ ਪੰਛੀ ਬਣ ਜਾਵਾਂ।

•

بڑی اداسی وچ ہر طوطا،
برہا دے وچ جاریا جاپے
اپنا اپنا کجھ نہ لگے،
اوپریاں وچ تاڑیا جاپے

میناں دی مورت دیکھن نوں،
اک وی طوطا 'گانہ نہ آیا
پیار بھکھ میٹن دے خاطر،
مورت دے ول کوئی نہ دھایا

جھوٹھا موٹھا پل چھن خاطر،
اک دا وی نہ دل للچایا
بڑی قیمتی مورت لیکن،
پنچھیاں کوڈی مل نہ پایا

میں اپنے من مندر اندر،
نت نت اک تصویر بناواں
پورا یتن کراں بن جاوے،
من تن لا کے سرے چڑھاواں

مورت من نوں ایسی بھاوے،
اصلی بلکل بھل جاواں
پنچھی نوں تاں سمجھ نہیں ہے،
میں مورت نال من پرچاواں

اصلی نقلی سبھ کجھ چاہواں
پر کداں پنچھی بن جاواں

ਤੇਰੇ ਆਪਣੇ

ਬੂਹੇ-ਬਾਰੀਆਂ ਬਨੇਰੇ ਤੇਰੇ ਨਾ ਬਣੇ,
ਤੂੰ ਬਣ-ਬਣ ਬਹੇਂ ਬੰਦਿਆ।
ਤੇਰਾ ਸਾਹ ਵੀ ਤੇਰੇ ਨਾ ਗੱਲ ਵਸਦੀ,
ਤੂੰ ਮੇਰਾ-ਮੇਰਾ ਕਹੇਂ ਬੰਦਿਆ।

ਮਾਰਾਂ ਮਾਰੀਆਂ ਬਣਾਇਆ ਘਰ-ਬਾਰ ਤੂੰ,
'ਕੱਠਾ ਕਰੀ ਫਿਰੇਂ ਆਰ-ਪਰਿਵਾਰ ਤੂੰ।
ਗਾਹ ਮਾਰਿਆ ਤੂੰ ਧਰਤ-ਆਕਾਸ਼ ਵੇ,
ਰਾਹ ਲੱਭੇਂ ਨਿੱਤ ਨਵੇਂ ਬੰਦਿਆ।

ਬੂਹੇ-ਬਾਰੀਆਂ, ਬਨੇਰੇ ਤੇਰੇ ਨਾ ਬਣੇ,
ਤੂੰ ਬਣ-ਬਣ ਬਹੇਂ ਬੰਦਿਆ।

ਵੇ ਤੂੰ ਭੱਜ-ਨੱਠ ਕਰਦਾ ਨਾ ਅੱਕਿਆ,
ਕਦੇ ਕਰਦਾ ਕਮਾਈਆਂ ਤੂੰ ਨਾ ਥੱਕਿਆ।
ਪੂਰੀ ਵਾਹ ਲਾਉਂਦਾ ਫਿਰੇ ਵੇ ਤੂੰ ਆਪਣੀ,
ਤੂੰ ਨਦੀ ਵਾਂਗ ਵਹੇਂ ਬੰਦਿਆ।

ਬੂਹੇ-ਬਾਰੀਆਂ ਬਨੇਰੇ ਤੇਰੇ ਨਾ ਬਣੇ,
ਤੂੰ ਬਣ-ਬਣ ਬਹੇਂ ਬੰਦਿਆ।

تیرے اپنے

بوہے باریاں بنیرے تیرے نہ بنے،
توں بن بن بہیں بندیا
تیرا ساہ وی تیرے نہ گل وسدی،
توں میرا میرا کہیں بندیا

ماراں ماریاں بنایا گھر بار توں،
'کٹھا کری پھریں آر پریوار توں
گاہ ماریا توں دھرت آکاش وے،
راہ لبھیں نت نویں بندیا

بوہے باریاں، بنیرے تیرے نہ بنے،
توں بن بن بہیں بندیا

وے توں بھج نٹھ کردا نہ اکیا،
کدے کردا کمائیاں توں نہ تھکیا
پوری واہ لاؤندا پھرے وے توں اپنی،
توں ندی وانگ وہیں بندیا

بوہے باریاں بنیرے تیرے نہ بنے،
توں بن بن بہیں بندیا

ਜੇ ਆਪਣੇ ਨਾ ਹੁੰਦੇ, ਵੈਰੀ ਵੀ ਨਾ ਹੁੰਦਾ ਕੋਈ।
ਜਿਹੜੇ ਆਪਣੇ ਗਿਣੇ ਸੀ, ਉਹਨਾਂ ਮੂੰਹੋਂ ਲਾਹੀ ਲੋਈ।
ਹੁੰਦੀ ਜੱਗ ਵਿੱਚ ਆਈ ਤੂੰ ਵੀ ਜਾਣਦੈਂ,
ਫੇਰ ਵੀ ਤੂੰ ਪੰਗੇ ਲਵੇਂ ਬੰਦਿਆ।

ਬੂਹੇ-ਬਾਰੀਆਂ ਬਨੇਰੇ ਤੇਰੇ ਨਾ ਬਣੇ,
ਤੂੰ ਬਣ-ਬਣ ਬਹੇਂ ਬੰਦਿਆ।

ਛੱਡ ਸੁੱਨੜਾ! ਤੂੰ ਗੱਲ, ਨਾ ਲਾਹ ਵਾਲ ਦੀ ਤੂੰ ਖੱਲ,
ਲੋਕਾਂ ਪਿੱਛੇ ਨਾ ਤੂੰ ਭੱਜ, ਜਾ ਕੇ ਆਪਣੀ ਥਾਂ ਮੱਲ।
ਕੋਈ ਚਿੰਤਾ ਨਾ ਰਹੂਗੀ ਤੈਨੂੰ ਕਿਸੇ ਦੀ,
ਜੇ ਰਜ਼ਾ ਵਿੱਚ ਰਹੇਂ ਬੰਦਿਆ।

ਬੂਹੇ-ਬਾਰੀਆਂ ਬਨੇਰੇ ਤੇਰੇ ਨਾ ਬਣੇ,
ਤੂੰ ਬਣ-ਬਣ ਬਹੇਂ ਬੰਦਿਆ।

•

جے اپنے نہ ہوندے، ویری وی نہ ہوندا کوئی
جیہڑے اپنے گنے سی، اوہناں مونہہوں لاہی لوئی
ہندی جگ وچ آئی توں وی جاندیں،
پھیر وی توں پنگے لویں بندیا

بوہے باریاں بنیرے تیرے نہ بنے،
توں بن بن بہیں بندیا

چھڈ سنڑا! توں گل، نہ لاہ وال دی توں کھل،
لوکاں پچھے نہ توں بھج، جا کے اپنی تھاں مل
کوئی چنتا نہ رہوگی تینوں کسے دی،
جے رضا وچ رہیں بندیا

بوہے باریاں بنیرے تیرے نہ بنے،
توں بن بن بہیں بندیا

ਨਵਾਂ ਸਾਲ ਮੁਬਾਰਕ

ਤੈਨੂੰ ਵੀ, ਮੈਨੂੰ ਵੀ ਤੇ ਆਪਾਂ ਸਾਰਿਆਂ ਨੂੰ-:

ਸ਼ੁਕਰ ਹੈ ਹਰ ਦਿਨ ਦਾ ਤੇ ਸ਼ੁਕਰ ਹੈ ਹਰ ਪਹਿਰ ਦਾ
ਹਰ ਗਲੀ ਦਾ ਹਰ ਮਹੱਲੇ ਅਤੇ ਹਰ ਇੱਕ ਸ਼ਹਿਰ ਦਾ
ਦੁੱਖ-ਸੁੱਖ ਤਾਂ ਦੋਵੇਂ ਹੀ ਵਸਤਰ ਨੇ ਸਾਡੇ ਦੋਸਤਾ!
ਸ਼ੁਕਰ ਕਰੀਏ ਸਾਰੇ ਮਿਲ ਕੇ ਵਾਹਿਗੁਰੂ ਦੀ ਮਿਹਰ ਦਾ।

ਰੀਂਘਦੇ ਫਿਰਦੇ ਨੇ ਕਿੰਨੇ ਜੀਵ ਕੋਈ ਹਿਸਾਬ ਨਾ
ਪਾਤਾਲਾਂ ਵਿੱਚ ਜੀਵ ਗਿਣਤੀ ਦੀ ਕੋਈ ਕਿਤਾਬ ਨਾ
ਆਸਮਾਂ ਦੇ ਉਡਦਿਆਂ ਕੌਣ ਦਿੰਦਾ ਹੈ ਮੁਬਾਰਕ
ਦਿਲ ਦਾ ਜਾਨੀ ਹੀ ਦਵੇ ਖਿੜਿਆ ਫੁੱਲ ਗੁਲਾਬ ਦਾ।

ਸਾਂਝ ਭਿਆਲੀ ਹੋਰ ਪੱਕੀ ਕਰਨ ਦੀ ਇੱਕ ਆਸ ਹੈ
ਕਲਮਾਂ ਦੀ ਸਾਡੀ ਸਾਂਝ ਵਧਦੀ ਰਹੇਗੀ ਵਿਸ਼ਵਾਸ ਹੈ
ਨਵੇਂ ਸਾਲ ਵਿੱਚ ਹੋਰ ਲਾਗੇ ਹੋਣ ਦੀ ਇੱਕ ਰੀਝ ਹੈ
ਕਲਮਾਂ ਵਾਲੇ ਦੋਸਤਾਂ ਲਈ ਤਹਿ ਦਿਲੋਂ ਅਰਦਾਸ ਹੈ।

ਰੱਬ ਕਰੇ ਕਲਮਾਂ 'ਚੋਂ ਆਉਂਦੀ ਮਹਿਕ ਬਸ! ਆਉਂਦੀ ਰਹੇ
ਸੋਹਣੇ-ਸੋਹਣੇ ਫੁੱਲ ਫੁਲਵਾੜੀ 'ਚ ਨਿੱਤ ਲਾਉਂਦੀ ਰਹੇ
ਭੁੱਖ ਹੈ ਸੁੱਨੜ ਸਭ ਦੇ ਹੋਰ ਲਾਗੇ ਹੋਣ ਦੀ
ਰੀਝ ਮੇਰੀ ਰੱਬ ਕਰੇ ਸਭ ਨੂੰ ਇਹ ਭੁੱਖ ਲਾਉਂਦੀ ਰਹੇ।

ਸੁਪਨਾ ਤਾਂ ਸੁਪਨਾ ਹੈ ਫਿਰ ਵੀ ਸੁਪਨਾ ਮੇਰਾ ਯਾਰ ਹੈ
ਸੁਪਨਿਆਂ ਦੇ ਆਸਰੇ ਤਾਂ ਵਸ ਰਿਹਾ ਸੰਸਾਰ ਹੈ
ਉਹ ਵੀ ਕਾਹਦਾ ਦਿਲ ਹੈ ਜਿਸਦਾ ਕੋਈ ਵੀ ਸੁਪਨਾ ਨਹੀਂ
ਆਉਂਦੇ-ਜਾਂਦੇ ਰਹੋ ਜੀ! ਆਪਣਾ ਤਾਂ ਇੱਕ ਪਰਿਵਾਰ ਹੈ।

•

نواں سال مبارک

تینوں وی، مینوں وی تے آپاں ساریاں نوں :

شکر ہے ہر دن دا تے شکر ہے ہر پہر دا
ہر گلی دا ہر محلے اتے ہر اک شہر دا
دکھ سکھ تاں دوویں ہی وستر نے ساڈے دوستا!
شکر کریے سارے مل کے واہگورو دی مہر دا

رینگھدے پھردے نیں کنے جیو کوئی حساب نہ
پاتالاں وچ جیو گنتی دی کوئی کتاب نہ
آسماں دے اڈدیاں کون دیندا ہے مبارک
دل دا جانی ہی دوے کھڑیا پھل گلاب دا

سانجھ بھیالی ہور پکی کرن دی اک آس ہے
قلماں دی ساڈی سانجھ ودھدی رہیگی وشواس ہے
نویں سال وچ ہور لاگے ہون دی اک ریجھ ہے
قلماں والے دوستاں لئی تہہ دلوں ارداس ہے

رب کرے قلماں 'چوں آؤندی مہک بس! آؤندی رہے
سوہنے سوہنے پھل پھلواڑی 'چ نت لاؤندی رہے
بھکھ ہے سنڑ سبھ دے ہور لاگے ہون دی
ریجھ میری رب کرے سبھ نوں ایہہ بھکھ لاؤندی رہے

سپنا تاں سپنا ہے پھر وی سپنا میرا یار ہے
سپنیاں دے آسرے تاں وس رہا سنسار ہے
اوہ وی کاہدا دل ہے جسدا کوئی وی سپنا نہیں
آؤندے جاندے رہو جی! اپنا تاں اک پریوار ہے

ਕਥਾ

ਆਪੋ-ਆਪਣੀ ਗੱਲ ਕਰਨ ਲਈ, ਬੜੀ ਦੁਹਾਈ ਪਾਉਂਦੇ ਲੋਕ।
ਕੌਣ ਸ਼ਗਿਰਦ ਬਣੇ ਸਭਨਾਂ ਦਾ, ਸਭ ਉਸਤਾਦ ਕਹਾਉਂਦੇ ਲੋਕ।

ਆਪਣਾ-ਆਪਣਾ ਰੱਬ ਸਭਨਾਂ ਦਾ, ਰਾਖੇ ਆਪੋ-ਆਪਣੇ ਰੱਬ ਦੇ।
ਆਪੋ-ਆਪਣੇ ਫ਼ਤਵੇ ਲਾ ਕੇ, ਰੱਬ ਦੀ ਬਲੀ ਚੜ੍ਹਾਉਂਦੇ ਲੋਕ।

ਕੁੱਝ ਇੱਕ ਹਰਫ਼ ਪੜ੍ਹਨ ਦੇ ਖਾਤਰ, ਉਮਰ ਬੀਤ ਗਈ ਸੋਚਦਿਆਂ
ਜੋ ਖੁਦ ਆਪ ਨਾ ਪੜ੍ਹ ਸਕੇ, ਲੋਕਾਂ ਨੂੰ ਸਬਕ ਪੜ੍ਹਾਉਂਦੇ ਲੋਕ।

ਰਟ ਰੱਖੀਆਂ ਨੇ ਲੋਕਾਂ ਨੇ, ਕਈ ਗੁਣ-ਗਿਆਨ ਦੀਆਂ ਗੱਲਾਂ।
ਬੜੇ ਸਰੋਤੇ ਗਹੁ ਨਾਲ ਸੁਣਦੇ, ਤਾਹੀਓਂ ਕਥਾ ਸੁਣਾਉਂਦੇ ਲੋਕ।

•

کتھا

آپو اپنی گل کرن لئی، بڑی دہائی پاؤندے لوک
کون شگرد بنے سبھناں دا، سبھ استاد کہاؤندے لوک

اپنا اپنا رب سبھناں دا، راکھے آپو اپنے رب دے
آپو اپنے فتوے لا کے، رب دی بلی چڑھاؤندے لوک

کجھ اک حرف پڑھن دے خاطر، عمر بیت گئی سوچدیاں
جو خود آپ نہ پڑھ سکے، لوکاں نوں سبق پڑہاؤندے لوک

رٹ رکھیاں نے لوکاں نے، کئی گن گیان دیاں گلاں
بڑے سروتے گہہ نال سندے، تاہیوں کتھا سناؤندے لوک

ਗੰਦਲਾਂ

ਬਾਂਝ ਰਹਿ ਜਾਵੇ ਕੋਈ ਜ਼ਰਖੇਜ਼ ਧਰਤੀ, ਇਸ ਡਰੋਂ,
ਗੰਦਲਾਂ ਉੱਗੀਆਂ ਤਾਂ ਬਸ! ਅੱਜ ਵੀ ਮਰੇ ਕੱਲ ਵੀ ਮਰੇ।

ਡੀਕ ਜਾਵਣਗੇ ਤਿਹਾਏ ਸਾਗਰ ਪਲਾਂ ਦੇ ਵਿੱਚ,
ਤ੍ਰਿਹਾਈਆਂ ਨਜ਼ਰਾਂ ਦੀ ਤਾਕਤ ਦੇਖ ਕੇ ਸਾਗਰ ਡਰੇ।

ਇਸ ਡਰੋਂ ਕਿ ਭੁੱਖਿਆਂ ਨੇ ਨਿਗਲਣਾ ਜਦ ਵੀ ਮਿਲੇ
ਜਨਮ ਤੋਂ ਪਹਿਲਾਂ ਹੀ ਦਮ ਤੋੜੇ, ਖ਼ੁਦਕੁਸ਼ੀ ਖ਼ੁਦ ਕਰੇ।

ਜੀਵ-ਜੰਤੂ ਬਹੁਤ ਨੇ ਸਾਗਰ ਦੀਆਂ ਗਹਿਰਾਈਆਂ ਵਿੱਚ,
ਹਰ ਕੋਈ ਕੰਢਿਆਂ ਤੋਂ ਬਾਹਰ ਦੀ ਤਪਸ਼ ਕੀਕਣ ਜਰੇ।

ਕਹਿ ਨਹੀਂ ਸਕਦੇ ਕਿ ਕਿੰਨੀ ਭੁੱਖ ਹੈ ਵਰਤੀ ਹੋਈ,
ਦੁਨੀਆ ਦੀ ਭੁੱਖ ਸੁਣਨ ਵਿੱਚ ਆਇਆ ਪਰ੍ਹੇ ਤੋਂ ਹੈ ਪਰ੍ਹੇ

ਸਿੱਕਾ ਚੱਲ ਜਾਵੇ ਤਾਂ ਮੰਡੀਆਂ ਦੀ ਭਲਾ! ਕੀ ਜ਼ੁਅਰਤ ਹੈ,
ਟਣਕਦੇ ਫਿਰਦੇ ਨੇ ਇੱਕੋ ਮੁੱਲ ਵਿੱਚ ਖੋਟੇ-ਖ਼ਰੇ।

ਕਲਮ ਗੁੰਗੀ ਹੋ ਗਈ ਡਰਦੀ ਕਲਮ ਕਰ ਦੇਣਗੇ,
ਓਨੇ ਕੁ ਬੋਲੇ ਬੋਲ ਬਸ! ਜਿੰਨੇ ਕੁ ਅੱਜ ਮੈਥੋਂ ਸਰੇ।

ਦੁਸ਼ਟ ਜੀਂਦੇ ਰਹਿਣ ਜਾਂ ਮਰ ਜਾਣ, ਸੋਚੀਂ ਬਾਅਦ ਵਿੱਚ,
ਮਾਂ ਮਰੇ ਦੁਸ਼ਟਾਂ ਦੀ ਕੋਈ ਹੋਰ ਨਾ ਉਹ ਜੰਮ ਧਰੇ।

•

گندلاں

بانجھ رہِ جاوے کوئی زرخیز دھرتی، اس ڈروں،
گندلاں اگیاں تاں بس! اج وی مرے کل وی مرے

ڈیک جاونگے تہائے ساگر پلاں دے وچ،
ترہائیاں نظراں دی طاقت دیکھ کے ساگر ڈرے

اس ڈروں کہ بھکھیاں نے نگلنا جد وی ملے
جنم توں پہلاں ہی دم توڑے، خدکشی خود کرے

جیو جنتو بہت نے ساگر دیاں گہرائییاں وچ،
ہر کوئی کنڈھیاں توں باہر دی تپش کیکن جرے

کہہ نہیں سکدے کہ کنی بھکھ ہے ورتی ہوئی،
دنیا دی بھکھ سنن وچ آیا پرھے توں ہے پرھے

سکہ چل جاوے تاں منڈیاں دی بھلا! کیہ زئرت ہے،
ٹنکدے پھردے نے اکو مل وچ کھوٹے خریے

قلم گونگی ہو گئی ڈردی قلم کر دینگے،
اونے کو بولے بول بس! جنے کو اج میتھوں سرے

دشٹ جیندے رہن جاں مر جان، سوچیں بعد وچ،
ماں مرے دشٹاں دی کوئی ہور نہ اوہ جم دھرے

ਬਿਨ ਸਿਰਲੇਖੋਂ

ਬਿਨ ਸਿਰਲੇਖੋਂ ਕਵਿਤਾ ਖਿੱਲਰੀ,
ਅੱਖਰ ‘ਕੱਠੇ ਕੌਣ ਕਰੇ।
ਹਰ ਪੱਤਰ ਤੇ ਸ਼ਬਦ ਉਲੀਕੇ,
ਪੱਤਰ ‘ਕੱਠੇ ਕੌਣ ਕਰੇ।

ਦਿਲ ਦੀ ਵੇਦਨ ਕੋਈ ਨਾ ਜਾਣੇ,
ਕੌਣ ਪਰਾਏ ਜ਼ਖ਼ਮ ਪਛਾਣੇ।
ਹਰ ਦਿਲ ਪਹਿਲਾਂ ਹੀ ਜ਼ਖ਼ਮੀ ਹੈ,
ਕਿਸੇ ਦੀ ਪੀੜਾ ਕੌਣ ਹਰੇ।

ਬਿਨ ਸਿਰਲੇਖੋਂ ਕਵਿਤਾ ਖਿੱਲਰੀ,
ਅੱਖਰ ‘ਕੱਠੇ ਕੌਣ ਕਰੇ....।

ਹਰ ਸੋਹਣੀ ਮੁਟਿਆਰ ਵੀ ਕਵਿਤਾ,
ਕਦੇ-ਕਦੇ ਤਲਵਾਰ ਵੀ ਕਵਿਤਾ।
ਪਰ ਹਰ ਕਵਿਤਾ ਖਿੱਲਰੀ ਹੋਈ,
ਕਿਸਦੀ ਹਾਮੀ ਕੌਣ ਭਰੇ।

ਬਿਨ ਸਿਰਲੇਖੋਂ ਕਵਿਤਾ ਖਿੱਲਰੀ,
ਅੱਖਰ ‘ਕੱਠੇ ਕੌਣ ਕਰੇ....।

ਹਰ ਜ਼ਾਲਿਮ, ਜ਼ਾਲਿਮ ਤੋਂ ਡਰਦਾ,
ਹਰ ਪਾਪੀ, ਪਾਪਾਂ ਦਾ ਬਰਦਾ।
ਸੱਚ ਦੀ ਬੋਲੀ ਪਾ ਕੇ ਫਿਰ,
ਅਣਿਆਈ ਮੌਤੇ ਕੌਣ ਮਰੇ।

بن سرلیکھوں

بن سرلیکھوں کویتا کھلری،
اکھر 'کٹھے کون کرے
ہر پتر تے شبد الیکے،
پتر 'کٹھے کون کرے

دل دی ویدن کوئی نہ جانے،
کون پرائے زخم پچھانے
ہر دل پہلاں ہی زخمی ہے،
کسے دی پیڑا کون ہرے

بن سرلیکھوں کویتا کھلری،
اکھر 'کٹھے کون کرے....

ہر سوہنی مٹیار وی کویتا،
کدے کدے تلوار وی کویتا
پر ہر کویتا کھلری ہوئی،
کسدی حامی کون بھرے

بن سرلیکھوں کویتا کھلری،
اکھر 'کٹھے کون کرے....

ہر ظالم، ظالم توں ڈردا،
ہر پاپی، پاپاں دا بردا
سچ دی بولی پا کے پھر،
ان اُئی موتے کون مرے

ਬਿਨ ਸਿਰਲੇਖੋਂ ਕਵਿਤਾ ਖਿੱਲਰੀ,
ਅੱਖਰ ‘ਕੱਠੇ ਕੌਣ ਕਰੇ....।

ਹੁਸਨ ਜੇ ਦੇਖੋ! ਹੁਸਨ ਬੇਕਾਬੂ,
ਇਸ਼ਕ ਜੇ ਤੱਕੋ! ਇਸ਼ਕ ਬੇਕਾਬੂ,
ਇਹ ਉਲਫ਼ਤ ਦੇ ਜਾਏ ਘੋੜੇ,
ਵਾਗਾਂ ਜਾ ਕੇ ਕੌਣ ਫੜੇ।

ਬਿਨ ਸਿਰਲੇਖੋਂ ਕਵਿਤਾ ਖਿੱਲਰੀ,
ਅੱਖਰ ‘ਕੱਠੇ ਕੌਣ ਕਰੇ।
ਹਰ ਪੱਤਰ ਤੇ ਸ਼ਬਦ ਉਲੀਕੇ,
ਪੱਤਰ ਕੱਠੇ ਕੌਣ ਕਰੇ।

بن سرلیکھوں کویتا کھلری،
اکھر 'کٹھے کون کرے....

حسن جے دیکھو! حسن بے قابو،
عشق جے تکو! عشق بے قابو،
ایہہ الفت دے جائے گھوڑے،
واگاں جا کے کون پھڑے

بن سرلیکھوں کویتا کھلری،
اکھر 'کٹھے کون کرے
ہر پتر تے شبد الیکے،
پتر کٹھے کون کرے

ਐਨਕ

ਤੇਰੀ ਐਨਕ ਕਿੱਥੇ ਗਈ
ਬਿਨਾ ਐਨਕ
ਐਨਕ ਤੂੰ ਆਪਣੀ ਕਿਵੇਂ ਲੱਭੇਂਗਾ।

ਕੰਧਾਂ ਕੋਲ਼ਿਆਂ ਵਿੱਚ ਵਜਦਾ ਫਿਰਦੈਂ
ਤੂੰ ਸੁੱਖ ਵਾਸਤੇ ਵਸਤਾਂ ਬਣਾਈਆਂ ਜੋ
ਗੋਡਿਆਂ ਵਿੱਚ ਵਜਦੀਆਂ ਤੇਰੇ।

ਤੇਰੀ ਐਨਕ ਕਿੱਥੇ ਗਈ
ਘਰ ਵਿੱਚ ਹੀ ਕਿੱਧਰੇ ਰੱਖ ਬੈਠਾ ਹੋਏਂਗਾ
ਯਾਦ ਕਰ ਸ਼ਾਇਦ ਜਦੋਂ ਤੂੰ,
ਘੁੱਗੀਆਂ ਦੇ ਬੱਚਿਆਂ ਨੂੰ ਮਾਰਦਾ ਸੀ।
ਉਸ ਵਕਤ ਤੇਰੇ ਤੋਂ ਕਿੱਧਰੇ ਰੱਖ ਹੋ ਗਈ।

ਸੁਣਿਆਂ! ਤੂੰ ਸੰਗ ਲਾਹ ਕੇ ਰੱਖ ਦਿੰਦਾ ਸੀ
ਮਨ ਆਈਆਂ ਜਦੋਂ ਕਰਦਾ
ਕੀ ਕਰੇਂਗਾ ਐਨਕ ਬਿਨਾ
ਐਨਕ ਬਿਨਾ ਕੁੱਝ ਨਜ਼ਰ ਨਹੀਂ ਆਉਂਦਾ

ਤੇਰੀ ਐਨਕ ਕਿੱਥੇ ਗਈ
ਐਨਕ ਬਿਨਾ ਐਨਕ ਤੂੰ ਆਪਣੀ ਕਿਵੇਂ ਲੱਭੇਂਗਾ।
ਐਨਕ ਬਿਨਾ ਐਨਕ ਤੂੰ ਆਪਣੀ ਕਿਵੇਂ ਲੱਭੇਂਗਾ।

•

عینک

تیری عینک کتھے گئی
بنا عینک
عینک توں اپنی کویں لبھیں گا

کندھاں کؤلیاں وچ وجدا پھردیں
توں سکھ واسطے وستاں بنائیاں جو
گوڈیاں وچ وجدیاں تیرے

تیری عینک کتھے گئی
گھر وچ ہی کدھرے رکھ بیٹھا ہوئیں گا
یاد کر شاید جدوں توں،
گھگیاں دے بچیاں نوں ماردا سی
اس وقت تیرے توں کدھرے رکھ ہو گئی

سنیاں! توں سنگ لاہ کے رکھ دیندا سی
من آئیاں جدوں کردا
کی کریں گا عینک بنا
عینک بنا کجھ نظر نہیں آؤندا

تیری عینک کتھے گئی
عینک بنا عینک توں اپنی کیویں لبھیں گا
عینک بنا عینک توں اپنی کویں لبھیں گا

ਦੁਆ

ਰੱਬ ਤੋਂ ਮੰਗਣਾ ਸੀ ਤਾਂ ਸੱਜਣਾ! ਸ਼ਬਦ ਚਾਰ ਮੰਗ ਲੈਂਦਾ,
ਮੈਨੂੰ ਜੇ ਆਵਾਜ਼ ਮਾਰਦਾ ਤਾਂ ਮੈਂ ਨੱਠਿਆ ਆਉਂਦਾ।
ਸੁਰਤੀ, ਬਿਰਤੀ, ਨੈਣ-ਨਕਸ਼ ਸਭ ਰੱਬ ਦੀਆਂ ਦਿੱਤੀਆਂ ਦਾਤਾਂ,
ਸਾਡਾ ਸਭ ਕੁੱਝ ਅਰਪਣ ਰੱਖ ਲੈ! ਜੋ ਤੇਰੇ ਮਨ ਭਾਉਂਦਾ।

ਲੋਕ ਕਰਨ ਅਰਦਾਸ ਜੋ ਸ਼ੈ ਲੱਭਿਆਂ ਨਾ ਮਿਲਦੀ ਹੋਵੇ,
ਅਸੀਂ ਤੇ ਤਰਸ-ਤਰਸ ਕੇ ਮਰ ਗਏ ਕਦ ਕੋਈ ਗਲ਼ ਲਾਉਂਦਾ।
ਤੇਰੇ ਦਿਲ ਦੀ ਧੜਕਣ ਧਰਤੀ ਦੇ ਦੂਜੇ ਪਾਸੇ ਸੁਣਦੀ,
ਮੇਰਿਆਂ ਗੀਤਾਂ ਦੇ ਵਿੱਚੋਂ ਸੁਣ ਲੈ! ਜੇ ਤੇਰਾ ਮਨ ਚਾਹੁੰਦਾ।

ਪਤਾ ਨਹੀਂ ਕਿੰਨਾ ਚਿਰ ਤੱਕ ਮੈਂ ਗੀਤ ਲਿਖੀ ਜਾਊਗਾ,
ਠੰਡਾ ਹੋ ਜਾਏ ਜਿਸਮ ਜਦੋ ਤਾਂ ਫਿਰ ਕੋਈ ਨਹੀਂ ਗਾਉਂਦਾ।
ਰੱਬ ਤੋਂ ਮੰਗਣਾ ਸੀ ਤਾਂ ਸੱਜਣਾ! ਸ਼ਬਦ ਚਾਰ ਮੰਗ ਲੈਂਦਾ,
ਮੈਨੂੰ ਜੇ ਆਵਾਜ਼ ਮਾਰਦਾ ਤਾਂ ਮੈਂ ਨੱਠਿਆ ਆਉਂਦਾ।

•

دعا

رب توں منگنا سی تاں سجنا! شبد چار منگ لیندا،
مینوں جے آواز ماردا تاں میں نٹھیا آؤندا
سرتی، برتی، نینھ نکشھ سبھ رب دیاں دتیاں داتاں،
ساڈا سبھ کجھ ارپن رکھ لے! جو تیرے من بھاؤندا

لوک کرن ارداس جو شے لبھیاں نہ ملدی ہووے،
اسیں تے ترس ترس کے مر گئے کد کوئی گل لاؤندا
تیرے دل دی دھڑکن دھرتی دے دوجے پاسے سندی،
میریاں گیتاں دے وچوں سن لے! جے تیرا من چاہندا

پتہ نہیں کنا چر تک میں گیت لکھی جاؤگا،
ٹھنڈا ہو جائے جسم جدو تاں پھر کوئی نہیں گاؤندا
رب توں منگنا سی تاں سجنا! شبد چار منگ لیندا،
مینوں جے آواز ماردا تاں میں نٹھیا آؤندا

ਮਜ਼ਬੂਰੀ

ਥੱਕ ਜਾਣਾ ਕੋਈ ਜੱਗੋ ਬਾਹਰੀ ਗੱਲ ਨਹੀਂ ਹੈ,
ਬਹੁਤਾ ਚਿਰ ਨਹੀਂ ਪਿੱਛੇ-ਪਿੱਛੇ ਭੱਜਿਆ ਜਾਂਦਾ।

ਕੋਈ ਹੁੰਘਾਰਾ ਹੀ ਨਾ ਮਿਲਦਾ ਹੋਵੇ ਅੱਗਿਓਂ,
ਸਾਰੀ ਉਮਰ ਤੇ ਕੰਧਾਂ ਵਿੱਚ ਨਹੀਂ ਵੱਜਿਆ ਜਾਂਦਾ ।

ਦਿਸਣ ਲੱਗ ਪੈਂਦੇ ਨੇ ਜ਼ਖ਼ਮਾਂ ਦੀ ਆਦਤ ਹੈ,
ਮਲ੍ਹਮ-ਪੱਟੀ ਕਰਨ ਬਿਨਾ ਨਹੀਂ ਕੱਜਿਆ ਜਾਂਦਾ।

ਸੁਰਖ਼ੀ, ਬਿੰਦੀ ਲਾਉਣ ਦਾ ਵੀ ਕਾਰਣ ਹੁੰਦਾ ਹੈ,
ਦੇਖਣ ਵਾਲੇ ਬਿਨਾ ਕਦੇ ਨਹੀਂ ਸਜਿਆ ਜਾਂਦਾ।

ਜਿੰਨਾ ਚਿਰ ਜਿਉਂਦੇ ਹਾਂ ਭੁੱਖ ਤਾਂ ਲੱਗਣੀ ਹੀ ਹੈ,
ਸੱਚੀ ਗੱਲ ਹੈ ਖਾਣ ਬਿਨਾ ਨਹੀਂ ਰੱਜਿਆ ਜਾਂਦਾ।

ਹਰ ਕਾਰਜ ਦਾ ਵਿਧੀ-ਵਿਧਾਨ ਜਰੂਰੀ ਹੁੰਦੈ,
ਬਿਨ ਪਾਣੀ ਦੇ ਬੱਦਲਾ ਤੋਂ ਨਹੀਂ ਗੱਜਿਆ ਜਾਂਦਾ।

•

مجبوری

تھک جانا کوئی جگو باہری گل نہیں ہے،
بہتا چر نہیں پچھے پچھے بھجیا جاندا

کوئی ہنگھارا ہی نہ ملدا ہووے اگیوں،
ساری عمر تے کندھاں وچ نہیں وجیا جاندا

دسن لگ پیندے نے زخماں دی عادت ہے،
ملھم پٹی کرن بنا نہیں کجیا جاندا

سرخی، بندی لاؤن دا وی کارن ہوندا ہے،
دیکھن والے بنا کدے نہیں سجیا جاندا

جنا چر جؤندے ہاں بھکھ تاں لگنی ہی ہے،
سچی گل ہے کھان بنا نہیں رجیا جاندا

ہر کارج دا ودھی ودھان ضروری ہوندے،
بن پانی دے بدلا توں نہیں گجیا جاندا

ਪੂਜਾ

ਫਿਰ ਕੀ ਹੋਇਆ ਜੇ ਤੇਰਾ ਸਾਥ ਨਹੀਂ ਕੋਈ,
ਤੇਰੀ ਸਾਰੀ ਦੁਨੀਆ ਤੇਰੇ ਅੰਦਰ ਹੈ।
ਕਿਸੇ ਦੀ ਪੂਜਾ ਕਰਨ ਦਾ ਮੌਕਾ ਨਹੀਂ ਮਿਲਿਆ,
ਫਿਰ ਕੀ ਹੋਇਆ ਦਿਲ ਵੀ ਤੇਰਾ ਮੰਦਰ ਹੈ।

ਆਪਣਾ ਨਹੀਂ ਕੋਈ ਬਣ ਸਕਿਆ ਚੱਲ! ਉਹ ਜਾਣੇ,
'ਕੱਲਿਆ ਆਖ਼ਰ ਜਾਣਾ, ਚਾਹੇ ਸਿਕੰਦਰ ਹੈ।
ਫੜਨ ਦੀ ਵਿਧ ਜਾਣੇ ਇਹ ਦੁਨੀਆ ਹਰ ਇੱਕ ਨੂੰ,
ਦਰ-ਦਰ ਨੱਚਣਾ ਪੈਣਾ ਜੱਗ ਕਲੰਦਰ ਹੈ।

•

پُوجا

پھر کیہ ہویا جے تیرا ساتھ نہیں کوئی،
تیری ساری دنیا تیرے اندر ہے
کسے دی پوجا کرن دا موقع نہیں ملیا،
پھر کیہ ہویا دل وی تیرا مندر ہے

اپنا نہیں کوئی بن سکیا چل! اوہ جانے،
'کلیا اُخر جانا، چاہے سکندر ہے
پھڑن دی ودھ جانے ایہہ دنیا ہر اک نوں،
در در نچنا پینا جگ قلندر ہے

ਨੀਵੇਂ ਰੁੱਖਾਂ ਦੇ ਫ਼ਲ

ਦਰਿਆਵਾਂ ਦਾ ਪਾਣੀ ਭੱਜ-ਭੱਜ ਸਾਗਰ ਵੱਲ ਨੂੰ ਜਾਵੇ,
ਸਾਗਰ 'ਤੇ ਤਾਂ ਧੂੜ ਪਵੇ ਉਹ ਵੀ ਸਾਗਰ ਬਣ ਜਾਵੇ।
ਉੱਚੀਆਂ ਟੀਸੀਆਂ ਉੱਤੇ ਤਾਂ ਕੰਡੇ ਵੀ ਨਹੀਂ ਜੰਮ ਸਕਦੇ,
ਪਾਣੀ ਵਗੇ ਨਿਵਾਣਾਂ ਵੱਲ ਨੂੰ, ਉੱਪਰ ਵੱਲ ਨਾ ਜਾਵੇ।

ਹਵਾ ਦਾ ਰਸਤਾ ਰੋਕ ਸਕਣ ਦੀ ਤਾਕਤ ਰੱਖਦੇ ਪਰਬਤ,
ਪਰ ਬਰਫ਼ ਬਣ ਗਿਆ ਪਾਣੀ ਵੀ ਨਾ ਪਰਬਤ ਵਿੱਚ ਸਮਾਵੇ।
ਨਿਵੇ ਸੋ ਗਉਰਾ ਹੋਵੇ ਸੁੱਨੜਾ! ਸੱਚ ਲਿਖਿਆ ਬਾਣੀ ਵਿੱਚ,
ਨੀਵਿਆਂ ਰੁੱਖਾਂ ਦੇ ਫ਼ਲ ਮਿੱਠੇ ਸਿੰਬਲ ਕੋਈ ਨਾ ਖਾਵੇ।

•

نیویں رکھاں دے پھل

دریاواں دا پانی بھج بھج ساگر ول نوں جاوے،
ساگر تے تاں دھوڑ پوے اوہ وی ساگر بن جاوے
اچیاں ٹیسیاں اتے تاں کنڈے وی نہیں جم سکدے،
پانی وگے نواناں ول نوں، اپر ول نہ جاوے

ہوا دا رستہ روک سکن دی طاقت رکھدے پربت،
پر برف بن گیا پانی وی نہ پربت وچ سماوے
نوے سو گؤرا ہووے سنڑا! سچ لکھیا بانی وچ،
نیویاں رکھاں دے پھل مٹھے سمبل کوئی نہ کھاوے

ਜ਼ੋਰਾਵਰ

ਦੁੱਧ, ਮਲਾਈਆਂ ਤੇਰੀਆਂ ਤਾਂ ਜ਼ੋਰਾਵਰਾਂ ਨੇ ਚੱਟ ਲਈਆਂ,
ਤੇਰੀ ਰਹਿੰਦ-ਖੂੰਹਦ ਵੀ ਮਿਲ ਗਈ ਤਾਂ ਵੀ ਸ਼ਗਨ ਮਨਾਵਾਂਗੇ।
ਸੂਹੇ ਰੰਗ ਮਾਣ ਗਏ ਪੰਛੀ, ਤੂੰ ਹੁੰਦੀ ਸੀ ਜਦੋਂ ਦੁਪਹਿਰਖਿੜੀ।
ਸ਼ਾਮ ਢਲੀ ਫੁੱਲ ਵਿੱਚ ਬਹਿ ਕੇ, ਤੇਰੀ ਬੁੱਕਲ ਵਿੱਚ ਮਰ ਜਾਵਾਂਗੇ।

ਤੇਰੇ ਹਾਸਿਆਂ ਵਿੱਚ ਹੱਸਣ ਲਈ ਇੱਕ-ਦੂਜੇ ਵਿੱਚ ਵੱਜੇ ਲੋਕ,
ਤੈਨੂੰ 'ਕੱਲਿਆ ਬਹਿ ਕੇ ਰੋਂਦੀ ਨੂੰ ਇਕ ਵਾਰ ਜਰੂਰ ਹਸਾਵਾਂਗੇ।
ਪੂਰਣਮਾਸੀ ਦੇ ਚੰਨ ਨੂੰ ਤਾਂ ਚਾਹੁਣ ਵਾਲੇ ਸੀ ਕਈ ਚਕੋਰ,
ਸਾਨੂੰ ਪਲਾਂ-ਛਿਣਾਂ ਲਈ ਦਿਸ ਗਿਓਂ ਤਾਂ ਵੀ ਈਦ ਮਨਾਵਾਂਗੇ।

•

زوراور

دودھ، ملائیاں تیریاں تاں زوراوراں نے چٹ لئیاں،
تیری رہند کھونہد وی مل گئی تاں وی شگن مناواں گے
سوہے رنگ مان گئے پنچھی، توں ہوندی سی جدوں
دپہرکھڑی
شام ڈھلی پھل وچ بہہ کے، تیری بکل وچ مر جاواں گے

تیرے ہاسیاں وچ ہسن لئی اک دوجے وچ وجے لوک،
تینوں 'کلیا بہہ کے روندی نوں اک وار ضرور ہساواں گے
پورنماسی دے چن نوں تاں چاہن والے سی کئی چکور،
سانوں پلاں چھناں لئی دس گؤں تاں وی عید مناواں گے

ਮਾਇਆ ਨਗਰੀ

ਮਾਇਆ ਨਗਰੀ ਦੇ ਵਾਸੀ ਸੱਜਣ ਸਾਡੇ
ਪੈਸੇ ਬਿਨ ਪੱਤਾ ਵੀ ਜਿੱਥੇ ਨਹੀਂ ਹਿੱਲਦਾ।
ਤਨ-ਮਨ ਤਾਂ ਸਾਡਾ ਹਰ ਵੇਲੇ ਹਾਜ਼ਰ ਹੈ,
ਪਰ ਧਨ ਬਿਨ ਤੇਰੇ ਸ਼ਹਿਰ 'ਚ ਕੁੱਝ ਵੀ ਨਹੀਂ ਮਿਲਦਾ।

ਦਿਲ ਨਾਲ ਦਿਲ ਵਟਾਉਣ ਵਾਲੇ ਦਿਨ ਨਹੀਂ ਰਹੇ,
ਸੌਦੇਬਾਜ਼ੀ ਹੋ ਗਿਆ ਹੁਣ ਸੌਦਾ ਦਿਲ ਦਾ।
ਸਾਡਾ ਸਭ ਕੁੱਝ ਅਰਪਣ ਕਰਕੇ ਵੀ ਸੱਜਣਾ!
ਇੰਤਜ਼ਾਮ ਨਾ ਹੋ ਸਕਿਆ ਤੇਰੇ ਬਿਲ ਦਾ।

•

مایا نگری

مایہ نگری دے واسی سجن ساڈے
پیسے بن پتہ وی جتھے نہیں ہلدا
تن من تاں ساڈا ہر ویلے حاضر ہے،
پر دھن بن تیرے شہر 'چ کجھ وی نہیں ملدا

دل نال دل وٹاؤن والے دن نہیں رہے،
سودیبازی ہو گیا ہن سودا دل دا
ساڈا سبھ کجھ ارپن کرکے وی سجنا!
انتظام نہ ہو سکیا تیرے بل دا

ਪੈਸੇ ਦੀ ਭੁੱਖ

ਜੀਵਨ ਦੇ ਰੁਜਗਾਨ ਵਾਸਤੇ ਧਨ, ਦੌਲਤ ਕਮਾਈਦੀ,
ਸੁੱਖ ਦੀਆਂ ਵਸਤਾਂ ਲੈਣ ਲਈ, ਮਾਇਆ ਦੀ ਬਲੀ ਚੜ੍ਹਾਈਦੀ।
ਮਾਇਆ ਜੀਵਨ ਦੀ ਪਗੜੀ ਨੂੰ ਮਾਇਆ ਲਾਉਣੀ ਪੈਂਦੀ,
ਭੱਜ-ਨੱਠ ਕਰਕੇ ਜੋੜੀ ਪੁੰਜੀ, ਵਸਤਾਂ ਨਾਲ ਵਟਾਈਦੀ।

ਜਿਸ ਲਈ ਪੈਸਾ ਸੁੱਖ ਸਾਧਨ, ਉਹ ਸੁਕਰ ਕਰੇ ਦਾਤੇ ਦਾ,
ਜੀਵਨ ਨਰਕ ਬਣਾਉਣ ਲਈ ਪੈਸੇ ਦੀ ਭੁੱਖ ਵਧਾਈਦੀ।
ਭੁੱਖ ਤੇ ਦੁੱਖ ਦੀਆਂ ਸਭ ਲੜਾਈਆਂ, ਹਉਮੈਂ ਦੇ ਸਭ ਝਗੜੇ,
ਦੋ ਵੇਲੇ ਰੋਟੀ ਤਾਂ ਸੁੱਨੜਾ! ਹਰ ਹਾਲਤ ਵਿੱਚ ਖਾਈਦੀ।

•

پیسے دی بھکھ

جیون دے رجگان واسطے دھن، دولت کمائیدی،
سکھ دیاں وستاں لین لئی، مایہ دی بلی چڑھائیدی
مایہ جیون دی پگڑی نوں مایہ لاؤنی پیندی،
بھج نٹھ کرکے جوڑی پونجی، وستاں نال وٹائیدی

جس لئی پیسہ سکھ سادھن، اوہ شکر کرے داتے دا،
جیون نرک بناؤن لئی پیسے دی بھکھ ودھائیدی
بھکھ تے دکھ دیاں سبھ لڑائیاں، ہؤمیں دے سبھ جھگڑے،
دو ویلے روٹی تاں سنڑا! ہر حالت وچ کھائیدی

ਵਾਟ

ਖਾਲੀ ਹੱਥੀਂ ਆਇਆ ਸੀ ਤੂੰ, ਖਾਲੀ ਹੱਥੀਂ ਜਾਏਂਗਾ।
ਪਿੱਛੇ ਰਹਿ ਜਾਣੇ ਨੇ ਬਸ! ਜਿਹੜੇ ਕਰਮ ਕਮਾਏਂਗਾ।

ਜ਼ਿੰਦਗੀ ਵਿੱਚ ਜੋ ਵੀ ਕਰੇਂਗਾ, ਤੇਰਾ ਨਾਮ ਬਣੂੰ,
ਆਪਣੇ ਹੱਥੀਂ ਤੂੰ ਜਿਹੜੇ-ਜਿਹੜੇ ਬੂਟੇ ਲਾਏਂਗਾ।

ਜਿਸ ਤੋਰੇ ਤੁਰੇਂਗਾ ਤੂੰ, ਉਹੀਓ ਹੀ ਪਛਾਣ ਤੇਰੀ,
ਜਿਸ-ਜਿਸ ਰਸਤੇ ਤੂੰ ਜਿਸ ਤਰ੍ਹਾਂ ਜਾਏਂਗਾ।

ਆਰ-ਪਰਿਵਾਰ ਲਈ ਤੂੰ ਕੜ੍ਹੀ ਘੋਲੀ ਜਿਹੜੀ,
ਓਸਦਾ ਹਿਸਾਬ ਧਰਮ ਰਾਜ ਤੋਂ ਕਰਵਾਏਂਗਾ।

ਓਹੋ ਜਿਹੀਆਂ ਲਿਖਤਾਂ ਲਿਖਣ ਤੇਰੇ ਬਾਲ-ਬੱਚੇ,
ਜੇਹੋ-ਜਿਹੋ ਉਹਨਾਂ ਲਈ ਤੂੰ ਪੂਰਨੇ ਪਾਏਂਗਾ।

ਤੇਰੇ ਆਉਣ-ਜਾਣ ਦਾ ਹਿਸਾਬ ਨਹੀਓਂ ਤੇਰੇ ਕੋਲ,
ਹੋਰ ਕਿਸ ਚੀਜ਼ ਦਾ ਹਿਸਾਬ ਤੂੰ ਲਗਾਏਂਗਾ

ਭਾਣੇ ਵਿੱਚ ਰਹੇਂਗਾ ਤਾਂ ਸੌਖੀ ਰਹੂ ਵਾਟ ਤੇਰੀ,
ਸਿਆਣਪਾਂ ਕਰੇਂਗਾ ਤਾਂ ਓਨੇ ਹੀ ਧੱਕੇ ਹੀ ਖਾਏਂਗਾ।

•

واٹ

خالی ہتھیں آیا سی توں، خالی ہتھیں جائیں گا
پچھے رہِ جانے نے بس! جیہڑے کرم کمائیں گا

زندگی وچ جو وی کریں گا، تیرا نام بنوں،
اپنے ہتھیں توں جیہڑے جیہڑے بوٹے لائیں گا

جس تورے ترینگا توں، اہیؤ ہی پچھان تیری،
جس جس رستے توں جس طرحاں جائیں گا

آر پریوار لئی توں کڑھی گھولی جیہڑی،
اوسدا حساب دھرم راج توں کروائیں گا

اوہو جہیاں لکھتاں لکھن تیرے بال بچے،
جیہو جہو اوہناں لئی توں پورنے پائیں گا

تیرے آؤن جان دا حساب نہیؤں تیرے کول،
ہور کس چیز دا حساب توں لگائیں گا

بھانے وچ رہیں گا تاں سوکھی رہو واٹ تیری،
سیانپاں کریں گا تاں اونے ہی دھکے ہی کھائیں گا

ਜਤੀ-ਸਤੀ

ਘਰ ਪਰਿਵਾਰ ਜਿਨ੍ਹਾਂ ਦੇ ਵਸਦੇ, ਵਧੀਆ ਉਹ ਇਨਸਾਨ,
ਜਤੀ-ਸਤੀ ਦੀ ਜੜ੍ਹ ਨਾ ਕੋਈ ਬੇਸ਼ੱਕ ਉਹ ਵੱਡੇ ਵਿਦਵਾਨ।

ਗੁੱਸੇ ਗਿਲੇ ਤਾਂ ਹਰ ਪਰਿਵਾਰ 'ਚ ਹਰ ਹਾਲਤ ਵਿੱਚ ਹੁੰਦੇ,
ਕ੍ਰੋਧ ਨੂੰ ਕਾਬੂ ਕਰਨ ਲਈ ਕਈ ਤੁਰ ਜਾਂਦੇ ਨੇ ਬੀਆਬਾਨ।

ਆਪਣਿਆਂ ਸੰਗ ਵਸਣ-ਰਸਣ ਦਾ ਵੀ ਲਾਲਚ ਦੁਨੀਆ ਨੂੰ,
ਭੁੱਖ ਤਾਂ ਲੱਗਣੀ ਬੜੀ ਜਰੂਰੀ ਕੁੱਝ ਖਾਧਿਆਂ ਪੈਂਦੀ ਜਾਨ।

ਕਿਸੇ ਚੀਜ਼ ਦਾ ਮੋਹ ਨਹੀਂ ਜਿਸਨੂੰ, ਉਸਨੂੰ ਬੰਦਾ ਕਿੰਝ ਕਹੀਏ,
ਅਸਲੀ ਇਨਸਾਨੀ ਜੀਵਨ ਹੈ ਮੋਹ, ਮਮਤਾ ਅਤੇ ਸੰਤਾਨ।

ਆਪਣਿਆਂ ਸੰਗ ਵਸਣ-ਰਸਣ ਦਾ ਲਾਲਚ ਦੁਨੀਆ ਨੂੰ,
ਭੁੱਖ ਤਾਂ ਲੱਗਣੀ ਬੜੀ ਜਰੂਰੀ, ਕੁੱਝ ਖਾਧਿਆਂ ਪੈਂਦੀ ਜਾਨ।

ਕਿਸੇ ਚੀਜ਼ ਦਾ ਮੋਹ ਨਹੀਂ ਜਿਸਨੂੰ ਉਸਨੂੰ ਬੰਦਾ ਕਿੰਝ ਕਹੀਏ,
ਅਸਲੀ ਇਨਸਾਨੀ ਜੀਵਨ ਹੈ ਮੋਹ-ਮਮਤਾ ਸੰਤਾਨ।

ਸੱਚ ਦਾ ਕੋਈ ਘੁਮੰਡ ਕਰਦਾ ਤਾਂ ਉਸ ਵਿੱਚ ਕੀ ਗ਼ਲਤੀ ਹੈ,
ਇੱਕ ਹੰਕਾਰ ਤੋਂ ਡਰਦਿਆਂ, ਜੀਵਨ ਕਿਉਂ ਕਰੀਏ ਕੁਰਬਾਨ।

ਹਰ ਇੱਕ ਕਰਮ ਕਰਨ ਦੀ ਲੇਕਿਨ ਮਰਿਆਦਾ ਹੁੰਦੀ ਹੈ,
ਬਾਹਰ ਭੱਜਣ ਤੋਂ ਚੰਗਾ ਹੈ ਜੇਕਰ ਹੋ ਜਾਈਏ ਅੰਤਰਧਿਆਨ।

•

جَتی سَتی

گھر پریوار جیہناں دے وسدے، ودھیا اوہ انسان،
جتی ستی دی جڑھ نہ کوئی بے شک اوہ وڈے ودوان

غصے گلے تاں ہر پریوار 'چ ہر حالت وچ ہوندے،
کرودھ نوں قابو کرن لئی کئی تر جاندے نے بیابان

آپنیاں سنگ وسن رسن دا وی لالچ دنیا نوں،
بھکھ تاں لگنی بڑی ضروری کجھ کھادھیاں پیندی جان

کسے چیز دا موہ نہیں جسنوں، اسنوں بندہ کنجھ کہیے،
اصلی انسانی جیون ہے موہ، ممتا اتے سنتان

آپنیاں سنگ وسن رسن دا لالچ دنیا نوں،
بھکھ تاں لگنی بڑی ضروری، کجھ کھادھیاں پیندی جان

کسے چیز دا موہ نہیں جسنوں اسنوں بندہ کنجھ کہیے،
اصلی انسانی جیون ہے موہ ممتا سنتان

سچ دا کوئی گھمنڈ کردا تاں اس وچ کیہ غلطی ہے،
اک ہنکار توں ڈردیاں، جیون کیوں کریے قربان

ہر اک کرم کرن دی لیکن مریادا ہوندی ہے،
باہر بھجن توں چنگا ہے جیکر ہو جائیے انتردھیان

ਲਾਲਚ

ਲਾਲਚ ਬੁਰੀ ਬਲਾ ਇਹ ਗੱਲ ਦੁਨੀਆ ਵਿੱਚ ਮਸ਼ਹੂਰ,
ਪਰ ਜਿਸਦਾ ਵੀ ਦਾਅ ਲੱਗੇ ਹਰ ਕੋਈ ਲਾਲਚ ਕਰੇ ਜਰੂਰ।

ਹਰ ਇੱਕ ਬੰਦਾ ਹਰ ਹਾਲਤ ਵਿੱਚ ਲਾਲਚ ਕਰ ਲੈਂਦਾ ਹੈ,
ਜੋ ਲਾਲਚ ਨਹੀਂ ਕਰਦਾ ਹੋਣੈ ਕਿਸੇ ਗੱਲੋਂ ਮਜਬੂਰ।

ਗੁਰੂ, ਪੀਰ ਹੋਣੈ ਜਿਹੜਾ ਵੀ ਲਾਲਚ ਤੋਂ ਬਚ ਸਕਿਆ,
ਪਰ ਨਿੱਤ ਦੇ ਜੀਵਨ ਨੂੰ ਨਿੰਦਣਾ ਦੁਨੀਆ ਦਾ ਦਸਤੂਰ।

ਬਹੁਤ ਹੀ ਲਾਲਚ ਕੀਤੇ ਹਾਲੇ ਵੀ ਲਲਚਾਉਂਦਾ ਹੈ ਦਿਲ,
ਜੇ ਹਾਲੇ ਜ਼ਿੰਦਾ ਦਿਲ ਹੈ ਇਸ ਵਿੱਚ ਮੇਰਾ ਕੀ ਕਸੂਰ।

•

لالچ

لالچ بری بلا ایہہ گل دنیا وچ مشہور،
پر جسدا وی داء لگے ہر کوئی لالچ کرے ضرور

ہر اک بندہ ہر حالت وچ لالچ کر لیندا ہے،
جو لالچ نہیں کردا ہونے کسے گلوں مجبور

گورو، پیر ہونے جیہڑا وی لالچ توں بچ سکیا،
پر نت دے جیون نوں نندنا دنیا دا دستور

بہت ہی لالچ کیتے حالے وی للچاؤندا ہے دل،
جے حالے زندہ دل ہے اس وچ میرا کیہ قصور

ਦੀਪਕ

ਦੀਪਕ ਵਿਚਾਰਾ ਕਈ ਚਿਰਾਂ ਦਾ ਬੁਝ ਗਿਆ ਹੁੰਦਾ,
ਪਰ ਉਮੀਦ ਦਾ ਕੁੱਝ ਤੇਲ ਬਾਕੀ ਹੈ ਅਜੇ।

ਸਾਰੇ ਬੂਹੇ, ਬਾਰੀਆਂ 'ਤੇ ਪਹਿਰਾ ਲੱਗਿਆ ਹੋਇਆ ਹੈ,
ਦੂਰੋਂ ਕੋਈ ਦਿਸ ਰਿਹਾ ਜਿਸ 'ਚੋਂ ਉਹ ਤਾਕੀ ਹੈ ਅਜੇ।

ਗੁਰਦੁਆਰੇ, ਮੰਦਿਰਾਂ ਵਿੱਚ ਬਹੁਤ ਹੋਏ ਹਾਂ ਜਲੀਲ,
ਥੋੜੀ-ਘਣੀ ਜੋ ਸੁਣ ਰਿਹੈ ਮਹਿਖਾਨੇ ਸਾਕੀ ਹੈ ਅਜੇ।
ਦੀਪਕ ਵਿਚਾਰਾ ਕਈ ਚਿਰਾਂ ਦਾ ਬੁਝ ਗਿਆ ਹੁੰਦਾ,
ਪਰ ਉਮੀਦ ਦਾ ਕੁੱਝ ਤੇਲ ਬਾਕੀ ਹੈ ਅਜੇ।

•

دیپک

دیپک وچارا کئی چراں دا بجھ گیا ہوندا،
پر امید دا کجھ تیل باقی ہے اجے

سارے بوہے، باریاں 'تے پہرہ لگیا ہویا ہے،
دوروں کوئی دس رہا جس 'چوں اوہ طاقی ہے اجے

گردوارے، مندراں وچ بہت ہوئے ہاں جلیل،
تھوڑی گھنیی جو سن رہے مہکھانے ساقی ہے اجے

دیپک وچارا کئی چراں دا بجھ گیا ہوندا،
پر امید دا کجھ تیل باقی ہے اجے

ਭੁੱਖ ਤੇ ਦੁੱਖ

ਗੁਜ਼ਰ ਗਏ ਜੀਵਨ ਪੰਧ ਵਿੱਚੋਂ, ਜੀ ਕਰਦੈ ਕੁੱਝ ਯਾਦ ਕਰਾਂ।
ਹਰ ਮੋੜ 'ਤੇ ਹਾਰਿਆਂ ਹਾਂ ਕੁੱਝ ਬਚਿਆ ਨਹੀਂ ਜੋ ਹੋਰ ਹਰਾਂ।

ਨਕਲੀ ਹਾਸੇ ਹੱਸਣ ਦੀ ਆਦਤ ਹੀ ਬਣ ਗਈ ਹੈ ਹੁਣ ਤਾਂ,
ਵਿੰਨ੍ਹਿਆ ਪਿਆ ਜਿਸਮ ਤੀਰਾਂ ਨਾਲ ਵਜ੍ਹਾ ਨਹੀਂ ਕਿ ਹੋਰ ਜਰਾਂ।

ਕਰਣ, ਕਾਰਣ ਸਭ ਕੁੱਝ ਕਰਤਾ ਹੈ ਮੈਂ ਕਿਉਂ ਖੁਦ ਨੂੰ ਦੋਸ਼ ਦਿਆਂ,
ਭੁੱਖ ਤੇ ਦੁੱਖ ਵੀ ਕੁਦਰਤ ਦੇ ਰੰਗ ਮੈਂ ਕਿਉਂ ਐਵੇਂ ਫ਼ਿਕਰ ਕਰਾਂ।

ਪਰ ਸੁਣਿਆ! ਇਨਸਾਨੀ ਜੀਵਨ ਰੰਗਾਂ ਦੀ ਨਗਰੀ ਹੁੰਦੈ,
ਕੋਰੇ ਕਾਗਜ਼ ਜੀਵਨ ਦੇ ਮੈਂ ਕਿਸ ਮਹਿਫ਼ਿਲ ਵਿੱਚ ਆਣ ਧਰਾਂ।

•

بھُکھ تے دُکھ

گزر گئے جیون پندھ وچوں، جی کردے کجھ یاد کراں
ہر موڑ تے ہاریاں ہاں کجھ بچیا نہیں جو ہور ہراں

نقلی ہاسے ہسن دی عادت ہی بن گئی ہے ہن تاں،
ونھیا پیا جسم تیراں نال وجہ نہیں کہ ہور جراں

کرن، کارن سبھ کجھ کرتا ہے میں کیوں خود نوں دوش دیاں،
بھکھ تے دکھ وی قدرت دے رنگ میں کیوں ایویں فکر کراں

پر سنیا! انسانی جیون رنگاں دی نگری ہوندے،
کورے کاغذ جیون دے میں کس محفل وچ آن دھراں

ਕੀਮਤ

ਜਿਸਦੀ ਕੀਮਤ ਇੱਕ ਪੈਸਾ ਵੀ ਨਹੀਂ ਪਈ,
ਉਸਨੂੰ ਕੀ ਭਾਅ ਇਸ ਦੁਨੀਆ ਦੇ ਭਾਅ ਦੇ ਨਾਲ।
ਕਿਸੇ ਲਈ ਉਹ ਜਾ ਕੇ ਕੀ ਕਰ ਸਕਦਾ ਹੈ,
ਜਿਸਨੂੰ ਹਮਦਰਦੀ ਨਹੀਂ ਆਪਣੇ ਸਾਹ ਦੇ ਨਾਲ।

ਜਿਸ ਲਈ ਦੋਵੇਂ ਕੰਢੇ ਹੱਡਾਰੇੜੀ ਹਨ,
ਉਹ ਕਿਉਂ ਜਾ ਕੇ ਝੇੜਾ ਕਰੇ ਮਲਾਹ ਦੇ ਨਾਲ।
ਜਿਸਨੂੰ ਮਿਲਣਾ ਅੱਜ ਤੱਕ ਕਿਸੇ ਵੀ ਨਹੀਂ ਚਾਹਿਆ,
ਉਹ ਹਾਰ ਸ਼ਿੰਗਾਰ ਕਰੇ ਦੱਸੋ! ਕਿਸ ਚਾਅ ਦੇ ਨਾਲ।

ਜਿਸਦਾ ਘਰ ਹੋਵੇ ਉਹ ਝੱਖੜਾਂ ਤੋਂ ਬਚਦਾ,
ਧੱਕੇ ਖਾਂਦੇ ਅਸੀਂ ਸਮੇਂ ਦੀ 'ਵਾ ਦੇ ਨਾਲ।
ਜਿਹੜੇ ਜ਼ਖ਼ਮਾਂ ਨੂੰ ਕੋਈ ਸਮਝ ਨਹੀਂ ਸਕਿਆ,
ਠੀਕ ਹੋਣਗੇ ਦੱਸਿਓ! ਕੇਸ ਦਵਾ ਦੇ ਨਾਲ।

•

قیمت

جسدی قیمت اک پیسہ وی نہیں پئی،
اسنوں کیہ بھاء اس دنیا دے بھاء دے نال
کسے لئی اوہ جا کے کیہ کر سکدا ہے،
جسنوں ہمدردی نہیں اپنے ساہ دے نال

جس لئی دوویں کنڈھے ہڈاریڑی ہن،
اوہ کیوں جا کے جھیڑا کرے ملاح دے نال
جسنوں ملنا اج تک کسے وی نہیں چاہیا،
اوہ ہار شنگار کرے دسو! کس چاء دے نال

جسدا گھر ہووے اوہ جھکھڑاں توں بچدا،
دھکے کھاندے اسیں سمیں دی 'وا دے نال
جیہڑے زخماں نوں کوئی سمجھ نہیں سکیا،
ٹھیک ہون گے دسیو! کیس دوا دے نال

ਬੋਲ

ਬੋਲਦਿਆਂ ਬੋਲ ਹੋ ਜਾਏ ਬੋਲ ਤੇ ਕਬੋਲ,
ਬਿਨਾ ਬੋਲੇ ਨਹੀਓਂ ਹੁੰਦਾ ਦੁੱਖ-ਸੁੱਖ ਫੋਲ੍ਹ।
ਦੱਸੀਂ ਮੇਰੇ ਮਾਲਕਾ! ਮੈਂ ਕਿਵੇਂ ਚੁੱਪ ਰਹਾਂ,
ਜਦੋਂ ਭੁੱਖ ਲੱਗਦੀ ਹੈ ਦਿਲ ਜਾਂਦਾ ਡੋਲ।

ਖਾਲੀ ਭਾਂਡੇ ਦਾ ਖੜਾਕ ਭਰੇ ਨਾਲੋਂ ਵੱਧ,
ਮੰਡੀ ਵਿੱਚ ਜਾਂਦਿਆਂ ਹੀ ਖੋਟਾ ਸਿੱਕਾ ਰੱਦ।
ਕਿੰਨਾ ਖੋਟਾ ਹਾਂ ਤੇ ਕਿੰਨਾ ਖ਼ਰਾ ਮੈਂ ਕੀ ਜਾਣਾਂ,
ਆਪਣੀ ਅਕਲ ਲੱਗੇ ਹੱਦ ਨਾਲੋਂ ਵੱਧ।

ਦਿਲ ਦੀ ਭੜਾਸ ਕੱਢੀ ਮੈਂ ਤਾਂ ਗੱਲ ਕਰਕੇ,
ਕਿਸੇ ਨੂੰ ਨਾ ਦੱਸੀਂ, ਰੱਖੀਂ ਦਿਲ ਵਿੱਚ ਜਰ ਕੇ।
ਸੁਣਨ ਵਾਲੇ ਨੇ ਵੀ ਜੇ ਦਿਲ ਹੌਲਾ ਕਰ ਲਿਆ,
ਸਹਿਮੇ ਰਹਿਣਾ ਪੈਣਾ ਗੱਲ ਕੋਲੋਂ ਡਰ-ਡਰ ਕੇ।

ਬੋਲਦਿਆਂ ਬੋਲ ਹੋ ਜਾਏ ਬੋਲ ਤੇ ਕਬੋਲ,
ਬਿਨਾ ਬੋਲੇ ਨਹੀਓਂ ਹੁੰਦਾ ਦੁੱਖ-ਸੁੱਖ ਫੋਲ੍ਹ।
ਦੱਸੀਂ ਮੇਰੇ ਮਾਲਕਾ! ਮੈਂ ਕਿਵੇਂ ਚੁੱਪ ਰਹਾਂ,
ਜਦੋਂ ਭੁੱਖ ਲੱਗਦੀ ਹੈ ਦਿਲ ਜਾਂਦਾ ਡੋਲ।

•

بول

بولدیاں بول ہو جائے بول تے کبول،
بنا بولے نہیؤں ہوندا دکھ سکھ پھولھ
دسیں میرے مالکا! میں کویں چپ رہاں،
جدوں بھکھ لگدی ہے دل جاندا ڈول

خالی بھانڈے دا کھڑاک بھرے نالوں ودھ،
منڈی وچ جاندیاں ہی کھوٹا سکہ رد
کنا کھوٹا ہاں تے کنا خرا میں کیہ جاناں،
اپنی عقل لگے حد نالوں ودھ

دل دی بھڑاس کڈھی میں تاں گل کرکے،
کسے نوں نہ دسیں، رکھیں دل وچ جر کے
سنن والے نے وی جے دل ہولا کر لیا،
سہمے رہنا پینا گل کولوں ڈر ڈر کے

بولدیاں بول ہو جائے بول تے کبول،
بنا بولے نہیؤں ہوندا دکھ سکھ پھولھ
دسیں میرے مالکا! میں کویں چپ رہاں،
جدوں بھکھ لگدی ہے دل جاندا ڈول

ਘਾਟਾ-ਵਾਧਾ

ਘਾਟਾ ਖਾ ਖੇਤੀਂ ਵਿੱਚੋਂ ਵਿਦੇਸ਼ ਆਏ ਸੀ,
ਝਾੜੂ ਵੀ ਫੇਰੇ ਅਸੀਂ ਤੇ ਪੋਚੇ ਵੀ ਲਾਏ ਸੀ।
ਸੱਤੇ ਦਿਨ ਖੜੀ ਲੱਤੇ ਕੰਮ ਕਰਕੇ,
ਮੁੜ੍ਹਕੇ ਦੇ ਮੁੱਲ ਪੈਸੇ ਵੀ ਕਮਾਏ ਸੀ।

ਚਿੱਟੇ ਚਾਦਰੇ ਤਾਂ ਇੱਕ ਪਾਸੇ ਰਹਿ ਗਏ,
ਭਾਂਡੇ ਮਾਂਜੇ ਅਸੀਂ ਖਾਣੇ ਵੀ ਬਣਾਏ ਸੀ।
ਪਤਾ ਨਹੀਂ ਕਿਹੜੇ, ਜਿਹੜੇ ਜੱਟ ਸਰਦਾਰ,
ਅਸੀਂ ਵੀ ਸਮਾਜ 'ਚ ਜੱਟਾਂ ਦੇ ਜਾਏ ਸੀ।

•

گھاٹا وادھا

گھاٹا کھا کھیتیں وچوں ودیش آئے سی،
جھاڑو وی پھیرے اسیں تے پوچے وی لائے سی
ستے دن کھڑی لتے کم کرکے،
مڑھکے دے مل پیسے وی کمائے سی

چٹے چادرے تاں اک پاسے رہِ گئے،
بھانڈے مانجے اسیں کھانے وی بنائے سی
پتہ نہیں کیہڑے، جیہڑے جٹ سردار،
اسیں وی سماج 'چ جٹاں دے جائے سی

ਹੱਡ-ਮਾਸ ਦਾ ਬੰਦਾ

ਹੱਡ-ਮਾਸ ਦੇ ਬੰਦੇ ਨੂੰ ਤਾਂ ਭੁੱਖ ਲੱਗਦੀ ਹੈ,
‘ਕੱਲੀਆਂ ਕਵਿਤਾਵਾਂ ਨੂੰ ਕਿਸੇ ਨੇ ਕੀ ਕਰਨਾ।
ਰੰਗ-ਰੰਗੋਲੀ ਗੀਤ, ਗ਼ਜ਼ਲ ਨਾ ਖੇਡ ਸਕਣ,
ਸੁੱਕੀ ਝਨ੍ਹਾਂ ‘ਚ ਕੱਚਿਆਂ ‘ਤੇ ਕਿਸ ਲਈ ਤਰਨਾ।

ਜੇ ਸਚਮੁੱਚ ਤੇਰੇ ਮੇਰੇ ਰੰਗ ਰਲਦੇ ਹੁੰਦੇ,
ਤਾਂ ਸੱਧਰਾਂ ਦੀਆਂ ਧਾਹਾਂ ਨੂੰ ਨਾ ਪੈਂਦਾ ਜਰਨਾ।
ਜਿੰਨਾ ਚਿਰ ਸਰੀਰ ਨਿੱਘਾ ਹੈ ਝਗੜ ਰਿਹੈ,
ਠੰਡੇ ਜਿਸਮਾਂ ਨੇ ਕੀ ਜਿੱਤਣਾ ਕੀ ਹਰਨਾ।

•

ہڈ ماس دا بندہ

ہڈ ماس دے بندے نوں تاں بھکھ لگدی ہے،
'کلیاں کویتاواں نوں کسے نے کیہ کرنا
رنگ رنگولی گیت، غزل نہ کھیڈ سکن،
سکی جھنھاں 'چ کچیاں 'تے کس لئی ترنا

جے سچمچ تیرے میرے رنگ رلدے ہوندے،
تاں سدھراں دیاں دھاہاں نوں نہ پیندا جرنا
جنا چر سریر نگھا ہے جھگڑ رہے،
ٹھنڈے جسماں نے کیہ جتنا کیہ ہرن

ਅਮਰੀਕਾ

ਅਮਰੀਕਾ ਵਿੱਚ ਬਾਹਰੋਂ ਆ ਕੇ ਸਭ ਨੇ ਡੇਰਾ ਲਾਇਆ,
ਪਿਓ, ਦਾਦਾ, ਪੜਦਾਦਾ ਕੋਈ ਨਾ ਕੋਈ ਵਿਦੇਸ਼ੋਂ ਆਇਆ।
ਕੈਨੇਡੀ ਪਰਿਵਾਰ ਵੀ ਸਾਰਾ ਆਇਰਲੈਂਡ ‘ਚੋਂ ਆਇਆ,
ਕਈ ਪ੍ਰਧਾਨ ਵਲਾਇਤੀ ਜਿਨ੍ਹਾਂ ਆਪਣਾ ਹੁਕਮ ਚਲਾਇਆ।

ਯੋਰਪੀਅਨ, ਓਬਾਮਾ ਨਾਲੇ ਅਫ਼ਰੀਕਣ, ਅਮਰੀਕਣ,
ਇਸ ਅਸਮਾਨੀ ਗੋਲੇ ਨੂੰ ਤਾਂ ਕੋਈ ਵੀ ਬੁੱਝ ਨਹੀਂ ਪਾਇਆ।
ਅਸੀਂ ਵੀ ਤਾਂ ਪੰਜਾਬ ਤੋਂ ਆ ਕੇ ਵਸ ਗਏ ਅਮਰੀਕਾ,
ਕੰਮ-ਕਾਜ ਚਲਾਏ ਆ ਕੇ, ਧਨ-ਦੌਲਤ ਵੀ ਬਹੁਤ ਕਮਾਇਆ।

ਰਿਸ਼ਤੇਦਾਰ ਤੇ ਦੋਸਤ-ਮਿੱਤਰ ਵੀ ਕਈ ਸੱਦ ਬੁਲਾਏ,
ਜੋ ਖੁਦ ਕਰਦੇ ਸੀ ਉਹਨਾਂ ਕੰਮਾਂ ਵਿੱਚ ਸਭ ਨੂੰ ਪਾਇਆ।
ਚਮਗਿੱਦੜ ਘਰ, ਆਏ ਪ੍ਰਾਹੁਣੇ ਪੁੱਠੇ ਟੰਗ ‘ਤੇ ਸਾਰੇ,
ਜੇਸ ਚਰਖੜੀ ਆਪ ਚੜੇ ਸਾਂ ਸਭ ਨੂੰ ਉਸ ‘ਤੇ ਚੜ੍ਹਾਇਆ।

ਜਿਸਨੇ ਆਪਣੇ ਆਲੇ-ਦੁਆਲੇ ‘ਕੱਠ ਕਰ ਲਏ,
ਉਸਨੂੰ ਫਿਰ ਭੱਜਣ ਲਈ ਵੀ ਕੋਈ ਰਸਤਾ ਨਜ਼ਰ ਨਾ ਆਇਆ।
ਹੱਥੀਂ ਦਿੱਤੀਆਂ ਗੰਢਾਂ ਨੂੰ, ਦੰਦਾਂ ਨਾਲ ਖੋਲ੍ਹ ਰਹੇ ਹਾਂ,
ਹੁਣ ਚੁਪ ਤੂੰ ਸੁੱਨੜਾ! ਰੀਠੇ ਆਪਣੇ ਆਪ ਤੂੰ ਪੰਗਾ ਪਾਇਆ।

•

امریکہ

امریکہ وچ باہروں آ کے سبھ نے ڈیرہ لایا،
پیو، دادا، پڑدادا کوئی نہ کوئی ودیشوں آیا
کینیڈی پریوار وی سارا آئرلینڈ 'چوں آیا،
کئی پردھان ولائتی جیہناں اپنا حکم چلایا

یورپیئن، اوباما نالے افریکن، امریکن،
اس اسمانی گولے نوں تاں کوئی وی بجھ نہیں پایا
اسیں وی تاں پنجاب توں آ کے وس گئے امریکہ،
کم کاج چلا ئے آ کے، دھن دولت وی بہت کمایا

رشتے دار تے دوست متر وی کئی سد بلائے،
جو خود کردے سی اوہناں کماں وچ سبھ نوں پایا
چمگدڑ گھر، آئے پروہنے پٹھے ٹنگ 'تے سارے،
جیس چرکھڑی آپ چڑے ساں سبھ نوں اس 'تے چڑھایا

جسنے اپنے آلے دوآلے 'کٹھ کر لئے،
اسنوں پھر بھجن لئی وی کوئی رستہ نظر نہ آیا
ہتھیں دتیاں گنڈھاں نوں، دیناں نال کھولھ رہے ہاں،
بن چُوپ توں سنڑا! ریٹھے اپنے آپ توں پنگا پایا

ਠੰਡੀਆਂ-ਤੱਤੀਆਂ ਹਵਾਵਾਂ

ਬੰਦਿਆਂ ਦੇ ਵਿੱਚ ਬੰਦਿਆਂ ਵਾਂਗੂੰ ਰਹਿਣਾ ਪੈਣਾ।
ਚੰਗਿਆਂ-ਮੰਦਿਆਂ ਬੋਲਾਂ ਨੂੰ ਵੀ ਸਹਿਣਾ ਪੈਣਾ।

ਬੁੱਲ੍ਹੇ, 'ਨ੍ਹੇਰੀਆਂ, ਠੰਡੀਆਂ-ਤੱਤੀਆਂ ਵਗਣ ਹਵਾਵਾਂ,
'ਨ੍ਹੇਰੇ ਤੇ ਚਾਨਣ ਦਾ ਜ਼ਾਇਕਾ ਲੈਣਾ ਪੈਣਾ।

ਖੁਸ਼ਬੂ ਤੇ ਬਦਬੂ ਦੋਵਾਂ ਵਿੱਚ ਸਭ ਦੀ ਹਿੱਸੇਦਾਰੀ,
ਖੁਸ਼ੀਆਂ ਲੱਭਦਿਆਂ ਗ਼ਮਾਂ ਦੇ ਵਿੱਚ ਵੀ ਵਹਿਣਾ ਪੈਣਾ।

ਜੋ ਹਰਨਾ ਨਾ ਜਾਣੇ ਉਹ ਫਿਰ ਜਿੱਤੇ ਜਾਂ ਨਾ ਜਿੱਤੇ,
ਹੱਸਦੀਆਂ ਅੱਖਾਂ ਨੂੰ ਕਈ ਵਾਰੀ ਰੋਣਾ ਪੈਣਾ।

ਜੀਵਨ ਦੀ ਮਾਲ਼ਾ ਦੇ ਮਣਕੇ ਵੰਨ-ਸੁਵੰਨੇ,
ਸਭ ਨੂੰ ਜੀਵਨ ਡੋਰੀ ਵਿੱਚ ਪ੍ਰੋਣਾ ਪੈਣਾ।

ਜੀਵਨ ਦੀ ਜੇ ਹਸਰਤ ਹੈ ਤਾਂ ਸੁਣ 'ਲਾ ਸੁੱਨੜਾ!
ਕਿਸੇ ਨਾ ਕਿਸੇ ਜੀਅ ਦਾ ਤਾਂ ਤੈਨੂੰ ਹੋਣਾ ਪੈਣਾ।

•

ٹھنڈیاں تتیاں ہواواں

بندیاں دے وچ بندیاں وانگوں رہنا پینا
چنگیاں مندیاں بولاں نوں وی سہنا پینا

بلھے، 'نھیریاں، ٹھنڈیاں تتیاں وگن ہواواں،
'نھیرے تے چانن دا ذائقہ لینا پینا

خوشبو تے بدبو دواں وچ سبھ دی حصیداری،
خوشیاں لبھدیاں غماں دے وچ وی وہنا پینا

جو ہرنا نہ جانے اوہ پھر جتے جاں نہ جتے،
ہسدیاں اکھاں نوں کئی واری رونا پینا

جیون دی مالا دے منکے ون سونے،
سبھ نوں جیون ڈوری وچ پرونا پینا

جیون دی جے حسرت ہے تاں سن 'لا سنڑا!
کسے نہ کسے جی دا تاں تینوں ہونا پینا

ਹਾਸੇ

ਹਾਸੇ ਕਿਸਮਤ ਵਿੱਚ ਹੀ ਨਹੀਂ ਸੀ ਇਸਦਾ ਗ਼ਮ ਨਾ ਕੋਈ,
ਪਰ ਰੋਸ ਰਹੇਗਾ ਇਸ ਗੱਲ ਦਾ ਕਿ ਰੋ ਵੀ ਸਕੇ ਨਾ ਖੱਲ ਕੇ।
ਦਿਲ ਦਾ ਮਹਿਰਮ ਕੋਈ ਨਾ ਬਣਿਆ ਵਾਹ ਤਾਂ ਲਾਈ ਪੂਰੀ,
ਮੰਗਿਆਂ ਮੌਤ ਵੀ ਨਹੀਂ ਮਿਲਦੀ ਜੀਣਾ ਪਿਆ ਰੁਲ਼-ਰੁਲ਼ ਕੇ।

ਦੁਨੀਆ ਨਾਲ ਚੱਲਣ ਲਈ ਦੁਨੀਆਦਾਰੀ ਸਿੱਖਣੀ ਪੈਂਦੀ ਹੈ,
ਹਉ ਪਰ੍ਹੇ ਕਰ ਦਿਓ ਕੋਈ ਦਿਲ ਨੂੰ ਲਾ ਨਾ ਬੈਠੇ ਭੁੱਲ ਕੇ।
ਦਰਦ ਸੁਣਾਏ ਜਾਂਦੇ ਜੇ ਕੋਈ ਸੁਣਨ ਵਾਲਾ ਵੀ ਹੋਵੇ ਤਾਂ,
'ਕੱਲਿਆਂ ਬੈਠ ਅੱਖਾਂ ਦਾ ਪਾਣੀ ਕੀ ਕਰ ਲਉ ਡੁੱਲ-ਡੁੱਲ ਕੇ।

•

ہاسے

ہاسے قسمت وچ ہی نہیں سی اسدا غم نہ کوئی،
پر روس رہے گا اس گل دا کہ رو وی سکے نہ کھلھ کے
دل دا محرم کوئی نہ بنیا واہ تاں لائی پوری،
منگیاں موت وی نہیں ملدی جینا پیا رل رل کے

دنیا نال چلن لئی دنیاداری سکھنی پیندی ہے،
ہؤ پرھے کر دیو کوئی دل نوں لا نہ بیٹھے بھل کے
درد سنائے جاندے جے کوئی سنن والا وی ہووے تاں،
'کلیاں بیٹھ اکھاں دا پانی کیہ کر لؤ ڈل ڈل کے

ਆਸਮਾਨ

ਆਪਣੇ ਆਲੇ-ਦੁਆਲੇ ਸਿਰਜੇ ਪਿੰਜਰੇ ਵਿੱਚੋਂ ਬਾਹਰ ਆ ਜਾ।
ਆਪਣੇ ਕੰਮ ਤਾਂ ਆ ਨਹੀਂ ਸਕਿਆ ਹੋਰ ਕਿਸੇ ਦੇ ਹੀ ਕੰਮ ਆ ਜਾ।

ਗੀਤ, ਗਜ਼ਲ਼, ਕਵਿਤਾ ਜੋ ਵੀ ਹੈ ਇੱਕ ਦੋ ਆਪਣੇ ਬੰਦ ਸੁਣਾ ਜਾ,
ਆਪਣਾ ਚਿੱਤ ਪਰਚਾ ਨਾ ਸਕਿਆ, ਹੋਰ ਕਿਸੇ ਦਾ ਹੀ ਪਰਚਾ ਜਾ।

ਤੇਰੇ ਫੁੱਲ-ਫ਼ਲ ਟਾਹਣੀਆਂ, ਪੱਤੇ ਤੇਰੇ ਕਿਸੇ ਵੀ ਕੰਮ ਨਾ ਆਏ,
ਇੱਕ ਕੰਮ ਹਾਲੇ ਹੋ ਸਕਦਾ ਹੈ ਹੋਰ ਕਿਸੇ ਲਈ ਬੂਟਾ ਲਾ ਜਾ।

ਆਪਣੇ ਮਨ ਮੰਦਰ ਦੇ ਅੰਦਰ, ਦੀਪ ਕੋਈ ਤੂੰ ਬਾਲ਼ ਨਾ ਸਕਿਆ,
ਆਪਣੇ ਚਾਨਣ ਦੇ ਨਾਲ ਹੀਰਿਆ! ਹੋਰ ਕੋਈ 'ਨ੍ਹੇਰਾ ਰੁਸ਼ਨਾ ਜਾ।

ਭਰੇ ਭਰਾਏ ਤੁਰ ਜਾਣਾ ਹੈ ਇਹ ਤੇਰੀ ਆਪਣੀ ਮਰਜ਼ੀ,
ਦੋ ਚੁਲ਼ੀਆਂ ਅੰਮ੍ਰਿਤ ਜਲ ਦੇ ਕੇ ਹੋਰ ਕਿਸੇ ਦੀ ਪਿਆਸ ਬੁਝਾ ਜਾ।

•

آسمان

اپنے آلے دوآلے سرجے پنجرے وچوں باہر آ جا
اپنے کم تاں آ نہیں سکیا ہور کسے دے ہی کم آ جا

گیت، گزل، کویتا جو وی ہے اک دو اپنے بند سنا جا،
اپنا چت پرچہ نہ سکیا، ہور کسے دا ہی پرچہ جا

تیرے پھل فلل ٹاہنیاں، پتے تیرے کسے وی کم نہ آئے،
اک کم حالے ہو سکدا ہے ہور کسے لئی بوٹا لا جا

اپنے من مندر دے اندر، دیپ کوئی توں بال نہ سکیا،
اپنے چانن دے نال ہیریا! ہور کوئی 'نھیرا رشنا جا

بھرے بھرائے تر جانا ہے ایہہ تیری اپنی مرضی،
دو چولیاں امرت جل دے کے ہور کسے دی پیاس بجھا جا

ਖ਼ਾਲੀ ਹੱਥ

ਮੈਂ ਮੁੱਕਣ 'ਤੇ ਆਈ ਲੱਗਦੀ ਸੁਪਨੇ ਮੁੱਕ ਗਏ ਮੇਰੇ ਹੂ।
ਮਾਸਾ ਚਾਨਣ ਨਜ਼ਰ ਨਾ ਆਵੇ 'ਨ੍ਹੇਰਾ ਚਾਰ ਚੁਫ਼ੇਰੇ ਹੂ।

'ਨ੍ਹੇਰਾ ਚਾਨਣ ਭਾਲਣ ਤੁਰ ਪਿਆ ਰਾਤਾਂ ਘੁੱਪ ਹਨ੍ਹੇਰੇ ਹੂ।
ਜਿੱਥੇ ਸੂਰਜ ਹੀ ਨਹੀਂ ਚੜ੍ਹਦਾ ਕਿੰਦਾਂ ਹੋਣ ਸਵੇਰੇ ਹੂ।

ਦਿਨ ਤੇ ਰਾਤ ਇਕੱਠੇ ਕਰਨਾ ਵਸ ਨਹੀਂ ਤੇਰੇ-ਮੇਰੇ ਹੂ।
ਚੰਦ, ਚਕੋਰ ਕਦੇ ਨਾ ਮਿਲਦੇ ਫਿਰਨ ਚਕੋਰ ਬਥੇਰੇ ਹੂ।

ਹੱਥ ਖ਼ਾਲੀ ਦੇ ਖ਼ਾਲੀ ਕੁੱਝ ਵੀ ਨਹੀਂ ਫ਼ੱਕਰਾਂ ਦੇ ਡੇਰੇ ਹੂ।
ਭੱਜ-ਨੱਠ ਸੁੰਨੜ ਨੇ ਵੀ ਕੀਤੀ ਤਕੜੇ ਕਰਕੇ ਜੇਰੇ ਹੂ।

•

خالی ہتھ

میں مکن 'تے آئی لگدی سپنے مک گئے میرے ہو
ماسہ چانن نظر نہ آوے 'نھیرا چار چپھیرے ہو

'نیرھا چانن بھالن تر پیا راتاں گھپ ہنھیرے ہو
جتھے سورج ہی نہیں چڑھدا کداں ہون سویرے ہو

دن تے رات اکٹھے کرنا وس نہیں تیرے میرے ہو
چند، چکور کدے نہ ملدے پھرن چکور بتھیرے ہو

ہتھ خالی دے خالی کجھ وی نہیں فقراں دے ڈیرے ہو
بھج نٹھ سنڑ نے وی کیتی تکڑے کرکے جیرے ہو

ਮੰਜ਼ਿਲ ਨਾ ਮਿਲੀ

ਦੋਸਤੀ ਦਾ ਹੱਥ ਮੰਗਦੇ ਰਹੇ ਸਾਰੀ ਉਮਰ ਭਰ,
ਪਰ ਮੰਗਤਿਆਂ ਨੂੰ ਕੌਣ ਪੁੱਛਦਾ ਹੈ ਜ਼ਮੀਂ, ਅਸਮਾਨ ਵਿੱਚ।
'ਮੰਜ਼ਿਲ ਨਾ ਮਿਲੀ' ਤਾਂ ਜੀਵਨ ਦੀ ਸੱਚੀ ਕਥਾ ਹੈ,
ਪਰ ਬਹੁਤ ਲੋਕੀਂ ਸੋਚਦੇ ਝੂਠਾ ਹੈ ਸੁੱਨੜ ਬਿਆਨ ਵਿੱਚ।

ਸਾਰੇ ਏਹੋ ਸੋਚਦੇ ਸੁੱਨੜ ਬੜਾ ਖੁਸ਼ਹਾਲ ਹੈ,
ਮੇਰੀ ਭੁੱਖ, ਪਿਆਸ, ਅੜ੍ਹਿਪਤੀ ਆਈ ਨਾ ਕਿਸੇ ਦੇ ਵੀ ਧਿਆਨ ਵਿੱਚ।
ਪਿਆਸ ਦੇ ਅਹਿਸਾਸ ਕਰਕੇ ਹੀ ਮੈਂ ਸ਼ਾਇਦ ਕਵੀ ਹਾਂ,
'ਕੱਲਾ ਤੁਰਿਆਂ ਚੱਲ ਕੋਈ ਨਹੀਂ ਫ਼ਰਕ ਪੈਂਦਾ ਸ਼ਾਨ ਵਿੱਚ।

•

منزل نہ ملی

دوستی دا ہتھ منگدے رہے ساری عمر بھر،
پر منگتیاں نوں کون پچھدا ہے زمیں، اسمان وچ
'منزل نہ ملی' تاں جیون دی سچی کتھا ہے،
پر بہت لوکیں سوچدے جھوٹھا ہے سنڑ بیان وچ

سارے ایہو سوچدے سنڑ بڑا خوش حال ہے،
میری بھکھ، پیاس، اترپتی آئی نہ کسے دے وی دھیان وچ
پیاس دے احساس کرکے ہی میں شاید کوی ہاں،
'کلا' تریاں چل کوئی نہیں فرق پیندا شان وچ

ਕੁਲੇਖਾ

ਮੈਂ ਕੁਲੇਖੇ ਵਿੱਚ ਹੀ ਰਹਿ ਜਾਣਾ ਸੀ ਸਾਰੀ ਉਮਰ,
ਸੁਕਰੀਆ ਸੱਜਣੋ! ਮੇਰੀ ਔਕਾਤ ਤੋਂ ਜਾਣੂ ਕਰਾਇਆ।
ਐਵੇਂ ਗਿਣਦਾ ਰਿਹਾ ਸਾਰੀ ਉਮਰ ਭਰ ਮੈਂ ਆਪਣੇ 'ਕੱਲਾ ਬੈਠ,
ਸੋਚਦਾਂ ਚੰਗਾ ਹੋਇਆ ਤੁਸੀਂ ਭਰਮ ਲਾਹਿਆ।

ਸੁਪਨ ਮੰਦਰ ਵਿੱਚ ਮੈਂ ਰੱਖੇ ਸਾਜ਼ ਵੀ ਤੇ ਗੀਤ ਵੀ,
ਆਪਣੇ ਸੁਰ ਮੰਦਰ 'ਚ ਮੈਂ ਆਪਣਾ ਗੀਤ ਮੈਂ ਖੁਦ ਨੂੰ ਸੁਣਾਇਆ।
ਇੱਕ ਤਾਂ ਤੇਰੇ ਨਾਲ ਹੈ ਸੁੱਨੜਾ! ਤੂੰ ਇਹ ਤਾਂ ਜਾਣਦੈਂ,
ਜੇ ਤੇਰਾ ਵਿਸ਼ਵਾਸ ਪੂਰਣ ਹੈ ਤਾਂ ਤੂੰ ਸਭ ਕੁੱਝ ਹੀ ਪਾਇਆ।

•

بُھلیکھا

میں بھلیکھے وچ ہی رہِ جانا سی ساری عمر،
شکریہ سجنو! میری اوقات توں جانو کرایا
ایویں گندا رہا ساری عمر بھر میں اپنے 'کلا بیٹھ،
سوچداں چنگا ہویا تسیں بھرم لاہیا

سپن مندر وچ میں رکھے ساز وی تے گیت وی،
اپنے سر مندر 'چ میں اپنا گیت میں خود نوں سنایا
اک تاں تیرے نال ہے سنڑا! توں ایہہ تاں جاندیں،
جے تیرا وشواس پورن ہے تاں توں سبھ کجھ ہی پایا

ਬੇਵਸੀ

ਮਜ਼ਬੂਰੀਆਂ, ਕਮਜ਼ੋਰੀਆਂ ਕੁੱਝ ਇਸ ਤਰ੍ਹਾਂ ਬਣੀਆਂ,
ਕਿ ਚਾਹੁੰਦਿਆਂ ਵੀ ਵਤਨ ਵਾਪਸ ਆ ਨਹੀਂ ਸਕਿਆ।
ਰੋਜ਼ ਰੀਝਾਂ ਜੰਮਦੀਆਂ ਅੱਖਾਂ ਦੇ ਸਾਹਵੇਂ ਮਰਦੀਆਂ,
ਪਰ ਦਰਦ-ਏ-ਦਿਲ 'ਤੇ ਕੋਈ ਮਲ੍ਹਮ ਲਾ ਨਹੀਂ ਸਕਿਆ।

ਰੋਂਦਾ ਰਿਹਾ ਕੁੜ੍ਹਦਾ ਰਿਹਾ ਦਿਲ ਵੀ ਆਪਣੀ ਜਗ੍ਹਾ 'ਤੇ,
ਬੇਵਸੀ ਵਿੱਚ ਦਿਲ ਨੂੰ ਮੈਂ ਭਰਮਾ ਨਹੀਂ ਸਕਿਆ।
ਤਰਸਿਆ ਮੈਂ ਵੀ ਤੇ ਆਪਣੇ ਵੀ ਬਹੁਤ ਤਰਸਾਏ ਹਨ,
ਮੈਂ ਮੁਆਫ਼ੀ ਮੰਗਣ ਦਾ ਵੀ ਮੌਕਾ ਪਾ ਨਹੀਂ ਸਕਿਆ।

ਕਾਰਣ ਹੁੰਦਾ ਹੈ ਜਦੋਂ ਮਿੱਤਰਾਂ ਨੂੰ ਰੁੱਸਣਾ ਪੈ ਜਾਵੇ,
ਸੁੱਨੜ ਚਾਹੁੰਦਿਆਂ ਹੋਇਆਂ, ਕੁੱਝ ਵੀ ਚਾਹ ਨਹੀਂ ਸਕਿਆ।
ਦਰਦ ਸਾਰੇ ਭੁੱਲ-ਭੁਲਾ ਕੇ ਰੰਜ਼ਿਸਾਂ ਨੂੰ ਤਿਆਗ਼ ਕੇ,
ਕੁੱਝ ਐਸਾ ਦੇ ਜੋ ਮੈਂ ਉਮਰ ਭਰ ਪਾ ਨਹੀਂ ਸਕਿਆ।

•

بے وسی

مجبوریاں، کمزوریاں کجھ اس طرحاں بنیاں،
کہ چاہندیاں وی وطن واپس آ نہیں سکیا
روز ریجھاں جمدیاں اکھاں دے ساہویں مردیاں،
پر درد اے دل 'تے کوئی ملھم لا نہیں سکیا

روندا رہا کڑھدا رہا دل وی اپنی جگہ 'تے،
بے بسی وچ دل نوں میں بھرما نہیں سکیا
ترسیا میں وی تے اپنے وی بہت ترسائے ہن،
میں معافی منگن دا وی موقع پا نہیں سکیا

کارن ہوندا ہے جدوں متراں نوں رسنا پے جاوے،
سنڑ چاہندیاں ہویاں، کجھ وی چاہ نہیں سکیا
درد سارے بھل بھلا کے رنزساں نوں تیاغ کے،
کجھ ایسا دے جو میں عمر بھر پا نہیں سکیا

ਮਾਲਕ ਦੀ ਮਲਕੀਅਤ

ਸਿੰਞ ਸੰਵਾਰ ਕੇ ਸੀਆਂ ਲਾ ਕਿਆਰੇ ਪਾਈਏ,
ਨੀਵੇਂ ਖੇਤ ਨਿਆਈਂਆਂ ਦੇ ਵਿੱਚ ਰੁੱਤ ਵਿਚਾਰ ਕੇ ਬੀਜ ਲਗਾਈਏ।
ਕੱਖ-ਕੰਡਾ, ਨਦੀਨ ਸਭ ਕੱਢੀਏ ਰੂੜੀ ਰੇਹ ਰਲਾਈਏ,
ਲਹਿਰਾ-ਬਹਿਰਾਂ ਲਾਵੇ ਕੁਦਰਤ ਅੰਨ ਅਨਾਜ ਈਕਣ ਉਗਾਈਏ।

ਮਾਲਕ ਦੀ ਮਲਕੀਅਤ ਉੱਤੇ ਕਾਬਜ਼ ਕਦੇ ਨਾ ਹੋਣਾ ਚਾਹੀਏ,
ਰੋਜ਼ੀ ਰੋਟੀ ਦਾਤਾ ਦੇਵੇ ਦੇਣਹਾਰ ਦਾ ਸੁਕਰ ਮਾਨਈਏ।
ਰਹਿਣ-ਸਹਿਣ ਨੂੰ ਸੁਥਰਾ ਰੱਖੀਏ ਸਹਿਜ ਸੁਭਾਅ ਹੋ ਜਾਈਏ,
ਤਨ-ਮਨ ਦੀ ਪ੍ਰਕਿਰਿਆ ਖਾਤਰ ਜੋ ਮਿਲਿਆ ਸੋ ਖਾਈਏ।

•

مالک دی ملکیت

سنجھ سنوار کے سیاں لا کیارے پائیے،
نیویں کھیت نیائیناں دے وچ رت وچار کے بیج لگائیے
ککھ کنڈا، ندین سبھ کڈھیے روڑی ریہ رلائیے،
لہرا بحراں لاوے قدرت ان اناج ایکن اگائیے

مالک دی ملکیت اتے قابض کدے نہ ہونا چاہیے،
روزی روٹی داتا دیوے دینہار دا شکر مانئیے
رہن سہن نوں ستھرا رکھیے سہج سبھاء ہو جائیے،
تن من دی پرکریا خاطر جو ملیا سو کھائیے

ਇਕੱਲਤਾ

ਪਲ ਵਿੱਚ ਰੁੱਸ ਜਾਂਦੇ ਆਪਣੇ, ਚਿਰ ਲੱਗਦਾ ਫੇਰ ਮਨਾਂਵਦਿਆਂ।
ਉਮਰਾਂ ਬੀਤ ਜਾਣ ਸੱਜਣਾ ਨੂੰ, ਮੁੜ ਕੇ ਫੇਰ ਹਸਾਂਵਦਿਆਂ।

ਉਹ ਕਰਮਾਂ ਵਾਲੇ ਹੁੰਦੇ ਨੇ ਜਿਨ੍ਹਾਂ ਦਾ ਕੋਈ ਆਪਣਾ ਹੈ।
ਸੁੰਨਤ ਨੂੰ ਪੁੱਛ ਕੇ ਦੇਖੋ! ਜੋ ਥੱਕ ਚੱਲਿਆ 'ਕੱਲਿਆਂ ਗਾਂਵਦਿਆਂ।

'ਕੱਲੇ-ਕਾਰੇ ਤੋਂ ਤਾਂ ਚੱਜ ਨਾਲ ਰੱਬ-ਰੱਬ ਵੀ ਨਹੀਂ ਹੋ ਸਕਦਾ,
ਰਲ ਕੇ ਰਾਮ-ਰਾਮ ਕਹੀਏ ਜੋਤੀ ਨਾਲ ਜੋਤ ਮਿਲਾਂਵਦਿਆਂ।

•

اکلتا

پل وچ رس جاندے اپنے، چر لگدا پھیر مناوندیاں
عمراں بیت جان سجنا نوں، مڑ کے پھیر ہساوندیاں

اوہ کرماں والے ہوندے نے جیہناں دا کوئی اپنا ہے
سنڑ نوں پچھ کے دیکھو! جو تھک چلیا 'کلیاں گاوندیاں

'کلے کارے توں تاں چج نال رب رب وی نہیں ہو سکدا،
رل کے رام رام کہیے جوتی نال جوت ملاوندیاں

ਮਨੁੱਖ ਦੇ ਨਾਂ

ਸੁੱਖਾਂ ਲਈ ਖੋਜ ਕੀਤੀ ਬੇਸੁਮਾਰ ਬੰਦਿਆ!
ਦੱਸ ਫੇਰ ਕਾਹਤੋਂ ਹੋਵੇਂ ਤੂੰ ਖੁਆਰ ਬੰਦਿਆ!

ਵੱਡੇ-ਵੱਡੇ ਕੰਮਾਂ ਨੂੰ ਤੂੰ ਜਾ ਕੇ ਹੱਥ ਪਾ ਲਵੇਂ,
ਮਨ ਕਰੇ ਮਰਜ਼ੀ ਦਾ ਰੱਬ ਵੀ ਬਣਾ ਲਵੇਂ।
ਅਸਮਾਨ ਵਿੱਚ ਕਈ ਚੰਨ-ਤਾਰੇ ਗਾਹ ਲਏ,
ਤੇਜ਼ੀ ਨਾਲ ਜਾਣ ਲਈ ਰਾਕਟ ਬਣਾ ਲਏ।

ਹਰ ਰੋਗ਼ ਲਈ ਤੂੰ ਦਵਾਈਆਂ ਵੀ ਬਣਾਈਆਂ,
ਫੇਰ ਵੀ ਨਿੱਤ ਦਿਨ ਰਹੇਂ ਤੂੰ ਬੀਮਾਰ ਬੰਦਿਆ!

ਸੁੱਖਾਂ ਲਈ ਖੋਜ ਕੀਤੀ ਬੇਸੁਮਾਰ ਬੰਦਿਆ.....।

ਪਸੂਆਂ ਦਾ ਸੁਣਿਆ ਦਿਮਾਗ਼ ਨਹੀਓਂ ਹੁੰਦਾ,
ਪੰਛੀਆਂ ਕਿੰਨੇ ਨੇ ਇਹ ਹਿਸਾਬ ਨਹੀਓਂ ਹੁੰਦਾ।
ਸਾਗਰਾਂ ਦੇ ਪਾਣੀ ਤੋਲ ਸਕਿਆ ਨਾ ਕੋਈ,
ਕਿਨ੍ਹੇ ਹਵਾ ਵਿੱਚ ਘੁਲ਼ੀ ਹੋਈ ਦੇਖੀ ਖੁਸ਼ਬੋਈ।

ਗੁਣੀਏ ਦੇ ਨਾਲ ਤੂੰ ਬਣਾਏ ਮਹਿਲ ਬੁੰਗੇ
ਸਿੱਧਾ ਰੱਖਿਆ ਨਾ ਖੁਦ ਨੂੰ ਬੇਕਾਰ ਬੰਦਿਆ!

ਸੁੱਖਾਂ ਲਈ ਖੋਜ ਕੀਤੀ ਬੇਸੁਮਾਰ ਬੰਦਿਆ.....।

منکھ دے ناں

سکھاں لئی کھوج کیتی بے شمار بندیا!
دس پھیر کاہتوں ہوویں توں خوار بندیا!

وڈے وڈے کماں نوں توں جا کے ہتھ پا لویں،
من کرے مرضی دا رب وی بنا لویں
اسمان وچ کئی چن تارے گاہ لئے،
تیزی نال جان لئی راکٹ بنا لئے

ہر روگ لئی توں دوائیاں وی بنائیاں،
پھیر وی نت دن رہیں توں بیمار بندیا!

سکھاں لئی کھوج کیتی بے شمار بندیا.....

پشواں دا سنیا دماغ نہیؤں ہوندا،
پنچھیاں کنے نے ایہہ حساب نہیؤں ہوندا
ساغراں دے پانی تول سکیا نہ کوئی،
کیہنے ہوا وچ گھلی ہوئی دیکھی خشبوئی

گنیے دے نال توں بنائے محل بن گے
سِدھا رکھیا نہ خود نوں بے کار بندیا!

سُکھاں لئی کھوج کیتی بے شمار بندیا...!

ਤੂੰ ਇਹ ਧਰਤ, ਪਾਤਾਲ ਸਾਰਾ ਵਸ ਕਰ ਲਿਆ,
ਸਾਗਰਾਂ, ਸਮੁੰਦਰਾਂ ਨੂੰ ਸਾਰਾ ਤਰ ਲਿਆ।
ਖੋਜਾਂ, ਖੋਜੀਆਂ ਤੂੰ ਐਸੀਆਂ ਯਕੀਨ ਨਹੀਂ ਆਉਂਦਾ,
ਕਰਕੇ ਵਿਖਾਇਆ ਸਭ ਕੁੱਝ ਮਨ ਭਾਉਂਦਾ।

ਇਹ ਵੀ ਜਾਣਦੈਂ ਤੂੰ ਖੁਦ ਹੈਂ ਸਿਰੇ ਦਾ ਸ਼ਿਕਾਰੀ,
ਫਿਰੇਂ ਆਪਣਾ ਹੀ ਕਰਦਾ ਸ਼ਿਕਾਰ ਬੰਦਿਆ!

ਸੁੱਖਾਂ ਲਈ ਖੋਜ ਕੀਤੀ ਬੇਸੁਮਾਰ ਬੰਦਿਆ.....।

•

توں ایہہ دھرت، پاتال سارا وس کر لیا،
ساگراں، سمندراں نوں سارا تر لیا
کھوجاں، کھوجیاں توں ایسیاں یقین نہیں آؤندا،
کرکے وکھایا سبھ کجھ من بھاؤندا

ایہہ وی جاندیں توں خود ہیں سرے دا شکاری،
پھریں اپنا ہی کردا شکار بندیا!

سکھاں لئی کھوج کیتی بے شمار بندیا.....

ਕੋਝ

ਆਪਣੀ ਕੋਈ ਚਿੰਤਾ ਹੋਵੇ ਤਾਂ ਅੰਦਰ ਵੜ ਕੇ ਰੋਂਦੇ ਹੋ।
ਦੁਨੀਆ ਦੀ ਚਿੰਤਾ ਖਾਤਰ ਮੈਦਾਨ ‘ਚ ਆਣ ਖਲੋਂਦੇ ਹੋ।

ਢਕ-ਢਕ ਕੇ ਰੱਖਦੇ ਹੋ ਆਪਣਾ ਕੋਝਾਪਣ ਦੁਨੀਆ ਕੋਲੋਂ,
ਲੋਕਾਂ ਨੂੰ ਨਿੰਦਣ ਲਈ ਅੱਡੀਆਂ ਚੁੱਕ-ਚੁੱਕ ਰੌਲ਼ਾ ਪਾਉਂਦੇ ਹੋ।

ਆਪਣੇ ਦਿਲ ਦੀ ਲੋਕੀਂ ਮਾਸਾ ਭਾਫ਼ ਨਹੀਂ ਨਿਕਲਣ ਦਿੰਦੇ,
ਦੁਨੀਆ ਨੂੰ ਸਾੜਣ ਲਈ ਜਿੰਨਾ ਲੱਗਦਾ ਲਾਂਬੂ ਲਾਉਂਦੇ ਹੋ।

ਆਪਣੇ ਰੰਗ ਵਿੱਚ ਚੁੱਪ-ਚੁਪੀਤੇ ਤੁਰਦੇ ਜਾਂਦੇ ਸੁੱਨੜ ਨੂੰ,
ਉਜਾਂ ਲਾ ਕੇ ਕਾਹਤੋਂ ਉਸਦਾ ਐਵੇਂ ਮੂੰਹ ਖੁਲਵਾਉਂਦੇ ਹੋ।

•

کوجھ

اپنی کوئی چنتا ہووے تاں اندر وڑ کے روندے ہو
دنیا دی چنتا خاطر میدان 'چ آن کھلوندے ہو

ڈھک ڈھک کے رکھدے ہو اپنا کوجھاپن دنیا کولوں،
لوکاں نوں نندن لئی اڈیاں چک چک رولا پاؤندے ہو

اپنے دل دی لوکیں ماسہ بھاف نہیں نکلن دیندے،
دنیا نوں ساڑن لئی جنا لگدا لامبو لاؤندے ہو

اپنے رنگ وچ چپ چپیتے تردے جاندے سنڑ نوں،
اوجاں لا کے کاہتوں اسدا ایویں مُونہہ کھلواؤندے ہو

ਚਾਹਤ

ਫੁੱਲ ਤਾਂ ਮੁਰਝਾ ਹੀ ਜਾਂਦੇ ਨੇ ਚਾਹਤ ਨਾ ਮੁਰਝਾਵੇ।
ਉਹ ਕਾਹਦੀ ਚਾਹਤ ਹੋਈ ਜੋ ਜਨਮੇਂ ਤੇ ਮਰ ਜਾਵੇ।
ਚਾਤ੍ਰਿਕ ਪਿਆਸਾ ਮਰ ਜਾਊ, ਹੋਰ ਨਾ ਕੁੱਝ ਵੀ ਚਾਹਵੇ।
ਸਵਾਂਤ ਬੂੰਦ ਹੀ ਅੰਮ੍ਰਿਤ ਵੇਲੇ ਉਸਦੀ ਪਿਆਸ ਬੁਝਾਵੇ।

ਪੈਲ਼ਾਂ ਪਾਉਂਦੇ ਮੋਰ, ਘਟਾ ਘਨਘੋਰ ਜੇ ਅੰਬਰੀਂ ਛਾਵੇ।
ਖੁਸ਼ੀ 'ਚ ਅੱਥਰੂ ਵਹਿ ਤੁਰਦੇ, ਮੀਂਹ ਆਵੇ ਜਾਂ ਨਾ ਆਵੇ।
ਕੱਟ-ਵੱਢ ਕਰਕੇ, ਲਾ ਮਸਾਲੇ, ਮੱਛੀ ਨੂੰ ਕੋਈ ਖਾਵੇ।
ਪੇਟ ਦੇ ਅੰਦਰ ਜਾ ਕੇ ਵੀ ਮਛਲੀ ਪਾਣੀ ਹੀ ਚਾਹਵੇ।

ਲਾ ਟਿਕਟਿਕੀ ਚੰਦ ਵੱਲ ਵੇਖੇ, ਮਾਸਾ ਨਜ਼ਰ ਨਾ ਫੇਰੇ।
ਬਿਨ ਚੰਦਰਮਾ ਕੁੱਝ ਨਾ ਭਾਵੇਂ ਉਹ ਚਕੋਰ ਕਹਾਵੇ।
ਸਾਰੀ ਉਮਰ ਪਤਾ ਨਹੀਂ ਲੱਗਿਆ ਆਪਣੀ ਅੜ੍ਰਿਪਤੀ ਦਾ।
ਤਾਹੀਓਂ ਸੁੱਨੜ ਘੁੰਮਣਘੇਰਾਂ ਦੇ ਵਿੱਚ ਗੋਤੇ ਖਾਵੇ।

•

چاہت

پھل تاں مرجھا ہی جاندے نے چاہت نہ مرجھاوے
اوہ کاہدی چاہت ہوئی جو جنمیں تے مر جاوے
چاترک پیاسا مر جاؤ، ہور نہ کجھ وی چاہوے
سوانت بوند ہی امرت ویلے اسدی پیاس بجھاوے

پیلاں پاؤندے مور، گھٹا گھنگھور جے امبریں چھاوے
خوشی 'چ اتھرو وہِ تردے، مینہہ آوے جاں نہ آوے
کٹ وڈھ کرکے، لا مصالے، مچھی نوں کوئی کھاوے
پیٹ دے اندر جا کے وی مچھلی پانی ہی چاہوے

لا ٹکٹکی چند ول ویکھے، ماسہ نظر نہ پھیرے
بن چندرما کجھ نہ بھاویں اوہ چکور کہاوے
ساری عمر پتہ نہیں لگیا اپنی اترپتی دا
تاہیؤں سنڑ گھمنگھیراں دے وچ غوطے کھاوے

ਮਨ

ਤੇਰਿਆਂ ਨੈਣ੍ਹਾਂ ਦੇ ਵਿੱਚ ਵੱਸਣ ਨੂੰ ਹੈ ਮਨ ਲੋਚਦਾ।
ਰੋ ਲਿਆ ਹੈ ਬਹੁਤ ਹੁਣ ਹੱਸਣ ਨੂੰ ਹੈ ਮਨ ਲੋਚਦਾ।

ਪਰ ਤੇਰੇ ਮੇਰੇ ਨੈਣ੍ਹ ਤੂੰ ਦੱਸ! ਕਿਸ ਤਰ੍ਹਾਂ ਮਿਲ ਸਕਣਗੇ,
ਚਾਰ੍ਹ ਕਿੱਦਾਂ ਹੋਣਗੇ ਹੰਝੂਆਂ ਨੂੰ ਕਿੱਥੇ ਰੱਖਣਗੇ।

ਥੱਕ ਗਿਆ ਹਾਂ ਬਹੁਤ ਪੈਂਡਾ ਕਰ ਲਿਆ ਬਿਨ ਮੰਜ਼ਿਲੋਂ,
ਤੁਰਨ ਤੋਂ ਆਵਾਜ਼ਾਰ ਨੱਚਣ ਨੂੰ ਹੈ ਮਨ ਲੋਚਦਾ।

ਤੂੰ ਅੰਬਰਾਂ ਵਿੱਚ ਉਡ ਰਿਹੈਂ ਧਰਤੀ 'ਤੇ ਮੇਰਾ ਪਿੰਜਰਾ,
ਕੈਦੀ ਦਾ ਆਸਮਾਨ ਵਿੱਚ ਵੱਸਣ ਨੂੰ ਹੈ ਮਨ ਲੋਚਦਾ।

•

من

تیریاں نینھاں دے وچ وسن نوں ہے من لوچدا
رو لیا ہے بہت ہن ہسن نوں ہے من لوچدا

پر تیرے میرے نینھ توں دس! کس طرحاں مل سکنگے،
چارھ کداں ہون گے ہنجھوآں نوں کتھے رکھنگے

تھک گیا ہاں بہت پینڈا کر لیا بن منزلوں،
ترن توں آوازار نچن نوں ہے من لوچدا

توں امبراں وچ اڈ رہیں دھرتی 'تے میرا پنجرہ،
قیدی دا آسمان وچ وسن نوں ہے من لوچدا

ਚੰਦ ‘ਤੇ ਦਾਗ਼

ਤੂੰ ਜਦੋਂ ਦੀ ਅਮਰੀਕਣ ਬਣ ਗਈ ਕੁੜੀਏ!
ਇਉਂ ਲੱਗਦੈ ਜਿਉਂ ਚੰਦ ਨੂੰ ਲੱਗ ਗਿਆ ਦਾਗ਼ ਕੁੜੇ!
ਤੂੰ ਤਾਂ ਆਪਣੇ ਚਿੱਤੋਂ ਕੁੱਝ ਵੀ ਬਣ ਗਈ ਪਰ,
ਮੈਨੂੰ ਲੱਗਦੈ ਸੜ ਗਏ ਤੇਰੇ ਭਾਗ ਕੁੜੇ!

ਮਸਰਾਂ ਨੂੰ ਤੂੰ ਬੀਨਜ਼ ਕਹਿਣਾ ਸਿੱਖ ਗਈ,
ਭੁੱਲ ਗਈ ਕਿੱਦਾਂ ਤੋੜੇ ਪਾਉਣਾ ਸਾਗ ਕੁੜੇ!
ਥੱਬਾ ਜੁਲਫ਼ਾਂ ਕੱਟ ਕੇ ਪਟੀਆਂ ਕੀਤੀਆਂ,
ਗੱਤ ਪੁਰਾਂਦੇ ਬਿਲਕੁਲ ਦਿੱਤੇ ਤਿਆਗ ਕੁੜੇ!

ਤੇਰੀ ਚੁੱਪ ਦੇ ਸੌ-ਸੌ ਮਾਅਨੇ ਹੁੰਦੇ ਸੀ,
ਜ਼ਹਿਰ ਉਗਲਦੀ ਹੁਣ ਜਿਉਂ ਡਸ ਗਿਆ ਨਾਗ ਕੁੜੇ!
ਪਿਉ-ਦਾਦੇ ਦੀ ਪੱਗ ਹੁੰਦੀ ਸੀ ਤੂੰ ਕੁੜੀਏ!
ਸਮਝ ਨਹੀਂ ਆਉਂਦਾ ਹੁਣ ਤੇਰਾ ਰਾਗ਼ ਕੁੜੇ!

ਹਰ ਕਾਰਜ ਦੀ ਮਰਿਆਦਾ ਹੁੰਦੀ ਕੋਈ,
ਪਰ ਹੱਦਾਂ-ਬੰਨੇ ਟੱਪਣੇ ਤੇਰਾ ਨਾਜ਼ ਕੁੜੇ!
ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਘਟਿਆ,
ਮਾਂ, ਦਾਦੀ, ਨਾਨੀ ਨੂੰ ਕਰ ‘ਲਾ ਯਾਦ ਕੁੜੇ!

ਇਹ ਨਾ ਸੋਚੀਂ ਤੈਨੂੰ ਕੋਈ ਹਦਾਇਤ ਹੈ,
ਇਹ ਤਾਂ ਬਸ! ਇੱਕ ਸੁੱਨੜ ਦੀ ਫ਼ਰਿਆਦ ਕੁੜੇ।

•

چند تے داغ

توں جدوں دی امریکن بن گئی کڑیے!
ایوں لگدے جیوں چند نوں لگ گیا داغ کڑے!
توں تاں اپنے چتوں کجھ وی بن گئی پر،
مینوں لگدے سڑ گئے تیرے بھاگ کڑے!

مسراں نوں توں بینز کہنا سکھ گئی،
بھل گئی کداں توڑے پاؤنا ساگ کڑے!
تھبہ جلفاں کٹ کے پٹیاں کیتیاں،
گت پراندے بالکل دتے تیاگ کڑے!

تیری چپ دے سو سو معنے ہوندے سی،
زہر اگلدی ہن جیوں ڈس گیا ناگ کڑے!
پیو دادے دی پگ ہوندی سی توں کڑیے!
سمجھ نہیں آؤندا ہن تیرا راگ کڑے!

ہر کارج دی مریادا ہوندی کوئی،
پر حداں بنیں ٹپنے تیرا ناز کڑے!
ڈلہے بیراں دا کجھ نہیں گھٹیا،
ماں، دادی، نانی نوں کر 'لا یاد کڑے!

ایہہ نہ سوچیں تینوں کوئی ہدایت ہے،
ایہہ تاں بس! اک سنڑ دی فریاد کڑے

ਤੇਰਾ ਇੱਕ ਮਖੌਲ

ਤੇਰੇ ਇੱਕ ਮਖੌਲ ਨੇ ਸਾਰਾ ਕਰ ‘ਤਾ ਸੱਤਿਆਨਾਸ।
ਕਿਸ ‘ਤੇ ਕਰਾਂ ਭਰੋਸਾ ਮੇਰਾ ਡੋਲ ਗਿਆ ਵਿਸ਼ਵਾਸ।

ਰੱਬ ਵਰਗਾ ਲੱਗਦਾ ਸੈਂ ਤੇਰੇ ਬੋਲ ਜਿਵੇਂ ਇਲਹਾਮ,
ਬਿਲਕੁਲ ਪਤਾ ਨਹੀਂ ਲੱਗਦਾ ਹੁਣ ਕੌਣ ਦੇਊ ਧਰਵਾਸ।

ਸੁਣਿਆ ਸੀ ਗੰਭੀਰ ਲੋਕ ਟਿੱਚਰਾਂ ਨਹੀਂ ਕਰਿਆ ਕਰਦੇ,
ਤੇਰਾ ਇੱਕ ਭਰੋਸਾ ਸੀ ਉਸ ਤੋਂ ਵੀ ਮੁੱਕ ਗਈ ਆਸ।

ਦਿਲ ਦੇ ਟੁਕੜੇ ਜੋੜ-ਜਾੜ ਕੇ ਦਿਨ ਤਾਂ ਕਟ ਜਾਵਣਗੇ,
ਮੈਂ ਤਾਂ ਬਖ਼ਸ਼ ਦੇਊਂ ਤੈਨੂੰ ਪਰ ਕਿੰਝ ਬਖ਼ਸੂ ਇਤਿਹਾਸ।

ਧਰਮ ਰਾਜ ਨਾ ਅਰਜਣ ਨਾ ਹੀ ਗੌਤਮ ਬੁੱਧ ਹੈ ਕੋਈ,
ਕਿਸੇ ਕੁਕਰਮ ਬਿਨਾ ਕੋਈ, ਕਿੰਝ ਕੱਟ ਲਊ ਬਣਵਾਸ।

ਹਾੜਾ ਵੇ! ਕੋਈ ਆਵੇ ਜੋ ਜ਼ਖ਼ਮਾਂ ‘ਤੇ ਮਲ੍ਹਮ ਲਾਵੇ,
ਬਹੁਤਾ ਚਿਰ ਨਹੀਂ ਕੱਢਦਾ, ਲੱਗਦਾ ਸੁੱਨੜ ਬੜਾ ਉਦਾਸ।

تیرا اک مخول

تیرے اک مخول نے سارا کر 'تا ستیاناس
کس 'تے کراں بھروسہ میرا ڈول گیا وشواس

رب ورگا لگدا سیں تیرے بول جویں الہام،
بالکل پتہ نہیں لگدا ہن کون دیؤُ دھرواس

سنیا سی گمبھیر لوک ٹچراں نہیں کریا کردے،
تیرا اک بھروسہ سی اس توں وی مک گئی آس

دل دے ٹکڑے جوڑ جاڑ کے دن تاں کٹ جاون گے،
میں تاں بخش دیؤں تینوں پر کنجھ بخشو اتہاس

دھرم راج نہ ارجن نہ ہی گوتم بدھ ہے کوئی،
کسے ککرم بنا کوئی، کنجھ کٹ لؤ بنواس

ہاڑا وے! کوئی آوے جو زخماں 'تے ملھم لاوے،
بہتا چر نہیں کڈھدا، لگدا سنڑ بڑا اداس

ਰੀਝਾਂ

ਪਤਾ ਨਹੀਂ ਰੀਝਾਂ ਕਦ ਜੰਮੀਆਂ,
ਪਤਾ ਨਹੀਂ ਮਰ ਕਦੋਂ ਗਈਆਂ।
ਪਤਾ ਨਹੀਂ ਕਿਹੜੀ ਜੰਗ ਲੜੀਆਂ,
ਪਤਾ ਨਹੀਂ ਹਰ ਕਦੋਂ ਗਈਆਂ।

ਦਿਲ ਨੇ ਸਬਜ਼ਬਾਗ਼ ਕਦ ਵੇਖੇ,
ਕਦ ਸੱਧਰਾਂ ਨੂੰ ਪਏ ਭੁਲੇਖੇ।
ਕਦ ਰੀਝਾਂ ਨੇ ਦਿਲ ਨੂੰ ਚੁੱਕਿਆ,
ਤੇ ਵਾਪਸ ਧਰ ਕਦੋਂ ਗਈਆਂ।

ਪਤਾ ਨਹੀਂ ਰੀਝਾਂ ਕਦ ਜੰਮੀਆਂ,
ਪਤਾ ਨਹੀਂ ਮਰ ਕਦੋਂ ਗਈਆਂ।

ਮੁੱਕਿਆ ਨਾ ਨੈਣ੍ਹਾਂ ਦਾ ਪਾਣੀ,
ਉਹੀ ਬੰਦਾ, ਉਹੀ ਕਹਾਣੀ।
ਕਦੋਂ ਕਿਸੇ ਕਾਬੂ ਕਰ ਲਈਆਂ,
ਤੇ ਰੀਝਾਂ ਜਰ ਕਦੋਂ ਗਈਆਂ।

ਪਤਾ ਨਹੀਂ ਰੀਝਾਂ ਕਦ ਜੰਮੀਆਂ,
ਪਤਾ ਨਹੀਂ ਮਰ ਕਦੋਂ ਗਈਆਂ।

ਜੀਵਨ ਦੀ ਜੰਗ ਲੜਨੀ ਪੈਣੀ,
ਹਰ ਸੱਟ ਸਿਰ 'ਤੇ ਜਰਨੀ ਪੈਣੀ।
ਕਦ ਹਥਿਆਰ ਰੀਝਾਂ ਨੇ ਚੁੱਕੇ,
ਨਿਕੰਮੀਆਂ ਡਰ ਕਦੋਂ ਗਈਆਂ।

ریجھاں

پتہ نہیں ریجھاں کد جمیاں،
پتہ نہیں مر کدوں گئیاں
پتہ نہیں کیہڑی جنگ لڑیاں،
پتہ نہیں ہر کدوں گئیاں

دل نے سبزباغ کد ویکھے،
کد سدھراں نوں پئے بھلیکھے
کد ریجھاں نے دل نوں چکیا،
تے واپس دھر کدوں گئیاں

پتہ نہیں ریجھاں کد جمیاں،
پتہ نہیں مر کدوں گئیاں

مکیا نہ نینھاں دا پانی،
اوہی بندہ، اوہی کہانی
کدوں کسے قابو کر لئیاں،
تے ریجھاں جر کدوں گئیاں

پتہ نہیں ریجھاں کد جمیاں،
پتہ نہیں مر کدوں گئیاں

جیون دی جنگ لڑنی پینی،
ہر سٹ سر 'تے جرنی پینی
کد ہتھیار ریجھاں نے چکے،
نکمیاں ڈر کدوں گئیاں

ਪਤਾ ਨਹੀਂ ਰੀਝਾਂ ਕਦ ਜੰਮੀਆਂ,
ਪਤਾ ਨਹੀਂ ਮਰ ਕਦੋਂ ਗਈਆਂ।
‘ਕੱਲਿਆਂ ਜੀਵਨ ਕੱਟਣਾ ਔਖਾ,
ਨਾ ਦੇ ਸੁੱਨੜਾ! ਖੁਦ ਨੂੰ ਧੋਖਾ।
ਹੁਣੇ ਤਾਂ ਭੁਲ੍ਹ ਕੇ ਹਟੀਆਂ ਅੱਖਾਂ,
ਦੁਬਾਰਾ ਭਰ ਕਦੋਂ ਗਈਆਂ।

ਪਤਾ ਨਹੀਂ ਰੀਝਾਂ ਕਦ ਜੰਮੀਆਂ,
ਪਤਾ ਨਹੀਂ ਮਰ ਕਦੋਂ ਗਈਆਂ।

ਦਿਲ ਕਾਂਸ਼ੀ ਤੇ ਦਿਲ ਹੀ ਮੱਕਾ,
ਕਿੰਨਾ ਚਿਰ ਕੋਈ ਕਰ ਲਊ ਧੱਕਾ।
ਨਤਮਸਤਿਕ ਹੋਵਣ ਲਈ,
ਦਿਲ ਦੇ ਦਰ ਕਦੋਂ ਗਈਆਂ।

ਪਤਾ ਨਹੀਂ ਰੀਝਾਂ ਕਦ ਜੰਮੀਆਂ,
ਪਤਾ ਨਹੀਂ ਮਰ ਕਦੋਂ ਗਈਆਂ।

•

پتہ نہیں مر کدوں گئیاں
'کلیاں جیون کٹنا اوکھا،
نہ دے سنڑا! خود نوں دھوکھا
ہنے تاں ڈلھ کے ہٹیاں اکھاں،
دوبارہ بھر کدوں گئیاں

پتہ نہیں ریجھاں کد جمیاں،
پتہ نہیں مر کدوں گئیاں

دل کانشی تے دل ہی مکہ،
کنا چر کوئی کر لؤ دھکہ
نتمستک ہوون لئی،
دل دے در کدوں گئیاں

پتہ نہیں ریجھاں کد جمیاں،
پتہ نہیں مر کدوں گئیاں

ਆਪਣਾ ਭੇਤ

ਢਕੀ ਰਿੱਝੇ ਕੋਈ ਨਾ ਬੁੱਝ ਸਕੇ,
ਸਦਾ ਕੱਜ ਕੇ ਭਾਜੀ ਬਣਾਈਏ ਜੀ।
ਆਪਣੀ ਮਰਜ਼ੀ ਦਾ ਪਾ ਕੇ ਲਸਣ, ਗੰਡਾ,
ਤੜਕਾ ਲਾ ਕੇ ਮਨ ਪ੍ਰਚਾਈਏ ਜੀ।

ਭਾਵੇਂ ਮਸਰ ਖਾਈਏ ਭਾਵੇਂ ਮੀਟ ਖਾਈਏ,
ਇਸ ਜੱਗ ਤੋਂ ਸਦਾ ਛੁਪਾਈਏ ਜੀ।
ਕੁੱਝ ਗ਼ਲਤ ਹੋ ਜਾਵੇ ਤਾਂ ਭੁਗਤੀਏ ਖ਼ੁਦ,
ਕਿਸੇ ਉੱਪਰ ਉਜ ਨਾ ਲਾਈਏ ਜੀ।

ਸਾਡਾ ਚੰਗਾ-ਮਾੜਾ ਸਾਡਾ ਹੀ ਰਹਿਣਾ,
ਲੋਕਾਂ ਕੋਲੋਂ ਨਾ ਗੱਲਾਂ ਕਰਵਾਈਏ ਜੀ।
ਜਿਹੜਾ ਆਪਣਾ ਨਹੀਂ, ਸਾਨੂੰ ਨਹੀਂ ਮਿਲਣਾ,
ਜਿੰਨਾ ਮਰਜ਼ੀ ਓਸਨੂੰ ਚਾਹੀਏ ਜੀ।

ਕਿਸਮਤ ਵਿੱਚ ਲਿਖਿਆ ਜਿਹੜਾ ਉਹੀ ਸਾਡਾ,
ਪਰਦਾ ਰੱਖ ਕੇ ਉਸਨੂੰ ਖਾਈਏ ਜੀ।
ਜੀਵਨ ਜਾਚ ਸਾਨੂੰ ਸਿੱਖਣੀ ਆਪ ਪੈਣੀ,
ਸੁੱਨੜਾ! ਭੋਂਏ ਆਪਣੀ ਆਪੇ ਵਾਹੀਏ ਜੀ।

•

اپنا بھیت

ڈھکی رجھے کوئی نہ بجھ سکے،
سدا کج کے بھاجی بنائیے جی
اپنی مرضی دا پا کے لسن، گنڈا،
تڑکا لا کے من پرچائیے جی

بھاویں مسر کھائیے بھاویں میٹ کھائیے،
اس جگ توں سدا چھپائیے جی
کجھ غلط ہو جاوے تاں بھگتیے خود،
کسے اپر اوج نہ لائیے جی

ساڈا چنگا ماڑا ساڈا ہی رہنا،
لوکاں کولوں نہ گلاں کروائیے جی
جیہڑا اپنا نہیں، سانوں نہیں ملنا،
جنا مرضی اوسنوں چاہیے جی

قسمت وچ لکھیا جیہڑا اوہی ساڈا،
پردہ رکھ کے اسنوں کھائیے جی
جیون جاچ سانوں سکھنی آپ پینی،
سنڑا! بھونئے اپنی آپے واہیے جی

ਬੰਦੇ ਦੀ ਕਰਾਮਾਤ

ਟਾਂਵਾ-ਟਾਂਵਾ ਹੈ ਕੋਈ ਜਿਸਨੂੰ ਪੁਰਖ਼ ਕਿਹਾ ਜਾ ਸਕਦੈ,
ਬਾਕੀ ਤੇਰੀ ਦੁਨੀਆ ਬੰਦਿਆ! ਜਾਨਵਰਾਂ ਦੀ ਜਾਤ।
ਝੂਠ ਬੋਲਣਾ, ਘਪਲੇ ਕਰਨਾ, ਧੋਖਾ ਆਪਸ ਵਿੱਚ ਦੇਣਾ,
ਜਾਨਵਰਾਂ ਦਾ ਕੰਮ ਨਹੀਂ ਇਹ ਹੈ ਬੰਦੇ ਦੀ ਕਰਾਮਾਤ।

ਜ਼ਹਿਰ ਪੀਣ ਲਈ ਲਾਲ੍ਹਾਂ ਸੁੱਟੇ ਆਪਣਾ ਸਿਰ ਘੁੰਮਾਵੇ,
ਛੱਡ ਚਰਨਾਮਤ, ਅੰਮ੍ਰਿਤ ਛੱਡ ਕੇ, ਛੱਡ ਕੇ ਆਬੇ ਹਯਾਤ।
ਚੰਗਾ-ਮੰਦਾ ਸਭ ਕੁੱਝ ਜਾਣੇ, ਸਮਝ ਵੀ ਹਰ ਗੱਲ ਦੀ,
ਰੱਬ ਨੇ ਉਤਮ ਸਿਰਜਿਆ ਤੂੰ ਕਰ 'ਤਾ ਸੱਤਿਆਨਾਸ।

•

بندے دی کرامات

ٹاواں ٹاواں ہے کوئی جسنوں پرکھ کیہا جا سکدے،
باقی تیری دنیا بندیا! جانوراں دی جات
جھوٹھ بولنا، گھپلے کرنا، دھوکھا آپس وچ دینا،
جانوراں دا کم نہیں ایہہ ہے بندے دی کرامات

زہر پین لئی لالھاں سٹے اپنا سر گھماوے،
چھڈ چرنامت، امرت چھڈ کے، چھڈ کے آب حیات
چنگا مندا سبھ کجھ جانے، سمجھ وی ہر گل دی،
رب نے اتم سرجیا توں کر 'تا ستیاناس

ਘਾਟੇ ਵਾਲੇ ਸੌਦੇ

ਚਾਰ-ਚੁਫ਼ੇਰੇ ਅੱਗਾਂ ਲਾ ਕੇ ਪੁੱਛਦੇ ਧੂੰਆਂ ਕਾਹਦਾ ਹੈ।
ਖ਼ੈਰ ਨਸ਼ਰ ਹੋਵੇ ਤਾਂ ਗਿਣੀਏ ਇਸ ਵਿੱਚ ਬੰਦੇ ਦਾ ਮਾਦਾ ਹੈ।

ਆਪ ਰੁਆ ਕੇ ਪੁੱਛ ਰਹੇ ਨੇ ਕੀ ਹੋਇਆ, ਕਰ ਲਓ ਜੀ ਗੱਲ,
ਰੋਣ ਨਹੀਂ ਦੇਣਾ, ਕੁੱਟਣਾ ਵੀ, ਦੱਸਿਓ! ਕਿੱਥੋਂ ਦਾ ਕਾਇਦਾ ਹੈ।

ਹਰ ਇੱਕ ਹਭੀ-ਨਭੀ ਨੂੰ ਹੀ ਪਿੰਡੇ 'ਤੇ ਜਰਨਾ ਸਿੱਖ ਲਿਆ,
ਫਿਰ ਵੀ ਸਭ ਦੀ ਖ਼ੈਰ ਮੰਗਾਂਗੇ ਸਾਡਾ ਵੀ ਇਹ ਵਾਅਦਾ ਹੈ।

ਘਾਟੇ ਵਾਲੇ ਸੌਦੇ ਕਰਨੇ ਸਿੱਖ ਲਏ ਜੀਣਾ ਜੋ ਸੀ,
ਤੂੰ ਤੇ ਉਹੀਓ ਗੱਲ ਕਰੇਂਗਾ, ਜਿਸ ਵਿੱਚ ਤੇਰਾ ਫ਼ਾਇਦਾ ਹੈ।

•

گھاٹے والے سودے

چار چفیرے اگاں لا کے پچھدے دھواں کاہدا ہے
خنجر نشر ہووے تاں گنیے اس وچ بندے دا معدہ ہے

آپ روا کے پچھ رہے نے کیہ ہویا، کر لؤ جی گل،
رون نہیں دینا، کٹنا وی، دسیو! کتھوں دا قاعدہ ہے

ہر اک ہبھی نبھی نوں ہی پنڈے 'تے جرنا سکھ لیا،
پھر وی سبھ دی خیر منگانگے ساڈا وی ایہہ وعدہ ہے

گھاٹے والے سودے کرنے سکھ لئے جینا جو سی،
توں تے اہیؤ گل کریں گا، جس وچ تیرا فائدہ ہے

ਮਾਇਆ

ਫੁੱਲ ਵਰਗੀ ਅਮਰੀਕਾ ਆਵੇ, ਮਾਇਆ, ਮਮਤਾ ਵਿੱਚ ਫਸ ਜਾਵੇ।
ਬਿਲਕੁਲ ਅਮਰੀਕਣ ਬਣ ਜਾਵੇ, ਖੁੱਲ੍ਹ ਕੇ ਆਪਣਾ ਮਨ ਪਰਚਾਵੇ।

ਹਰ ਤਰਫ਼ੋ ਆਜ਼ਾਦ ਹੋ ਜਾਵੇ, ਧੱਜੀਆਂ ਰਿਸ਼ਤਿਆਂ ਦੀਆਂ ਉਡਾਵੇ।
ਦੁੱਖ-ਸੁੱਖ ਵੰਡਣਾ ਵੀ ਭੁੱਲ ਜਾਵੇ, ਧਨ-ਦੌਲਤ ਹਰ ਰੋਜ਼ ਵੰਡਾਵੇ।

ਜਿਸ ਫੁੱਲ ਵਿੱਚੋਂ ਮਹਿਕ ਨਾ ਆਵੇ, ਕੋਮਲਤਾ ਕਿੱਧਰੇ ਨਾ ਥਿਆਵੇ।
ਵਧੀਆ ਰੰਗ ਨਜ਼ਰ ਨਾ ਆਵੇ, ਉਹ ਫਿਰ ਕਾਹਤੋਂ ਫੁੱਲ ਕਹਾਵੇ।

ਜਦ ਇਨਸਾਨ ਰੱਬ ਭੁੱਲ ਜਾਵੇ, ਫਿਰ ਉਹ ਜੋ ਮਰਜ਼ੀ ਅਖਵਾਵੇ।
ਸੁੱਨੜ ਐਵੇਂ ਕਿਉਂ ਘਬਰਾਵੇ, ਮਰੇ ਪਰ੍ਹਾਂ ਖਸਮਾਂ ਨੂੰ ਖਾਵੇ।

•

مایا

پھل ورگی امریکہ آوے، مایہ، ممتا وچ پھس جاوے
بالکل امریکن بن جاوے، کھلھ کے اپنا من پرچاوے

ہر ترفو آزاد ہو جاوے، دھجیاں رشتیاں دیاں اڈاوے
دکھ سکھ ونڈنا وی بھل جاوے، دھن دولت ہر روز ونڈاوے

جس پھل وچوں مہک نہ آوے، کوملتا کدھرے نہ تھیاوے
ودھیا رنگ نظر نہ آوے، اوہ پھر کاہتوں پھل کہاوے

جد انسان رب بھل جاوے، پھر اوہ جو مرضی اکھواوے
سنڑ ایویں کیوں گھبراوے، مرے پرھاں خصماں نوں کھاوے

ਸੰਸਾਰ

ਜਿਉਂਦਿਆਂ ਕਿਸੇ ਨਾ ਪੁੱਛਿਆ ਹਰ ਤਰਫ਼ੋ ਫਿਟਕਾਰ।
ਮਿੱਟੀ ਹੋ ਗਏ ਜਿਸਮ ਦੇ ਅੰਗ ਧੋਵੇ ਸੰਸਾਰ।

ਜੀਵਨ ਦੀ ਇਸ ਜੰਗ ਦਾ ਸੁੱਨੜ ਕਰੇ ਹਿਸਾਬ,
ਜਿੱਤਿਆ ਕੋਈ ਵੀ ਨਹੀ, ਹਰ ਇੱਕ ਦੀ ਹੋਈ ਹਾਰ।

ਇਸ ਦੁਨੀਆ ਵਿੱਚ ਕਿਸੇ ਦਾ, ਕੌਣ ਵੰਡਾਉਂਦੈ ਭਾਰ,
ਪਰ ਅੱਜ ਮੰਗਣੋਂ ਬਿਨਾ ਹੀ ਦੇਖੋ! ਮਿਲ ਗਏ ਚਾਰ।

ਜਿਉਂਦਿਆਂ ਕਿਸੇ ਨਾ ਪੁੱਛਿਆ ਹਰ ਤਰਫ਼ੋ ਫਿਟਕਾਰ।
ਮਿੱਟੀ ਹੋ ਗਏ ਜਿਸਮ ਦੇ ਅੰਗ ਧੋਵੇ ਸੰਸਾਰ।

•

سنسار

جیوندیاں کسے نہ پچھیا ہر ترفو پھٹکار
مٹی ہو گئے جسم دے انگ دھووے سنسار

جیون دی اس جنگ دا سنڑ کرے حساب،
جتیا کوئی وی نہی، ہر اک دی ہوئی ہار

اس دنیا وچ کسے دا، کون ونڈاؤندے بھار،
پر اج منگنوں بنا ہی دیکھو! مل گئے چار

جیوندیاں کسے نہ پچھیا ہر ترفو پھٹکار
مٹی ہو گئے جسم دے انگ دھووے سنسار

ਕਿਸਮਤ

ਕਰਮਾਂ ਵਿੱਚ ਹੀ ਨਹੀਂ ਸਨ ਸ਼ਾਇਦ ਉਹ ਮੌਜਾਂ,
ਤਰਸਦਿਆਂ ਜਿਨ੍ਹਾਂ ਲਈ ਉਮਰ ਗੁਜ਼ਾਰ ਲਈ।
ਕਿਸੇ ਨੂੰ ਜਿੱਤ ਸਕਣਾ, ਬੱਚਿਆਂ ਦੀ ਖੇਡ ਨਹੀਂ,
ਅਸੀਂ ਜਿੱਤਣਾ ਲੋਚਦਿਆਂ ਹੀ ਜ਼ਿੰਦਗੀ ਹਾਰ ਲਈ।

ਨਿੱਘ ਭਾਲਦਿਆਂ, ਸੱਤ ਸਮੁੰਦਰ ਤਰ ਛੱਡੇ,
ਇਸ ਭੱਜ-ਨੱਠ ਵਿੱਚ ਅਸੀਂ ਆਪਣੀ ਗਰਮੀਂ ਠਾਰ ਲਈ।
ਅੱਜ ਤੱਕ ਕਿਸੇ ਨੇ ਸਾਨੂੰ ਫਟਕਣ ਨਹੀਂ ਦਿੱਤਾ,
ਅਸੀਂ ਪਤਾ ਨਹੀਂ ਕਿਉਂ ਉਮਰਾਂ ਹੀ ਫਟਕਾਰ ਲਈ।

ਜੋ ਗੱਲ ਤੇਰੇ ਵਸ ਦੇ ਵਿੱਚ ਨਹੀਂ ਸੀ ਸੁੱਨੜਾ!
ਦੱਸ ਐਸੀ ਗੱਲ ਤੂੰ ਕਾਹਤੋਂ ਦਿਲ ਵਿੱਚ ਧਾਰ ਲਈ।

•

قسمت

کرماں وچ ہی نہیں سن شاید اوہ موجاں،
ترسدیاں جیہناں لئی عمر گزار لئی
کسے نوں جت سکنا، بچیاں دی کھیڈ نہیں،
اسیں جتنا لوچدیاں ہی زندگی ہار لئی

نگھ بھالدیاں، ست سمندر تر چھڈے،
اس بھج نٹھ وچ اسیں اپنی گرمیں ٹھار لئی
اج تک کسے نے سانوں پھٹکن نہیں دتا،
اسیں پتہ نہیں کیوں عمراں ہی پھٹکار لئی

جو گل تیرے وس دے وچ نہیں سی سنڑا!
دس ایسی گل توں کاہتوں دل وچ دھار لئی

ਸਿਰ

ਸਾਰੀ ਸਿਰ ਦਰਦੀ ਸਿਰ ਦੀ ਹੈ ਬਾਕੀ ਅੰਗ ਤਾਂ ਫਰਜ਼ ਨਿਭਾਣ।
ਜੇ ਸਿਰ ਧੜ ਤੋਂ ਵੱਖ ਹੋ ਜਾਵੇ ਧੜ ਦੀ ਨਹੀਂ ਰਹਿੰਦੀ ਪਹਿਚਾਣ।

ਆਪਣਾ ਆਪ ਮਿਟਾ ਕੇ ਜਿਹੜੇ, ਅਮਰ ਯੁਗੋ-ਯੁਗ ਹੋ ਸਕਣ,
ਬਹੁਤ ਮੁਕੱਦਰਾਂ ਵਾਲੇ ਪਾਉਂਦੇ ਏਸ ਤਰਾਂ ਦਾ ਇੱਜ਼ਤ ਮਾਣ।

ਜਿੰਨਾਂ ਚਿਰ ਸਿਰ ਮੇਰਾ ਸਚਿਆਰਾ, ਸੱਚ ਕਿੱਦਾਂ ਬਣ ਜਾਊ,
ਆਪਣੇ ਆਪ ਨਾ' ਲੱਗਿਆ ਬੰਦਾ, ਥਾਂ-ਥਾਂ ਬੋਲੇ ਝੂਠ ਤੂਫ਼ਾਨ।

ਗੁਰ ਚਰਨਾਂ ਨਾਲ ਲੱਗਣ ਨੂੰ ਤਾਂ ਹੋਰ ਕਈ ਸਿਰ ਉੱਠ ਪੈਂਦੇ,
ਲੇਕਿਨ ਏਨੀਆਂ ਸੰਗਤਾਂ ਵਿੱਚੋਂ ਸਿਰਫ਼ ਪੰਜ ਹੋਏ ਪਰਵਾਨ।

•

سر

ساری سر دردی سر دی ہے باقی انگ تاں فرض نبھان
جے سر دھڑ توں وکھ ہو جاوے دھڑ دی نہیں رہندی پہچان

اپنا آپ مٹا کے جیہڑے، امر یگو یگ ہو سکن،
بہت مقدراں والے پاؤندے ایس طرحاں دا عزت مان

جناں چر سر میرا سچیارا، سچ کداں بن جاؤ،
اپنے آپ نہ' لگیا بندہ، تھاں تھاں بولے جھوٹھ طوفان

گر چرناں نال لگن نوں تاں ہور کئی سر اٹھ پیندے،
لیکن اینیاں سنگتاں وچوں صرف پنج ہوئے پروان

ਕੋਮਲਤਾ

ਛੋਹਣ ਬਿਨਾ ਫੁੱਲ ਦੀ ਕੋਮਲਤਾ ਕਿਸ ਵਿਧ ਕੋਈ ਪਛਾਣੇ।
ਸੁੰਘਣ ਬਾਝੋਂ ਮਹਿਕ ਫੁੱਲਾਂ ਦੀ ਕੀਕਣ, ਕਿਹੜਾ ਜਾਣੇ।

ਨਜ਼ਰਾਂ ਦੇ ਬਿਨ ਫੁੱਲਾਂ ਦੇ ਰੰਗ ਅੱਜ ਤੱਕ ਕਿਸੇ ਨਾ ਮਾਣੇ।
ਸੱਤ ਸੁਰਾਂ ਸਰਵਣ ਸੁਣ ਸਕਦੇ ਨਜ਼ਮਾਂ, ਗਜ਼ਲਾਂ, ਗਾਣੇ।

ਜੀਭ ਬਿਨਾ ਕੋਈ ਜ਼ਾਇਕੇ ਲੈ ਕੇ ਖਾ ਨਹੀਂ ਸਕਦਾ ਖਾਣੇ।
ਪਰ ਮਨ ਬਾਝੋਂ ਪੰਜੇ ਸ਼ਕਤੀਆਂ ਜਾਵਣ ਭੰਗ ਦੇ ਭਾਣੇ।

ਮਨ ਕੀ ਹੁੰਦਾ ਮੈਂ ਕੀ ਦੱਸਾਂ! ਮਨ ਦੀਆਂ ਮਨ ਹੀ ਜਾਣੇ।
ਮਨ, ਤਨ ਦੇ ਅੰਗ-ਅੰਗ ਵਿੱਚ ਵਸਦਾ ਕਹਿ ਗਏ ਲੋਕ ਸਿਆਣੇ।

•

کوملتا

چھوہن بنا پھل دی کوملتا کس ودھ کوئی پچھانے
سنگھن باجھوں مہک پھلاں دی کیکن، کیہڑا جانے

نظراں دے بن پھلاں دے رنگ اج تک کسے نہ مانے
ست سراں سروں سن سکدے نظماں، غزلاں، گانے

جیبھ بنا کوئی ذائقے لے کے کھا نہیں سکدا کھانے
پر من باجھوں پنجے شکتیاں جاون بھنگ دے بھانے

من کیہ ہوندا میں کیہ دساں! من دیاں من ہی جانے
من، تن دے انگ انگ وچ وسدا کہہ گئے لوک سیانے

ਅੱਗ

ਲੋਹੜੀ 'ਤੇ ਜਦ ਅੱਗ ਬਲੀ ਤਾਂ ਵੱਖੀਆਂ ਥਾਣੀ ਹੱਸਦਾ ਸੈਂ,
ਸਿਵੇ ਦੀ ਅੱਗ ਨੂੰ ਦੇਖ ਕੇ ਕਾਹਤੋਂ ਰੋਣ-ਧੋਣ ਤੂੰ ਲਾਇਆ?
ਪੁੱਤ-ਪੋਤੇ ਜੰਮੇ ਤਾਂ ਖੁਸ਼ੀਆਂ ਕਰਦਾ ਨਹੀਂ ਸੀ ਥੱਕਦਾ,
ਮਲਕਲ ਮੌਤ ਨੇ 'ਵਾਜ ਮਾਰੀ ਤਾਂ ਚਿਹਰਾ ਕਿਓਂ ਕਮਲਾਇਆ?

ਸਾਨੂ ਵਾਂਗ ਬੁੜ੍ਹਕਣ ਦੀ ਤੇਰੀ ਆਦਤ ਨੂੰ ਕੀ ਹੋਇਆ,
ਪਿਛਲੀ ਉਮਰੇ ਬਣਨਾ ਪੈ ਗਿਆ ਤੈਨੂੰ ਗਊ ਦਾ ਜਾਇਆ।
ਮੋਹ-ਮਾਇਆ ਵਿੱਚ ਉਮਰ ਬੀਤ ਗਈ ਮੇਰਾ-ਮੇਰਾ ਕਰਦੇ,
ਤੇਰਾ ਆਪਣਾ ਸਾਹ ਵੀ ਮਿੱਤਰਾ! ਤੇਰਾ ਨਾ ਬਣ ਪਾਇਆ।

•

اگ

لوہڑی 'تے جد اگ بلی تاں وکھیاں تھانی ہسدا سیں،
سوے دی اگ نوں دیکھ کے کاہتوں رون دھون توں لایا؟
پت پوتے جمے تاں خوشیاں کردا نہیں سی تھکدا،
ملک الموت نے 'واز ماری تاں چہرہ کیوں کملایا؟

سانھ وانگ بڑھکن دی تیری عادت نوں کیہ ہویا،
پچھلی عمرے بننا پے گیا تینوں گئو دا جایا
موہ مایا وچ عمر بیت گئی میرا میرا کردے،
تیرا اپنا ساہ وی مترا! تیرا نہ بن پایا

پرواز

سورج پھڑدے پھڑدے ہو گئے سارے ٹھنڈے سیت
کوشش پھر وی کردے رہندے سبھ دشمن سبھ میت

اپنے باہو بلہو تے ہر کوئی کردا ہے ابھیمان،
کھوٹے نے کھوٹی گل کرنی کھوٹی سبھ دی نیت

اپنے آپ نوں دھوخا دینا سبھ توں سوکھا کم ہے،
جھوٹھا تاج، مکٹ تے جھوٹھی جگ دے نال پریت

چند مامے نوں پھڑنا چاہوے ہر بالک انجان،
جان بُجھ کے خود نوں چھلنا، ایہہ کیسی ہے ریت

ਪਰਵਾਜ਼

ਸੂਰਜ ਫੜਦੇ-ਫੜਦੇ ਹੋ ਗਏ ਸਾਰੇ ਠੰਡੇ ਸੀਤ।
ਕੋਸ਼ਿਸ਼ ਫਿਰ ਵੀ ਕਰਦੇ ਰਹਿੰਦੇ ਸਭ ਦੁਸ਼ਮਣ ਸਭ ਮੀਤ।

ਆਪਣੇ ਬਾਹੂ-ਬਲ ਤੇ ਹਰ ਕੋਈ ਕਰਦਾ ਹੈ ਅਭਿਮਾਨ,
ਖੋਟੇ ਨੇ ਖੋਟੀ ਗੱਲ ਕਰਨੀ ਖੋਟੀ ਸਭ ਦੀ ਨੀਤ।

ਆਪਣੇ ਆਪ ਨੂੰ ਧੋਖ਼ਾ ਦੇਣਾ ਸਭ ਤੋਂ ਸੌਖਾ ਕੰਮ ਹੈ,
ਝੂਠਾ ਤਾਜ, ਮੁਕਟ ਤੇ ਝੂਠੀ ਜੱਗ ਦੇ ਨਾਲ ਪ੍ਰੀਤ।

ਚੰਦ ਮਾਮੇ ਨੂੰ ਫੜਨਾ ਚਾਹਵੇ ਹਰ ਬਾਲਕ ਅਣਜਾਣ,
ਜਾਣਬੁੱਝ ਕੇ ਖੁਦ ਨੂੰ ਛਲਣਾ, ਇਹ ਕੈਸੀ ਹੈ ਰੀਤ।

•

ਤਰਜ਼

ਜੀਵਨ ਦੇ ਗੀਤਾਂ ਦੀ ਤਰਜ਼ ਬਣਾਉਣ ਲਈ,
ਹੱਥ ਵਿੱਚ ਤਸਬੀ ਲੈ ਕੇ ਦਰ-ਦਰ ਮੰਗਦੇ ਹਾਂ।
ਦਿਲ ਹੀ ਜਾਣੇ ਦਿਲ ਵਿੱਚ ਕੀ ਕੀ ਬੀਤ ਰਿਹਾ,
ਖੋਲ੍ਹ ਕੇ ਗੱਲ ਕਰਨੋਂ ਵੀ ਥੋੜਾ ਸੰਗਦੇ ਹਾਂ।

•

طرز

جیون دے گیتاں دی طرز بناؤن لئی،
ہتھ وچ تسبیح لے کے در در منگدے ہاں
دل ہی جانے دل وچ کیہ کی بیت رہا،
کھولھ کے گل کرنوں وی تھوڑا سنگدے ہاں

ਮੋਏ ਅਰਮਾਨ

ਮੋਏ ਅਰਮਾਨਾਂ ਨੂੰ ਚੁੱਕ ਲੈ ਚੱਲਿਆ ਹਾਂ ਦਫ਼ਨਾਉਣ ਲਈ।
ਨਹੀਂ! ਨਹੀਂ!! ਹੁਣ ਨਹੀਂ ਕਹਿਣਾ ਤੈਨੂੰ ਮੇਰਾ ਭਾਰ ਵੰਡਾਉਣ ਲਈ।

ਵੈਲਨਟਾਈਨ ਰੋਡ ਉੱਤੇ ਸ਼ਮਸ਼ਾਨ ਘਾਟ ਵਿੱਚ ਚੱਲਿਆ ਹਾਂ,
ਅੱਜ ਤਾਂ ਮੈਂ ਬਿਲਕੁਲ ਨਹੀਂ ਕਹਿਣਾ ਤੈਨੂੰ ਉੱਥੇ ਆਉਣ ਲਈ।

ਜੋ ਹੋਣਾ ਸੀ, ਹੋ ਗਿਆ, ਹੁਣ ਰੋਣ-ਧੋਣ ਦਾ ਕੀ ਫ਼ਾਇਦਾ,
ਦੋਸ਼ ਦੇਣ ਨੂੰ ਦਿਲ ਨਹੀਂ ਕਰਦਾ ਐਵੇਂ ਗੱਲ ਵਧਾਉਣ ਲਈ।

ਜੱਗ ਮੇਲਾ ਹੈ ਜਿਉਂਦਿਆਂ ਦਾ, ਉੱਡਦੇ ਨੂੰ ਮਿਲਦਾ ਉੱਡਦਾ,
ਮੋਇਆਂ ਦੀ ਮੰਡੀ ਵਿੱਚ ਕਿਹੜਾ ਜਾਊ ਬੋਲੀ ਲਾਉਣ ਲਈ।

•

موئے ارمان

موئے ارماناں نوں چک لے چلیا ہاں دفناؤن لئی
نہیں! نہیں!! ہن نہیں کہنا تینوں میرا بھار ونڈاؤن لئی

ویلنٹائین روڈ اتے شمشان گھاٹ وچ چلیا ہاں،
اج تاں میں بالکل نہیں کہنا تینوں اتھے آؤن لئی

جو ہونا سی، ہو گیا، ہن رون دھون دا کیہ فائدہ،
دوش دین نوں دل نہیں کردا ایویں گل ودھاؤن لئی

جگ میلہ ہے جیوندیاں دا، اڈدے نوں ملدا اڈدا،
مویاں دی منڈی وچ کیہڑا جاؤ بولی لاؤن لئی

ਜੀਵਨ ਜੋਤ

ਗੀਤ ਲਿਖਾਂ ਕਿ ਗਜ਼ਲ ਲਿਖਾਂ ਮੈਂ ਬਦਲਦੀਆਂ ਤਸਵੀਰਾਂ ਦੀ,
ਮਨ-ਮੰਦਰ ਵਿੱਚ ਤਾਂ ਇੱਕ ਹੈ, ਇੱਕ ਰੀਝ ਬਚੀ ਦਿਲਗੀਰਾਂ ਦੀ।

ਜੀ ਕਰਦਾ ਹੈ ਅੱਜ ਹੀ ਉੱਡ ਕੇ ਆ ਜਾਵਾਂ ਤੇ ਵਸਲ ਕਰਾਂ,
ਤੂੰ ਦੱਸ ਸੱਜਣ! ਮੈਂ ਕਿਵੇਂ ਲਿਖਾਂ, ਕੁੰਡਲੀ ਬੁਝੀਆਂ ਤਕਦੀਰਾਂ ਦੀ।

ਮੈਂ ਸ਼ਾਇਦ ਆਪਣੀ ਹੀ ਅੱਗ ਵਿੱਚ ਆਪੇ ਸੜ ਜਾਣੈ ਇੱਕ ਦਿਨ,
ਭਾਗਾਂ ਵਿੱਚ ਜੇਕਰ ਨਾ ਹੋਈ ਮਿਹਰ ਮੇਰੇ ਪੰਜੇ ਹੀ ਪੀਰਾਂ ਦੀ।

ਸ਼ਿਵ ਸ਼ਕਤੀ ਲੂਹ ਦੇਂਦੀ ਜੱਗ ਨੂੰ, ਪਾਰਬਤੀ ਜੇ ਨਾ ਹੁੰਦੀ,
ਬਹੁਤ ਉਮੀਦਾਂ ਤਸਬੀ ਤੋਂ ਜੋ ਜੀਵਨ ਜੋਤ ਫ਼ਕੀਰਾਂ ਦੀ।

•

جیون جوت

گیت لکھاں کہ غزل لکھاں میں بدلدیاں تصویراں دی،
من مندر وچ تاں اک ہے، اک ریجھ بچی دلگیراں دی

جی کردا ہے اج ہی اڈ کے آ جاواں تے وصل کراں،
توں دس سجن! میں کویں لکھاں، کنڈلی بجھیاں تقدیراں دی

میں شاید اپنی ہی اگ وچ آپے سڑ جانے اک دن،
بھاگاں وچ جیکر نہ ہوئی مہر میرے پنجے ہی پیراں دی

شو شکتی لوہ دیندی جگ نوں، پاربتی جے نہ ہوندی،
بہت امیداں تسبیح توں جو جیون جوت فقیراں دی

ਖ਼ਾਲਸ ਇਨਸਾਨ

ਕਦੇ ਨਾ ਗਲ਼ ਵਿੱਚ ਜੰਜ਼ੁ ਤੱਕਿਆ ਇਸ ਲਈ ਮੈਂ ਨਹੀਂ ਹਿੰਦੂ,
ਨਾ ਹੀ ਮੇਰੀ ਸੁੰਨਤ ਹੋਈ ਇਸ ਲਈ ਮੈਂ ਨਹੀਂ ਮੁਸਲਮਾਨ।
ਰੱਬ ਨੇ ਜੋ ਕੁੱਝ ਦਿੱਤਾ ਉਸਦਾ ਲੱਖ-ਲੱਖ ਸ਼ੁਕਰ ਮਨਾਵਾਂ,
ਬੰਦਿਆਂ ਵਰਗਾ ਬੰਦਾ ਹਾਂ ਮੈਂ ਇੱਕ ਖ਼ਾਲਸ ਇਨਸਾਨ।

•

خالص انسان

کدے نہ گل وچ جنجو تکیا اس لئی میں نہیں ہوندو،
نہ ہی میری سنت ہوئی اس لئی میں نہیں مسلمان
رب نے جو کجھ دتا اسدا لکھ لکھ شکر مناواں،
بندیاں ورگا بندہ ہاں میں اک خالص انسان

ਪੱਤਝੜ

ਪੱਤਝੜ ਦੇ ਵਿੱਚ ਦਿਸਣੋ ਹਟ ਗਿਆ, ਪੱਤਝੜ ਚਾਰ-ਚੁਫ਼ੇਰੇ ਹੂ।
ਪੱਤਾ-ਪੱਤਾ ਕਿਰਦਾ ਦਿਸਦਾ, ਕੁੱਝ ਨਾ ਵੱਸ ਵਿੱਚ ਮੇਰੇ ਹੂ।

ਸੁਣਿਆਂ ਕਈ ਰੁੱਤਾਂ ਦੁਨੀਆ ਵਿੱਚ, ਪੱਤਝੜ ਹਿੱਸੇ ਤੇਰੇ ਹੂ।
ਅੰਬਾਂ ਦੀ ਰੁੱਤ ਵਿੱਚ ਤਾਂ ਸੁਣਦੀ, ਕੋਇਲ ਕੂਕ ਬਨੇਰੇ ਹੂ।

ਆਪੋ-ਆਪਣੇ ਹਿੱਸੇ ਮਿੱਤਰਾ! ਰਾਤਾਂ ਅਤੇ ਸਵੇਰੇ ਹੂ।
ਰੱਬ ਦੇ ਰੰਗ ਵਿੱਚ ਰਹਿਣਾ ਪੈਣਾ ਕਰਕੇ ਤਕੜੇ ਜੇਰੇ ਹੂ।

ਅੰਦਰੋਂ ਜੋਤ ਜਗੇ ਜੇ ਕੋਈ, ਹੋਵਣ ਦੂਰ ਹਨ੍ਹੇਰੇ ਹੂ।
ਸ਼ਹੁ ਦੀ ਬੁੱਕਲ ਮਿਲ ਜਾਵੇ ਤਾਂ, ਜਾਗਣ ਭਾਗ ਬਥੇਰੇ ਹੂ।

•

پتجھڑ

پتجھڑ دے وچ دسنو ہٹ گیا، پتجھڑ چار چفیرے ہو
پتہ پتہ کردا دسدا، کجھ نہ وس وچ میرے ہو

سنیاں کئی رتاں دنیا وچ، پتجھڑ حصے تیرے ہو
امباں دی رت وچ تاں سندی، کوئل کوک بنیرے ہو

آپو اپنے حصے مترا! راتاں اتے سویرے ہو
رب دے رنگ وچ رہنا پینا کرکے تکڑے جیرے ہو

اندروں جوت جگے جے کوئی، ہوون دور ہنھیرے ہو
شہہ دی بکل مل جاوے تاں، جاگن بھاگ بتھیرے ہو

ਰਮਜ਼

ਰੋਲ਼ਾ ਰੱਪਾ ਜਿੰਨਾ ਮਰਜ਼ੀ ਪਾਉਂਦਾ ਫਿਰੇ ਸੰਸਾਰ।
ਗੱਲ ਤਜ਼ਰਬੇ ਦੀ ਜੇ ਕਰੂ, ਤਾਂ ਕਰੂ ਤਜ਼ਰਬੇਕਾਰ।

ਮਦਦ ਕਰਨ ਨੂੰ ਵੈਸੇ ਤਾਂ ਦਿਲ ਸਭ ਦਾ ਹੈ ਕਰਦਾ,
ਲੇਕਿਨ ਇਸਤੋਂ ਪਹਿਲਾਂ ਚੁੱਕਣਾ ਪੈਣਾ ਆਪਣਾ ਭਾਰ।

ਕਰਤ ਵਿੱਦਿਆ ਹੈ ਇਹ ਜੀਵਨ, ਜੋ ਛਾਣੇ ਉਹ ਜਾਣੇ,
ਭੀੜ ਪਈ ਤੋਂ ਕੰਮ ਨਾ ਆਵੇ ਸੋ ਸ਼ਸਤਰ ਬੇਕਾਰ।

ਦਿਲ ਦੀ ਸੁਣੇ, ਸੁਣਾਵੇ ਜਿਹੜਾ ਓਹੀਓ ਦਿਲ ਦਾ ਜਾਨੀ,
ਰਮਜ਼ ਪਛਾਣ ਨਹੀਂ ਜੋ ਸਕਦਾ, ਉਹ ਕਾਹਦਾ ਦਿਲਦਾਰ।

ਸਾਥੀ, ਸਾਥ ਦਵੇ ਤਾਂ ਦੇਸ਼-ਵਿਦੇਸ਼ੀਂ ਉੱਡਦੇ ਫਿਰੀਏ,
ਬਿਨਾ ਕਿਸੇ ਕੰਪਾਸ ਤੋਂ ਪਹੁੰਚ ਜਾਏ ਕੂੰਜਾਂ ਦੀ ਡਾਰ।

ਕਲਮ ਤੇਰੇ ਹੱਥ ਹੈ ਕੋਈ ਕਰ ਦਿਖਾ ਆਪਣਾ ਕਮਾਲ,
ਆਸਮਾਂ 'ਤੇ ਤੂੰ ਵੀ ਦਿਸ, ਚੰਨ-ਤਾਰਿਆਂ ਦੇ ਨਾਲ-ਨਾਲ।

ਸੂਰਜ ਨੂੰ ਸਿਫ਼ਾਰਿਸ਼ ਦੀ ਭਲਾ! ਕਿੰਨੀ ਕੁ ਹਸਰਤ ਹੈ,
ਸੂਰਜ ਬਣ ਕੇ ਚੜ੍ਹੇਂਗਾ ਤਾਂ ਰੌਸ਼ਨੀ ਆਊਗੀ ਨਾਲ।

ਇਹ ਸੱਚ ਹੈ ਕਿ ਹਰ ਕੋਈ ਇੱਕ ਇਨਕਲਾਬੀ ਨਹੀ ਹੈ,
ਪਰ ਦਿਲ ਅੰਦਰਲੇ ਖ਼ੂਨ ਦਾ, ਹੁੰਦਾ ਹੈ ਰੰਗ ਲਾਲ।

ਭੁੱਖ ਦੀ ਤੇ ਦੁੱਖ ਦੀ ਪੀੜਾ ਵੀ ਜਰਨੀ ਹੈ ਔਖੀ,
ਪਰ ਹਸਰਤਾਂ ਦਾ ਦਰਦ ਵੀ ਹੈ, ਆਪ ਵਿੱਚ ਆਪਣੀ ਮਿਸਾਲ।

ਮੇਰੀ ਸਿਫ਼ਾਰਸ਼ ਨਾ ਕਰੀਂ ਬਸ! ਏਨਾ ਕੁ ਰਹਿਮ ਕਰ,
ਸੱਚ ਵੀ ਹੈ ਬੋਲਣਾ ਮੈਂ ਦਿਲ ਦਾ ਵੀ ਰੱਖਣਾ ਖ਼ਿਆਲ।

•

رمز

رولا رپا جنا مرضی پاؤندا پھرے سنسار
گل تجربے دی جے کرو، تاں کرو تجربے کار
مدد کرن نوں ویسے تاں دل سبھ دا ہے کردا،
لیکن استوں پہلاں چکنا پینا اپنا بھار
کرت ودیا ہے ایہہ جیون، جو چھانے اوہ جانے،
بھیڑ پئی توں کم نہ آوے سو شستر بے کار
دل دی سنے، سناوے جیہڑا اوہیؤ دل دا جانی،
رمز پچھان نہیں جو سکدا، اوہ کاہدا دلدار
ساتھی، ساتھ دوے تاں دیش ودیشیں اڈدے پھریے،
بنا کسے کمپاس توں پہنچ جائے کونجاں دی ڈار
قلم تیرے ہتھ ہے کوئی کر دکھا اپنا کمال،
آسماں 'تے توں وی دس، چن تاریاں دے نال نال
سورج نوں سفارش دی بھلا! کنی کو حسرت ہے،
سورج بن کے چڑھینگا تاں روشنی آؤگی نال
ایہہ سچ ہے کہ ہر کوئی اک انقلابی نہی ہے،
پر دل اندرلے خون دا، ہوندا ہے رنگ لال
بھکھ دی تے دکھ دی پیڑا وی جرنی ہے اوکھی،
پر حصرتاں دا درد وی ہے، آپ وچ اپنی مثال
میری سفارش نہ کریں بس! اینا کو رحم کر،
سچ وی ہے بولنا میں دل دا وی رکھنا خیال

ਸਹੀ ਰਸਤਾ

ਅੱਕ ਫ਼ਲ ਤੇ ਸੋਹਣੇ ਤੁੰਮੇ ਨੂੰ ਭੁੱਲ ਕੇ ਜੀਭ ਨਾ ਲਾਈਏ।
ਉਹ ਛਕੀਏ ਜੋ ਹਰ ਕੋਈ ਖਾਵੇ ਪਚਦਾ-ਪਚਦਾ ਖਾਈਏ।

ਚੂਹੇ ਵਾਂਗੂੰ ਦਿਨੇ-ਰਾਤ ਦੀ ਕੁਚਰ-ਕੁਚਰ ਨਹੀਂ ਚੰਗੀ,
ਜਿਸਦਾ ਕੋਈ ਲਾਭ ਨਹੀਂ ਐਸੀ ਕਿਉਂ ਕਿਰਤ ਕਮਾਈਏ।

ਦੁਨੀਆ ਦੇ ਇਸ ਚੌਰਾਹੇ 'ਚੋਂ ਸਹੀ ਰਸਤਾ ਚੁਣ ਲਈਏ,
ਜਿਸਦਾ ਥਹੁ ਨਹੀਂ ਕਿੱਧਰ ਜਾਂਦਾ, ਉਸ ਰਸਤੇ ਨਾ ਜਾਈਏ।

ਮਨ ਭਾਉਂਦਾ ਵੀ ਕਰੀਏ ਲੇਕਿਨ ਇਹ ਵੀ ਕਦੇ ਨਾ ਭੁੱਲੀਏ,
ਦੁਨੀਆ ਦੇ ਵਿੱਚ ਰਹਿਣਾ ਪੈਣਾ, ਦੁਨੀਆ ਨੂੰ ਵੀ ਭਾਈਏ।

•

صحیح رستہ

اک پھل تے سوہنے تمے نوں بھل کے جیبھ نہ لائیے
اوہ چھکیے جو ہر کوئی کھاوے پچدا پچدا کھائیے

چوہے وانگوں دنے راتے دی کچر کچر نہیں چنگی،
جسدا کوئی لابھ نہیں ایسی کیوں کرت کمائیے

دنیا دے اس چوراہے 'چوں صحیح رستہ چن لئیے،
جسدا تھہو نہیں کدھر جاندا، اس رستے نہ جائیے

من بھاؤندا وی کریے لیکن ایہہ وی کدے نہ بھلیے،
دنیا دے وچ رہنا پینا، دنیا نوں وی بھائیے

ਯਾਰ

ਫਿਰ ਕੱਚਾ ਕੀ ਤੇ ਪੱਕਾ ਕੀ ਜੇ ਸੁੱਕੀ ਹੋਈ ਝਨ੍ਹਾਂ ਹੋਵੇ,।
ਫਿਰ ਏਧਰ ਕੀ ਤੇ ਓਧਰ ਕੀ ਜੇ ਯਾਰ ਹੀ ਦਿਸਦਾ ਨਾ ਹੋਵੇ।

ਕਵਿਤਾ ਕਈ ਕੁਝ ਕਹਿ ਸਕਦੀ ਹੈ, ਹਾਂ! ਕਲਮ 'ਚ ਤਾਕਤ ਹੁੰਦੀ ਹੈ,
ਪਰ ਦਰਦ ਜੋ ਸਾਰੀ ਉਮਰਾਂ ਦਾ ਲਫ਼ਜ਼ਾਂ ਵਿੱਚ ਕਿਵੇਂ ਬਿਆਂ ਹੋਵੇ।

ਮੈਂ ਸ਼ਮ੍ਹਾ ਤੋਂ ਬਲਿਹਾਰੇ ਜਾਵਾਂ ਜਿਸਦੀ ਗ਼ਲਤੀ ਨਹੀਂ ਮਾਸਾ ਵੀ,
ਬਸ! ਪਰਵਾਨਾ ਹੀ ਦੋਸ਼ੀ ਹੈ ਜੋ ਉੱਡ ਕੇ ਆਪ ਫਨ੍ਹਾਂ ਹੋਵੇ।

ਮੇਰਾ ਸਜ਼ਦਾ ਮਨਜ਼ੂਰ ਕਰੀਂ ਚਿਹਰੇ ਪੜ੍ਹ ਕੇ ਦੇਖ ਲਵੀਂ,
ਉੱਥੇ ਤਾਂ ਚੁੱਪ ਚੰਗੇਰੀ ਹੈ ਜਿੱਥੇ ਬੋਲਣਾ ਸਖ਼ਤ ਮਨ੍ਹਾ ਹੋਵੇ।

•

یار

پھر کچا کیہ تے پکا کیہ جے سکی ہوئی جھنھاں ہووے،
پھر ایدھر کیہ تے اودھر کیہ جے یار ہی دسدا نہ ہووے

کویتا کئی کجھ کہہ سکدی ہے، ہاں! قلم 'چ طاقت ہوندی ہے،
پر درد جو ساری عمراں دا لفظاں وچ کویں بیاں ہووے

میں شمع توں بلہارے جاواں جسدی غلطی نہیں ماسہ وی،
بس! پروانہ ہی دوشی ہے جو اڈ کے آپ پھنھاں ہووے

میرا سجدا منظور کریں چہرے پڑھ کے دیکھ لویں،
اتھے تاں چپ چنگیری ہے جتھے بولنا سخت منع ہووے

ਰੱਬ ਦਾ ਸਿਰਨਾਵਾਂ

ਵੇਦ, ਕੇਤਾਬਾਂ ਦੇ ਵਿੱਚ ਲਿਖੀਆਂ ਲੱਖ ਪਤੇ ਦੀਆਂ ਬਾਤਾਂ।
ਪੁਰਾਣ, ਕੁਰਾਨ ਬੜੇ ਸਚਿਆਰੇ ਸੌ-ਸੌ ਦੇਣ ਸੁਗਾਤਾਂ।

ਸੱਚ 'ਤੇ ਕਬਜ਼ਾ ਕਰਕੇ ਲੋਕੀਂ ਤਾਕਤਵਰ ਅਖਵਾਉਂਦੇ,
ਮਾਣਸ ਦੇਹੀ ਇੱਕੋ ਜਿਹੀ, ਨਾ ਜਿਣਸਾਂ ਨਾ ਜਾਤਾਂ।

ਸੱਚ ਤੇ ਕਾਬਜ਼ ਲੋਕੀਂ ਸੱਚ ਦੀ ਸਾਰ ਨਾ ਜਾਨਣ ਦੇਂਦੇ,
'ਨ੍ਹੇਰੇ ਦੇ ਵਿੱਚੇ-ਵਿੱਚ ਰੱਖਦੇ, ਪਾਰ ਨਾ ਜਾਵਣ ਦੇਂਦੇ।

ਰੱਬ ਦਾ ਸਿਰਨਾਵਾਂ ਨਾ ਦੱਸਦੇ ਬੜੇ ਪ੍ਰੋਹਤ ਪੱਕੇ,
ਮੰਦਿਰਾਂ 'ਚੋਂ ਬਾਹਰ ਨਾ ਨਿਕਲੇ, ਖੁਦ ਭਗਵਾਨ ਵੀ ਜੱਕੇ।

ਕਾਦਰ ਦੀ ਕੁਦਰਤ ਵੀ ਕਾਦਰ, ਤਾਂ ਫਿਰ ਕਾਹਦਾ ਰੌਲ਼ਾ,
ਰਾਮ, ਰਹੀਮ ਤਾਂ ਸਰਬਵਿਆਪੀ ਨਾ ਕਾਂਸ਼ੀ ਨਾ ਮੱਕੇ।

•

رب دا سرناواں

وید، کیتاباں دے وچ لکھیاں لکھ پتے دیاں باتاں
پران، قرآن بڑے سچیارے سو سو دین سوغاتاں

سچ 'تے قبضہ کرکے لوکیں طاقتور اکھواؤندے،
مانس دیہی اکو جہی، نہ جنساں نہ جاتاں

سچ تے قابض لوکیں سچ دی سار نہ جانن دیندے،
'نھیرے دے وچے وچے رکھدے، پار نہ جاون دیندے

رب دا سرناواں نہ دسدے بڑے پروہت پکے،
مندراں 'چوں باہر نہ نکلے، خود بھگوان وی جکے

قادر دی قدرت وی قادر، تاں پھر کاہدا رولا،
رام، رحیم تاں سربویاپی نہ کانشی نہ مکے

ਬਚਪਨ

ਕਿਵੇਂ ਭਲਾ ਭੁੱਲ ਜਾਊਂ ਸੱਜਣਾ! ਆਪਣੇ ਪਿੰਡ ਦੀ ਉਹ ਮਿੱਟੀ,
ਜਿਸ ਮਿੱਟੀ ਵਿੱਚ ਲਿਟਲਿਟੀਆਂ ਕਰਦੇ ਹੁੰਦੇ ਸੀ ਯਾਰ ਕਦੇ।
ਉਲਟਬਾਜ਼ੀਆਂ ਲਾਉਂਦੇ ਸਾਂ ਤੇ ਛੱਪੜ ਵਿੱਚ ਨਹਾਉਂਦੇ ਸਾਂ,
ਕਿਵੇਂ ਭੁੱਲਣਗੀਆਂ ਕੱਚੀਆਂ ਅੰਬੀਆਂ ਤੇ ਗੋਲ੍ਹਾਂ ਦਾ ਪਿਆਰ ਕਦੇ।

ਚੱਡੀ ਪਾ ਕੇ ਅੱਡੀ ਟੱਪਾ ਰੋਜ਼ ਖੇਡਿਆ ਰੱਜ-ਰੱਜ ਕੇ,
ਬੇਫ਼ਿਕਰੀ ਦੀ ਏਹੋ ਜਿਹੀ ਲੱਭਣੀ ਨਹੀਂ ਬਹਾਰ ਕਦੇ।
ਪੈਸਾ-ਧੇਲਾ, ਇੱਜ਼ਤ ਮਾਣ ਬੜਾ ਪਾਇਆ ਦੁਨੀਆ ਵਿੱਚੋਂ,
ਬਚਪਨ ਦੇ ਦਿਲਜਾਨੀਆਂ ਵਰਗਾ ਲੱਭਣਾ ਨਹੀਂ ਦਿਲਦਾਰ ਕਦੇ।

•

بچپن

کویں بھلا بھل جاؤں سجنا! اپنے پنڈ دی اوہ مٹی،
جس مٹی وچ لٹلٹیاں کردے ہوندے سی یار کدے
الٹبازیاں لاؤندے ساں تے چھپڑ وچ نہاؤندے ساں،
کویں بھلنگیاں کچیاں انبیاں تے گولھاں دا پیار کدے

چڈی پا کے اڈی ٹپا روز کھیڈیا رج رج کے،
بے فقری دی ایہو جہی لبھنی نہیں بہار کدے
پیسہ دھیلا، عزت مان بڑا پایا دنیا وچوں،
بچپن دے دلجانیاں ورگا لبھنا نہیں دلدار کدے

ਵਧਾਈਆਂ

ਨਵੇਂ ਸਾਲ ਦੀ ਬਹੁਤ ਵਧਾਈ ਸੱਜਣਾਂ, ਮਿੱਤਰਾਂ, ਯਾਰਾਂ ਨੂੰ।
ਕਵੀਆਂ ਨੂੰ ਵਿਦਵਾਨਾ ਨੂੰ ਕਲਾਕਾਰਾਂ, ਫ਼ਨਕਾਰਾਂ ਨੂੰ।

ਦੇਸ਼-ਵਿਦੇਸ਼ਾਂ ਦੇ ਵਿੱਚ ਵਸਦੇ, ਪੰਜਾਬੀ ਪਰਿਵਾਰਾਂ ਨੂੰ।
ਵਤਨ ਮੇਰੇ ਦੇ ਵਾਸੀ ਸਾਰੇ ਗੱਭਰੂਆਂ, ਮੁਟਿਆਰਾਂ ਨੂੰ।

ਗੁਰਦੁਆਰਿਆਂ, ਮੰਦਿਰਾਂ ਤੇ ਮਸਜਿਦਾਂ ਦੇ ਪਹਿਰੇਦਾਰਾਂ ਨੂੰ।
ਸਰਬ ਸਾਂਝਿਆਂ ਧਰਮਾਂ ਨੂੰ ਤੇ ਧਰਮ ਦੇ ਠੇਕੇਦਾਰਾਂ ਨੂੰ।

ਬਾਲ, ਬਜ਼ੁਰਗਾਂ, ਚੋਬਰਾਂ ਤੇ ਹੁਸਨ ਜਵਾਨ ਬਹਾਰਾਂ ਨੂੰ।
ਅੱਲ੍ਹੜ ਕੱਚੀਆਂ ਕੰਜਕਾਂ ਨੂੰ ਤੇ ਹੁਸਨ ਦੀਆਂ ਸਰਕਾਰਾਂ ਨੂੰ।

ਨਵੇਂ ਸਾਲ ਦੀ ਬਹੁਤ ਵਧਾਈ ਸੱਜਣਾਂ, ਮਿੱਤਰਾਂ, ਯਾਰਾਂ ਨੂੰ।
ਕਵੀਆਂ ਨੂੰ ਵਿਦਵਾਨਾ ਨੂੰ ਕਲਾਕਾਰਾਂ, ਫ਼ਨਕਾਰਾਂ ਨੂੰ।

•

ودھائیاں

نویں سال دی بہت ودھائی سجناں، متراں، یاراں نوں
کویاں نوں ودوانا نوں کلاکاراں، فنکاراں نوں

دیش ودیشاں دے وچ وسدے، پنجابی پریواراں نوں
وطن میرے دے واسی سارے گبھروآں، مٹیاراں نوں

گوردواریاں، مندراں تے مسجداں دے پہریداراں نوں
سرب سانجھیاں دھرماں نوں تے دھرم دے ٹھیکیداراں نوں

بال، بزرگاں، چوبراں تے حسن جوان بہاراں نوں
الھڑ کچیاں کنجکاں نوں تے حسن دیاں سرکاراں نوں

نویں سال دی بہت ودھائی سجناں، متراں، یاراں نوں
کویاں نوں ودوانا نوں کلاکاراں، فنکاراں نوں

ਇਮਾਨ

ਸੱਚਮੁਚ ਮੇਰਾ ਦਿਲ ਕਰਦਾ ਹੈ ਧਰਮ, ਇਮਾਨ ਨਿਭਾਵਾਂ।
ਆਪਣਾ ਹੱਕ ਅਪਣਾਵਾਂ ਤੇ ਮਾਸਾ ਵੀ ਹੋਰ ਨਾ ਚਾਹਵਾਂ।

ਸ਼ੁਕਰ ਕਰਾਂ, ਧੰਨਵਾਦੀ ਹੋਵਾਂ, ਹੁਕਮ ਰਜਾਈ ਚੱਲਾਂ,
ਰੱਬ ਦੀਆਂ ਦਿੱਤੀਆਂ ਦਾਤਾਂ ਲਈ ਵਾਰੇ-ਵਾਰੇ ਜਾਵਾਂ।

ਸਭ ਕੁੱਝ ਤਾਂ ਮਿਲਿਆ ਹੈ ਮੈਨੂੰ ਜੋ ਮੰਗਿਆ ਵੀ ਨਹੀਂ ਸੀ,
ਹਉਮੈ, ਵੈਰ ਤਿਆਗ ਦਿਆਂ ਤੇ ਬਸ! ਸਤਿਨਾਮ ਧਿਆਵਾਂ।

ਲੇਕਿਨ ਸਾਧ ਤਾਂ ਕੰਬਲੀ ਛੱਡੇ ਪਰ ਕੰਬਲੀ ਨਹੀਂ ਛੱਡਦੀ
ਮੇਰਾ ਰਿੱਛ ਨਹੀਂ ਛੱਡਦਾ ਮੈਨੂੰ ਤਾਹੀਓਂ ਗੋਤੇ ਖਾਵਾਂ।
•

ایمان

سچمچ میرا دل کردا ہے دھرم، ایمان نبھاواں
اپنا حق اپناواں تے ماسہ وی ہور نہ چاہواں

شکر کراں، دھنوادی ہوواں، حکم رجائی چلاں،
رب دیاں دتیاں داتاں لئی وارے وارے جاواں

سبھ کجھ تاں ملیا ہے مینوں جو منگیا وی نہیں سی،
ہؤمے، ویر تیاگ دیاں تے بس! ستنام دھیاواں

لیکن سادھ تاں کمبلی چھڈے پر کمبلی نہیں چھڈدی
میرا رچھ نہیں چھڈدا مینوں تاہیؤں غوطے کھاواں

ਨੀਂਦ

ਸੁੱਤਿਆਂ-ਸੁੱਤਿਆਂ ਸੁਪਨੇ ਦੇ ਵਿੱਚ ਬਹੁਤ ਬੁਰੜਾਉਂਦੇ ਲੋਕ।
ਪਤਾ ਨਹੀਂ ਲੱਗਦਾ ਲੇਕਿਨ ਕੁੱਝ ਕਹਿਣਾ ਚਾਹੁੰਦੇ ਲੋਕ।

ਕੁੱਝ ਸੁੱਤੇ ਕੁੱਝ ਘੋਸਲੇ ਹੋਏ ਘੀਂ-ਘੀਂ, ਘੂੰ-ਘੂੰ ਕਰਨ ਸਦਾ,
ਰਹੋ ਜਾਗਦੇ ਦੁਨੀਆਂ ਵਾਲਿਓ! ਹੋਕਾ ਲਾਉਂਦੇ ਲੋਕ।

ਪਤਾ ਨਹੀਂ ਕੀ ਲਿਖਦੇ-ਪੜ੍ਹਦੇ ਕਰਨ ਕਾਲੀਆਂ ਕੰਧਾਂ,
ਪੜ੍ਹ ਨਾ ਸਕਦੇ ਪਰ ਲੋਕਾਂ ਲਈ ਪੂਰਨੇ ਪਾਉਂਦੇ ਲੋਕ।

ਘਰ-ਘਰ ਸੁਣਨ ਘੜ੍ਹਾੜੇ, ਲੋਕੀਂ ਸੁੱਤੇ ਲੰਮੀਆਂ ਤਾਣ,
ਸੁੱਤੇ-ਸੁੱਤੇ ਹੀ ਲੋਕਾਂ ਨੂੰ ਫਿਰਨ ਜਗਾਉਂਦੇ ਲੋਕ।

•

نیند

ستیاں ستیاں سپنے دے وچ بہت برڑاؤندے لوک
پتہ نہیں لگدا لیکن کجھ کہنا چاہندے لوک

کجھ ستے کجھ گھیسلے ہوئے گھیں گھیں، گھوں گھوں کرن سدا،
رہو جاگدے دنیاں والیو! ہوکا لاؤندے لوک

پتہ نہیں کیہ لکھدے پڑھدے کرن کالیاں کندھاں،
پڑھ نہ سکدے پر لوکاں لئی پورنے پاؤندے لوک

گھر گھر سنن گھرھاڑے، لوکیں ستے لمیاں تان،
ستے ستے ہی لوکاں نوں پھرن جگاؤندے لوک

ਅਹਿਸਾਸ

ਮੇਰੇ ਵਿੱਚ ਵੀ ਮਹਿਕ ਹੈ ਕੋਈ ਮੈਨੂੰ ਅਹਿਸਾਸ ਨਹੀਂ ਸੀ।
ਮਹਿਕ ਮਾਣੇਗਾ ਕੋਈ ਮੇਰੇ 'ਚੋਂ ਮੈਨੂੰ ਆਸ ਨਹੀ ਸੀ।

ਮੇਰਿਆਂ ਮੈਨੂੰ ਉਮਰ ਭਰ ਅਰਥਹੀਣਾ ਹੀ ਕਿਹਾ,
ਮੇਰੀ ਵੀ ਕੋਈ ਸਾਰਥਿਕਤਾ ਹੋਏਗੀ ਵਿਸ਼ਵਾਸ਼ ਨਹੀਂ ਸੀ।

ਸੂਰਜ ਵਾਂਗੂੰ ਚੜ੍ਹਦਾ ਤੇ ਡੁੱਬਦਾ ਰਿਹਾ ਸਾਰੀ ਉਮਰ,
ਅੱਗ ਦੇ ਗੋਲੇ ਨੂੰ ਸੱਚੀਂ ਅੰਮ੍ਰਿਤ ਦੀ ਵੀ ਪਿਆਸ ਨਹੀਂ ਸੀ।

ਰੀਝਾਂ ਨਾ ਪੁੱਗਣ ਤੇ ਲੋਕੀਂ ਸ਼ਿਕਵਾ ਕਰਦੇ ਸੁਣੇ ਨੇ,
ਮੈਂ ਸ਼ਿਕਵਾ ਕੀ ਕਰਦਾ ਜਦ ਤੱਕ ਰੀਝ ਹੀ ਕੋਈ ਖ਼ਾਸ ਨਹੀਂ ਸੀ।

•

احساس

میرے وچ وی مہک ہے کوئی مینوں احساس نہیں سی
مہک مانیگا کوئی میرے 'چوں مینوں آس نہی سی

میریاں مینوں عمر بھر ارتھہینا ہی کیہا،
میری وی کوئی سارتھکتا ہوئےگی وشواش نہیں سی

سورج وانگوں چڑھدا تے ڈبدا رہا ساری عمر،
اگ دے گولے نوں سچیں امرت دی وی پیاس نہیں سی

ریجھاں نہ پگن تے لوکیں شکوہ کردے سنے نے،
میں شکوہ کیہ کردا جد تک ریجھ ہی کوئی خاص نہیں سی

ਦੁਖਦੀ ਰਗ਼

ਜਨਮ ਮਰਨ ‘ਕੱਲਿਆਂ ਦਾ ਹੁੰਦਾ ‘ਕੱਲਾਪਣ ਹੀ ਤੇਰਾ ਹੈ।
ਰਿਸ਼ਤੇ, ਨਾਤੇ, ਸਾਂਝ-ਭਿਆਲੀ ਨਾ ਤੇਰਾ ਨਾ ਮੇਰਾ ਹੈ।

ਰਿਸ਼ਤੇ ਦਾ ਕੋਈ ਨਿੱਘ ਹੋਵੇ ਤਾਂ ਦਿਨ ਸੌਖੇ ਲੰਘ ਜਾਂਦੇ ਨੇ,
ਕਈ ਰਿਸ਼ਤੇ ਚਾਨਣ ਬਣਦੇ, ਕਈ ਬਿਲਕੁਲ ਘੁੱਪ ਹਨ੍ਹੇਰਾ ਹੈ।

ਓਪਰਿਆਂ ਨੇ ਕਦੇ ਕਿਸੇ ਦੀ ਦੁਖਦੀ ਰਗ਼ ਨੂੰ ਨਹੀਂ ਫੜਿਆ,
ਤੈਨੂੰ ਤੰਗ ਕਰਨ ਲਈ ਤੇਰਾ ਕੁੜਮਾਚਾਰ ਬਥੇਰਾ ਹੈ।

ਮੱਖਣ ਲਾਉਣ ਵਾਲੇ ਹੀ ਤੇਰੇ ਕਈ ਮਖੌਟੇ ਲਈ ਫਿਰਦੇ,
ਚੱਕਰਵਿਊ ਰਿਸ਼ਤੇ-ਨਾਤੇ ਤੇ ਸਾਡਾ ਚਾਰ-ਚੁਫ਼ੇਰਾ ਹੈ।

•

دُکھدی رگ

جنم مرن 'کلیاں دا ہوندا 'کلاپن ہی تیرا ہے
رشتے، ناطے، سانجھ بھیالی نہ تیرا نہ میرا ہے

رشتے دا کوئی نگھ ہووے تاں دن سوکھے لنگھ جاندے نے،
کئی رشتے چانن بندے، کئی بالکل گھپ ہنھیرا ہے

اوپریاں نے کدے کسے دی دکھدی رغ نوں نہیں پھڑیا،
تینوں تنگ کرن لئی تیرا کڑھماچار بتھیرا ہے

مکھن لاؤن والے ہی تیرے کئی مکھوٹے لئی پھردے،
چکرویو رشتے ناتے تے ساڈا چار چفیرا ہے

ਅਖੌਤੀ ਸਾਹਿਤਕਾਰ

ਸੁਣ ਸਕਣੇ ਦੀ ਸ਼ਕਤੀ ਨਾ ਸੀ ਰੌਲਾ ਬਹੁਤ ਮੈਂ ਪਾਇਆ।
ਸੋਚਣ ਵਾਲਾ ਖ਼ਾਨਾ ਖਾਲੀ ਸਾਹਿਤਕਾਰ ਅਖਵਾਇਆ।

ਮਹਿਸੂਸ ਤੱਕ ਨਾ ਕੀਤਾ ਐਵੇਂ ਤੜਫ਼ਿਆ ਤੇ ਤੜਫ਼ਾਇਆ।
ਕੋਸ਼ਿਸ਼ ਕਰਨ ਤੋਂ ਪਹਿਲਾਂ ਹੀ ਬਸ! ਐਵੇਂ ਹੌਸਲਾ ਢਾਹਿਆ।

ਮਰ-ਮਰ ਕੇ ਹੀ ਜੀਵੇ, ਚੱਜ ਨਾਲ ਜੀਣਾ ਵੀ ਨਾ ਆਇਆ।
ਕਿਸੇ ਨੂੰ ਦੱਸ ਕੀ ਆਖਾਂ! ਹੱਥੀਂ ਝੁੱਗਾ ਚੌੜ ਕਰਾਇਆ।

ਮਾਇਆ ਦੇ ਮੋਹ ਨੇ ਹੈ ਮੈਨੂੰ ਬਿਨਾ ਦੰਦਾਂ ਤੋਂ ਖਾਇਆ।
ਚੱਕਰ ਵਿੱਚ ਪੈ ਕੇ ਤਾਹੀਓਂ ਤਾਂ ਘਣਚੱਕਰ ਅਖਵਾਇਆ।

•

اکھوتی ساہتکار

سن سکنے دی شکتی نہ سی رولا بہت میں پایا
سوچن والا خانا خالی ساہتکار اکھوایا

محسوس تک نہ کیتا ایویں تڑفیا تے تڑفایا
کوشش کرن توں پہلاں ہی بس! ایویں حوصلہ ڈھاہیا

مر مر کے ہی جیوے، چج نال جینا وی نہ آیا
کسے نوں دس کیہ آکھاں! ہتھیں جھگا چوڑ کرایا

مایہ دے موہ نے ہے مینوں بنا دینداں توں خایا
چکر وچ پے کے تاہیؤں تاں گھنچکر اکھوایا

ਸ਼ੀਸ਼ਾ

ਸ਼ੀਸ਼ਾ ਤਾਂ ਸੱਚੋ-ਸੱਚ ਬੋਲੇ ਅਸਲੀ ਰੂਪ ਦਿਖਾਵੇ।
ਜੇ ਤੂੰ ਰੋਵੇਂ ਸ਼ੀਸ਼ੇ ਅੱਗੇ ਸ਼ੀਸ਼ਾ ਕਿੰਝ ਮੁਸਕਾਵੇ।

ਦੋ ਕੱਪ ਕੌਫ਼ੀ ਦੇਖ ਕੇ ਜੇ ਤੇਰਾ ਦਿਲ ਇੱਕ ਕੱਪ ਚਾਹਵੇ।
ਚਾਹਤ ਤਾਂ ਸੁਪਨਾ ਹੈ, ਸ਼ੀਸ਼ਾ ਸੁਪਨਾ ਕਿੰਝ ਬਣ ਜਾਵੇ।

ਤੈਨੂੰ ਤਾਂ ਤੂੰ ਹੀ ਮਿਲ ਸਕਦੈਂ ਤੂੰ ਹੈਂ ਸ਼ੀਸ਼ੇ ਸਾਹਵੇਂ।
ਦੂਰ-ਦੁਰਾਡੇ ਬੈਠੇ ਮਿੱਤਰ ਸ਼ੀਸ਼ਾ ਕਿੰਝ ਮਿਲਾਵੇ।

ਸ਼ੀਸ਼ੇ ਸਾਹਵੇਂ ਤਾਂ ਤੂੰ ਬਸ! ਆਪਣੇ ਅੰਗ ਹੀ ਚੁੰਮ ਸਕਦੈਂ
ਤੇਰੀ ਬੁੱਕਲ ਵਿੱਚ ਤੂੰ 'ਕੱਲਾ ਦੋ ਕਿੱਦਾਂ ਬਣ ਜਾਵੇ।

•

شیشہ

شیشہ تاں سچو سچ بولے اصلی روپ دکھاوے
جے توں روویں شیشے اگے شیشہ کنجھ مسکاوے

دو کپ کوفی دیکھ کے جے تیرا دل اک کپ چاہوے
چاہت تاں سپنا ہے، شیشہ سپنا کنجھ بن جاوے

تینوں تاں توں ہی مل سکدیں توں ہیں شیشے ساہویں
دور دراڈے بیٹھے متر شیشہ کنجھ ملاوے

شیشے ساہویں تاں توں بس! اپنے انگ ہی چم سکدیں
تیری بکل وچ توں 'کلا دو کداں بن جاوے

ਕਰੁੱਤੀ ਵੇਲ

ਕਿੱਥੋਂ-ਕਿੱਥੋਂ ਚੋਗਾ ਚੁਗਣਾ ਸਭ ਕੁਦਰਤ ਦੇ ਖੇਲ।
ਸਾਡੇ ਵੇਹੜੇ ਵਿੱਚ ਉੱਗੀ ਹੈ ਇੱਕ ਕਰੁੱਤੀ ਵੇਲ।

ਚਾਅ ਨਾ ਹੋਵੇ ਤਾਂ ਜੀਵਨ ਦੀ ਲਾਸ਼ ਨਹੀਂ ਚੁੱਕ ਹੁੰਦੀ,
ਸਹਿਜ ਅਵਸਥਾ ਤਾਂ ਬਣਦੀ ਜੇ ਹੋਣ ਸੰਜੋਗੀਂ ਮੇਲ।

ਜੋ ਵਗਦਾ ਨਹੀਂ ਉਸਨੂੰ ਤਾਂ ਦਰਿਆ ਨਹੀਂ ਕਹਿੰਦੇ ਲੋਕੀਂ,
ਸਾਗਰ ਵਿੱਚ ਓਹ ਹੀ ਰਲਦੇ ਜੋ ਰਸਤੇ ਜਾਂਦੇ ਪੇਲ।

ਅੱਖਾਂ ਵਿੱਚ ਸਵਾਲ ਕਿਉਂ ਹੈ ਕਿਸਮਤ 'ਤੇ ਕੀ ਰੋਸਾ,
ਰੀਝ ਹੋਏ ਤਾਂ ਕਈ ਲੋਕੀਂ ਕੱਚਿਆਂ ਨੂੰ ਦਿੰਦੇ ਠੇਲ੍ਹ।

ਕਿੱਡਾ ਕੁ ਹੈ ਧਰਤ ਅਤੇ ਆਕਾਸ਼ ਭਲਾ ਦੱਸੀ ਖਾਂ!
ਬੰਧਿਆਈ ਦਿਸਦੀ ਦੂਰੋਂ ਜੇ ਤਿਲਾਂ 'ਚ ਹੋਵੇ ਤੇਲ।

•

کرُتی ویل

کتھوں کتھوں چوغا چگنا سبھ قدرت دے کھیل
ساڈے ویہڑے وچ اگی ہے اک کرتی ویل

چاء نہ ہووے تاں جیون دی لاش نہیں چک ہوندی،
سہج اوستھا تاں بندی جے ہون سنجوگیں میل

جو وگدا نہیں اسنوں تاں دریا نہیں کہندے لوکیں،
ساگر وچ اوہ ہی رلدے جو رستے جاندے پیل

اکھاں وچ سوال کیوں ہے قسمت 'تے کیہ روسا،
ریجھ ہوئے تاں کئی لوکیں کچیاں نوں دیندے ٹھیلھ

کڈا کو ہے دھرت اتے آکاش بھلا دسیں کھاں!
تھندھیائی دسدی دوروں جے تلاں 'چ ہووے تیل

ਰਿਸ਼ਤਾ

ਰਿਸ਼ਤਾ ਤਾਂ ਰਿਸ਼ਤਾ ਹੁੰਦਾ ਹੈ ਰਾਤ ਹੋਵੇ ਜਾਂ ਸਿਖ਼ਰ ਦੁਪਹਿਰ।
ਲੇਕਿਨ 'ਕੱਲਿਆਂ ਝੱਲ ਨਹੀਂ ਹੁੰਦਾ 'ਕੱਲ ਮ 'ਕੱਲੇ ਦਿਲ 'ਤੇ ਕਹਿ
ਜੀਵਨ ਦੇ ਵਿੱਚ ਸੱਚਮੁੱਚ ਕੋਈ ਆਪਣਾ ਹੋਵੇ ਤਾਂ ਜੀਅ ਹੁੰਦਾ,
ਦਿਲ ਨਹੀ ਲੱਗਦਾ, ਬਹੁਤ ਵੱਡਾ ਹੈ ਭਾਵੇਂ ਓਪਰਿਆਂ ਦਾ ਸ਼ਹਿਰ।

ਪਿਆਰ ਭੁੱਖ ਜੇ ਨਹੀਂ ਮਿਟਦੀ, ਜੇਕਰ ਰਿਸ਼ਤਾ ਹੀ ਨਹੀਂ ਕੋਈ,
ਨਿਰੀ ਕੁੜੱਤਣ ਬਣਿਆਂ ਰਹਿੰਦਾ ਜੀਵਨ ਲੱਗਦਾ ਹੈ ਜਿਉਂ ਜ਼ਹਿਰ। ਾ।

ਅੱਖ਼ਰ ਏਧਰੋਂ-ਓਧਰ ਹੋ ਜਾਏ ਸਾਰੇ ਅਰਥ ਬਦਲ ਜਾਂਦੇ,
'ਕੱਲੇ ਅੱਖ਼ਰ ਦੀ ਨਾ ਬਣਦੀ, ਸੁਰ ਨਾ ਤਾਲ ਤੇ ਨਾ ਹੀ ਬਹਿਰ।

•

رشتہ

رشتہ تاں رشتہ ہوندا ہے رات ہووے جاں سخر دوپہر
لیکن 'کلیاں جھل نہیں ہوندا 'کل م 'کلے دل 'تے قہر
جیون دے وچ سچ مچ کوئی اپنا ہووے تاں جی ہوندا،
دل نہی لگدا، بہت وڈا ہے بھاویں اوپریاں دا شہر

پیار بھکھ جے نہیں مٹدی، جیکر رشتہ ہی نہیں کوئی،
نری کڑتن بنیاں رہندا جیون لگدا ہے جیوں زہر

اکھر ایدھروں اودھروں ہو جائے سارے ارتھ بدل جاندے،
'کلے اکھر دی نہ بندی، سر نہ تال تے نہ ہی بحر

ਚੱਕਰਵਿਊ

ਆਪਣਾ ਹੀ ਵੈਰੀ ਹੈ ਬੰਦਾ, ਇਹ ਜੱਗ ਹੁੰਦੜੀ ਆਈ।
ਕਦੇ ਕਿਸੇ ਨੇ ਆਪਣੇ ਆਪ 'ਤੇ ਪਰ ਨਹੀਂ ਤੋਹਮਤ ਲਾਈ।

ਭਾਵੁਕਤਾ ਵਿੱਚ ਵਹਿ ਕੇ ਤੂੰ ਇਹ ਆਪਣੀ ਗੱਲ ਸੁਣਾਈ।
ਆਮ ਤੌਰ 'ਤੇ ਲੇਕਿਨ ਰੱਖਦੇ ਲੋਕੀਂ ਗੱਲ ਲੁਕਾਈ।

ਹਰ ਬੰਦੇ ਦੀ ਹਰ ਇੱਕ ਬਿਪਤਾ ਹੱਥੀਂ ਅਸਾਂ ਬਣਾਈ।
ਚੱਕਰਵਿਊ ਵਿੱਚ ਪੈ ਜਾਣਾ ਹੈ ਕਿੱਥੋਂ ਦੀ ਚਤੁਰਾਈ।

ਆਪਾਂ ਨੂੰ ਜੋ ਖ਼ਾਸ ਨੇ ਆਪਣੇ, ਉਹੋ ਹੀ ਦੁੱਖ ਦੇਂਦੇ।
ਦਰਦ ਤਾਂ ਨਿੱਜੀ ਸ਼ੈ ਹੈ ਆਪਣੀ, ਬਿਲਕੁਲ ਨਹੀਂ ਪਰਾਈ।

'ਮੈਂ' ਮੈਨੂੰ ਕੀ-ਕੀ ਦਿੱਤਾ ਹੈ ਇਹ ਤੇ ਮੈਂ ਹੀ ਜਾਣਾਂ,
ਦੱਦਾ ਦੋਸ਼ ਨਾ ਹੋਰ ਕਿਸੇ ਦਾ ਸੁੱਨੜ ਦਵੇ ਦੁਹਾਈ।

•

چکرویو

اپنا ہی ویری ہے بندہ، ایہہ جگ ہوندڑی آئی
کدے کسے نے اپنے آپ تے پر نہیں تہمت لائی

بھاوکتا وچ وہِ کے توں ایہہ اپنی گل سنائی
عام طور تے لیکن رکھدے لوکیں گل لکائی

ہر بندے دی ہر اک بپتا ہتھیں اساں بنائی
چکرویو وچ پے جانا ہے کتھوں دی چترائی

آپاں نوں جو خاص نے اپنے، اوہو ہی دکھ دیندے
درد تاں نجی شے ہے اپنی، بالکل نہیں پرائی

'میں' مینوں کیہ کیہ دتا ہے ایہہ تے میں ہی جاناں،
ددا دوش نہ ہور کسے دا سنڑ دوے دہائی

ਆਪਣੇ ਅੰਦਰ ਝਾਤ

ਚਿੰਤਾ ਬਹੁਤ ਰਹੀ ਤੈਨੂੰ ਕਿ ਰੁੱਸ ਨਾ ਜਾਵੇ ਕੋਈ,
ਅਚਨਚੇਤ ਹੀ ਹੋ ਗਿਆ ਲੇਕਿਨ ਖ਼ੁਦ ਨੂੰ ਕਦੇ ਮਨਾਇਆ ਨਾ।
ਫ਼ਿਕਰਮੰਦ ਹੋ ਕੇ ਤੂੰ ਭੱਜਿਆ ਫਿਰਿਆ ਚਾਰ-ਚਫ਼ੇਰੇ,
ਬੜੇ ਬਣਾਏ ਆਪਣੇ ਲੇਕਿਨ ਖ਼ੁਦ ਨੂੰ ਤੂੰ ਅਪਣਾਇਆ ਨਾ।

ਦਰ-ਦਰ ਜਾ ਕੇ ਧੂਫ਼-ਬੱਤੀਆਂ, ਦੀਵੇ ਬੜੇ ਜਗਾਏ,
ਆਪਣੇ ਅੰਦਰ ਦੇ ਮੰਦਿਰ ਵਿੱਚ ਦੀਵਾ ਕਦੇ ਜਗਾਇਆ ਨਾ।
ਦੁਨੀਆਵੀਂ ਰਾਹਾਂ ਵੱਲੇ ਤਾਂ ਵਲ਼ ਭੰਨ ਕੇ ਵੀ ਜਾਵੇਂ,
ਤੈਨੂੰ ਤੇਰੇ ਵੱਲ ਤੁਰਨ ਦਾ ਕਦੇ ਵੀ ਚੇਤਾ ਆਇਆ ਨਾ।

ਤੇਰੇ ਦਿਲ ਨੂੰ ਤੋੜਨ ਵਾਲੇ ਸਾਰੇ ਤੇਰੇ ਆਪਣੇ,
ਲੋਕਾਂ ਕੋਲੋਂ ਮੰਗਦੈਂ ਆਪਣੇ ਦਿਲ ਨੂੰ ਦਿਲ ਨਾ' ਲਾਇਆ ਨਾ।

•

اپنے اندر جھات

چنتا بہت رہی تینوں کہ رس نہ جاوے کوئی،
اچنچیت ہی ہو گیا لیکن خود نوں کدے منایا نہ
فکرمند ہو کے توں بھجیا پھریا چار چفیرے،
بڑے بنائے اپنے لیکن خود نوں توں اپنایا نہ

در در جا کے دھوف بتیاں، دیوے بڑے جگائے،
اپنے اندر دے مندر وچ دیوا کدے جگایا نہ
دنیاویں راہاں ولے تاں ول بھن کے وی جاویں،
تینوں تیرے ول ترن دا کدے وی چیتا آیا نہ

تیرے دل نوں توڑن والے سارے تیرے اپنے،
لوکاں کولوں منگدیں اپنے دل نوں دل نہ' لایا نہ

ਸੂਰਜ ਸਿਖ਼ਰ ਦੁਪਹਿਰ

ਬਹੁਤ ਲੋਕ ਨੇ ਤੇਰੇ-ਮੇਰੇ ਚਾਰ-ਚੁਫ਼ੇਰੇ।
ਸੁਪਨੇ ਗੁੰਦ ਦਿਖਾਉਣ ਵਾਲੇ ਵੀ ਮਿਲਣ ਬਥੇਰੇ।

ਸੂਰਜ ਸਿਖ਼ਰ ਦੁਪਹਿਰ ਤੀਕ ਹੀ ਦੁੱਖ ਦੇਂਦਾ ਹੈ,
ਸ਼ਾਮ ਪਈ ਤੋਂ ਲਾਗੇ-ਸਾਗੇ ਦਿਸਣ ਹਨੇਰੇ।

ਜੀਵਨ ਸਾਡੇ ਦੀ ਜਦ ਰਾਤ ਪੈ ਗਈ ਸੱਜਣਾ ਵੇ!
ਸਾਨੂੰ ਕੀ ਫਿਰ ਹੋਣ ਭਾਵੇਂ ਨਾ ਹੋਣ ਸਵੇਰੇ।

ਕੰਧਾਂ ਸੱਖਣੀਆਂ ਤੇ ਛੱਤ ਕਮਜ਼ੋਰ ਹੋ ਗਈ,
ਕੌਣ ਲਿੱਪੂ ਹੁਣ ਜਿਸਦੇ ਢਹਿੰਦੇ ਜਾਣ ਬਨ੍ਹੇਰੇ।

ਆਸ ਦੀ ਧੂਣੀ ਧੁਖ਼ਦੀ ਧੂੰਆਂ ਆਪਣੀਂ ਅੱਖੀਂ,
ਫਾਕੇ ਕੱਟਣੇ ਪੈਂਦੇ ਨੇ ਫ਼ੱਕਰਾਂ ਦੇ ਡੇਰੇ।

ਸਾਰੀ ਉਮਰ ਜਰ ਲਿਆ ਥੋੜ੍ਹਾ ਹੋਰ ਸਹੀ,
ਛੱਡ ਹੁਣ ਸੁੱਨੜਾ! ਮਾਸਾ ਹੋਰ ਨਿਭਾ 'ਲਾ ਜੇਰੇ।

•

سورج سِکھر دوپہر

بہت لوک نیں تیرے میرے چار چفیرے
سپنے گند دکھاؤن والے وی ملن بتھیرے

سورج سکھر دوپہر تیک ہی دکھ دیندا ہے،
شام پئی توں لاگے شاگے دسن ہنھیرے

جیون ساڈے دی جد رات پے گئی سجنا وے!
سانوں کیہ پھر ہون بھاویں نہ ہون سویرے

کندھاں سکھنیاں تے چھت کمزور ہو گئی،
کون لپو ہن جسدے ڈھہندے جان بنھیرے

آس دی دھونی دھخدی دھوآں آپنیں اکھیں،
فاقے کٹنے پیندے نے فقراں دے ڈیرے

ساری عمر جر لیا تھوڑھا ہور صحیح،
چھڈ ہن سنڑا! ماسہ ہور نبھا 'لا جیرے

ਬੀਜ ਤੋਂ ਬਿਰਖ਼ ਤਕ

ਰੀਝ ਜਨਮੇ ਨਾ ਤਾਂ ਫਿਰ ਉਹ ਰੀਝ ਕਿੰਝ ਕਹਿਲਾਏਗੀ।
ਬੀਜ ਨਾ ਪੁੰਗਰੇ ਤਾਂ ਫਿਰ ਉਹ ਬਿਰਖ਼ ਕਿੰਝ ਬਣ ਪਾਏਗੀ।

ਭਾਫ਼ ਬਣ ਕੇ ਜੇ ਸਮੁੰਦਰ ਆਸਮਾਂ ਵੱਲ ਨਾ ਉੜੇ,
ਕਿਵੇਂ ਬੱਦਲ ਬਣਨਗੇ ਕਾਲੀ ਘਟਾ ਨਾ ਛਾਏਗੀ।

ਬਾਲ, ਗੱਭਰੂ ਹੋਏਗਾ ਤਾਂ ਰੀਝ ਵੀ ਬਦਲੂ ਜਰੂਰ,
ਜੇ ਨਹੀਂ ਖਡੌਣੇ ਬਦਲਦੇ ਤਾਂ ਬਾਲੜੀ ਰਹਿ ਜਾਏਗੀ।

ਨਦੀ ਦਾ ਵਹਿਣਾ ਨਦੀ ਦੀ ਇੱਕੋ-ਇੱਕ ਪਹਿਚਾਣ ਹੈ,
ਵਹਿਣ ਰੁਕ ਜਾਵੇ ਤਾਂ ਕਿੰਝ ਸਾਗਰ 'ਚ ਡੁਬਕੀ ਲਾਏਗੀ।

ਇੱਕ ਵੀ ਜੇ ਇੱਕ ਰਹੇ ਤਾਂ ਇੱਕੋ-ਇੱਕ ਰਹਿ ਜਾਏਗਾ।
ਦੋ ਨਹੀਂ ਬਣਦੇ ਤਾਂ ਫਿਰ ਦੁਨੀਆ ਵੀ ਨਾ ਬਣ ਪਾਏਗੀ।

•

بیج توں برکھ تک

ریجھ جنمے نہ تاں پھر اوہ ریجھ کنج کہلائے گی
بیج نہ پنگرے تاں پھر اوہ برخ کنج بن پائے گی

بھاف بن کے جے سمندر آسماں ول نہ اڑے،
کویں بدل بننگے کالی گھٹا نہ چھائے گی

بال، گبھرو ہوئےگا تاں ریجھ وی بدلو ضرور،
جے نہیں کھڈونے بدلدے تاں بالڑی رہِ جائے گی

ندی دا وہنا ندی دی اکو اک پہچان ہے،
وہن رک جاوے تاں کنجھ ساگر 'چ ڈبکی لائے گی

اک وی جے اک رہے تاں اکو اک رہِ جائے گا
دو نہیں بندے تاں پھر دنیا وی نہ بن پائے گی

ਰੰਗਾਂ ਬਿਨ ਹੋਲੀ ਨਹੀਂ

ਰੁਕਣਾ ਨਾ ਰੁਕਣਾ ਤਾਂ ਤੇਰੀ ਮਰਜ਼ੀ ਹੈ,
ਰੰਗ ਲੱਗ ਜਾਣ ਜੇ ਇਕ ਵਾਰੀ ਤੂੰ ਆ ਜਾਵੇਂ।
ਰੰਗਾਂ ਬਿਨ ਹੋਲੀ ਨਹੀਂ ਖੇਡੀ ਜਾ ਸਕਦੀ,
ਹਾਜ਼ਰ ਹੋ ਕੇ ਸਾਡੀ ਖੇਡ ਬਣਾ ਜਾਵੇਂ।

ਖ਼ੈਰ ਸੱਲਾ! ਜੇ ਲਫ਼ਜ਼ ਕੋਈ ਵੀ ਨਾ ਉਚਰੇਂ,
ਅੱਖਾਂ-ਅੱਖਾਂ ਵਿੱਚ ਸਭ ਕੁੱਝ ਸਮਝਾ ਜਾਵੇਂ।
ਫਿਰ ਕੀ ਹੋਇਆ ਉਮਰ ਬੀਤ ਚੱਲੀ ਹੈ ਤਾਂ,
ਅਗਲੇ ਜਨਮ ਮਿਲਣ ਦਾ ਲਾਰਾ ਲਾ ਜਾਵੇਂ।

•

رنگاں بن ہولی نہیں

رکنا نہ رکنا تاں تیری مرضی ہے،
رنگ لگ جان جے اک واری توں آ جاویں
رنگاں بن ہولی نہیں کھیڈی جا سکدی،
حاضر ہو کے ساڈی کھیڈ بنا جاویں

خیر سلا! جے لفظ کوئی وی نہ اچریں،
اکھاں اکھاں وچ سبھ کجھ سمجھا جاویں
پھر کیہ ہویا عمر بیت چلی ہے تاں،
اگلے جنم ملن دا لارا لا جاویں

ਸੱਤਿਆਨਾਸ

ਰਿਸਤੇ ਐਨੇ ਸਸਤੇ ਹੋ ਗਏ, ਆਉਂਦਾ ਨਹੀਂ ਵਿਸ਼ਵਾਸ,
ਡਾਇਵੋਰਸ ਹੁਣ ਏਦਾਂ ਮੰਗਦੇ, ਜਿਉਂ ਪਾਣੀ ਦਾ ਗਿਲਾਸ।

ਭੁੜਕ ਡੰਡਿਓਂ ਪਾਰ ਹੋਣ ਦੀ ਆਦਤ ਪੈਂਦੀ ਜਾਂਦੀ ਹੁਣ,
ਛੱਡ-ਛੁਡਾਈਏ ਹੋ ਜਾਂਦੇ, ਕੋਈ ਗੱਲ ਨਹੀਂ ਹੁੰਦੀ ਖ਼ਾਸ।

ਘਰ-ਘਰ ਵਿੱਚ ਘਮਸਾਣ ਯੁੱਧ ਹੈ, ਹੁਣ ਪਤਾ ਨਹੀਂ ਲੱਗਦਾ,
ਖੁਸ਼ੀ ਉਡਾਰੀ ਮਾਰ ਗਈ ਹੁਣ ਲੱਗਦੇ ਸਭ ਨਿਰਾਸ਼।

ਯੋਰਪ ਤੇ ਅਮਰੀਕਾ ਵਿਚ ਆਏ ਬਹੁਤ ਪੰਜਾਬੀ,
ਪੱਛਮੀ ਤੌਰ ਤਰੀਕੇ ਸਿੱਖਦਿਆਂ, ਕਰ ਲਿਆ ਸੱਤਿਆਨਾਸ।

•

ستیاناس

رستے اینے سستے ہو گئے، آؤندا نہیں وشواس،
ڈائوورس ہن اےداں منگدے، جیوں پانی دا گلاس

بھڑک ڈنڈیوں پار ہون دی عادت پیندی جاندی ہن،
چھڈ چھڈائیے ہو جاندے، کوئی گل نہیں ہوندی خاص

گھر گھر وچ گھمسان یدھ ہے، ہن پتہ نہیں لگدا،
خوشی اڈاری مار گئی ہن لگدے سبھ نراش

یورپ تے امریکہ وچ آئے بہت پنجابی،
پچھمی طور طریقے سکھدیاں، کر لیا ستیاناس

ਹੁੰਘਾਰਾ

ਥੱਕ ਜਾਣਾ ਕੋਈ ਜੱਗੋਂ ਬਾਹਰੀ ਗੱਲ ਨਹੀਂ ਹੈ,
ਬਹੁਤਾ ਚਿਰ ਨਹੀਂ ਐਵੇਂ ਪਿੱਛੇ-ਪਿੱਛੇ ਭੱਜਿਆ ਜਾਂਦਾ।

ਕੋਈ ਹੁੰਘਾਰਾ ਜੇ ਨਾ ਮਿਲਦਾ ਹੋਵੇ ਅੱਗਿਓਂ,
ਸਾਰੀ ਉਮਰ ਤਾਂ ਕੰਧਾਂ ਵਿਚ ਨਹੀਂ ਵੱਜਿਆ ਜਾਂਦਾ।

ਦਿਸਣ ਲੱਗ ਪੈਂਦੇ ਨੇ ਜ਼ਖ਼ਮਾਂ ਦੀ ਆਦਤ ਹੈ,
ਮਲ੍ਹਮ-ਪੱਟੀ ਕਰਨ ਬਿਨਾ ਨਹੀਂ ਕੱਜਿਆ ਜਾਂਦਾ।

ਸੁਰਖ਼ੀ, ਬਿੰਦੀ ਲਾਉਣ ਦਾ ਵੀ ਕਾਰਨ ਹੁੰਦਾ ਹੈ,
ਦੇਖਣ ਵਾਲੇ ਬਿਨਾ ਕਦੇ ਨਹੀਂ ਸਜਿਆ ਜਾਂਦਾ।

ਹਰ ਕਾਰਜ ਦਾ ਵਿਧੀ ਵਿਧਾਨ ਜਰੂਰੀ ਹੁੰਦਾ,
ਬਿਨ ਪਾਣੀ ਦੇ ਬੱਦਲਾਂ ਤੋਂ ਨਹੀਂ ਗੱਜਿਆ ਜਾਂਦਾ।

•

ہنگھارا

تھک جانا کوئی جگوں باہری گل نہیں ہے،
بہتا چر نہیں ایویں پچھے پچھے بھجیا جاندا

کوئی ہنگھارا جے نہ ملدا ہووے اگیوں،
ساری عمر تاں کندھاں وچ نہیں وجیا جاندا

دسن لگ پیندے نے زخماں دی عادت ہے،
ملھم پٹی کرن بنا نہیں کجیا جاندا

سرخی، بندی لاؤن دا وی کارن ہوندا ہے،
دیکھن والے بنا کدے نہیں سجیا جاندا

ہر کارج دا ودھی ودھان ضروری ہوندا،
بن پانی دے بدلاں توں نہیں گجیا جاندا

ਅਰਦਾਸ

ਸੱਚੇ ਮਨੋਂ ਕਰੀ ਅਰਦਾਸ, ਵਿਰਥੀ ਕਦੇ ਨਾ ਜਾਵੇ,
ਮੰਗ ਸਹੀ ਹੋਵੇ ਜਿਸ ਜਨ ਦੀ, ਮੂੰਹ ਮੰਗਿਆ ਫ਼ਲ ਪਾਵੇ।

ਜੇ ਕੋਈ ਨੰਨ੍ਹਾ ਬੱਚਾ ਅਪਣੇ ਪਿਤਾ ਦਾ ਪਿਸਟਲ ਮੰਗੇ,
ਕੋਈ ਸਿਆਣਾ ਬਾਪ ਨਾ ਬੱਚੇ ਨੂੰ ਹਥਿਆਰ ਫੜਾਵੇ।

ਤੁੜਕਾ ਤਰਕਾਰੀ ਮੰਗੇ ਪਰ ਹੋਵੇ ਬਹੁਤ ਬੀਮਾਰ,
ਮਾਂ ਵੀ ਨਾਂਹ ਕਰ ਦੇਵੇ ਬੱਚੇ ਨੂੰ ਨਾ ਜ਼ਹਿਰ ਖਵਾਵੇ।

ਦਾਤਾਂ ਮੰਗਣ ਦਾ ਹੱਕ ਸਭ ਦਾ, ਦੇਣਹਾਰ ਦਾਤਾਰ,
ਸੁੱਨੜਾ! ਤੂੰ ਅਰਦਾਸ ਕਰੀਂ ਸਾਨੂੰ ਮੰਗਣਾ ਆ ਜਾਵੇ।

•

ارداس

سچے منوں کری ارداس، ورتھی کدے نہ جاوے،
منگ صحیح ہووے جس جن دی، مُونہہ منگیا پھل پاوے

جے کوئی ننھا بچہ اپنے پتا دا پسٹل منگے،
کوئی سیانا باپ نہ بچے نوں ہتھیار پھڑاوے

تڑکا ترکاری منگے پر ہووے بہت بیمار،
ماں وی نانہہ کر دیوے بچے نوں نہ زہر کھواوے

داتاں منگن دا حق سبھ دا، دینہار داتار،
سنڑا! توں ارداس کریں سانوں منگنا آ جاوے

ਪੱਕੀ ਆੜੀ

ਨਵਾਂ ਨੌ ਦਿਨ, ਪੁਰਾਣਾ ਸੌ ਦਿਨ ਆ ਜਾਓ!
ਪੱਕਿਆਂ ਨਾਲ ਪੱਕੀ ਆੜੀ ਪਾਈਏ ਦੋਸਤੋ!
ਪੱਤ ਕਾੜ੍ਹ ਕੇ ਜੀ ਘਰ ਦੇ ਕਮਾਦ ਦੀ,
ਫਿਰ ਗੁੜ ਭਾਵੇਂ ਸ਼ੱਕਰ ਬਣਾਈਏ ਦੋਸਤੋ!

ਐਵੇਂ ਕੱਚੀਆ ਕਰੂੰਬਲਾ ਨਾ ਤੋੜੀਏ
ਜਿਹੜੀ ਨਿਭੇ ਨਾਲ ਉਹੀਓ ਦਾਲ ਖਾਈਏ ਦੋਸਤੋ!
ਬਾਕੀ ਦੁਨੀਆ ਨੂੰ ਦੇਖੀ ਜਾਊ
ਬਾਅਦ ਵਿੱਚ ਪਹਿਲਾ ਮਨੀਰਾਮ ਅਪਣਾ ਬਣਾਈਏ ਦੋਸਤੋ!

ਐਵੇਂ ਗੱਲਾਂ-ਗੱਲਾਂ ਵਿੱਚ ਗੱਲ ਵੱਧ ਜਾਊ,
ਸਿਆਣੇ ਬਣ ਗੱਲ ਨੂੰ ਮੁਕਾਈਏ ਦੋਸਤੋ!
ਜਿਵੇਂ ਸੁੱਨੜ ਹੈ ਬਚ ਗਿਆ ਮੋੜ ਤੋਂ
ਬਾਕੀ ਹਾਣੀਆ ਨੂੰ ਵੀ ਏਦਾਂ ਬਚਾਈਏ ਦੋਸਤੋ!

•

پکی آڑی

نواں نوں دن، پرانا سو دن آ جاؤ!
پکیاں نال پکی آڑی پائیے دوستو!
پت کاڑھ کے جی گھر دے کماد دی،
پھر گڑ بھاویں شکر بنائیے دوستو!

ایویں کچیا کرومبلا نہ توڑیے
جیہڑی نبھے نال اہیؤ دال کھائیے دوستو!
باقی دنیا نوں دیکھی جاؤ
بعد وچ پہلا منی رام اپنا بنائیے دوستو!

ایویں گلاں گلاں وچ گل ودھ جاؤ،
سیانے بن گل نوں مکائیے دوستو!
جویں سنڑ ہے بچ گیا موڑ توں
باقی ہانیا نوں وی ایداں بچائیے دوستو!

ਸਦਾ ਬਹਾਰ

ਏਸ ਉਮਰ ਵਿਚ ਸੁਣਿਆ ਦੀਵੇ ਬੁਝਦੇ-ਬੁਝਦੇ ਬੁਝ ਜਾਂਦੇ,
ਪਰ ਚਾਲੀ ਸਾਲ ਪਹਿਲਾ ਸੀ ਜਿੱਦਾਂ ਤੁਸੀ ਓਵੇਂ ਹੀ ਜਗਦੇ ਹੋ।
ਵਿਆਹ ਸ਼ਾਦੀਆਂ, ਪਾਰਟੀਆਂ ਵਿੱਚ ਤੱਕਦੇ ਲੋਕੀਂ ਲੁਕ-ਲੁਕ ਕੇ,
ਤਿਆਰ-ਵਿਆਰ ਹੁੰਦੇ ਹੋ ਜਦ ਕੁੜੀਆ ਵਾਗੂੰ ਫੱਬਦੇ ਹੋ।

ਕਿੱਦਾਂ ਏਨੇ ਸਾਲ ਬੀਤ ਗਏ ਪਤਾ ਨਹੀਂ ਲੱਗਿਆ ਇੱਕ ਦਮ,
ਉਮਰ ਬੀਤ ਗਈ ਪਤਾ ਹੈ ਫਿਰ ਵੀ ਸੱਠੇ-ਪੱਠੇ ਲੱਗਦੇ ਹੋ।
ਬਰਸਾਤਾਂ ਵਿੱਚ ਜਿੱਦਾਂ ਸਾਰੇ ਨਦੀਆ, ਨਾਲੇ ਖੁਸ਼ ਹੋਵਣ,
ਤੁਸੀਂ ਅੱਜ ਵੀ ਝਨ੍ਹਾਂ ਦੇ ਪਾਣੀ ਵਾਂਗੂੰ ਭਰੇ-ਭਰਾਏ ਵਗਦੇ ਹੋ।

•

سدا بہار

ایس عمر وچ سنیا دیوے بجھدے بجھدے بجھ جاندے،
پر چالی سال پہلا سی جداں تسی اوویں ہی جگدے ہو
ویاہ شادیاں، پارٹیاں وچ تکدے لوکیں لک لک کے،
تیار ویار ہوندے ہو جد کڑیا واگوں پھبدے ہو

کِداں اینے سال بیت گئے پتہ نہیں لگیا اک دم،
عمر بیت گئی پتہ ہے پھر وی سٹھے پٹھے لگدے ہو
برساتاں وچ جداں سارے ندیا، نالے خوش ہوون،
تسیں اج وی جھنھاں دے پانی وانگوں بھرے بھرائے وگدے ہو

ਸੋਚ

ਬਦ-ਦੁਆਵਾਂ ਦਿੱਤਿਆਂ ਨਹੀਂ ਬਦਲਦੇ ਹੁੰਦੇ ਨਸੀਬ।
ਸਿਰਫ਼ ਦਿਲ ਖ਼ੁਸ਼ ਕਰਨ ਲਈ ਹੁੰਦਾ ਹੈ ਹਰ ਆਸ਼ੀਰਵਾਦ।

ਮੁਸਕਰਾਉਣਾ ਹੈ ਜਾ ਰੋਣਾ ਹੈ ਇਹ ਸਾਡੀ ਸੋਚ ਹੈ,
ਹਰ ਕੋਈ ਲੈਂਦਾ ਹੈ ਹਸਤ ਰੇਖਾਵਾਂ ਬਦਲ ਜਾਵਣ ਦਾ ਖ਼ਾਬ।

ਜੋ-ਜੋ ਸਾਡਾ ਹੈ ਉਹ ਮਿਲ ਹੀ ਜਾਏਗਾ ਹਰ ਹਾਲ ਵਿਚ,
ਰੁੱਖਾ-ਮਿੱਸਾ ਜੋ ਵੀ ਮਿਲਿਆ, ਉਸਨੂੰ ਕਹੀਏ ਲਾਜਵਾਬ।

ਰੀਝਾਂ ਨੂੰ ਪੂਰਾ ਕਰਨ ਦੀ ਲਗਨ ਤਾਂ ਹੈ ਜ਼ਿੰਦਗੀ,
ਪਰ ਸਾਧਾਂ ਦੇ ਬਚਨਾਂ ਦੇ ਨਾ' ਨਹੀਂ ਬਦਲਦੇ ਦੁਨੀਆ ਦੇ ਭਾਗ।

•

سوچ

بد دعاواں دتیاں نہیں بدلدے ہوندے نصیب
صرف دل خوش کرن لئی ہوندا ہے ہر آشیرواد

مسکراؤنا ہے جا رونا ہے ایہہ ساڈی سوچ ہے،
ہر کوئی لیندا ہے ہست ریکھاواں بدل جاون دا خواب

جو جو ساڈا ہے اوہ مل ہی جائیگا ہر حال وچ،
رکھا مسا جو وی ملیا، اسنوں کہیے لاجواب

ریجھاں نوں پورا کرن دی لگن تاں ہے زندگی،
پر سادھاں دے بچناں دے نہ' نہیں بدلدے دنیا دے بھاگ

ਰੁੱਤ

ਸੜਦੀ ਰੁੱਤ ਅਸਾੜ ਦੀ, ਲੋਆਂ ਕਰਨ ਨਿਰਾਸ਼।
ਤਪਸ ਤਪਾਇਆ ਧਰਤ ਨੂੰ, ਡੋਲ ਚੱਲੇ ਵਿਸ਼ਵਾਸ।

ਠੱਕਾ ਵਗਿਆ ਪੁਰੇ ਦਾ, ਫ਼ਲ-ਫੁੱਲ ਸੱਤਿਆਨਾਸ,
ਬਹੁੜ ਸਿਰਾਂ ਦਿਆਂ ਸਾਈਆਂ! ਜਗਤ ਕਰੇ ਅਰਦਾਸ।

ਕਿਣਮਿਣ ਹੋਈ ਅੰਬਰੋਂ, ਸਾਹ ਵਿੱਚ ਆਈ ਸਾਸ,
ਸਾਵਣ ਸੀਤਲ 'ਵਾ ਵਗੀ ਮਿਲਿਆ ਕੁੱਝ ਧਰਵਾਸ।

ਮੋਰ, ਬੰਬੀਹੇ ਬੋਲਦੇ, ਬਦਲ ਗਏ ਅਹਿਸਾਸ,
ਜਲ-ਥਲ ਚਾਰ ਚੁਫ਼ੇਰਿਓਂ ਸਵਰਗ ਪੁਰੀ ਵਿੱਚ ਵਾਸ।

ਖੁੱਡੀਂ ਪਾਣੀ ਵੜ ਗਿਆ ਜੋ ਸੱਪ, ਸਪੋਲੀਆ ਵਾਸ,
ਕੀੜਾ ਨਾ ਕੋਈ ਡੱਸ ਲਵੇ, ਨਾ ਤੋੜ ਖਾ ਲਵੇ ਮਾਸ।

ਹਰ ਇੱਕ ਰੁੱਤ ਹਰ ਇਕ ਜੀਅ ਨੂੰ ਕਦੇ ਨਾ ਆਵੇ ਰਾਸ,
ਹੁੱਟ, ਗਰਮੀ ਤੋਂ ਵੀ ਬੁਰਾ, ਬੁਰੀ ਭਾਦੋਂ ਦੀ ਭੜਾਸ।

•

رُتّ

سڑدی رت اساڑ دی، لوآں کرن نراش
تپس تپایا دھرت نوں، ڈول چلے وشواس

ٹھکا وگیا پرے دا، پھل پھل ستیاناس،
بہڑ سراں دیاں سائیاں! جگت کرے ارداس

کن من ہوئی انبروں، ساہ وچ آئی ساس،
ساون سیتل 'وا وگی ملیا کجھ دھرواس

مور، بمبیہے بولدے، بدل گئے احساس،
جل تھل چار چفیریوں سورگ پوری وچ واس

کھڈیں پانی وڑ گیا جو سپ، سپولیا واس،
کیڑا نہ کوئی ڈس لوے، نہ توڑ کھا لوے ماس

ہر اک رت ہر اک جی نں کدے نہ آوے راس،
ہٹ، گرمی توں وی برا، بری بھادوں دی بھڑاس

ਪੰਜਾਬੀ ਮੁੰਡੇ ਅਮਰੀਕਾ ਵਿੱਚ

ਅਮਰੀਕਾ ਪੰਜਾਬੀ ਮੁੰਡੇ ਆਉਂਦੇ ਕਰਨ ਵਿਓਪਾਰ।
ਭੌਂਏ-ਭਾਂਡੇ ਗਹਿਣੇ ਧਰ ਕੇ, ਪੈਸੇ ਮੰਗ ਉਧਾਰ।

ਏਜੰਟਾਂ ਦੇ ਹੱਥੋਂ ਪਹਿਲਾਂ ਹੁੰਦੇ ਖੱਜਲ-ਖੁਆਰ,
ਕਿਸਮਤ ਵਾਲਾ ਕੋਈ-ਕੋਈ ਲੰਘ ਜਾਂਦਾ ਹੈ ਪਾਰ।

ਭਾਂਡੇ ਮਾਂਜ ਕੇ, ਲਾ ਕੇ ਝਾੜੂ ਪੈਸੇ ਬਣਦੇ ਚਾਰ,
ਖਾ-ਪੀ ਜਾਂਦੀਆਂ ਮੇਮਾਂ ਕਰਕੇ ਝੂਠਾ-ਮੂਠਾ ਪਿਆਰ।

ਗੋਰੀਆਂ ਨਾਲ ਖਿਚਾਉਂਦੇ ਫੋਟੋ ਹੋ ਕੇ ਤਿਅਰ-ਵਿਆਰ,
ਸੁੱਨੜ ਕਿੰਝ ਕਹੇ ਇਹਨਾਂ ਨੂੰ ਖਰਲਾਂ ਦੇ ਸਰਦਾਰ।

ਗੁੱਸਾ ਨਾ ਕਰਿਓ ਮੁੰਡਿਓਂ ਜੇ ਹੋ ਮੇਰੇ ਯਾਰ,
ਤੀਹ ਵਰ੍ਹੇ ਪਹਿਲਾਂ ਮੈਂ ਵੀ ਸੀ ਛਾਣੀ ਇਹੀਓ ਛਾਰ।

•

پنجابی منڈے امریکہ وچ

امریکہ پنجابی منڈے آؤندے کرن وپار
بھونئے بھانڈے گہنے دھر کے، پیسے منگ دھار

ایجنٹاں دے ہتھوں پہلاں ہوندے کھجل خوار،
قسمت والا کوئی کوئی لنگھ جاندا ہے پار

بھانڈے مانج کے، لا کے جھاڑو پیسے بندے چار،
کھا پی جاندیاں میماں کرکے جھوٹھا موٹھا پیار

گوریاں نال کھچاؤندے فوٹو ہو کے تئر ویار،
سنڑ کنج کہے ایہناں نوں کھرلاں دے سردار

غصہ نہ کریو منڈیوں جے ہو میرے یار،
تیہہ ورھے پہلاں میں وی سی چھانی اہیؤ چھار

ਸੱਚੋ-ਸੱਚ

ਸਾਫ਼-ਸਾਫ਼ ਕਹਿ ਦਿਆਂ ਤਾਂ ਕਹਿੰਦੇ ਤੇਰਾ ਦਿਲ ਨਹੀਂ ਸਾਫ਼।
ਦਿਲ ਦੀ ਦਿਲ ਵਿੱਚ ਦੱਬੀ ਰੱਖਣਾ ਕਿੱਥੋਂ ਦਾ ਇਨਸਾਫ਼।

ਚਾਰ-ਚੁਫ਼ੇਰੇ ਜਲ-ਥਲ ਹੈ ਤਾਂ ਮੈ ਕਿਉਂ ਰਹਾਂ ਤਿਹਾਇਆ,
ਚਾਰ ਕੁ ਚੁਲ਼ੀਆ ਮੈ ਵੀ ਭਰ ਲਵਾਂ, ਮੈਨੂੰ ਕਰਿਓ ਮੁਆਫ਼।

ਜੇ ਦਿਲ ਖੋਲ੍ਹ ਕੇ ਦੱਸਣ ਕਰਕੇ ਹੀ ਹਾਂ ਮੈਂ ਅਪਰਾਧੀ,
ਜੋ ਕਹਿੰਦਾ ਹੈ ਕਹੇ ਜ਼ਮਾਨਾ ਮੈਂ ਕਰਨਾ ਇਹ ਪਾਪ।

ਅੰਦਰੇ-ਅੰਦਰ ਰਿੱਝ ਦੇ ਰਹਿ ਕੇ ਕਿੰਨਾ ਚਿਰ ਕੱਢਾਂਗੇ,
ਕੁੱਝ ਨਹੀਂ ਹੁੰਦਾ ਡਰ ਨਾ ਸੁੱਨੜਾ! ਕੱਢ ਲੈ ਦਿਲ ਦੀ ਭਾਫ਼।

•

سچو سچ

صاف صاف کہہ دیاں تاں کہندے تیرا دل نہیں صاف
دل دی دل وچ دبی رکھنا کتھوں دا انصاف

چار چفیرے جل تھل ہے تاں مے کیوں رہاں تہایا،
چار کو چولیا مے وی بھر لواں، مینوں کریو معاف

جے دل کھولھ کے دسن کرکے ہی ہاں میں اپرادھی،
جو کہندا ہے کہے زمانہ میں کرنا ایہہ پاپ

اندرے اندرے رجھ دے رہ کے کنا چر کڈھانگے،
کجھ نہیں ہوندا ڈر نہ سنڑا! کڈھ لے دل دی بھاف

ਮਨ ਦੀ ਮੈਲ਼

ਸਾਬਣ ਲਾ ਲਾ ਧੋ ਸਕਦੀ ਸਾਡੇ ਤਨ ਦੀ ਮੈਲ਼।
ਕੀ ਉਪਰਾਲਾ ਕਰੀਏ ਜੋ ਧੋ ਹੋਵੇ ਮਨ ਦੀ ਮੈਲ਼।

ਤਨ ਦੀ ਬਦਬੂ ਦੂਰ ਕਰਨ ਲਈ ਸੌ ਵਿਧਿਆ ਨੇ ਯਾਰੋ!
ਕਿੱਦਾਂ ਦੂਰ ਹੋਵੇ ਬਦਬੂ ਜੋ ਮਨ ਦੇ ਗੈਲ-ਗੈਲ।

ਤਨ-ਮਨ ਸਾਫ਼ ਕਰਨ ਲੋਚੇ ਤਾਂ ਢਹਿ ਪੈ ਗੁਰ ਦੇ ਚਰਨੀਂ,
ਮਨ ਨੂੰ ਅਰਪਣ ਕਰਦੇ ਸੁੱਨੜਾ! ਬੜਾ ਤਰੀਕਾ ਸੈਲ ।

ਸਦੀਆਂ ਤੋਂ ਅਣਗਣਿਤ ਲੋਕਾਂ ਦਾ ਪਾਰ ਉਤਾਰਾ ਹੋਇਆ,
ਸ਼ਬਦ ਸੰਗ ਲੱਗ ਕੇ ਹੀ ਮੇਟੀ ਜੀਵਨ ਵਿੱਚ ਬਦਫ਼ੈਲ।

ਨਾ ਮੁੱਕੇ ਨਾ ਮੈਲ਼ੀ ਹੋਵੇ ਸਤਿਗੁਰਾਂ ਦੀ ਬਾਣੀ,
ਚਰਨ-ਸ਼ਰਨ ਸਤਿਗੁਰ ਦੀ ਜਾ ਕੇ ਮਿਟ ਜਾਂਦੇ ਸਭ ਵੈਲ।

•

من دی میل

صابن لا لا دھو سکدی ساڈے تن دی میل
کیہ اپرالا کریے جو دھو ہووے من دی میل

تن دی بدبو دور کرن لئی سو ودھیا نے یارو!
کداں دور ہووے بدبو جو من دے گیل گیل

تن من صاف کرن لوچے تاں ڈھیہہ پے گر دے چرنیں،
من نوں ارپن کردے سنڑا! بڑا طریقہ سیل

صدیاں توں انگنت لوکاں دا پار اتارا ہویا،
شبد سنگ لگ کے ہی میٹی جیون وچ بدفیل

نہ مکے نہ میلی ہووے ستگوراں دی بانی،
چرن شرن ستگور دی جا کے مٹ جاندے سبھ ویل

ਅੰਤਰਮੁਖ

ਬਹੁਤ ਜਿੱਤਾਂ ਜਿੱਤੀਆਂ ਸਾਰੀ ਉਮਰ,
ਪਰ ਹੁਣ ਕਿਸੇ ਤੋਂ ਹਰਨ ਨੂੰ ਜੀਅ ਕਰ ਰਿਹੈ।
ਹੁਕਮਰਾਨੀ ਕਰਦਿਆਂ ਥੱਕ ਹੋ ਗਿਆ,
ਹੁਣ ਹੁਕਮ ਕੋਈ ਜਰਨ ਨੂੰ ਜੀਅ ਕਰ ਰਿਹੈ।

ਤਰਨ ਦਾ ਵਲ਼ ਦੱਸਿਆ ਮੈਂ ਉਮਰ ਭਰ,
ਹੁਣ ਖ਼ੁਦ ਜ਼ਰਾ ਕੁ ਤਰਨ ਨੂੰ ਜੀਅ ਕਰ ਰਿਹੈ।
ਕਿਸੇ ਦੇ ਮੋਢੇ ਦਾ ਲੈ ਕੇ ਆਸਰਾ,
ਹੁਣ ਦਿਲ ਨੂੰ ਹੌਲਾ ਕਰਨ ਨੂੰ ਜੀਅ ਕਰ ਰਿਹੈ।

ਹੁਣ ਤਾਂ ਬਸ! ਮਾਸਾ ਕੁ ਸੁੱਖ ਦੇ ਵਾਸਤੇ,
ਸੱਜਣਾ ਦਾ ਪਾਣੀ ਭਰਨ ਨੂੰ ਜੀਅ ਕਰ ਰਿਹੈ।
ਰੰਗ-ਰੰਗੀਲੀ ਦੁਨੀਆ ਨੂੰ ਰੰਗਿਆਂ ਬਹੁਤ,
ਹੁਣ ਆਪਣੇ ਰੰਗ ਭਰਨ ਨੂੰ ਜੀਅ ਕਰ ਰਿਹੈ।

•

انترمُکھ

بہت جتاں جتیاں ساری عمر،
پر ہن کسے توں ہرن نوں جی کر رہے
حکمرانی کردیاں تھک ہو گیا،
ہن حکم کوئی جرن نوں جی کر رہے

ترن دا ول دسیا میں عمر بھر،
ہن خود ذرا کو ترن نوں جی کر رہے
کسے دے موڈھے دا لے کے آسرا،
ہن دل نوں ہولا کرن نوں جی کر رہے
ہن تاں بس! ماسہ کو سکھ دے واسطے،

سجنا دا پانی بھرن نوں جی کر رہے
رنگ رنگیلی دنیا نوں رنگیاں بہت،
ہن اپنے رنگ بھرن نوں جی کر رہے

ਤਿੱਤਲੀ

ਰੱਬ ਵਰਗੀ ਇੱਕ ਤਿੱਤਲੀ ਮੇਰੇ ਮੋਢੇ 'ਤੇ ਆ ਬੈਠ ਗਈ,
ਬਹੁਤ ਪਤੇ ਦੀਆਂ ਗੱਲਾਂ ਦੱਸੇ ਰਹਿੰਦੀ ਹਰਦਮ ਮੁਸਕਾਉਂਦੀ।
ਆਪਣਿਆਂ ਦੀ ਆਪੋ-ਧਾਪੀ ਨੇ ਜੋ ਦਿਲ 'ਤੇ ਫੱਟ ਲਾਏ,
ਲੱਗਦਾ ਤਿੱਤਲੀ ਜਾਣੇ ਸਭ ਕੁੱਝ ਉਹ ਤਾਂ ਹੀ ਦਰਦ ਵੰਡਾਉਦੀ ।

ਸ਼ਾਇਦ ਵਕਤ ਨੇ ਰਾਹ ਦੱਸਣ ਲਈ ਮੇਰੀ ਮੰਜ਼ਿਲ ਭੇਜੀ ਹੈ,
ਮੁਸ਼ਕਿਲ ਹੈ ਤੁਰਨਾ ਜੇ ਕੋਈ ਮੰਜ਼ਿਲ ਨਜਰ ਨਹੀਂ ਆਉਦੀ।
ਇਉ ਲੱਗੇ ਕਿਸਮਤ ਨੂੰ ਪੜ੍ਹਨਾ ਤੇ ਘੜਨਾ ਵੀ ਜਾਣੇ ਉਹ,
ਜ਼ਖ਼ਮਾਂ ਉੱਤੇ ਮਲ੍ਹਮ ਲਾਵੇ ਰਹਿੰਦੀ ਹਰਦਮ ਸਮਝਾਉਂਦੀ।

•

تتلی

رب ورگی اک تتلی میرے موڈھے 'تے آ بیٹھ گئی،
بہت پتے دیاں گلاں دسے رہندی ہردم مسکاؤندی
آپنیاں دی آپو دھاپی نے جو دل 'تے پھٹ لائے،
لگدا تتلی جانے سبھ کجھ اوہ تاں ہی درد ونڈاؤدی

شاید وقت نے راہ دسن لئی میری منزل بھیجی ہے،
مشکل ہے ترنا جے کوئی منزل نظر نہیں آؤدی
ایؤ لگے قسمت نوں پڑھنا تے گھڑنا وی جانے اوہ،
زخماں اتے ملھم لاوے رہندی ہردم سمجھاؤندی

ਸ਼ਹੀਦ
ਤੇ
ਸ਼ਰਧਾਂਜਲੀ



412/ ਰੰਗ ਮਜੀਠ

شہادت
تے
شردھانجلی



413/رنگ مجیٹھ

ਸ਼ਹਾਦਤ

ਜਿੱਥੋਂ ਆਇਆ ਨਾ ਅਜੀਤ ਓਥੇ ਚੱਲਿਆ ਜੁਝਾਰ।
ਹੱਥੀਂ ਬਾਦਸ਼ਾਹ ਨੇ ਘੱਲੇ ਲਾ ਕੇ ਹਾਰ ਤੇ ਸ਼ਿੰਗਾਰ।

ਦੂਜੇ ਲਾਲ ਨੂੰ ਬੁਲਾ ਕੇ, ਸਿਰ 'ਤੇ ਕਲਗੀ ਸਜਾ ਕੇ
ਕਿਵੇਂ ਜਿੱਤਦੇ ਨੇ ਯੋਧੇ, ਸਾਰੀ ਗੱਲ ਸਮਝਾ ਕੇ
ਹੱਥੀਂ ਤੋਰਿਆ ਪਿਤਾ ਨੇ, ਪੁੱਤ ਸੀਨੇ ਨਾਲ ਲਾ ਕੇ
ਕੀਤੀ ਆਖ਼ਰੀ ਸਲਾਮ, ਦਿਲ ਤਕੜਾ ਬਣਾ ਕੇ
ਹੋਇਆ ਹੁਕਮ ਪਿਤਾ ਦਾ, ਖਿੱਚ ਲਈ ਤਲਵਾਰ।

ਜਿੱਥੋਂ ਆਇਆ ਨਾ ਅਜੀਤ ਓਥੇ ਚੱਲਿਆ ਜੁਝਾਰ....।

ਉਹ ਮਾਸੂਮ ਜਿਹੀ ਜਿੰਦ ਖ਼ੌਰੇ ਕਿੱਥੇ-ਕਿੱਥੇ ਲੜੀ
ਖ਼ੌਰੇ ਕਿੱਡੇ-ਕਿੱਡੇ ਜ਼ਾਲਮਾਂ ਦੇ ਸਾਹਮਣੇ ਜਾ ਖੜੀ
ਜੇ ਮੈਂ ਸੋਚਦਾਂ ਤਾਂ ਸੋਚ ਨੂੰ ਡਰਾਉਂਦੀ ਹੈ ਉਹ ਘੜੀ
ਜੇ ਕਿਆਸ ਵੀ ਮੈਂ ਕਰਾਂ ਤਾਂ ਵੀ ਹੁੰਦੀ ਲੂਈਂ ਖੜੀ।
ਕਾਹਦੀ ਕੀਮਤ ਚੁਕਾਈ, ਕਾਹਦਾ ਲਾਹਿਆ ਤੂੰ ਉਧਾਰ।

ਜਿੱਥੋਂ ਆਇਆ ਨਾ ਅਜੀਤ ਓਥੇ ਚੱਲਿਆ ਜੁਝਾਰ.....।

ਕਦੇ ਰਾਜੇ ਦੇ ਜਵਾਨ ਪੁੱਤ ਨੂੰ ਜੇ ਮੌਤ ਆਈ
ਹਾ-ਹਾ ਕਾਰ ਮੱਚ ਜਾਂਦੀ, ਰੋਂਦੀ ਫਿਰਦੀ ਲੋਕਾਈ

شہادت

جتھوں آیا نہ اجیت اوتھے چلیا ججھار
ہتھیں بادشاہ نے گھلے لا کے ہار تے شنگار

دوجے لال نوں بلا کے، سر 'تے کلغی سجا کے
کویں جتدے نیں یودھے، ساری گل سمجھا کے
ہتھیں توریا پتا نے، پت سینے نال لا کے
کیتی آخری سلام، دل تکڑا بنا کے
ہویا حکم پتا دا، کھچ لئی تلوار

جتھوں آیا نہ اجیت اوتھے چلیا ججھار....

اوہ معصوم جہی جند خورے کتھے کتھے لڑی
خورے کڈے کڈے ظالماں دے سامہنے جا کھڑی
جے میں سوچداں تاں سوچ نوں ڈراؤندی ہے اوہ گھڑی
جے قیاس وی میں کراں تاں وی ہوندی لوئیں کھڑی
کاہدی قیمت چکائی، کاہدا لاہیا توں ادھار

جتھوں آیا نہ اجیت اوتھے چلیا ججھار.....

کدے راجے دے جوان پت نوں جے موت آئی
ہا ہا کار مچ جاندی، روندی پھردی لوکائی

ਐਸੇ ਵੇਲੇ ਪਾਂਡੋ, ਕੌਰਵਾਂ ਵੀ ਰੋਕ 'ਤੀ ਲੜਾਈ
ਵੱਡੇ-ਵੱਡੇ ਦੁਰਯੋਧਨਾਂ ਦੀ ਅੱਖ ਭਰ ਆਈ
ਕਿੱਡੇ-ਕਿੱਡੇ ਉਸਤਾਦ ਸਾਰੇ ਬੈਠੇ ਨੀਵੀਂ ਪਾਈ।

ਸਾਰੀ ਦੁਨੀਆ ਦੇ ਬਾਦਸ਼ਾਹ ਦਾ ਪੁੱਤ ਸੀ ਜੁਝਾਰ।
ਕਿਸੇ ਕੱਪੜਾ ਨਾ ਪਾਇਆ ਨਾ ਹੀ ਕੀਤਾ ਸਸਕਾਰ।

ਜਿੱਥੋਂ ਆਇਆ ਨਾ ਅਜੀਤ ਓਥੇ ਚੱਲਿਆ ਜੁਝਾਰ....।

•

ایسے ویلے پانڈو، کوراں وی روک 'تی لڑائی
وڈے وڈے دریودھناں دی اکھ بھر آئی
کڈے کڈے استاد سارے بیٹھے نیویں پائی

ساری دنیا دے بادشاہ دا پت سی ججھار
کسے کپڑا نہ پایا نہ ہی کیتا سسکار

جتھوں آیا نہ اجیت اوتھے چلیا جُجھار...

ਜਜ਼ਬਾ

ਦਿਲ ਕਰਦਾ ਹੈ ਫ਼ਤਿਹ ਸਿੰਘ ਨੂੰ ਬਾਬਾ ਆਖ ਬੁਲਾਵਾਂ ਮੈਂ।
ਜ਼ੋਰਾਵਰ ਦੀ ਜ਼ੁਅਰਤ ਅੱਗੇ, ਨਿਓਂ-ਨਿਓਂ ਸੀਸ ਝੁਕਾਵਾਂ ਮੈਂ।

ਮੌਤ ਕੁੜੀ ਨਾਲ ਲਾਵਾਂ ਲੈ ਕੇ, ਸਿੰਘ ਅਜੀਤ ਕਹਾਵਾਂ ਮੈਂ।
ਜਾਂ ਫਿਰ ਉਸ 'ਤੇ ਚਾਦਰ ਪਾ, ਜੁਝਾਰ ਸਿੰਘ ਬਣ ਜਾਵਾਂ ਮੈਂ।

ਦੋ ਸਾਲਾਂ ਦਾ ਅੰਮ੍ਰਿਤਧਾਰੀ ਬਣ ਕੇ ਫਤਿਹ ਗਜਾਵਾਂ ਮੈਂ।
ਸੱਤ ਸਾਲਾ ਸ਼ਹੀਦ ਕਹਾਵਾਂ ਧਰਮ ਹੇਤ ਮਰ ਜਾਵਾਂ ਮੈਂ।

ਬਾਲ ਅਵਸਥਾ ਦੇ ਵਿੱਚ ਹੀ ਕੋਈ ਨਵੇਂ ਪੂਰਨੇ ਪਾਵਾਂ ਮੈਂ।
ਵੱਖਰੇ ਪਿਓ ਦਾ ਪੁੱਤਰ ਹਾਂ, ਵੱਖਰਾ ਇਤਿਹਾਸ ਰਚਾਵਾਂ ਮੈਂ।

ਲਾੜੀ ਮੌਤ ਬਣੇ ਮੇਰੀ ਤਾਂ ਚਾਵਾਂ ਨਾਲ ਵਿਆਹਵਾਂ ਮੈਂ।
ਚੌਂਹ ਵੀਰਾਂ ਦੀ ਜੰਞ ਚੜ੍ਹੀ ਦੱਸ! ਕਿਉਂ ਨਾ ਘੋੜੀ ਗਾਵਾਂ ਮੈਂ।

ਦਿਲ ਕਰਦਾ ਹੈ ਫਤਿਹ ਸਿੰਘ ਨੂੰ ਬਾਬਾ ਆਖ ਬੁਲਾਵਾਂ ਮੈਂ।
ਜ਼ੋਰਾਵਰ ਦੀ ਜ਼ੁਅਰਤ ਅੱਗੇ ਨਿਓਂ-ਨਿਓਂ ਸੀਸ ਝੁਕਾਵਾਂ ਮੈਂ।

•

جذبہ

دل کردا ہے فتح سنگھ نوں بابا آکھ بلاواں میں
زوراور دی زئرت اگے، نیوں نیوں سیس جھکاواں میں

موت کڑی نال لاواں لے کے، سنگھ اجیت کہاواں میں
جاں پھر اس 'تے چادر پا، ججھار سنگھ بن جاواں میں

دو سالاں دا امرتدھاری بن کے فتح گجاواں میں
ست سالا شہید کہاواں دھرم ہیت مر جاواں میں

بال اوستھا دے وچ ہی کوئی نویں پورنے پاواں میں
وکھرے پیو دا پتر ہاں، وکھرا اتہاس رچاواں میں

لاڑی موت بنے میری تاں چاواں نال ویاہواں میں
چونہ ویراں دی جنج چڑھی دس! کیوں نہ گھوڑی گاواں میں

دل کردا ہے فتح سنگھ نوں بابا آکھ بلاواں میں
زوراور دی زئرت اگے نیوں نیوں سیس جھکاواں میں

ਗੁਰੂ ਦਰਬਾਰ

ਉਹ ਸਿਖਾਵੇ ਤਰਨਾ, ਜੋ ਤਰਕੀਬ ਜਾਣੇ ਤਰਨ ਦੀ।
ਮਰ ਕੇ ਜ਼ਿੰਦਾਬਾਦ ਜੇ ਹੋਵੇ, ਕਿੰਨਾ ਚੰਗਾ ਮਰਨ ਵੀ।

ਕੌਣ ਪਛਾਣੇ ਓਸਨੂੰ, ਜੋ ਕਰਤਾ ਵੀ ਹੈ ਕਰਮ ਵੀ।
ਕੌਣ ਹਰਾਵੇ ਓਸਨੂੰ, ਜਿਸ 'ਚ ਫ਼ਰਜ਼ ਵੀ ਹੈ ਧਰਮ ਵੀ।

ਕਸ਼ਮੀਰੀ ਪੰਡਤਾਂ ਵਾਂਗੂੰ, ਕਈ ਦੁਖਿਆਰੇ ਆਏ ਸੀ।
ਸੁਣ ਸਕਦਾ ਸੀ ਜਿਹੜਾ ਉਸਨੂੰ ਜਾ ਕੇ ਹਾਲ ਸੁਣਾਏ ਸੀ।

ਐਵੇਂ ਤਾਂ ਨਹੀਂ ਸਾਰੇ ਚੱਲ ਕੇ, ਗੁਰੂ ਦਰਬਾਰੇ ਆਏ ਸੀ।
ਦਰਦੀ ਦੇ ਦਰਬਾਰ ਵਿੱਚ ਜਾ ਕੇ, ਸਭ ਨੇ ਡੇਰੇ ਲਾਏ ਸੀ।

ਦਿੱਲੀ ਜਾ ਕੇ ਗੱਲ ਕਰੀਏ ਕਿ ਧਰਮ ਦਾ ਆਦਰ ਚਾਹੀਦਾ।
ਗੱਲ ਕਰਨ ਲਈ ਲੇਕਿਨ ਕੋਈ, ਹਿੰਦ ਦੀ ਚਾਦਰ ਚਾਹੀਦਾ।

ਲੱਖਾਂ ਜੰਜੂਆਂ ਦੀ ਪੱਤ ਰੱਖਣ ਦੇ ਲਈ ਕਾਦਰ ਚਾਹੀਦਾ।
ਧਰਮ ਦੀ ਖਾਤਰ ਮਿਟਣ ਲਈ ਤਾਂ ਤੇਗ਼ ਬਹਾਦਰ ਚਾਹੀਦਾ।

ਤੱਤੀਆਂ ਤਵੀਆਂ ਉੱਪਰ ਬਹਿ ਕੇ ਸਿਦਕ ਨਿਭਾਏ ਜਾਂਦੇ ਨੇ।
ਚਰਖੜੀਆਂ 'ਤੇ ਚੜ੍ਹ ਕੇ ਹੀ ਤਾਂ ਨਾਮ ਕਮਾਏ ਜਾਂਦੇ ਨੇ।

ਬੰਦ-ਬੰਦ ਕਟਵਾ ਕੇ ਹੀ ਤਾਂ ਬੰਦ ਬਣਾਏ ਜਾਂਦੇ ਨੇ।
ਆਪਣੇ ਸਿਰ ਕਟਵਾ ਕੇ ਹੀ ਤਾਂ ਧਰਮ ਬਚਾਏ ਜਾਂਦੇ ਨੇ।

'ਨ੍ਹੇਰੀਆਂ ਰਾਤਾਂ ਦੇ ਵਿੱਚ ਲੱਖਾਂ ਮੀਲਾਂ ਤੋਂ ਚਮਕਣ ਤਾਰੇ।
ਸਾਖ਼ਸ਼ਾਤ ਹਰ ਹਰ ਜਿਹੜਾ, ਹਾਰੀ-ਸਾਰੀ ਤੋਂ ਕੀ ਹਾਰੇ।

ਜੀਣ ਮਰਨ ਤੋਂ ਰਹਿਤ ਨੇ ਜਿਹੜੇ, ਮੌਤ ਉਨ੍ਹਾਂ ਨੂੰ ਕੀ ਮਾਰੇ।
ਜਿਸ ਦਾ ਨਾਮ ਧਿਆਉਣ ਨਾਲ, ਵਾਰੇ ਹੋ ਜਾਂਦੇ ਨੇ ਨਿਆਰੇ।

•

گورو دربار

اوہ سکھاوے ترنا، جو ترکیب جانے ترن دی
مر کے زندہ باد جے ہووے، کنا چنگا مرن وی
کون پچھانے اوسنوں، جو کرتا وی ہے کرم وی
کون ہراوے اوسنوں، جس 'چ فرض وی ہے دھرم وی
کشمیری پنڈتاں وانگوں، کئی دکھیارے آئے سی
سن سکدا سی جیہڑا اسنوں جا کے حال سنائے سی
ایویں تاں نہیں سارے چل کے، گورو دربارے آئے سی
دردی دے دربار وچ جا کے، سبھ نے ڈیرے لائے سی
دلی جا کے گل کریے کہ دھرم دا آدر چاہیدا
گل کرن لئی لیکن کوئی، ہوند دی چادر چاہیدا
لکھاں جنجواں دی پت رکھن دے لئی قادر چاہیدا
دھرم دی خاطر مٹن لئی تاں تیغ بہادر چاہیدا
تتیاں تویاں اپر بہہ کے صدق نبھائے جاندے نے
چرکھڑیاں 'تے چڑھ کے ہی تاں نام کمائے جاندے نے
بند بند کٹوا کے ہی تاں بند بنائے جاندے نے
اپنے سر کٹوا کے ہی تاں دھرم بچائے جاندے نے
'نھیریاں راتاں دے وچ لکھاں میلاں توں چمکن تارے
ساخشات ہر ہر جیہڑا، ہاری ساری توں کیہ ہارے
جین مرن توں رہت نے جیہڑے، موت اوہناں نوں کیہ مارے
جس دا نام دھیاؤن نال، وارے ہو جاندے نیں نیارے

ਤੱਤੀ ਤਵੀ

ਤੇਰੇ ਵਾਂਗੂੰ ਤੱਤੀ ਤਵੀ ਦੇ ਉੱਤੇ ਬਹਿ ਕੇ,
ਸਾਡੇ ਕੋਲੋਂ ਗੀਤ ਇਲਾਹੀ ਗਾ ਨਾ ਹੁੰਦੇ।
ਧਰਮ ਦੀ ਖਾਤਰ ਜੋ-ਜੋ ਤੂੰ ਕਰਕੇ ਦੱਸਿਆ ਹੈ,
ਸਾਥੋਂ ਤੇਰੇ ਪੂਰਨੇ ਦੋਹਰਾ ਨਾ ਹੁੰਦੇ।

ਜਿੰਨੀ ਵੱਡੀ ਕੀਮਤ ਸਤਿਗੁਰ ਤੂੰ ਤਾਰੀ ਹੈ,
ਐਡੇ ਵੱਡੇ ਮੁੱਲ ਸਾਡੇ ਤੋਂ ਪਾ ਨਾ ਹੁੰਦੇ।
ਜਿਨ੍ਹਾਂ ਰਾਹਾਂ 'ਤੇ ਤੂੰ ਖੁਦ ਤੁਰ ਕੇ ਦੱਸਿਆ ਹੈ,
ਸਾਡੇ ਤੋਂ ਉਹ ਲੰਮੇਂ ਰਾਹ ਮੁਕਾ ਨਾ ਹੁੰਦੇ।

ਤੇਰੇ ਵਾਂਗੂੰ ਤੱਤੀ ਤਵੀ ਦੇ ਉੱਤੇ ਬਹਿ ਕੇ,
ਸਾਡੇ ਕੋਲੋਂ ਗੀਤ ਇਲਾਹੀ ਗਾ ਨਾ ਹੁੰਦੇ।

ਤੇਰੇ ਸਿਦਕ ਤੋਂ ਸਦਕੇ ਤਾਂ ਨਿੱਤ ਜਾਂਦੇ ਹਾਂ,
ਪਰ ਸਾਡੇ ਤੋਂ ਖੁਦ ਉਹ ਸਿਦਕ ਨਿਭਾ ਨਾ ਹੁੰਦੇ।
ਤੇਰੀ ਗੱਲ ਕਰਕੇ ਵੱਡੇ ਧਰਮੀਂ ਬਣਦੇ ਹਾਂ,
ਧਰਮੀ ਕਾਰਜ ਆਪਣੇ ਤੋਂ ਕਰਵਾ ਨਾ ਹੁੰਦੇ।

ਤੇਰੇ ਵਾਂਗੂੰ ਤੱਤੀ ਤਵੀ ਦੇ ਉੱਤੇ ਬਹਿ ਕੇ,
ਸਾਡੇ ਕੋਲੋਂ ਗੀਤ ਇਲਾਹੀ ਗਾ ਨਾ ਹੁੰਦੇ।

ਇੱਕ-ਦੂਜੇ ਨੂੰ ਅੱਗੇ ਹੋ-ਹੋ ਦੱਸਦੇ ਹਾਂ,
ਢੰਗ ਤਰੀਕੇ ਆਪਣੇ 'ਤੇ ਅਜ਼ਮਾ ਨਾ ਹੁੰਦੇ।
ਤੂੰ ਤੇ ਤੱਤੀ ਰੇਤ ਸੀਸ 'ਤੇ ਝੱਲ ਲਈ,
ਪਰ ਸਾਡੀ ਦੇਹੀ ਤੋਂ ਦਰਦ ਹੰਢਾ ਨਾ ਹੁੰਦੇ।

ਤੇਰੇ ਵਾਂਗੂੰ ਤੱਤੀ ਤਵੀ ਦੇ ਉੱਤੇ ਬਹਿ ਕੇ,
ਸਾਡੇ ਕੋਲੋਂ ਗੀਤ ਇਲਾਹੀ ਗਾ ਨਾ ਹੁੰਦੇ।

•

تتّی تَوی

تیرے وانگوں تتی توی دے اتے بہہ کے،
ساڈے کولوں گیت الٰہی گا نہ ہوندے
دھرم دی خاطر جو جو توں کرکے دسیا ہے،
ساتھوں تیرے پورنے دوہرا نہ ہوندے

جنی وڈی قیمت ستگور توں تاری ہے،
ایڈے وڈے مل ساڈے توں پا نہ ہوندے
جیہناں راہاں 'تے توں خود تر کے دسیا ہے،
ساڈے توں اوہ لمیں راہ مکا نہ ہوندے

تیرے وانگوں تتی توی دے اتے بہہ کے،
ساڈے کولوں گیت الٰہی گا نہ ہوندے
تیرے صدق توں صدقے تاں نت جاندے ہاں،
پر ساڈے توں کھد اوہ صدق نبھا نہ ہوندے
تیری گل کرکے وڈے دھرمیں بندے ہاں،
دھرمی کارج اپنے توں کروا نہ ہوندے

تیرے وانگوں تتی توی دے اتے بہہ کے،
ساڈے کولوں گیت الٰہی گا نہ ہوندے

اک دوجے نوں اگے ہو ہو دسدے ہاں،
ڈھنگ طریقے اپنے 'تے عظمہ نہ ہوندے
توں تے تتی ریت سیس 'تے جھل لئی،
پر ساڈی دیہی توں درد ہنڈھا نہ ہوندے

تیرے وانگوں تتی توی دے اتے بہہ کے،
ساڈے کولوں گیت الٰہی گا نہ ہوندے

ਪੰਥ ਮਹਾਂਰਾਜ

ਝੂਲਦੇ ਨਿਸ਼ਾਨ ਜੱਗ ਵਿੱਚ ਪੰਥ ਮਹਾਂਰਾਜ ਦੇ।
ਪ੍ਰਤੱਖ ਵੱਖਰੇ ਦਿਸ ਰਹੇ ਨੇ ਰੰਗ ਸਾਡੇ ਨਾਜ਼ ਦੇ।

ਖ਼ਾਲਸੇ ਦੀ ਜਗਤ ਵਿੱਚ ਇੱਕ ਵੱਖਰੀ ਹੀ ਸ਼ਾਨ ਹੈ।
ਖ਼ਾਲਸਾ ਸੰਸਾਰ ਵਿੱਚ ਖੁਦ ਆਪਣੀ ਪਹਿਚਾਣ ਹੈ।

ਧਰਮ ਕੀ ਹੈ, ਕਰਮ ਹੈ ਤੇ ਕਰਮ ਹੀ ਤਾਂ ਧਰਮ ਹੈ।
ਕਰਮ ਸਾਡਾ ਧਰਮ ਹੈ ਤੇ ਧਰਮ ਸਾਡਾ ਕਰਮ ਹੈ।

ਸੂਖ਼ਮਤਾ ਦਾ ਸਿਖ਼ਰ ਹੈ, ਸਿੱਖ ਧਰਮ ਸਭ ਜੱਗ ਜਾਣਦਾ।
ਅਸਥੂਲ ਤੋਂ ਸਥੂਲ ਸਿੱਖ ਦੇ ਕਰਮ ਸਭ ਜੱਗ ਜਾਣਦਾ।

ਅੱਜ ਲੋੜ ਹੈ ਹਰ ਸਿੱਖ ਨੂੰ ਝੰਡੇ ਦੇ ਥੱਲੇ ਜੁੜਨ ਦੀ।
ਹਰ ਸਿੱਖ ਨੂੰ ਅੱਜ ਲੋੜ ਹੈ ਸਿੱਖੀ ਦੇ ਵੱਲ ਮੁੜਨ ਦੀ।

ਦੁਨੀਆ ਭਰ ਵਿੱਚ ਹਰ ਜਗ੍ਹਾ ਹੀ ਸਿੱਖ ਅੱਜ ਪੁਰਜ਼ੋਰ ਹਨ।
ਪਰ 'ਕੱਲੇ-'ਕੱਲੇ ਖ਼ਾਲਸਾ ਜੀ! ਸ਼ੇਰ ਵੀ ਕਮਜ਼ੋਰ ਹਨ।

ਸਾਡੇ ਧਰਮ ਦੇ ਆਗੂਓ! ਇੱਕ ਸਫ਼ ਵਿਛਾਇਓ ਆਣ ਕੇ।
ਆਪਣਿਆਂ ਦੇ ਨਾਲ ਬੈਠੋ ਆਪਣਿਆਂ ਨੂੰ ਸਿਆਣ ਕੇ।

پنتھ مہاراج

جھولدے نشان جگ وچ پنتھ مہاراج دے
پرتکھ وکھرے دس رہے نے رنگ ساڈے ناز دے

خالصے دی جگت وچ اک وکھری ہی شان ہے
خالصہ سنسار وچ خود اپنی پہچان ہے

دھرم کیہ ہے، کرم ہے تے کرم ہی تاں دھرم ہے
کرم ساڈا دھرم ہے تے دھرم ساڈا کرم ہے

سوخمتا دا سخر ہے، سکھ دھرم سبھ جگ جاندا
استھول توں ستھول سکھ دے کرم سبھ جگ جاندا

اج لوڑ ہے ہر سکھ نوں جھنڈے دے تھلے جڑن دی
ہر سکھ نون اج لوڑ ہے سکھی دے ول مڑن دی

دنیا بھر وچ ہر جگہ ہی سکھ اج پرزور ہن
پر 'کلے 'کلے خالصہ جی! شیر وی کمزور ہن

ساڈے دھرم دے آگوؤ! اک صف وچھائیو آن کے
آپنیاں دے نال بیٹھو آپنیاں نوں سیان کے

‘ਕੱਲੇ-’ਕੱਲੇ ਸਿੱਖ ਦੇ ਵਿੱਚ ਸਿੱਖੀ ਦਾ ਸਤਿਕਾਰ ਹੈ।
ਸਾਰਿਆਂ ਸਿੱਖਾਂ ਦਾ ਨਾਨਕ ਨਾਮ ਦੇ ਨਾਲ ਪਿਆਰ ਹੈ।

ਮੇਰੇ ਧਰਮ ਦੇ ਆਗੂਓ! ਆਵਾਜ਼ ਤਾਂ ਮਾਰੋ ਜ਼ਰਾ!
ਬੰਦ-ਬੰਦ ਕਟਾ ਦਿਓ ਤੇ ਭਾਵੇਂ ਚਰਖੜੀ ਚਾੜ੍ਹੋ ਜ਼ਰਾ!

ਤਨ, ਮਨ, ਧਨ ਸਭ ਸੌਂਪਣਾ, ਧੰਨ ਭਾਗ ਹੈ ਹਰ ਸਿੱਖ ਦਾ।
ਹਾਜ਼ਰ ਹੈ ਸਭ ਕੁੱਝ ਸਿੱਖ ਦਾ ਇਹ ਨਾਜ਼ ਹੈ ਹਰ ਸਿੱਖ ਦਾ।

ਝੂਲਦੇ ਨਿਸ਼ਾਨ ਜੱਗ ਵਿੱਚ ਪੰਥ ਮਹਾਂਰਾਜ ਦੇ।
ਪ੍ਰਤੱਖ ਵੱਖਰੇ ਦਿਸ ਰਹੇ ਨੇ ਰੰਗ ਸਾਡੇ ਨਾਜ਼ ਦੇ।

•

کلے 'کلے سکھ دے وچ سکھی دا ستکار ہے
ساریاں سکھاں دا نانک نام دے نال پیار ہے

میرے دھرم دے آگوؤ! آواز تاں مارو ذرا!
بند بند کٹا دیو تے بھاویں چرکھڑی چاڑھو ذرا!

تن، من، دھن سبھ سونپنا، دھن بھاگ ہے ہر سکھ دا
حاضر ہے سبھ کجھ سکھ دا ایہہ ناز ہے ہر سکھ دا

جھولدے نشان جگ وچ پنتھ مہانراج دے
پرتکھ وکھرے دس رہے نے رنگ ساڈے ناز دے

ਵਿਸ਼ਵਾਸ

ਸਾਨੂੰ ਆਪਣੇ ਆਪ 'ਤੇ ਵਿਸ਼ਵਾਸ ਨਹੀਂ ਹੈ
ਪੂਰਣ ਸੱਚ ਬੋਲਾਂਗੇ ਪੂਰਣ ਆਸ ਨਹੀਂ ਹੈ
ਝੂਠ ਨਾਲ ਲੜਨ ਜੋਗਾ ਵੀ ਸਾਹਸ ਨਹੀਂ ਹੈ
ਦਿਲ ਦੀ ਪੀੜ ਦਾ ਦਾਰੂ ਸਾਡੇ ਪਾਸ ਨਹੀਂ ਹੈ।

ਹਾਂ! ਤੇਰਾ ਉਹ ਇਕਰਾਰ ਸਾਡੇ ਨਾਲ ਹੈ
ਹਾਂ! ਤੇਰਾ ਉਹ ਪਿਆਰ ਸਾਡੇ ਨਾਲ ਹੈ
ਹਾਂ! ਤੇਰਾ ਸਤਿਕਾਰ ਸਾਡੇ ਨਾਲ ਹੈ
ਹਾਂ! ਤੇਰਾ ਉਹ ਯਾਰ ਸਾਡੇ ਨਾਲ ਹੈ।

ਹਾਲੇ ਵੀ ਤੇਰੇ ਖ਼ਾਲਸੇ ਵਿੱਚ ਜਾਨ ਹੈ
ਖ਼ਾਲਸਾ ਹਾਲੇ ਵੀ ਤੇਰੀ ਸ਼ਾਨ ਹੈ
ਖ਼ਾਲਸਾ ਖ਼ਾਲਸ ਤੈਨੂੰ ਪਰਣਾਮ ਹੈ
ਖ਼ਾਲਸਾ ਖ਼ਾਲਸ ਤੇਰੀ ਪਹਿਚਾਣ ਹੈ।

ਤੇਰੀ ਕੁਰਬਾਨੀ ਦੀ ਗੱਲ ਚੱਲਦੀ ਰਹੇਗੀ
ਹਰ ਮੌਸਮ ਵਿੱਚ ਫੁੱਲਦੀ-ਫ਼ਲਦੀ ਰਹੇਗੀ
ਜੋਤ ਜੋ ਤੇਰੀ ਹੈ ਇਹ ਬਲਦੀ ਰਹੇਗੀ
ਚਾਨਣ ਦਾ ਇਹ ਅਹਿਸਾਸ ਘੱਲਦੀ ਰਹੇਗੀ।

ਖ਼ਾਲਸਾ ਤੇਰਾ ਕਦੇ ਥੱਕਿਆ ਨਹੀਂ
ਖ਼ਾਲਸਾ ਤੇਰਾ ਕਦੇ ਅੱਕਿਆ ਨਹੀਂ
ਤੈਨੂੰ ਤਾਂ ਆਪਣਾ ਰੱਬ ਕਹਿ ਸਕਿਆ ਨਹੀਂ
ਪਰ ਹੋਰ ਕੋਈ ਨਾਮ ਵੀ ਜਚਿਆ ਨਹੀਂ।

وشواس

سانوں اپنے آپ تے وشواس نہیں ہے
پورن سچ بولانگے پورن آس نہیں ہے
جھوٹھ نال لڑن جوگا وی ساہس نہیں ہے
دل دی پیڑ دا دارو ساڈے پاس نہیں ہے

ہاں! تیرا اوہ اقرار ساڈے نال ہے
ہاں! تیرا اوہ پیار ساڈے نال ہے
ہاں! تیرا ستکار ساڈے نال ہے
ہاں! تیرا اوہ یار ساڈے نال ہے

حالے وی تیرے خالصے وچ جان ہے
خالصہ حالے وی تیری شان ہے
خالصہ خالص تینوں پرنام ہے
خالصہ خالص تیری پہچان ہے

تیری قربانی دی گل چلدی رہیگی
ہر موسم وچ پھلدی فلدی رہیگی
جوت جو تیری ہے ایہہ بلدی رہیگی
چانن دا ایہہ احساس گھلدی رہیگی

خالصہ تیرا کدے تھکیا نہیں
خالصہ تیرا کدے اکیا نہیں
تینوں تاں اپنا رب کہہ سکیا نہیں
پر ہور کوئی نام وی جچیا نہیں

ਭੇਦ ਨਹੀਂ ਦੱਸਿਆ ਤੂੰ ਆਪਣਾ ਖੋਲ੍ਹ ਕੇ
ਪੰਜ ਹੀ ਕਿਓਂ ਚੁਣੇ ਸਨ ਤੂੰ ਤੋਲ ਕੇ
ਕੀ ਪਿਲਾਇਆ ਸੀ ਤੂੰ ਉਸ ਦਿਨ ਘੋਲ ਕੇ
ਕੀ ਸਿਖਾਇਆ ਸੀ ਜੈਕਾਰੇ ਬੋਲ ਕੇ।

ਕੁੱਝ ਯਾਦ ਹੈ ਕੁੱਝ ਯਾਦ ਕਰਨਾ ਲੋਚਦੇ
ਕੁੱਝ ਸੀਸ ਤੇਰੀ ਭੇਂਟ ਚੜ੍ਹਨਾ ਲੋਚਦੇ
ਤੇਰੇ ਦਿਖਾਏ ਰਾਹ ਤੇ ਖੜਨਾ ਲੋਚਦੇ
ਜੀਵਨ ਆਪਣਾ ਸਫ਼ਲ ਕਰਨਾ ਸੋਚਦੇ।

ਲੇਕਿਨ ਪਾਸ ਹੁੰਦੇ ਵੀ ਰਸਤਾ ਪਰ ਪਾਸ ਨਹੀਂ ਹੈ।
ਸਾਨੂੰ ਆਪਣੇ ਆਪ ਤੇ ਵਿਸ਼ਵਾਸ ਨਹੀਂ ਹੈ
ਪੂਰਣ ਸੱਚ ਬੋਲਾਂਗੇ ਪੂਰਣ ਆਸ ਨਹੀਂ ਹੈ।

•

بھید نہیں دسیا توں اپنا کھولھ کے
پنج ہی کیوں چنے سن توں تول کے
کیہ پلایا سی توں اس دن گھول کے
کیہ سکھایا سی جیکارے بول کے

کجھ یاد ہے کجھ یاد کرنا لوچدے
کجھ سیس تیری بھینٹ چڑھنا لوچدے
تیرے دکھائے راہ تے کھڑنا لوچدے
جیون اپنا سفل کرنا سوچدے

لیکن پاس ہوندے وی رستہ پر پاس نہیں ہے
سانوں اپنے آپ تے وشواس نہیں ہے
پورن سچ بولانگے پورن آس نہیں ہے

ਵਿਸਾਖੀ

ਖ਼ਾਲਸੇ ਦਾ ਜਨਮ ਦਿਨ ਵਧਾਈਆਂ! ਖੰਡੇਧਾਰ ਨੂੰ।
ਖ਼ਾਲਸੇ ਦਾ ਜਨਮ ਦਿਨ ਵਧਾਈਆਂ! ਸਭ ਪਰਿਵਾਰ ਨੂੰ।
ਖ਼ਾਲਸੇ ਦਾ ਜਨਮ ਦਿਨ ਵਧਾਈਆਂ! ਖ਼ਾਲਸ ਨਾਮ ਨੂੰ।
ਖ਼ਾਲਸੇ ਦਾ ਜਨਮ ਦਿਨ ਵਧਾਈਆਂ! ਸਭ ਸੰਸਾਰ ਨੂੰ।

ਵੈਸਾਖ ਵਿੱਚ ਰੁੱਤ ਬਦਲਦੀ, ਵੈਸਾਖ ਤਾਂ ਵੈਸਾਖ ਹੈ।
ਅੱਤ ਗਰਮੀ ਅੱਤ ਸਰਦੀ ਦੇ ਵਿਚਾਲੇ ਸਾਕ ਹੈ।
ਖ਼ਾਲਸਾ ਵੈਸਾਖ ਵਿੱਚ ਇੱਕ ਸਾਖ਼ ਵਾਗੂੰ ਜਨਮਿਆ।
ਨਵੀਂ ਸਾਖ਼ਾ, ਰੁੱਖ ਦੀ ਟੀਸੀ 'ਤੇ ਜਿਸ ਦਾ ਵਾਸ ਹੈ।

ਹਰ ਜੀਵ ਦਾ ਕੋਈ ਜਨਮ ਹੈ, ਮੱਧ ਹੈ, ਕੋਈ ਅੰਤ ਹੈ।
ਜੀਵਾਂ ਦੀ ਗਿਣਤੀ ਵੀ ਬੜੀ ਆਪਾਰ ਤੇ ਬੇਅੰਤ ਹੈ।
ਪਰ ਖ਼ਾਲਸੇ ਦੀ ਖ਼ਾਸੀਅਤ ਇੱਕ ਖ਼ਾਸ ਹੈ ਸੁਣਿਓਂ ਜ਼ਰਾ!
ਖ਼ਾਲਸੇ ਦਾ ਜਨਮ ਹੈ, ਨਾ ਮੱਧ ਹੈ, ਨਾ ਅੰਤ ਹੈ।

ਖ਼ਾਲਸਾ ਖ਼ਾਲਸ ਰਹੇ ਤਾਂ ਖ਼ਾਸ ਤੇਰੀ ਫ਼ੌਜ ਹੈ।
ਖ਼ਾਸ ਤੇਰਾ ਰੂਪ ਹੈ ਤੇ ਖ਼ਾਸ ਤੇਰੀ ਮੌਜ ਹੈ।
ਕਰ ਕਮਲ ਤੇਰੇ ਜਿਨ੍ਹਾਂ, ਇਸ ਖ਼ਾਲਸੇ ਸਾਜਿਆ।
ਸਾਜ ਕੇ ਖ਼ੁਦ ਸਜ ਗਿਆ ਇਹ ਕਿਸ ਤਰ੍ਹਾਂ ਦਾ ਚੋਜ ਹੈ।

وساکھی

خالصے دا جنم دن ودھائیاں! کھنڈیدھار نوں
خالصے دا جنم دن ودھائیاں! سبھ پریوار نوں
خالصے دا جنم دن ودھائیاں! خالص نام نوں
خالصے دا جنم دن ودھائیاں! سبھ سنسار نوں

ویساکھ وچ رت بدلدی، ویساکھ تاں ویساکھ ہے
ات گرمی ات سردی دے وچالے ساک ہے
خالصہ ویساکھ وچ اک ساخ واگوں جنمیا
نویں ساخا، رکھ دی ٹیسی تے جس دا واس ہے

ہر جیو دا کوئی جنم ہے، مدھ ہے، کوئی انت ہے
جیواں دی گنتی وی بڑی آپار تے بے انت ہے
پر خالصے دی خاصیت اک خاص ہے سنیوں ذرا!
خالصے دا جنم ہے، نہ مدھ ہے، نہ انت ہے

خالصہ خالص رہے تاں خاص تیری فوج ہے
خاص تیرا روپ ہے تے خاص تیری موج ہے
کر کمل تیرے جیہناں، اس خالصے ساجیا
ساز کے خود سج گیا ایہہ کس طرحاں دا چوج ہے

ਖ਼ਾਲਸਾ ਤੈਨੂੰ ਕਿਉਂ ਆਪਣੀਂ ਸ਼ਾਨ ਤੋਂ ਵੱਧ ਜਾਪਿਆ।
ਖ਼ਾਲਸਾ ਤੈਨੂੰ ਕਿਉਂ ਆਪਣੀ ਜਾਨ ਤੋਂ ਵੱਧ ਜਾਪਿਆ।
ਤੈਨੂੰ ਪਤਾ ਸੀ ਪ੍ਰਾਣ ਤਾਂ ਇੱਕ ਦਿਨ ਨਿਕਲ ਜਾਣੇ ਜ਼ਰੂਰ।
ਖ਼ਾਲਸਾ ਤਾਂ ਹੀ ਤਾਂ ਤੈਨੂੰ ਪ੍ਰਾਣ ਤੋਂ ਵੱਧ ਜਾਪਿਆ।

ਖ਼ਾਲਸਾ ਜੇ ਅਮਰ ਹੈਂ ਤਾਂ ਤੂੰ ਵੀ ਇਸਦਾ ਅੰਗ ਹੈਂ
ਵਿਸ਼ਵਾਸ ਹੈ ਪੂਰਾ ਕਿ ਤੂੰ ਵੀ ਸਦਾ ਹੀ ਅੰਗ-ਸੰਗ ਹੈਂ
ਰਹਿੰਦੀ ਦੁਨੀਆ ਖ਼ਾਲਸੇ ਦੀ ਖ਼ਾਸ ਗਿਣਤੀ ਕਰੇਗੀ
ਤੂੰ ਵੀ ਇਸਦਾ ਅੰਗ ਹੈਂ ਜੁਨਾਂ ਤੋਂ ਤੂੰ ਵੀ ਭੰਗ ਹੈਂ।

ਖ਼ਾਲਸੇ ਦਾ ਜਨਮ ਦਿਨ ਵਧਾਈਆਂ!.....।

•

خالصہ تینوں کیوں آپنیں شان توں ودھ جاپیا
خالصہ تینوں کیوں اپنی جان توں ودھ جاپیا
تینوں پتہ سی پران تاں اک دن نکل جانے ضرور
خالصہ تاں ہی تاں تینوں پران توں ودھ جاپیا

خالصہ جے امر ہیں تاں توں وی اسدا انگ ہیں
وشواس ہے پورا کہ توں وی سدا ہی انگ سنگ ہیں
رہندی دنیا خالصے دی خاص گنتی کریگی
توں وی اسدا انگ ہیں جوناں توں توں وی بھنگ ہیں

خالصے دا جنم دن ودھائیاں!.....

ਸੱਚ ਦਾ ਸੇਕ



سچ دا سیک



ਪਿੰਜਰਾ

ਆਪਣੇ ਅਸਮਾਨ ਵਿੱਚ ਉੱਡਣ ਨੂੰ ਮੇਰਾ ਦਿਲ ਕਰੇ,
ਸੋਨੇ ਦੇ ਪਿੰਜਰੇ ਦਾ ਮੈਂ ਲਾਲਚ ਕਰਾਂ ਤਾਂ ਦੱਸ! ਕਿਉਂ ਕਰਾਂ?
ਕਿਸੇ ਦੀ ਮੁਹਤਾਜਗੀ ਕਰਨੀ ਮੇਰੇ ਲਈ ਮੌਤ ਹੈ,
ਮੌਤ ਤੋਂ ਪਹਿਲਾਂ ਮਰਾਂ ਤਾਂ ਦੱਸ ਭਲਾ! ਮੈਂ ਕਿਉਂ ਮਰਾਂ?

ਹਰ ਕਿਸੇ ਦੇ ਵਾਂਗਰਾਂ ਮੇਰਾ ਵੀ ਇੱਕ ਸੰਸਾਰ ਹੈ,
ਮੁਕਟ ਤੇਰੇ ਦਾ ਵਜ਼ਨ ਸਿਰ 'ਤੇ ਧਰਾਂ ਤਾਂ ਕਿਉਂ ਧਰਾਂ।
ਆਪਣੀ ਆਵਾਜ਼ ਮੇਰੀ, ਬੋਲ ਮੇਰੇ ਆਪਣੇ,
ਰਟਿਆਂ-ਰਟਾਇਆਂ ਭਾਸ਼ਣਾਂ ਦਾ ਓਪਰਾਪਣ ਕਿਉਂ ਜਰਾਂ?

ਆਪਣੇ ਪੈਰ੍ਹਾਂ 'ਤੇ ਚੱਲਣ ਦਾ ਮਜ਼ਾ ਹੀ ਹੋਰ ਹੈ,
ਉੱਡਣਖਟੋਲੇ ਦੇਖ ਕੇ ਪਰਵਾਜ਼ ਦੱਸੋ! ਕਿਉਂ ਭਰਾਂ?
ਧੌਣ ਉੱਚੀ ਕਰਕੇ ਤੁਰਨਾ ਹੀ ਤਾਂ ਇੱਕੋ ਸ਼ੌਕ ਹੈ,
ਕਿਸੇ ਦੇ ਅਹਿਸਾਨ ਬਦਲੇ ਅੱਖ ਨੀਵੀਂ ਕਿਉਂ ਕਰਾਂ?

ਖਿੜ-ਖੜਾ ਕੇ ਹੱਸਣਾ ਮੇਰਾ ਹੀ ਮੇਰੀ ਜਿੱਤ ਹੈ,
ਰੋਣ ਪੱਲੇ ਪਾ ਕੇ ਮੈਂ ਜਿੱਤਿਆ-ਜਤਾਇਆ ਕਿਉਂ ਹਰਾਂ?
ਰਹਿਣ ਦੇ ਮੈਨੂੰ, ਜਿਵੇਂ ਵੀ ਹਾਂ, ਉਵੇਂ ਹੀ ਰਹਿਣ ਦੇ,
ਉਮਰ ਭਰ ਲਈ ਫਸਣ ਦੇ ਹਾਲਾਤ ਪੈਦਾ ਕਿਉਂ ਕਰਾਂ?

ਆਪਣੇ ਅਸਮਾਨ ਵਿੱਚ ਉੱਡਣ ਨੂੰ ਮੇਰਾ ਦਿਲ ਕਰੇ,
ਸੋਨੇ ਦੇ ਪਿੰਜਰੇ ਦਾ ਮੈਂ ਲਾਲਚ ਕਰਾਂ ਤਾਂ ਦੱਸ! ਕਿਉਂ ਕਰਾਂ?

•

پنجرہ

اپنے اسمان وچ اڈن نوں میرا دل کرے،
سونے دے پنجرے دا میں لالچ کراں تاں دس! کیوں کراں؟
کسے دی محتاجگی کرنی میرے لئی موت ہے،
موت توں پہلاں مراں تاں دس بھلا! میں کیوں مراں؟

ہر کسے دے وانگراں میرا وی اک سنسار ہے،
مکٹ تیرے دا وزن سر 'تے دھراں تاں کیوں دھراں
اپنی آواز میری، بول میرے اپنے،
رٹیاں رٹایاں بھاشناں دا اوپراپن کیوں جراں؟

اپنے پیرھاں 'تے چلن دا مزہ ہی ہور ہے،
اڈن کھٹولے دیکھ کے پرواز دسو! کیوں بھراں؟
دھون اچی کرکے ترنا ہی تاں اکو شوق ہے،
کسے دے احسان بدلے اکھ نیویں کیوں کراں؟

کھڑ کھڑا کے ہسنا میرا ہی میری جت ہے،
رون پلے پا کے میں جتیا جتایاا کیوں ہراں؟
رہن دے مینوں، جویں وی ہاں، اویں ہی رہن دے،
عمر بھر لئی پھسن دے حالات پیدا کیوں کراں؟

اپنے اسمان وچ اڈن نوں میرا دل کرے،
سونے دے پنجرے دا میں لالچ کراں تاں دس! کیوں کراں؟

ਡੁੱਬਦਾ ਬੇੜਾ

ਡੁੱਬਦੇ ਜਾਂਦੇ ਬੇੜੇ ਨੂੰ ਕੋਈ ਡੁੱਬ ਜਾਣ ਤੋਂ ਆਣ ਬਚਾਵੇ।
ਮੱਖਣ ਸ਼ਾਹ ਲਬਾਣੇ ਲਈ ਕੋਈ ਤੇਗ਼ ਬਹਾਦਰ ਬਣ ਕੇ ਆਵੇ।

ਬੜਾ ਪੁਰਾਣਾ ਬੇੜਾ ਹੈ ਇਹ, ਯਾਦ ਨਹੀਂ ਕਿਸ ਦਿਨ ਬਣਿਆ ਸੀ।
ਪਤਾ ਨਹੀਂ ਪਰਗਟ ਹੋਇਆ ਸੀ, ਜਾਂ ਦੈਵੀ ਸ਼ਕਤੀ ਜਣਿਆ ਸੀ।
ਏਨੀ ਦੁਨੀਆ ਚੁੱਕ ਲੈਂਦਾ ਸੀ, ਅੱਜ ਕਿਉਂ ਐਵੇਂ ਡੁੱਬਦਾ ਜਾਵੇ।

ਡੁੱਬਦੇ ਜਾਂਦੇ ਬੇੜੇ ਨੂੰ ਕੋਈ ਡੁੱਬ ਜਾਣ ਤੋਂ ਆਣ ਬਚਾਵੇ.....।

ਮਹਾਂਯੋਧਿਆਂ ਦਾ ਇਹ ਰੱਥ ਸੀ, ਦੇਵੀ ਦੇਵਤਿਆਂ ਦੀ ਸੱਥ ਸੀ।
ਪੀਰ, ਫ਼ਕੀਰਾਂ ਦਾ ਇਹ ਘਰ ਸੀ, ਜਤੀਆਂ-ਸਤੀਆਂ ਦਾ ਜਤ-ਸਤ ਸੀ।
ਜਤ-ਸਤ ਡੋਲ ਜਾਣ ਤੋਂ ਪਹਿਲਾਂ, ਸਿਰਲੱਥ ਕੋਈ ਸੂਰਮਾ ਆਵੇ।

ਡੁੱਬਦੇ ਜਾਂਦੇ ਬੇੜੇ ਨੂੰ ਕੋਈ ਡੁੱਬ ਜਾਣ ਤੋਂ ਆਣ ਬਚਾਵੇ.....।

ਦੇਸ਼,ਵਿਦੇਸ਼ਾਂ ਦੇ ਵਿੱਚ ਲੋਕੀਂ ਥਾਂ-ਥਾਂ ਇਸਦੀਆਂ ਸਿਫ਼ਤਾਂ ਕਰਦੇ।
ਦਰਿਆਂ ਦੀ, ਦਰਿਆਵਾਂ ਦੀ, ਜੇ ਗੱਲ ਚੱਲੇ ਤਾਂ ਹਾਮੀ ਭਰਦੇ।
ਡੁੱਬਦੇ ਜਾਂਦੇ ਦੀ ਵੀ ਦੇਖੋ! ਹੁਣ ਤੱਕ ਤਾਬ ਨਾ ਝੱਲੀ ਜਾਵੇ।

ਡੁੱਬਦੇ ਜਾਂਦੇ ਬੇੜੇ ਨੂੰ ਕੋਈ ਡੁੱਬ ਜਾਣ ਤੋਂ ਆਣ ਬਚਾਵੇ.....।

ڈبدا بیڑا

ڈبدے جاندے بیڑے نوں کوئی ڈب جان توں آن بچاوے
مکھن شاہ لبانے لئی کوئی تیغ بہادر بن کے آوے

بڑا پرانا بیڑا ہے ایہہ، یاد نہیں کس دن بنیا سی
پتہ نہیں پرگٹ ہویا سی، جاں دیوی شکتی جنیا سی
اینی دنیا چک لیندا سی، اج کیوں ایویں ڈبدا جاوے

ڈبدے جاندے بیڑے نوں کوئی ڈب جان توں آن بچاوے.....

مہاں یودھیاں دا ایہہ رتھ سی، دیوی دیوتیاں دی ستھ سی
پیر، فقیراں دا ایہہ گھر سی، جتیاں ستیاں دا جت ست سی
جت ست ڈول جان توں پہلاں، سرلتھ کوئی سورما آوے

ڈبدے جاندے بیڑے نوں کوئی ڈب جان توں آن بچاوے.....

دیش،ودیشاں دے وچ لوکیں تھاں تھاں اسدیاں صفتاں کردے
دریاں دی، دریاواں دی، جے گل چلے تاں حامی بھردے
ڈبدے جاندے دی وی دیکھو! ہن تک تاب نہ جھلی جاوے

ڈبدے جاندے بیڑے نوں کوئی ڈب جان توں آن بچاوے.....

ਦੁਨੀਆ ਵਿੱਚ ਕਾਫੀ ਨੇ ਹਾਲੇ ਇਸਦੀਆਂ ਖ਼ੈਰਾਂ ਮੰਗਣ ਵਾਲੇ।
ਜਾਣਦਿਆਂ ਕਿ ਡੁੱਬਦਾ ਜਾਂਦਾ, ਹਟੇ ਨਹੀਂ ਪਰ ਰੰਗਣ ਵਾਲੇ।
ਅਜੇ ਸਰੋਪੇ ਮਿਲਦੇ ਏਥੇ, ਜਿਹੜਾ ਚੱਜ ਦੀ ਗੱਲ ਸੁਣਾਵੇ।

ਡੁੱਬਦੇ ਜਾਂਦੇ ਬੇੜੇ ਨੂੰ ਕੋਈ ਡੁੱਬ ਜਾਣ ਤੋਂ ਆਣ ਬਚਾਵੇ.....।

ਹਾਲੇ ਸ਼ਾਇਦ ਬਚ ਸਕਦਾ ਹੈ, ਆਪਣਾ ਇਹ ਅਨਮੋਲ ਖ਼ਜ਼ਾਨਾ।
ਧਾਕ ਰਹੀ ਦੁਨੀਆ ਵਿੱਚ ਇਸਦੀ, ਇਸ ਤੋਂ ਵਾਕਿਫ਼ ਕੁੱਲ ਜ਼ਮਾਨਾ।
ਚੌਕ ਚਾਂਦਨੀ ਦੇ ਵਿੱਚ ਜਾ ਕੇ, ਫਿਰ ਕੋਈ ਆਪਣੀ ਬਲੀ ਚੜ੍ਹਾਵੇ।

ਡੁੱਬਦੇ ਜਾਦੇ ਬੇੜੇ ਨੂੰ ਕੋਈ ਡੁੱਬ ਜਾਣ ਤੋਂ ਆਣ ਬਚਾਵੇ.....।

•

دنیا وچ کافی نے حالے اسدیاں خیراں منگن والے
جاندیاں کہ ڈبدا جاندا، ہٹے نہیں پر رنگن والے
اجے سروپے ملدے ایتھے، جیہڑا چج دی گل سناوے

ڈبدے جاندے بیڑے نوں کوئی ڈب جان توں آن بچاوے.....

حالے شاید بچ سکدا ہے، اپنا ایہہ انمول خزانہ
دھاک رہی دنیا وچ اسدی، اس توں واقف کل زمانہ
چوک چاندنی دے وچ جا کے، پھر کوئی اپنی بلی چڑھاوے

ڈبدے جادے بیڑے نوں کوئی ڈب جان توں آن بچاوے.....

ਢਿੱਡ ਦੀ ਭੁੱਖ

ਜਿਸਮ ਮੇਰੇ ਨੂੰ ਭੁੱਖ ਲੱਗੀ ਪਰ ਗੱਲਾਂ ਕਰਾਂ ਰੂਹਾਨੀ।
ਢਿੱਡ ਦੀ ਭੁੱਖ ਪਰ ਕਿੰਝ ਲਕੋਵਾਂ, ਬੋਲੇ ਚੜ੍ਹ ਅਸਮਾਨੀ।

ਧਿਆਨ ਲਗਾ ਕੇ ਸੁਣਦੇ ਲੋਕੀਂ, ਜਦ ਮੈਂ ਗੱਲਾਂ ਕਰਦਾਂ,
ਪਾਕ ਪਵਿੱਤਰ ਦੁਨੀਆ ਦੀ ਜਦ-ਜਦ ਵੀ ਹਾਮੀ ਭਰਦਾਂ।
ਆਪਣੇ ਅੰਦਰ ਝਾਤੀ ਜਦ ਵੀ ਮਾਰੀ ਤਾਂ ਕੀ ਦਿਸਿਆ,
ਬੇਮਾਅਨੀ ਗੱਲਬਾਤ ਹੈ ਸਾਰੀ, ਮੇਰੀ ਗ਼ਲਤ ਬਿਆਨੀ।
ਢਿੱਡ ਮੇਰੇ ਨੂੰ ਭੁੱਖ ਲੱਗੀ ਪਰ.....।

ਭਾਵੁਕ ਹੋ ਜਾਂਦੇ ਕਈ ਲੋਕੀਂ ਮੇਰੀਆਂ ਗੱਲਾਂ ਸੁਣ ਕੇ,
ਮੇਰੀਆਂ ਤੰਦਾਂ ਵਿੱਚ ਉਲਝ ਕੇ ਵੱਖ-ਵੱਖ ਸੁਪਨੇ ਬੁਣ ਕੇ
ਮੇਰੀ ਅੜ੍ਹਿਪਤੀ ਦੀ ਬਿਲਕੁੱਲ ਸਾਰ ਨਾ ਜਾਣੇ ਕੋਈ,
ਗੋਡੇ-ਗੋਡੇ ਪਿਆਸ ਮੇਰੀ ਦੀ ਲੱਭਦੀ ਨਹੀਂ ਨਿਸ਼ਾਨੀ।
ਢਿੱਡ ਮੇਰੇ ਨੂੰ ਭੁੱਖ ਲੱਗੀ ਪਰ.....।

ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ, ਜਿੱਤ ਲੈਂਦਾਂ ਹਾਂ ਸਭ ਨੂੰ
ਵਾਰ ਕਰਨ ਦਾ ਢੰਗ ਦੇਖੋ! ਹਥਿਆਰ ਬਣਾਵਾਂ ਰੱਬ ਨੂੰ।
ਮੋਮੋਠੱਗਣੀਆਂ ਗੱਲਾਂ ਵਿੱਚ, ਫਸ ਜਾਂਦੇ ਕਈ ਲੋਕੀਂ,
ਕਰ ਇਤਬਾਰ ਮਲੰਗ ਉੱਤੇ, ਐਵੇਂ ਕਰਵਾਉਂਦੇ ਹਾਨੀ।
ਢਿੱਡ ਮੇਰੇ ਨੂੰ ਭੁੱਖ ਲੱਗੀ ਪਰ.....।

ਹੋਰ ਕਿਸੇ 'ਤੇ ਵਾਰ ਕਰਨ ਦਾ ਮੇਰਾ ਹੱਕ ਨਾ ਕੋਈ,
ਮੇਰੀ ਭੁੱਖ ਮੇਟਣ ਖਾਤਰ ਇਤਬਾਰ ਕਰੇ ਕਿਉਂ ਕੋਈ।
ਬੇਇਤਬਾਰੇ, ਬੇਅਕਲੇ ਮੁਆਫ਼ ਕਰੀਂ ਐ ਦੋਸਤ!
ਬੰਦ ਕਰੀਂ ਨਾ ਬੂਹਾ ਕਿਤੇ ਭਟਕਾਂ ਦੋਹੀਂ ਜਹਾਨੀ।
ਢਿੱਡ ਮੇਰੇ ਨੂੰ ਭੁੱਖ ਲੱਗੀ ਪਰ.....।

•

ڈھڈ دی بھکھ

جسم میرے نوں بھکھ لگی پر گلاں کراں روحانی
ڈھڈ دی بھکھ پر کنجھ لکواں، بولے چڑھ اسمانی

دھیان لگا کے سندے لوکیں، جد میں گلاں کرداں،
پاک پوتر دنیا دی جد جد وی حامی بھرداں
اپنے اندر جھاتی جد وی ماری تاں کیہ دسیا،
بے معنی گل بات ہے ساری، میری غلط بیانی

ڈھڈ میرے نوں بھکھ لگی پر.....

بھاوک ہو جاندے کئی لوکیں میریاں گلاں سن کے،
میریاں تنداں وچ الجھ کے وکھ وکھ سپنے بن کے
میری اترپتی دی بلکل سار نہ جانے کوئی،
گوڈے گوڈے پیاس میری دی لبھدی نہیں نشانی

ڈھڈ میرے نوں بھکھ لگی پر.....

مٹھیاں مٹھیاں گلاں کرکے، جت لیناں ہاں سبھ نوں،
وار کرن دا ڈھنگ دیکھو! ہتھیار بناواں رب نوں
مومو ٹھگنیاں گلاں وچ، پھس جاندے کئی لوکیں،
کر اعتبار ملنگ اتے، ایویں کرواؤندے ہانی

ڈھڈ میرے نوں بھکھ لگی پر.....

ہور کسے تے وار کرن دا میرا حق نہ کوئی،
میری بھکھ میٹن خاطر اعتبار کرے کیوں کوئی
بےاعتبارے، بیئکلے معاف کریں اے دوست!
بند کریں نہ بوہا کتے بھٹکاں دوہیں جہانی
ڈھڈ میرے نوں بھکھ لگی پر.....

ਡੋਲ ਨਾ ਜਾਵੀਂ

ਡੋਲ ਨਾ ਜਾਵੀਂ ਤੇ ਬੱਤੀਆਂ ਬੁਝਣ ਨਾ ਦੇਵੀਂ।
ਤਕੜਾ ਹੋ ਤੇ ਝੰਡਾ ਆਪਣਾ ਝੁਕਣ ਨਾ ਦੇਵੀਂ।

ਸੱਚ ਹੈ ਕਿ ਤੂਫ਼ਾਨਾਂ ਦੇ ਇਰਾਦੇ ਠੀਕ ਨਹੀਂ ਹੁੰਦੇ
ਪਰ ਸੱਚ ਦੇ ਸਮੁੰਦਰ 'ਨ੍ਹੇਰਿਆਂ ਤੋਂ ਡੀਕ ਨਹੀ ਹੁੰਦੇ
ਕੋਈ ਨਹੀਂ ਚਾਰ ਪਲ ਜਰ ਲੈ ਕਾਲੇ ਹਨ੍ਹੇਰੇ ਨੂੰ
ਪਰ ਡੋਲਣ ਨਾ ਦੇਵੀਂ ਚਾਨਣ ਦੇ ਆਪਣੇ ਚੁਫ਼ੇਰੇ ਨੂੰ
ਤੂੰ ਦੇਖੀਂ! ਆਪਣੀ ਮੌਤੇ ਹੈ ਮਰ ਜਾਣਾ ਹਨ੍ਹੇਰੇ ਨੇ
ਕਿਸੇ ਦੇ ਰੋਕਿਆਂ ਰੁਕਣਾ ਨਹੀਂ ਸੱਜਰੇ ਸਵੇਰੇ ਨੇ।

ਬਸ! ਇਮਾਨਦਾਰੀ ਦਾ ਤੂੰ ਸੂਰਜ ਛੁਪਣ ਨਾ ਦੇਵੀਂ।
ਡੋਲ ਨਾ ਜਾਵੀਂ ਤੇ ਬੱਤੀਆਂ ਬੁਝਣ ਨਾ ਦੇਵੀਂ.....।

ਚਾਨਣ ਬਿਨਾ ਤਾਂ 'ਨ੍ਹੇਰਿਆਂ ਦਾ ਵੀ ਨਹੀਂ ਸਰਨਾ
ਕਾਤਲ ਇਕੱਲਾ ਹੈ ਤਾਂ ਉਸਨੇ ਕਤਲ ਕੀ ਕਰਨਾ
ਬੁਝੀ ਅੱਗ ਬਾਲਣ ਲਈ ਫਿਰ ਤੂੰ ਫੂਕ ਮਾਰੇਂਗਾ
ਅੱਖਾਂ 'ਚ ਧੂੰਆਂ ਪਊ ਤੇ ਆਪਣੇ ਅੰਗ ਠਾਰੇਂਗਾ।

ਚੰਗਾ ਰਹੇਂਗਾ ਕਾਫ਼ਲਾ ਬਸ! ਰੁਕਣ ਨਾ ਦੇਵੀਂ।
ਡੋਲ ਨਾ ਜਾਵੀਂ ਤੇ ਬੱਤੀਆਂ ਬੁਝਣ ਨਾ ਦੇਵੀਂ.....।

'ਨ੍ਹੇਰਾ ਜੇ ਨਾ ਹੁੰਦਾ ਤਾਂ ਚਾਨਣ ਦਾ ਕੀ ਮੁੱਲ ਪੈਂਦਾ
ਚਾਨਣ ਬਿਨਾ 'ਨ੍ਹੇਰੇ ਨੂੰ ਕਾਹਤੋਂ ਬੁਰਾ-ਭਲਾ ਕੋਈ ਕਹਿੰਦਾ
ਜੇ ਕੋਈ ਵਾਰ ਨਾ ਕਰਦਾ ਤਾਂ ਦਰਦ ਕੋਈ ਕੀ ਸਹਿੰਦਾ
ਡਰਾਉਂਦਾ ਹੀ ਨਾ ਕੋਈ ਤਾਂ, ਨਾ ਕਰਨਾ ਜਾਪਤਾ ਪੈਂਦਾ
ਪੱਧਰੀ ਧਰਤ ਹੁੰਦੀ ਜੇ ਤਾਂ ਪਾਣੀ ਕਿਸ ਤਰਫ਼ ਵਹਿੰਦਾ।

ਉੱਚੇ-ਨੀਂਵਿਆਂ 'ਤੇ ਤੁਰ, ਕਦਮ ਨੂੰ ਰੁਕਣ ਨਾ ਦੇਵੀਂ।
ਡੋਲ ਨਾ ਜਾਵੀਂ ਤੇ ਬੱਤੀਆਂ ਬੁਝਣ ਨਾ ਦੇਵੀਂ.....।

•

ڈول نہ جاویں

ڈول نہ جاویں تے بتیاں بجھن نہ دیویں
تکڑا ہو تے جھنڈا اپنا جھکن نہ دیویں

سچ ہے کہ طوفاناں دے ارادے ٹھیک نہیں ہوندے
پر سچ دے سمندر 'نھیریاں توں ڈیک نہی ہوندے
کوئی نہیں چار پل جر لے کالے ہنھیرے نوں
پر ڈولن نہ دیویں چانن دے اپنے چپھیرے نوں
توں دیکھیں! اپنی موتے ہے مر جانا ہنھیرے نے
کسے دے روکیاں رکنا نہیں سجرے سویرے نے

بس! امان داری دا توں سورج چھپن نہ دیویں
ڈول نہ جاویں تے بتیاں بجھن نہ دیویں.....

چانن بنا تاں 'نھیریاں دا وی نہیں سرنا
قاتل اکلا ہے تاں اسنے قتل کیہ کرنا
بجھی اگ بالن لئی پھر توں پھوک مارینگا
اکھاں 'چ دھواں پؤ تے اپنے انگ ٹھارینگا

چنگا رہیں گا قافلہ بس! رکن نہ دیویں
ڈول نہ جاویں تے بتیاں بجھن نہ دیویں.....

'نھیرا جے نہ ہوندا تاں چانن دا کیہ مل پیندا
چانن بنا 'نھیرے نوں کاہتوں برا بھلا کوئی کہندا
جے کوئی وار نہ کردا تاں درد کوئی کیہ سہندا
ڈراؤندا ہی نہ کوئی تاں، نہ کرنا جاپتا پیندا
پدھری دھرت ہوندی جے تاں پانی کس طرف وہندا

اچے نیناویاں 'تے تر، قدم نوں رکن نہ دیویں
ڈول نہ جاویں تے بتیاں بجھن نہ دیویں.....

ਲੋਹਾ

ਲੋਹਾ ਲੈਣ ਲੱਗਾ ਜਦ ਲੋਹਾ, ਲੋਹੇ ਨੂੰ ਹੱਥ ਪਾਉਂਦਾ।
ਲੋਹਾ ਘਣ, ਲੋਹੇ ਦੀ ਸ਼ੈਣੀ, ਅਹਿਰਣ ਵੀ ਬਣ ਜਾਂਦਾ।

ਸਾਡੀਆਂ ਵਾਸ਼ਾਂ, ਸਾਡੀ ਰੱਤ ਹੈ, ਆਪਣੇ ਹੱਥੋਂ ਆਪਣਾ ਵੱਤ ਹੈ।
ਗਰਮ-ਗਰਮ ਲੋਹੇ ਨੂੰ ਲੋਹਾ, ਸਹਿਜੇ ਹੀ ਝਟਕਾਉਂਦਾ।

ਆਪੇ ਪੁਤਲੀ ਬਣਕੇ ਨੱਚੇ, ਆਪੇ ਭਾਂਬੜ, ਆਪੇ ਮੱਚੇ।
ਆਪ ਨਚਾਵੇ, ਆਪੇ ਨੱਚੇ, ਆਪਣੇ ਆਪ 'ਤੇ ਆਪੇ ਹੱਸੇ।

ਆਪੇ ਗਾਵੇ, ਆਪੇ ਨੱਚੇ, ਆਪੇ ਤਾਰ ਹਿਲਾਉਂਦਾ।

ਮਿਰਗ ਤ੍ਰਿਸ਼ਨਾਂ ਦੀ ਕਸਤੂਰੀ, ਆਪਣੀ ਮਹਿਕ ਨੂੰ ਜਾਵੇ ਝੂਰੀ।
ਖੁਦ ਭਾਲਣ ਦੀ ਮਜਬੂਰੀ, ਆਪਣੇ ਆਪ ਤੋਂ ਕਾਹਦੀ ਦੂਰੀ।

ਆਪੇ ਕਰਣ, ਆਪੇ ਹੀ ਕਾਰਣ, ਆਪੇ ਦੌੜ ਲਗਾਉਂਦਾ।

ਲੜ-ਲੜ ਕੇ ਨਾ ਸਾਰੇ ਮਰੀਏ, ਆਪਣਾ ਕਤਲ ਆਪ ਨਾ ਕਰੀਏ।
ਖੁਦ ਨਾਲ ਖੁਦ ਸਮਝਾਉਤਾ ਕਰੀਏ, ਆਪਣੀ ਗੱਲ ਆਪੇ ਹੀ ਜਰੀਏ।

ਸਮਝਦਾਰ ਤਾਂ ਉਹ ਹੀ ਹੈ ਜੋ ਆਪਣਾ ਆਪ ਬਚਾਉਂਦਾ।

•

لوہا

لوہا لین لگا جد لوہا، لوہے نوں ہتھ پاؤندا
لوہا گھن، لوہے دی شینی، اہرن وی بن جاندا

ساڈیاں واشاں، ساڈی رت ہے، اپنے ہتھوں اپنا وت ہے
گرم گرم لوہے نوں لوہا، سہجے ہی جھٹکاؤندا

آپے پتلی بنکے نچے، آپے بھامبڑ، آپے مچے
آپ نچاوے، آپے نچے، اپنے آپ تے آپے ہسے

آپے گاوے، آپے نچے، آپے تار ہلاؤندا

مرگ ترشناں دی کستوری، اپنی مہک نوں جاوے جھوری
کھد بھالن دی مجبوری، اپنے آپ توں کاہدی دوری

آپے کرن، آپے ہی کارن، آپے دوڑ لگاؤندا

لڑ لڑ کے نہ سارے مریے، اپنا قتل آپ نہ کریے
کھد نال کھد سمجھاؤتا کریے، اپنی گل آپے ہی ذریعے

سمجھدار تاں اوہ ہی ہے جو اپنا آپ بچاؤندا

ਵਾਅਦਾ

ਪਿੱਤਰਾਂ ਵਰਗੇ ਮਿੱਤਰਾਂ ਦਾ ਇੱਕ ਵਾਅਦਾ ਪੂਰਾ ਕਰਨਾ ਹੈ।
ਬਹੁਤੀ ਔੜ ਲੱਗਣ ਤੋਂ ਪਹਿਲਾਂ ਬੱਦਲ ਬਣ ਕੇ ਵਰ੍ਹਨਾ ਹੈ।

ਬੇਨਤੀ, ਫ਼ਰਿਆਦ ਤੱਕ ਸੀਮਤ ਨਹੀਂ ਕਲਮਾਂ ਦੀ ਜੰਗ,
ਉੱਡਦਿਆਂ ਬਾਜਾਂ ਮਗਰ ਉਡਣ ਦੀ ਲਾਹੁਣੀ ਹੈ ਸੰਗ।
ਜ਼ਾਲਮ ਨੂੰ ਜ਼ਾਲਮ ਕਹਿਣ ਦੀ ਜੁਅਰਤ ਜਦ ਤਕ ਕਲਮ ਦੀ,
ਜ਼ਾਲਮ ਦਿਆਂ ਜੁਲਮਾਂ ਦਾ ਪਰਦਾਫਾਸ਼ ਕਰਨਾ ਹੈ।

ਪਿੱਤਰਾਂ ਵਰਗੇ ਮਿੱਤਰਾਂ ਦਾ ਇੱਕ ਵਾਅਦਾ ਪੂਰਾ ਕਰਨਾ ਹੈ....।

ਪੰਜ ਤੱਤ ਬਿਖ਼ਰੇ ਨੇ ਤੇਰੇ ਤੁੰ ਕਦੇ ਮੁੱਕਿਆ ਨਹੀਂ,
ਤੇਰੀ ਕਲਮ ਦੀਆਂ ਰਗਾਂ ਵਿੱਚੋਂ ਖ਼ੂਨ ਵੀ ਸੁੱਕਿਆ ਨਹੀਂ।
ਗਰਮ ਹੈ ਹਾਲੇ, ਅਜੇ ਵੀ ਖ਼ੂਨ ਦਾ ਰੰਗ ਲਾਲ ਹੈ,
ਬਹੁਤ ਕਲਮਾਂ ਨੇ ਅਜੇ ਤਾਂ ਕਾਰਜ ਸ਼ੁਰੂ ਕਰਨਾ ਹੈ।

ਪਿੱਤਰਾਂ ਵਰਗੇ ਮਿੱਤਰਾਂ ਦਾ ਇੱਕ ਵਾਅਦਾ ਪੂਰਾ ਕਰਨਾ ਹੈ....।

ਮਿੱਤਰ ਨੂੰ ਪਿੱਤਰ ਕਹਿਣ ਦਾ ਜੇ ਦਿਲ ਕਰੇ ਤਾਂ ਕਹਾਂਗੇ,
ਸਹਿਣਾ ਸਿਖਾਇਆ ਤੂੰ, ਵਕਤ ਆਇਆ ਅਸੀਂ ਵੀ ਸਹਾਂਗੇ।
ਤਰਨ ਦਾ ਵੱਲ਼ ਦੱਸ ਕੇ ਤੂੰ ਸਦਾ ਦੇ ਲਈ ਤੁਰ ਗਿਉਂ,
ਯਾਰ ਹਾਂ ਤੇਰੇ ਅਸੀਂ ਵੀ ਤੇਰੇ ਵਾਂਗੂੰ ਤਰਨਾ ਹੈ।

ਪਿੱਤਰਾਂ ਵਰਗੇ ਮਿੱਤਰਾਂ ਦਾ ਇੱਕ ਵਾਅਦਾ ਪੂਰਾ ਕਰਨਾ ਹੈ....।

وعدہ

پِتراں ورگے متراں دا اک وعدہ پورا کرنا ہے
بُہتی اوڑ لگن توں پہلاں بدل بن کے ورھنا ہے

بینتی، فریاد تک سیمت نہیں قلماں دی جنگ،
اڈدیاں بازاں مگر اڈن دی لاہنی ہے سنگ
ظالم نوں ظالم کہن دی زئرت جد تک قلم دی،
ظالم دیاں ظلماں دا پرداپھاش کرنا ہے

پِتراں ورگے متراں دا اک وعدہ پورا کرنا ہے....

پنج تت بخرے نے تیرے توں کدے مکیا نہیں،
تیری قلم دیاں رگاں وچوں خون وی سکیا نہیں
گرم ہے حالے، اجے وی خون دا رنگ لال ہے،
بہت قلماں نے اجے تاں کارج شروع کرنا ہے

پتراں ورگے متراں دا اک وعدہ پورا کرنا ہے....

متر نوں پتر کہن دا جے دل کرے تاں کہانگے،
سہنا سکھایا توں، وقت آیا اسیں وی سہانگے
ترن دا ول دس کے توں سدا دے لئی تر گیوں،
یار ہاں تیرے اسیں وی تیرے وانگوں ترنا ہے

پتراں ورگے متراں دا اک وعدہ پورا کرنا ہے....

ਤਿੱਤਲੀਆਂ ਦਾ ਕਤਲ

ਤਿੱਤਲੀਆਂ ਮਾਰਨ ਦੇ ਤੇਰੇ ਸ਼ੌਕ ਵਿੱਚ
ਕਿੰਨਾ ਕੁ ਜ਼ਿਆਦਾ ਸਹਿਜ ਹੈ
ਕਿੰਨਾ ਕੁ ਜ਼ਿਆਦਾ ਸੁਹਜ ਹੈ।

ਤੂੰ ਫਖ਼ਰ ਕਰਦਾ ਏਂ ਕਿ ਤੂੰ ਹਥਿਆਰ ਨਹੀਂ ਚੁੱਕਦਾ
ਨਰਮ ਦਿਲ ਹੈਂ ਤਾਂ ਹੀ ਤੂੰ ਡਾਂਗ ਨਹੀਂ ਵਾਹੁੰਦਾ
ਤੂੰ ਮਾਣ ਕਰਦਾ ਹੈਂ ਕਦੇ ਗੋਲ਼ੀ ਨਹੀਂ ਦਾਗ਼ੀ
ਮਾਰਦੈਂ ਡੀਂਗਾਂ ਕਿ ਤੂੰ ਤਲਵਾਰ ਨਹੀਂ ਵਰਤੀ
ਬਲਿਹਾਰ ਜਾਵਾਂ ਤੇਰੀਆਂ ਨਾਜ਼ੁਕ ਦਲੀਲਾਂ
ਤਿੱਤਲੀਆਂ ਦੇ ਕਤਲ ਤੂੰ ਛੁਪ ਕੇ ਨਹੀਂ ਕਰਦਾ
ਫੁੱਲ, ਕਲੀਆਂ ਦੇਖਦੇ ਹੁੰਦੇ
ਜਦੋਂ ਤੂੰ ਪੋਟਿਆਂ ਨਾਲ ਮਸਲਦਾਂ ਤਿੱਤਲੀ।

ਤੇਰੇ ਲਈ ਕਾਫ਼ੀ ਹੈ ਕਿ ਤੂੰ ਮਾਰ ਸਕਦੈਂ ਕਿਸੇ ਨੂੰ
ਤਕੜੇ ਨੂੰ ਹੱਥ ਪਾਉਣ ਤੋਂ ਜਕਦਾ ਹੈਂ ਤੂੰ
ਸ਼ੌਕ ਪੂਰਾ ਕਰਨ ਲਈ ਤਿੱਤਲੀ ਹੀ ਕਾਫ਼ੀ ਹੈ
ਆਪੇ ਹੀ ਦੱਸੀਂ ਤੂੰ ਭਲਾ! ਮੈਂ ਕੀ ਕਰਾਂ ਤੇਰਾ
ਤਗ਼ਮਾ ਦਿਆਂ ਕਿਹੜਾਂ?
ਜਾਂ ਕੋਈ ਮਾਣ ਪੱਤਰ ਦੇ ਦਿਆਂ
ਗਿੰਨੀ ਬੁੱਕ 'ਚ ਤੇਰਾ ਨਾਂ ਲਿਖਾ
ਕਮਾਲ ਦੀ ਗੱਲ ਹੈ ਇਹ ਤੇਰਾ ਸ਼ੌਕ।

ਬੇਮਿਸਾਲ ਹਸਤੀ ਹੈਂ ਤੂੰ
ਤਿੱਤਲੀ ਵਰਗਾ ਸ਼ੌਕ ਹੈ ਤੇਰਾ
ਤੂੰ ਤਿੱਤਲੀ ਹੀ ਹੁੰਦਾ ਤਾਂ ਖ਼ਰਾ ਸੀ।

ਤੇਰੀ ਔਕਾਤ ਦਾ ਜੇ ਪਤਾ ਹੁੰਦਾ ਤਾਂ
ਸ਼ਾਇਦ ਤਿੱਤਲੀ ਵੀ ਕੁੱਝ ਕਰਦੀ
ਸ਼ਾਇਦ ਤਿੱਤਲੀ ਵੀ ਕੁੱਝ ਕਰਦੀ।

•

تتلیاں دا قتل

تتلیاں مارن دے تیرے شوق وچ
کنا کو زیادہ سہج ہے
کنا کو زیادہ سہج ہے
توں فخر کردا ایں کہ توں ہتھیار نہیں چکدا
نرم دل ہیں تاں ہی توں ڈانگ نہیں واہندا
توں مان کردا ہیں کدے گولی نہیں داغی
ماردیں ڈینگاں کہ توں تلوار نہیں ورتی
بلہار جاواں تیریاں نازک دلیلاں
تتلیاں دے قتل توں چھپ کے نہیں کردا
پھل، کلیاں دیکھدے ہوندے
جدوں توں پوٹیاں نال مسلداں تتلی
تیرے لئی کافی ہے کہ توں مار سکدیں کسے نوں
تکڑے نوں ہتھ پاؤن توں جکدا ہیں توں
شوق پورا کرن لئی تتلی ہی کافی ہے
آپے ہی دسیں توں بھلا! میں کیہ کراں تیرا
تغما دیاں کیہڑاں؟
جاں کوئی مان پتر دے دیاں
گنی بک 'چ تیرا ناں لکھا
کمال دی گل ہے ایہہ تیرا شوق
بے مثال ہستی ہیں توں
تتلی ورگا شوق ہے تیرا
توں تتلی ہی ہوندا تاں خرا سی
تیری اوقات دا جے پتہ ہوندا تاں
شاید تتلی وی کجھ کردی
شاید تتلی وی کجھ کردی

ਤਰਸ ਦੀ ਪਾਤਰ ਨਹੀਂ

ਮੈਂ ਹੁਣ ਤੇਰੇ ਤਰਸ ਦੀ ਪਾਤਰ ਨਹੀਂ
ਸਿਰਫ਼ ਮੈਂ ਹੁਣ ਤੇਰੇ ਹੀ ਖਾਤਰ ਨਹੀਂ।

ਮੈਂ ਕੋਈ ਅੰਨ ਦੀ ਬੁਰਕੀ ਨਹੀਂ ਮਿੱਤਰਾ!
ਜਿਸਨੂੰ ਜਿਵੇਂ ਤੇਰਾ ਮਨ ਕਰੇ ਤੂੰ ਨਿਗਲ ਜਾਵੇਂ।
ਤਾਰਿਆਂ 'ਤੇ ਅੱਜ ਲੋਕੀਂ ਪਾਹੁੰਚ ਗਏ ਸੱਜਣਾ!
ਮੈਂ ਤਾਂ ਅੱਜ ਤੱਕ ਖ਼ੁਦੀ ਦੀ ਹੀ ਖੋਜ ਕੀਤੀ ਹੈ।

ਮੇਰਾ ਸਫ਼ਰ ਇੱਕ ਤਰਸ ਤੋਂ ਤੁਰਦਾ ਜਰੂਰ
ਪਰ ਬਹੁਤ ਕੁੱਝ ਹੈ ਤਾਰਿਆਂ ਤੋਂ ਬਹੁਤ ਦੂਰ।

ਤੇਰੀ ਕਸਮ! ਮੈਂ ਤੇਰੇ ਤੋਂ ਆਕੀ ਨਹੀਂ ਹਾਂ
ਪਰ ਸਭ ਕੁੱਝ ਤੇਰਾ ਜਰਨ ਨੂੰ ਵੀ ਜੀਅ ਨਹੀਂ ਕਰਦਾ।

ਸਮਾਂ ਆਪਣੀ ਤੋਰ ਤੁਰਦਾ ਜਾਏਗਾ
ਕਦੇ ਤਾਂ ਤੈਨੂੰ ਖ਼ਿਆਲ ਆਏਗਾ।

ਉਹ ਰੁੱਖ ਜਿਸ ਦੀਆਂ ਜੜ੍ਹਾਂ ਮੇਰੇ ਗਰਭ ਦੀ ਬੋਟੀ
ਉਸਦੇ ਪੱਤਿਆਂ 'ਤੇ ਹੱਥ ਧਰ ਕੇ ਸੱਚ ਕਹਿੰਦੀ ਹਾਂ
ਜੇ ਅੱਜ ਜੁਲਮ ਨੂੰ ਜੁਲਮ ਕਹਿਣ ਦੀ ਜੁਰਅਤ ਕੀਤੀ ਹੈ
ਤੇਰੀ ਹੀ ਮਿਹਰਬਾਨੀ ਹੈ।

ਮੇਰੇ ਇਤਿਹਾਸ 'ਤੇ ਜੋ ਤਰਸ ਦੀ ਤਸਵੀਰ ਦਿਸਦੀ ਹੈ
ਇਹ ਤੇਰੀ ਹੀ ਨਿਸ਼ਾਨੀ ਹੈ

ਹੋਰ ਮੈਂ ਹੁਣ ਕੀ ਕਹਾਂ
ਮੇਰੀ ਚੁੱਪ 'ਚੋਂ ਕੁੱਝ ਭਾਲਣ ਦੀ ਆਦਤ ਬਣਾ
ਗੂੰਗੀ ਨਹੀਂ ਹਾਂ ਚੁੱਪ ਹਾਂ।

ਲੇਕਿਨ ਤੇਰੇ ਤਰਸ ਦੀ ਪਾਤਰ ਨਹੀਂ
ਸਿਰਫ਼ ਮੈਂ ਹੁਣ ਤੇਰੇ ਹੀ ਖਾਤਰ ਨਹੀਂ।

•

ترس دی پاتر نہیں

میں ہن تیرے ترس دی پاتر نہیں
صرف میں ہن تیرے ہی خاطر نہیں

میں کوئی ان دی برکی نہیں مترا!
جسنوں جویں تیرا من کرے توں نگل جاویں
تاریاں 'تے اج لوکیں پاہنچ گئے سجنا!
میں تاں اج تک خدی دی ہی کھوج کیتی ہے

میرا سفر اک ترس توں تردا ضرور
پر بہت کجھ ہے تاریاں توں بہت دور

تیری قسم! میں تیرے توں عاقی نہیں ہاں
پر سبھ کجھ تیرا جرن نوں وی جی نہیں کردا

سماں اپنی تور تردا جائیگا
کدے تاں تینوں خیال آئیگا

اوہ رکھ جس دیاں جڑھاں میرے گربھ دی بوٹی
اسدے پتیاں 'تے ہتھ دھر کے سچ کہندی ہاں
جے اج ظلم نوں ظلم کہن دی زرئت کیتی ہے
تیری ہی مہربانی ہے

میرے اتہاس 'تے جو ترس دی تصویر دسدی ہے
ایہہ تیری ہی نشانی ہے

ہور میں ہن کیہ کہاں
میری چپ 'چوں کجھ بھالن دی عادت بنا
گونگی نہیں ہاں چپ ہاں
لیکن تیرے ترس دی پاتر نہیں
صرف میں ہن تیرے ہی خاطر نہیں

ਤਾਰੋ

ਨੀ ਤਾਰੋ! ਤਰ ਜਾਏਂਗੀ।
ਜੇ ਸਿੱਟੇ ਚੁਗ ਲਿਆਏਂਗੀ।

ਖ਼ਾਲੀ ਖੇਤਾਂ ਦੇ ਵਿੱਚ ਜਾਵੀਂ
ਖੜੀ ਕਣਕ ਵਿੱਚ ਪੈਰੁ ਨਾ ਪਾਵੀਂ
ਅੱਜ ਸਵੇਰੇ ਸੂਰਜ ਦੀ ਟਿੱਕੀ ਨਿਕਲੇਗੀ
ਤੇਰਾ ਪੈਂਡਾ ਸੂਰਜ ਨਾਲੋਂ ਘੱਟ ਨਾ ਹੋਵੇ।

ਜੇ ਕੁੱਝ ਫਾਰਮ ਵਾਲੇ ਆਖਣ
ਸਰਦਾਰਾਂ ਦੇ ਮੁੰਡੇ ਜੇ ਮੁੜ-ਮੁੜ ਕੇ ਝਾਕਣ
ਦੜ ਵੱਟ ਰੱਖੀਂ
ਗੋਟ੍ਹੇ ਦੀ ਅੱਗ ਵਾਂਗਰ
ਵਿੱਚੋ-ਵਿੱਚ ਭੱਖੀਂ।

ਸ਼ਾਮ ਤੀਕਰਾਂ ਰੋਟੀ ਜੋਗਾ ਹੋ ਜਾਵੇਗਾ।

'ਨ੍ਹੇਰਾ ਹੋਣ ਤੋਂ ਪਹਿਲਾਂ-ਪਹਿਲਾਂ
ਸਿੱਟੇ ਚੁਗ ਕੇ ਘਰ ਜਾਵੀਂ
ਗਾਂ ਦੇ ਕਿੱਲੇ ਲਾਗੇ ਆਪਣੀ
ਉਸੇ ਪੁਰਾਣੀ ਮੰਜੀ ਦੇ ਵਿੱਚ ਅਸਤ ਹੋ ਜਾਵੀਂ।
ਫੇਰ ਸਵੇਰੇ ਸਿੱਟੇ ਲੱਭਣ ਜਾਵੀਂ
ਫੇਰ ਸਵੇਰੇ ਸਿੱਟੇ ਲੱਭਣ ਜਾਵੀਂ।

•

تارو

نی تارو! تر جائیں گی
جے سٹے چگ لیائیں گی

خالی کھیتاں دے وچ جاویں
کھڑی کنک وچ پیرھ نہ پاویں
اج سویرے سورج دی ٹکی نکلے گی
تیرا پینڈا سورج نالوں گھٹ نہ ہووے

جے کجھ فارم والے آکھن
سرداراں دے منڈے جے مڑ مڑ کے جھاکن
دڑ وٹ رکھیں
گوٹھے دی اگ وانگر
وچو وچ بھکھیں

شام تیکراں روٹی جوگا ہو جاویگا

'نھیرا ہون توں پہلاں پہلاں
سٹے چگ کے گھر جاویں
گاں دے کلے لاگے اپنی
اسے پرانی منجی دے وچ است ہو جاویں
پھیر سویرے سٹے لبھن جاویں
پھیر سویرے سٹے لبھن جاویں

ਧੀਆਂ-ਭੈਣਾਂ

ਪੁੱਤ ਜੰਮਣ ਦੀ ਆਸ਼ਾ ਦੇ ਵਿੱਚ, ਨੱਤੀਆਂ ਫਿਰਨ ਘੜਾਈ,
ਧੀ ਧਿਆਣੀ ਜੰਮੀ, ਜੰਮਦਿਆਂ ਸਾਰ ਮੁਸੀਬਤ ਆਈ।

ਕੁੜਮਾਚਾਰੀ ਸਾਰੀ ਘਰ-ਘਰ ਬੈਠ ਉਡੀਕਣ ਭਾਜੀ,
ਧੀ ਜੰਮਣ 'ਤੇ ਮਾਂ ਨੂੰ ਦਿੱਤੀ ਕਿਸੇ ਨਾ ਆਣ ਵਧਾਈ।

ਘਿਉ ਲੈ ਕੇ ਨਾ ਆਇਆ ਕੋਈ, ਨਾ ਹੀ ਬਣੀ ਪੰਜੀਰੀ,
ਨਾਂਅ ਰੱਖਣ ਨੂੰ ਵਾਕ ਨਾ ਪੜ੍ਹਿਆ, ਨਾ ਕਿਸੇ ਗੁੜ੍ਹਤੀ ਲਾਈ।

ਨਾ ਡੱਟ ਖੁੱਲ੍ਹੇ ਨਾ ਮਧ ਵਰਤੀ, ਨਾ ਹੀ ਤੇਰ੍ਹਵਾਂ ਮੰਨਿਆਂ,
ਨਾ ਹੀ ਆਏ ਮਰਾਸੀ, ਨਾ ਖੁਸਰੇ ਚੜਗਿੱਲੀ ਪਾਈ।

ਨਾ ਕੋਈ ਸੂਟ ਨਾ ਗਾਨੀਂ ਮੰਗੀ, ਭੋਰਾ ਜਿੱਦ ਨਾ ਕੀਤੀ,
ਰੱਬ ਦਾ ਭਾਣਾ ਕਹਿ ਕੇ ਹੀ ਚੁੱਪ ਕਰਕੇ ਮੁੜ ਗਈ ਦਾਈ।

ਨਾ ਕੋਈ ਲਾਗ ਨਾ ਲਾਗੀ ਰੜਕੇ, ਪੁੰਨ ਦਾਨ ਨਾ ਹੋਇਆ,
ਨਾ ਕੋਈ ਮੁੱਲਾਂ, ਨਾ ਕੋਈ ਪੰਡਤ, ਨਾ ਕੋਈ ਰੁੱਸਿਆ ਭਾਈ।

ਇੱਕ ਪੁਰਾਣੇ ਜੈਂਪਰ ਵਿੱਚੋਂ ਝੱਗੇ ਦੋ ਬਣਵਾਏ,
ਮਾਂ ਨੇ ਆਪਣੀ ਧੀ ਦੇ ਗਲ਼ ਵਿੱਚ ਬਦਲ-ਬਦਲ ਕੇ ਪਾਏ।

دِھیاں بھیناں

پُت جمن دی آشا دے وچ، نتیاں پھرن گھڑائی،
دھی دھیانی جمی، جمدیاں سار مصیبت آئی

کُڑماچاری ساری گھر گھر بیٹھ اڈیکن بھاجی،
دھی جمن 'تے ماں نوں دتی کسے نہ آن ودھائی

گھیؤ لے کے نہ آیا کوئی، نہ ہی بنی پنجیری،
ناں رکھن نوں واک نہ پڑھیا، نہ کسے گڑھتی لائی

نہ ڈٹ کھلھے نہ مدھ ورتی، نہ ہی تیرھواں منیاں،
نہ ہی آئے مراسی، نہ خسرے چڑگلی پائی

نہ کوئی سوٹ نہ گانیں منگی، بھورا ضد نہ کیتی،
رب دا بھانا کہہ کے ہی چپ کرکے مڑ گئی دائی

نہ کوئی لاگ نہ لاگی رڑکے، پن دان نہ ہویا،
نہ کوئی ملاں، نہ کوئی پنڈت، نہ کوئی رسیا بھائی

اک پرانے جینپر وچوں جھگے دو بنوائے،
ماں نے اپنی دھی دے گل وچ بدل بدل کے پائے

ਗੋਹਾ ਕੂੜਾ ਕਰਦੀ ਮਾਂ ਦੇ ਲਾਗੇ ਰਿੜਦੀ ਫਿਰਦੀ,
ਚੁੱਲ੍ਹੇ ਚੌਂਕਿਆਂ ਨੂੰ ਤੱਕੇ ਜੋ ਮਾਂ ਨੇ ਆਪ ਬਣਾਏ।

ਨਾ ਕੋਈ ਨਵਾਂ ਭੰਗੂੜਾ ਮਿਲਿਆ, ਨਾ ਕੋਈ ਖ਼ਾਸ ਖਿਡੌਣਾ,
ਰੱਬ ਜਾਣੇ! ਰੱਬ ਦੇ ਰੰਗਾਂ ਨੂੰ, ਲਿਖਿਆ ਕੌਣ ਮਿਟਾਏ।

ਵੇਖਦਿਆਂ ਹੀ ਵੱਡੀ ਹੋ ਗਈ, ਵੀਰਾ ਚੁੱਕੀ ਫਿਰਦੀ,
ਘਰ ਦੇ ਕੰਮ-ਕਾਜ ਵਿੱਚ ਆਪਣੀ ਮਾਂ ਦਾ ਹੱਥ ਵਟਾਏ।

ਵੀਰ ਦੀਆਂ ਚੰਗੀਆਂ-ਮੰਦੀਆਂ ਤੇ, ਫਿਰਦੀ ਪਰਦੇ ਪਾਉਂਦੀ,
ਗ਼ਲਤੀ ਕਰੇ ਭਰਾ ਭਾਵੇਂ, ਪਰ ਭੈਣ ਹੀ ਝਿੜਕਾਂ ਖਾਏ।

ਧੀ ਭੈਣ ਦਾ ਪਾਤਰ ਚਿਤਰਣ ਕਰਦਿਆਂ ਸੁੱਨੜ ਰੋਇਆ,
ਜਿਸਦੇ ਸਿਰ 'ਤੇ ਬੀਤੀ, ਉਸਦੀ ਪੀੜਾ ਕੌਣ ਵੰਡਾਏ।

•

وہا کوڑا کردی ماں دے لاگے رڑدی پھردی،
چلھے چونکیاں نوں تکے جو ماں نے آپ بنائے

نہ کوئی نواں بھنگوڑا ملیا، نہ کوئی خاص کھڈونا،
رب جانے! رب دے رنگاں نوں، لکھیا کون مٹائے

ویکھدیاں ہی وڈی ہو گئی، ویرا چکی پھردی،
گھر دے کم کاج وچ اپنی ماں دا ہتھ وٹائے

ویر دیاں چنگیاں مندیاں تے، پھردی پردے پاؤندی،
غلطی کرے بھرا بھاویں، پر بھین ہی جھڑکاں کھائے

دھی بھین دا پاتر چترن کردیاں سنڑ رویا،
جسدے سر 'تے بیتی، اسدی پیڑا کون ونڈائے

ਖ਼ੁਦਕੁਸ਼ੀ

(ਪਾਲ ਕੌਰ ਦੀ ਨਜ਼ਮ ‘ਮਾਂ ਦੁਖੀ ਸੀ’ ਪੜ੍ਹਨ ਤੋਂ ਬਾਅਦ)

ਪੈਸੇ ਵਾਲਾ ਪਰਦੇਸੀ ਮਰ ਗਿਆ, ਮੇਰੇ ਰੂਪ-ਰੰਗ ਨੂੰ ਵੇਖ ਕੇ,
ਪਰ ਅੱਗ ਦਾ ਪਤਾ ਤਾਂ ਲੱਗੇਗਾ, ਅੱਗ ਨੂੰ ਆਪ ਹੀ ਸੇਕ ਕੇ।

ਪੈਸੇ ਦੀ ਚਮਕ ਨੇ ਚੁੰਧਿਆਈਆਂ, ਅੱਖਾਂ ਮੇਰੇ ਮਾਂ-ਬਾਪ ਦੀਆਂ,
ਚੱਲ ਪਈਆਂ ਫੇਰ ਲੱਖ ਸਕੀਮਾਂ, ਇਸ ਚੰਦਰੀ ਦੇ ਸਾਕ ਦੀਆਂ।

ਸੁਪਨ ਮਹਿਲ ਬਣਾਏ, ਸਬਜ਼ਬਾਗ ਦਿਖਾਏ, ਕਈ ਡੀਂਗਾਂ ਮਾਰੀਆਂ,
ਜਦ ਮੇਰੇ ਨੈਣ-ਨਕਸ਼ ਤੇ ਮੇਰੀਆਂ ਜ਼ੁਲਫਾਂ, ਉਸਨੂੰ ਲੱਗੀਆਂ ਪਿਆਰੀਆਂ।

ਸੁਣਿਆ ਸੀ ਬਹੁਤ ਕੁੱਝ ਪਰ ਅਣਸੁਣਿਆ ਕਰਕੇ ਮੈਨੂੰ ਤੁਰਨਾ ਪਿਆ,
ਕਿਸਮਤ ‘ਚ ਲਿਖੇ ਸੀ ਜਿਹੜੇ, ਉਨ੍ਹਾਂ ਮੋੜਾਂ ‘ਤੇ ਮਰਜ਼ੀ ਨਾਲ ਮੁੜਨਾ ਪਿਆ।

ਮੇਰੀ ਸਹਿਮਤੀ ਨਾਲ ਮੈਂ ਸੰਪੱਤੀ ਬਣ ਗਈ ਕਿਸੇ ਅਣਜਾਣ ਸਾਥੀ ਦੀ,
ਮੈਂ ਸਾਂਝੀਵਾਲ ਹਾਂ ਖੁਦ, ਮੇਰੇ ਜੀਵਨ ‘ਚ ਲੱਗੀ ਹਰ ਇੱਕ ਚਵਾਤੀ ਦੀ।

ਪੰਜ ਭਾਈ ਬਰਾਬਰ ਵੰਡਦੇ ਜਿਸਨੂੰ ਸੰਪੱਤੀ ਹੀ ਸੀ ਇਨਸਾਨ ਤਾਂ ਨਾ ਸੀ,
ਜੋ ਜੂਏ ਹਾਰੀ ਜਾ ਸਕੇ ਪੂੰਜੀ ਹੀ ਹੋਵੇਗੀ, ਅਰਧਾਂਜਲੀ ਈਮਾਨ ਤਾਂ ਨਾ ਸੀ।

ਸਰੂਪਨਖ਼ਾ ਬਣਨ, ਨੱਕ ਵਡਵਾਉਣ ਨੂੰ ਮੈਂ ਮਨਜ਼ੂਰ ਕਰਦੀ ਤਾਂ ਕਿਵੇਂ ਕਰਦੀ,
ਰਾਵਣ ਦੀ ਭੈਣ, ਸੁੰਦਰ ਰੂਪ ਲਛਮਣ ਤੋਂ ਹਰਦੀ ਤਾਂ ਦੱਸੋ! ਮੈਂ ਕਿਉਂ ਹਰਦੀ।

ਅਗਨੀ ਪ੍ਰੀਖਿਆ ਤੋਂ ਤਾਂ ਸੀਤਾ ਵਰਗੀ ਸਵਿੱਤਰੀ ਵੀ ਨਾ ਬਚ ਸਕੀ ਸਖੀਓ!
ਪ੍ਰੀਖਿਆ ਲੈਣ ਵਾਲੇ ਮਰਦ ਦਾ ਨਾਂ ਤੁਸੀਂ ਮਰਿਯਾਦਾ ਪਰਸ਼ੋਤਮ ਹੀ ਰੱਖਿਓ।

خُود کُشی

(پال کور دی نظم 'ماں دُکھی سی' پڑھن توں بعد)

پیسے والا پردیسی مر گیا، میرے روپ رنگ نوں ویکھ کے،
پر اگ دا پتہ تاں لگیگا، اگ نوں آپ ہی سیک کے
پیسے دی چمک نے چندھیائیاں، اکھاں میرے ماں باپ دیاں،
چل پئیاں پھیر لکھ سکیماں، اس چندری دے ساک دیاں
سپن محل بنائے، سبزباگ دکھائے، کئی ڈینگاں ماریاں،
جد میرے نین نقش تے میریاں زلفاں، اسنوں لگیاں پیاریاں
سنیا سی بہت کجھ پر انسنیا کرکے مینوں ترنا پیا،
قسمت 'چ لکھے سی جیہڑے، اوہناں موڑاں 'تے مرضی نال مڑنا پیا
میری سہمتی نال میں سمپنتی بن گئی کسے انجان ساتھی دی،
میں سانجھیوال ہاں خود، میرے جیون 'چ لگی ہر اک چواتی دی
پنج بھائی برابر ونڈدے جسنوں سمپنتی ہی سی انسان تاں نہ سی،
جو جوئے ہاری جا سکے پونجی ہی ہوویگی، اردھانجلی ایمان تاں نہ سی
سروپنخا بنن، نک وڈواؤن نوں میں منظور کردی تاں کویں کردی،
راون دی بھین، سندر روپ لچھمن توں ہردی تاں دسو! میں کیوں ہردی
اگنی پریکھیا توں تاں سیتا ورگی سوتری وی نہ بچ سکی سخیؤ!
پریکھیا لین والے مرد دا ناں تسیں مریادا پرشوتم ہی رکھیو

ਰਾਵਣ ਡੱਕ ਕੇ ਰੱਖਿਓ ਸੱਜਣੋ, ਕਿਤੇ ਆ ਕੇ ਧਨੁਸ਼ ਤੋੜ ਨਾ ਦੇਵੇ,
ਰਾਮ ਦੇ ਹੁੰਦਿਆਂ ਜ਼ਰਾ ਸੋਚੋ! ਰਾਵਣ ਕਹਾਣੀ ਇਕ ਦਮ ਮੋੜ ਨਾ ਦੇਵੇ।

ਮਾਣਸ ਜਨਮ ਮਿਲਿਆ ਮੰਨੂੰ ਸਿਮਰਤੀ ਤਾਂ ਮੰਨਣਾ ਪਵੇਗਾ ਮੈਂ ਜਾਣਦੀ ਹਾਂ,
ਛਾਂ ਹੈ ਜਾਂ ਧੁੱਪ ਹੈ ਜੀਵਨ ਮੇਰਾ ਸਖੀਓ! ਹਰ ਹਾਲ 'ਚ ਇਸਨੂੰ ਮਾਣਦੀ ਹਾਂ।

ਬਗ਼ਾਵਤ ਕਰਾਂ ਤਾਂ ਵੀ ਮਰਾਂ, ਮਰਜ਼ੀ ਨਾਲ ਖੁਦਕੁਸ਼ੀ ਕਰਾਂ ਤਾਂ ਵੀ ਮਰਾਂ,
ਅਜੇ ਤੱਕ ਤਾਂ ਸਮਝ ਨਹੀਂ ਆਈ ਕਿ ਕਿਹੜੇ ਖੂਹ ਦੇ ਵਿੱਚ ਮੈਂ ਡੁੱਬ ਮਰਾਂ।

•

راون ڈک کے رکھیو سجنو، کتے آ کے دھنش توڑ نہ دیوے،
رام دے ہوندیاں ذرا سوچو! راون کہانی اک دم موڑ نہ دیوے
مانس جنم ملیا منوں سمرتی تاں منّنا پویگا میں جاندی ہاں،
چھاں ہے جاں دھپ ہے جیون میرا سخیؤ! ہر حال 'چ اسنوں ماندی ہاں
بغاوت کراں تاں وی مراں، مرضی نال خدکشی کراں تاں وی مراں،
اجے تک تاں سمجھ نہیں آئی کہ کیہڑے کھوہ دے وچ میں ڈب مراں

ਸਖੀਏ

ਉੱਠ ਜਾਗ ਨੀ ਸਖੀਏ! ਘਰਾੜੇ ਮਾਰ ਨਾ।
ਆਪਣੀ ਰਚਾਈ ਖੇਲ੍ਹ ਵਿੱਚ ਤੂੰ ਹਾਰ ਨਾ।

ਸਿਰਜਣਹਾਰ ਅਪਾਰ ਦਾ ਇਤਬਾਰ ਹੈਂ ਤੂੰ,
ਸੁਖਸ਼ਮ ਕਰਤਾਰ ਦਾ ਦੀਦਾਰ ਹੈਂ ਤੂੰ।

ਦੁਨੀਆ ਰਚਣ ਵਾਲੀ ਹੀ ਕਿਉਂ ਮਜ਼ਬੂਰ ਹੈ,
ਤੂੰ ਕਿਉਂ ਕਹੇਂ ਸਾਗਰ ਤੋਂ ਪਾਣੀ ਦੂਰ ਹੈ।

ਜੀਣਾ ਹੈ ਜੇ ਤਾਂ ਜੀਣ ਦਾ ਐਲਾਨ ਕਰ,
ਜੇ ਦਰਦ ਹੈ ਕੋਈ ਤਾਂ ਉਸਨੂੰ ਬਿਆਨ ਕਰ।

ਆਪਣੇ ਹੱਥੀਂ ਨਾ ਆਪਣਾ ਕਤਲ ਕਰ,
ਗਰਭ ਤੇਰਾ ਹੈ ਤਾਂ ਉਸਦੀ ਪੀੜ ਜਰ।

ਬੀਜੀਆਂ ਫਸਲਾਂ ਜੇਕਰ ਨਾ ਜੰਮੀਆਂ,
ਟੁੱਟਣੀਆਂ ਨਾ ਫਿਰ ਜੰਜ਼ੀਰਾਂ ਲੰਮੀਆਂ।

ਤਰਸ ਦੀ ਪਾਤਰ ਤੂੰ ਬਣ ਕੇ ਕੀ ਕਰੇਂਗੀ,
ਕਿੰਨਾ ਕੁ ਚਿਰ ਤੱਕ ਆਪਣੀ ਤੂੰ ਚੁੱਪ ਜਰੇਂਗੀ।

ਦੁਰਗਾ ਵਾਂਗੂੰ ਸ਼ੇਰ 'ਤੇ ਅਸਵਾਰ ਹੋ,
ਕੱਲ੍ਹ ਦੇ ਸੂਰਜ ਤੋਂ ਪਹਿਲਾਂ ਤਿਆਰ ਹੋ।

ਉੱਠ ਜਾਗ ਨੀ ਸਖੀਏ! ਘਰਾੜੇ ਮਾਰ ਨਾ।
ਆਪ ਰਚਾਈ ਖੇਲ੍ਹ ਵਿੱਚ ਤੂੰ ਹਾਰ ਨਾ।

•

سکھیے

اٹھ جاگ نی سکھیے! گھراڑے مار نہ
اپنی رچائی کھیلھ وچ توں ہار نہ

سرجن ہار اپار دا اعتبار ہیں توں،
سوکھشم کرتار دا دیدار ہیں توں

دنیا رچن والی ہی کیوں مجبور ہے،
توں کیوں کہیں ساگر توں پانی دور ہے

جینا ہے جے تاں جین دا اعلان کر،
جے درد ہے کوئی تاں اسنوں بیان کر

اپنے ہتھیں نہ اپنا قتل کر،
گربھ تیرا ہے تاں اسدی پیڑ جر

بیجیاں فصلاں جیکر نہ جمیاں،
ٹٹنیاں نہ پھر زنجیراں لمیاں

ترس دی پاتر توں بن کے کیہ کریں گی،
کنا کو چر تک اپنی توں چپ جرینگی

درگا وانگوں شیر 'تے اسوار ہو،
کل دے سورج توں پہلاں تیار ہو

اٹھ جاگ نی سکھیے! گھراڑے مار نہ
آپ رچائی کھیلھ وچ توں ہار نہ

ਕਸਮ

ਅਰਾਵਲੀ ਪਹਾੜ ਦੇ ਚਰਨਾਂ ‘ਚ
ਬਿਨ ਕੱਫ਼ਨੋਂ ਤੇਲ ਪਾ ਕੇ ਸਾੜੀਆਂ
ਕਈ ਹਜ਼ਾਰ ਸਿੱਖਾਂ ਦੀਆਂ ਲਾਸ਼ਾਂ ਦੀ ਕਸਮ।

ਦਿੱਲੀ ਦੇ ਦਰਬਾਰੀਆਂ ਦੇ ਹੁਕਮ ਨਾਲ
ਕੂੜੇ ਵਾਲੇ ਟਰੱਕਾਂ ਵਿੱਚ
ਕੂੜੇ ਨਾਲੋਂ ਵੱਡੇ ਲਾਸ਼ਾਂ ਦੇ ਢੇਰਾਂ ਦੀ ਕਸਮ।

ਸਰਕਾਰਾਂ ਬਦਲੀਆਂ ਪਰ ਦਿੱਲੀ ਦਾ ਦਿਲ ਨਹੀਂ ਬਦਲਿਆ
ਸੱਚੇ-ਸੁੱਚੇ ਸਿੱਖਾਂ ਦੀ ਮਾਸੂਮੀਅਤ ਦੀ ਕਸਮ।

ਅਸੀਂ ਅੱਜ ਵੀ ਦਿੱਲੀ ਨੂੰ ਮੁਆਫ਼ ਕਰ ਦਿੰਦੇ
ਪਰ ਅਜੇ ਤੱਕ ਕਿਸੇ ਨੇ
ਜੁਲਮ ਨੂੰ ਜੁਲਮ ਨਹੀਂ ਮੰਨਿਆ, ਗ਼ਲਤੀ ਨਹੀਂ ਮੰਨੀ।

ਜੂੰ ਨਹੀਂ ਸਰਕੀ ਉਨੱਤੀ ਸਾਲ ਕਾਨੂੰਨ ਦੇ ਸਿਰ ‘ਤੇ
ਅੰਨ੍ਹੀ ਨਹੀਂ, ਮਚਲੀ ਹੈ ਸਰਕਾਰ
ਅੱਜ ਵੀ ਵੋਟਾਂ ਲਈ ਬਣਦੇ ਸਿੱਖਾਂ ਦੇ ਯਾਰ।

ਚੰਦੂ ਤੇ ਗੰਗੂ ਨੂੰ ਭੁੱਲ ਗਿਆ
ਜੰਜੂ ਚਾਂਦਨੀ ਚੌਕ ਵਿੱਚ ਰਾਜ ਕਰਦੇ ਨੇ
ਕਾਸ਼! ਇਹਨਾਂ ਨੂੰ ਮਰ ਜਾਣ ਦਿੰਦੇ ਤੇਗ਼ ਬਹਾਦਰ।

•

قسم

اراولی پہاڑ دے چرناں 'چ
بن کفنوں تیل پا کے ساڑیاں
کئی ہزار سکھاں دیاں لاشاں دی قسم

دِلی دے درباریاں دے حکم نال
کوڑے والے ٹرکاں وچ
کوڑے نالوں وڈے لاشاں دے ڈھیراں دی قسم

سرکاراں بدلیاں پر دلی دا دل نہیں بدلیا
سچے سچے سکھاں دی معصومیت دی قسم

اسیں اج وی دلی نوں معاف کر دیندے
پر اجے تک کسے نے
ظلم نوں ظلم نہیں منیا، غلطی نہیں منی

جوں نہیں سرکی انتی سال قانون دے سر 'تے
انی نہیں، مچلی ہے سرکار
اج وی ووٹاں لئی بندے سکھاں دے یار

چندو تے گنگو نوں بھل گیا
جنجو چاندنی چوک وچ راج کردے نے
کاش! ایہناں نوں مر جان دیندے تیغ بہادر

ਆਓ! ਇਤਿਹਾਸ ਲਿਖੀਏ

ਆਓ! ਇਤਿਹਾਸ ਲਿਖੀਏ
ਬਦਲ ਦਈਏ ਝੂਠੀਆਂ, ਮਨਘੜਤ ਮਿੱਥੀਆਂ
ਘਸੀਆਂ, ਪੁਰਾਣੀਆਂ, ਪਾਟੀਆਂ ਪ੍ਰੰਪਰਾਵਾਂ।

ਗ਼ਲਤ ਨੂੰ ਜੋ ਗ਼ਲਤ ਨਹੀਂ ਕਹਿੰਦਾ
ਜੋ ਉਹ ਗਲਤ ਹੈ।
ਭੇਡਚਾਲੇ ਕਰੀ ਜਾਵੇ ਜਿਹੜਾ ਝੂਠ ਦੀ
ਝੂਠੀ ਤਾਰੀਫ਼।

ਪਾਪ ਤੇ ਪੁੰਨ ਵਿੱਚ ਫ਼ਰਕ ਲੱਭਣਾ ਲਾਜ਼ਮੀ ਹੁੰਦੈ
ਆਓ! ਲੱਭੀਏ ਨਵੇਂ ਰਾਹ
ਖਹਿੜੇ ਤੇ ਕਰੀਏ ਸੱਚ ਦੀ ਖੁਰਾ-ਖੋਜ।

ਮਿਥਿਹਾਸ ਨੂੰ ਇਤਿਹਾਸ ਮੰਨ ਕੇ
ਡਾਂਗ ਵਰਗਾ ਡਰ ਭਲਾ ਕਾਹਤੋਂ
ਕਿਉਂ ਜੁੜ ਕੇ ਰੱਖੀਏ
ਇਹ ਆਪਣਾ ਵਰਤਮਾਨ।

ਆਓ! ਬੰਨੀਏ ਬਿੱਲੀ ਦੇ ਗਲ ਟੱਲੀ
ਕਿੰਨੇ ਚਿਰ ਤਕ ਜੀ ਸਕਾਂਗੇ
ਚੂਹਿਆਂ ਵਾਂਗ, ਖੁੱਡਾਂ 'ਚ ਕੁਚਰ-ਕੁਚਰ ਕਰਦਿਆਂ।

ਬੁਜ਼ਦਿਲ ਹੈ ਉਹ ਜੋ ਆਪਣਾ ਹੱਕ ਨਹੀਂ ਮੰਗਦਾ
ਕੁਦਰਤੀ ਆਕਾਸ਼ ਵਿੱਚ ਸਾਹ ਲੈਣ ਦਾ ਹੱਕ ਹੈ
ਸਭ ਦਾ ਬਰਾਬਰ।

آؤ! اتہاس لکھیے

آؤ! اتہاس لکھیے
بدل دئیے جھوٹھیاں، منگھڑت متھیاں
گھسیاں، پرانیاں، پاٹیاں پرمپراواں

غلط نوں جو غلط نہیں کہندا
جو اوہ غلط ہے
بھیڈچالے کری جاوے جیہڑا جھوٹھ دی
جھوٹھی تعریف

پاپ تے پن وچ فرق لبھنا لازمی ہوندے
آؤ! لبھیے نویں راہ
کھہڑے تے کریے سچ دی کھرا کھوجا

متھہاس نوں اتہاس من کے
ڈانگ ورگا ڈر بھلا کاہتوں
کیوں جوڑ کے رکھیے
ایہہ اپنا ورتمان

آؤ! بنیے بلی دے گل ٹلی
کنے چر تک جی سکاں گے
چوہیاں وانگ، کھڈاں 'چ کچر کچر کردیاں

بزدل ہے اوہ جو اپنا حق نہیں منگدا
قدرتی آکاش وچ ساہ لین دا حق ہے
سبھ دا برابر

ਕਿੰਨਾ ਚਿਰ ਚੁੱਪ ਰਹੋਗੇ
ਬੱਚਿਆਂ ਦੇ ਟੋਟੇ ਗਲ੍ਹਾਂ ਵਿੱਚ ਗਲ੍ਹਾਂ ਵਿੱਚ ਪਾ ਕੇ
ਪਤਾ ਕਰੀਏ
ਕਿੰਨੇ ਬੱਚੇ ਕਿਸਨੇ ਤੇ ਕਿਸ ਵਾਜ੍ਹਾ ਮਾਰੇ।

ਬੱਚਿਆਂ ਦੀ ਮੌਤ 'ਤੇ ਜੇ ਰੋਣਾ ਜੁਲਮ ਹੈ
ਤਾਂ ਜੁਲਮ ਹੀ ਸਹੀ
ਆਓ! ਉੱਚੇ ਕਰੀਏ ਕੀਰਨੇ
ਰਲ ਕੇ ਸਾਰੇ ਚੱਲੀਏ ਨਤੋਏ।

ਅੱਜ ਦੀ ਤਾਰੀਖ਼ ਕੱਲ ਨੂੰ ਇਤਿਹਾਸ ਹੋਵੇਗੀ
ਬੱਚਿਆਂ ਦੀ ਸ਼ਹਾਦਤ ਭੰਗ ਦੇ ਭਾੜੇ ਜਾਣ ਦੇਵਾਂਗੇ ਤਾਂ
ਦੋਸ਼ੀ ਕੌਣ ਹੋਵੇਗਾ।

ਆਪਸੀ ਮਤਬੇਦ ਛੱਡ ਕੇ
ਇੱਕਮੁੱਠ ਹੋ ਕੇ ਬਚਾਏ ਜਾ ਸਕਣਗੇ 'ਪਰਿਵਾਰ ਵਿਛੋੜੇ'
ਤੇ ਲਿਖੇ ਜਾਣਗੇ ਨਵੇਂ ਇਤਿਹਾਸ।

ਆਓ! ਇਤਿਹਾਸ ਲਿਖੀਏ
ਨਾ ਲਿਖਾਂਗੇ ਤਾਂ ਮਿਟ ਜਾਵਾਂਗੇ।
ਮਰ ਮੁੱਕ ਗਏ ਸਾਰੇ ਤਾਂ ਫਿਰ
ਇਤਿਹਾਸ ਕੀ ਮਿਥੀਹਾਸ ਕੀ।

•

کنا چر چپ رہوگے
بچیاں دے ٹوٹے گلھاں وچ گلھاں وچ پا کے
پتہ کریے
کنے بچے کسنے تے کس واجھا مارے

بچیاں دی موت تے جے رونا ظلم ہے
تاں ظلم ہی صحیح
آؤ! اچے کریے کیرنے
رل کے سارے چلیے نڑوئے

اج دی تاریخ کل نوں اتہاس ہوویگی
بچیاں دی شہادت بھنگ دے بھاڑے جان دیوانگے تاں
دوشی کون ہووےگا

آپسی متبید چھڈ کے
اکمٹھ ہو کے بچائے جا سکنگے 'پریوار وچھوڑے'
تے لکھے جانگے نویں اتہاس

آؤ! اتہاس لکھیے
نہ لکھانگے تاں مٹ جاوانگے
مر مک گئے سارے تاں پھر
اتہاس کیہ متھیہاس کی

ਕਿਸਾਨ ਦਾ ਦੁਖਾਂਤ

ਭਾਰਤ ਦਿਆ ਕਿਸਾਨਾ! ਹੁਣ ਤੂੰ ਜਾਗ ਭਾਵੇਂ ਨਾ ਜਾਗ।
ਜ਼ਹਿਰ ਚੜ੍ਹੀ ਹੈ ਤੇਰੇ ਲੂੰ-ਲੂੰ, ਲੜਿਆ ਜ਼ਹਿਰੀ ਨਾਗ।

ਸਰਘੀ ਵੇਲੇ ਉੱਠਦਾ ਸੈਂ ਪਰ ਭੌਂਏ-ਭਾਂਡਾ ਸਭ ਤੇਰਾ ਸੀ।
ਸਭ ਕੁੱਝ ਤੇਰੀ ਮਲਕੀਅਤ ਸੀ ਤੇਰਾ ਆਪਣਾ ਚਾਰ ਚੁਫ਼ੇਰਾ ਸੀ।

ਆਪਣੇ ਹੱਥੀਂ ਆਪ ਬਣਾਇਆ ਤੇਰਾ ਆਪਣਾ ਡੇਰਾ ਸੀ।
ਤੂੰ ਸਭ ਕੁੱਝ ਪੈਦਾ ਕਰਦਾ ਸੈਂ ਤੇ ਘਰ-ਘਰ ਵਿੱਚ ਲਵੇਰਾ ਸੀ।

ਚਾਰ ਸਿਆੜ ਜੋ ਤੇਰੇ ਸੀ ਤੂੰ ਆਪੇ ਉਸਨੂੰ ਵਹੁੰਦਾ ਸੈਂ।
ਲੱਕੜ ਦਾ ਮੁੰਨਾ ਸੀ ਭਾਵੇਂ ਜਿਸ ਨਾਲ ਤੂੰ ਜੋਤੇ ਲਾਉਂਦਾ ਸੈਂ।

ਬੇਪਰਵਾਹ, ਬੇਗਰਜ਼ ਸੀ ਤੂੰ, ਦੁਨੀਆ ਦੀ ਭੁੱਖ ਮਿਟਾਉਂਦਾ ਸੈਂ।
ਸਾਰੀਆਂ ਜਿਣਸਾਂ ਤੂੰ ਆਪਣੇ ਹੀ ਖੇਤਾ ਵਿੱਚ ਉਗਾਉਂਦਾ ਸੈਂ।

ਸਾਰਾ ਦਿਨ ਮਿਹਨਤ ਕਰਕੇ ਵੀ ਤੂੰ ਢੋਲੇ ਦੀਆਂ ਲਾਉਂਦਾ ਸੈਂ।
ਆਪਣੀ ਨਿੱਕੀ ਜਿਹੀ ਦੁਨੀਆ ਦਾ ਰਾਜਾ ਆਪ ਕਹਾਉਂਦਾ ਸੈਂ।

ਆਪਣੀ ਨੀਂਦੇ ਸੌਂਦਾ ਸੈਂ ਆਪੇ ਪਰਿਵਾਰ ਜਗਾਉਂਦਾ ਸੈਂ।
ਮਿੱਟੀ ਨਾਲ ਮਿੱਟੀ ਹੋ ਕੇ ਵੀ ਤੂੰ ਉਹ ਕਰਦਾ ਜੋ ਚਾਹੁੰਦਾ ਸੈਂ।

ਉੱਤਮ ਖੇਤੀ ਕਰਨ ਵਾਲਿਆ ਅੱਜ ਤੂੰ ਬਹੁਤ ਨਖਿੱਧ ਹੋਇਆ।
ਕੀ ਕਾਰਣ ਹੋਇਆ ਤੂੰ ਏਨੇ ਕਰਜ਼ੇ ਥੱਲੇ ਮਿੱਧ ਹੋਇਆ।

کسان دا دکھانت

بھارت دیا کسانا! ہن توں جاگ بھاویں نہ جاگ
زہر چڑھی ہے تیرے لوں لوں، لڑیا زہری ناگ

سرگھی ویلے اٹھدا سیں پر بھونئے بھانڈا سبھ تیرا سی
سبھ کجھ تیری ملکیت سی تیرا اپنا چار چفیرا سی

اپنے ہتھیں آپ بنایا تیرا اپنا ڈیرہ سی
توں سبھ کجھ پیدا کردا سیں تے گھر گھر وچ لویرا سی

چار سیاڑ جو تیرے سی توں اپے اسنوں وہندا سیں
لکڑ دا منا سی بھاویں جس نال توں جوتے لاؤندا سیں

بے پرواہ، بے غرض سی توں، دنیا دی بھکھ مٹاؤندا سیں
ساریاں جنساں توں اپنے ہی کھیتا وچ اگاؤندا سیں

سارا دن محنت کرکے وی توں ڈھولے دیاں لاؤندا سیں
اپنی نکی جہی دنیا دا راجا آپ کہاؤندا سیں

اپنی نیندے سوندا سیں آپے پریوار جگاؤندا سیں
مٹی نال مٹی ہو کے وی توں اوہ کردا جو چاہندا سیں

اتم کھیتی کرن والیا اج توں بہت نکھدھ ہویا
کی کارن ہویا توں اینے قرضے تھلے مدھ ہویا

ਰਾਜਾ ਬਣੇ ਭਿਖਾਰੀ ਤਾਂ ਦੱਸਿਓ! ਇਸ ਤੋਂ ਕੀ ਸਿੱਧ ਹੋਇਆ।
ਕਿਰਸਾਨੀ ਖ਼ਤਮ ਕਰਨ ਲਈ ਇਹ ਢਾਂਚਾ ਕਿਉਂ ਬਜਿੱਦ ਹੋਇਆ।

ਭਾਰਤ ਵਿੱਚ ਕਿਸਾਨੀ ਮੁੱਕ ਗਈ ਤਾਂ ਸਭ ਕੁੱਝ ਹੀ ਮੁੱਕ ਜਾਊ।
ਰੀੜ੍ਹ ਦੀ ਹੱਡੀ ਟੁੱਟ ਗਈ ਤਾਂ ਕੰਮ ਕਾਜ ਸਭ ਰੁੱਕ ਜਾਊ।

ਆਪ ਮੋਏ ਜੱਗ ਪਰਲੋ ਹੁਣ ਜੋ ਹੋਣਾ ਹੈ ਹੋ ਕੇ ਰਹਿਣਾ।
ਹਵਾ ਹੋਈ ਜ਼ਹਿਰੀਲੀ ਤਾਂ ਫਿਰ ਕਿਸੇ ਵੀ ਜਿਉਂਦੇ ਨਹੀਂ ਰਹਿਣਾ।

ਸਦਾ ਲਈ ਕਿਰਸਾਨੀ ਸੌਂ ਗਈ ਤਾਂ ਸਦਮਾ ਕਿਸਨੇ ਸਹਿਣਾ।
ਭਾਰਤ ਮਾਂ ਦੀ ਮਿੱਟੀ ਨੂੰ ਕਹਿੰਦੇ ਸੀ ਦੁਨੀਆ ਦਾ ਗਹਿਣਾ।

ਸੁੱਨੜਾ! ਤੂੰ ਵੀ ਚੁੱਪ ਕਰ ਇਹ ਤੂੰ ਛੇੜਿਆ ਕਿਹੜਾ ਰਾਗ਼।
ਆਪੋ-ਆਪਣੀ ਕਿਸਮਤ ਸਭ ਦੀ ਆਪੋ-ਆਪਣੇ ਭਾਗ।

ਭਾਰਤ ਦਿਆ ਕਿਸਾਨਾ! ਹੁਣ ਤੂੰ ਜਾਗ ਭਾਵੇਂ ਨਾ ਜਾਗ।
ਜ਼ਹਿਰ ਚੜ੍ਹੀ ਹੈ ਤੇਰੇ ਲੂੰ-ਲੂੰ, ਲੜਿਆ ਜ਼ਹਿਰੀ ਨਾਗ।

•

راجا بنے بھکھاری تاں دسیو! اس توں کیہ سدھ ہویا
کرسانی ختم کرن لئی ایہہ ڈھانچہ کیوں بجد ہویا

بھارت وچ کسانی مک گئی تاں سبھ کجھ ہی مک جاؤ
ریڑھ دی ہڈی ٹٹ گئی تاں کم کاج سبھ رک جاؤ

آپ موئے جگ پرلو ہن جو ہونا ہے ہو کے رہنا
ہوا ہوئی زہریلی تاں پھر کسے وی جؤندے نہیں رہنا

سدا لئی کرسانی سوں گئی تاں صدمہ کسنے سہنا
بھارت ماں دی مٹی نوں کہندے سی دنیا دا گہنہ

سنڑا! توں وی چپ کر ایہہ توں چھیڑیا کیہڑا راغ
آپو اپنی قسمت سبھ دی آپو اپنے بھاگ

بھارت دیا کسانا! ہن توں جاگ بھاویں نہ جاگ
زہر چڑھی ہے تیرے لوں لوں، لڑیا زہری ناگ

ਬਜਰੀ ਚੋਰ

ਸਾਲਾ ਸਾਹਿਬ ਹੈ ਰਾਧਾ ਸੁਆਮੀ ਬਹੁਤ ਅਮੀਰ ਹੈ,
ਜਿਹੜਾ ਮੰਦਿਰ ਉਹਨਾਂ ਦੀ ਧੀ, ਉਸਦੀ ਜਨਾਨੀ।
ਕੋਈ ਵੈਲ ਨਹੀਂ ਹੈ ਉਸਨੂੰ, ਅੱਧੀਆ ਸਵੇਰੇ, ਬੋਤਲ ਸ਼ਾਮੀਂ,
ਭੁੱਕੀ ਅਤੇ ਅਫ਼ੀਮ ਵੇਚਣ ਵਿੱਚ ਦੱਸੋ! ਕਾਹਦੀ ਹਾਨੀ।

ਰੇਤਾ ਬਜਰੀ ਵੇਚ ਰਿਹਾ ਹੈ ਕਿਸੇ ਦੇ ਘਰ ਡਾਕਾ ਨਹੀਂ ਲਾਉਂਦਾ,
ਪਿਉ-ਦਾਦੇ ਦੇ ਨਾਮ ਦੀ ਉਹ ਕਰੇ ਨਿਲਾਮੀ।
ਉਸਦੀ ਭੈਣ ਤੇ ਜੀਜਾ ਦੇਖੋ! ਕਿੱਡੇ ਰੁਤਬੇ 'ਤੇ ਨੇ,
ਘੱਗਰੀ ਦਾ ਹੈ ਸਾਕ ਜਿਨ੍ਹਾਂ ਦਾ, ਢੱਕ ਲੈਦੇਂ ਸਭ ਗਲਤ ਬਿਆਨੀ।

•

بجری چور

سالا صاحب ہے رادھا سوآمی بہت امیر ہے،
جیہڑا مندر اوہناں دی دھی، اسدی زنانی
کوئی ویل نہیں ہے اسنوں، ادھیا سویرے، بوتل شامیں،
بھکی اتے افیم ویچن وچ دسو! کاہدی ہانی

ریتا بجری ویچ رہیا ہے کسے دے گھر ڈاکہ نہیں لاؤندا،
پیو دادے دے نام دی اوہ کرے نلامی
اسدی بھین تے جیجا دیکھو! کڈے رتبے تے نے،
گھگری دا ہے ساک جیہناں دا، ڈھک لیدیں سبھ غلط بیانی

ਸੁਕਰਾਤ ਗਾਇਬ ਹੈ

ਪਿਆਲੇ ਜ਼ਹਿਰ ਦੇ ਹਰ ਕਚਿਹਰੀ ਵਿੱਚ ਬਹੁਤ ਮਿਲਦੇ,
ਜ਼ਹਿਰ ਨੂੰ ਪੀਣ ਵਾਲਾ ਇੱਕੋ-ਇੱਕ ਸੁਕਰਾਤ ਗਾਇਬ ਹੈ।
ਰੱਬ ਬਣ-ਬਣ ਬਹਿਣ ਵਾਲੇ ਬਹੁਤ ਭੱਜੇ ਹੀ ਫਿਰਨ,
ਪਰ ਰੱਬ ਵਰਗੀ ਉਹਨਾਂ ਵਿੱਚੋਂ ਔਕਾਤ ਗਾਇਬ ਹੈ।

ਮਹਾਂਭਾਰਤ ਤੋਂ ਵੀ ਵੱਡੀ ਜੰਗ ਦੁਨੀਆ ਲੜ ਰਹੀ,
ਪਰ ਕ੍ਰਿਸ਼ਨ ਤੇ ਅਰਜੁਨ ਦੇ ਵਿੱਚ ਗੱਲਬਾਤ ਗਾਇਬ ਹੈ।
ਅੱਜ ਰਾਮ ਵੀ ਧਰਤੀ 'ਤੇ ਆਵੇ ਮਰਿਆਦਾ ਨਾ ਪੁੱਗ ਸਕੂ,
ਦੁਸ਼ਹਿਰਿਆਂ ਵਿੱਚ ਸੀਤਾ ਲਈ ਇਤਿਆਤ ਗਾਇਬ ਹੈ।

ਦੀਵੇ ਦੀਵਾਲੀ ਦੇ ਜਗਾਵੋ! ਜਿੰਨੇ ਮਰਜ਼ੀ ਹਰ ਵਾਰੀ,
ਪਰ ਸੱਚਮੁੱਚ ਦੀਆਂ ਖੁਸ਼ੀਆਂ ਵਾਲੀ ਰਾਤ ਗਾਇਬ ਹੈ।
ਪਿਆਲੇ ਜ਼ਹਿਰ ਦੇ ਹਰ ਕਚਿਹਰੀ ਵਿੱਚ ਬਹੁਤ ਮਿਲਦੇ,
ਜ਼ਹਿਰ ਨੂੰ ਪੀਣ ਵਾਲਾ ਇੱਕੋ-ਇੱਕ ਸੁਕਰਾਤ ਗਾਇਬ ਹੈ।

•

سقراط غائب ہے

پیالے زہر دے ہر کچہری وچ بہت ملدے،
زہر نوں پین والا اِکو اِک سقراط غائب ہے
رب بن بن بہن والے بہت بھجے ہی پھرن،
پر ربّ ورگی اوہناں وچوں اوقات غائب ہے

مہابھارت توں وی وڈی جنگ دنیا لڑ رہی،
پر کرشن تے ارجن دے وچ گل بات غائب ہے
اج رام وی دھرتی 'تے آوے مریادا نہ پُگ سکو،
دشہریاں وچ سیتا لئی اتیات غائب ہے

دیوے دیوالی دے جگاوو! جنے مرضی ہر واری،
پر سچ مچ دیاں خوشیاں والی رات غائب ہے
پیالے زہر دے ہر کچہری وچ بہت ملدے،
زہر نوں پین والا اکوں اک سقراط غائب ہے

ਸਾਹਸ

ਵੈਸੇ ਤੇਰੀ ਮੁਸ਼ਕਿਲ ਕੋਈ ਖ਼ਾਸ ਨਹੀਂ ਹੈ,
ਤੈਨੂੰ ਆਪਣੀ ਸ਼ਕਤੀ ਦਾ ਅਹਿਸਾਸ ਨਹੀਂ ਹੈ।
ਧਰਮ ਦਾ ਬੁਰਕਾ ਤੇਰੇ ਮੂੰਹ 'ਤੇ ਤੂੰ ਪਾਇਆ ਹੈ,
ਬੁਰਕੇ 'ਚੋਂ ਨਿਕਲਣ ਦਾ ਤੇਰਾ ਸਾਹਸ ਨਹੀਂ ਹੈ।

ਰਾਮ, ਕ੍ਰਿਸ਼ਨ, ਜੀਸਸ ਤੇ ਸੁਕਰਾਤ, ਮੁਹੰਮਦ,
ਸਭ ਨੂੰ ਪੁੱਤਰ ਕਹਿਣ ਦੀ ਤੈਨੂੰ ਆਸ ਨਹੀਂ ਹੈ।
ਰਾਜੇ ਮਹਾਰਾਜਿਆਂ ਨੂੰ ਜੋ ਜੰਮ ਸਕਦੀ ਹੈ,
ਕਿਹੜਾ ਕਹਿੰਦਾ ਉਸਦੀ ਕੋਈ ਖੁਆਹਸ਼ ਨਹੀਂ ਹੈ।

ਧਰਮ ਰਾਜ ਦੇ ਸਨਮੁੱਖ ਹੋ ਕੇ ਕਹਿ ਸਕਦੀ ਹੈ,
ਆਰੀਆ ਪੁੱਤਰ ਤੇਰੀ ਪਤਨੀ ਤਾਸ਼ ਨਹੀਂ ਹੈ।
ਅਗਨ ਪ੍ਰੀਖਿਆ ਦੇਣ ਤੋਂ ਪਹਿਲਾਂ ਪੁੱਛ ਸਕਦੀ ਹੈ,
ਰਾਮ ਅਜੁੱਧਿਆ ਹੈ ਇਹ ਹੁਣ ਬਣਵਾਸ ਨਹੀਂ ਹੈ।

ਅੱਲਾ ਤਾਲਾ ਦੇ ਭੇਜੇ ਹਜ਼ਰਤ ਨੂੰ ਕਹਿ ਦੇ,
ਇਹ ਔਰਤ ਨਾਲ ਵਿਤਕਰਾ ਹੈ ਇਤਿਹਾਸ ਨਹੀਂ ਹੈ।
ਆਪਣੇ ਇਰਦ-ਗਿਰਦ ਇਹ ਜਾਲ ਤੂੰ ਖੁਦ ਬੁਣਿਆ ਹੈ,
ਤੇਰੇ ਖੰਭ ਹਨ, ਖੰਭਾਂ ਵਿੱਚ ਪਰਵਾਜ਼ ਨਹੀਂ ਹੈ।

•

ساہس

ویسے تیری مشکل کوئی خاص نہیں ہے،
تینوں اپنی شکتی دا احساس نہیں ہے
دھرم دا برقع تیرے مُونہہ 'تے توں پایا ہے،
برقعے 'چوں نکلن دا تیرا ساہس نہیں ہے

رام، کرشن، جیسس تے سقراط، محمد،
سبھ نوں پتر کہن دی تینوں آس نہیں ہے
راجے مہاراجیاں نوں جو جم سکدی ہے،
کیہڑا کہندا اسدی کوئی کھاہش نہیں ہے

دھرم راج دے سنمکھ ہو کے کہہ سکدی ہے،
آریہ پتر تیری پتنی تاش نہیں ہے
اگن پریکھیا دین توں پہلاں پچھ سکدی ہے،
رام ایودھیا ہے ایہہ ہن بنواس نہیں ہے

اللہ تعالیٰ دے بھیجے حضرت نوں کہہ دے،
ایہہ عورت نال وتکرا ہے اتہاس نہیں ہے
اپنے ارد گرد ایہہ جال توں خود بنیا ہے،
تیرے کھنبھ ہن، کھنبھاں وچ پرواز نہیں ہے

ਮੋਏ ਲੋਕਾਂ ਬਾਰੇ

ਸਾਡੇ ਸ਼ਹਿਰ ਨਾ ਆ ਬੈਠੀਂ ਪਛਤਾਏਂਗਾ,
ਰਹਿੰਦੀਆਂ-ਖੂੰਹਦੀਆਂ ਰੀਝਾਂ ਵੀ ਮਰਵਾਏਂਗਾ।
ਗ਼ਮ ਖਾ ਕੇ ਹਟਕੋਰੇ ਲੈ ਕੇ ਜੀਂਦੇ ਸਭ,
ਮੋਇਆਂ ਦੀ ਮੰਡੀ ਦੇ ਵਿੱਚ ਰਲ਼ ਜਾਏਂਗਾ।

ਆਪੋ-ਆਪਣੀਆਂ ਲਾਸ਼ਾਂ ਚੁੱਕੀ ਫਿਰਦੇ ਸਭ,
ਤੁਰਦੀਆਂ-ਫਿਰਦੀਆਂ ਲਾਸ਼ਾਂ ਵਿੱਚ ਰਲ਼ ਜਾਏਂਗ
ਚੰਗਾ ਭਲਾ! ਹਾਲੇ ਤੂੰ ਕਵਿਤਾ ਲਿਖਦਾ ਹੈਂ,
ਸੁੱਨੜ ਵਾਂਗੂੰ ਹਰਫ਼ਾਂ ਤੋਂ ਵੀ ਜਾਏਂਗਾ।

•

موئے لوکاں بارے

ساڈے شہر نہ آ بیٹھیں پچھتائیں گا،
رہندیاں کھ ریجھاں وی مروائیں گا
غم کھا کے ہٹکورے لے کے جیندے سبھ،
مویاں دی منڈی دے وچ رل جائیں گا

آپو اپنیاں لاشاں چکی پھردے سبھ،
تردیاں پھردیاں لاشاں وچ رل جائیں گا
چنگا بھلا! حالے توں کویتا لکھدا ہیں،
سنڑ وانگوں حرفاں توں وی جائیں گا

ਵੱਡੇ ਲੋਕ

ਅਫ਼ਸਰਸ਼ਾਹੀ ਅਤੇ ਸਿਆਸਤ ਰਲ-ਮਿਲ ਖ਼ੁਸ਼ੀ ਮਨਾਉਂਦੇ ਨੇ,
ਆਜ਼ਾਦੀ ਦੇ ਝੰਡੇ ਜਦ ਲਹਿਰਾਉਣ ਦੇ ਮੌਕੇ ਆਉਂਦੇ ਨੇ।
ਦੇਸ਼ ਦੀਆਂ ਸਰਹੱਦਾਂ 'ਤੇ ਜਦ ਕਦੇ ਵੀ ਭਾਰੀ ਬਣਦੀ ਹੈ,
ਮਜ਼ਦੂਰਾਂ, ਕਿਰਸਾਨਾਂ ਦੇ ਬੱਚਿਆਂ ਦੀ ਬਲੀ ਚੜ੍ਹਾਉਂਦੇ ਨੇ।

ਅਫ਼ਸਰਸ਼ਾਹੀ ਅਤੇ ਸਿਆਸਤ ਕੁੱਤੀ ਚੋਰਾਂ ਨਾਲ ਰਲੀ,
ਪਰ ਅੱਖੀਂ ਘੱਟਾ ਪਾਉਣ ਲਈ ਇਹ ਆਪਸ ਵਿੱਚ ਟਕਰਾਉਂਦੇ ਨੇ।
ਅਫ਼ਸਰ ਸਭ ਸਿਆਸੀ ਨੇ ਚੋਰਾਂ ਨੂੰ ਮੋਰ ਪੈਣ ਇੱਥੇ,
ਕਰੋੜਪਤੀ ਨੇ ਇਹ ਸਾਰੇ ਪਰ ਛੋਟੀ ਜਾਤ ਕਹਾਉਂਦੇ ਨੇ।

ਕੁੱਝ ਚੋਣਵੇਂ ਲੋਕ ਹੀ ਅਫ਼ਸਰ ਨੇ ਤੇ ਉਹੀ ਸਿਆਸੀ ਨੇ,
ਜਾਤ-ਪਾਤ ਦਾ ਰੌਲ਼ਾ ਪਾ ਜਨਤਾ ਨੂੰ ਰੋਜ਼ ਲੜਾਉਂਦੇ ਨੇ।
ਅੱਜ ਤੱਕ ਕਿਸੇ ਗਰੀਬ ਦਾ ਬੱਚਾ ਕਦੇ ਵੀ ਅਫ਼ਸਰ ਨਹੀਂ ਬਣਿਆ,
ਵੱਡੀ ਬੁਰਕੀ ਜੋ ਪਾਵੇ ਉਸਨੂੰ ਹੀ ਸਾਹਿਬ ਬਣਾਉਂਦੇ ਨੇ।

ਪੈਸੇ 'ਕੱਠੇ ਕਰਨ ਲਈ ਹੀ ਚਿੱਟ ਕੱਪੜੀਏ ਬਣਦੇ ਨੇ,
ਪਰ ਭੋਲੀ ਜਨਤਾ ਇਹ ਸਮਝੇ ਕਿ ਰੱਬ ਦਾ ਨਾਮ ਧਿਆਉਂਦੇ ਨੇ।
ਤੇਰੇ ਤੋਂ ਕੁੱਝ ਨਹੀਂ ਬਣਨਾ ਤੂੰ ਸੁੱਨੜਾ! ਜਾਹ ਜਿੱਥੋਂ ਆਇਆਂ,
ਤੂੰ ਦੇਖ! ਇਹ ਦੁਨੀਆ ਮਾਰ ਮੁਕਾ ਕੇ ਕਿੱਥੇ ਕੁਰਸੀ ਡਾਹੁੰਦੇ ਨੇ।

•

وڈے لوک

افسرشاہی اتے سیاست رل مل خوشی مناؤندے نیں،
آزادی دے جھنڈے جد لہراؤن دے موقعے آؤندے نیں
دیش دیاں سرحداں تے جد کدے وی بھاری بندی ہے،
مزدوراں، کرساناں دے بچیاں دی بلی چڑھاؤندے نیں

افسرشاہی اتے سیاست کتی چوراں نال رلی،
پر اکھیں گھٹا پاؤن لئی ایہہ آپس وچ ٹکراؤندے نیں
افسر سبھ سیاسی نے چوراں نوں مور پین ایتھے،
کروڑپتی نے ایہہ سارے پر چھوٹی جات کہاؤندے نیں

کجھ چونویں لوک ہی افسر نے تے اوہی سیاسی نیں،
جات پات دا رولا پا جنتا نوں روز لڑاؤندے نیں
اج تک کسے غریب دا بچہ کدے وی افسر نہیں بنیا،
وڈی برکی جو پاوے اسنوں ہی صاحب بناؤندے نیں

پیسے 'کٹھے کرن لئی ہی چٹ کپڑے بندے نیں،
پر بھولی جنتا ایہہ سمجھے کہ رب دا نام دھیاؤندے نیں
تیرے توں کجھ نہیں بننا توں سنڑا! جا جتھوں آیاں،
توں دیکھ! ایہہ دنیا مار مکا کے کتھے کرسی ڈاہندے نیں

ਕੁੜੀਆਂ ਚਿੜੀਆਂ

ਕੁੜੀਆਂ ਨੂੰ ਚਿੜੀਆਂ ਤੂੰ ਆਖਦੀ ਸੈਂ ਮਾਏ!
ਇੰਝ ਲੱਗਦਾ ਸੀ ਠੀਕ ਬੋਲਦੀ ਏਂ।
ਅਤਿ ਕਮਜ਼ੋਰ ਜੀਦ੍ਹਾ ਚੱਲਦਾ ਨਾ ਜ਼ੋਰ,
ਚਿੜੀਆਂ ਆਖ ਕੇ ਤੂੰ ਠੀਕ ਤੋਲਦੀ ਏਂ।

ਰੁੱਤ ਸੀ ਬਹਾਰ ਸਾਰੇ ਫੁੱਲਾਂ 'ਤੇ ਨਿਖ਼ਾਰ,
ਨਿੰਮ੍ਹੀ-ਨਿੰਮ੍ਹੀ ਇੱਕ ਦਿਨ ਪਈ ਜਦ ਫੁਹਾਰ।
ਚਿੜੀਆਂ ਨੇ ਪਾਈ ਚਿੜਗਿੱਲੀ ਖੁੱਲੇ ਅੰਬਰੀਂ,
ਉੱਡੀਆਂ ਫਿਰਨ ਮਾਏ, ਬੰਨ-ਬੰਨ ਡਾਰ।

ਸੁੱਕ ਜਾਂਦੀ ਜਾਨ ਦੇਖ ਧੀ ਨੂੰ ਜਵਾਨ,
ਧੀਏ! ਮਾਂ ਨੂੰ ਦੁੱਖ ਦੱਸਦੀ ਕਿਉਂ ਡੋਲਦੀ ਏਂ।

ਕੁੜੀਆਂ ਨੂੰ ਚਿੜੀਆਂ ਤੂੰ ਆਖਦੀ ਸੈਂ ਮਾਏ,
ਇੰਝ ਲੱਗਦਾ ਸੀ ਠੀਕ ਬੋਲਦੀ ਏਂ।

ਚਿੜੀਆ ਆਜ਼ਾਦ ਵਿੱਚ ਨੀਲੇ ਅਸਮਾਨ,
ਦੱਸ ਮਾਏ ਮੇਰੀਏ! ਕੀ ਝੂਠ ਹੈ ਬਿਆਨ।
ਧੀ ਦੇ ਪਰ ਫੁੱਟਣ ਤੋਂ ਪਹਿਲਾਂ ਕੱਟ ਦੇਣ,
ਪਿੰਜਰੇ ਪਾ ਕੇ ਸਾਰੇ ਰੱਖਣ ਧਿਆਨ।

ਚਿੜੀਆਂ ਦੇ ਚੰਬੇ ਨਾਲ ਤੁਲਨਾ ਨਾ ਕਰ,
ਕਾਹਨੂੰ ਦਿਲ ਦਾ ਨਾਸੂਰ ਫੋਲ੍ਹਦੀ ਏਂ।

کُڑیاں چِڑیاں

کڑیاں نوں چڑیاں توں آکھدی سیں مائی!
انجھ لگدا سی ٹھیک بولدی ایں
اتی کمزور جیدھا چلدا نہ زور،
چڑیاں آکھ کے توں ٹھیک تولدی ایں

رت سی بہار سارے پھلاں 'تے نکھار،
نمھی نمھی اک دن پئی جد پھہار
چڑیاں نے پائی چڑگلی کھلے امبریں،
اڈیاں پھرن مائی، بن بن ڈار

سک جاندی جان دیکھ دھی نوں جوان،
دھیے! ماں نوں دکھ دسدی کیوں ڈولدی ایں

کڑیاں نوں چڑیاں توں آکھدی سیں مائی،
انج لگدا سی ٹھیک بولدی ایں

چڑیا آزاد وچ نیلے اسمان،
دس مائی میریے! کیہ جھوٹھ ہے بیان
دھی دے پر پھٹن توں پہلاں کٹ دین،
پنجرے پا کے سارے رکھن دھیان

چڑیاں دے چمبے نال تلنا نہ کر،
کاہنوں دل دا ناسور پھولھدی ایں

ਕੁੜੀਆਂ ਨੂੰ ਚਿੜੀਆਂ ਤੂੰ ਆਖਦੀ ਸੈਂ ਮਾਏ,
ਇੰਝ ਲੱਗਦਾ ਸੀ ਠੀਕ ਬੋਲਦੀ ਏਂ।

ਸੱਚ ਕਹਾਂ ਮਾਏ ਬਿਨਾ ਵਜ੍ਹਾ ਨਹੀਂ ਰੋਈ,
ਤੈਨੂੰ ਭੁੱਲ ਗਈ ਜਿਹੜੀ ਤੇਰੇ ਨਾਲ ਹੋਈ।
ਝਾੜੂ ਪੋਚਾ ਕਰਦੀ ਤੂੰ ਮਾਏ ਬੁੱਢੀ ਹੋਈ,
ਤੇਰੀ ਰਾਜਧਾਨੀ ਬਸ! ਚੁੱਲ੍ਹਾ ਤੇ ਰਸੋਈ।

ਕੈਦਣੇ! ਤੂੰ ਕੈਦ ਕਰ ਰੱਖੀ ਧੀ ਆਪਣੀ,
ਰੁਲ਼ੀ ਤੂੰ ਵੀ ਮੈਨੂੰ ਵੀ ਤੂੰ ਰੋਲ਼ਦੀ ਏਂ

ਕੁੜੀਆਂ ਨੂੰ ਚਿੜੀਆਂ ਤੂੰ ਆਖਦੀ ਸੈਂ ਮਾਏ,
ਇੰਝ ਲੱਗਦਾ ਸੀ ਠੀਕ ਬੋਲਦੀ ਏਂ।

•

کڑیاں نوں چڑیاں توں آکھدی سیں مائی،
انجھ لگدا سی ٹھیک بولدی ایں

سچ کہاں مائی بنا وجہ نہیں روئی،
تینوں بھل گئی جیہڑی تیرے نال ہوئی
جھاڑو پوچا کردی توں مائی بڈھی ہوئی،
تیری راجدھانی بس! چلھا تے رسوئی

قیدنے! توں قید کر رکھی دھی اپنی،
رلی توں وی مینوں وی توں رولدی ایں

کڑیاں نوں چڑیاں توں آکھدی سیں مائی،
انج لگدا سی ٹھیک بولدی ایں

ਉੱਤਮ ਜਾਤ

ਦੁਨੀਆ ਰਚਣ ਲਈ ਰੱਬ ਨੇ ਔਰਤ ਜਾਤ ਬਣਾਈ।
ਇਨਸਾਨੀਅਤ ਦੀ ਜਨਮਦਾਤੀ, ਉੱਤਮ ਪਦਵੀ ਪਾਈ।

ਪਰ ਔਰਤ ਨੂੰ ਕਿਉਂ ਜ਼ਿੱਲਤ ਦੀ ਜੂਨ ਹੰਢਾਉਣੀ ਪੈਂਦੀ ਹੈ।
ਖੂਬਸੂਰਤੀ ਦੀ ਇਸ ਮੂਰਤ ਨੂੰ ਕਿਉਂ ਸ਼ਕਲ ਛੁਪਾਉਣੀ ਪੈਂਦੀ ਹੈ।

ਹਰ ਔਰਤ ਖੁਸ਼ ਹੁੰਦੀ ਉਸਦਾ ਮਰਦ ਮਰਜ਼ੀਆਂ ਕਰਦਾ।
ਔਰਤ ਨੂੰ ਰਵਾਉਣ ਬਿਨਾ ਬੰਦੇ ਦਾ ਕਿਉਂ ਨਹੀਂ ਸਰਦਾ।

ਪੁੱਤ ਚੋਰਾਂ ਵਿੱਚ ਖੇਡੇ ਪਰ ਧੀ ਕਿਉਂ ਲੁਕਾਉਣੀ ਪੈਂਦੀ ਹੈ।
ਪੁੱਤ ਜੜ੍ਹ ਲਾਵੇ ਕੁੱਲ ਦੀ ਪਰ ਧੀ ਕਿਉਂ ਪਰਨਾਉਣੀ ਪੈਂਦੀ ਹੈ।

•

اُتم جات

دنیا رچن لئی رب نے عورت جات بنائی
انسانیت دی جنم داتی، اتم پدوی پائی

پر عورت نوں کیوں زلت دی جون ہنڈھاؤنی پیندی ہے
خوبصورتی دی اس مورت نوں کیوں شکل چھپاؤنی پیندی ہے

ہر عورت خوش ہوندی اسدا مرد مرضیاں کردا
عورت نوں رواؤن بنا بندے دا کیوں نہیں سردا

پت چوراں وچ کھیڈے پر دھی کیوں لکاؤنی پیندی ہے
پت جڑھ لاوے کل دی پر دھی کیوں پرناؤنی پیندی ہے

ਸੰਘਰਸ਼

ਬਿਖੜਿਆਂ ਰਾਹਾਂ ‘ਚ ਜ਼ਾਹਿਰ ਹੈ ਕਿ ਰੋੜੇ ਹੋਣਗੇ,
ਪਰ ਜੇ ਸਫ਼ਰ ਕਰਨਾ ਹੈ ਤਾਂ ਪੱਥਰ ਹਟਾਉਣੇ ਪੈਣਗੇ।
ਆਪਣੇ ਜੀਵਨ ਨੂੰ ਜੇ ਚਾਹੁੰਦੇ ਹੋ ਰੱਜ ਕੇ ਜੀਵਣਾ,
ਤਾਂ ਆਪਣੀ ਮਰਜੀ ਦੇ ਕਈ ਰਸਤੇ ਬਣਾਉਣੇ ਪੈਣਗੇ।

ਜ਼ਖ਼ਮ ਦੇਣਾ ਹਰ ਕਿਸੇ ਨੂੰ ਕੰਡਿਆਂ ਦਾ ਕੰਮ ਹੈ,
ਜੇ ਮਹਿਕ ਲੈਣੀ ਹੈ ਤਾਂ ਫਿਰ ਫੁੱਲ ਵੀ ਲਗਾਉਣੇ ਪੈਣਗੇ।
ਜ਼ਾਬਰਾਂ ਨੂੰ ਜਰਨ ਦੀ ਆਦਤ ਬਣਾਉਣੀ ਠੀਕ ਨਹੀਂ,
ਖ਼ੁਦ ਵੀ ਉੱਠਣਾ ਹੈ ਤੇ ਸਾਥੀ ਵੀ ਉਠਾਉਣੇ ਪੈਣਗੇ।

•

سنگھرش

بکھڑیاں راہاں 'چ ظاہر ہے کہ روڑے ہون گے،
پر جے سفر کرنا ہے تاں پتھر ہٹاؤنے پین گے
اپنے جیون نوں جے چاہندے ہو رج کے جیونا،
تاں اپنی مرضی دے کئی رستے بناؤنے پین گے

زخم دینا ہر کسے نوں کنڈیاں دا کم ہے،
جے مہک لینی ہے تاں پھر پھل وی لگاؤنے پین گے
زابراں نوں جرن دی عادت بناؤنی ٹھیک نہیں،
خود وی اٹھنا ہے تے ساتھی وی اٹھاؤنے پین گے

ਝੂਠੀ ਕਸਮ

ਸੱਚ ਨੂੰ ਸੱਚ ਕਹਿਣੋਂ ਕਿਉਂ ਭਲਾ! ਕਤਰਾ ਰਹੀ ਦੁਨੀਆ।
ਸਰਾਸਰ ਝੂਠ ਦੀ ਝੂਠੀ ਕਸਮ ਕਿਉਂ ਖਾ ਰਹੀ ਦੁਨੀਆ।

ਮਿੱਟੀ ਦੇ ਪੁਤਲੇ ਦਾ ਪਤਾ ਸਭ ਨੂੰ ਕਿ ਛਿਣਭੰਗਰਾ,
ਪਰ ਨਿੱਕੀ ਜਿਹੀ ਜਿੰਦ ਨੂੰ ਬਹੁਤ ਵਡਿਆ ਰਹੀ ਦੁਨੀਆ।

ਜਿਸਦਾ ਵੀ ਦਾਅ ਲੱਗੇ ਉਹ ਗੱਡੀਆਂ ਝੁਟਦਾ ਫਿਰਦਾ,
ਕਈਆਂ ਨੂੰ ਮਿੱਧ-ਮਿੱਧ ਕੇ ਵੀ ਭੱਜੀ ਜਾ ਰਹੀ ਦੁਨੀਆ।

ਹੱਕ ਦੀ ਕਮਾਈ ਕੀ ਹੈ ਚੋਰੀ ਕੀ ਸਭ ਕੁੱਝ ਜਾਣਦੇ-ਬੁੱਝਦੇ,
ਜਿੱਧਰ ਵੀ ਹੱਥ ਪੈਂਦਾ ਹੈ ਜੱਫ਼ੇ ਪਾ ਰਹੀ ਦੁਨੀਆ।

ਪਤਾ ਹੈ ਹਰ ਕਿਸੇ ਸ਼ਕਤੀ ਨੇ ਇੱਕ ਦਿਨ ਖ਼ਤਮ ਹੋ ਜਾਣਾ,
ਪਰ ਫਿਰ ਵੀ ਐਟਮ ਸ਼ਕਤੀਆਂ ਬਣਾ ਰਹੀ ਦੁਨੀਆ।

•

جُھوٹھی قسم

سچ نوں سچ کہنوں کیوں بھلا! قطرہ رہی دنیا
سراسر جھوٹھ دی جھوٹھی قسم کیوں کھا رہی دنیا

مٹی دے پتلے دا پتہ سبھ نوں کہ چھن بھنگرا،
پر نکی جہی جند نوں بہت وڈیا رہی دنیا

جسدا وی داء لگے اوہ گڈیاں جھوٹدا پھردا،
کئیاں نوں مدھ مدھ کے وی بھجی جا رہی دنیا

حق دی کمائی کیہ ہے چوری کیہ سبھ کجھ جاندے بجھدے،
جدھر وی ہتھ پیندا ہے جفے پا رہی دنیا

پتہ ہے ہر کسے شکتی نے اک دن ختم ہو جانا،
پر پھر وی ایٹم شکتیاں بنا رہی دنیا

ਕਿਰਤੀ ਕਿਰਸਾਨ

ਬਹੁਤ ਖ਼ਿਤਾਬ ਹੋਰ ਵੀ ਨੇ, ਪਰ ਮੈਂ ਕਿਰਤੀ ਕਿਰਸਾਨ।
ਹੋਰ ਵੀ ਕਈ ਨਾਮ ਮੇਰੇ ਕਿਰਤੀ ਅਸਲੀ ਪਹਿਚਾਣ।

ਪਿਓ-ਦਾਦੇ ਦੇ ਖੇਤ ਸੀ ਭਾਵੇਂ ਪਰ ਮੈਂ ਤਾਂ ਵਾਹਕ ਸਾਂ,
ਮੇਰਾ ਤਾਂ ਕੁੱਝ ਵੀ ਨਹੀ, ਕਾਹਤੋਂ ਬੋਲਾਂ ਝੂਠ-ਤੂਫ਼ਾਨ।

ਮਿੱਟੀ ਦੇ ਵਿੱਚ ਮਿੱਟੀ ਹੋ ਕੇ ਮੈਂ ਪੂਰੀ ਵਾਹ ਲਾਈ,
ਪਰ ਜੱਟ ਦੇ ਪੱਲੇ ਕੁੱਝ ਨਹੀਂ ਪੈਂਦਾ, ਮੇਰਾ ਇਹੋ ਬਿਆਨ।

ਪੋਹ-ਮਾਘ ਦੀਆਂ ਰਾਤਾਂ ਨੂੰ ਮੈਂ ਨਹਿਰ ਦੀ ਵਾਰੀ ਲਾਉਂਦਾ,
ਨੀਲੇ ਹੱਥ-ਪੈਰ੍ਹ ਵੀ ਹੋਏ, ਪਾਲ਼ਾ ਪੈਂਦਾ ਖਾਣ।

ਜੇਠ-ਹਾੜ ਨੂੰ ਸਿਰ 'ਤੇ ਝੱਲਿਆ, ਪੂਰੀ ਖੋਰੀ ਖੋਤੀ ਦੇ ਲੈ ਕੇ,
ਪਰ ਬਚਦਾ ਕੁੱਝ ਵੀ ਨਹੀਂ, ਸਭ ਕਿਰਤੀ ਨੂੰ ਖਾਣ।

•

کرتی کرسان

بہت خطاب ہور وی نے، پر میں کرتی کرسان
ہور وی کئی نام میرے کرتی اصلی پہچان

پیو دادے دے کھیت سی بھاویں پر میں تاں واہک ساں،
میرا تاں کجھ وی نہی، کاہتوں بولاں جھوٹھ طوفان

مٹی دے وچ مٹی ہو کے میں پوری واہ لائی،
پر جٹ دے پلے کجھ نہیں پیندا، میرا ایہو بیان

پوہ ماگھ دیاں راتاں نوں میں نہر دی واری لاؤندا،
نیلے ہتھ پیرھ وی ہوئے، پالا پیندا کھان

جیٹھ ہاڑ نوں سر تے جھلیا، پوری کھوری کھوتی دے لے کے،
پر بچدا کجھ وی نہیں، سبھ کرتی نوں کھان

ਲੋਕਪਾਲ

ਸਾਡੇ ਅੱਖੀਂ ਘੱਟਾ ਪਾਉਂਦੇ, ਕਹਿੰਦੇ ਬਣ ਜਾਊ ਲੋਕਪਾਲ।
ਪੰਜ ਸੌ ਚਾਲੀ ਕਾਲਿਆਂ ਕਾਵਾਂ, ਕਾਵਾਂਰੌਲੀ ਇੱਕੋ ਤਾਲ।

ਜਿਹੜੇ ਹੱਕ ਵਿੱਚ ਬੋਲ ਰਹੇ ਨੇ ਉਹ ਵੀ ਸਾਰੇ ਬੜੇ ਕਮਾਲ।
ਚੋਰਾਂ ਟੋਲੀ, ਇੱਕੋ ਬੋਲੀ ਸਭ ਇਸਦੇ ਨੇ ਭਾਈਵਾਲ।

ਹੇਰਾ-ਫੇਰੀ ਰੁਕ ਜਾਵੇਗੀ, ਪੈਦਾ ਨਹੀਂ ਹੁੰਦਾ ਸੁਆਲ।
ਵੋਟਾਂ ਪਕੜਣ ਖਾਤਰ ਬੁਣਦੇ ਸਾਰੇ ਇਹ ਸਿਆਸੀ ਜਾਲ।

ਕੁਰਸੀ ਖਾਤਰ ਹੀ ਨੇ ਚੱਲਦੇ ਸਾਰੇ ਆਪੋ-ਆਪਣੀ ਚਾਲ।
ਲੋਕ ਸ਼ਕਤੀਆਂ 'ਕੱਠੀਆਂ ਹੋ ਕੇ, ਖੜੀਏ ਇੱਕ-ਦੂਜੇ ਦੇ ਨਾਲ।

•

لوک پال

ساڈے اکھیں گھٹا پاؤندے، کہندے بن جاؤ لوک پال
پنج سو چالی کالیاں کاواں، کاوانرولی اکو تال

جیہڑے حق وچ بول رہے نے اوہ وی سارے بڑے کمال
چوراں ٹولی، اکو بولی سبھ اسدے نے بھائیوال

ہیرا پھیری رک جاوے گی، پیدا نہیں ہوندا سوال
ووٹاں پکڑن خاطر بندے سارے ایہہ سیاسی جال

کرسی خاطر ہی نے چلدے سارے آپو اپنی چال
لوک شکتیاں 'کٹھیاں ہو کے، کھڑیے اک دوجے دے نال

ਲੀਡਰ

ਹਰ ਕੋਈ ਚਾਲੂ ਸਿਆਸੀ ਲੀਡਰ ਬਾਜ਼ੀ ਮਾਰ ਗਿਆ।
ਦੋ ਘੁੱਟ ਦਾਰੂ ਬਦਲੇ ਸੁੱਨੜਾ! ਵੋਟਰ ਹਾਰ ਗਿਆ।

ਆਮ ਜੱਟ ਨੂੰ ਕੰਮ ਕਰਕੇ ਵੀ ਪੈਸੇ ਨਹੀਂ ਬਣਦੇ,
ਕੋਈ ਨਾ ਲੀਡਰ ਜਿਹੜਾ ਕਰੋੜਾਂ ਨਹੀਂ ਨਿਘਾਰ ਗਿਆ।

ਡੋਬਾ, ਸੋਕਾ, ਕੈਂਸਰ, ਗੰਦਾ ਪਾਣੀ ਵੋਟਰ ਲਈ,
ਹਰ ਲੀਡਰ ਦੀ ਗੋਗੜ ਦਾ ਪਰ ਵਧਦਾ ਭਾਰ ਗਿਆ।

ਨਿੱਕੀਆਂ ਮੱਛੀਆਂ ਨਿਗਲ ਜਾਣ ਦੀ ਆਦਤ ਹੈ ਜਿਸਦੀ,
ਪੂੰਗ ਖਤਮ ਹੋ ਜਾਂਦਾ ਜਿੱਥੋਂ ਲੰਘ ਸੰਸਾਰ ਗਿਆ।

•

لیڈر

ہر کوئی چالو سیاسی لیڈر بازی مار گیا
دو گھٹ دارو بدلے سنڑا! ووٹر ہار گیا

عام جٹ نوں کم کرکے وی پیسے نہیں بندے،
کوئی نہ لیڈر جیہڑا کروڑاں نہیں نگھار گیا

ڈوبا، سوکا، کینسر، گندہ پانی ووٹر لئی،
ہر لیڈر دی گوگڑ دا پر ودھدا بھار گیا

نکیاں مچھیاں نگل جان دی عادت ہے جسدی،
پونگ ختم ہو جاندا جتھوں لنگھ سنسار گیا

ਕੁਰਸੀ

ਦੇਖੋ! ਸਾਡੇ ਚੌਧਰੀ ਲਾਉਂਦੇ ਕਿੰਨਾ ਤਾਣ।
ਕੁਰਸੀ ਖਾਤਰ ਕੌਮ ਨੂੰ ਕਰ ਦਿੰਦੇ ਕੁਰਬਾਨ।

ਠੇਕੇਦਾਰਾਂ ਕੌਮ ਦੀ ਕਰਤੀ ਧਰਤ ਨਿਲਾਮ।
ਗੱਪੀ-ਗੱਪਾਂ ਮਾਰਦੇ ਬੋਲਣ ਝੂਠ-ਤੂਫ਼ਾਨ।

ਪੰਜਾਬੀ ਹੁਣ ਪੰਜਾਬ ਦੀ ਲੱਗਦੀ ਨਹੀਂ ਜ਼ੁਬਾਨ।
ਭਾਸ਼ਾ ਦਾ ਵੀ ਦੇਖ ਲਓ! ਕਰ ਦਿੱਤਾ ਕਲਿਆਣ।

ਆਪੇ ਬਣ-ਬਣ ਬੈਠਦੇ ਸਾਰੀ ਕੌਮ ਦਾ ਮਾਣ।
ਗਿਰਵੀ ਰੱਖ ਕੇ ਕੌਮ ਨੂੰ ਕਰ ਲਈ ਉੱਚੀ ਸ਼ਾਨ।

ਪਾਣੀ ਸੀ ਪੰਜਾਬ ਦੀ ਇੱਕ ਵੱਖਰੀ ਪਹਿਚਾਣ।
ਮਰ ਚੱਲਿਆ ਹੈ ਮਾਲਵਾ ਜ਼ਹਿਰ ਪੀਣ ਅਣਜਾਣ।

ਬੱਚੇ ਕਰਕੇ ਡਿਗਰੀਆਂ ਰੋਣ ਅਤੇ ਕੁਰਲਾਣ।
ਬਾਪੂ ਵੀ ਜਾਂਦਾ ਰਿਹਾ ਹੁਣ ਰੋਟੀ ਕਿੱਥੋਂ ਖਾਣ।

•

کُرسی

دیکھو! ساڈے چودھری لاؤندے کنا تان
کرسی خاطر قوم نوں کر دیندے قربان

ٹھیکیداراں قوم دی کرتی دھرت نلام
گپی گپاں ماردے بولن جھوٹھ طوفان

پنجابی ہن پنجاب دی لگدی نہیں زبان
بھاشا دا وی دیکھ لؤ! کر دتا کلیان

آپے بن بن بیٹھدے ساری قوم دا مان
گروی رکھ کے قوم نوں کر لئی اچی شان

پانی سی پنجاب دی اک وکھری پہچان
مر چلیا ہے مالوا زہر پین انجان

بچے کرکے ڈگریاں رون اتے کرلان
باپو وی جاندا رہیا ہن روٹی کتھوں کھان

ਖ਼ੂਨ-ਖ਼ਰਾਬਾ

ਖ਼ੂਨ-ਖ਼ਰਾਬਾ ਤਾਂ ਹੀ ਹੁੰਦਾ, ਸਕਤਾ, ਸਕਤੇ ਨੂੰ ਜੇ ਮਾਰੇ।
ਗਊ ਗਰੀਬ ਦਾ ਖ਼ੂਨ ਡੋਲ੍ਹ ਕੇ ਕਿਸ ਭਤੂਏ ਨੂੰ ਆਣ ਨਜ਼ਾਰੇ।

ਜੋ ਝੁਕ ਸਕਣ ਦੀ ਹਿੰਮਤ ਰੱਖੇ ਅਸਲ ਵਜ਼ਨ ਉਸਦਾ ਹੁੰਦਾ ਹੈ,
ਵਜ਼ਨਦਾਰ ਓਹੀਓ ਹੁੰਦਾ ਹੈ ਜੋ ਮਰਜ਼ੀ ਨਾ' ਹੋਲੇ ਤੋਂ ਹਾਰੇ।

ਸਾਡੀ ਕੌਮ ਦੇ ਝੋਟ-ਸੰਡੇ ਬਹੁਤ ਹੀ ਤਾਕਤਵਰ ਸੀ ਲੇਕਿਨ,
ਆਪਸ ਵਿਚ ਭਿਤ-ਭਿਤ ਕੇ ਖ਼ੁਦ ਹੀ ਸਿੰਘ ਤੁਤਾ ਲਏ ਸਾਰੇ।

ਆਪਣੇ ਕਿਸੇ ਨੂੰ ਤਕਤਾ ਮੰਨਣਾ ਅਸੀਂ ਕਦੇ ਸਿੱਖਣਾ ਨਹੀਂ ਚਾਹਿਆ,
ਮੁੱਢ ਕਦੀਮੋਂ ਪੰਗੇਬਾਜ਼ੀ ਕਰਦੇ ਆਏ ਹੋਲੇ, ਭਾਰੇ।

ਬਚ ਕੇ ਗੱਲ ਕਰੀਂ ਤੂੰ ਸੁੱਨਤਾ! ਸਦ ਕੇ ਜਾਹ ਤੇ ਜਾਹ ਬਲਿਹਾਰੇ।

•

خون خرابہ

خون خرابہ تاں ہی ہوندا، سکتا، سکتے نوں جے مارے
گئو غریب دا خون ڈولھ کے کس بھڑوئے نوں آن نظارے

جو جھک سکن دی ہمت رکھے اصل وزن اسدا ہوندا ہے،
وزندار اوہیؤ ہوندا ہے جو مرضی نہ' ہولے توں ہارے

ساڈی قوم دے جھوٹ سنڈے بہت ہی طاقتور سی لیکن،
آپس وچ بھڑ بھڑ کے خود ہی سنگھ تڑا لئے سارے

اپنے کسے نوں تکڑا منتا اسیں کدے سکھنا نہیں چاہیا،
مڈھ قدیموں پنگیبازی کردے آئے ہولے، بھارے

بچ کے گل کریں توں سنڑا! صد کے جاہ تے جاہ بلہارے

ਭਾਰਤ ਦੀਆਂ ਸਰਕਾਰਾਂ

ਹਾਂ! ਗਰੀਬੀ ਦੂਰ ਕਰਨਗੀਆਂ, ਭਾਰਤ ਦੀਆਂ ਸਰਕਾਰਾਂ।
ਆਮ ਆਦਮੀ ਮਰ-ਮਰ ਜਿਉਂਦਾ, ਲੀਡਰ ਲੁੱਟਣ ਬਹਾਰਾਂ।

ਰਾਮ ਮੰਦਿਰ ਜਾਂ ਮਸਜਿਦ ਨੇ, ਭੁੱਖਿਆਂ ਦਾ ਢਿੱਡ ਨਹੀਂ ਭਰਨਾ।
ਨੇਤਾ ਚਿੰਜਤੀ ਛੇਤਨ, ਭੁੱਖਿਆਂ ਆਪਸ ਵਿੱਚ ਲੜ-ਲੜ ਕੇ ਮਰਨਾ।

ਜੇਕਰ ਅੱਗ ਸਰਕਾਰ ਲਗਾਵੇ, ਉਸਨੂੰ ਦੱਸਿਓ! ਕੌਣ ਬੁਝਾਵੇ।
ਦੋਸ਼ੀ ਸਭ ਸਰਕਾਰੀ ਅਫ਼ਸਰ, ਕੌਣ ਉਹਨਾ 'ਤੇ ਦੋਸ਼ ਲਗਾਵੇ।

•

بھارت دیاں سرکاراں

ہاں! غریبی دور کرن گیاں، بھارت دیاں سرکاراں
عام آدمی مر مر جیوندا، لیڈر لٹن بہاراں

رام مندر جاں مسجد نے، بھکھیاں دا ڈھڈ نہیں بھرنا
نیتا چنجڑی چھیڑن، بھکھیاں آپس وچ لڑ لڑ کے مرنا

جیکر اگ سرکار لگاوے، اسنوں دسیو! کون بجھاوے
دوشی سبھ سرکاری افسر، کون اپنا تے دوش لگاوے

ਸਿਆਸਤਦਾਨ

ਸਤਿਆਨਾਸ ਜ਼ਮਾਨਾ ਕਰ 'ਤਾ ਅੱਜ ਸਿਆਸਤਦਾਨਾਂ ਨੇ
ਇਨਸਾਨੀਅਤ ਦੀਆਂ ਧੱਜੀਆਂ ਕਰਤੀਆਂ ਹੱਥੀਂ ਖ਼ੁਦ ਇਨਸਾਨਾਂ ਨੇ।

ਫੋੜੇ ਉੱਤੇ ਫਿਣਸੀ ਹੋਈ, ਦਰਦ ਪਤਾ ਨਹੀਂ ਵੱਧ ਕਿਸ ਦਾ,
ਸੁੱਨੜਾ! ਛੱਡ ਸਿਆਸਤ ਤੈਨੂੰ, ਚਾਹ ਲੈਣਾ ਭਲਵਾਨਾਂ ਨੇ।

ਇੱਕ ਦੂਜੇ ਦੀ ਮਿੱਟੀ ਪੁੱਟਦੇ, ਅੱਖੀਂ ਘੱਟਾ ਜਨਤਾ ਦੇ,
ਕਿਰਤੀਆਂ ਕੋਲੋਂ ਖੋਹ ਕੇ ਖਾਣੀ, 'ਕੱਠਿਆ ਬੈਠ ਸ਼ੈਤਾਨਾਂ ਨੇ।

ਗਊ-ਗਰੀਬ ਨੂੰ ਦੁਨੀਆ ਵਿਚ ਕਦੇ ਨਹੀਂ ਕੋਈ ਗਿਣਦਾ,
ਸਾਨ੍ਹਾਂ ਦੇ ਇਸ ਭੇੜ 'ਚ ਜਿੱਤਣਾ, ਹਰਨਾ ਸਭ ਹੈਵਾਨਾਂ ਨੇ।

ਦੇਸ਼ ਕੌਮ ਦੀ ਖਾਤਰ ਕਦੇ ਕੋਈ ਲੀਡਰ ਨਹੀਂ ਮਰਦਾ
ਅਫ਼ਸਰ ਰੁਤਬੇ ਪਾਉਂਦੇ, ਜਾਨਾਂ ਦਿੱਤੀਆਂ ਸਭ ਜਵਾਨਾਂ ਨੇ।

ਭੁੱਖੇ ਬੈਠੇ ਆਮ ਆਦਮੀ ਨੂੰ, ਨਹੀਂ ਕਿਸੇ ਵੀ ਪੁੱਛਣਾ,
ਰਾਜਿਆਂ ਖਾਣਾ ਲੱਪ-ਗੜੱਪੀ, ਰਹਿੰਦ-ਖੂੰਹਦ ਦਰਬਾਨਾਂ ਨੇ।

•

سیاستدان

ستیاناس زمانہ کر 'تا اج سیاستداناں نے
انسانیت دیاں دھجیاں کرتیاں ہتھیں خود انساناں نے

پھوڑے اتے پھنسی ہوئی، درد پتہ نہیں ودھ کس دا،
سنڑا! چھڈ سیاست تینوں، ڈھاہ لینا بھلواناں نے

اک دوجے دی مٹی پٹدے، اکھیں گھٹا جنتا دے،
کرتیاں کولو کھوہ کے کھائی، 'کٹھیا بیٹھ شیطاناں نے

گئو غریب نوں دنیا وچ کدے نہیں کوئی گندا،
سانھاں دے اس بھیڑ 'چ جتنا، ہرنا سبھ حیواناں نے

دیش قوم دی خاطر کدے کوئی لیڈر نہیں مردا
افسر رتبے پاؤندے، جاناں دتیاں سبھ جواناں نے

بھکھے بیٹھے عام آدمی نوں، نہیں کسے وی پچھنا،
راجیاں کھانا لپ گڑپی، رہند کھوہند دریاناں نے

ਭਾਰਤ ਦੀ ਧੀ

ਭਾਰਤ ਦੀ ਧੀ ਬਣਨ ਵਾਸਤੇ ਜੂਨ ਗਵਾਉਣੀ ਪੈਂਦੀ ਹੈ।
ਮਾਸਾਹਾਰੀ ਜਨਵਰਾਂ ਦੀ ਭੁੱਖ ਮਿਟਾਉਣੀ ਪੈਂਦੀ ਹੈ।

ਬਸ! ਕਰੋ ਹੁਣ ਕਿਸੇ ਨੂੰ ਸੀਤਾ ਮਾਤਾ ਨਾ ਕਹਿਣਾ,
ਪਾਪਾਂ ਦੀ ਨਗਰੀ ਵਿੱਚ ਇਹ ਕਿਉਂ ਰੀਤ ਨਿਭਾਉਣੀ ਪੈਂਦੀ ਹੈ।

ਵਤਨ ਦੀਆਂ ਡੀਗਾਂ ਮਾਰਨ ਵਾਲੇ ਦੱਸਿਓ! ਅੱਜ ਕਿੱਥੇ ਨੇ,
ਲਾਹਨਤ ਹੈ ਸਰਕਾਰ 'ਤੇ ਜਿਸਨੂੰ ਦੁੰਬ ਛੁਪਾਉਣੀ ਪੈਂਦੀ ਹੈ।

ਸ਼ਰਮਿੰਦਗੀ ਕਰਕੇ ਕੀ ਲੈਣਾ, ਬੁੱਚੜਾਂ ਨੂੰ ਨਾ ਦਰਦ ਕੋਈ,
ਮਾਵਾਂ, ਭੈਣਾਂ, ਧੀਆਂ ਸਭ ਨੂੰ ਪੱਤ ਲੁਟਾਉਣੀ ਪੈਂਦੀ ਹੈ।

ਮਰਦਾਂ ਵਾਲੇ ਹੱਕ ਔਰਤ ਨੂੰ ਦੇਣ ਦੀਆਂ ਕਸਮਾਂ ਖਾ ਕੇ,
ਕੁੱਖ ਤੋਂ ਲੈ ਕੇ ਅੰਤਕਾਲ ਤੱਕ ਈਨ ਮਨਾਉਣੀ ਪੈਂਦੀ ਹੈ।

ਔਰਤ ਦੀ ਸਿਰਜੀ ਦੁਨੀਆ ਵਿੱਚ ਔਰਤ ਨੂੰ ਹੀ ਕਿਸ ਗੱਲੋਂ,
ਨਮੋਸ਼ੀ, ਸ਼ਰਮਿੰਦਗੀ, ਜ਼ਿੱਲਤ ਰੋਜ਼ ਹੰਢਾਉਣੀ ਪੈਂਦੀ ਹੈ।

ਉੱਠ ਦੁਰਗਾ, ਚੰਡੀ ਬਣ ਅੱਜ ਤੋਂ ਝਾਂਸੀ ਦੀ ਰਾਣੀ ਬਣ 'ਜਾ,
ਹੱਕ ਪ੍ਰਾਪਤ ਕਰਨ ਲਈ ਤਲਵਾਰ ਉਠਾਉਣੀ ਪੈਂਦੀ ਹੈ ।

•

بھارت دی دِھی

بھارت دی دھی بنن واسطے جون گواؤنی پیندی ہے
ماساہاری جنوراں دی بھکھ مٹاؤنی پیندی ہے

بس! کرو ہن کسے نوں سیتا ماتا نہ کہنا،
پاپاں دی نگری وچ ایہہ کیوں ریت نبھاؤنی پیندی ہے

وطن دیاں ڈیگاں مارن والے دسیو! اج کتھے نے،
لعنت ہے سرکار تے جسنوں دمب چھپاؤنی پیدی ہے

شرمندگی کرکے کیہ لینا، بچڑاں نوں نہ درد کوئی،
ماواں، بھیناں، دھیاں سبھ نوں پت لٹاؤنی پیندی ہے

مرداں والے حق عورت نوں دین دیاں قسماں کھا کے،
ککھ توں لے کے انتکال تک این منواؤنی پیندی ہے

عورت دی سرجی دنیا وچ عورت نوں ہی کس گلوں،
نموشی، شرمندگی، زلت روز ہنڈھاؤنی پیندی ہے

اٹھ درگا، چنڈی بن اج توں جھانسی دی رانی بن 'جا،
حق پرپت کرن لئی تلوار اٹھاؤنی پیندی ہے

ਮਾਰਟਨ ਲੂਥਰ ਕਿੰਗ ਦਾ ਸੁਪਨਾ

ਮਾਰਟਨ ਲੂਥਰ ਕਿੰਗ ਨੂੰ ਸੀ ਸੁਪਨਾ ਆਇਆ।
'ਕਾਲੀ ਕੌਮ' ਆਜ਼ਾਦ ਹੋਈ, ਹੱਕ ਸਭ ਨੇ ਪਾਇਆ।

ਰੱਬ ਦੇ ਦੇਖੋ! ਰੰਗ ਕਿ ਦਿਨ ਚੜ੍ਹ ਆਇਆ,
ਕਾਲੇ ਨੂੰ ਅਮਰੀਕਾ ਦਾ ਪ੍ਰਧਾਨ ਬਣਾਇਆ।

ਹਿੰਮਤ ਕਰੀਏ ਤਾਂ ਰੱਬ ਵੀ ਹੋ ਜਾਏ ਸਹਾਇਆ,
ਅੱਖਾ ਮੀਟਣ ਨਾਲ ਕਦੇ ਕੋਈ ਬਚ ਨਾ ਪਾਇਆ।

ਲਗਭਗ ਸਾਰੀਆਂ ਕੌਮਾਂ ਭਾਰਤ ਦਾ ਸਰਮਾਇਆ,
ਮੁੱਠੀ ਭਰ ਲੋਕਾ ਸਭ ਨੂੰ ਹੈ ਗੁਲਾਮ ਬਣਾਇਆ।

ਆਜ਼ਾਦ ਹੋਣ ਦਾ ਸੁਪਨਾ ਲੱਗਦੈ, ਹੱਕ ਪਰਾਇਆ,
ਅਸੀ ਭੁੱਕੀ, 'ਫ਼ੀਮ ਤੇ ਬੋਤਲ ਖਾਤਰ ਵੋਟ ਬਣਾਇਆ।

ਆਪੇ ਫਾਥੜਿਆ ਨੂੰ ਕਦੇ ਨਾ ਕਿਸੇ ਛੁਡਾਇਆ,
ਵਿਕਦੇ ਰਹਾਂਗੇ ਜਿੰਨਾ ਚਿਰ ਤਕ ਵਿਕਣਾ ਚਾਹਿਆ।

•

مارٹن لوتھر کنگ دا سپنا

مارٹن لوتھر کنگ نوں سی سپنا آیا
'کالی قوم' آزاد ہوئی، حق سبھ نے پایا

رب دے دیکھو! رنگ کہ دن چڑھ آیا،
کالے نوں امریکہ دا پردھان بنایا

ہمت کریے تاں رب وی ہو جائے سہایا،
اکھا میٹن نال کدے کوئی بچ نہ پایا

لگ بھگ ساریاں قوماں بھارت دا سرمایہ،
مٹھی بھر لوکا سبھ نوں ہے غلام بنایا

آزاد ہون دا سپنا لگدے، حق پرایا،
اسیں بھکی، 'فیم تے بوتل خاطر ووٹ بنایا

آپے پھاتھڑیا نوں کدے نہ کسے چھڈایا،
وکدے رہاں گے جنا چر تک وکنا چاہیا

ਮਾਂ ਦੀ ਮਮਤਾ

ਮਾਂ ਬੋਲੀ



ماں دی ممتا

ماں بولی



ਮਾਂ ਦੀ ਮਹਿਕ

ਮਾਂ ਜਿਹੜਾ ਵੀ ਰੂਪ ਬਣਾਵੇ,
ਮਾਂ ਦੀ ਮਹਿਕ ਪਛਾਣੀ ਜਾਵੇ।

ਜੇ ਮੇਰੀ ਮਾਂ ਬੁਰਕਾ ਪਾਵੇ,
ਤਾਂ ਵੀ ਸੁੱਨਤ ਸੀਸ ਝੁਕਾਵੇ।
ਜਿੱਧਰੋਂ ਦੀ ਵੀ ਮਾਂ ਲੰਘ ਜਾਵੇ,
ਚਰਨ ਧੂੜ ਮਸਤਕ 'ਤੇ ਲਾਵੇ।

ਜਿੰਨਾ ਮਰਜ਼ੀ ਛੁਪਣਾ ਚਾਹਵੇ,
ਮਾਂ ਦੀ ਮਮਤਾ ਢਕੀ ਨਾ ਜਾਵੇ।

ਜੇ ਮੇਰੀ ਮਾਂ ਸਾਤੀ ਲਾਵੇ,
ਬਿੰਦੀ ਅਤੇ ਸੰਧੂਰ ਸਜਾਵੇ।
ਕੁਰਾਨ ਦੀਆਂ ਆਇਤਾਂ ਨਾ ਗਾਵੇ,
ਗੀਤਾ ਦਾ ਉਪਦੇਸ਼ ਸੁਣਾਵੇ।

ਤਾਂ ਵੀ ਸੁੱਨਤ ਸਦਕੇ ਜਾਵੇ,
ਬਲ-ਬਲ ਤੇ ਬਲਿਹਾਰੇ ਜਾਵੇ।

ਘੱਗਰਾ ਜਾਂ ਫਿਰ ਸੂਟ ਸਵਾਂਵੇ,
ਜੇ ਧੋਤੀ ਦੀ ਜੁੱਤੀ ਪਾਵੇ।
ਗੁੰਦੇ ਵਾਲ ਪਰਾਂਦਾ ਲਾਵੇ,
ਸਿਰ ਚੁੰਨੀ ਨਾਲ ਕੱਜਣਾ ਚਾਹਵੇ।

ماں دی مہک

ماں جیہڑا وی روپ بناوے،
ماں دی مہک پچھاتی جاوے

جے میری ماں برقع پاوے،
تاں وی سنڑ سیس جھکاوے

جدھروں دی وی ماں لنگھ جاوے،
چرن دھوڑ مستک تے لاوے

جنا مرضی چھپنا چاہوے،
ماں دی ممتا ڈھکی نہ جاوے

جے میری ماں ساڑی لاوے،
بندی تے سندھور سجاوے
قرآن دیاں آئتاں نہ گاوے،
گیتا دا اپدیش سناوے

تاں وی سنڑ صدقے جاوے،
بل بل تے بلہارے جاوے

گھگرا جاں پھر سوٹ سوانوے،
جے دھوڑی دی جتی پاوے
گندے وال پراندا لاوے،
سر چنی نال کجنا چاہوے

ਤੜਕੇ ਉੱਠ ਗੁਰਬਾਣੀ ਗਾਵੇ।
ਸੁੱਨੜ ਚਰਨਾਂ 'ਤੇ ਢਹਿ ਜਾਵੇ।
ਚੁੰਮੇ ਚਰਨ ਤੇ ਰੂਹ ਤ੍ਰਿਪਤਾਵੇ।
ਮਾਂ ਪੰਜਾਬੀ ਦੇ ਗੁਣ ਗਾਵੇ।

ਮਾਂ ਜਿਹੜਾ ਵੀ ਰੂਪ ਬਣਾਵੇ,
ਮਾਂ ਦੀ ਮਹਿਕ ਪਹਿਚਾਣੀ ਜਾਵے।

•

تڑکے اٹھ گربانی گاوے
سنڑ چرناں تے ڈھیہہ جاوے
چمے چرن تے روح ترپتاوے
ماں پنجابی دے گن گاوے

ماں جیہڑا وی روپ بناوے،
ماں دی مہک پہچانی جاوے

ਅੰਮੀ

ਮਾਂ ਤਾਂ ਬਸ! ਇੱਕ ਮਾਂ ਹੁੰਦੀ ਹੈ, ਮਾਂ ਤਾਂ ਰੱਬ ਦੇ ਥਾਂ ਹੁੰਦੀ ਹੈ।
ਨਾ-ਨਾ, ਨਾ ਤੂੰ ਏਦਾਂ ਨਾ ਕਰ ਮੇਰੀ ਹੋਂਦ ਫਨ੍ਹਾਂ ਹੁੰਦੀ ਹੈ।

ਧਰਤੀ ਹੀ ਬਣਨਾ ਹੈ ਧੀ ਨੇ, ਧਰਤ ਬਿਨਾ ਨਹੀਂ ਉੱਗਣਾ ਬੀਅ ਨੇ,
ਧਰਤੀ 'ਤੇ ਤੁਰਨਾ ਹਰ ਜੀਅ ਨੇ, ਧਰਤੀ 'ਤੇ ਉੱਗਿਆਂ ਰੁੱਖਾਂ ਦੀ,
ਜੱਗ ਵਿੱਚ ਠੰਢਤੀ ਛਾਂ ਹੁੰਦੀ ਹੈ।

ਮਾਂ ਤਾਂ ਬਸ! ਇੱਕ ਮਾਂ ਹੁੰਦੀ ਹੈ.....।

ਨਾ ਕਰ ਨਾ ਅਨਿਆਂ ਨਾ ਕਰ ਤੂੰ, ਖੇਲ੍ਹਣ ਤੋਂ ਪਹਿਲਾਂ ਨਾ ਹਰ ਤੂੰ,
ਦਰਦ ਹੈ ਤੈਨੂੰ ਤਾਂ ਵੀ ਜਰ ਤੂੰ, ਮਾਂ ਤੇ ਧੀ ਦੀ ਦਰਦ ਕਹਾਣੀ,
ਕੁੱਖਾਂ ਵਿੱਚ ਬਿਆਂ ਹੁੰਦੀ ਹੈ।

ਮਾਂ ਤਾਂ ਬਸ! ਇੱਕ ਮਾਂ ਹੁੰਦੀ ਹੈ.....।

ਇੱਕ ਦਮ ਸੱਚੋ-ਸੱਚ ਸੁਣਾਵਾਂ, ਬਾਤ ਨਾ ਕੋਈ ਬਤੋਲੀ ਪਾਵਾਂ,
ਨਾ ਹੀ ਰੱਬ 'ਤੇ ਊਜਾਂ ਲਾਵਾਂ, ਬਾਪ ਮੇਰਾ 'ਕੱਲਾ ਨਹੀਂ ਦੋਸ਼ੀ,
ਤੇਰੀ ਹਾਂ ਵਿੱਚ ਹਾਂ ਹੁੰਦੀ ਹੈ।

ਮਾਂ ਤਾਂ ਬਸ! ਇੱਕ ਮਾਂ ਹੁੰਦੀ ਹੈ.....।

ਬਾਪ ਦੀ ਗ਼ਲਤੀ ਤੂੰ ਵੀ ਦੋਸ਼ੀ, ਮੰਨਿਆ ਸੋਚ ਬਾਪ ਦੀ ਹੋਛੀ,
ਪਰ ਦੱਸ! ਤੂੰ ਕਿਉਂ ਫਿਰੇਂ ਨਿਮੋਸ਼ੀ, ਮਾਤ-ਪਿਤਾ ਦੋਹਾਂ ਦੀ ਅੰਮੀਏ!
ਆਪੋ-ਆਪਣੀ ਥਾਂ ਹੁੰਦੀ ਹੈ।

ਮਾਂ ਤਾਂ ਬਸ! ਇੱਕ ਮਾਂ ਹੁੰਦੀ ਹੈ.....।

•

امّی

ماں تاں بس! اک ماں ہوندی ہے، ماں تاں رب دے تھاں ہوندی ہے
نہ نہ، نہ توں ایداں نہ کر میری ہوند پھنھاں ہوندی ہے

دھرتی ہی بننا ہے دھی نے، دھرت بنا نہیں اگنا بیء نے،
دھرتی تے ترنا ہر جی نے، دھرتی تے اگیاں رکھاں دی،
جگ وچ ٹھنڈھڑی چھاں ہوندی ہے

ماں تاں بس! اک ماں ہوندی ہے.....

نہ کر نہ انیاں نہ کر توں، کھیلھن توں پہلاں نہ ہر توں،
درد ہے تینوں تاں وی جر توں، ماں تے دھی دی درد کہانی،
ککھاں وچ بیاں ہوندی ہے

ماں تاں بس! اک ماں ہوندی ہے.....

اک دم سچو سچ سناواں، بات نہ کوئی بتولی پاواں،
نہ ہی رب تے اوجاں لاواں، باپ میرا 'کلا نہیں دوشی،
تیری ہاں وچ ہاں ہوندی ہے

ماں تاں بس! اک ماں ہوندی ہے.....

باپ دی غلطی توں وی دوشی، منیا سوچ باپ دی ہوچھی،
پر دس! توں کیوں پھریں نموشی، مات پتا دوہاں دی امیے!
آپو اپنی تھاں ہوندی ہے
ماں تاں بس! اک ماں ہوندی ہے.....

ਮੇਰੀ ਮਾਂ

ਸ਼ਾਇਦ ਤੂੰ ਇਹ ਠੀਕ ਕਿਹਾ ਹੈ, ਮੇਮ ਸਾਹਿਬ ਤਾਂ ਬੜੇ ਸਿਆਣੇ।
ਅੰਗਰੇਜ਼ਾਂ ਦੀ ਧੀ, ਪੋਤਰੀ, ਅੰਗਰੇਜ਼ੀ ਵਿੱਚ ਗਾਉਂਦੀ ਗਾਣੇ।

ਦੁਨੀਆ ਕਿੱਥੇ ਪਹੁੰਚ ਗਈ ਹੈ, ਹਰ ਮੰਜ਼ਿਲ, ਹਰ ਰਾਹ ਪਛਾਣੇ,
ਐਟਮ ਬੰਬ ਤੇ ਰਾਕਟ ਦੀ ਗੱਲ, ਉਸਦੇ ਘਰ ਵਿੱਚ ਕਰਨ ਨਿਆਣੇ।

ਬੰਦਿਆਂ ਵਰਗੀ ਹੀ ਲੱਗਦੀ ਹੈ, ਬੰਦਿਆਂ ਵਰਗੇ ਕੱਪੜੇ ਪਾਵੇ,
ਨਿੱਕੇ-ਨਿੱਕੇ ਵਾਲ ਓਸਦੇ, ਬੋਦਾ ਬੰਦਿਆਂ ਵਾਂਗ ਬਣਾਵੇ।

ਮੋਟਰ ਸਾਈਕਲ ਤੇ ਕਾਰਾਂ ਵੀ ਐਨਕ ਲਾ ਕੇ ਆਪ ਚਲਾਵੇ,
ਧਾਰ ਨਹੀਂ ਭਾਵੇਂ ਕੱਢ ਸਕਦੀ, ਚਸਕੇ ਨਾਲ ਮਲਾਈ ਖਾਵੇ।

ਜੁਡੋ ਅਤੇ ਕਰਾਟੇ ਖੇਡੇ ਕਿਸਦੀ ਹਿੰਮਤ ਨੇੜੇ ਆਵੇ,
ਜਿਸਨੂੰ ਜਾਨ ਨਹੀਂ ਚਾਹੀਦੀ, ਉਹੀਓ ਤਾਂ ਉਸਨੂੰ ਹੱਥ ਪਾਵੇ।

ਵਰਜਿਸ਼ ਨਿੱਤ ਨੇਮ ਨਾਲ ਕਰਦੀ, ਡੌਲੇ ਬੰਦਿਆਂ ਵਾਂਗ ਦਿਖਾਵੇ।
ਸਭ ਕੁਝ ਹੀ ਉਹ ਖਾਂਦੀ ਪੀਂਦੀ, ਜੋ ਵੀ ਉਸਦੇ ਮਨ ਨੂੰ ਭਾਵੇ।

ਦੇਖੋ! ਕਿੱਥੋਂ ਤੱਕ ਪਹੁੰਚ ਗਈ, ਰੱਬ ਦੀਆਂ ਗੱਲਾਂ ਰੱਬ ਹੀ ਜਾਣੇ।
ਸ਼ਾਇਦ ਤੂੰ ਇਹ ਠੀਕ ਕਿਹਾ ਹੈ, ਮੇਮ ਸਾਹਬ ਤਾਂ ਬਹੁਤ ਸਿਆਣੇ।

ਮੇਰੀ ਮਾਂ ਤਾਂ ਕਮਲੀ-ਰਮਲੀ, ਪੜ੍ਹਨਾ-ਲਿਖਣਾ ਵੀ ਨਾ ਜਾਣੇ।
ਸਾਰਾ ਪਿੰਡਾ ਢੱਕ ਲੈਂਦੀ ਹੈ ਕਿੰਦਾਂ ਦੀ ਹੈ ਕੋਈ ਨਾ ਜਾਣੇ।

میری ماں

شاید توں ایہہ ٹھیک کیہا ہے، میم صاحب تاں بڑے سیانے
انگریزاں دی دھی، پوتری، انگریزی وچ گاؤندی گانے

دنیا کتھے پہنچ گئی ہے، ہر منزل، ہر راہ پچھانے،
ایٹم بمب تے راکٹ دی گل، اسدے گھر وچ کرن نیانے

بندیاں ورگی ہی لگدی ہے، بندیاں ورگے کپڑے پاوے،
تکے تکے وال اوسدے، بودا بندیاں وانگ بناوے

موٹر سائیکل تے کاراں وی عینک لا کے آپ چلاوے،
دھار نہیں بھاویں کڈھ سکدی، چسکے نال ملائی کھاوے

جوڈو اتے کراٹے کھیڈے کسدی ہمت نیڑے آوے،
جسنوں جان نہیں چاہیدی، اہیؤں تاں اسنوں ہتھ پاوے

ورجش نت نیم نال کردی، ڈولے بندیاں وانگ دکھاوے
سبھ کجھ ہی اوہ کھاندی پیندی، جو وی اسدے من نوں بھاوے

دیکھو! کتھوں تک پہنچ گئی، رب دیاں گلاں رب ہی جانے
شاید توں ایہہ ٹھیک کیہا ہے، میم صاحب تاں بہت سیانے

میری ماں تاں کملی رملی، پڑھنا لکھنا وی نہ جانے
سارا پنڈا ڈھک لیندی ہے کداں دی ہے کوئی نہ جانے

ਦੁੱਧ ਰਿੜਕਦੀ, ਰੋਟੀ ਥੱਪਦੀ, ਚਰਖਾ ਕੱਤਦੀ ਗਾਵੇ ਗਾਣੇ।
ਫੈਸ਼ਨ ਵੀ ਨਹੀਂ ਕਰਨਾ ਆਉਂਦਾ, ਕਾਰ ਚਲਾਉਣੀ ਉਹ ਕੀ ਜਾਣੇ।
ਘਰ ਤੱਕ ਹੀ ਸੀਮਤ ਰੀਝਾਂ, ਘਰ ਵਾਲਾ ਹੀ ਉਸਦੀ ਜਾਨ।
ਆਪਣੇ ਬੱਚਿਆਂ ਵਿੱਚੋਂ ਦਿਸਦਾ, ਉਸਨੂੰ ਆਪਣਾ ਪਿੰਡ-ਪਰਾਣ।

ਵਿਹੜੇ ਦੇ ਵਿੱਚੇ ਵਿੱਚ ਹੀ ਹੈ ਉਸਦਾ ਸਾਰਾ ਦੀਨ ਇਮਾਨ।
ਦੁਨੀਆ ਕਿੱਥੋਂ ਤੱਕ ਪਹੁੰਚ ਗਈ, ਇਸ ਪਾਸੇ ਨਾ ਉਸਦਾ ਧਿਆਨ।

ਮੇਮ ਵਾਂਗਰਾਂ ਤਾਂ ਮੇਰੀ ਮਾਂ, ਬਿਲਕੁੱਲ ਕੁਝ ਨਾ ਕਰਨਾ ਜਾਣੇ।
ਲੇਕਿਨ ਮੇਰੀ ਮਾਂ ਹੈ ਮਿੱਤਰਾ, ਮਾਂ ਦਾ ਰੁਤਬਾ ਮਾਂ ਹੀ ਮਾਣੇ।

ਸ਼ਾਇਦ ਤੂੰ ਇਹ ਠੀਕ ਕਿਹਾ ਹੈ, ਮੇਮ ਸਾਹਿਬ ਤਾਂ ਬਤੇ ਸਿਆਣੇ।
ਅੰਗਰੇਜ਼ਾਂ ਦੀ ਧੀ, ਪੋਤਰੀ, ਅੰਗਰੇਜ਼ੀ ਵਿੱਚ ਗਾਉਂਦੀ ਗਾਣੇ।

•

دودھ رڑکدی، روٹی تھپدی، چرکھا کتدی گاوے گانے
فیشن وی نہیں کرنا آؤندا، کار چلاؤنی اوہ کیہ جانے
گھر تک ہی سیمت ریجھاں، گھر والا ہی اسدی جان
اپنے بچیاں وچوں دسدا، اسنوں اپنا پنڈ پران

ویڑھے دے وچے وچ ہی ہے اسدا سارا دین ایمان
دنیا کتھوں تک پہنچ گئی، اس پاسے نہ اسدا دھیان

میم وانگراں تاں میری ماں، بلکل کجھ نہ کرنا جانے
لیکن میری ماں ہے مترا، ماں دا رتبہ ماں ہی مانے

شاید توں ایہہ ٹھیک کیہا ہے، میم صاحب تاں بڑے سیانے
انگریزاں دی دھی، پوتری، انگریزی وچ گاؤندی گانے

ਮਾਂ ਪੰਜਾਬੀ

ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾ ਆਇਆ।

ਮਾਂ ਦੇ ਸਾਹਵੇਂ ਦਾਦੀ ਨੂੰ, ਦਾਦੀ ਸਾਹਵੇਂ ਪੜ੍ਹਦਾਦੀ ਨੂੰ,
ਪੜ੍ਹਦਾਦੀ ਦੀ ਦਾਦੀ ਨੂੰ, ਸਾਡੇ ਆਪਣਿਆਂ ਨੇ ਬੜਾ ਰਵਾਇਆ।

ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾ ਆਇਆ।

ਦਾਦੀ ਵੀ, ਪੜ੍ਹਦਾਦੀ ਵੀ, ਅੰਦਰੋ-ਅੰਦਰ ਮਰਦੀਆਂ ਰਹੀਆਂ।
ਬੜੇ ਤਸੀਹੇ ਝੱਲੇ, ਆਪਣਿਆਂ ਦਾ ਸਭ ਕੁੱਝ ਜਰਦੀਆਂ ਰਹੀਆਂ।
ਹਰ ਗਰਮੀ ਵਿੱਚ ਸੜਦੀਆਂ ਰਹੀਆਂ, ਹਰ ਸਰਦੀ ਵਿੱਚ ਠਰ੍ਹਦੀਆਂ ਰਹੀਆਂ।
ਬੁੱਕ-ਬੁੱਕ ਹੰਝੂ ਰੋਂਦੀ ਮਾਂ ਨੂੰ, ਕਿਸੇ ਨਾ ਜਾ ਕੇ ਚੁੱਪ ਕਰਾਇਆ।

ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾ ਆਇਆ।

ਦਾਦੀ ਵੀ, ਪੜ੍ਹਦਾਦੀ ਵੀ, ਕਿਸੇ ਸਕੂਲੇ ਜਾ ਨਾ ਸਕੀਆਂ।
ਪੁੱਤਰਾਂ ਦੀ ਰੋਟੀ ਦੇ ਖਾਤਰ, ਚੱਕੀ ਪੀਂਹਦੀਆਂ ਕਦੇ ਨਾ ਥੱਕੀਆਂ।
ਪੁੱਤ ਪਾਲਣ ਦਾ ਸ਼ੌਕ ਬੜਾ ਸੀ, ਭੱਜ-ਨੱਠ ਕਰਦੀਆਂ ਕਦੇ ਨਾ ਅੱਕੀਆਂ।
ਪੁੱਤ ਰਾਜਾ ਵੀ ਬਣਿਆ, ਪੁੱਤਰ ਨੇ ਦੇਖੋ! ਕੀ ਧਰਮ ਕਮਾਇਆ।
ਲੋਰੀਆਂ ਪੰਜਾਬੀ ਦੇ ਵਿੱਚ ਲਈਆਂ, ਫਾਰਸੀ ਦੇ ਵਿੱਚ ਹੁਕਮ ਚਲਾਇਆ।

ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾ ਆਇਆ।

ਸਰਕਾਰੇ-ਦਰਬਾਰੇ ਸਾਡੀ ਬੁੱਢੀ ਮਾਂ ਨੂੰ ਕੋਈ ਨਾ ਜਾਣੇ।
ਰਾਜਿਆਂ, ਮਹਾਂਰਾਜਿਆਂ ਦੀ ਮਾਂ, ਗਲੀ-ਗਲੀ ਦੀ ਮਿੱਟੀ ਛਾਣੇ।
ਰਾਜੇ ਪੁੱਤ ਜਗੀਰਾਂ ਵੰਡਣ, ਮਾਂ ਦਿਨ ਕੱਟੇ ਭੁੱਖੇ-ਭਾਣੇ।
ਰਾਣੀ ਉਸਨੇ ਕੀ ਬਣਨਾ ਸੀ, ਮਾਂ ਦਾ ਦਰਜਾ ਵੀ ਨਾ ਪਾਇਆ।

ماں پنجابی

ماں پنجابی روندی رہ گئی، پُتراں نوں کوئی ترس نہ آیا
ماں دے ساہویں دادی نوں، دادی ساہویں پڑدادی نوں،
پڑدادی دی دادی نوں، ساڈے آپنیاں نے بڑا روایا
ماں پنجابی روندی رہ گئی، پتراں نوں کوئی ترس نہ آیا
دادی وی، پڑدادی وی، اندرو اندر مردیاں رہیاں
بڑے تسیہے جھلے، آپنیاں دا سبھ کجھ جردیاں رہیاں
ہر گرمی وچ سڑدیاں رہیاں، ہر سردی وچ ٹھرھدیاں رہیاں
بُک بُک ہنجھو روندی ماں نوں، کسے نہ جا کے چپ کرایا
ماں پنجابی روندی رہ گئی، پتراں نوں کوئی ترس نہ آیا
دادی وی، پڑدادی وی، کسے سکولے جا نہ سکیاں
پُتراں دی روٹی دے خاطر، چکی پینہدیاں کدے نہ تھکیاں
پُت پالن دا شوق بڑا سی، بھج نٹھ کردیاں کدے نہ اکیاں
پُت راجا وی بنیا، پتر نے دیکھو! کیہ دھرم کمایا
لوریاں پنجابی دے وچ لئیاں، فارسی دے وچ حکم چلایا
ماں پنجابی روندی رہ گئی، پتراں نوں کوئی ترس نہ آیا
سرکارے دربارے ساڈی بڈھی ماں نوں کوئی نہ جانے
راجیاں، مہاراجیاں دی ماں، گلی گلی دی مٹی چھانے
راجے پت جگیراں ونڈن، ماں دن کٹے بھکھے بھانیے
رانی اُسنے کیہ بننا سی، ماں دا درجہ وی نہ پایا

ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾ ਆਇਆ।

ਕਿਸ-ਕਿਸ ਦੀ ਹੈ ਮਾਂ ਪੰਜਾਬੀ, ਥੋੜਾ ਜਿਹਾ ਹਿਸਾਬ ਲਗਾਈਏ।
ਬਾਤ-ਬਤੋਲੀਆਂ ਦਾਦੀ ਪਾਵੇ, ਇੱਕ ਬੁਝਾਰਤ ਤਾਂ ਸੁਲਝਾਈਏ।
ਏਨੇ ਵੇਦ, ਗ੍ਰੰਥਾਂ ਦੀ ਮਾਂ, ਕੁੱਝ ਇੱਕ ਨੂੰ ਤਾਂ ਕੋਲ ਬਿਠਾਈਏ।
ਵੇਦ, ਰਮਾਇਣ, ਗੀਤਾ ਨੂੰ, ਪੰਜਾਬੀ ਮਾਂ ਦੀ ਯਾਦ ਕਰਾਈਏ।
ਪੰਜਾਬੀ ਵਿੱਚ ਜਨਮ ਧਾਰ ਕੇ, ਸੰਸਕ੍ਰਿਤ ਨੂੰ ਜਾ ਅਪਣਾਇਆ।

ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾ ਆਇਆ।

•

ماں پنجابی روندی رہ گئی، پتراں نوں کوئی ترس نہ آیا

کس کس دی ہے ماں پنجابی، تھوڑا جیہا حساب لگائیے
بات بتولیاں دادی پاوے، اک بجھارت تاں سلجھائیے
اینے وید، گرنتھاں دی ماں، کجھ اک نوں تاں کول بٹھائیے
وید، رمائن، گیتا نوں، پنجابی ماں دی یاد کرائیے
پنجابی وچ جنم دھار کے، سنسکرت نوں جا اپنایا

ماں پنجابی روندی رہ گئی، پتراں نوں کوئی ترس نہ آیا

ਬੋਲੀਂ ਬੀਬੀ ਅੰਮ੍ਰਿਤਾ

ਬੋਲੀਂ ਬੀਬੀ ਅੰਮ੍ਰਿਤਾ! ਜਿੱਥੇ ਵੀ ਹੈਂ ਉੱਥੋਂ ਬੋਲੀਂ।
ਬੀਤ ਗਏ ਇਤਹਾਸ ਦੇ, ਇੱਕ ਵਾਰੀ ਫਿਰ ਵਰਕੇ ਫੋਲੀਂ।

ਵਾਰਿਸ ਸ਼ਾਹ ਦੇ ਵਾਰਸਾਂ ਦੀ ਦਰਦ ਭਰੀ ਇੱਕ ਕਥਾ ਸੁਣਾਵੀਂ।
ਕਿਵੇਂ ਸੁਨੇਹਾ ਘੱਲਣਾ ਸੁੱਨਤ ਨੂੰ ਵੀ ਤੂੰ ਸਮਝਾਵੀਂ।

ਹਿੰਦੀ, ਸਿੰਧੀ ਬੀਬੀਆਂ ਮਾਂ ਨੂੰ ਮਿਲਣ ਕਦੇ ਨਾ ਆਈਆਂ।
ਗੁਜਰਾਤੀ, ਬੰਗਾਲੀ ਭੈਣਾਂ ਤੇਰੇ ਹੁੰਦਿਆ ਸੀ ਪਰਣਾਈਆਂ।

ਬਿਰਧ ਅਵਸਥਾ ਮਾਂ ਪੰਜਾਬੀ ਪਤਾ ਨਹੀਂ ਕਿੰਨਾ ਚਿਰ ਜੀਵੇ।
ਕਿੰਨਾ ਚਿਰ ਤੱਕ ਹੋਕੇ ਖਾਵੇ, ਕਿੰਨਾ ਚਿਰ ਤੱਕ ਹੰਝੂ ਪੀਵੇ।

ਵੱਡੀ ਕੁਤੀ ਹਿੰਦੀ ਨੂੰ ਆਖੀਂ ਮਾਂ ਕਹਿੰਦੀ ਰਮਾਇਣ ਲਿਆਵੇ।
ਮਝਲੀ ਧੀ ਸਿੰਧੀ ਨੂੰ ਆਖੀਂ ਗੀਤਾ ਦਾ ਉਪਦੇਸ਼ ਸੁਣਾਵੇ।

ਗਾਲਿਬ ਤੇ ਇਕਬਾਲ ਨੂੰ ਦੱਸੀਂ, ਮਾਂ ਦਾ ਰੋਣ ਨਾ ਥੰਮਿਆ ਜਾਵੇ।
ਬੁੱਲ੍ਹੇ ਤੇ ਹਾਸ਼ਮ ਨੂੰ ਆਖੀਂ, ਯਾਦ ਉਨ੍ਹਾਂ ਦੀ ਬੜੀ ਸਤਾਵੇ।

ਗੁਰ ਭਗਤਾਂ ਦੀ ਸਿਫ਼ਤ ਕਰਨ ਲਈ ਪੂਰਬ ਤੋਂ ਟੈਗੋਰ ਵੀ ਆਵੇ।
ਪੰਜਾਬ, ਸਿੰਧ, ਗੁਜਰਾਤ ਨੂੰ 'ਕੱਠਿਆਂ ਕਰਕੇ ਮਾਂ ਦੇ ਕੋਲ ਬਿਠਾਵੇ।

ਇੱਕ ਖ਼ਤ ਹੋਰ ਲਿਖੀਂ ਨੀ ਭੈਣੇ! ਜਿਸ ਵਿੱਚ ਮਾਂ ਦਾ ਦੁਖੜਾ ਫੋਲ੍ਹੀਂ।
ਬੋਲੀਂ ਬੀਬੀ ਅੰਮ੍ਰਿਤਾ! ਜਿੱਥੇ ਵੀ ਹੈਂ ਉੱਥੋਂ ਬੋਲੀਂ।

•

بولیں بی بی امرتا

بولیں بی بی امرتا! جتھے وی ہیں اتھوں بولیں
بیت گئے اتہاس دے، اک واری پھر ورقے پھولیں

وارث شاہ دے وارثاں دی درد بھری اک کتھا سناویں
کویں سنیہا گھلنا سنڑ نوں وی توں سمجھاویں

ہندی، سندھی بیبیاں ماں نوں ملن کدے نہ آئیاں
گجراتی، بنگالی بھیناں تیرے ہوندیا سی پرنائیاں

بردھ اوستھا ماں پنجابی پتہ نہیں کنا چر جیوے
کنا چر تک ہوکے کھاوے، کنا چر تک ہنجھو پیوے

وڈی کڑی ہوندی نوں آکھیں ماں کہندی رمائن لیاوے
مجھلی دھی سندھی نوں آکھیں گیتا دا اپدیش سناوے

غالب تے اقبال نوں دسیں، ماں دا رون نہ تھمیا جاوے
بلہے تے ہاشم نوں آکھیں، یاد اوہناں دی بڑی ستاوے

گر بھگتاں دی صفت کرن لئی پورب توں ٹیگور وی آوے
پنجاب، سندھ، گجرات نوں 'کٹھیاں کرکے ماں دے کول بٹھاوے

اک خط ہور لکھیں نی بھینے! جس وچ ماں دا دکھڑا پھولھیں
بولیں بی بی امرتا! جتھے وی ہیں اتھوں بولیں

ਮਾਂ ਦਾ ਧਰਮ

ਰਾਮ ਤੁਰੇ ਬਨਵਾਸ ਨੂੰ ਸੀਤਾ ਮਾਤਾ ਸਾਥ ਨਿਭਾਇਆ,
ਰੱਬ ਦੀ ਸੇਵਾ ਕਰਦਿਆਂ ਰੱਬ ਤੋਂ ਵਧ ਕੇ ਧਰਮ ਕਮਾਇਆ।
ਤੇਗ਼ ਬਹਾਦਰ ਤਪ ਕਰਨ, ਮਾਤਾ ਗੁਜਰੀ ਬਣ ਗਈ ਸਾਇਆ,
ਪਰਮਪੁਰਖ਼ ਦੀ ਸੇਵਾ ਕਰ, ਗੋਬਿੰਦ ਗੋਦੀ ਵਿੱਚ ਖਿਡਾਇਆ।

ਧਰਤੀ ਧਰਮ ਬਚਾਉਣ ਲਈ, ਇਮਤਿਹਾਨ ਦੇਵੇ ਹਰ ਰਾਇਆ,
ਸੱਚ ਨਾ ਸਤਦਾ ਕਦੇ ਵੀ, ਸੀਸ ਵਾਰ ਕੇ ਧਰਮ ਬਚਾਇਆ।
ਮਾਂ ਗੁਜਰੀ ਦੇ ਲਾਲ ਨੇ ਸਿੱਖ ਨੂੰ, ਪੋਂਦ ਚਾੜ੍ਹ ਕੇ ਸ਼ੇਰ ਬਣਾਇਆ,
ਐਸੀ ਤਾਕਤ ਬਖ਼ਸ਼ 'ਤੀ ਸਵਾ ਲੱਖ ਨਾ' ਇੱਕ ਲੜਾਇਆ।

ਗੰਗੂ 'ਤੇ ਵਿਸ਼ਵਾਸ ਕਰ ਇਮਤਿਹਾਨ ਗੁਜਰੀ ਦਾ ਆਇਆ,
ਦਾਦੀ ਸਾਹਵੇਂ ਪੋਤਿਆਂ ਨੂੰ ਜਿਉਂਦਿਆਂ ਕੰਧਾਂ ਵਿੱਚ ਚਿਣਾਇਆ।
ਮਾਂ ਧਰਤੀ 'ਚੋਂ ਜਨਮਿਆਂ, ਸਭ ਕੁੱਝ ਧਰਤੀ ਵਿੱਚ ਸਮਾਇਆ,
ਨਾਨਕ ਲਿਖ ਗਏ ਆਪ ਖੁਦ, ਧਰਤੀ ਉੱਤੇ ਕਲਯੁਗ ਆਇਆ।

•

ماں دا دھرم

رام تُرے بنواس نوں سیتا ماتا ساتھ نبھایا،
رب دی سیوا کردیاں رب توں ودھ کے دھرم کمایا
تیغ بہادر تپ کرن، ماتا گزری بن گئی سایہ،
پرم پُرکھ دی سیوا کر، گوبند گودی وچ کھڈایا

دھرتی دھرم بچاؤن لئی، امتحان دیوے ہر رایا،
سچ نہ سڑدا کدے وی، سیس وار کے دھرم بچایا
ماں گزری دے لال نے سکھ نوں، پیند چاڑھ کے شیر بنایا،
ایسی طاقت بخش 'تی سوا لکھ نہ' اک لڑایا

گنگو 'تے وشواس کر امتحان گزری دا آیا،
دادی ساہویں پوتیاں نوں جیوندیاں کندھاں وچ چنایا
ماں دھرتی 'چوں جنمیاں، سبھ کجھ دھرتی وچ سمایا،
نانک لکھ گئے آپ خود، دھرتی اتے کلیگ آیا

ਮਾਂ ਦੀ ਯਾਦ

ਹਾਂ! ਮੇਰੀ ਇੱਕ ਮਾਂ ਹੁੰਦੀ ਸੀ, ਧਰਤੀ ਵਰਗੀ ਭਾਸ਼ਾ ਵਰਗੀ,
ਜਿਹੜੀ ਮਰਜ਼ੀ ਗੱਲ ਛੇੜੀਏ, ਹਰ ਗੱਲ ਵਿੱਚ ਬਿਆਂ ਹੁੰਦੀ ਸੀ।
ਪੰਜਾਬੀ ਮੁਟਿਆਰਾਂ, ਗੱਭਰੂ, ਹੀਰਾਂ-ਰਾਂਝੇ, ਸਹਿਬਾਂ-ਮਿਰਜ਼ੇ,
ਜਦੋਂ ਕਿਤੇ ਵੀ ਗੱਲ ਚੱਲਦੀ ਤਾਂ ਸਾਡੀ ਵੱਖਰੀ ਥਾਂ ਹੁੰਦੀ ਸੀ।

ਮਾਂ ਮੋਈ ਪਰਿਵਾਰ ਵਿਛੜ ਗਿਆ, ਭੈਣਾਂ-ਭਾਈ ਬਣੇ ਵਲਾਇਤੀ,
ਤੂਤ, ਟਾਹਲੀਆਂ ਨਾ ਹੀ ਦਿਸਦੀ, ਬੋਹੜਾਂ ਦੀ ਜੋ ਛਾਂ ਹੁੰਦੀ ਸੀ।
ਮੇਰੀ ਮਾਂ ਦੇ ਪੁੱਤ-ਪੋਤਰੇ, ਇੱਕ ਦੂਜੇ ਦੇ ਜਾਨ ਦੇ ਦੁਸ਼ਮਣ,
ਸੁਣਿਆਂ! ਸਭ ਭੈਣਾਂ-ਭਾਈਆਂ ਦੀ ਇੱਕ ਦੂਜੇ ਵਿੱਚ ਜਾਂ ਹੁੰਦੀ ਸੀ।

•

ماں دی یاد

ہاں! میری اک ماں ہوندی سی، دھرتی ورگی بھاشا ورگی،
جیہڑی مرضی گل چھیڑیے، ہر گل وچ بیاں ہوندی سی
پنجابی مٹیاراں، گبھرو، ہیراں رانجھے، صحباں مرزے،
جدوں کتے وی گل چلدی تاں ساڈی وکھری تھاں ہوندی سی

ماں موئی پریوار وچھڑ گیا، بھیناں بھائیاں بنے ولائتی،
توت، ٹالھیاں نہ ہی دسدی، بوہڑاں دی جو چھاں ہوندی سی
میری ماں دے پُت پوترے، اک دوجے دے جان دے دشمن،
سُنیا! سبھ بھیناں بھائیاں دی اِک دوجے وچ جاں ہوندی سی

ਮਾਂ ਬੋਲੀ

ਆਪਣੀ ਮਾਂ ਬੋਲੀ ਜੋ ਭੁੱਲ ਗਏ,
ਹੋਰ ਭਲਾ! ਕੀ ਯਾਦ ਕਰਨਗੇ।
ਮਾਂ-ਪਿਓ ਵਰਗੇ ਜੋ ਨਹੀਂ ਲੱਗਦੇ,
ਗੈਰਾਂ ਨਾ' ਕੀ ਗੱਲ ਕਰਨਗੇ।

ਆਪਣਾ ਸੱਭਿਆਚਾਰ ਜੋ ਹਰ ਗਏ,
ਰੁਲ ਜਾਵਣਗੇ ਰੋਜ਼ ਹਰਨਗੇ।
ਹੋਰ ਭਲਾ! ਕੋਈ ਕਿਉਂ ਅਪਣਾਊ,
ਓਪਰਿਆਂ ਨੂੰ ਕੌਣ ਜਰਨਗੇ।

ਜਿਹੜੀ ਆਪਣਾ ਪੇਕਾ ਭੁੱਲ ਗਈ,
ਸਹੁਰੇ ਕੀ ਇਤਬਾਰ ਕਰਨਗੇ?
ਪੱਥਰ ਚੱਟਣਾ ਕੀ ਮਛਲੀ ਨੇ,
ਮੂੰਹ ਦੀ ਖਾ ਕੇ ਫੇਰ ਮੁੜਨਗੇ।

•

ماں بولی

اپنی ماں بولی جو بھل گئے،
ہور بھلا! کیہ یاد کرنگے
ماں پیو ورگے جو نہیں لگدے،
غیراں نہ' کیہ گل کرن گے

اپنا سبھیاچار جو ہر گئے،
رُل جاون گے روز ہرن گے
ہور بھلا! کوئی کیوں اپناؤ،
اوپریاں نوں کون جرنگے

جیہڑی اپنا پیکا بھل گئی،
سوہرے کیہ اعتبار کرن گے؟
پتھر چٹنا کیہ مچھلی نے،
مونہہ دی کھا کے پھیر مڑن گے

ਪੰਜਾਬੀ ਜ਼ੁਬਾਨ

ਜੀਵ-ਜੰਤੂ ਪਸ਼ੂ-ਪੰਛੀ ਹੋਣਗੇ ਭਾਸ਼ਾ ਬਿਨਾ,
ਪਰ ਕਿਸੇ ਕੀਮਤ ਬਣ ਨਹੀਂ ਸਕਦਾ ਭਾਸ਼ਾ ਬਿਨ ਇਨਸਾਨ।
ਨਾ ਕੋਈ ਧਰਮ ਨਾ ਸਾਇੰਸ ਹੁੰਦੀ ਜੇ ਭਾਸ਼ਾ ਨਾ ਹੁੰਦੀ,
ਸੰਭਵ ਹੀ ਨਹੀਂ ਭਾਸ਼ਾ ਬਾਝੋਂ ਗਿਆਨ ਅਤੇ ਵਿਗਿਆਨ।

ਦੁੱਖ-ਸੁੱਖ ਦੀ ਕੋਈ ਸਾਂਝ ਨਾ ਹੁੰਦੀ ਜੇ ਬੋਲੀ ਨਾ ਹੁੰਦੀ,
ਦਿਲ ਦੇ ਦਰਦ ਕਿਵੇਂ ਕੋਈ ਦੱਸਦਾ, ਕਿੰਦਾਂ ਕਰਦਾ ਬਿਆਨ।
ਭਾਸ਼ਾ ਨੇ ਪੰਜਾਬ ਦੀ ਧਰਤੀ ਉੱਤੇ ਜਨਮ ਲਿਆ ਸੀ,
ਕੋਈ ਵੀ ਦੁਨੀਆ ਦਾ ਬੰਦਾ ਇਸਤੋਂ ਨਹੀਂ ਅਣਜਾਣ।

ਪੰਜਾਬੀ ਭਾਸ਼ਾ ਦੇ ਅੱਖਰ, ਦੁਨੀਆ ਮੱਲਦੀ ਫਿਰਦੀ,
ਕਹਿੰਦੇ ਪੰਜਾਬੀ ਨੇ ਮਰ ਜਾਣਾ, ਸੁੰਨਤ ਬੜਾ ਹੈਰਾਨ।
ਵਾਰਿਸ ਸ਼ਾਹ ਦੀ ਹੀਰ ਕੋਈ, ਕਿਸ ਭਾਸ਼ਾ ਵਿੱਚ ਗਾਊਗਾ,
ਕਾਦਰਯਾਰ, ਬੁੱਲਾ ਤੇ ਹਾਸਮ ਪੰਜਾਬੀ ਦੀ ਸ਼ਾਨ।

ਫ਼ਰੀਦ, ਕਬੀਰ ਤੇ ਰਵੀਦਾਸ ਵਰਗੇ ਭਗਤਾਂ ਦੀ ਬਾਣੀ,
ਕਿਸ ਭਾਸ਼ਾ ਵਿੱਚ ਬਾਣੀ ਪੜ੍ਹੀਏ ਹੋ ਕੇ ਅੰਤਰਧਿਆਨ।
ਪਾਤਰ ਨੂੰ ਸਮਝਾਵੋ! ਐਵੇਂ ਬਹੁਤਾ ਫ਼ਿਕਰ ਕਰੋ ਨਾ,
ਸੱਤਰਾਂ ਦੇਸ਼ਾਂ ਵਿੱਚ ਪੰਜਾਬੀ ਬੋਲਣ ਆਪਣੀ ਜ਼ੁਬਾਨ।

•

پنجابی زبان

جیو جنتو پشو پنچھی ہون گے بھاشا بنا،
پر کسے قیمت بن نہیں سکدا بھاشا بن انسان
نہ کوئی دھرم نہ سائنس ہوندی جے بھاشا نہ ہوندی،
سنبھو ہی نہیں بھاشا باجھوں گیان اتے وگیان

دکھ سکھ دی کوئی سانجھ نہ ہوندی جے بولی نہ ہوندی،
دل دے درد کویں کوئی دسدا، کداں کردا بیان
بھاشا نے پنجاب دی دھرتی اتے جنم لیا سی،
کوئی وی دنیا دا بندہ استوں نہیں انجان

پنجابی بھاشا دے اکھر، دنیا ملدی پھردی،
کہندے پنجابی نے مر جانا، سنڑ بڑا حیران
وارث شاہ دی ہیر کوئی، کس بھاشا وچ گاؤگا،
قادریار، بلا تے ہاسم پنجابی دی شان

فرید، کبیر تے رویداس ورگے بھگتاں دی بانی،
کس بھاشا وچ بانی پڑھیے ہو کے انتردھیان
پاتر نوں سمجھاوو! ایویں بہتا فکر کرے نہ،
ستراں دیشاں وچ پنجابی بولن اپنی زبان

ਮਾਂ ਮਛੋਹਰ ਨਹੀਂ ਮੈਂ

ਮਾਂ ਮਛੋਹਰ ਨਹੀਂ ਹਾਂ ਮੈਨੂੰ ਮੇਰੇ ਰੱਬ 'ਤੇ ਰੋਸ ਨਹੀਂ ਕੋਈ।
ਮਾਂ ਦੀ ਮਹਿਕ ਮੇਰੇ 'ਚੋਂ ਆਵੇ ਵਿਛੜਨ ਦਾ ਅਫ਼ਸੋਸ ਨਹੀਂ ਕੋਈ।
ਜਿਸ ਗਰਭੋਂ ਪੈਦਾ ਹੋਇਆਂ ਮੈਂ ਜਿਸਮ ਰੂਪ ਪ੍ਰਲੋਕ 'ਚ ਹੋਣੈ,
ਪੰਜੇ ਤੱਤ ਉਸਦੇ ਮੇਰੇ ਵਿੱਚ ਸਭ ਬੋਲਣ ਖ਼ਾਮੋਸ਼ ਨਹੀਂ ਕੋਈ।

ਮੇਰੀ ਦੂਜੀ ਮਾਂ ਧਰਤੀ ਮਾਂ ਜਿਸ ਧਰਤੀ 'ਤੇ ਪੈਦਾ ਹੋਇਆ,
ਧਰਤੀ ਦੇ ਦੂਜੇ ਪਾਸੇ ਵੀ ਧਰਤੀ ਮਾਂ ਦੇ ਗੁਣ ਗਾਉਂਦਾ ਹਾਂ।
ਦੂਰੋਂ ਦੇਖ ਕੇ ਸਭ ਦੱਸ ਦਿੰਦੇ ਕਿਸ ਧਰਤੀ ਦਾ ਜਾਇਆ ਹਾਂ,
ਆਪਣੀ ਇਹ ਪਹਿਚਾਣ ਬਣਾਈ ਰੱਖਣਾ ਹੀ ਮੈਂ ਚਾਹੁੰਦਾ ਹਾਂ।

ਮਾਂ ਬੋਲੀ ਤੀਜੀ ਮਾਂ ਮੇਰੀ ਮੈਂ ਪੰਜਾਬੀ ਦਾ ਲੇਖਕ ਹਾਂ,
ਆਪਣੀ ਮਾਂ ਦੇ ਸੋਹਲੇ ਗਾਉਂਦਾ ਰਾਤ ਦਿਨੇ ਮੈਂ ਕਦੇ ਨਾ ਥੱਕਦਾ।
ਲੱਖਾਂ ਲੋਕੀਂ ਵਾਕਿਫ਼ ਨੇ ਮੇਰੇ ਉੱਤੇ ਤੇ ਜੁੱਤੇ ਤੋਂ,
ਗ਼ਜ਼ਲ, ਗੀਤ, ਪੰਜਾਬੀ ਕਿੱਸੇ ਲਿਖਦਾ-ਪੜ੍ਹਦਾ ਕਦੇ ਨਾ ਅੱਕਦਾ।

ਇਸ ਵਾਰੀ ਪੰਜਾਬ ਵਿੱਚ ਮੈਨੂੰ ਬਹੁਤ ਹੀ ਮਾਂ ਮਛੋਹਰ ਮਿਲੇ ਨੇ,
ਰਿਸ਼ਤੇ ਤਾਂ ਹਨ ਕਰਤਵਿੰਦਿਆ ਏਥੇ ਸਭ ਕੰਮਚੋਰ ਮਿਲੇ ਨੇ।

ਸਭ ਕੁੱਝ ਹੁੰਦਿਆਂ-ਸੁੰਦਿਆਂ ਤਿੰਨੇ ਮਾਵਾਂ ਬਾਂਝ ਲੱਗਦੀਆਂ,
ਤਿੰਨੇ ਹੀ ਮਾਵਾਂ ਦੀਆਂ ਏਥੇ ਘਰਾਂ ਦੇ ਵਿੱਚ ਚਿਖ਼ਾਵਾਂ ਮਘਦੀਆਂ।
ਝੱਖੜ ਵਿੱਚ ਜੀਕਣ ਕਿਸੇ ਪਾਸੇ ਵੀ ਕੁੱਝ ਨਹੀਂ ਦਿਸਦਾ,
ਜਾਂ ਹੜ੍ਹ ਹੈ ਜਾਂ ਸੋਕਾ ਸੁੱਨਤਾ! ਨਹਿਰਾਂ, ਨਦੀਆਂ ਨਹੀਂ ਵਗਦੀਆਂ।

ਦੂਰ ਦੇਸ਼ ਵਿੱਚ ਰਹਿੰਦਿਆਂ ਤਿੰਨਾਂ ਮਾਵਾਂ ਦਾ ਅਹਿਸਾਸ ਹੈ,
ਕੁੱਝ ਕੋਲ ਨਹੀਂ ਮੇਰੇ ਪਰ ਲੱਗਦਾ ਸਭ ਕੁੱਝ ਪਾਸ ਹੈ।

ਮਾਂ ਮਛੋਹਰ ਨਹੀਂ ਹਾਂ ਮੈਨੂੰ ਮੇਰੇ ਰੱਬ 'ਤੇ ਰੋਸ ਨਹੀਂ ਕੋਈ।
ਮਾਂ ਦੀ ਮਹਿਕ ਮੇਰੇ 'ਚੋਂ ਆਵੇ ਵਿਛੜਨ ਦਾ ਅਫ਼ਸੋਸ ਨਹੀਂ ਕੋਈ।

•

ماں مچھوہر نہیں میں

ماں مچھوہر نہیں ہاں مینوں میرے رب تے روس نہیں کوئی
ماں دی مہک میرے 'چوں آوے وچھڑن دا افسوس نہیں کوئی
جس گربھوں پیدا ہویاں میں جسم روپ پرلوک 'چ ہونے،
پنجے تت اسدے میرے وچ سبھ بولن خاموش نہیں کوئی
میری دوجی ماں دھرتی ماں جس دھرتی تے پیدا ہویا،
دھرتی دے دوجے پاسے وی دھرتی ماں دے گن گاؤندا ہاں
دوروں دیکھ کے سبھ دس دیندے کس دھرتی دا جایا ہاں،
اپنی ایہہ پہچان بنائی رکھنا ہی میں چاہندا ہاں
ماں بولی تیجی ماں میری میں پنجابی دا لیکھک ہاں،
اپنی ماں دے سوہلے گاؤندا رات دنے میں کدے نہ تھکدا
لکھاں لوکیں واقف نے میرے اوڑے تے جوڑے توں،
غزل، گیت، پنجابی قصے لکھدا پڑھدا کدے نہ اکدا
اس واری پنجاب وچ مینوں بہت ہی ماں مچھوہر ملے نے،
رشتے تاں ہن کرتودیا ایتھے سبھ کم چور ملے نے
سبھ کجھ ہوندیاں سندی تنے ماواں بانجھ لگدیاں،
تنے ہی ماواں دیاں ایتھے گھراں دے وچ چخاواں مگھدیاں
جھکھڑ وچ جیکن کسے پاسے وی کجھ نہیں دسدا،
جاں ہڑ ہے جاں سوکا سنڑا! نہراں، ندیاں نہیں وگدیاں
دور دیش وچ رہندیاں تناں ماواں دا احساس ہے،
کجھ کول نہیں میرے پر لگدا سبھ کجھ پاس ہے
ماں مچھوہر نہیں ہاں مینوں میرے رب تے روس نہیں کوئی
ماں دی مہک میرے 'چوں آوے وچھڑن دا افسوس نہیں کوئی

ਭਾਸ਼ਾ

ਭਾਸ਼ਾ ਵਿੱਚ ਇਨਸਾਨ ਬੋਲਦਾ ਹਰ ਭਾਸ਼ਾ ਇਨਸਾਨੀ।
ਕੂਕਣ ਤੇ ਕੁਰਲਾਉਣ ਦੀ ਆਦਤ ਪਸੂਆਂ ਦੀ ਨਿਸ਼ਾਨੀ।

ਹਰ ਭਾਸ਼ਾ ਸਭ ਦੀ ਸਾਂਝੀ ਹੈ ਕਿਸੇ 'ਕੱਲੇ-ਕਾਰੇ ਦੀ ਨਹੀਂ,
ਭਾਸ਼ਾ ਨੂੰ ਨਫ਼ਰਤ ਕਰਨੀ ਹੈ, ਇੱਕ ਆਦਤ ਹੈਵਾਨੀ।

ਪੰਜਾਬੀ ਨੂੰ ਨਫ਼ਰਤ ਕਰਕੇ ਮਾਰ ਨਹੀਂ ਕੋਈ ਸਕਦਾ,
ਜਿਸ ਮਾਂ ਦਾ ਦੁੱਧ ਚੁੰਘਿਆ ਉਸਨੂੰ ਕਿਹੜਾ ਕਹੂ ਬਿਗਾਨੀ।

ਦਿੱਲੀ ਤੋਂ ਕੰਧਾਰ ਤੀਕਰਾਂ ਪੰਜਾਬੀ ਨੇ ਸਾਰੇ,
ਪੁੱਤ ਧੀਆਂ ਜਦ ਮਾਂ ਨਾ ਕਹਿੰਦੇ ਹੁੰਦੀ ਬਹੁਤ ਹੈਰਾਨੀ।

ਦੁਨੀਆ ਦੀ ਪਹਿਲੀ ਭਾਸ਼ਾ ਹੈ ਸੰਸਕ੍ਰਿਤ ਪੰਜਾਬਣ,
ਚੁੱਪ ਕਰ ਸੁੱਨੜਾ! ਮਾਂ ਭੁੱਲੀ ਜਦ ਕਿਉਂ ਨਾ ਭੁੱਲਦੀ ਨਾਨੀ।

•

بھاشا

بھاشا وچ انسان بولدا ہر بھاشا انسانی
کوکن تے کرلاؤن دی عادت پشواں دی نشانی

ہر بھاشا سبھ دی سانجھی ہے کسے 'کلے کارے دی نہیں،
بھاشا نوں نفرت کرنی ہے، اک عادت حیوانی

پنجابی نوں نفرت کرکے مار نہیں کوئی سکدا،
جس ماں دا دودھ چنگھیا اسنوں کیہڑا کہو بگانی

دلی توں قندھار تیکراں پنجابی نے سارے،
پت دھیاں جد ماں نہ کہندے ہوندی بہت حیرانی

دنیا دی پہلی بھاشا ہے سنسکرت پنجابن،
چپ کر سنڑا! ماں بھلی جد کیوں نہ بھلدی نانی

ਮਾਂ-ਪੁੱਤ ਵਾਲਾ ਸਾਕ

ਇੱਕੋ ਮਾਂ ਦੇ ਜਾਏ ਪੁੱਤਰਾਂ ਵਿੱਚ ਰਿਸ਼ਤਾ ਨਾਪਾਕ ਕਿਉਂ ਹੈ,
ਆਪਣੀ ਮਾਂ ਦੇ ਦੋਹਾਂ ਚਰਨਾਂ 'ਤੇ ਸਿਰ ਧਰਨਾ ਪਾਪ ਕਿਉਂ ਹੈ।
ਦੋ ਭਾਈਆਂ ਵਿਹੜਾ ਵੰਡਿਆ ਪਰ ਮਾਂ ਕਿਸ ਤਰ੍ਹਾਂ ਵੰਡਣਗੇ,
ਮਾਂ ਮਾਰਨ 'ਤੇ ਤੁਲੇ ਨੇ ਜੇ ਤਾਂ ਮਾਂ-ਪੁੱਤ ਵਾਲਾ ਸਾਕ ਕਿਉਂ ਹੈ।

•

ماں پُت والا ساک

اِکو ماں دے جائے پتراں وچ رشتہ ناپاک کیوں ہے،
اپنی ماں دے دوہاں چرناں تے سر دھرنا پاپ کیوں ہے
دو بھائیاں وہڑھا ونڈیا پر ماں کس طرحاں ونڈن گے،
ماں مارن تے تلے نے جے تاں ماں پت والا ساک کیوں ہے

ਪਿਤਰ

ਪਿਤਰ ਨਾ ਹੁੰਦੇ ਅਸੀਂ ਨਾ ਹੁੰਦੇ ਮਾਤ-ਪਿਤਾ ਰੱਬ ਦੇ ਅਵਤਾਰ।
ਜਿਉਂਦੇ ਪਿਤਰਾਂ ਨੂੰ ਜੋ ਵਿਸਰਨ ਉਹਨਾਂ ਦਾ ਜਿਉਣਾ ਦੁਰਕਾਰ।

ਮਾਂ ਤਾਂ ਕਦੇ ਨਹੀਂ ਮੋਇਆ ਕਰਦੀ, ਪੰਜੇ ਤੱਤ ਸਾਡੇ ਵਿੱਚ ਜਿਉਂਦੇ,
ਮਾਤਾ ਬਿਨਾ ਤਾਂ ਕੁੱਝ ਨਾ ਹੁੰਦਾ, ਨਾ ਇਹ ਦੁਨੀਆ ਨਾ ਸੰਸਾਰ।

•

پتر

پتر نہ ہوندے اسیں نہ ہوندے مات پتا رب دے اوتار
جیوندے پتراں نوں جو وسرن اوہناں دا جیونا درکار

ماں تاں کدے نہیں مویا کردی، پنجے تت ساڈے وچ جیوندے،
ماتا بنا تاں کجھ نہ ہوندا، نہ ایہہ دنیا نہ سنسار

ਦੇਸ਼ ਪਿਆਰ ਦੀ ਕਵਿਤਾ



دیس پیار دی کوتا



ਪੰਜ ਦੁਆਬ

ਪੰਡਤ ਮੰਦਰਾਂ ਵਿੱਚ ਬੁੱਤ ਪੂਜਣ, ਮੁੱਲਾਂ ਮੱਕੇ ਕਰਨ ਹਜ਼ਾਬ।
ਸੁੱਨਤ ਦਾ ਕੀ ਕਰੀਏ, ਜਿਸਦੀ ਪੂਜਾ ਉਸਦੇ ਪੰਜ ਦੁਆਬ।

ਚੰਦ, ਤਾਰਿਆਂ 'ਤੇ ਹੈ ਕੀ-ਕੀ, ਦੁਨੀਆ ਲੱਭਦੀ ਫਿਰਦੀ ਹੈ,
ਸੁੱਨਤ ਖੋਜ ਕਰੇ ਕੰਢਿਆਂ 'ਤੇ ਸਤਲੁਜ, ਰਾਵੀ, ਸਿੰਧ, ਝਨਾਬ।

ਚੀਨੀ, ਅਫ਼ਰੀਕੀ ਤੇ ਰੋਮਨ, ਬਹੁਤ ਪੁਰਾਤਨ ਗਿਣਦੇ ਲੋਕ,
ਸੁੱਨਤ ਆਖੇ ਮਾਨਵਤਾ ਦਾ, ਮੁੱਢ-ਕਦੀਮ ਤਾਂ ਹੈ ਪੰਜਾਬ।

ਗੀਤਾ ਅਤੇ ਰਮਾਇਣ ਵੀ ਤਾਂ ਜਾਈਆਂ ਨੇ ਪੰਜਾਬ ਦੀਆਂ,
ਸੰਸਕ੍ਰਿਤ ਵੀ ਜੰਮੀ ਏਥੇ, ਸੁੱਨਤ ਦਾ ਤਾਂ ਇਹੀ ਹਿਸਾਬ।

ਅੱਲਾ-ਅੱਲਾ ਕਰੀਂ ਫ਼ਰੀਦਾ! ਫੇਰ ਕਿਤੇ ਵੀ ਆਵੇਂ ਜੇ,
ਪਾਕ ਪਵਿੱਤਰ ਪੰਜਾਬੀ ਵਿੱਚ, ਵਾਰਿਸ ਸ਼ਾਹ ਦਾ ਨਹੀਂ ਜਵਾਬ।

ਝੂਠ ਤੂਫ਼ਾਨ ਬੋਲ ਕੇ ਲੋਕੀਂ, ਨਕਲੀ ਧਰਮ ਬਣਾ ਲੈਂਦੇ,
ਨਾਨਕ ਦੀ ਬਾਣੀ 'ਤੇ ਸੁੱਨਤਾ! ਦੱਸੀਂ ਕਿੱਥੇ ਦਿਸਦਾ ਦਾਗ਼।

پنج دوآب

پنڈت مندراں وچ بت پوجن، ملاں مکّے کرن حجاب
سنڑ دا کیہ کریے، جسدی پُوجا اسدے پنج دوآب

چند، تاریاں تے ہے کیہ کی، دنیا لبھدی پھردی ہے،
سنڑ کھوج کرے کنڈھیاں تے ستلج، راوی، سندھ، جھناب

چینی، افریقی تے رومن، بہت پراتن گندے لوک،
سنڑ آکھے مانوتا دا، مڈھ قدیم تاں ہے پنجاب

گیتا اتے رمائن وی تاں جائیاں نے پنجاب دیاں،
سنسکرت وی جمی ایتھے، سنڑ دا تاں ایہی حساب

اللہ اللہ کریں فریدہ! پھیر کتے وی آویں جے،
پاک پوتر پنجابی وچ، وارث شاہ دا نہیں جواب

جھوٹھ طوفان بول کے لوکیں، نقلی دھرم بنا لیندے،
نانک دی بانی تے سنڑا! دسیں کتھے دسدا داغ

ਕਾਦਰ ਦੀ ਕੁਦਰਤ ਹੈ ਉਪਜੀ, ਇਸ ਉਪਜਾਊ ਧਰਤੀ 'ਤੇ,
ਉੱਚੇ ਪਰਬਤ, ਡੂੰਘੇ ਪਾਣੀ, ਮਾਰੂਥਲ ਨਾ ਹੋਣ ਅਬਾਦ।

ਜਾਣ ਬੁੱਝ ਕੇ ਮਚਲੇ ਹੋਏ, ਸਭ ਕੁੱਝ ਜਾਣੇ ਇਹ ਦੁਨੀਆ,
ਬਹਿ ਜਾ ਤੂੰ ਚੁੱਪ ਕਰਕੇ ਸੁੱਨੜਾ! ਚਾਤਰ ਲੋਕੀਂ ਬੜੇ ਖਰਾਬ।

ਪਾਤ-ਚੀਰ ਕੇ ਲੀਰਾਂ ਕੀਤਾ, ਕੋਹਿਆ ਬਤਾ ਕਸਾਈਆਂ ਨੇ,
ਮਹਿਕ ਅਜੇ ਵੀ ਓਦਾਂ ਹੀ ਹੈ, ਮੌਲਾ! ਖਿੜਿਆ ਰਹੇ ਗੁਲਾਬ।

•

قادر دی قدرت ہے اپجی، اس پجاؤ دھرتی تے،
اچے پربت، ڈونگھے پانی، ماروتھل نہ ہون آباد

جان بجھ کے مچلے ہوئے، سبھ کجھ جانے ایہہ دنیا،
بہہ جا توں چپ کرکے سنڑا! چاتر لوکیں بڑے خراب

پاڑ چیر کے لیراں کیتا، کوہیا بڑا قصائیاں نے،
مہک اجے وی اوداں ہی ہے، مولیٰ! کھڑیا رہے گلاب

ਵਤਨ ਵਾਪਸੀ

ਨੀ ਹੁਣ ਵਤਨ ਵਾਪਸੀ ਸਾਡੀ, ਵਾਪਸ ਘਰ ਨੂੰ ਜਾਵਾਂਗੇ।
ਉੱਥੇ ਕਾਲੀ ਵੇਈਂ 'ਤੇ ਆ ਜਾਈਂ, ਤੈਨੂੰ ਸ਼ੈਰ ਕਰਾਵਾਂਗੇ।
ਘੁੱਟ ਕੇ ਮਰ ਚੱਲੇ ਪਰਦੇਸੀ, ਖੁੱਲ੍ਹੀ ਹਵਾ 'ਚ ਜਾਵਾਂਗੇ।
ਆਪਣੇ ਸ਼ਹਿਰ ਇਲਾਕੇ ਜਾ ਕੇ, ਹੁਣ ਚੋਲੇ ਦੀਆਂ ਲਾਵਾਂਗੇ।

ਨੀ ਤੂੰ ਪੁੱਛ ਕੇ ਕਾਂਜਲੀ ਆਵੀਂ, ਤੈਨੂੰ ਝੀਲ ਵਿਖਾਵਾਂਗੇ।
ਨੀ ਹੁਣ ਵਤਨ ਵਾਪਸੀ ਸਾਡੀ.....।

ਸ਼ਾਲਾਮਾਰ ਬਾਗ਼ ਵਿੱਚ ਜਾ ਕੇ, ਵੱਖਰੀ ਚੀਜ਼ ਵਿਖਾਵਾਂਗੇ।
ਹਿੰਦੂ, ਮੁਸਲਮ, ਸਿੱਖ, ਇਸਾਈ, 'ਕੱਠਿਆਂ ਨੂੰ ਮਿਲਵਾਵਾਂਗੇ
ਠਾਣੇ 'ਲਾਗੇ ਪੰਜ ਮੰਦਰੀ ਵਿੱਚ, ਤੈਨੂੰ ਲੈ ਕੇ ਜਾਵਾਂਗੇ।
ਸੁੰਨੀ ਹੈ ਪਰ ਦੂਰੋਂ ਦਿਸਦੀ, ਇੱਕ ਮਸੀਤ ਦਿਖਾਵਾਂਗੇ।

ਬਾਬੇ ਨਾਨਕ ਦੀ ਨਗਰੀ ਦੇ ਦਰਸ਼ਨ ਵੀ ਕਰਵਾਵਾਂਗੇ।
ਨੀ ਹੁਣ ਵਤਨ ਵਾਪਸੀ ਸਾਡੀ.....

ਜੋ-ਜੋ ਕਸ਼ਟ ਵਿਦੇਸੀ ਕੱਟੇ, ਸਭ ਨੂੰ ਭੁੱਲਣਾ ਚਾਹਵਾਂਗੇ।
ਪੈਸੇ ਪਿੱਛੇ ਜੂਨ ਗਵਾ ਲਈ, ਆਪਣਾ ਦਰਦ ਸੁਣਾਵਾਂਗੇ।
ਆਪਣੀ ਮਾਂ ਪੰਜਾਬੀ ਦੇ ਚਰਨਾਂ 'ਤੇ ਸੀਸ ਟਿਕਾਵਾਂਗੇ।
ਪੁੱਤਰਾਂ ਦਾ ਜੋ ਮਾਂ ਲਈ ਬਣਦਾ, ਆਪਣਾ ਫ਼ਰਜ਼ ਨਿਭਾਵਾਂਗੇ।
ਮੇਰੀ ਮਾਂ ਦੀ ਮਮਤਾ ਦੇਖੀਂ, ਤੈਨੂੰ ਮਾਂ ਮਿਲਵਾਵਾਂਗੇ।

ਨੀ ਹੁਣ ਵਤਨ ਵਾਪਸੀ ਸਾਡੀ, ਵਾਪਸ ਘਰ ਜਾਵਾਂਗੇ।
ਉੱਥੇ ਕਾਲੀ ਵੇਈਂ 'ਤੇ ਆਵੀਂ, ਤੈਨੂੰ ਸ਼ੈਰ ਕਰਾਵਾਂਗੇ।

•

وطن واپسی

نی بُن وطن واپسی ساڈی، واپس گھر نوں جاواں گے
اتھے کالی ویئیں تُے آ جائیں، تینوں شیر کراواں گے
گھٹ کے مر چلے پردیسی، کھلھی ہوا 'چ جاواں گے
اپنے شہر علاقے جا کے، ہن ڈھولے دیاں لاواں گے

نی توں پچھ کے کانجلی آویں، تینوں جھیل وکھاواں گے
نی ہن وطن واپسی ساڈی.....

شالامار باغ وچ جا کے، وکھری چیز وکھاواں گے
ہندو، مسلم، سکھ، عیسائی، 'کٹھیاں نوں ملواواں گے
ٹھانے 'لاگے پنج مندری وچ، تینوں لے کے جاواں گے
سنی ہے پر دوروں دسدی، اک مسیت دکھاواں گے

بابے نانک دی نگری دے درشن وی کرواواں گے
نی ہن وطن واپسی ساڈی.....

جو جو کشٹ ودیشی کٹے، سبھ نوں بھلنا چاہواں گے
پیسے پچھے جون گوا لئی، اپنا درد سناواں گے
اپنی ماں پنجابی دے چرناں تُے سیس ٹکاواں گے
پتراں دا جو ماں لئی بندا، اپنا فرض نبھاواں گے
میری ماں دی ممتا دیکھیں، تینوں ماں ملواواں گے

نی ہن وطن واپسی ساڈی، واپس گھر جاواں گے
اتھے کالی ویئیں تُے آویں، تینوں شیر کراواں گے

ਮੇਰਾ ਦੇਸ਼

ਬਸ! ਕਰ ਹੁਣ ਹੋਰ ਨਾ ਬਰਬਾਦ ਕਰ ਇਸ ਦੇਸ਼ ਨੂੰ,
ਤੂੰ ਕੌਣ ਹੈਂ, ਪਹਿਚਾਣ ਨਹੀਂ ਹੋਇਆ ਛਲੇਡੇ ਭੇਸ ਨੂੰ।

ਸੋਲ੍ਹਾਂ ਜਿਲ੍ਹੇ ਸਾਡੇ ਤੋਂ ਖੋਹ ਕੇ, ਦੂਰ ਕਰ ਦਿੱਤੇ ਕਿਉਂ,
ਰਲ-ਮਿਲ ਰਹਿਣ ਦੇ ਚਾਅ ਸਭ, ਚਕਨਾਚੂਰ ਕਰ ਦਿੱਤੇ ਕਿਉਂ।

ਸਾਡੇ ਜਨਮ ਅਸਥਾਨ ਅੱਜ ਪਰਦੇਸ ਹੋ ਗਏ, ਤਾਂ ਕੀ ਹੈ,
ਕਹਿਣ ਦੇ ਲੋਕਾਂ ਨੂੰ, ਇਹ ਦੋ ਦੇਸ਼ ਹੋ ਗਏ, ਤਾਂ ਕੀ ਹੈ।

ਗੁਰੂ ਗ੍ਰੰਥ ਨੂੰ ਖੋਲ੍ਹ, ਸਾਡੇ ਵਾਂਗ ਤੂੰ ਪੜ੍ਹ ਕੇ ਤਾਂ ਦੇਖ,
ਅੱਲਾ! ਅੱਲਾ!! ਆਖਦਾ ਵਿੱਚ ਬੈਠ ਬਾਬਾ ਫ਼ਰੀਦ ਸ਼ੇਖ਼।

ਸੱਤਾ ਤੇ ਬਲਵੰਤ, ਮਰਦਾਨਾ ਵੀ ਬੈਠਾ ਗੁਰੂ ਨਾਲ,
ਬੁੱਧੂ ਦੀ ਸੰਤਾਨ ਨੂੰ ਪੁੱਛਿਓ! ਉਹਨਾਂ ਦਾ ਕੀ ਖ਼ਿਆਲ।

ਮੇਰਿਆਂ ਨੂੰ ਮਿਲਣ ਦੀ ਕੋਸ਼ਿਸ਼, ਮੈਂ ਦੱਸ! ਕਿਉਂ ਨਾ ਕਰਾਂ,
ਦੂਸਰੇ ਕੰਢੇ ਤੇ ਵਸਦਾ ਦਿਲ, ਝਨ੍ਹਾਂ ਕਿਉਂ ਨਾ ਤਰਾਂ।

ਸੱਸੀ, ਸੋਹਣੀ, ਹੀਰ, ਸਹਿਬਾਂ, ਕਿਸ ਤਰਾਂ ਵੰਡੇਂਗਾ ਤੂੰ,
ਮਿਰਜ਼ਾ ਗਾਉਂਦੇ ਸੁੱਨਤ ਨੂੰ, ਦੱਸ ਕਿਸ ਤਰਾਂ ਭੰਡੇਂਗਾ ਤੂੰ।

ਗੁਰੂਆਂ ਤੇ ਪੀਰਾਂ ਦੀ ਧਰਤੀ ਨੂੰ ਤੂੰ ਵੀ ਆਬਾਦ ਕਰ,
ਵੇਦ, ਗੀਤਾ ਇਸੇ ਧਰਤੀ 'ਤੇ ਲਿਖੇ ਗਏ, ਯਾਦ ਕਰ।

ਬਸ! ਕਰ ਹੁਣ ਹੋਰ ਨਾ ਬਰਬਾਦ ਕਰ ਇਸ ਦੇਸ਼ ਨੂੰ,
ਤੂੰ ਕੌਣ ਹੈਂ, ਪਹਿਚਾਣ ਨਹੀਂ ਹੋਇਆ ਛਲੇਡੇ ਭੇਸ ਨੂੰ।

•

میرا دیش

بس! کر ہن ہور نہ برباد کر اس دیش نوں،
توں کون ہیں، پہچان نہیں ہویا چھلیڑے بھیس نوں

سولھاں ضلعے ساڈے توں کھوہ کے، دور کر دتے کیوں،
رل مل رہن دے چاہ سبھ، چکناچور کر دتے کیوں

ساڈے جنم استھان اج پردیس ہو گئے، تاں کیہ ہے،
کہن دے لوکاں نوں، ایہہ دو دیش ہو گئے، تاں کیہ ہے

گورو گرنتھ نوں کھولھ، ساڈے وانگ توں پڑھ کے تاں دیکھ،
اللہ! اللہ!! آکھدا وچ بیٹھ بابا فرید شیخ

ستا تے بلونت، مردانہ وی بیٹھا گورو نال،
بدھو دی سنتان نوں پچھیو! اوہناں دا کیہ خیال

میریاں نوں ملن دی کوشش، میں دس! کیوں نہ کراں،
دوسرے کنڈھے تے وسدا دل، جھنھاں کیوں نہ طرحاں

سسی، سوہنیں، ہیر، سہباں، کس طرحاں ونڈینگا توں،
مرزا گاؤندے سنڑ نوں، دس کس طرحاں بھنڈینگا توں

گروآں تے پیراں دی دھرتی نوں توں وی آباد کر،
وید، گیتا اسے دھرتی تے لکھے گئے، یاد کر

بس! کر ہن ہور نہ برباد کر اس دیش نوں،
توں کون ہیں، پہچان نہیں ہویا چھلیڑے بھیس نوں

ਸੱਤ ਸਮੁੰਦਰ ਤਰ ਕੇ

ਸੱਤ ਸਮੁੰਦਰ ਤਰ ਕੇ, ਹਰ ਕੇ ਵਾਪਸ ਘਰ ਆਇਆ ਹਾਂ।

ਦੇਸ਼-ਵਿਦੇਸ਼ਾ ਦੇ ਵਿੱਚ ਜਾ ਕੇ, ਅਮਰੀਕਾ ਵਿੱਚ ਪੈਰ੍ ਜਮਾ ਕੇ।
ਧਰਤ, ਆਕਾਸ਼ ਬੜੇ ਹੀ ਗਾਹ ਕੇ, ਪ੍ਰਦੇਸਾਂ ਦੀ ਮੋਹਰ ਲਵਾ ਕੇ।
ਸ਼ਹਿਰ ਮੇਰੇ ਦੀ ਮਿੱਟੀ ਵਿਚਲੀ, ਮਹਿਕ ਨੂੰ ਭਾਲਣ ਆਇਆ ਹਾਂ।

ਸੱਤ ਸਮੁੰਦਰ ਤਰ ਕੇ, ਹਰ ਕੇ ਵਾਪਸ ਘਰ ਆਇਆ ਹਾਂ।

ਚੋਗਾ ਚੁਗਣ ਵਿਦੇਸ਼ੀ ਆਇਆ, ਵਤਨੋਂ ਦੂਰ ਆਲ੍ਹਣਾ ਪਾਇਆ।
ਹਰ ਮੌਸਮ ਵਿੱਚ ਢਲਣਾ ਚਾਹਿਆ, ਰਹੁ-ਰੀਤਾਂ ਨੂੰ ਵੀ ਅਪਣਾਇਆ।
ਥੱਕ ਹਾਰ ਕੇ ਮੁੜ ਆਇਆ ਹਾਂ, ਮੈਂ ਜਿੱਥੋਂ ਦਾ ਜਾਇਆ ਹਾਂ।

ਸੱਤ ਸਮੁੰਦਰ ਤਰ ਕੇ, ਹਰ ਕੇ ਵਾਪਸ ਘਰ ਆਇਆ ਹਾਂ।

ਮੇਰਾ ਸ਼ਹਿਰ, ਸ਼ਹਿਰ ਦੀਆਂ ਗਲੀਆਂ, ਮੇਰੇ ਜੁੱਸੇ ਦੇ ਵਿੱਚ ਰਲੀਆਂ।
ਜਿੱਥੇ ਮੇਰੀਆਂ ਰੀਝਾਂ ਪਲੀਆਂ, ਚਰਨਾਮਤ ਨੂੰ ਤਰਸਣ ਤਲੀਆਂ।
ਸ਼ਹਿਰ ਮੇਰੇ ਦੇ ਸੁਖ ਸਾਗਰ ਦਾ, ਬੂੰਦ-ਬੂੰਦ ਤ੍ਰਿਹਾਇਆ ਹਾਂ।

ਸੱਤ ਸਮੁੰਦਰ ਤਰ ਕੇ, ਹਰ ਕੇ ਵਾਪਸ ਘਰ ਆਇਆ ਹਾਂ।

ਮੇਰੇ ਵਤਨ ਦਿਓ ਮੇਰੇ ਯਾਰੋ! ਮੇਰੇ ਸ਼ਹਿਰ ਦੀਓ ਮੁਟਿਆਰੋ!
ਆਪਣਾ ਸੱਭਿਆਚਾਰ ਨਾ ਹਾਰੋ, ਘਰ ਆਏ ਦੀ ਨਜ਼ਰ ਉਤਾਰੋ।
ਸਾਬਤ, ਸੂਰਤ ਸੁੱਨਤ ਨੂੰ ਮੈਂ, ਘਰ ਨੂੰ ਮੋੜ ਲਿਆਇਆ ਹਾਂ।

ਸੱਤ ਸਮੁੰਦਰ ਤਰ ਕੇ, ਹਰ ਕੇ ਵਾਪਸ ਘਰ ਆਇਆ ਹਾਂ।

•

ست سمندر تر کے

ست سمندر تر کے، ہر کے واپس گھر آیا ہاں

دیش ودیشاں دے وچ جا کے، امریکہ وچ پیرھ جما کے
دھرت، آکاش بڑے ہی گاہ کے، پردیساں دی موہر لوا کے
شہر میرے دی مٹی وچلی، مہک نوں بھالن آیا ہاں

ست سمندر تر کے، ہر کے واپس گھر آیا ہاں

چوغا چگن ودیشیں آیا، وطنوں دور آلھنا پایا
ہر موسم وچ ڈھلنا چاہیا، رہُ ریتاں نوں وی اپنایا
تھک ہار کے مڑ آیا ہاں، میں جتھوں دا جایا ہاں

ست سمندر تر کے، ہر کے واپس گھر آیا ہاں

میرا شہر، شہر دیاں گلیاں، میرے جسے دے وچ رلیاں
جتھے میریاں ریجھاں پلیاں، چرنامت نوں ترسن تلیاں
شہر میرے دے سکھ ساگر دا، بوند بوند ترہایا ہاں

ست سمندر تر کے، ہر کے واپس گھر آیا ہاں

میرے وطن دیو میرے یاروا میرے شہر دیؤ مٹیاروا
اپنا سبھیاچار نہ ہارو، گھر آئے دی نظر اتارو
ثابت، صورت سنڑ نوں میں، گھر نوں موڑ لیایا ہاں

ست سمندر تر کے، ہر کے واپس گھر آیا ہاں

ਗੱਲ ਕਰੀਏ ਦੇਸ਼ ਪੰਜਾਬ ਦੀ

ਗੱਲ ਸਤਲੁਜ, ਰਾਵੀ, ਬਿਆਸ ਦੀ, ਗੱਲ ਜਿਹਲਮ ਅਤੇ ਝਨਾਬ ਦੀ।
ਰਲ ਮਿਲ ਬਹਿ ਕੇ ਗੱਲ ਕਰੀਏ, ਪਿੰਤਰਾਂ ਦੇ ਦੇਸ਼ ਪੰਜਾਬ ਦੀ।

ਵਿਰਸੇ ਅਤੇ ਵਿਹਾਰ 'ਚ ਬਹਿ ਕੇ, ਮਰਿਯਾਦਾ ਦੇ ਵਿੱਚ ਵਿੱਚ ਰਹਿ ਕੇ।
ਆਪਣੀ ਗੱਲ ਤਾਂ ਕਰ ਸਕਦੇ ਹਾਂ, ਆਪਣੇ-ਆਪਣੇ ਹੌਕੇ ਲੈ ਕੇ।

ਇੰਝ ਤਾਂ ਆਪਣਾ ਕੁੱਝ ਨਹੀਂ ਬਣਨਾ, 'ਕੱਲੇ-'ਕੱਲੇ ਰੋਂਦੇ ਰਹਿ ਕੇ।
ਕਿੰਨੇ ਚਿਰ ਤੱਕ ਤੁਰੇ ਫਿਰਾਂਗੇ, ਏਸ ਤਰਾਂ ਹੀ ਸਭ ਕੁੱਝ ਸਹਿ ਕੇ।
ਮਿਲ ਬੈਠ ਕੇ ਗੱਲ ਕਰੀਏ, ਸਾਡੀ ਧੁੰਦਲੀ ਪੈਂਦੀ ਤਾਬ ਦੀ।

ਗੱਲ ਸਤਲੁਜ, ਰਾਵੀ, ਬਿਆਸ ਦੀ, ਗੱਲ ਜਿਹਲਮ ਅਤੇ ਝਨਾਬ ਦੀ....।

ਪੰਜੇ ਪਾਣੀ ਫਿਰ ਵੀ ਰਲਦੇ, ਸਾਨੂੰ ਇੱਕ ਸੁਨੇਹਾ ਘੱਲਦੇ।
ਦੱਸਿਓ ਕਿਸ ਦਰਿਆ ਦਾ ਪਾਣੀ, ਜਦ ਪਾਣੀ, ਪਾਣੀ ਨਾਲ ਰਲਦੇ।
ਵੰਡੀਆਂ ਪਾ ਕੇ ਤਾਰਾਂ ਲਾ ਕੇ, ਮਾਂ ਨੂੰ ਵੰਡ ਕੇ ਕਿਸਨੂੰ ਛਲ਼ਦੇ।
ਇੱਕੋ ਮਾਂ ਦੀ ਛਾਤੀ ਚੁੰਘਦੇ, ਦੋ ਪੁੱਤਰ ਵੱਖੋ-ਵੱਖ ਪਲਦੇ।
ਆਓ! ਰਲ ਮਿਲ ਗੱਲਾਂ ਕਰੀਏ, ਦਰਿਆਵਾਂ ਦੇ ਆਬ ਦੀ।

ਗੱਲ ਸਤਲੁਜ ਰਾਵੀ ਬਿਆਸ ਦੀ, ਗੱਲ ਜਿਹਲਮ ਅਤੇ ਝਨਾਬ ਦੀ....।

ਵਾਘਿਓਂ ਪਾਰ ਮਿਲਣ ਨੂੰ ਜਾਈਏ, ਜਾ ਕੇ ਆਪਣਾ ਦਰਦ ਸੁਣਾਈਏ।
ਆਪਣਿਆਂ ਨੂੰ ਗਲ ਨਾਲ ਲਾਈਏ, ਇੱਕ ਦੂਜੇ ਦੀ ਪੀੜ ਵੰਡਾਈਏ।
ਰੁੱਸੇ ਹਾਂ ਤਾਂ ਵੀ ਮੰਨ ਜਾਈਏ, ਜੇ ਭੁੱਲੇ ਹਾਂ ਤਾਂ ਪਛਤਾਈਏ।
ਗੱਲ ਕਰਨ ਲਈ ਸਫ਼ ਵਿਛਾਈਏ, ਕੁੱਝ ਸੁਣੀਏਂ ਤੇ ਕੁੱਝ ਸਮਝਾਈਏ।
ਨਾਨਕ ਤੇ ਮਰਦਾਨੇ ਦੀ ਗੱਲ, ਗੱਲ ਬਾਣੀ ਅਤੇ ਰਬਾਬ ਦੀ।

گل کریے دیش پنجاب دی

گل ستلج، راوی، بیاس دی، گل جہلم اتے چناب دی
رل مل بہہ کے گل کریے، پتراں دے دیش پنجاب دی

ورثے اتے وہار چ بہہ کے، مریادا دے وچ وچ رہ کے
اپنی گل تاں کر سکدے ہاں، اپنے اپنے ہوکے لے کے

انج تاں اپنا کجھ نہیں بننا، 'کلے 'کلے روندے رہ کے
کنے چر تک ترے پھرانگے، ایس طرحاں ہی سبھ کجھ سہِ کے
مل بیٹھ کے گل کریے، ساڈی دھندلی پیندی تاب دی

گل ستلج، راوی، بیاس دی، گل جہلم اتے چناب دی....

پنجے پانی پھر وی رلدے، ساتوں اک سنیہا گھلدے
دسیو کس دریا دا پانی، جد پانی، پانی نال رلدے
ونڈیاں پا کے تاراں لا کے، ماں نوں ونڈ کے کسنوں چھلدے
اکو ماں دی چھاتی چنگھدے، دو پتر وکھو وکھو پلدے
آؤ! رل مل گلاں کریے، دریاواں دے آب دی

گل ستلج راوی بیاس دی، گل جہلم اتے چناب دی....

واگھوں پار ملن نوں جائیے، جا کے اپنا درد سنائیے
آپنیاں نوں گل نال لائیے، اک دوجے دی پیڑ ونڈائیے
رسے ہاں تاں وی من جائیے، جے بھلے ہاں تاں پچھتائیے
گل کرن لئی صف وچھائیے، کجھ سنیئیں تے کجھ سمجھائیے
نانک تے مردانے دی گل، گل بانی اتے رباب دی

ਗੱਲ ਸਤਲੁਜ ਰਾਵੀ ਬਿਆਸ ਦੀ, ਗੱਲ ਜਿਹਲਮ ਅਤੇ ਝਨਾਬ ਦੀ.....।

ਕੀ ਗ਼ਲਤੀ ਆਪਣੇ ਤੋਂ ਹੋਈ, ਦੋਹੀਂ ਪਾਸੀਂ ਜਾਂਦੇ ਰੋਈ।
ਸਾਡੀ ਤਾਂ ਕੋਈ ਗ਼ਲਤੀ ਹੈ ਨ੍ਹੀਂ, ਗ਼ਲਤੀ ਤਾਂ ਹਾਕਮ ਤੋਂ ਹੋਈ।
ਆਪਣੇ ਪੁੱਤਰਾਂ ਕੋਲੋਂ ਮਾਂ ਨੇ, ਦੱਸੋ ਕਿਹੜੀ ਚੀਜ਼ ਲਕੋਈ।
ਖ਼ੂਨ ਦੇ ਰਿਸ਼ਤੇ ਸਾਡੇ ਫਿਰ ਵੀ, ਕੌਣ ਇਨ੍ਹਾਂ ਨੂੰ ਜਾਂਦਾ ਧੋਈ।
ਇੱਕ ਮਾਲਾ ਦੇ ਮਣਕੇ ਕਾਹਤੋਂ ਦੋ ਤੰਦਾਂ ਵਿੱਚ ਜਾਣ ਪਰੋਈ।
ਪੰਜਾਂ ਫੁੱਲਾਂ ਦੀ ਗੱਲ ਇੱਕੋ, ਜੇ ਡਾਲ਼ੀ ਇੱਕ ਗੁਲਾਬ ਦੀ।

ਗੱਲ ਸਤਲੁਜ, ਰਾਵੀ, ਬਿਆਸ ਦੀ, ਗੱਲ ਜਿਹਲਮ ਅਤੇ ਝਨਾਬ ਦੀ....।

ਨਾ ਤੂੰ ਮੇਰਾ ਦੋਸ਼ੀ ਵੀਰਾ! ਨਾ ਮੈਂ ਤੇਰਾ ਦੋਸ਼ੀ।
ਸੱਤ ਇਕਵੰਜਾ ਤੇਰੀ ਮੇਰੀ, ਬੜੀ ਸਿਆਸਤ ਹੋਛੀ।
ਏਨਾ ਕਤਲੇਆਮ ਕਰਵਾ ਕੇ, ਬਿਲਕੁਲ ਨਹੀਂ ਨਮੋਸ਼ੀ।
ਸਾਡੇ ਸਿਰ ਵਡਵਾ ਕੇ ਕਰਦੇ ਫਿਰਦੇ ਤਾਜਫਿਰੋਸ਼ੀ।
ਕੀ ਕੀ ਗੱਲਾਂ ਕਰੀਏ, ਇਹ ਮੁੱਕਣੀਂ ਨਹੀਂ ਵਹੀ ਹਿਸਾਬ ਦੀ।

ਗੱਲ ਸਤਲੁਜ, ਰਾਵੀ, ਬਿਆਸ ਦੀ, ਗੱਲ ਜਿਹਲਮ ਅਤੇ ਝਨਾਬ ਦੀ....।

•

گل ستلج راوی بیاس دی، گل جہلم اتے جھناب دی.....

کیہ غلطی اپنے توں ہوئی، دوہیں پاسیں جاندے روئی
ساڈی تاں کوئی غلطی ہے نہیں، غلطی تاں حاکم توں ہوئی
اپنے پتراں کولوں ماں نے، دسو کیہڑی چیز لکوئی
خون دے رشتے ساڈے پھر وی، کون ایہناں نوں جاندا دھوئی
اک مالا دے منکے کاہتوں دو تنداں وچ جان پروئی
پنجاں پھلاں دی گل اکو، جے ڈالی اک گلاب دی

گل ستلج، راوی، بیاس دی، گل جہلم اتے جھناب دی....

نہ توں میرا دوشی ویرا! نہ میں تیرا دوشی
ست اکونجا تیری میری، بڑی سیاست ہوچھی
اپنا قتل عام کروا کے، بالکل نہیں نموشی
ساڈے سر وڈوا کے کردے پھردے تاجپھروشی
کی کیہ گلاں کریے، ایہہ مکنیں نہیں وحی حساب دی
گل ستلج، راوی، بیاس دی، گل جہلم اتے جھناب دی....

ਦਰਿਆਵਾਂ ਦਾ ਪਾਣੀ

ਘੱਗਰੇ, ਬੁੰਦੇ ਗਏ ਗਵਾਚੇ, ਬਾਕੀ ਵੀ ਸਭ ਮੁੱਕ ਜਾਵੇਗਾ।
ਦਰਿਆਵਾਂ ਦਾ ਪਾਣੀ ਸਾਰਾ, ਸੁੱਕਦੇ-ਸੁੱਕਦੇ ਸੁੱਕ ਜਾਵੇਗਾ।

ਪੰਜ ਪਾਣੀਆਂ ਦੀ ਧਰਤੀ ਦਾ ਵੰਡ ਵੰਡਾਈਆਂ ਹੋਇਆ।
ਕੋਹ-ਕੋਹ ਤੋਂ ਕਈ ਵਾਰ ਕਸਾਈਆਂ, ਇਸ ਧਰਤੀ ਨੂੰ ਕੋਹਿਆ।
ਮਾਰ ਦੁਹੱਥੜੇ ਜੰਨਤ ਰੋਈ, ਧਰਤੀ, ਅੰਬਰ ਰੋਇਆ।
ਮੁਖੜਾ ਗਿਆ ਵਲ੍ਹੇਧਰਿਆ, ਹੁਣ ਬੇਪਛਾਣ ਹੈ ਹੋਇਆ।
ਸੁੱਕ ਗਿਆ ਪੰਜਾਬੀ ਪਾਣੀ, ਸਭ ਹਰਿਆਵਲ ਸੁੱਕੀ,

ਰੁਕ-ਰੁਕ ਕੇ ਜਨ-ਜੀਵਨ ਚਲਦਾ ਰੁਕਦਾ-ਰੁਕਦਾ ਰੁਕ ਜਾਵੇਗਾ।

ਦਰਿਆਵਾਂ ਦਾ ਪਾਣੀ ਸਾਰਾ ਸੁੱਕਦਾ ਸੁੱਕਦਾ ਸੁੱਕ ਜਾਵੇਗਾ.....।

ਤੂੰਬੀ ਅਤੇ ਅਲਗੋਜ਼ੇ ਸੁਣਿਆਂ ਨੂੰ ਇੱਕ ਮੁੱਦਤ ਹੋਈ।
ਕਚਨਾਰਾਂ ਦੇ ਫੁੱਲ ਨਾ ਦਿਸਦੇ, ਕਿੱਧਰ ਗਈ ਖੁਸ਼ਬੋਈ।
ਦੁਪਹਿਰਖਿਤੀ ਪੰਜਾਬ ਦੀ ਧਰਤੀ, ਲੱਗਦੀ ਰੋਈ-ਰੋਈ।
ਇਸ ਜ਼ਰਖੇਜ਼ ਜਿਮੀਂ ਦੀ, ਏਸ ਤਰ੍ਹਾਂ ਕਿਉਂ ਹਾਲਤ ਹੋਈ।

ਦਗ਼ ਦਗ਼ ਕਰਦਾ ਸੂਰਜ ਲੱਗਦਾ ਛੁਪਦਾ-ਛੁਪਦਾ ਛੁਪ ਜਾਵੇਗਾ।

ਦਰਿਆਵਾਂ ਦਾ ਪਾਣੀ ਸਾਰਾ ਸੁੱਕਦਾ ਸੁੱਕਦਾ ਸੁੱਕਦਾ ਸੁੱਕ ਜਾਵੇਗਾ....।

دریاواں دا پانی

گھگرے، بندے گئے گواچے، باقی وی سبھ مک جاویگا
دریاواں دا پانی سارا، سکدے سکدے سک جاویگا

پنج پانیاں دی دھرتی دا ونڈ ونڈائیاں ہویا
کوہ کوہ توں کئی وار قصائیاں، اس دھرتی نوں کویا
مار دہتھڑے جنت روئی، دھرتی، امبر رویا
مکھڑا گیا ولوندھریا، بن بے پچھان ہے ہویا
سک گیا پنجابی پانی، سبھ ہریاول سکی،

رک رک کے جن جیون چلدا رکدا رکدا رک جاویگا

دریاواں دا پانی سارا سکدا سکدا سک جاویگا.....

تومبی اتے الغوزے سنیاں نوں اک مدت ہوئی
کچناراں دے پھل نہ دسدے، کدھر گئی کھشبوئی
دوپہرکھڑی پنجاب دی دھرتی، لگدی روئی روئی
اس زرخیز زمیں دی، ایس طرحاں کیوں حالت ہوئی

دگ دگ کردا سورج لگدا چھپدا چھپدا چھپ جاوے گا

دریاواں دا پانی سارا سکدا سکدا سکدا سک جاوے گا....

ਸਭ ਨੇ ਠੰਡੇ ਹੋ ਜਾਣਾ ਜੇ ਸੂਰਜ ਠੰਡਾ ਹੋਇਆ ਤਾਂ।
ਜਨ-ਜੀਵਨ ਸਭ ਮੁੱਕ ਜਾਣਾ, ਜੇ ਪਾਣੀ ਮੁੱਕ ਖਲੋਇਆ ਤਾਂ।
ਧਰਤੀ ਗਰਭਵਤੀ ਨਹੀਂ ਹੋਣੀ, ਪਾਣੀ ਪਿਤਾ ਨਾ ਹੋਇਆ ਤਾਂ।
ਪੁੰਨ-ਪਾਪ ਸਭ ਕੁੱਝ ਮਰ ਜਾਣਾ, ਪਵਨ ਗੁਰੂ ਜੇ ਮੋਇਆ ਤਾਂ।
ਮਾਤ ਪਿਤਾ ਬਾਰੇ ਨਾ ਸੋਚਣ, ਪੁੱਤ ਕੁਪੁੱਤ ਕਹਾਉਂਦੇ ਉਹ।
ਦੇਖਣ ਵਾਲਾ ਕੁੱਝ ਨ੍ਹੀਂ ਰਹਿਣਾ ਮਿੱਟੀ ਵਿੱਚ ਸਭ ਲੁਕ ਜਾਵੇਗਾ।

ਦਰਿਆਵਾਂ ਦਾ ਪਾਣੀ ਸਾਰਾ ਸੁੱਕਦੇ ਸੁੱਕਦੇ ਸੁੱਕ ਜਾਵੇਗਾ....।

•

سبھ نے ٹھنڈے ہو جانا جے سورج ٹھنڈا ہویا تاں
جن جیون سبھ مک جانا، جے پانی مک کھلویا تاں
دھرتی گربھ وتی نہیں ہونی، پانی پتا نہ ہویا تاں
پن پاپن سبھ کجھ مر جانا، پون گورو جے مویا تاں
مات پتا بارے نہ سوچن، پت کپت کہاؤندے اوہ
دیکھن والا کجھ نہیں رہنا مٹی وچ سبھ لک جاوے گا

دریاواں دا پانی سارا سکدے سکدے سک جاوے گا....

ਪਰਦੇਸੀ

ਪਰਦੇਸਾਂ ਵਿੱਚ ਵਿਚਰਦਾ
ਮੈਂ ਬਹੁਤ ਫਿਰਿਆਂ ਦੋਸਤਾਂ!
ਪਰਦੇਸਾਂ ਵਿੱਚ ਪਰਦੇਸੀ ਹੀ ਆਖਿਆ ਸਭ ਨੇ
ਪਰ ਤੂੰ ਪਰਦੇਸੀ ਨਾ ਕਹੇਂ ਤਾਂ ਮਿਹਰਬਾਨੀ।

ਮੇਰੀ ਜੇਬ ਵਿੱਚ ਪਾਸਪੋਰਟ ਦੇਖਿਆ ਜੋ ਤੂੰ
ਮੈਂ ਮੰਨਦਾ ਹਾਂ ਵਿਦੇਸ਼ੀ ਹੈ
ਜੇਬ ਦੇ ਪਿੱਛੇ ਧੜਕਦੇ ਦਿਲ ਨੂੰ ਜੇ ਵੇਖੇਂ
ਹਰ ਧੜਕਣ ਵਿੱਚ ਆਪਣਾ ਅਤੀਤ ਦੇਖੇਂਗਾ।

ਮੈਂ ਇਕਬਾਲ ਕਰਦਾਂ ਹਾਂ ਕਿ
ਆਪਣੀ ਭੁੱਖ ਮੇਟਣ ਲਈ
ਵਿਦੇਸ਼ਾ ਵਿੱਚ ਮੈਂ ਜਾ ਵਸਿਆ
ਮੈਂ ਲੈਂਦਾ ਹਾਂ ਇਜਾਜ਼ਤ
ਆਪਣੇ ਹੀ ਦੇਸ਼ ਪਰਤਣ ਦੀ
ਮੇਰੀ ਮਾਂ ਦੇ ਪਿੰਡ ਜਾਣ ਲਈ ਪੁੱਛ-ਗਿੱਛ ਹੁੰਦੀ ਹੈ।
ਪਰ ਗਹੁ ਨਾਲ ਦੇਖ
ਬਿਲਕੁਲ ਮੇਰੇ ਬਾਪੂ ਵਰਗੀ ਸ਼ਕਲ ਹੈ ਮੇਰੀ
ਮੇਰੀ ਮਾਸੂਮੀਅਤ ਵੇਲੇ ਤੋਂ ਜਾਣਦਾ ਹੈਂ ਤੂੰ
ਪਰ ਤੂੰ ਜਦੋਂ ਸ਼ੱਕ ਦੀ ਨਜ਼ਰ ਨਾਲ ਦੇਖਦੈਂ ਮੈਨੂੰ
ਐਵੇਂ ਲੱਗਦੈ ਜਿਵੇਂ ਕੋਈ ਗਾਲ੍ਹ ਕੱਢਦਾ ਹੈਂ।
ਮੇਰੀ ਮਾਂ ਦੇ ਚਰਿੱਤਰ 'ਤੇ ਜਿਵੇਂ ਇਤਬਾਰ ਨਹੀਂ ਤੈਨੂੰ।

پردیسی

پردیساں وچ وچردا
میں بہت پھریاں دوستاں!
پردیساں وچ پردیسی ہی آکھیا سبھ نے
پر توں پردیسی نہ کہیں تاں مہربانی

میری جیب وچ پاسپورٹ دیکھیا جو توں
میں مندا ہاں ودیشی ہے
جیب دے پچھے دھڑکدے دل نوں جے ویکھیں
ہر دھڑکن وچ اپنا اتیت دیکھینگا

میں اقبال کرداں ہاں کہ
اپنی بھکھ میٹن لئی
ودیشا وچ میں جا وسیا
میں لیندا ہاں اجازت
اپنے ہی دیش پرتن دی
میری ماں دے پنڈ جان لئی پچھ گچھ ہوندی ہے
پر گہہ نال دیکھ
بالکل میرے باپو ورگی شکل ہے میری
میری معصومیت ویلے توں جاندا ہیں توں
پر توں جدوں شک دی نظر نال دیکھدیں مینوو
ایویں لگدے جویں کوئی گالھ کڈھدا ہیں
میری ماں دے چرتر تے جویں اعتبار نہیں تینوں

ਮੈਨੂੰ ਸਮਝ ਨਹੀਂ ਆਉਂਦੀ ਨਜ਼ਰ ਤੇਰੀ ਨੂੰ ਕੀ ਹੋਇਆ
ਤੇਰੇ ਮੇਰੇ ਖ਼ੂਨ ਦਾ ਇੱਕ ਰੰਗ, ਤੈਨੂੰ ਕਿਉਂ ਨਹੀਂ ਦਿਸਦਾ?

ਅੱਧੀ ਉਮਰ ਭਾਵੇਂ ਮੈਂ ਵਿਦੇਸ਼ਾਂ ਵਿੱਚ ਗੁਜ਼ਾਰੀ ਹੈ
ਵਿਦੇਸ਼ੀ ਹੀ ਸਦਾ ਕਹਿੰਦੇ ਰਹੇ ਸਾਰੇ
ਲੇਕਿਨ ਕਦੇ ਮੈਨੂੰ ਸੰਗ ਨਹੀਂ ਲੱਗੀ
ਕਦੇ ਕੋਈ ਦਰਦ ਨਹੀਂ ਹੋਇਆ

ਕੋਈ ਪਹਿਚਾਣਦਾ ਹੈ ਜੇ ਮੈਂ ਕਿਨ੍ਹਾਂ ਦਾ ਪੁੱਤਰ ਹਾਂ
ਤਾਂ ਇਸ ਵਿੱਚ ਹਰਜ਼ ਵੀ ਕੀ ਹੈ

ਵਿਦੇਸ਼ੀ ਕਾਗਜ਼ਾਂ ਨੂੰ ਦੇਖ ਕੇ ਫ਼ਤਵਾ ਨਾ ਲਾ ਸੱਜਣਾ!
ਦਿਲ ਵਿੱਚ ਨਜ਼ਰ ਮਾਰੀਂ
ਕਤਰਾ-ਕਤਰਾ ਖ਼ੂਨ ਤੈਨੂੰ ਆਪਣਾ ਲੱਗੂ
ਖ਼ੂਨ ਦੇ ਰਿਸ਼ਤੇ ਕਦੇ ਟੁੱਟਿਆ ਨਹੀਂ ਕਰਦੇ
ਨਹੁੰ ਤੇ ਮਾਸ ਦਾ ਰਿਸ਼ਤਾ ਹੈ ਆਪਣਾ ਵੀਰਨਾ!
ਪਰਦੇਸਾਂ ਵਿੱਚ
ਪਰਦੇਸੀ ਹੀ ਆਖਿਆ ਸਭ ਨੇ
ਪਰ ਤੂੰ ਪਰਦੇਸੀ ਨਾ ਕਹੇਂ ਤਾਂ ਮਿਹਰਬਾਨੀ।

•

مینوں سمجھ نہیں آؤندی نظر تیری نوں کیہ ہویا
تیرے میرے خون دا اک رنگ، تینوں کیوں نہیں دسدا؟

ادھی عمر بھاویں میں ودیشاں وچ گزاری ہے
ودیشی ہی سدا کہندے رہے سارے
لیکن کدے مینوں سنگ نہیں لگی
کدے کوئی درد نہیں ہویا

کوئی پہچاندا ہے جے میں کنھاں دا پتر ہاں
تاں اس وچ حرج وی کیہ ہے

ودیشی کاغذاں نوں ویکھ کے فتویٰ نہ لا سجنا!
دل وچ نظر ماریں
قطرہ قطرہ خون تینوں اپنا لگو
خون دے رشتے کدے ٹٹیا نہیں کردے
نہوں تے ماس دا رشتہ ہے اپنا ویرنا!
پردیساں وچ
پردیسی ہی آکھیا سبھ نے
پر توں پردیسی نہ کہیں تاں مہربانی

ਪੰਜਾਬਣਾਂ

ਅੱਜ ਗਿੱਧੇ ਵਿੱਚ ਨੱਚੀਆਂ ਪੰਜਾਬਣਾਂ ਤੇ
ਸਾਰਾ ਜੋੜਮੇਲਾ ਛੱਡਿਆ ਨਚਾ ਕੇ।
ਜਿਨ੍ਹੇ ਦੇਖਿਆ ਉਹ ਰਹਿ ਗਿਆ ਦੇਖਦਾ,
ਗੇੜਾ ਦਿੱਤਾ ਜਦੋਂ ਲੱਕ ਨੂੰ ਹਿਲਾ ਕੇ।

ਨੀ ਤੂੰ ਲੁੱਟ ਲਿਆ ਮੇਲਾ ਅੱਜ ਹਾਨਣੇ!
ਗੇੜਾ ਦਿੱਤਾ ਨੀ ਤੂੰ ਜਦੋਂ ਬੋਲੀ ਪਾ ਕੇ।
ਤੇਰੀ ਅੱਥਰੀ ਜਵਾਨੀ ਅੱਜ ਛਾ ਗਈ,
ਨੱਚੀ ਖੁੱਲ੍ਹ ਕੇ ਤੂੰ ਅੱਜ ਸੰਗ ਲਾਹ ਕੇ।

ਤੂੰ ਤਾਂ ਕੁੱਟ-ਕੁੱਟ ਤੋੜ ਦਿੱਤਾ ਛੱਜ ਨੀ,
ਤੂੰ ਆਈ ਜਾਗੋ ਜਦੋਂ ਸਿਰ 'ਤੇ ਉਠਾ ਕੇ।
ਸਾਰੇ ਫੋਲ੍ਹ ਸੁੱਟੇ ਦਾਦਕੇ ਤੇ ਨਾਨਕੇ,
'ਕੱਠੇ ਸਾਰਿਆਂ ਨੂੰ ਗਿੱਧੇ 'ਚ ਬਿਠਾ ਕੇ।

ਅੱਜ ਲੱਗਦਾ ਤੂੰ ਜ਼ਿੱਦ ਉੱਤੇ ਆ ਗਈ,
ਹਟੀ ਸਾਰਿਆਂ ਨੂੰ ਗਿੱਧੇ 'ਚ ਹਰਾ ਕੇ।
ਅੱਜ ਚੋਬਰਾਂ ਨੂੰ ਕਰ 'ਤਾ ਸ਼ਰਾਬੀ ਤੂੰ,
ਕਈ ਡਿੱਗਦੇ ਫਿਰਨ ਗਸ਼ ਖਾ ਕੇ।

ਗੱਲਾਂ, ਗੱਲ-ਗੱਲ ਵਿੱਚ ਅੱਜ ਤੇਰੀਆਂ!
ਨੀ ਕਿੱਥੇ ਚੱਲੀ ਆਂ ਚੁਆਤੀ ਲਾ ਕੇ।
ਲਾ 'ਤੇ ਚਾਰ ਚੰਨ ਖੁਸ਼ੀਆਂ ਨੂੰ ਅੱਜ ਤੂੰ,
ਨੀ ਤੂੰ ਸਾਡੇ ਨਾਲ ਖੁਸ਼ੀਆਂ ਮਨਾ ਕੇ।

•

پنجابناں

اج گدھے وچ نچیاں پنجابناں تے
سارا جوڑمیلا چھڈیا نچا کے
جنھے دیکھیا اوہ رہ گیا دیکھدا،
گیڑا دتا جدوں لک نوں ہلا کے

نی توں لٹ لیا میلہ اج ہانتے!
گیڑا دتا نی توں جدوں بولی پا کے
تیری اتھری جوانی اج چھا گئی،
نچی کھلھ کے توں اج سنگ لاہ کے

توں تاں کٹ کٹ توڑ دتا چھج نی،
توں آئی جاگو جدوں سر تے اٹھا کے
سارے پھولھ سئے دادکے تے نانکے،
'کٹھے ساریاں نوں گدھے چ بٹھا کے

اج لگدا توں ضد اتے آ گئی،
بٹی ساریاں نوں گدھے چ ہرا کے
اج چوبراں نوں کر تا شرابی توں،
کئی ڈگدے پھرن غش کھا کے

گلاں، گل گل وچ اج تیریاں!
نی کتھے چلی آں چواتی لا کے
لا تے چار چن خوشیاں نوں اج توں،
نی توں ساڈے نال خوشیاں منا کے

ਪੁਰਾਣਾ ਪੰਜਾਬ

ਤੰਬੇ, ਚਾਦਰੇ, ਜਗੀਰਾਂ, ਸਰਦਾਰੀਆਂ,
ਮੱਝਾਂ ਬੂਰੀਆਂ, ਘੋੜੇ ਤੇ ਜੋਗਾਂ ਨਾਹਰੀਆਂ,
ਅੱਜ ਭਾਲਿਆਂ ਵੀ ਲੱਭਦੇ ਨਹੀਂ ਕਿੱਧਰੇ,
ਸਭ ਰਹਿ ਗਏ ਪਕਿਸਤਾਨ।

ਭੂਆ, ਮਾਸੀਆਂ, ਮਾਮੀਆਂ, ਤਾਈਆਂ,
ਚਾਚੀਆਂ ਸਭ ਆਪਣੇ ਅਤੀਤ 'ਚ ਗੁਆਚੀਆਂ,
ਸਾਰੇ ਸਾਕਾਂ ਦੀਆਂ ਧੱਜੀਆਂ ਉਡਾ 'ਤੀਆਂ,
ਸਾਡਾ ਡੋਲ ਗਿਆ ਦੀਨ ਇਮਾਨ।

ਗੱਲ ਕਰਕੇ ਸੀ ਗੱਲ ਉੱਤੇ ਖੜਦੇ,
ਕਦੇ ਝੂਠੀਆਂ ਕਹਾਣੀਆਂ ਨਾ ਘੜਦੇ,
ਸੱਚ ਬੋਲ ਕੇ ਤੇ ਸਰਦਾ ਹੀ ਨਹੀਂ ਹੁਣ,
ਸਭ ਬੋਲਦੇ ਨੇ ਝੂਠ ਤੂਫ਼ਾਨ।

ਹੁੰਦੇ ਗੁੰਦਵੇਂ ਜਵਾਨਾਂ ਦੇ ਸਰੀਰ ਸੀ,
ਨਾ ਹੀ ਨਸ਼ੇ ਪੱਤੇ ਕਰਦੀ ਮੰਡੀਰ ਸੀ,
ਪੰਜਾਬੀਆਂ ਦੀ ਵੱਖਰੀ ਜਵਾਨੀ ਸੀ,
ਟੌਹਰ ਸਾਡੇ ਨੂੰ ਹੈ ਜਾਣਦਾ ਜਹਾਨ।

ਜੱਟ ਮੌਤ ਨੂੰ ਮਖੌਲਾਂ ਸੀ 'ਗੇ ਕਰਦੇ,
ਕਿਸੇ ਭੀਂ ਪਾਂਡੋ ਕੋਲੋਂ ਨਹੀਂ ਸੀ ਡਰਦੇ,
ਹੱਥ ਮੁੱਛ ਉੱਤੇ ਡਾਂਗ ਮੋਢੇ ਧਰਦੇ,
ਸਾਡੀ ਦੁਨੀਆ ਤੋਂ ਵੱਖਰੀ ਸੀ ਸ਼ਾਨ।

ਕਿੱਸੇ ਬਣਦੇ ਪੰਜਾਬੀ ਮੁਟਿਆਰਾਂ ਦੇ,
ਹੁੰਦੇ ਵੱਖਰੇ ਹੀ ਨਖ਼ਰੇ ਸੀ ਨਾਰਾਂ ਦੇ,

پرانا پنجاب

تمبے، چادرے، جگیراں، سرداریاں،
مجھاں بوریاں، گھوڑے تے جوگاں ناہریاں،
اج بھالیاں وی لبھدے نہیں کدھرے،
سبھ رہ گئے پاکستان

بھرآ، ماسیاں، مامیاں، تائیاں،
چاچیاں سبھ اپنے اتیت 'چ گواچیاں،
سارے ساکاں دیاں دھجیاں اڈا 'تیاں،
ساڈا ڈول گیا دین ایمان

گل کرکے سی گل اتے کھڑدے،
کدے جھوٹھیاں کہانیاں نہ گھڑدے،
سچ بول کے تے سردا ہی نہیں ہن،
سبھ بولدے نے جھوٹھ طوفان

ہوندے گندویں جواناں دے سریر سی،
نہ ہی نشے پتے کردی منڈیر سی،
پنجابیاں دی وکھری جوانی سی،
ٹوہر ساڈے نوں ہے جاندا جہان

جٹ موت نوں مکھولاں سی 'گے کردے،
کسے بھیں پانڈو کولوں نہیں سی ڈردے،
ہتھ مچھ اتے ڈانگ موڈھے دھردے،
ساڈی دنیا توں وکھری سی شان

ਜਦੋਂ ਪੀਂਘ ਆਸਮਾਨ ਨੂੰ ਚੜ੍ਹਾਉਂਦੀਆਂ,
ਕਿੰਦਾਂ ਕਰੇ ਕੋਈ ਉਸਨੂੰ ਬਿਆਨ।

ਮੁੰਡੇ-ਕੁੜੀਆਂ ਨਹੀਂ ਲੱਗਦੇ ਪੰਜਾਬ ਦੇ,
ਪੁਰਾਣੇ ਮਾਝੇ, ਮਾਲਵੇ, ਦੁਆਬ ਦੇ,
ਸਭ ਡਿਸਕੋ ਤੇ ਪੱਬਾਂ ਵਿੱਚ ਰੁਲ਼ ਗਏ
ਤਾਹੀਓਂ ਸੁੱਨਤ ਹੈ ਬਹੁਤ ਹੈਰਾਨ।

ਤੰਬੇ, ਚਾਦਰੇ, ਜਗੀਰਾਂ, ਸਰਦਾਰੀਆਂ,
ਮੱਝਾਂ ਬੂਰੀਆਂ, ਘੋੜੇ ਤੇ ਜੋਗਾਂ ਨਾਹਰੀਆਂ,
ਅੱਜ ਭਾਲਿਆਂ ਵੀ ਲੱਭਦੇ ਨਹੀਂ ਕਿੱਧਰੇ,
ਸਭ ਰਹਿ ਗਏ ਪ ਕਿਸਤਾਨ।

•

جدوں پینگھ آسمان نوں چڑھاؤندیاں،
کداں کرے کوئی اسنوں بیان

منڈے کڑیاں نہیں لگدے پنجاب دے،
پرانے ماجھے، مالوے، دواب دے،
سبھ ڈسکو تے پباں وچ رل گئے
تاہیؤں سنڑ ہے بہت حیران

تمبے، چادرے، جگیراں، سرداریاں،
مجھاں بوریاں، گھوڑے تے جوگاں ناہریاں،
اج بھالیاں وی لبھدے نہیں کدھرے،
سبھ رہ گئے پاکستان

ਜੰਡ, ਟਾਹਲੀਆਂ, ਤੂਤ

ਪੇਂਦੂ ਬੇਰਾਂ ਨੇ ਮਲ੍ਹਿਆਂ ਦੇ ਬੇਰ ਭੁਲਾ ਦਿੱਤੇ।
ਕਚਨਾਰਾਂ ਦੇ ਫੁੱਲਾਂ ਦੀ ਥਾਂ ਕੰਢੇ ਲਾ ਦਿੱਤੇ।

ਨਾ ਝੱਲ ਰਹੀ ਨਾ ਟਿੰਬੇ ਦਿਸਦੇ ਨਾ ਬੋਹੜਾ ਦੀਆਂ ਛਾਵਾਂ,
ਜੰਡ, ਟਾਹਲੀਆਂ, ਤੂਤ ਸਾਰੇ ਹੀ ਵੱਢ-ਵੱਢਾ ਦਿੱਤੇ।

ਕੁਦਰਤ ਦੇ ਫ਼ਲ, ਬੂਟੇ ਸਾਰੇ ਮੁਫ਼ਤੋਂ, ਮੁਫ਼ਤੀ ਸੀ,
ਰਿਸ਼ਤਿਆਂ, ਨਾਤਿਆਂ ਦੇ ਵੀ ਲੋਕਾਂ ਮੁੱਲ ਪਵਾ ਦਿੱਤੇ।

ਸਾਧਾਂ, ਸੰਤਾਂ ਦੇ ਟਿੱਲੇ ਜੋ ਉੱਚੇ ਲੱਗਦੇ ਸੀ,
ਮਾਰ ਕਰਾਹੇ ਸਭ ਦੇ ਸਭ ਹੀ ਖੇਤ ਬਣਾ ਦਿੱਤੇ।

ਧਰਤੀ ਤਾਂ ਜ਼ਰਖੇਜ਼ ਰਹੀ ਹੈ ਮੁੱਢ ਕਦੀਮਾਂ ਤੋਂ,
ਖਾਦ, ਦਵਾਈਆਂ ਪਾ ਕੇ ਉਸਦੇ ਹੋਸ਼ ਭੁਲਾ ਦਿੱਤੇ।

ਰੁੱਤ-ਰੁੱਤ ਦੇ ਮੇਵੇ ਵੀ ਗੱਲ ਪੁਰਾਣੀ ਹੋ ਗਈ ਹੁਣ,
ਮਨ ਮਰਜ਼ੀ ਦੇ ਅੱਜ ਕੁਰੁੱਤੇ ਬੀਜ ਬਣਾ ਦਿੱਤੇ।

ਕੁਦਰਤ ਦੇ ਨਾਲ ਪੰਗਾ ਲੈਣੋਂ ਵੀ ਨਹੀਂ ਹਟਦੇ ਲੋਕ,
ਕੁਦਰਤ ਦੇ ਨਾਂ 'ਤੇ ਵੱਖੋ-ਵੱਖ ਧਰਮ ਚਲਾ ਦਿੱਤੇ।

ਸੁੰਨੜਾ! ਚੁੱਪ ਕਰਕੇ ਵੇਂਹਦਾ ਰਹਿ ਕੀ ਕਰਦੀ ਦੁਨੀਆ,
ਤੇਰੇ ਵਰਗੇ ਕਈ ਦੁਨੀਆ ਨੇ ਬਲੀ ਚੜ੍ਹਾ ਦਿੱਤੇ।

•

جنڈ، ٹاہلیاں، توت

پیندو بیراں نے ملھیاں دے بیر بھلا دتے
کچناراں دے پھلاں دی تھاں کنڈھے لا دتے

نہ جھل رہی نہ ٹبے دسدے نہ بوہڑا دیاں چھاواں،
جنڈ، ٹاہلیاں، توت سارے ہی وڈھ وڈھا دتے

قدرت دے پھل، بوٹے سارے مفتو، مفتی سی،
رشتیاں، ناطیاں دے وی لوکاں مل پوا دتے

سادھاں، سنتاں دے ٹلے جو اچے لگدے سی،
مار کراہے سبھ دے سبھ ہی کھیت بنا دتے

دھرتی تاں زرخیز رہی ہے مڈھ قدیماں توں،
کھاد، دوائیاں پا کے اسدے ہوش بھلا دتے

رت رت دے میوے وی گل پرانی ہو گئی ہن،
من مرضی دے اج کرتے بیج بنا دتے

قدرت دے نال پنگا لینوں وی نہیں ہٹدے لوک،
قدرت دے ناں تے وکھو وکھو دھرم چلا دتے

سنڑا! چپ کرکے وینہدا رہ کیہ کردی دنیا،
تیرے ورگے کئی دنیا نے بلی چڑھا دتے

ਪਿੰਡ ਦੀ ਯਾਦ

ਬਾਪੂ, ਚਾਚੇ, ਤਾਏ ਛੱਡ ਗਏ ਛੱਡਿਆ ਪਿੰਡ ਭਰਾਵਾਂ।
ਰਤਕਦੀਆਂ ਨਹੀਂ ਮੇਰੇ ਪਿੰਡ ਦੀਆਂ ਧੀਆਂ, ਭੈਣਾਂ, ਮਾਵਾਂ।

ਜਿਸ ਪਿੰਡ ਖੇਡੀ ਲੁਕਣ ਮਿਚਾਈ, ਗੁੱਲੀ ਡੰਡਾ, ਖਿੱਦੋ,
ਦੱਸੋ ਯਾਰੋ! ਆਪਣੇ ਪਿੰਡ ਵਿੱਚ ਕਿਸ ਦਾ ਪਿੱਠੂ ਢਾਹਵਾਂ।

ਸਾਰਾ ਪਿੰਡ ਵਿਦੇਸ਼ੀ ਹੋ ਗਿਆ ਕਈ ਮੁਲਕਾਂ ਦੇ ਵਾਸੀ,
ਅਮਰੀਕਾ ਦਾ ਪਾਸਪੋਰਟ ਮੈ ਕਿਹੜੇ ਚੁੱਲ੍ਹੇ ਡਾਹਵਾਂ।

ਰੌਣਕ ਮੇਲੇ ਖਤਮ ਹੋਏ ਮਿਟ ਗਈ ਸ਼ਾਝ-ਭਿਆਲੀ,
ਯਾਦ ਕਰਾਂ ਕੀ ਭੁੱਲ ਜਾਵਾਂ, ਮੈ ਹੁਣ ਪਿੰਡ ਦਾ ਸਿਰਨਾਵਾਂ।

•

پنڈ دی یاد

باپو، چاچے، تائے چھڈ گئے چھڈیا پنڈ بھراواں
رڑکدیاں نہیں میرے پنڈ دیاں دھیاں، بھیناں، ماواں

جس پنڈ کھیڈی لکن مچائی، گلی ڈنڈا، کھدو،
دسو یارو! اپنے پنڈ وچ کس دا پٹھو ڈھاہواں

سارا پنڈ ودیشی ہو گیا کئی ملکاں دے واسی،
امریکہ دا پاسپورٹ مے کیہڑے چلھے ڈاہواں

رونق میلے ختم ہوئے مٹ گئی شاجھ بھیالی،
یاد کراں کیہ بھل جاواں، مے ہن پنڈ دا سرناواں

ਢਾਈ ਅੱਖਰ ਪ੍ਰੇਮ ਦੇ



ڈھائی اکھر پریم کے



ਮੁਟਿਆਰ

ਹਰ ਗਲੀ, ਹਰ ਜਗ੍ਹਾ, ਮੇਰੇ ਯਾਰ ਭਾਲਿਓ!
ਇੱਕ ਲੱਭਦੀ ਨਹੀਂ, ਮੁਟਿਆਰ ਭਾਲਿਓ!

ਜਿਹੜੀ ਹੋਕਾਂ ਲਾ ਤ੍ਰਿੰਜਣਾਂ 'ਚ ਗਾਉਂਦੀ ਹੁੰਦੀ ਸੀ
ਜਿਹੜੀ ਪੀਂਘ ਅਸਮਾਨਾਂ ਨੂੰ ਚੜ੍ਹਾਉਂਦੀ ਹੁੰਦੀ ਸੀ
ਜਿਹੜੀ ਗਿੱਧਿਆਂ ਦੇ ਵਿੱਚ ਅੱਗ ਲਾਉਂਦੀ ਹੁੰਦੀ ਸੀ
ਜਿਹਦੀ ਤੋਰ ਪਾਣੀਆਂ ਨੂੰ ਮਾਤ ਪਾਉਂਦੀ ਹੁੰਦੀ ਸੀ
ਜਿਹੜੀ ਸ਼ਾਹ ਵੇਲਾ ਖੇਤਾਂ 'ਚ ਲਿਆਉਂਦੀ ਹੁੰਦੀ ਸੀ
ਜਿਹੜੀ ਹੱਥ ਛੱਡ ਟੋਕਰੀ ਉਠਾਉਂਦੀ ਹੁੰਦੀ ਸੀ।

ਗੁੰਮ ਹੋ ਗਈ ਉਹ ਭੱਤੇ ਵਾਲੀ ਨਾਰ ਭਾਲਿਓ!
ਇੱਕ ਲੱਭਦੀ ਨਹੀਂ ਮੁਟਿਆਰ ਭਾਲਿਓ!

ਜਿਹਦੀ ਸੱਥਾਂ ਵਿੱਚ ਬਹਿ ਕੇ ਲੋਕੀਂ ਗੱਲ ਕਰਦੇ
ਜਿਹਦੀ ਚੁੱਪ ਦੇ ਵੀ ਗੱਭਰੂ ਹੁੰਘਾਰੇ ਭਰਦੇ
ਜਿਹਦੀ ਅੱਖ ਦੀ ਅਦਾ 'ਤੇ ਵੱਡੇ-ਵੱਡੇ ਮਰਦੇ
ਜੀਹ 'ਤੇ ਚੰਗੇ-ਚੰਗੇ ਚੋਬਰਾਂ ਦਿਲ ਹਰਦੇ
ਜਿਹਦੇ ਜੁਲਫ਼ਾਂ ਦੇ ਨਾਗ ਸੀਨਿਆਂ 'ਤੇ ਲੜਦੇ
ਜਿਹਦੇ ਲੱਕ ਦੇ ਇਸ਼ਾਰੇ ਵੀ ਸਵਾਲ ਕਰਦੇ।

ਜਿਹਦੇ ਹਾਸਿਆਂ ਚੋਂ ਖਿੜਦੀ ਬਹਾਰ ਭਾਲਿਓ!
ਇੱਕ ਲੱਭਦੀ ਨਹੀਂ ਮੁਟਿਆਰ ਭਾਲਿਓ!

ਜਿਹਦੀ ਸਾਦਗੀ ਤੇ ਸਾਰੇ ਲੋਕੀਂ ਡੁੱਲ੍ਹ-ਡੁੱਲ੍ਹ ਜਾਂਦੇ
ਜਿਹਨੂੰ ਦੇਖ ਹਟਵਾਣੀਏ ਵੀ ਸੌਦੇ ਭੁੱਲ ਜਾਂਦੇ
ਜਿਸ ਮੇਲੇ ਜਾਵੇ, ਮੇਲੇ ਦੇ ਨਸੀਬ ਖੁੱਲ੍ਹ ਜਾਂਦੇ
ਜਿਹਦੇ ਲੌਂਗ ਦੀ ਲਿਸ਼ਕ ਨਾਲ ਸਾਰੇ ਹਿੱਲ ਜਾਂਦੇ

مٹیار

ہر گلی، ہر جگہ، میرے یار بھالیو!
اک لبھدی نہیں، مٹیار بھالیو!

جیہڑی ہیکاں لا ترنجناں 'چ گاؤندی ہوندی سی
جیہڑی پینگھ اسماناں نوں چڑھاؤندی ہوندی سی
جیہڑی گدھیاں دے وچ اگ لاؤندی ہوندی سی
جہدی تور پانیاں نوں مات پاؤندی ہوندی سی
جیہڑی شاہ ویلا کھیتاں 'چ لیاؤندی ہوندی سی
جیہڑی ہتھ چھڈ ٹوکری اٹھاؤندی ہوندی سی

گم ہو گئی اوہ بھتے والی نعر بھالیو!
اک لبھدی نہیں مٹیار بھالیو!

جہدی ستھاں وچ بہہ کے لوکیں گل کردے
جہدی چپ دے وی گبھرو ہنگھارے بھردے
جہدی اکھ دی ادا تے وڈے وڈے مردے
جیہ تے چنگے چنگے چوبراں دل ہردے
جہدے جلفاں دے ناگ سینیاں تے لڑدے
جہدے لک دے اشارے وی سوال کردے
جہدے ہاسیاں چوں کھڑدی بہار بھالیو!
اک لبھدی نہیں مٹیار بھالیو!

جہدی سادگی تے سارے لوکیں ڈلھ ڈلھ جاندے
جہنوں دیکھ ہٹوانیے وی سودے بھل جاندے
جس میلے جاوے، میلے دے نصیب کھلھ جاندے
جہدے لونگ دی لشک نال سارے ہل جاند

ਜਿਹਨੂੰ ਦੇਖ ਜ਼ਿੰਦਗੀ ਦੇ ਸਾਰੇ ਸੁਖ ਮਿਲ ਜਾਂਦੇ
ਜਿਹਦਾ ਰੂਪ ਤੱਕ ਤਾਜ ਤੇ ਤਖ਼ਤ ਹਿੱਲ ਜਾਂਦੇ।

ਕਿੱਥੇ ਗਈ ਹੁਸਨਾਂ ਦੀ, ਸਰਕਾਰ ਭਾਲਿਓ!
ਇੱਕ ਲੱਭਦੀ ਨਹੀਂ ਮੁਟਿਆਰ ਭਾਲਿਓ!

•

جہنوں دیکھ زندگی دے سارے سکھ مل جاندے
جہدا روپ تک تاڑ تے تخت ہل جاندے

کتھے گئی حسناں دی، سرکار بھالیو!
اک لبھدی نہیں مٹیار بھالیو!

ਮਟਿਆਰੇ! ਕੱਚ ਕਮਾਈ ਨਾ

ਮਟਿਆਰੇ! ਕੱਚ ਕਮਾਈ ਨਾ
ਕਿਤੇ ਲੀਕ ਇਸ਼ਕ ਨੂੰ ਲਾਈ ਨਾ
ਮੈਨੂੰ ਰੱਜ-ਰੱਜ ਲੋਹੜੀ ਸੇਕਣ ਦੇ
ਦੇਖੀਂ! ਕਿਤੇ ਅੱਗ ਬੁਝਾਈ ਨਾ।
ਮਟਿਆਰੇ! ਕੱਚ....।

ਤੁਰਦੇ ਦੇ ਪੈ ਗਏ ਛਾਲੇ ਨੀ
ਅਸਾਂ ਦਿਲ ਨਾਲੋਂ ਵੱਧ ਪਾਲੇ ਨੀ
ਸਾਡੀ ਜ਼ਿੰਦਗੀ ਦੀ ਇਹ ਮੰਜ਼ਿਲ ਹੈ।
ਦੇਖੀਂ! ਕਿਤੇ ਵਾਟ ਵਧਾਈ ਨਾ।
ਮਟਿਆਰੇ! ਕੱਚ....।

ਸਾਡੇ ਜ਼ਖ਼ਮ ਅਵੱਲੇ ਭੈਤੇ ਨੀ
ਸਿਦਕਾਂ ਨਾਲ ਪੈ ਗਏ ਖਹਿੜੇ ਨੀ
ਰੰਗ-ਰੱਤੇ ਸਿਦਕ ਹੀ ਮਾਣ ਰਹੇ
ਕਿਤੇ ਉਹ ਵੀ ਖੋਹ ਲੈ ਜਾਈ ਨਾ।
ਮਟਿਆਰੇ! ਕੱਚ....।

ਸਾਡੇ ਜਿਸਮੇ ਦੇ ਵਿੱਚ ਰੱਤ ਨਹੀਂ
ਸਾਡੀ ਕੁੱਲੀ ਉੱਤੇ ਛੱਤ ਨਹੀਂ
ਇਹ ਪਿੰਜਰ ਕੰਧਾਂ ਸੱਖਣੀਆਂ
ਮੁੱਖ ਮੋੜ ਕੇ ਇਹ ਵੀ ਢਾਹੀ ना।

مٹیارے! کچ کمائی نہ

مٹیارے! کچ کمائی نہ
کتے لیک عشق نوں لائی نہ
مینوں رج رج لوہڑی سیکن دے
دیکھیں! کتے اگ بجھائی نہ
مٹیارے! کچ....

تردے دے پے گئے چھالے نی
اساں دل نالوں ودھ پالے نی
ساڈی زندگی دی ایہہ منزل ہے
دیکھیں! کتے واٹ ودھائی نہ
مٹیارے! کچ....

ساڈے زخم اولے بھیڑے نی
سدکاں نال پے گئے کھہڑے نی
رنگ رتے صدق ہی مان رہے
کتے اوہ وی کھوہ لے جائی نہ
مٹیارے! کچ....

ساڈے جسمے دے وچ رت نہیں
ساڈی کلی اتے چھت نہیں
ایہہ پنجر کندھاں سکھنیاں
مکھ موڑ کے ایہہ وی ڈھاہی نہ
مٹیارے! کچ....

ਸੰਗਦੇ ਰਹਿਣਾ

ਸੰਗਦੇ-ਸੰਗਦੇ ਰਹਿਣਾ, ਸਾਰੇ ਮੇਲੇ ਨੂੰ ਲੁੱਟ ਲੈਣਾ,
ਇਹ ਤਾਂ ਸੱਜਣਾ! ਤੇਰੀ ਆਦਤ ਬੜੀ ਪੁਰਾਣੀ ਆਂ!
ਤੱਦੀਆਂ ਨਾ ਕਰ ਏਧਰ ਆ ਜਾ, ਸਾਨੂੰ ਵੀ ਕੋਈ ਗੱਲ ਸੁਣਾ ਜਾ,
ਤੇਰੇ ਨਖ਼ਰਿਆਂ ਪਿੱਛੇ ਦੱਸ ਜਾ! ਆਖ਼ਰ ਕੀ ਕਹਾਣੀ ਆਂ!
ਸੰਗਦੇ-ਸੰਗਦੇ ਰਹਿਣਾ.....।

ਨੀ ਤੂੰ ਜਿੱਧਰੋਂ ਦੀ ਲੰਘ ਜਾਵੇਂ, ਚੰਗਿਆਂ ਚੰਗਿਆਂ ਨੂੰ ਗਸ਼ ਪਾਵੇਂ,
ਅੱਧਿਆਂ ਮਹਿਲਾਂ ਦੀ ਤੂੰ ਮਲਕਾ, ਅੱਧਿਆ ਦੀ ਤੂੰ ਰਾਣੀ ਆਂ!
ਤੇਰੇ ਰੂਪ ਦਾ ਜਾਦੂ ਛਾਇਆ, ਸਾਰੇ ਸ਼ਹਿਰ 'ਚ ਪੈਗਾ ਪਾਇਆ।
ਕਮਲੇ ਕਰ ਦਿੱਤੇ ਸਭ ਲੋਕੀਂ, ਨੀ ਤੂੰ ਬੜੀ ਸਿਆਣੀ ਆਂ!
ਸੰਗਦੇ-ਸੰਗਦੇ ਰਹਿਣਾ.....।

ਰੱਬ ਸੱਚੇ ਮਨੋ ਧਿਆ ਕੇ, ਇੱਕ ਨੂੰ ਚੁਣ 'ਲਾ ਨੀ ਸੰਗ ਲਾਹ ਕੇ।
ਲੜ-ਲੜ ਕੇ ਮਰ ਚੱਲੇ ਸਾਰੇ, ਇਹ ਜੋ ਤੇਰੇ ਹਾਣੀ ਆਂ!
ਮੁੰਡਿਆਂ ਦੇ ਤਕਰਾਰ ਕਰਾ ਕੇ, ਤੈਨੂੰ ਕੀ ਮਿਲਦਾ ਅਜ਼ਮਾ ਕੇ।
ਕਿੱਥੋਂ ਸਿੱਖਿਆ ਤੂੰ ਉਂਗਲਾਂ 'ਤੇ, ਦੁਨੀਆਂ ਕਿਵੇਂ ਨਚਾਣੀ ਆਂ!
ਸੰਗਦੇ-ਸੰਗਦੇ ਰਹਿਣਾ.....।

ਕਿਸੇ ਇੱਕ ਦੀ ਲਾਟਰੀ ਲਾ ਦੇ, ਬਸ ! ਇੱਕ ਦੀ ਗੱਲ ਬਣਾ ਦੇ।
ਕਿਸੇ ਘਰੇ ਤਾਂ ਆਖ਼ਰ ਇੱਕ ਦਿਨ ਤੇਰੀ ਡੋਲੀ ਜਾਣੀ ਆਂ!
ਬਸ! ਕਰ ਹੁਣ ਆਪਣੀ ਸੰਗ ਲਾਹ ਦੇ, ਜਿਸ ਤੇ ਮਰਜ਼ੀ ਉਂਗਲ ਲਾ ਦੇ।
ਜੋ ਜਿੰਦ ਸਾਂਭ-ਸਾਂਭ ਰੱਖਦਾ ਹੈ, ਉਹ ਤੇਰੇ ਨਾਂ ਲਾਣੀ ਆਂ!
ਸੰਗਦ-ਸੰਗਦੇ ਰਹਿਣਾ.....।

•

سنگدے رہنا

سنگدے سنگدے رہنا، سارے میلے نوں لٹ لینا،
ایہہ تاں سجنا! تیری عادت بڑی پرانی آں!
تدیاں نہ کر ایدھر آ جا، سانوں وی کوئی گل سنا جا،
تیرے نخریاں پچھے دس جا! آخر کیہ کہانی آں!
سنگدے سنگدے رہنا.....

نی توں جدھروں دی لنگھ جاویں، چنگیاں چنگیاں نوں غش پاویں،
ادھیاں محلاں دی توں ملکہ، ادھیا دی توں رانی آں!
تیرے روپ دا جادو چھایا، سارے شہر چ پنگا پایا
کملے کر دتے سبھ لوکیں، نی توں بڑی سیانی آں!
سنگدے سنگدے رہنا.....

رب سچے منو دھیا کے، اک نوں چن 'لا نی سنگ لاہ کے
لڑ لڑ کے مر چلے سارے، ایہہ جو تیرے ہانی آں!
منڈیاں دے تکرار کرا کے، تینوں کیہ ملدا عظمہ کے
کتھوں سکھیا توں انگلاں تے، دنیاں کویں نچانی آں!
سنگدے سنگدے رہنا.....

کسے اک دی لاٹری لا دے، بس ! اک دی گل بنا دے
کسے گھرے تاں آخر اک دن تیری ڈولی جانی آں!
بس! کر ہن اپنی سنگ لاہ دے، جس تے مرضی انگل لا دے
جو جند سانبھ سانبھ رکھدا ہے، اوہ تیرے ناں لانی آں!
سنگد سنگدے رہنا.....

ਸੱਸੀ ਦੀ ਸੇਜ

ਸੁੱਤਾ ਸੇਜ ਸੱਸੀ ਤੋਂ ਪੁੰਨੂੰ, ਕਦੇ ਬਲੋਚਾਂ ਚੁੱਕ ਖੜਿਆ ਸੀ,
ਹੁਣ ਤਾਂ ਆਪੇ ਤੁਰ ਜਾਂਦੇ ਨੇ ਯਾਰ, ਮੰਜੇ ਤੇ ਪਾ ਕੇ ਯਾਰ।

ਦਿਲ ਨਾਲ ਦਿਲ ਬਦਲਾ ਕੇ, ਫਿਰ ਵੀ ਬਦਲ ਗਏ ਦਿਲਵਰ ਜਾਨੀ
ਕਹਿੰਦੇ ਤੋੜ ਨਿਭਾ ਲੈਂਦੇ ਸੀ, ਪੱਗਾਂ ਨੂੰ ਬਦਲਾ ਕੇ ਯਾਰ।

ਯਾਰ ਦੀ ਖਾਤਰ ਮਰ ਜਾਵਣ ਦੀ, ਗੱਲ ਤਾਂ ਬਹੁਤ ਪੁਰਾਣੀ ਹੈ।
ਕੌਡੀਆਂ ਬਦਲੇ ਯਾਰ ਵੇਚ ਕੇ, ਬਹਿੰਦੇ ਚਸਕਾ ਲਾ ਕੇ ਯਾਰ।

ਕਾਜ਼ੀ ਨੂੰ ਵੀ ਉਜਾਂ ਲੱਗਣ, ਮਸਜ਼ਿਦ ਵਿੱਚ ਤੈਨੂੰ ਕਿਸ ਪੁੱਛਣੈ,
ਮਹਿਖ਼ਾਨੇ ਵਿੱਚ ਜਾ ਵੜ ਜਿੱਥੇ ਬੈਠੇ ਘੁੱਟ-ਘੁੱਟ ਲਾ ਕੇ ਯਾਰ।

•

سسی دی سیج

ستا سیج سسی توں پنوں، کدے بلوچاں چک کھڑیا سی،
ہن تاں آپے تر جاندے نے یار، منجے تے پا کے یار

دل نال دل بدلہ کے، پھر وی بدل گئے دلور جانی
کہندے توڑ نبھا لیندے سی، پگاں نوں بدلہ کے یار

یار دی خاطر مر جاون دی، گل تاں بہت پرانی ہے
کوڑیاں بدلے یار ویچ کے، بہندے چسکا لا کے یار

قاضی نوں وی اوجاں لگن، مسزد وچ تینوں کس پچھنے،
مہخانے وچ جا وڑ جتھے بیٹھے گھٹ گھٹ لا کے یار

ਬਾਂਕੀਆਂ ਨਾਰਾਂ

ਹੋਟਲਾਂ 'ਤੇ ਪੀਜ਼ਾ ਖਾਂਦੀਆਂ,
ਭੱਤੇ ਵਾਲੀਆਂ ਬਾਂਕੀਆਂ ਨਾਰਾਂ।
ਖੇਤਾਂ ਵਿੱਚ ਖੂਹ ਕੋਈ ਨਾ,
ਟਿੰਡਾਂ, ਚਕਲੇ, ਝੱਲਣ ਤੇ ਨਿਛਾਰਾਂ।

ਵੇ ਚਰਖੇ ਗਵਾਚ ਗਏ,
ਤੀਆਂ ਲੋਹੜੀਆਂ ਦੀ ਸਾਰ ਨਾ ਕੋਈ।
ਜੋ ਸਭ ਕੁੱਝ ਜਾਣਦੀਆਂ,
ਕਿਵੇਂ ਆਖੀਏ ਅੱਲੜ ਮੁਟਿਆਰਾਂ।

ਹੋਟਲਾਂ 'ਤੇ ਪੀਜ਼ਾ.....।

ਲੋਕ ਗੀਤ ਭਾਲਦੇ ਫਿਰਨ,
ਲੋਕੀਂ ਲੱਗਦੇ ਗੀਤਾਂ ਨਾਲ ਗੁੱਸੇ।
ਲੋਕ ਗੀਤਾਂ ਵਿੱਚ ਰਹਿ ਗਏ,
ਤੰਬੇ, ਘੱਗਰੇ, ਦੰਦਾਸੇ, ਖੁੱਸੇ।
ਪੱਗ ਵਟ ਕੋਈ ਨਾ ਰਿਹਾ,
ਖੂਨ ਆਪਣਾ ਵੀ ਰੰਗ ਵਟਾਵੇ।
ਵੇ ਭਾਲਿਆਂ ਲੱਭਣ ਕਿਤੋਂ,
ਹੁਣ ਹੁਸਨ ਦੀਆਂ ਸਰਕਾਰਾਂ।
ਹੋਟਲਾਂ 'ਤੇ ਪੀਜ਼ਾ.....।

بانکیاں ناراں

ہوٹلاں تے پیزا کھاندیاں،
بھتے والیاں بانکیاں ناراں
کھیتاں وچ کھوہ کوئی نہ،
ٹنڈاں، چکلے، جھلن تے نچھاراں

وے چرخے گواچ گئے،
تیاں لوہڑیاں دی سار نہ کوئی
جو سبھ کجھ جاندیاں،
کویں آکھیے الڑ مٹیاراں

ہوٹلاں تے پیزا.....

لوک گیت بھالدے پھرن،
لوکیں لگدے گیتاں نال غصے
لوک گیتاں وچ رہ گئے،
تمبے، گھگرے، دیندا سے، کھسے
پگ وٹ کوئی نہ رہا،
خون اپنا وی رنگ وٹاوے
وے بھالیاں لبھن کتوں،
ہن حسن دیاں سرکاراں
ہوٹلاں تے پیزا.....

ਸੁੱਕ ਗਈ ਝਨਾਂ ਹਾਰ ਕੇ,
ਪੰਜਾਂ ਪਾਣੀਆਂ ਨੂੰ ਸੰਗ ਜਿਹੀ ਆਵੇ।
ਪਾਣੀਆਂ ਤੋਂ ਬਾਂਝ ਨਦੀਆਂ,
ਕੋਈ ਕੰਢਾ ਨਾ ਪੱਤਣ ਅਖਵਾਵੇ।
ਕੱਚੇ-ਪੱਕੇ ਕੀ ਕਰਨੇ,
ਛਾਲਾਂ ਮਾਰਦੀ ਪਾਰ ਲੰਘ ਜਾਵੇ।
ਕੱਕਾ ਰੇਤਾ ਪਾਰ ਲੰਘ ਕੇ,
ਸੋਹਣੀ ਲੁੱਟਦੀ ਹੈ ਮੌਜ ਬਹਾਰਾਂ।

ਹੋਟਲਾਂ 'ਤੇ ਪੀਜਾ ਖਾਂਦੀਆਂ.....।

•

سک گئی جھناں ہار کے،
پنجاں پانیاں نوں سنگ جہی آوے
پانیاں توں بانجھ ندیاں،
کوئی کنڈھا نہ پتن اکھواوے
کچے پکے کیہ کرنے،
چھالاں ماردی پار لنگھ جاوے
ککا ریتا پار لنگھ کے،
سوہنی لٹدی ہے موج بہاراں

ہوٹلاں تے پیجا کھاندیاں.....

ਸੋਹਣਾ ਹੋਇਆ ਸੋਹਣੀਏ

ਚੰਗਾ ਹੋਇਆ ਸੱਸੀਏ! ਨੀ ਤੂੰ ਮਰ ਮੁੱਕੀ ਇੱਕ ਵਾਰ।
ਸੋਹਣਾ ਹੋਇਆ ਸੋਹਣੀਏ! ਤੂੰ ਡੁੱਬ ਗਈ ਅੱਧ ਵਿਚਕਾਰ।

ਤੇਰੀ ਦਰਦ ਕਹਾਣੀ ਸੁਣ ਕੇ ਤਰਸ ਕਿਸੇ ਨੂੰ ਆਇਆ
ਕਰੁਣਾਮਈ ਕਹਾਣੀ ਲਿਖ ਕੇ ਕਿੱਸਾ ਕਿਸੇ ਬਣਾਇਆ
ਮਰ ਕੇ ਇੱਕ ਮਿਸਾਲ ਬਣ ਗਈ ਹਰ ਕੋਈ ਬਾਤਾਂ ਪਾਵੇ
ਹਰ ਕੇ ਵੀ ਤੂੰ ਐਸੀ ਜਿੱਤੀ ਹਰ ਕੋਈ ਹਰਨਾ ਚਾਹਵੇ।

ਸਾਹਿਬਾਂ ਨੇ ਵੀ ਕੀ ਖੱਟਿਆ ਸੀ ਇੰਨੀ ਗੱਲ ਵਧਾ ਕੇ
ਆਪਣੇ ਭਾਈ ਬਚਾਉਂਦੀ, ਬਹਿ ਗਈ ਆਪਣਾ ਯਾਰ ਮਰਾ ਕੇ
ਸਾਹਿਬਾਂ ਵੀ ਪਹਿਲਾਂ ਮਰ ਜਾਂਦੀ, ਕੁੱਝ ਪੀ ਕੇ ਕੁੱਝ ਖਾ ਕੇ
ਲੱਗੀ ਕਰਨ ਬਗਾਵਤ, ਬਹਿ ਗਈ ਤਾਣੀ ਨੂੰ ਉਲਝਾ ਕੇ।

ਉੱਪਰੋਂ ਤਾਂ ਫੁੱਲ ਦਿਸਦੇ ਸੀ ਪਰ ਵਿੱਚੋਂ ਨਿੱਕਲੇ ਖ਼ਾਰ।

ਚੰਗਾ ਹੋਇਆ ਸੱਸੀਏ! ਨੀ ਤੂੰ ਮਰ ਮੁੱਕੀ ਇੱਕ ਵਾਰ।
ਸੋਹਣਾ ਹੋਇਆ ਸੋਹਣੀਏ'! ਤੂੰ ਡੁੱਬੀ ਅੱਧ ਵਿਚਕਾਰ।

ਜੇ ਨਾ ਮਰਦੀ ਹੀਰੇ! ਤੈਨੂੰ, ਖੇੜੀਂ ਰਹਿਣਾ ਪੈਣਾ ਸੀ
ਜੇ ਨਾ ਸੜਦੀ ਸੱਸੀਏ! ਤੈਨੂੰ ਧੋਬੀ ਦੀ ਧੀ ਕਹਿਣਾ ਸੀ
ਸਹਿਬਾਂ ਵਾਂਗੂੰ ਮਰਜ਼ੀ ਕਰਕੇ ਦੱਸ ਤੂੰ ਕੀ ਖੱਟ ਲੈਣਾ ਸੀ
ਮੰਨਦੀ ਜਾਂ ਨਾ ਮੰਨਦੀ ਤੈਨੂੰ ਸਭ ਕੁੱਝ ਸਹਿਣਾ ਪੈਣਾ ਸੀ।

ਜੇ ਤੂੰ ਜਿਉਂਦੀ ਰਹਿੰਦੀ ਰੋਂਦੀ ਫਿਰਦੀ ਜ਼ਾਰੋ-ਜ਼ਾਰ।

ਚੰਗਾ ਹੋਇਆ ਸੱਸੀਏ! ਨੀ ਤੂੰ ਮਰ ਮੁੱਕੀ ਇੱਕ ਵਾਰ,
ਸੋਹਣਾ ਹੋਇਆ ਸੋਹਣੀਏ! ਤੂੰ ਡੁੱਬੀ ਅੱਧ ਵਿਚਕਾਰ।

•

سوہنا ہویا سوہنیے

چنگا ہویا سسیے! نی توں مر مکی اک وار
سوہنا ہویا سوہنیے! توں ڈب گئی ادھ وچکار

تیری درد کہانی سن کے ترس کسے نوں آیا
کرنامئی کہانی لکھ کے قصہ کسے بنایا
مر کے اک مثال بن گئی ہر کوئی باتاں پاوے
ہر کے وی توں ایسی جتی ہر کوئی ہرنا چاہوے

صاحباں نے وی کیہ کھٹیا سی انی گل ودھا کے
اپنے بھائی بچاؤندی، بہہ گئی اپنا یار مرا کے
صاحباں وی پہلاں مر جاندی، کجھ پی کے کجھ کھا کے
لگی کرن بغاوت، بہہ گئی تانی نوں الجھا کے

اپروں تاں پھل دسدے سی پر وچوں نکلے خار
چنگا ہویا سسیے! نی توں مر مکی اک وار
سوہنا ہویا سوہنیئیں! توں ڈبی ادھ وچکار
جے نہ مردی ہیرے! تینوں، کھیڑیں رہنا پینا سی
جے نہ سڑدی سسیے! تینوں دھوبی دی دھی کہنا سی
صاحباں وانگوں مرضی کرکے دس توں کیہ کھٹ لینا سی
مندی جاں نہ مندی تینوں سبھ کجھ سہنا پینا سی
جے توں جیوندی رہندی روندی پھردی زارو زارو

چنگا ہویا سسیے! نی توں مر مکی اک وار،
سوہنا ہویا سوہنیے! توں ڈبی ادھ وچکار

ਕਣੀਆਂ ਦਾ ਗੀਤ

ਜੇ ਕਣੀਆਂ ਪੈਣ ਕਿਤੇ
ਸਾਡਾ ਭਿੱਜਣ ਨੂੰ ਚਿੱਤ ਕਰਦਾ
ਜੇ ਕਣੀਆਂ ਪੈਣ ਕਿਤੇ.....।

ਸੁੱਕੇ ਅੰਬਰ ਉਮਰ ਬਿਤਾਈ, ਕਦੇ ਨਾ ਰੱਬ ਨੇ ਸ਼ਹਿਬਰ ਲਾਈ।
ਬੂੰਦ-ਬੂੰਦ ਦੀ ਰੂਹ ਤ੍ਰਿਹਾਈ, ਸੀਤਲ ਹਵਾ ਕਦੇ ਨਾ ਆਈ।
ਐਸੀ ਗੱਲ ਨਾ ਕਿਸੇ ਸੁਣਾਈ, ਜਿਸਨੇ ਠੰਡ ਕਲੇਜੇ ਪਾਈ।
ਮੌਜਾਂ ਲੈਂਦੀ ਫਿਰੇ ਲੋਕਾਈ, ਸਾਡੀ ਕਿਉਂ ਵਾਰੀ ਨਾ ਆਈ।

ਮਾਰੂਥਲ ਜੀਵਨ ਦੀ ਧਰਤੀ, ਸੋਕਾ ਉਮਰਾਂ ਭਰ ਦਾ,
ਜੇ ਕਣੀਆਂ ਪੈਣ ਕਿਤੇ.....।

ਐਵੇਂ ਰੋ-ਰੋ ਵਕਤ ਲੰਘਾਇਆ, ਰੋਗ ਜਿਹਾ ਜੀਵਨ ਨੂੰ ਲਾਇਆ।
ਕਦੇ ਨਾ ਚੱਜ ਦਾ ਸੁਪਨਾ ਆਇਆ, ਕਦੇ ਨਾ ਆਪਣਾ ਚਿੱਤ ਪ੍ਰਚਾਇਆ।
ਜੇਠ, ਹਾੜ੍ਹ ਅਸੀਂ ਜੀਵਨ ਪਾਇਆ, ਜੀਕਣ ਹੰਢਿਆ ਓਵੇਂ ਹੰਢਾਇਆ।
ਹੁਣ ਤੱਕ ਕਿਸੇ ਨਾ ਬੰਜਰ ਵਾਹਿਆ, ਨਾ ਸਿੰਜਿਆ ਨਾ ਬੂਟਾ ਲਾਇਆ।

ਸਾਰੀ ਉਮਰ ਹੰਢਾ ਕੇ ਗਰਮੀ, ਸੁੱਨੜ ਦਾ ਨਹੀਂ ਸਰਦਾ,
ਜੇ ਕਣੀਆਂ ਪੈਣ ਕਿਤੇ.....।

ਆਵੇ ਵੇ ਕੋਈ ਓਲੀਆ ਆਵੇ, ਸਾਡਾ ਹੀ ਹੋ ਕੇ ਰਹਿ ਜਾਵੇ।
ਰੀਝ ਨਾਲ ਧਰਤੀ ਨੂੰ ਵਾਹਵੇ, ਮਾਰੂ ਨੂੰ ਜ਼ਰਖੇਜ਼ ਬਣਾਵੇ।
ਵਾਰ-ਵਾਰ ਜੋ ਸੀਆਂ ਲਾਵੇ, ਵੱਟਾਂ ਕੱਢ, ਕਿਆਰੇ ਪਾਵੇ।
ਜੇ ਕੁੜਤੀ ਭੀਤੀ ਹੋ ਜਾਵੇ, ਆਪਣੇ ਹੱਥੀਂ ਨਵੀਂ ਸੰਵਾਵੇ।

ਤਾਪ-ਤਪਸ਼ ਨੂੰ ਬੜਾ ਸਹਿ ਲਿਆ, ਹੋਰ ਨਹੀਂ ਦਿਲ ਜਰਦਾ
ਜੇ ਕਣੀਆਂ ਪੈਣ ਕਿਤੇ.....।

•

کنیاں دا گیت

جے کنیاں پین کتے
ساڈا بھجن نوں چت کردا
جے کنیاں پین کتے.....
سکے امبر عمر بتائی، کدے نہ رب نے شہبر لائی
بوند بوند دی روح ترہائی، سیتل ہوا کدے نہ آئی
ایسی گل نہ کسے سنائی، جسنے ٹھنڈ کلیجے پائی
موجاں لیندی پھرے لوکائی، ساڈی کیوں واری نہ آئی

ماروتھل جیون دی دھرتی، سوکا عمراں بھر دا،
جے کنیاں پین کتے.....

ایویں رو رو وقت لنگھایا، روگ جیہا جیون نوں لایا
کدے نہ چج دا سپنا آیا، کدے نہ اپنا چت پرچایا
جیٹھ، ہاڑھ اسیں جیون پایا، جیکن ہنڈھیا اوویں ہنڈھایا
ہن تک کسے نہ بنجر واہیا، نہ سنجیا نہ بوٹا لایا
ساری عمر ہنڈھا کے گرمی، سنڑ دا نہیں سردا،
جے کنیاں پین کتے.....

آوے وے کوئی اولیا آوے، ساڈا ہی ہو کے رہ جاوے
ریجھ نال دھرتی نوں واہوے، مارو نوں زرخیز بناوے
وار وار جو سیاں لاوے، وٹاں کڈھ، کیارے پاوے
جے کڑتی بھیڑی ہو جاوے، اپنے ہتھیں نویں سنواوے
تاپ تپش نوں بڑا سہِ لیا، ہور نہیں دل زردہ
جے کنیاں پین کتے.....

ਜੁਗਨੀ

ਮੋਮਾਂ ਵਿੱਚ ਉੱਠਦੀ ਬਹਿੰਦੀ ਆ
ਅਜੇ ਨਾਂ ਸਤਿਗੁਰ ਦਾ ਲੈਂਦੀ ਆ
ਖ਼ੁਦ ਨੂੰ ਪੰਜਾਬਣ ਕਹਿੰਦੀ ਆ।

ਪਰ ਗੁੱਤ ਪਰਾਂਦੇ ਲਾਹ ਦਿੱਤੇ
ਵਾਲਾਂ ਦੇ ਪਟੇ ਕਰਾ ਦਿੱਤੇ
ਚੁੰਨੀ ਦੇ ਖਰਚ ਘਟਾ ਦਿੱਤੇ
ਅੱਧਿਓਂ ਵੱਧ ਕੱਪੜੇ ਲਾਹ ਦਿੱਤੇ।

ਹੁਣ ਬੋਲ ਮੱਖਣਾ ਵੇ! ਤੇਰੀ ਜੁਗਨੀ,
ਆ ਕੇ ਟੋਲ੍ਹ ਮੱਖਣਾ ਵੇ! ਤੇਰੀ ਜੁਗਨੀ।

ਹਰ ਰੋਜ਼ ਕੰਮ 'ਤੇ ਜਾਂਦੀ ਆ
ਉਹ ਆਪਣੀ ਕਾਰ ਚਲਾਉਂਦੀ ਆ
ਪੈਸੇ ਬੜੇ ਕਮਾਉਂਦੀ ਆ
ਪੈਗ-ਸੈਗ ਵੀ ਉਹ ਤਾਂ ਲਾਉਂਦੀ ਆ।

ਵੈਸੇ ਉਹ ਪੂਰੀ ਫਬਦੀ ਆ
ਮੋਮਾਂ ਵਰਗੀ ਲੱਗਦੀ ਆ
ਰੰਗ ਗੋਰਾ ਦਗ-ਦਗ ਦਗਦੀ ਆ
ਨਿੱਤ ਵੱਖਰੇ ਖਾਣੇ ਲੱਭਦੀ ਆ।

ਗੱਲ ਕਰ ਸੁੱਨਤਾ ਵੇ! ਤੇਰੀ ਜੁਗਨੀ,
ਜਾਂ ਫਿਰ ਜਰ ਸੁੱਨਤਾ ਵੇ! ਤੇਰੀ ਜੁਗਨੀ।

•

جگنی

میماں وچ اٹھدی بہندی آ
اجے ناں ستگور دا لیندی آ
خود نوں پنجابن کہندی آ

پر گت پراندے لاہ دتے
والاں دے پٹے کرا دتے
چنی دے خرچ گھٹا دتے
ادھیوں ودھ کپڑے لاہ دتے

بن بول مکھنا وے! تیری جگنی،
آ کے ٹولھ مکھنا وے! تیری جگنی

ہر روز کم تے جاندی آ
اوہ اپنی کار چلاؤندی آ
پیسے بڑے کماؤندی آ
پیگ شیگ وی اوہ تاں لاوندی آ

ویسے اوہ پوری پھبدی آ
میماں ورگی لگدی آ
رنگ گورا دگ دگ دگدی آ
نت وکھرے کھانے لبھدی آ

گل کر سنڑا وے! تیری جگنی،
جاں پھر جر سنڑا وے! تیری جگنی

ਜਿੰਦੂਆ

ਇੱਕ ਇੰਦੂਆ ਤੇ ਇੱਕ ਜਿੰਦੂਆ ਇੱਕ ਦੂਜੇ ਦੇ ਯਾਰ,
ਉੱਠਦੇ-ਬੈਠਦੇ 'ਕੱਠਿਆਂ, ਨਾਲ ਪਿਆਰ ਸਤਿਕਾਰ।

ਇੰਦੂਆ ਪੁੱਤ ਵਿਦਵਾਨ ਦਾ ਤੇ ਮੈਂ ਜੱਟ ਦੀ ਧੀ,
ਇੰਦੂਏ ਨੇ ਬੋਲੀ ਇੰਗਲਿਸ਼ ਤੇ ਮੈਂ ਨਾ ਸਮਝ ਸਕੀ।

ਜਿੰਦੂਏ ਨੇ ਕੀਤੀ ਗਿਟਮਿਟ ਤੇ ਮੈਂ ਸਮਝ ਗਈ.....।

ਮੈਂ ਤੇ ਕਦੇ ਨਾ ਲਾਵਾਂ ਇੰਦੂਏ ਨਾਲ,
ਨੀ ਮੈਂ ਨੱਠ-ਨੱਠ ਜਾਵਾਂ ਜਿੰਦੂਏ ਨਾਲ।

ਚੱਲ ਜਿੰਦੂਆਂ ਵੇ! ਉਸ ਪਾਰ ਚੱਲੀਏ ਜਿੱਥੇ ਲੱਗਣ ਅਨਾਰ,
ਤੂੰ ਤੋੜੀਂ ਤੇ ਵੇਚਸਾਂ ਇੱਕ ਡਾਲਰ ਦੇ ਚਾਰ।
ਜਿੰਦੂਆ ਵੇ ਤੂੰ ਜਿੰਦ ਮੇਰੀ ਹੋਇਆ, ਤੇਰੇ ਨਾਲ ਪਿਆਰ,
ਜਿਸ ਬਾਗ਼ 'ਚ ਤੂੰ ਮੇਰੇ ਨਾਲ ਹੈਂ ਉੱਥੇ ਵੱਖਰੀ ਬਹਾਰ।

ਨੀ ਮੈਂ ਕਦੇ ਨਾ ਮਰਦੀ ਇੰਦੂਏ ਨਾਲ,
ਨੀ ਮੈਂ ਮਰ-ਮਰ ਜਾਵਾਂ ਜਿੰਦੂਏ ਨਾਲ।

ਜਿੱਥੇ ਚੱਲੇਂਗਾ, ਚੱਲੂਗੀਂ ਨਾਲ ਤੇਰੇ ਬਣ ਗਲ੍ਹੇ ਦਾ ਹਾਰ,
ਮੈਂ ਤੇ ਦਿਲ ਨਾਲ ਲਾ ਕੇ ਰੱਖਣਾ ਆਪਣਾ ਦਿਲਦਾਰ।
ਨੀ ਮੈਨੂੰ ਜਿੰਦੂਆ ਜਾਨ ਤੋਂ ਪਿਆਰਾ ਮੈਂ ਉਸਦੀ ਨਾਰ,
ਨੀ ਮੈਂ ਜਿੰਦੂਏ ਦੇ ਬਦਲੇ ਛੱਡ ਦਿਆਂ ਸੰਸਾਰ।

ਮੇਰੀ ਦਾਲ ਨਾ ਗਲਦੀ ਇੰਦੂਏ ਨਾਲ,
ਨੀ ਮੈਂ ਘੁਲ-ਘੁਲ ਜਾਵਾਂ ਜਿੰਦੂਏ ਨਾਲ।

جندوآ

اک اندوآ تے اک جندوآ اک دوجے دے یار،
اٹھدے بیٹھدے 'کٹھیاں، نال پیار ستکار

اندوآ پت ودوان دا تے میں جٹ دی دھی،
اندوئے نے بولی انگلش تے میں نہ سمجھ سکی

جندوئے نے کیتی گٹمٹ تے میں سمجھ گئی.....
میں تے کدے نہ لاواں اندوئے نال،
نی میں نٹھ نٹھ جاواں جندوئے نال

چل جندوآں وے! اس پار چلیے جتھے لگن انار،
توں توڑیں تے ویچساں اک ڈالر دے چار
جندوآ وے توں جند میری ہویا، تیرے نال پیار،
جس باغ 'چ توں میرے نال ہیں اتھے وکھری بہار

نی میں کدے نہ مردی اندوئے نال،
نی میں مر مر جاواں جندوئے نال

جتھے چلینگا، چلوگیں نال تیرے بن گلھے دا ہار،
میں تے دل نال لا کے رکھنا اپنا دلدار
نی مینوں جندوآ جان توں پیارا میں اسدی نعر،
نی میں جندوئے دے بدلے چھڈ دیاں سنسار

میری دال نہ گلدی اندوئے نال،
نی میں گھل گھل جاواں جندوئے نال

ਇੱਕ ਇੰਦੂਆ ਤੇ ਇੱਕ ਜਿੰਦੂਆ ਇੱਕ ਦੂਜੇ ਦੇ ਯਾਰ,
ਉੱਠਦੇ-ਬੈਠਦੇ 'ਕੱਠਿਆਂ, ਨਾਲ ਪਿਆਰ ਸਤਿਕਾਰ।

ਇੰਦੂਆ ਪੁੱਤ ਵਿਦਵਾਨ ਦਾ ਤੇ ਮੈਂ ਜੱਟ ਦੀ ਧੀ,
ਇੰਦੂਏ ਨੇ ਬੋਲੀ ਇੰਗਲਿਸ਼ ਤੇ ਮੈਂ ਨਾ ਸਮਝ ਸਕੀ।

ਜਿੰਦੂਏ ਨੇ ਕੀਤੀ ਗਿਟਮਿਟ ਤੇ ਮੈਂ ਸਮਝ ਗਈ.....।

ਮੈਂ ਤੇ ਕਦੇ ਨਾ ਲਾਵਾਂ ਇੰਦੂਏ ਨਾਲ,
ਨੀ ਮੈਂ ਨੱਠ-ਨੱਠ ਜਾਵਾਂ ਜਿੰਦੂਏ ਨਾਲ।

ਨੀ ਮੈਂ ਕਦੇ ਨਾ ਮਰਦੀ ਇੰਦੂਏ ਨਾਲ,
ਨੀ ਮੈਂ ਮਰ-ਮਰ ਜਾਵਾਂ ਜਿੰਦੂਏ ਨਾਲ।

ਮੇਰੀ ਦਾਲ ਨਾ ਗਲਦੀ ਇੰਦੂਏ ਨਾਲ,
ਨੀ ਮੈਂ ਘੁਲ-ਘੁਲ ਜਾਵਾਂ ਜਿੰਦੂਏ ਨਾਲ।

•

اک اندوآ تے اک جندوآ اک دوجے دے یار،
اٹھدے بیٹھدے 'کٹھیاں، نال پیار ستکار

اندوآ پت ودوان دا تے میں جٹ دی دھی،
اندوئے نے بولی انگلش تے میں نہ سمجھ سکی

جندوئے نے کیتی گٹمٹ تے میں سمجھ گئی.....

میں تے کدے نہ لاواں اندوئے نال،
نی میں نٹھ نٹھ جاواں جندوئے نال

نی میں کدے نہ مردی اندوئے نال،
نی میں مر مر جاواں جندوئے نال

میری دال نہ گلدی اندوئے نال،
نی میں گھل گھل جاواں جندوئے نال

ਢੋਲਾ

ਢੋਲਾ! ਕਿਉਂ ਢੋਲ ਵਜਾਉਂਦਾ ਏਂ, ਅਣਸੁਣਿਆਂ ਤਾਈਂ ਸੁਣਾਉਂਦਾ ਏਂ।
ਆਪਣਾ ਝੰਗਾ ਚੁੱਕ ਕੇ ਕਿਉਂ, ਆਪਣਾ ਹੀ ਢਿੱਡ ਵਿਖਉਂਦਾ ਏਂ।

ਮੇਰਾ ਕਿਉਂ ਰੌਲਾ ਪਾਉਂਨਾ ਏਂ, ਤੂੰ ਵੀ ਪੈਗ ਸ਼ਾਮ ਨੂੰ ਲਾਉਂਨਾ ਏਂ।
ਦੁਨੀਆ ਵਿੱਚ ਮੈਨੂੰ ਭੰਡ ਕੇ ਕਿਉਂ, ਦੱਸ! ਐਵੇਂ ਗੱਲ ਵਧਾਉਂਦਾ ਏਂ।

ਸਾਰਾ ਦਿਨ ਮੈਂ ਕੰਮ 'ਤੇ ਲਾਵਾਂ, ਦੱਸ! ਫੁਲਕਾ ਕਿਸ ਵੇਲੇ ਲਾਹਵਾਂ।
ਫਿਰ ਕੀ ਹੋਇਆ ਜੇ ਦਸ-ਵੀਹ ਡਾਲਰ ਮੈਂ ਆਪਣੇ ਢਿੱਡ ਵਿੱਚ ਪਾਵਾਂ।

ਤੂੰ ਵੀ ਸਬਜ਼ੀ ਆਪ ਬਣਾ ਸਕਦੈਂ, ਤੁੜਕਾ-ਫੁੜਕਾ ਵੀ ਲਾ ਸਕਦੈਂ।
ਸੱਸ ਵਿਹਲੀ ਰਹਿੰਦੀ ਸਾਰਾ ਦਿਨ, ਮਾਂ ਕੋਲੋਂ ਕੁੱਝ ਬਣਵਾ ਸਕਦੈਂ।

ਜੇ ਹੋਰ ਨਹੀਂ ਕੁੱਝ ਤਾਂ ਢਕਿਆ ਰਹਿ, ਜੋ ਮਰਜ਼ੀ ਕਰ ਮੈਨੂੰ ਨਾ ਕਹਿ।
ਨਿੱਤ ਮੇਰੀਆਂ ਪੱਕੀਆਂ ਖਾਣ ਲਈ, ਐਵੇਂ ਨਾ ਚੌੜਾ ਹੋ-ਹੋ ਬਹਿ।

ਨਹੀਂ ਤਾਂ ਜਾ! ਖਸਮਾਂ ਨੂੰ ਖਾ!! ਕੋਈ ਮੈਥੋਂ ਵਧੀਆਂ ਲੱਭ ਲਿਆ।
ਤੜਕੇ ਉਠ ਕੇ ਕੰਮ 'ਤੇ ਜਾਣਾ, ਸੌਂ ਲੈਣ ਦੇ ਮੇਰਾ ਸਿਰ ਨਾ ਖਾ।

ਕਿਉਂ ਮੇਰਾ ਮੂੰਹ ਖੁਲ੍ਹਵਾਉਂਦਾ ਏਂ, ਦੱਸ! ਹੁਣ ਕੀ ਮੈਥੋਂ ਚਾਹੁੰਦਾ ਏਂ।
ਢੋਲਾ! ਕਿਉਂ ਢੋਲ ਵਜਾਉਂਦਾ ਏਂ, ਅਣਸੁਣਿਆ ਤਾਈਂ ਸੁਣਾਉਂਦਾ ਏਂ।

•

ڈھولا

ڈھولا! کیوں ڈھول وجاؤندا ایں، انسنیاں تائیں سناؤندا ایں
اپنا جھگا چک کے کیوں، اپنا ہی ڈھڈ وکھؤندا ایں

میرا کیوں رولا پاؤنا ایں، توں وی پیگ شام نوں لاؤنا ایں
دنیا وچ مینوں بھنڈ کے کیوں، دس! ایویں گل ودھاؤندا ایں

سارا دن میں کم تے لاواں، دس! پھلکا کس ویلے لاہواں
پھر کیہ ہویا جے دس ویہہ ڈالر میں اپنے ڈھڈ وچ پاواں

توں وی سبزی آپ بنا سکدیں، تڑکا چھڑکا وی لا سکدیں
سس وہلی رہندی سارا دن، ماں کولوں کجھ بنوا سکدیں

جے ہور نہیں کجھ تاں ڈھکیا رہ، جو مرضی کر مینوں نہ کہہ
نت میریاں پکیاں کھان لئی، ایویں نہ چوڑا ہو ہو بہہ

نہیں تاں جا! خصماں نوں کھا!! کوئی میتھوں ودھیاں لبھ لیا
تڑکے اٹھ کے کم تے جانا، سوں لین دے میرا سر نہ کھا

کیوں میرا مُونہہ کھلھواؤندا ایں، دس! ہن کیہ میتھوں چاہندا ایں
ڈھولا! کیوں ڈھول وجاؤندا ایں، ان سُنیا تائیں سناؤندا ایں

ਮਾਹੀਆ

ਜਿੰਦ ਤੇਰੇ ਨਾਂ ਮਾਹੀਆ
ਵੇ ਲੋਕਾਂ ਨਾਲ ਲੱਖ ਰਿਸ਼ਤੇ
ਤੇਰੀ ਵੱਖਰੀ ਹੀ ਥਾਂ ਮਾਹੀਆ.....।

ਸਾਡਾ ਭੁੱਲ ਗਿਓਂ ਨਾਂ ਮਾਹੀਆਂ
ਵੇ ਹੋਂਠ ਸਾਡੇ ਕੰਬਦੇ ਰਹੇ
ਪੁੱਛ ਹੋਇਆ ਨਾ ਗੁਨਾਹ ਮਾਹੀਆ.....।

ਪਿੱਪਲੀ ਦੀ ਛਾਂ ਮਾਹੀਆਂ
ਸਿਖ਼ਰ ਦੁਪਹਿਰ ਉਮਰੇਂ
ਦੇਈਂ ਮਾਸਾ ਜਿਹੀ ਥਾਂ ਮਾਹੀਆਂ.....।

ਨਾ ਤੱਕਿਆ ਪਿਛਾਂਹ ਮਾਹੀਆ
ਥਲਾਂ ਵਿੱਚ ਰੁਲਦੇ ਰਹੇ
ਤੇਰਾ ਲੱਭਦੇ ਗਰਾਂ ਮਾਹੀਆਂ.....।

ਸਾਡਾ ਦੀਨ-ਇਮਾਂ ਮਾਹੀਆ
ਵੇ ਦਿਲ ਵਿੱਚ ਰੱਬ ਵਸਦਾ
ਕਿਵੇਂ ਕਰੀਏ ਬਿਆਂ ਮਾਹੀਆ.....।

ਤੇਰੇ ਸਦਕੇ ਜਾਂ ਮਾਹੀਆ
ਵੇ ਰੱਜ-ਰੱਜ ਦੇਖਣ ਦਾ
ਕਦੇ ਪਿਆ ਨਾ ਹਿਆਂ ਮਾਹੀਆ.....।

ماہیا

جند تیرے ناں ماہیا
وے لوکاں نال لکھ رشتے
تیری وکھری ہی تھاں ماہیا.....

ساڈا بھل گؤں ناں ماہیاں
وے ہونٹھ ساڈے کمبدے رہے
پچھ ہویا نہ گناہ ماہیا.....

پپلی دی چھاں ماہیاں
سخر دوپہر امریں
دیئیں ماسہ جہی تھاں ماہیاں.....

نہ تکیا پچھانہ ماہیا
تھلاں وچ رلدے رہے
تیرا لبھدے گراں ماہیاں.....

ساڈا دین اماں ماہیا
وے دل وچ رب وسدا
کویں کریے بیاں ماہیا.....

تیرے صدقے جاں ماہیا
وے رج رج دیکھن دا
کدے پیا نہ ہیاں ماہیا.....

لیا محل بنا ماہیا
وے عرباں کھرباں دی
تیری نکی جہی ہاں ماہیا.....

چت کردا لڑاں ماہیا
وے روم روم ترس گئے
کدے پکڑی نہ بانہہ ماہیا.....

عشقے دا نشاں ماہیا
وے دوہیں کنڈھیں توں دسدا
بھاویں سک جے جھنھاں ماہیا.....

ਲਿਆ ਮਹਿਲ ਬਣਾ ਮਾਹੀਆ
ਵੇ ਅਰਬਾਂ-ਖਰਬਾਂ ਦੀ
ਤੇਰੀ ਨਿੱਕੀ ਜਿਹੀ ਹਾਂ ਮਾਹੀਆ.....।
ਚਿੱਤ ਕਰਦਾ ਲੜਾਂ ਮਾਹੀਆ
ਵੇ ਰੋਮ-ਰੋਮ ਤਰਸ ਗਏ
ਕਦੇ ਪਕੜੀ ਨਾ ਬਾਂਹ ਮਾਹੀਆ.....।

ਇਸ਼ਕੇ ਦਾ ਨਿਸ਼ਾਂ ਮਾਹੀਆ
ਵੇ ਦੋਹੀਂ ਕੰਢੀਂ ਤੂੰ ਦਿਸਦਾ
ਭਾਵੇਂ ਸੁੱਕ ਜੇ ਝਨ੍ਹਾਂ ਮਾਹੀਆ.....।

•

ਤੇਰਾ ਕਰਜ਼ ਚੁਕਾਵਾਂਗੇ....

ਦਿਲ ਸੇਜ ਵਿਛਾਵਾਂਗੇ
ਜੇ ਸੁਪਨੇ 'ਚ ਤੂੰ ਮਿਲਿਆ

ਰੱਜ-ਰੱਜ ਕੇ ਹੰਢਾਵਾਂਗੇ।

ਤੈਨੂੰ ਪਲ ਪਲ ਚਾਹਵਾਂਗੇ
ਵੇ ਹੋਰ ਨਾ ਸਤਾਈਂ ਸੋਹਣਿਆ

ਸਤ ਕੇ ਮਰ ਜਾਵਾਂਗੇ।

ਜੇ ਨਜ਼ਰ ਮਿਲਾਵਾਂਗੇ
ਵੇ ਗਿਰਵੀ ਜਿੰਦ ਧਰ ਕੇ

ਤੇਰਾ ਕਰਜ਼ ਚੁਕਾਵਾਂਗੇ।

ਤੇਰੇ ਪਿੱਛੇ-ਪਿੱਛੇ ਆਵਾਂਗੇ
ਵੇ ਧੂੜ ਤੇਰੇ ਕਦਮਾਂ ਦੀ

ਮਸਤਕ 'ਤੇ ਲਾਵਾਂਗੇ।

ਤੈਨੂੰ ਇਸ਼ਟ ਬਣਾਵਾਂਗੇ
ਵੇ ਰੱਬ ਨੂੰ ਤਾਂ ਸਭ ਪੂਜਦੇ

تیرا قرض چُکاواں گے....

دل سیز وچھاواں گے
جے سپنے 'چ توں ملیا

رج رج کے ہنڈھاواں گے

تینوں پل پل چاہواں گے
وے ہور نہ ستائیں سوہنیا

ست کے مر جاواں گے

جے نظر ملاواں گے
وے گروی جند دھر کے

تیرا قرض چکاواں گے

تیرے پچھے پچھے آواں گے
وے دھوڑ تیرے قدماں دی

مستک تے لاواں گے

تینوں اشٹ بناواں گے
وے رب نوں تاں سبھ پوجدے

ਤੇਰਾ ਨਾਮ ਧਿਆਵਾਂਗੇ।

ਅਸੀਂ ਈਦ ਮਨਾਵਾਂਗੇ
ਜੇ ਪਲ-ਛਿਣ ਨਜ਼ਰ ਪਵੇਂ

ਲੱਖ ਸ਼ੁਕਰ ਮਨਾਵਾਂਗੇ।

ਸਾਰੇ ਭਿੱਜ ਜਾਵਾਂਗੇ
ਵੇ ਅੰਮ੍ਰਿਤ ਜਲ ਤੇਰਾ

ਵਿੱਚ ਟੁੱਭੀਆਂ ਲਾਵਾਂਗੇ।

ਅਸੀਂ ਦੀਪ ਜਲਾਵਾਂਗੇ
ਵੇ ਸਾਡੀ ਗਲੀ ਲੰਘ ਮਾਹੀਆ

ਅਸੀਂ ਸ਼ਗਨ ਮਨਾਵਾਂਗੇ।

ਸੀਨੇ ਨਾਲ ਲਾਵਾਂਗੇ
ਵੇ ਰੁੱਸ-ਰੁੱਸ ਬੈਠਦਾ ਰਹੀਂ

ਹਰ ਵਾਰ ਮਨਾਵਾਂਗੇ।

•

تیرا نام دھیاواں گے

اسیں عید مناواں گے
جے پل چھن نظر پویں
ل
کھ شکر مناوانگے
سارے بھج جاوانگے

وے امرت جل تیرا
وچ ٹبھیاں لاوانگے

اسیں دیپ جلاوانگے

وے ساڈی گلی لنگھ ماہیا
اسیں شگن مناوانگے

سینے نال لاوانگے
وے رس رس بیٹھدا رہیں

ہر وار مناوانگے

ਸਿਹਰਾ

ਅਮਨਬੀਰ ਸਿੰਘ ਜਦੋਂ ਵਿਆਹੁਣ ਤੁਰਿਆ,
ਸਾਰੇ ਬਾਗ਼ ਦੇ ਫੁੱਲ ਮੁਸਕਾਉਣ ਲੱਗੇ।
ਲੱਗੀ ਤੁਰਨ ਕੁਲਵੀਰ ਦੀ ਕੁੱਲ ਅੱਗੇ,
ਯਾਰ ਅਮਰਿੰਦਰ ਦੇ ਭੰਗੜਾ ਪਾਉਣ ਲੱਗੇ।

.....

ਸਭੇ ਮੋਹਣੀਆਂ, ਸੋਹਣੀਆਂ ਨੱਚ ਉੱਠੀਆਂ,
ਤੇਰਾ ਦੇਖ ਕੇ ਬੇਨਜ਼ੀਰ ਸਿਹਰਾ।
ਸੱਚ ਆਖਾਂ ਤਾਂ ਰਾਂਝੇ ਨੂੰ ਭੁੱਲ ਜਾਂਦੀ,
ਜੇਕਰ ਵੇਖ ਲੈਂਦੀ ਜੱਟੀ ਹੀਰ ਸਿਹਰਾ।

ਬੜੀਆਂ ਸੂਰਤਾਂ ਵੇਖੀਆਂ ਸਿਹਰਿਆਂ ਵਿੱਚ,
ਅੱਜ ਵੱਖਰੀ ਵੇਖੀ ਤਸਵੀਰ ਸਿਹਰਾ।
ਅੱਜ ਤੋਂ ਲਤ ਲੱਗੀ ਅਵਨੀਤ ਤੇਰੇ,
ਬਦਲ ਦੇਵੇਗਾ ਉਸਦੀ ਤਕਦੀਰ ਸਿਹਰਾ।

'ਮੈਂ' ਕਹਿੰਦਿਆਂ ਉਮਰ ਬਿਤਾਈ ਹੁਣ ਤਕ,
'ਅਸੀਂ' ਕਹਿਣ ਦੀ ਜਾਚ ਸਿਖਾਊ ਸਿਹਰਾ।
ਉੱਡਿਆ ਫਿਰਦਾ ਸੀ ਵਿੱਚ ਆਸਮਾਨ ਅੱਜ ਤੱਕ,
ਜੂੜ ਪਾ ਕੇ ਕੋਲ ਬਿਠਾਊ ਸਿਹਰਾ।

ਅੱਧੀ-ਅੱਧੀ ਰਾਤੀਂ ਘਰ ਨੂੰ ਪਰਤਦਾ ਸੈਂ,
ਸੂਰਜ ਡੁੱਬਦਿਆਂ ਘਰ ਲਿਆਊ ਸਿਹਰਾ।
ਮਰਜ਼ੀ ਬਹੁਤ ਚਲਾ ਕੇ ਵੇਖ ਲਈ ਤੂੰ, '
ਕੱਲੀ-'ਕੱਲੀ ਸ਼ਰਤ ਮਨਵਾਊ ਸਿਹਰਾ।

سہرا

امنبیر سنگھ جدوں ویاہن تریا،
سارے باغ دے پھل مسکاؤن لگے
لگی ترن کلویر دی کل اگے،
یار امریندر دے بھنگڑا پاؤن لگے

سبھے موہنیاں، سوہنیاں نچ اٹھیاں،
تیرا دیکھ کے بے نظیر سہرا
سچ آکھاں تاں رانجھے نوں بھل جاندی،
جیکر ویکھ لیندی جٹی ہیر سہرا

بڑیاں صورتاں ویکھیاں سہریاں وچ،
اج وکھری ویکھی تصویر سہرا
اج توں لڑ لگی اونیت تیرے،
بدل دیویگا اسدی تقدیر سہرا

'میں' کہندیاں عمر بتائی ہن تک،
'اسیں' کہن دی جاچ سکھاؤ سہرا
اڈیا پھردا سی وچ آسمان اج تک،
جوڑ پا کے کول بٹھاؤ سہرا

ادھی ادھی راتیں گھر نوں پرتدا سیں،
سورج ڈبدیاں گھر لیاؤ سہرا
مرضی بہت چلا کے ویکھ لئی توں، '
کلی 'کلی شرط منواؤ سہرا

ਖ਼ੁਸ਼ੀ ਅੱਜ ਰੰਧਾਵੇ ਦੀ ਸਾਫ਼ ਦਿਸਦੀ,
ਦਿਲ ਖੋਲ੍ਹ ਕੇ ਨੋਟ ਲੁਟਾਈ ਜਾਂਦਾ।
ਪਾਲ ਮਾਨ ਵੀ ਅੱਜ ਘੁਮਾਓਂ ਭੀੜਾ,
ਉਸਦਾ ਚਾਅ ਉਬਾਲੀਆਂ ਖਾਈ ਜਾਂਦਾ।

ਦਸ-ਵੀਹ ਡਾਲਰ ਜੇ ਕੋਈ ਅੱਜ ਮੰਗੇ,
ਉਸਨੂੰ ਸੌ ਦਾ ਨੋਟ ਫੜਾਈ ਜਾਂਦਾ।
ਭਾਈਚਾਰਾ ਇਕੱਠਾ ਅੱਜ ਬਹੁਤ ਹੋਇਆ,
'ਕੱਲੇ-'ਕੱਲੇ ਨੂੰ ਜੱਫ਼ੀਆਂ ਪਾਈ ਜਾਂਦਾ।

'ਕੱਲਾ ਫੁੱਲ ਵੀ ਹੋਵੇ ਤਾਂ ਨਹੀਂ ਸਜਦਾ,
ਫੁੱਲ ਸਜਦੇ ਗੁਲੋ ਗੁਲਜ਼ਾਰ ਦੇ ਨਾ'।
ਭੂਆ, ਮਾਸੀਆਂ, ਮਾਮੀਆਂ ਹੋ 'ਕੱਠੀਆਂ,
ਲੱਗਣ ਸੋਹਣੀਆਂ ਸਾਰੇ ਪਰਿਵਾਰ ਦੇ ਨਾ'।

ਸਾਰੇ ਹੀਰੇ ਪਰਿਵਾਰ ਦੇ ਹੋਏ 'ਕੱਠੇ,
ਵਿਹੜਾ ਸਜ ਗਿਆ ਨੌ ਰਤਨੇ ਹਾਰ ਦੇ ਨਾ'।
ਸਾਰੇ ਚੌਧਰੀ ਸ਼ਹਿਰ ਦੇ ਹੋਏ 'ਕੱਠੇ,
ਸਿਰ ਝੁਕਦਾ ਹੈ ਮੇਰਾ ਸਤਿਕਾਰ ਦੇ ਨਾ'।

ਅਜੀਤ ਸਿੰਘ ਰੰਧਾਵੇ ਦਾ ਪੋਤਰਾ ਹੈ,
ਪਰਕਾਸ਼ ਕੌਰ ਦਾਦੀ ਤੈਨੂੰ ਮਸਾਂ ਪਾਇਆ।
ਭੈਣ ਰਮਨ, ਰਵਿੰਦਰ ਤੇ ਜੋਤੀ ਭੂਆ,
ਨਾਨਾ ਅੱਜ ਵਤੈਚ ਅਵਤਾਰ ਆਇਆ।

ਤੇਰੀ ਮਾਸੀ ਰਣਜੀਤ ਨੂੰ ਨਾਲ ਲੈ ਕੇ,
ਨਾਨੀ ਜੋਗਿੰਦਰ ਕੌਰ ਦਾ ਪਿਆਰ ਆਇਆ।
ਭਰਪੂਰ ਕੌਰ 'ਤੇ ਮਾਮੀ ਕੁਲਦੀਪ ਆਈਆਂ,
ਪਲਵਿੰਦਰ, ਨਰਿੰਦਰ ਸਰਦਾਰ ਆਇਆ।

خوشی اج رندھاوے دی صاف دسدی،
دل کھولھ کے نوٹ لٹائی جاندا
پال مان وی اج گھماؤں بھیڑا،
اسدا چاء ابالیاں کھائی جاندا

دس ویہہ ڈالر جے کوئی اج منگے،
اسنوں سو دا نوٹ پھڑائی جاندا
بھائی چارا اکٹھا اج بہت ہویا،
'کلے 'کلے نوں جفیاں پائی جاندا

'کلا پھل وی ہووے تاں نہیں سجدہ،
پھل سجدے گلو گلزار دے نہ'
بھوآ، ماسیاں، مامیاں ہو 'کٹھیاں،
لگن سوہنیاں سارے پریوار دے نہ'

سارے ہیرے پریوار دے ہوئے 'کٹھے،
وہڑھا سج گیا نوں رتنے ہار دے نہ'
سارے چودھری شہر دے ہوئے 'کٹھے،
سر جھکدا ہے میرا ستکار دے نہ'

اجیت سنگھ رندھاوے دا پوترا ہے،
پرکاش کور دادی تینوں مساں پایا
بھین رمن، روندر تے جوتی بھوآ،
نانا اج وڑیچ اوتار آیا

تیری ماسی رنجیت نوں نال لے کے،
نانی جوگندر کور دا پیار آیا
بھرپور کور تے مامی کلدیپ آئیاں،
پلوندر، نرندر سردار آیا

ਸਾਰੇ ਸ਼ਗਨ ਮਨਾਉਣ ਲਈ ਹੋਏ 'ਕੱਠੇ,
ਕੋਈ ਲੈ ਕੇ ਫੁੱਲਾਂ ਦਾ ਹਾਰ ਆਇਆ।
ਸਾਰੇ ਸਕੇ ਸਬੰਧੀ ਅੱਜ ਹੋਏ ਹਾਜ਼ਰ,
ਦੋਸਤ, ਮਿੱਤਰ ਤੇ ਹਰ ਰਿਸ਼ਤੇਦਾਰ ਆਇਆ।

ਤੇਰੇ ਸਿਹਰੇ ਦੀ ਚਮਕ ਹੈ ਬੜੀ ਸੋਹਣੀ,
ਸਾਰੇ ਜੱਗ ਵਿੱਚ ਇਸਦੀ ਰੁਸ਼ਨਾਈ ਹੋਵੇ।
ਐਸੀ ਪਿਆਰ ਕਹਾਣੀ ਬਣਾਈ ਮਿੱਤਰਾ!
ਅੱਜ ਤੀਕ ਨਾ ਕਿਸੇ ਬਣਾਈ ਹੋਵੇ।

ਹੱਸੋ-ਵੱਸੋ ਜਵਾਨੀਆਂ ਮਾਣਦੇ ਰਹੋ,
ਦੋ ਜਿਸਮ ਪਰ ਜਾਨ ਇੱਕ ਪਾਈ ਹੋਵੇ।
ਸਾਰਾ ਮੁਲਕ ਵਧਾਈਆਂ ਦੇ ਰਿਹਾ ਹੈ,
ਸੁੱਨਤ ਵੱਲੋਂ ਵੀ ਅੱਜ ਵਧਾਈ ਹੋਵੇ।

•

سارے شگن مناؤن لئی ہوئے 'کٹھے،
کوئی لے کے پھلاں دا ہار آیا
سارے سکے سبندھی اج ہوئے حاضر،
دوست، متر تے ہر رشتے دار آیا

تیرے سہرے دی چمک ہے بڑی سوہنی،
سارے جگ وچ اسدی رشنائی ہووے
ایسی پیار کہانی بنائی مترا!
اج تیک نہ کسے بنائی ہووے

ہسو وسو جوانیاں مانڈے رہو،
دو جسم پر جان اک پائی ہووے
سارا ملک ودھائیاں دے رہا ہے،
سنڑ ولوں وی اج ودھائی ہووے

ਸਬੱਬ

ਸਾਨੂੰ ਮਿਲ ਗਏ ਤੁਸੀਂ ਤਾਂ ਸਬੱਬ ਦੇ ਨਾਲ।
ਸਾਨੂੰ ਰੱਬ ਨੇ ਮਿਲਾਇਆ, ਸਾਡੇ ਰੱਬ ਦੇ ਨਾਲ।

ਏਨੀ ਖੁਸ਼ੀ ਹੋਈ ਸਾਨੂੰ ਕਿ ਸੰਭਾਲੀ ਨਹੀਂ ਜਾਂਦੀ,
ਗੁੰਮ ਹੋ ਗਈ ਸੁਰਤ, ਸਾਥੋਂ ਭਾਲੀ ਨਹੀਂ ਜਾਂਦੀ।
ਸਾਡਾ ਅੰਗ-ਅੰਗ ਅੱਜ ਅੰਗੜਾਈਆਂ ਲਈ ਜਾਵੇ,

ਚਿੱਤ ਕਰੇ ਅੱਜ ਚਾਅ ਵੰਡਾਂ ਸਭ ਦੇ ਨਾਲ।
ਸਾਨੂੰ ਮਿਲ ਗਏ....।

ਤੈਨੂੰ ਵੇਂਹਦਿਆਂ ਧੜਕਣਾਂ ਥਾਵੇਂ ਰੁਕ ਗਈਆਂ,
ਐਸੀ ਰੀਝ ਪੂਰੀ ਹੋਈ ਸੱਭੇ ਰੀਝਾਂ ਮੁੱਕ ਗਈਆਂ।
ਅੱਜ ਚਾਅ ਵਿੱਚ ਉੱਡੂੰ-ਉੱਡੂੰ ਕਰਦਾ ਸਰੀਰ,

ਦਿਲ ਖੁਸ਼ੀ ਵਿੱਚ ਨੱਚੇ ਪੱਬ-ਪੱਬ ਦੇ ਨਾਲ।
ਸਾਨੂੰ ਮਿਲ ਗਏ....।

ਲੱਖ ਸ਼ੁਕਰ ਮਨਾਵਾਂ, ਮੈਂ ਤੇ ਵਾਰੇ-ਵਾਰੇ ਜਾਵਾਂ,
ਸਾਡਾ ਹੋਇਆ ਅਸਮਾਨ ਚਿੱਤ ਕਰੇ ਉੱਡ ਜਾਵਾਂ।
ਅੱਜ ਪਤਾ ਨਹੀਂ ਲੱਗਦਾ ਕਿ ਕੀ ਕਰ ਸੁੱਟਾਂ,

ਕਿਵੇਂ ਸਾਂਝੀ ਕਰਾਂ ਖੁਸ਼ੀ ਸਾਰੇ ਜੱਗ ਦੇ ਨਾਲ।

ਸਾਨੂੰ ਮਿਲ ਗਏ ਤੁਸੀਂ ਤਾਂ ਸਬੱਬ ਦੇ ਨਾਲ।
ਸਾਨੂੰ ਰੱਬ ਨੇ ਮਿਲਾਇਆ ਸਾਡੇ ਰੱਬ ਦੇ ਨਾਲ।

سبب

سانوں مل گئے تسیں تاں سبب دے نال
سانوں رب نے ملایا، ساڈے رب دے نال

اینی خوشی ہوئی سانوں کہ سنبھالی نہیں جاندی،
گم ہو گئی سرت، ساتھوں بھالی نہیں جاندی
ساڈا انگ انگ اج انگڑائیاں لئی جاوے،

چت کرے اج چاء ونڈاں سبھ دے نال
سانوں مل گئے....

تینوں ویہندیاں دھڑکناں تھاویں رک گئیاں،
ایسی ریجھ پوری ہوئی سبھے ریجھاں مک گئیاں
اج چاء وچ اڈوں اڈوں کردا سریر،

دل خوشی وچ نچے پب پب دے نال
سانوں مل گئے....

لکھ شکر مناواں، میں تے وارے وارے جاواں،
ساڈا ہویا اسمان چت کرے اڈ جاواں
اج پتہ نہیں لگدا کہ کیہ کر سٹاں،

کویں سانبھی کراں خوشی سارے جگ دے نال
سانوں مل گئے تسیں تاں سبب دے نال
سانوں رب نے ملایا ساڈے رب دے نال

ਜੋਬਨ

ਤੇਰੇ ਭਖਦੇ ਅੰਗਾਂ ਦੀ ਮੁਟਿਆਰੇ
ਗਲੀ 'ਚ ਰੋਜ਼ ਗੱਲ ਚੱਲਦੀ
ਐਵੇਂ ਡੋਲਣੇ, ਗਲਾਸ ਚੁੱਕੀ ਫਿਰਦੇ
ਇਹ ਕਿੰਝ ਰੁਕੂ ਅੱਗ ਝਲ਼ ਦੀ।

ਐਵੇਂ ਝੱਲੀਏ! ਨਾ ਰੋ
ਤੇਰੀ ਬੜੀ ਖੁਸ਼ਬੋ
ਦੱਸ! ਸੂਰਜ ਦੀ ਲੋਅ
ਕਿਵੇਂ ਹੋਊਗੀ ਲੁਕੋਅ।
ਨੀ ਤੂੰ ਹੌਸਲਾ ਨਾ ਹਾਰ
ਤੇਰਾ ਬੜਾ ਕਿਰਦਾਰ
ਤੇਰੀ ਹੋਂਦ ਹਰ ਰੂਹ ਦੇ ਵਿੱਚ ਬਲਦੀ।

ਇਹ ਕਿੰਝ ਰੁਕੂ ਅੱਗ ਝਲ਼ ਦੀ....।

ਪਾਣੀ ਗਹਿਰੇ ਸਮੁੰਦਰਾਂ ਦੇ ਹੁੰਦੇ
ਲੋਕੀਂ ਕਹਿੰਦੇ
ਲੱਖ ਜੀਵ ਪਾਣੀ ਪੀਂਦੇ
ਦਰਿਆ ਤਾਂ ਵਹਿੰਦੇ ਰਹਿੰਦੇ
ਦੋ ਚੂਲ਼ੀਆਂ ਜੇ ਪਾਣੀ ਪੀ ਵੀ ਗਿਆ ਕੋਈ ਰਾਹੀ
ਕਿਹੜੀ ਪੱਤ ਲੁੱਟ ਖੜੀ ਤੇਰੀ ਜਲ਼ ਦੀ।

ਇਹ ਕਿੰਝ ਰੁਕੂ ਅੱਗ ਝਲ਼ ਦੀ....।

•

جوبن

تیرے بھکھدے انگاں دی مٹیارے
گلی چ روز گل چلدی
ایویں ڈولنے، گلاس چکی پھردے
ایہہ کنج رکو اگ جھل دی

ایویں جھلیے! نہ رو
تیری بڑی خوشبو
دس! سورج دی لوء
کویں ہوؤگی لکوء
نی توں حوصلہ نہ ہار
تیرا بڑا کردار
تیری ہوند ہر روح دے وچ بلدی

ایہہ کنجھ رکو اگ جھل دی....

پانی گہرے سمندراں دے ہوندے
لوکیں کہندے
لکھ جیو پانی پیندے
دریا تاں وہندے رہندے
دو چولیاں جے پانی پی وی گیا کوئی راہی
کیہڑی پت لٹ کھڑی تیری جل دی

ایہہ کنج رکو اگ جھل دی....

ਮਲੰਗ

ਸਾਨੂੰ ਛੱਡ ਗਿਓਂ ਅੱਧ ਵਿਚਕਾਲੇ, ਬੱਲੇ ਓਏ ਮਲੰਗ ਦੋਸਤਾ।

ਬੜਾ ਲੋਕਾਂ ਰੋਕਿਆ, ਬਹੁਤ ਸਮਝਾਇਆ ਸਾਨੂੰ
ਕਿਸੇ ਦੀ ਵੀ ਗੱਲ ਦਾ ਯਕੀਨ ਹੀ ਨਾ ਆਇਆ ਸਾਨੂੰ
ਜ਼ਰਾ ਵੀ ਨਾ ਸੋਚਿਆ ਤੂੰ ਏਤਰਾਂ ਦਾ ਨਿਕਲੇਂਗਾ
ਮਾਰ ਜਾਵੇਂਗਾ ਦਿਲਾਂ ਨੂੰ ਤਾਲੇ, ਬੱਲੇ ਵੇ ਮਲੰਗ ਦੋਸਤਾ।

ਸਾਨੂੰ ਛੱਡ ਗਿਓਂ ਅੱਧ ਵਿਚਕਾਲੇ.....।

ਚੇਲੇ ਬਣੇ ਪੱਕੇ ਤੈਨੂੰ ਪੀਰ ਬਣਾਇਆ ਅਸੀਂ
ਤੇਰੀ ਵੇ ਤਵੀਤੜੀ ਨੂੰ ਛਾਤੀ ਨਾਲ ਲਾਇਆ ਅਸੀਂ
ਆਪਣੇ ਤਰੀਕੇ ਨਾਲ ਤੁਰਨਾ ਵੀ ਭੁੱਲ ਬੈਠੇ
ਤੇਰੀ ਚਾਲ ਨਾਲ ਚੱਲੇ, ਹਰ ਚਾਲੇ, ਬੱਲੇ ਵੇ ਮਲੰਗ ਦੋਸਤਾ।

ਸਾਨੂੰ ਛੱਡ ਗਿਓਂ ਅੱਧ ਵਿਚਕਾਲੇ.....।

ਤੇਰੇ ਨਾਲ ਤੁਰ ਕੇ ਸਵਾਦ ਬੜਾ ਆਇਆ ਸੀ
ਤਾਂ ਹੀ ਤਾਂ ਮਲੰਗਾ! ਤੈਨੂੰ ਇਸ਼ਟ ਬਣਾਇਆ ਸੀ
ਤੇਰੇ ਆਸਰੇ 'ਚ ਲੱਗਾ ਸਭ ਕੁੱਝ ਰੱਬ ਵਾਂਗੂੰ
ਸਾਡਾ ਤਨ-ਮਨ ਤੇਰੇ ਸੀ ਹਵਾਲੇ, ਬੱਲੇ ਵੇ ਮਲੰਗ ਦੋਸਤਾ।

ਸਾਨੂੰ ਛੱਡ ਗਿਓਂ ਅੱਧ ਵਿਚਕਾਲੇ.....।

•

ملنگ

سانوں چھڈ گؤں ادھ وچکالے، بلے اوئے ملنگ دوستا
بڑا لوکاں روکیا، بہت سمجھایا سانوں
کسے دی وی گل دا یقین ہی نہ آیا سانوں
ذرا وی نہ سوچیا توں ایتراں دا نکلیں گا
مار جاویں گا دلاں نوں تالے، بلے وے ملنگ دوستا

سانوں چھڈ گؤں ادھ وچکالے.....

چیلے بنے پکے تینوں پیر بنایا اسیں
تیری وے تویتڑی نوں چھاتی نال لایا اسیں
اپنے طریقے نال ترنا وی بھل بیٹھے
تیری چال نال چلے، ہر چالے، بلے وے ملنگ دوستا

سانوں چھڈ گؤں ادھ وچکالے.....

تیرے نال تر کے سواد بڑا آیا سی
تاں ہی تاں ملنگا! تینوں اشٹ بنایا سی
تیرے آسرے 'چ لگا سبھ کجھ رب وانگوں
ساڈا تن من تیرے سی حوالے، بلے وے ملنگ دوستا

سانوں چھڈ گؤں ادھ وچکالے.....

ਗੰਧਾਰ

ਆਸ਼ਕ ਲੋਕ ਪੰਜਾਬ ਦੇ ਤੇ ਆਸ਼ਕ ਸਭ ਸੰਸਾਰ।
'ਕੱਲਾ-'ਕੱਲਾ ਗੱਭਰੂ ਤੇ 'ਕੱਲੀ-'ਕੱਲੀ ਨਾਰ।

ਜਿਸਦੇ ਅੰਗ ਨਾਂ ਫ਼ਰਕਦੇ, ਉਹ ਕਾਹਦੀ ਮੁਟਿਆਰ।
ਦੋ ਅੱਖਾਂ ਦਾ ਕੰਮ ਕੀ, ਜੇ ਕਦੇ ਨਾ ਹੋਈਆਂ ਚਾਰ।

ਲੁਕਿਆ-ਛੁਪਿਆ ਜੋ ਰਿਹਾ, ਦੱਸ ਉਹ ਕਾਹਦਾ ਪਿਆਰ।
ਕਾਹਤੋਂ ਲੋਕੀਂ ਸੰਗਦੇ ਸੁੱਨੜਾ! ਕਰੀਂ ਵਿਚਾਰ।

ਸੂਰਜ ਆਇਆ ਅੰਬਰੋਂ, ਕੀਤਾ ਕੁੰਤੀ ਨਾਲ ਪਿਆਰ।
ਕਰਣ ਸੂਰਮਾ ਜੰਮਿਆਂ, ਪਰ ਕਿਸੇ ਨਾ ਲੱਗੀ ਸਾਰ।

ਦੱਸੀਂ ਕਾਹਤੋਂ ਕੁੰਤੀਏ! ਤੂੰ ਜਲ ਵਿੱਚ ਆਈ ਤਾਰ।
ਜੋ ਕਰਨਾ ਕੋਈ ਕਰ ਲਵੇ, ਅੱਜ ਦੇਣੀ ਗੱਲ ਨਿਤਾਰ।

ਖੁੱਲ੍ਹ ਕੇ ਗੱਲ ਕਰ ਸੁੱਨੜਾ! ਹੁਣ ਦਿਲ ਤੋਂ ਲਾਹ ਦੇ ਭਾਰ।
ਬੁਰਕਾ ਲਾਹ ਦੇ ਸੱਚ ਤੋਂ ਤੇ ਕਰ 'ਲਾ ਕਲਮ ਤਿਆਰ।

ਦੱਸੀਂ! ਗੱਲ ਦਿਲ ਖੋਲ੍ਹ ਕੇ ਅੱਜ ਭਾਫ਼ ਤੂੰ ਕੱਢ ਦੇ ਬਾਹਰ।
ਤੂੰ ਰੱਜ-ਰੱਜ ਕੀਤੀ ਆਸ਼ਕੀ ਤੇ ਰੱਜ-ਰੱਜ ਕੀਤਾ ਪਿਆਰ।

ਰੱਜ-ਰੱਜ ਕੇ ਦੁੱਧ ਚੁੰਘਿਆ ਤੇ ਕੱਢ ਕੇ ਵੇਖੀ ਧਾਰ।
ਕਾਲੇ, ਗੋਰੇ, ਏਸ਼ੀਅਨ ਸਾਰੇ ਹੀ ਤੇਰੇ ਯਾਰ।

گندھار

عاشق لوک پنجاب دے تے عاشق سبھ سنسار
'کلا 'کلا گبھرو تے 'کلی 'کلی نعر

جسدے انگ ناں فرکدے، اوہ کاہدی مٹیار
دو اکھاں دا کم کی، جے کدے نہ ہوئیاں چار

لکیا چھپیا جو رہیا، دس اوہ کاہدا پیار
کاہتوں لوکیں سنگدے سنڑا! کریں وچار

سورج آیا انبروں، کیتا کنتی نال پیار
کرن سورما جمیاں، پر کسے نہ لگی سار

دسیں کاہتوں کنتیے! توں جل وچ آئی تار
جو کرنا کوئی کر لوے، اج دینی گل نتار

کھل کے گل کر سنڑا! ہن دل توں لاہ دے بھار
برقع لاہ دے سچ توں تے کر 'لا قلم تیار

دسیں! گل دل کھولھ کے اج بھاف توں کڈھ دے باہر
توں رج رج کیتی عاشقی تے رج رج کیتا پیار

رج رج کے دودھ چنگھیا تے کڈھ کے ویکھی دھار
کالے، گورے، ایشیئن سارے ہی تیرے یار

ਅਸਲ ਨਸਲ ਤਾਂ ਇਸ਼ਕ ਹੈ, ਬਾਕੀ ਸਭ ਬੇਕਾਰ।
ਇਸ਼ਕ ਬਿਨਾ ਦੁਨੀਆ ਨਹੀਂ ਤੇ ਨਾ ਬਣਦਾ ਸੰਸਾਰ।

ਕਰਕੇ ਵਸਤਾਂ 'ਕੱਠੀਆਂ ਇੱਕ ਨੁਖ਼ਸਾ ਕਰੀਂ ਤਿਆਰ।
ਬਣਦਾ ਕਿਵੇਂ ਸਵਾਦਲਾ ਦਹੀਂ ਲਾਇਆ ਗੰਧਾਰ।

ਕੌਲੀ-ਕੁੱਜੇ ਵਿੱਚ ਧਰੀਂ ਤੇ ਵਿੱਚ ਧਰੀਂ ਅੰਗਿਆਰ।
ਤੇਲ ਸਰ੍ਹੋਂ ਦਾ ਪਾ ਕੇ ਫਿਰ ਧੂੰਆਂ ਲਈਂ ਉਭਾਰ।

ਕੁੱਜਾ ਬਿਲਕੁਲ ਕੱਜ ਕੇ ਤੇ ਧੂੰਆਂ ਕਰੀਂ ਤਿਆਰ।
ਬੂੰਦੀ ਵਾਲੀ ਦਹੀਂ ਫਿਰ, ਕੁੱਜੇ ਵਿੱਚ ਉਲਾਰ।
ਧੂੰਏਂ ਨਾਲ ਧੁਆਂਖ ਕੇ ਹੀ ਬਣਦਾ ਸਹੀ ਗੰਧਾਰ।

•

اصل نسل تاں عشق ہے، باقی سبھ بے کار
عشق بنا دنیا نہیں تے نہ بندا سنسار

کرکے وستاں 'کٹھیاں اک نخسا کریں تیار
بندا کویں سوادلا دہیں لایا گندھار

کولی کجے وچ دھریں تے وچ دھریں انگیار
تیل سرونھ دا پا کے پھر دھواں لئیں ابھار

کجا بالکل کج کے تے دھواں کریں تیار
بوندی والی دہیں پھر، کجے وچ الار
دھوئیں نال دھوانکھ کے ہی بندا صحیح گندھار

ਮਾਸ ਤੇ ਮਹਿਕ

ਜਾਹ ਵੇ ਸੱਜਣਾ ਸੋਹਣਿਆ!
ਤੇਰੇ ਮਾਸ ਨੂੰ ਲੋਚੇ ਕੋਈ।
ਅਸਾਂ ਨੂੰ ਲੁੱਟ ਕੇ ਲੈ ਗਈ,
ਤੇਰੇ ਜੋਬਨ ਦੀ ਖੁਸ਼ਬੋਈ।

ਇਹ ਡਰ ਮੈਨੂੰ ਨਹੀਂ ਕਿ,
ਤੇਰੀ ਫੁੱਲ-ਪੰਖੜੀ ਸੁੱਕ ਜਾਵੇਗੀ।
ਅੰਗ ਜੇ ਤੇਰੇ ਲੋਕ ਹੰਢਾਵਣ,
ਮਹਿਕ ਤੇਰੀ ਇਹ ਮੁੱਕ ਜਾਵੇਗੀ।
ਜਿਉਂ-ਜਿਉਂ ਫੁੱਲ ਗੁਲਾਬ ਦਾ ਸੁੱਕੇ,
ਹਰ ਪੱਤੀ ਦੀ ਕੁੱਖ ਵਿਚ ਵਸਦੀ,
ਭਿੰਨੀ ਇਹ ਖੁਸ਼ਬੋਈ।
ਵੇ ਸੱਜਣਾ! ਦੂਣ ਸਵਾਈ ਹੋਈ।

ਜਾਹ ਵੇ ਸੱਜਣਾ ਸੋਹਣਿਆ.....।

ਉੱਡ ਪੰਛੀਆ!
ਜੋਬਨ ਰੁੱਤ ਹੈ, ਮਾਰ ਉਡਾਰੀ।
ਭਟਕਣ ਦੀ ਵੀ ਲੋੜ ਨਹੀਂ ਹੈ,
ਬਹੁਤ ਨੇ ਲੋਕੀਂ ਮਾਸਾਹਾਰੀ।
ਤੈਨੂੰ ਤੇਰੇ ਅੰਗ ਮੁਬਾਰਕ,
ਸਾਨੂੰ ਤੇਰੀ ਮਹਿਕ ਬੜੀ ਹੈ,
ਮਹਿਕ ਜੋ ਤੈਥੋਂ ਪਰਖ਼ ਨਾ ਹੋਈ।

ਜਾਹ ਵੇ ਸੱਜਣਾ ਸੋਹਣਿਆ.....।

•

ماس تے مہک

جاہ وے سجنا سوہنیا!
تیرے ماس نوں لوچے کوئی
اساں نوں لٹ کے لے گئی،
تیرے جوبن دی کھشبوئی

ایہہ ڈر مینوں نہیں کہ،
تیری پھل پنکھڑی سک جاوے گی
انگ جے تیرے لوک ہنڈھاون،
مہک تیری ایہہ مک جاوے گی
جیوں جیوں پھل گلاب دا سکے،
ہر پتی دی ککھ وچ وسدی،
بھنی ایہہ خشبوئی
وے سجنا! دون سوائی ہوئی

جا وے سجنا سوہنیا.....

اڈ پنچھیا!
جوبن رت ہے، مار اڈاری
بھٹکن دی وی لوڑ نہیں ہے،
بہت نے لوکیں ماساہاری
تینوں تیرے انگ مبارک،
سانوں تیری مہک بڑی ہے،
مہک جو تیتھوں پرکھ نہ ہوئی

جا وے سجنا سوہنیا.....

ਖ਼ਰੀਆਂ-ਖੋਟੀਆਂ

ਖ਼ਰੀਆਂ-ਖੋਟੀਆਂ ਹੀ ਸੁਣਦੇ ਰਹੇ ਸਾਰੀ ਉਮਰ,
ਸ਼ਾਇਦ ਕਿਸੇ ਦੀ ਨਜ਼ਰ ਦੇ ਵਿੱਚ ਖੂਬ ਵੀ ਹੋਵਾਂ।
ਆਪਣਾ ਆਖੇ ਕੋਈ ਕੰਨ ਤਰਸਦੇ ਹੀ ਰਹਿ ਗਏ,
ਸ਼ਾਇਦ ਕਿਸੇ ਮੁਸਕਾਨ ਦਾ ਮਹਿਬੂਬ ਵੀ ਹੋਵਾਂ।

ਜਿਸਮਾਨੀ ਭੁੱਖ ਤਾਂ ਬਹੁਤ ਦੇਸ਼ਾਂ 'ਚ ਮਿਟਦੀ ਰਹੀ ਹੈ,
ਵੱਖ-ਵੱਖ ਕੌਮਾਂ ਦੇ ਜਿਸਮਾਂ ਦੀ ਤਾਂ ਪੂਰੀ ਵਹੀ ਹੈ।
ਜਿਸਮ ਦੀ ਗਰਮੀ ਨੂੰ ਜਿੰਨੀ ਵਾਰੀ ਚਾਹਿਆ ਮੋਟਣਾ,
ਹਰ ਤਜ਼ਰਬੇ ਬਾਅਦ ਦਿਲ ਦੀ ਤਪਸ਼ ਵਧਦੀ ਰਹੀ ਹੈ।

ਮਾਇਆ, ਮਮਤਾ, ਮੋਹਨੀ ਦੀਆਂ ਝੋਲੀਆਂ ਭਰਦੇ ਰਹੇ,
ਪੌਂਡ, ਲੀਰੇ, ਡਾਲਰਾਂ ਨੂੰ ਜੋੜ ਕੇ ਧਰਦੇ ਰਹੇ।
ਦੇਸ਼ ਵਿੱਚ ਪਰਦੇਸ਼ ਵਿੱਚ ਕੋਈ ਸ਼ੋਹਰਤਾਂ ਦੀ ਕਮੀ ਨਾ,
ਦਿਲ ਦੀ ਬਾਜ਼ੀ ਪਰ ਅਸੀਂ ਜਿੱਤ ਕੇ ਵੀ ਹਾਂ ਹਰਦੇ ਰਹੇ।

ਉਮਰ ਭਰ ਸੁਪਨਿਆਂ ਦੇ ਮਗਰ ਮੈਂ ਭੱਜਦਾ ਰਿਹਾ।
ਸੁਪਨਿਆਂ ਦੀ ਜੰਗ ਪਰ ਨਾ ਜਿੱਤਿਆ ਨਾ ਹਾਰਿਆ,
ਖੱਜਲ ਕਰਨ ਦਾ ਦੋਸ਼ ਵੀ ਸੁਪਨੇ ਨੂੰ ਜਾਂਦੈ ਦੋਸਤਾ!
ਸੁਪਨਾ ਜੇ ਨਾ ਹੁੰਦਾ ਤਾਂ ਜਾਂਦਾ ਮੈਂ ਕਦੋਂ ਦਾ ਮਾਰਿਆ।

ਖ਼ਰੀਆਂ-ਖੋਟੀਆਂ ਹੀ ਸੁਣਦੇ ਰਹੇ ਸਾਰੀ ਉਮਰ,
ਸ਼ਾਇਦ ਕਿਸੇ ਦੀ ਨਜ਼ਰ ਦੇ ਵਿੱਚ ਖੂਬ ਵੀ ਹੋਵਾਂ।
ਆਪਣਾ ਆਖੇ ਕੋਈ ਕੰਨ ਤਰਸਦੇ ਹੀ ਰਹਿ ਗਏ,
ਸ਼ਾਇਦ ਕਿਸੇ ਮੁਸਕਾਨ ਦਾ ਮਹਿਬੂਬ ਵੀ ਹੋਵਾਂ।

•

کھرِیاں کھوٹیاں

کھریاں کھوٹیاں ہی سندے رہے ساری عمر،
شاید کسے دی نظر دے وچ خوب وی ہواں
اپنا آکھے کوئی کن ترسدے ہی رہ گئے،
شاید کسے مسکان دا محبوب وی ہواں

جسمانی بھکھ تاں بہت دیشاں 'چ مٹدی رہی ہے،
وکھ وکھ قوماں دے جسماں دی تاں پوری وحی ہے
جسم دی گرمی نوں جنی واری چاہیا میٹنا،
ہر تجربے بعد دل دی تپش ودھدی رہی ہے

مایہ، ممتا، موہنی دیاں جھولیاں بھردے رہے،
پونڈ، لیرے، ڈالراں نوں جوڑ کے دھردے رہے
دیش وچ پردیش وچ کوئی شوہرتاں دی کمی نہ،
دل دی بازی پر اسیں جت کے وی ہاں ہردے رہے

عمر بھر سپنیاں دے مگر میں بھجدا رہا
سپنیاں دی جنگ پر نہ جتیا نہ ہاریا،
کھجل کرن دا دوش وی سپنے نوں جاندے دوستا!
سپنا جے نہ ہوندا تاں جاندا میں کدوں دا ماریا

کھریاں کھوٹیاں ہی سندے رہے ساری عمر،
شاید کسے دی نظر دے وچ خوب وی ہواں
اپنا آکھے کوئی کن ترسدے ہی رہ گئے،
شاید کسے مسکان دا محبوب وی ہواں

ਝੂਠੇ ਰੰਗ-ਤਮਾਸ਼ੇ

ਮੇਰੀ ਗੱਲ ਕਿ ਤੇਰੀ ਗੱਲ,
ਦੱਸ! ਕਿਸਦੀ ਗੱਲ ਸੁਣਾਵਾਂ।
ਸਭ ਤੋਂ ਵੱਧ ਬਦਨਾਮੀਂ ਮੇਰੀ,
ਕਿਸ 'ਤੇ ਤੋਹਮਤ ਲਾਵਾਂ।

ਗ਼ਲਤ ਵਣਜ ਮੈਂ ਖ਼ੁਦ ਚੁਣਿਆ ਹੈ,
ਹਰ ਥਾਂ ਘਾਟੇ ਖਾਵਾਂ।
ਮੈਂ ਕਰਤੂਤੀਂ ਹੋਈ ਡੋਹਾਗਣ,
ਲੱਛਣੀਂ ਧੱਕੇ ਖਾਵਾਂ।

ਮਾਂ-ਪਿਓ ਰੋਜ਼ ਦਿਹਾੜੀ ਦੱਸਣ,
ਕਿੱਦਾਂ ਕੰਤ ਮਨਾਵਾਂ।
ਜਾਣਦਿਆਂ ਅਣਜਾਣ ਬਣੀ ਮੈਂ,
ਜਾਗਦਿਆਂ ਸੌਂ ਜਾਵਾਂ।

ਇੱਕ ਬਦੀ ਦੇ ਸੌ-ਸੌ ਘਾਟੇ,
ਘਰ-ਘਰ ਰੌਲਾ ਪਾਵਾਂ।
ਬਦੀਆਂ ਦੀ ਪੰਡ ਮੇਰਾ ਜੀਵਨ,
ਸੌ-ਸੌ ਜ਼ੁਲਮ ਕਮਾਵਾਂ।

ਝੂਠੇ ਰੰਗ-ਤਮਾਸ਼ੇ ਨੂੰ ਮੈਂ,
ਸੁਰਖ਼ੀ ਬਿੰਦੀ ਲਾਵਾਂ।
ਜਾਣਦਿਆਂ ਥਿਰ ਨਹੀਂ ਰਹਿਣਾ,
ਮੈਂ ਪੱਕੀਆਂ ਮੱਲੀਆਂ ਥਾਂਵਾਂ।

ਕਿਰਪਾ ਹੋਏ ਅਪਾਰ ਕਿਤੇ,
ਮਨ ਮਿੱਤਰ ਦਾ ਹੋ ਜਾਵੇ।

جھوٹھے رنگ تماشے

میری گل کہ تیری گل،
دس! کسدی گل سناواں
سبھ توں ودھ بدنامیں میری،
کس تے تہمت لاواں

غلط وَنج میں خود چنیا ہے،
ہر تھاں گھاٹے کھاواں
میں کرتوتیں ہوئی ڈوہاگن،
لچھنیں دھکے کھاواں

ماں پیو روز دہاڑی دسن،
کداں کنت مناواں
جاندیاں انجان بنی میں،
جاگدیاں سوں جاواں

اک بدی دے سو سو گھاٹے،
گھر گھر رولا پاواں
بدیاں دی پنڈ میرا جیون،
سو سو ظلم کماواں

جھوٹھے رنگ تماشے نوں میں،
سرخی بندی لاواں
جاندیاں تھر نہیں رہنا،
میں پکیاں ملیاں تھانواں
کرپا ہوئے اپار کتے،
من متر دا ہو جاوے

ਸ਼ਹੁ ਦੀ ਬੁੱਕਲ ਮਿਲ ਜਾਵੇ,
ਤਾਂ ਰੱਜ-ਰੱਜ ਸੇਜ ਹੰਢਾਵਾਂ।

ਚਰਨ ਧੂੜ ਸੰਧੂਰ ਸਜਾਵਾਂ,
ਪ੍ਰੇਮ ਭਬੂਤੀ ਲਾਵਾਂ।
ਨਾਮ ਤੇਰੇ ਦੀ ਝਾਂਜਰ ਪਾ ਕੇ,
ਨੱਚ-ਨੱਚ ਯਾਰ ਮਨਾਵਾਂ।

ਪਲ ਛਿਣ ਵੀ ਜੇ ਤੈਨੂੰ ਪਾ 'ਲਾਂ
ਕੁੱਝ ਵੀ ਹੋਰ ਨਾ ਚਾਹਵਾਂ।
ਜਿਹੜਾ ਤੈਨੂੰ ਚੰਗਾ ਲੱਗੇ,
ਓਹੀਓ ਵੇਸ ਬਣਾਵਾਂ।

ਏਨਾਂ ਦੱਸ ਕਿ ਘੁੰਮਣਘੇਰੀ 'ਚੋਂ,
ਕਿੰਝ ਜਾਨ ਛੁਡਾਵਾਂ।
ਤੇਰੇ ਦਰ ਤੋਂ ਕਿੰਝ ਮੰਗਾਂ ਮੈਂ,
ਦੱਸ! ਕਿੱਦਾਂ ਅਲਖ਼ ਜਗਾਵਾਂ।

•

چرن دھوڑ سندھور سزاواں،
پریم بھبوتی لاواں
نام تیرے دی جھانجر پا کے،
نچ نچ یار مناواں

پل چھن وی جے تینوں پا 'لاں
کجھ وی ہور نہ چاہواں
جیہڑا تینوں چنگا لگے،
اوہیؤ ویس بناواں

اینا دس کہ گھمن گھیری 'چوں،
کنجھ جان چھڈاواں
تیرے در توں کنجھ منگاں میں،
دس! کداں الخ جگاواں

ਲਾਰਾ ਲਾਇਆ ਗਿਆ

ਲਾਰਾ ਲਾਇਆ ਗਿਆ, ਪਰ ਨਾ ਆਇਆ ਗਿਆ।
ਵਾਅਦਾ ਕਰਕੇ ਨਾ ਤੈਥੋਂ ਨਿਭਾਇਆ ਗਿਆ।

ਮੈਨੂੰ ਵਿਸ਼ਵਾਸ ਹੈ ਤੂੰ ਤੱਕਿਆ ਤਾਂ ਨਹੀਂ ਸੀ,
ਬਿਨਾ ਸੋਚੇ ਸਮਝੇ ਸਤਾਇਆ ਗਿਆ।

ਤੇਰੀ ਹਸਰਤ ਨਹੀਂ ਸੀ ਕਿ ਗ਼ਮ ਦੇ ਦਿਆਂ,
ਨਾ ਚਾਹੁੰਦੇ ਹੀ ਲੇਕਿਨ ਰਵਾਇਆ ਗਿਆ।

ਤੈਨੂੰ ਭੁੱਲਣ ਦੀ ਕੋਸ਼ਿਸ਼ ਬੜੀ ਕੀਤੀ ਮੈਂ
ਦੋ ਪਲਾਂ ਲਈ ਵੀ ਨਾ ਭੁਲਾਇਆ ਗਿਆ।

ਤੈਨੂੰ ਤੱਕਦੇ ਹੀ ਹੋਂਠਾਂ ਨੇ ਕੁੱਝ ਆਖਿਆ,
ਬੁੱਲ੍ਹ ਫ਼ਰਕੇ, ਸ਼ਬਦ ਨਾ ਬਣਾਇਆ ਗਿਆ।

ਹੈ ਨਮੋਸ਼ੀ ਸਮੁੰਦਰ ਨੂੰ ਇਸ ਗੱਲ ਦੀ,
ਉਸਦੇ ਕੰਢੇ ਤੋਂ ਕੋਈ ਤਿਹਾਇਆ ਗਿਆ।

ਤੇਰੇ ਅੱਖਾਂ ਦੇ ਸਾਹਵੇਂ ਵਿਲਕਦਾ ਰਿਹਾ ,
ਚਾਹੁੰਦਿਆਂ ਵੀ ਨਾ ਤੈਥੋਂ ਵਰਾਇਆ ਗਿਆ।

ਲਾਰਾ ਲਾਇਆ ਗਿਆ, ਪਰ ਨਾ ਆਇਆ ਗਿਆ।
ਵਾਅਦਾ ਕਰਕੇ ਨਾ ਤੈਥੋਂ ਨਿਭਾਇਆ ਗਿਆ।

•

لارا لایا گیا

لارا لایا گیا، پر نہ آیا گیا
وعدہ کرکے نہ تیتھوں نبھایا گیا

مینوں وشواس ہے توں تکیا تاں نہیں سی،
بنا سوچے سمجھے ستایا گیا

تیری حسرت نہیں سی کہ غم دے دیاں،
نہ چاہندے ہی لیکن روایا گیا

تینوں بھلن دی کوشش بڑی کیتی میں
دو پلاں لئی وی نہ بھلایا گیا

تینوں تکدے ہی ہونٹھاں نے کجھ آکھیا،
بلھ فرقے، شبد نہ بنایا گیا

ہے نموشی سمندر نوں اس گل دی،
اسدے کنڈھے توں کوئی تہایا گیا

تیرے اکھاں دے ساہویں ولکدا رہا ،
چاہندیاں وی نہ تیتھوں ورایا گیا

لارا لایا گیا، پر نہ آیا گیا
وعدہ کرکے نہ تیتھوں نبھایا گیا

ਚੰਦਾ

ਚੰਦਾ ਵੇ! ਤੂੰ ਕਿਓਂ ਅੱਜ ਚੜਿਓਂ
ਮੇਰੇ ਦਿੱਤੇ ਦਰਦ ਵਧਾ
ਏਨੀ ਸਿਖ਼ਰ 'ਤੇ ਕਿੰਦਾਂ ਪੁੱਜਿਆ
ਕਿਸ ਤੋਂ ਪੁੱਛਿਆ ਰਾਹ।

ਮੇਰਾ ਚੰਦ ਮੈਨੂੰ ਮਿਲ ਨਾ ਸਕਿਆ
ਤੂੰ ਦਿੱਤਾ ਯਾਦ ਕਰਾ।

ਚਮਕ ਚਾਂਦਨੀ ਤੇਰੀ ਵੇ
ਮੇਰੇ ਸੀਨੇ ਵੱਜੀ ਆ
ਤੂੰ ਸੋਹਣਾ ਏਂ ਹੋਏਂਗਾ
ਮੇਰੇ ਯਾਰ ਦਾ ਰੂਪ ਅਥਾਹ
ਯਾਰ ਬਿਨਾ ਤਾਂ ਸੋਹਣਿਆ!
ਤੇਰੀ ਚਮਕ ਦਾ ਕੋਈ ਨਾ ਭਾਅ।

ਮੇਰੇ ਚੰਨ ਵਰਗਾ ਤੂੰ ਜ਼ਰਾ ਨਾ,
ਜਾਹ! ਆਪਣੀ ਸ਼ਕਲ ਲੁਕਾ।

ਜਦ ਚੰਨ ਮਾਹੀ ਨਾ' ਚੋਹਲ ਕਰਾਂ
ਤੂੰ ਚੋਰੀ ਝਾਤੀ ਪਾ
ਚਮਕ ਤੇਰੀ ਮੈਂ ਕੀ ਕਰਨੀ
ਤੇਰੀ ਚੋਰੀ ਦਾ ਮੁੱਲ ਬਤਾ
ਜਾਹ! ਜਾਹ!! ਜਾ ਕੇ ਤੂੰ ਛੁਪ ਜਾ
ਹੁਣ ਮਾਸਾ ਦੇਰ ਨਾ ਲਾ

ਪ੍ਰੀਤਮ ਦੀ ਹੋਂਦ ਬਿਨਾ ਹੁਣ ਤੂੰ
ਮੇਰੀ ਹਿੱਕ 'ਤੇ ਲੂਣ ਨਾ ਲਾ।

ਚੰਦਾ ਵੇ! ਤੂੰ ਕਿਓਂ ਅੱਜ ਚੜਿਓਂ
ਮੇਰੇ ਦਿੱਤੇ ਦਰਦ ਵਧਾ।

•

چندہ

چندہ وے! توں کیوں اج چڑیوں
میرے دتے درد ودھا
اینی سخر تے کداں پجیا
کس توں پچھیا راہ
میرا چند مینوں مل نہ سکیا
توں دتا یاد کرا
چمک چاندنی تیری وے
میرے سینے وجی آ
توں سوہنا ایں ہوئیں گا
میرے یار دا روپ اتھاہ
یار بنا تاں سوہنیا!
تیری چمک دا کوئی نہ بھاء
میرے چن ورگا توں ذرا نہ،
جا! اپنی شکل لکا
جد چن ماہی نہ' چوہل کراں
توں چوری جھاتی پا
چمک تیری میں کیہ کرنی
تیری چوری دا مل بڑا
جاہ! جاہ!! جا کے توں چھپ جا
ہن ماسہ دیر نہ لا
پریتم دی ہوند بنا ہن توں
میری ہک تے لون نہ لا
چندہ وے! توں کیوں اج چڑیوں
میرے دتے درد ودھا

ਤੈਨੂੰ ਉੱਡਣਾ ਸਿਖਾਈਏ

ਦਿਲ ਦੀਆਂ ਦਿਲ 'ਚ ਲਕਾਉਣ ਦਾ ਕੀ ਫ਼ਾਇਦਾ।
ਚੁੱਪ ਚਲੇ ਜਾਣਾ ਆਂ ਤੇ ਆਉਣ ਦਾ ਕੀ ਫ਼ਾਇਦਾ।
ਦਿਸੇ ਨਾ ਜੇ ਗਾਨੀ, ਗਲ਼ ਪਾਉਣ ਦਾ ਕੀ ਫ਼ਾਇਦਾ।
ਮਹਿਕ ਜੇ ਲਕਾਉਣੀ, ਫੁੱਲ ਲਾਉਣ ਦਾ ਕੀ ਫ਼ਾਇਦਾ।

ਆ! ਤੇਰਿਆਂ ਫੁੱਲਾਂ ਦੀ ਤੈਨੂੰ ਮਹਿਕ ਸੁੰਘਾਈਏ,
ਤੇਰਿਆਂ ਪਰਾਂ ਨੂੰ ਜ਼ਰਾ! ਉੱਡਣਾ ਸਿਖਾਈਏ।

ਨਜ਼ਰਾਂ ਤੋਂ ਬਚ ਕੇ ਤੂੰ ਨਜ਼ਰ ਮਿਲਾ 'ਜਾ।
ਸੰਗਦੀ ਤੂੰ ਕਿੱਦਾਂ ਸਾਨੂੰ ਸੰਗ ਕੇ ਦਿਖਾ 'ਜਾ।
ਸੱਚਾ ਜੇ ਨਹੀਂ ਤਾਂ ਝੂਠਾ ਜਿਹਾ ਲਾਰਾ ਲਾ 'ਜਾ।
ਸੋਚਦੀ ਤੂੰ ਕਿੱਦਾਂ ਸਾਨੂੰ ਸੋਚਾਂ ਵਿੱਚ ਪਾ 'ਜਾ।

ਗਲ਼ ਲੱਗ ਜਾਈਏ, ਗੱਲ ਏਥੇ ਹੀ ਮੁਕਾਈਏ,
ਆ 'ਜਾ! ਆਪਾਂ ਮਿਲ ਕੇ ਕਹਾਣੀ ਕੋਈ ਪਾਈਏ,
ਤੇਰਿਆਂ ਫੁੱਲਾਂ ਦੀ ਤੈਨੂੰ ਮਹਿਕ ਸੁੰਘਾਈਏ,
ਤੇਰਿਆਂ ਪਰਾਂ ਨੂੰ ਜ਼ਰਾ! ਉੱਡਣਾ ਸਿਖਾਈਏ।

•

تینوں اُڈنا سکھائیے

دل دیاں دل 'چ لکاؤن دا کیہ فائدہ
چپ چلے جانا آں تے آؤن دا کیہ فائدہ
دسے نہ جے گانی، گل پاؤن دا کیہ فائدہ
مہک جے لکاؤنی، پھل لاؤن دا کیہ فائدہ

آ! تیریاں پھلاں دی تینوں مہک سنگھائیے،
تیریاں پراں نوں ذرا! اڈنا سکھائیے

نظراں توں بچ کے توں نظر ملا 'جا
سنگدی توں کداں سانوں سنگ کے دکھا 'جا
سچا جے نہیں تاں جھوٹھا جیہا لارا لا 'جا
سوچدی توں کداں سانوں سوچاں وچ پا 'جا

گل لگ جائیے، گل ایتھے ہی مکائیے،
آ 'جا! آپاں مل کے کہانی کوئی پائیے،
تیریاں پھلاں دی تینوں مہک سنگھائیے،
تیریاں پراں نوں ذرا! اڈنا سکھائیے

ਖੁਸ਼ੀਆਂ

ਖੁਸ਼ੀਆਂ ਜੇ ਭਾਗੀਂ ਹੋਣ ਰੱਜ ਕੇ ਮਨਾਈਏ
ਹਾਣ ਦਿਆਂ ਹਾਣੀਆਂ 'ਚ, ਘੁਲ-ਮਿਲ ਜਾਈਏ
ਸੰਗ ਤੇ ਸ਼ਰਮ ਦੀਆਂ ਧੱਜੀਆਂ ਉਡਾਈਏ
ਕੰਮ ਦੇ ਇਸ਼ਾਰੇ ਤੋਂ ਨਾ ਕੰਨੀਂ ਕਤਰਾਈਏ।
ਆ ਜਾ! ਆ ਜਾ!! ਆ ਜਾ!!! ਤੈਨੂੰ ਨੱਚਣਾ ਸਿਖਾਈਏ।

ਆ ਜਾ! ਛਾਲ ਮਾਰ ਕੇ ਗਿੱਧੇ ਦੇ ਵਿੱਚ ਆ ਜਾ!
ਆਪ ਸਿੱਖ ਜਾ ਤੇ ਕੁੱਝ ਸਾਨੂੰ ਵੀ ਸਿਖਾ ਜਾ
ਖੁਸ਼ੀਆਂ ਦੇ ਮੀਂਹ ਵਿੱਚੋਂ ਖੁਸ਼ੀਆਂ ਵੰਡਾ ਜਾ
ਚੰਨ ਜਿਹੇ ਸਮੇਂ ਨੂੰ ਤੂੰ ਚਾਰ ਚੰਨ ਲਾ ਜਾ
ਦਿਲ ਦੇ ਪਤੰਗੇ ਨੂੰ ਨਾ ਦਿਲ 'ਚ ਛੁਪਾਈਏ
ਚੱਲੇ ਜੇ ਹਵਾ ਤਾਂ ਗੁੱਡੀ ਅੰਬਰੀਂ ਚੜ੍ਹਾਈਏ।
ਆ ਜਾ! ਆ ਜਾ!! ਆ ਜਾ!!! ਤੈਨੂੰ ਨੱਚਣਾ ਸਿਖਾਈਏ।

ਰੰਗ ਨਾਲ ਰਲਦਾ ਪੰਜਾਬੀ ਸੂਟ ਪਾ ਕੇ
ਹਾਰ ਤੇ ਸ਼ਿੰਗਾਰ ਜ਼ਰਾ! ਚੱਜ ਨਾਲ ਲਾ ਕੇ
ਪੂੰਛਾਂ ਵਾਲਾ ਸੁਰਮਾ ਅੱਖਾਂ ਦੇ ਵਿੱਚ ਪਾ ਕੇ
ਪਲਕਾਂ ਚੋਂ ਪੋਲੀ ਜਿਹੀ ਅੱਖ ਮਟਕਾ ਕੇ
ਇੱਕ ਗੇੜਾ ਦੇ ਜਾ ਨੀ! ਤੂੰ ਗਿੱਧੇ ਵਿੱਚ ਆ ਕੇ
ਸਾਨੂੰ ਵੀ ਦਿਖਾ ਜਾ! ਜ਼ਰਾ ਲੱਕ ਲਚਕਾ ਕੇ
ਆ ਜਾ ਨੱਚੀਏ! ਤੇ ਨਾਲ ਦੇ ਨਚਾਈਏ।
ਆ ਜਾ! ਆ ਜਾ!! ਆ ਜਾ!!! ਤੈਨੂੰ ਨੱਚਣਾ ਸਿਖਾਈਏ।

•

خوشیاں

خوشیاں جے بھاگیں ہون رج کے منائیے
ہان دیاں ہانیاں 'چ، گھل مل جائیے
سنگ تے شرم دیاں دھجیاں اڈائیے
کم دے اشارے توں نہ کنیں کترائیے
آ جا! آ جا!! آ جا!!! تینوں نچنا سکھائیے

آ جا! چھال مار کے گدھے دے وچ آ جا!
آپ سکھ جا تے کجھ سانوں وی سکھا جا
خوشیاں دے مینہہ وچوں خوشیاں ونڈا جا
چن جہے سمیں نوں توں چار چن لا جا
دل دے پتنگے نوں نہ دل 'چ چھپائیے
چلے جے ہوا تاں گڈی امبریں چڑھائیے
آ جا! آ جا!! آ جا!!! تینوں نچنا سکھائیے

رنگ نال رلدا پنجابی سوٹ پا کے
ہار تے شنگار ذرا! چج نال لا کے
پونچھاں والا سرمہ اکھاں دے وچ پا کے
پلکاں چوں پولی جہی اکھ مٹکا کے
اک گیڑا دے جا نی! توں گدھے وچ آ کے
سانوں وی دکھا جا! ذرا لک لچکا کے
آ جا نچیے! تے نال دے نچائیے
آ جا! آ جا!! آ جا!!! تینوں نچنا سکھائیے

ਤੇਰਾ ਮੁੜ ਜਾਣਾ

ਸਮਝ ਨਹੀਂ ਆਇਆ ਮੇਰੇ,
ਤੇਰਾ ਚੁੱਪ-ਚੁਪੀਤੇ ਮੁੜ ਜਾਣਾ।
ਦੱਸ! ਕਿਹੜੇ ਕੰਮ ਆਊ,
ਤੇਰਾ ਭਰੇ-ਭਰਾਏ ਤੁਰ ਜਾਣਾ।

ਉੱਚੀ ਟੀਸੀ ਤੋਂ ਜਦ ਦਿਸਿਆ,
ਦੁੱਧ ਚਿੱਟਾ ਰੰਗ ਤੇਰਾ।
ਦਿਲ ਨੂੰ ਪਤਾ ਨਹੀਂ ਕੀ ਹੋਇਆ,
ਡੱਕਿਆ ਅਸੀਂ ਬਥੇਰਾ।

ਰਾਤੀਂ ਪਰਬਤ ਉੱਪਰ,
ਤੇਰਾ ਬਰਫ਼ ਰੂਪ ਬਣ ਜਾਣਾ।
ਸੂਰਜ ਦੇ ਚੜ੍ਹਦੇ ਹੀ,
ਤੇਰਾ ਖੁਰਦੇ-ਖੁਰਦੇ ਖੁਰ ਜਾਣਾ।

ਸਮਝ ਨਹੀਂ ਆਇਆ ਮੇਰੇ,
ਤੇਰਾ ਚੱਪ-ਚੁਪੀਤੇ ਮੁੜ ਜਾਣਾ।

ਬਿੜਕ ਤੇਰੇ ਕਦਮਾਂ ਦੀ,
ਤੇਰੀਆਂ ਕਈ ਗੱਲਾਂ ਕਰ ਜਾਵੇ।
ਸ਼ੂਕ ਤੇਰੇ ਸਾਹਾਂ ਦੀ,
ਸਾਡੇ ਸੀਨੇਂ 'ਤੇ ਲੜ ਜਾਵੇ।
ਰੋਜ਼ ਰੀਝ ਆਬਣ ਨੂੰ ਜੰਮੇ,
ਦਿਨ ਚੜ੍ਹਦੇ ਮਰ ਜਾਵੇ।

تیرا مڑ جانا

سمجھ نہیں آیا میرے،
تیرا چپ چپیتے مڑ جانا
دس! کیہڑے کم آؤ،
تیرا بھرے بھرائے تر جانا

اُچی ٹیسی توں جد دسیا،
دودھ چٹا رنگ تیرا
دل نوں پتہ نہیں کیہ ہویا،
ڈکیا اسیں بتھیرا

راتیں پربت اپر،
تیرا برف روپ بن جانا
سورج دے چڑھدے ہی،
تیرا کھردے کھردے کھر جانا

سمجھ نہیں آیا میرے،
تیرا چپ چپیتے مڑ جانا

بڑک تیرے قدماں دی،
تیریاں کئی گلاں کر جاوے
شوک تیرے ساہاں دی،
ساڈے سینیں تے لڑ جاوے
روز ریجھ آتھن نوں جمے،
دن چڑھدے مر جاوے

ਸਾਰੀ ਰਾਤ ਪਰਾਂ ਨਾਲ ਕੱਜਣਾ,
ਤੜਕਸਾਰ ਹੀ ਉੜ ਜਾਣਾ।

ਸਮਝ ਨਹੀਂ ਆਇਆ ਮੇਰੇ,
ਤੇਰਾ ਚੁੱਪ-ਚੁਪੀਤੇ ਮੁੜ ਜਾਣਾ।

ਸਾਰੀ ਰਾਤ ਨਾ ਥੱਕੀ,
ਨਜ਼ਰ ਤੇਰੇ ਵੱਲ ਵੇਖੇ।
ਸੱਤਰੰਗੀਆਂ ਪੀਂਘਾਂ ਝੂਟਣ ਦੇ,
ਪਲ-ਪਲ ਪਏ ਭੁਲੇਖੇ
ਜਦ ਹੱਥ ਠੰਡੇ ਹੁੰਦੇ ਜਾਪੇ ਤਾਂ,
ਸਾਹਾਂ ਦੇ ਨਾਲ ਸੇਕੇ।

ਵਾਧੂ ਭਰੇ ਖ਼ਜ਼ਾਨੇ,
ਲੇਕਿਨ ਅੱਖ ਖੁੱਲ੍ਹਦੇ ਹੀ ਖੁੜ ਜਾਣਾ।

ਸਮਝ ਨਹੀਂ ਆਇਆ ਮੇਰੇ,
ਤੇਰਾ ਚੁੱਪ-ਚੁਪੀਤੇ ਮੁੜ ਜਾਣਾ।
ਦੱਸ! ਕਿਹੜੇ ਕੰਮ ਆਊ,
ਤੇਰਾ ਭਰੇ-ਭਰਾਏ ਰੁੜ ਜਾਣਾ।

•

ساری رات پراں نال کجنا،
تڑکسار ہی اڑ جانا

سمجھ نہیں آیا میرے،
تیرا چپ چپیتے مڑ جانا

ساری رات نہ تھکی،
نظر تیرے ول ویکھے
سترنگیاں پینگھاں جھوٹن دے،
پل پل پئے بھلیکھے
جد ہتھ ٹھنڈے ہوندے جاپے تاں،
ساہاں دے نال سیکے

وادھو بھرے خزانے،
لیکن اکھ کھلھدے ہی تھڑ جانا

سمجھ نہیں آیا میرے،
تیرا چپ چپیتے مڑ جانا
دس! کیہڑے کم آؤں،
تیرا بھرے بھرائے تر جانا

ਨੀਲੀਆਂ ਅੱਖਾਂ ਦਾ ਆਸਮਾਨ

ਨੀਲੇ ਆਸਮਾਨ ਨੂੰ
ਮੈਂ ਨੀਝ ਨਾਲ ਤੱਕਿਆ
ਨ੍ਹਿਮੀ-ਨ੍ਹਿਮੀ ਫੁਹਾਰ ਤੋਂ ਬਾਅਦ
ਸੂਰਜ ਅਸਤ ਹੋਣ ਤੋਂ ਪਲ ਕੁ ਪਹਿਲਾਂ
ਸੱਤਰੰਗੀ ਪੀਂਘ ਦੇ ਨਜ਼ਾਰੇ
ਲਾਲ ਚਿੱਟੇ ਤੇ ਕਾਲੇ ਬੱਦਲ ਦੇਖੇ।
ਪੂਰਣਮਾਸੀ ਦੇ ਚੰਨ ਦੀ
ਅੱਧੀ ਰਾਤੇ ਜਵਾਨੀ ਦੇਖੀ।

ਮੱਸਿਆ ਦੀ ਰਾਤ
ਸਪਤ ਰਿਸ਼ੀ ਮੰਡਲ 'ਤੇ ਗਿੱਟੀਆ
ਧਰੂ ਤਾਰੇ ਦੀ ਪਰਿਕਰਮਾ ਕਰਦੀਆਂ।

ਨੀਲਾ ਅਸਮਾਨ
ਵਾਰ-ਵਾਰ ਦੇਖਿਆ
ਮੈਂ ਲਗਾਤਾਰ ਦੇਖਿਆ।

ਅੱਜ ਮੈਂ ਅਚਾਨਕ
ਤੇਰੀਆਂ ਅੱਖਾਂ ਨੂੰ ਦੇਖ ਬੈਠਾ
ਨੀਲੀਆਂ ਅੱਖਾਂ 'ਚ
ਕਿੰਨੇ ਆਸਮਾਨ ਦੇਖੇ
ਕਿੰਨੇ ਜਹਾਨ ਦੇਖੇ
ਕਿੰਨਾ ਸਹਿਜ
ਤੇ ਕਿੰਨੇ ਤੂਫ਼ਾਨ ਦੇਖੇ।

نیلیاں اکھاں دا آسمان

نیلے آسمان نوں
میں نیجھ نال تکیا
نھمی نھمی پھہار توں بعد
سورج است ہون توں پل کو پہلاں
سترنگی پینگھ دے نظارے
لال چٹے تے کالے بدل دیکھے
پورنماسی دے چن دی
ادھی راتے جوانی دیکھی

مسیا دی رات
سپت رشی منڈل تے گٹیا
دھرو تارے دی پرکرما کردیاں

نیلا اسمان
وار وار دیکھیا
میں لگاتار دیکھیا

اج میں اچانک
تیریاں اکھاں نوں دیکھ بیٹھا
نیلیاں اکھاں چ
کنے آسمان دیکھے
کنے جہان دیکھے
کنا سہج
تے کنے طوفان دیکھے

ਤੇਰੀ ਤਸਵੀਰ ਨੇ
ਤੇਰੇ ਨੈਣ੍ਹਾਂ ਦੇ ਤੀਰ ਨੇ
ਜੀਣ ਜੋਗੇ ਨਹੀਂ ਛੱਡਿਆ
ਤੇ ਮਰਨ ਨੂੰ ਹੁਣ ਦਿਲ ਨਹੀਂ ਕਰਦਾ।

ਦਿਲ ਕਰਦਾ ਹੈ
ਉੱਡ ਕੇ ਆ ਜਾਣ ਨੂੰ
ਅੱਖਾਂ ਚਾਰ ਕਰਨ ਨੂੰ
ਤੇਰਾ ਸੇਕ ਹੰਢਾਉਣ ਨੂੰ
ਡਰ ਵੀ ਲੱਗਦਾ ਹੈ
ਢਲਦਾ ਪਰਛਾਵਾਂ ਹਾਂ
ਕਿਤੇ ਵੇਂਹਦਿਆਂ ਨਾ ਮਰ ਜਾਵਾਂ
ਗਰਮ ਹੋਣਾ ਤਾਂ ਪਾਸੇ ਰਿਹਾ
ਠੰਡਾ ਹੋ ਜਾਵਾਂ ਠਰ੍ਹ ਜਾਵਾਂ।

•

تیری تصویر نے
تیرے نیناں دے تیر نے
جین جوگے نہیں چھڈیا
تے مرن نوں ہن دل نہیں کردا

دل کردا ہے
اڈ کے آ جان نوں
اکھاں چار کرن نوں
تیرا سیک ہنڈھاؤن نوں
ڈر وی لگدا ہے
ڈھلدا پرچھاواں ہاں
کتے ویہندیاں نہ مر جاواں
گرم ہونا تاں پاسے رہا
ٹھنڈا ہو جاواں ٹھرھ جاواں

ਦਿਲ

ਸਾਡਾ ਵੀ ਇਹ ਦਿਲ
ਕਿਤੇ ਦਿਲਾਂ ਵਾਲਿਆਂ ਨੇ
ਚੁੱਕ ਦਿਲ ਨਾਲ ਲਾਇਆ ਹੁੰਦਾ।
ਕਦੇ ਦਿਲ ਅੱਖੀਆਂ ਨੂੰ ਆਖਦਾ ਨਾ ਬੋਲੋ ਨੀ।

ਉਮਰ ਬਿਤਾਈ ਹੁੰਦੀ
ਰਾਤ ਲਾਗੇ ਆਈ ਹੁੰਦੀ
ਰੀਝਾਂ ਨੂੰ ਮੈਂ ਆਖ ਦੇਂਦਾ ਹੱਡੀਆਂ ਨਾ ਰੋਲੋ ਨੀ।

ਜ਼ਿੰਦਗੀ ਦੀ ਪਹੁ ਫੁੱਟੇ
ਸਾਡੇ ਸਾਰੇ ਸਾਜ਼ ਟੁੱਟੇ
ਕਦੋਂ ਜਾ ਕੇ ਸ਼ਾਮ ਪੈਣੀ
ਹਾਲੇ ਤਾਂ ਸਵੇਰ ਹੀ ਹੈ
ਤਾਂ ਹੀ ਦਿਲ ਆਖਦਾ ਹੈ ਰੀਝੋ-ਰੀਝ ਬੋਲੋ ਨੀ।

ਕੋਈ ਮੇਰਾ ਯਾਰ
ਉੱਠ ਮਾਂ ਨੂੰ ਸੁਣਾਵੇ ਦੁੱਖ
ਮੜ੍ਹੀਆਂ ਦੀ ਮਿੱਟੀ 'ਚੋਂ
ਜੇ ਕੁੱਝ ਨਾ ਪਛਾਣ ਹੋਵੇ
ਕਿੰਝ ਆਖਾਂ ਉਂਗਲਾਂ ਨੂੰ ਧਰਤੀ ਫਰੋਲੋ ਨੀ।

•

دِل

ساڈا وی ایہہ دل
کتے دلاں والیاں نے
چک دل نال لایا ہوندا
کدے دل اکھیاں نوں آکھدا نہ بولو نی

عمر بتائی ہوندی
رات لاگے آئی ہوندی
ریجھاں نوں میں آکھ دیندا ہڈیاں نہ رولو نی

زندگی دی پہُ فٹے
ساڈے سارے ساز ٹٹے
کدوں جا کے شام پینی
حالے تاں سویر ہی ہے
تاں ہی دل آکھدا ہے ریجھو ریجھو بولو نی

کوئی میرا یار
اٹھ ماں نوں سناوے دکھ
مڑھیاں دی مٹی 'چوں
جے کجھ نہ پچھان ہووے
کنج آکھاں انگلاں نوں دھرتی پھرولو نی

ਮੰਜ਼ਿਲ

ਇੱਕ ਹੁਸਨ ਨੂੰ
ਇੱਕ ਪਿਆਰ ਨੂੰ
ਅੱਖੀਆਂ ਸਹਾਰੇ ਮਾਨਣਾ
ਪਿਆਰ ਰਮਝਾਂ, ਦਿਲੀਂ ਸਮਝਾਂ
ਮੁਸਕਣੀ 'ਚੋਂ ਤੱਕਣਾ, ਮੇਰੀ ਕੋਈ ਮੰਜ਼ਿਲ ਨਹੀਂ।

ਰਮਝਾਂ ਤੇ ਸਮਝਾਂ ਤੋਂ ਅੱਗੇ
ਹੋਰ ਵੀ ਹੈ ਕੁੱਝ ਅਜੀਜ਼
ਬਹੁਤ ਲੰਮੀ ਆਸ ਹੈ
ਬਹੁਤ ਜ਼ਿਆਦਾ ਪਿਆਸ ਹੈ।

ਤਾਰਿਆਂ 'ਤੇ ਅੱਜ ਲੋਕੀਂ ਪਾਹੁੰਚ ਗਏ
ਪਰ ਇਹ ਤਾਂ ਇੱਕ ਮੁਸਕਣੀ ਹੈ
ਇਹ ਤਾਂ ਬਸ! ਇੱਕ ਤੱਕਣੀ ਹੈ।

ਬਹੁਤ ਕੁੱਝ ਹੈ ਤਾਰਿਆਂ ਤੋਂ ਬਹੁਤ ਦੂਰ
ਪਿਆਰ ਇੱਕ ਮੁਸਕਾਣ ਤਕ ਸੀਮਿਤ ਨਹੀਂ
ਪਲਕ ਬਸ! ਸ਼ਰਮਾਉਣ ਤਕ ਸੀਮਿਤ ਨਹੀਂ
ਹਾਂ ਇਹ ਸਭ ਮੁਸਕਾਣ ਤੋਂ ਚੱਲਦਾ ਜਰੂਰ।

ਪਰ ਬਹੁਤ ਕੁੱਝ ਹੈ ਤਾਰਿਆਂ ਤੋਂ ਬਹੁਤ ਦੂਰ।
ਬਹੁਤ ਕੁੱਝ ਹੈ ਤਾਰਿਆਂ ਤੋਂ ਬਹੁਤ ਦੂਰ।

•

منزل

اک حسن نوں
اک پیار نوں
اکھیاں سہارے ماننا
پیار رمزاں، دلیں سمجھاں
مسکنی 'چوں تکنا، میری کوئی منزل نہیں

رمزاں تے سمجھاں توں اگے
ہور وی ہے کجھ عزیز
بہت لمی آس ہے
بہت زیادہ پیاس ہے

تاریاں تے اج لوکیں پہنچ گئے
پر ایہہ تاں اک مسکنی ہے
ایہہ تاں بس! اک تکنی ہے

بہت کجھ ہے تاریاں توں بہت دور
پیار اک مسکان تک سیمت نہیں
پلک بس! شرماؤن تک سیمت نہیں
ہاں ایہہ سبھ مسکان توں چلدا ضرور
پر بہت کجھ ہے تاریاں توں بہت دور
بہت کجھ ہے تاریاں توں بہت دور

ਸੁਪਨਿਆਂ ਨੂੰ

ਜਿਉਣ ਜੋਗੇ ਸੁਪਨਿਆ!
ਜਿਉਂਦਾ ਰਹੇਂ ਲੱਖ ਸਾਲ
ਮਾਹੀ ਮਾਣਾਂ, ਖੁੱਲ-ਮ-ਖੁੱਲੀ
ਸ਼ਰਮ ਤੁਲੇ ਕੱਖ ਨਾਲ।

ਸੇਜ ਵਿਛਾਵਾਂ, ਖੁਸਦੀ ਜਾਵਾਂ
ਮਾਹੀ ਦੇ ਗਲ ਬਾਹਾਂ ਪਾਵਾਂ
ਸੁਪਨਿਆਂ ਆੜੀ ਛੱਡ ਨਾ ਜਾਵੀਂ
ਅੱਜ ਮੇਰਾ ਪੱਖ ਪਾਲ।

ਤੂੰ ਜਿਉਂਦਾ ਰਹੇ ਲੱਖ ਸਾਲ।

•

سپنیاں نُوں

جیون جوگے سپنیا!
جیوندا رہیں لکھ سال
ماہی ماناں، کھل م کھلی
شرم تلے ککھ نال

سیج وچھاواں، کھسدی جاواں
ماہی دے گل باہاں پاواں
سپنیاں آڑی چھڈ نہ جاویں
اج میرا پکھ پال

توں جیوندا رہے لکھ سال

ਬਾਗ਼ ਹਵਾਲੇ ਤੇਰੇ

ਅੰਬਾਂ ਦੇ ਸੋਕੀਨ ਮਿੱਤਰਾ! ਸਾਰਾ ਬਾਗ਼ ਹਵਾਲੇ ਤੇਰੇ,
ਲਾਗੋਂ-ਲਾਗੋਂ ਲੰਘ ਜਾਏਂ ਤੂੰ, ਜ਼ਰਾ ਹੋ ਕੇ ਤਾਂ ਦੇਖ ਨੇੜੇ-ਨੇੜੇ।

ਅੰਬਾਂ ਦੀਆਂ ਬੂਬੀਆਂ ਨੂੰ ਵੇਖੇਂ ਜਿਵੇਂ ਚੋਰ ਵੇ,
ਬਾਗ਼ ਵਿੱਚ ਰਸੇ ਹੋਏ ਫ਼ਲ ਕਈ ਹੋਰ ਵੇ,
ਫੁੱਲਾਂ ਦੀ ਮਹਿਕ ਨਾਲ ਮਹਿਕਦਾ ਹੈ ਬਾਗ਼ ਸਾਰਾ,
ਜੱਗ ਜਾਣਦਾ ਹੈ ਚਾਰ-ਚੁਫ਼ੇਰੇ।
ਵੇ ਅੰਬਾ ਦੇ ਸੋਕੀਨ ਮਿੱਤਰਾ.....।

ਰੰਗ ਤੇ ਮਹਿਕ ਕੂਲੇ ਪੱਤਿਆਂ ਦੇ ਨਾਲ ਵੇ,
ਕਈ ਨੇ ਸ਼ਿਕਾਰੀ ਸੁੱਟੀ ਫਿਰਦੇ ਜੋ ਜਾਲ਼ ਵੇ,
ਚੋਗਾ ਚੁੱਕੀ ਫਿਰਦੇ ਕਬੂਤਰ ਜੇ ਕਾਬੂ ਆਉਣ
ਨਿੱਤ ਮਾਰਦੇ ਨੇ ਕਈ-ਕਈ ਗੇੜੇ।
ਵੇ ਅੰਬਾ ਦੇ ਸੋਕੀਨ ਮਿੱਤਰਾ.....।

ਫੁੱਲਾਂ-ਫ਼ਲਾਂ ਦੀ ਵੀ ਰੀਝ ਹੁੰਦੀ ਕੋਈ ਆਵੇ ਵੇ,
ਮਾਸਾ ਸੁੰਘੇ ਕੋਈ ਤੇ ਸਵਾਦ ਨਾਲ ਖਾਵੇ ਵੇ,
ਉਡੀਕਿਆ ਉਮਰ ਭਰ ਆਵੇ ਅਪਣਾਵੇ ਕੋਈ,
ਅਸੀਂ ਖ਼ੁਦ ਜਾਣੀਏ ਜਾਂ ਸਾਡੇ ਜੇਰੇ।
ਵੇ ਅੰਬਾ ਦੇ ਸੋਕੀਨ ਮਿੱਤਰਾ.....।

ਸਿਖ਼ਰ ਦੁਪਿਹਰੇ ਪਰਛਾਵੇਂ ਵੀ ਨਹੀਂ ਦਿਸਦੇ,
ਜ਼ਖ਼ਮ ਨਾਸੂਰ ਬਣ ਵਿੱਚੇ-ਵਿੱਚ ਰਿਸਦੇ,
ਮਾਲੀ ਬਣ ਕੇ ਜਾਂ ਕੋਈ ਬਣ ਕੇ ਹਕੀਮ ਆਵੇ,
ਮਾਰੇ ਦਿਲ ਦੀ ਦਹਿਲੀਜ਼ ਉੱਤੇ ਫੇਰੇ।
ਵੇ ਅੰਬਾ ਦੇ ਸੋਕੀਨ ਮਿੱਤਰਾ.....।

باغ حوالے تیرے

امباں دے شوقین مترا! سارا باغ حوالے تیرے،
لاگوں لاگوں لنگھ جائیں توں، ذرا ہو کے تاں دیکھ نیڑے نیڑے

امباں دیاں بوہیاں نوں ویکھیں جویں چور وے،
باغ وچ رسے ہوئے پھل کئی ہور وے،
پھلاں دی مہک نال مہکدا ہے باغ سارا،
جگ جاندا ہے چار چفیرے
وے امبا دے شوقین مترا.....

رنگ تے مہک کولے پتیاں دے نال وے،
کئی نے شکاری سٹی پھردے جو جال وے،
چوغا چکی پھردے کبوتر جے قابو آؤن
نت ماردے نے کئی کئی گیڑے
وے امبا دے شوقین مترا.....

پُھلاں فلاناں دی وی ریجھ ہوندی کوئی آوے وے،
ماسہ سنگھے کوئی تے سواد نال کھاوے وے،
اڈیکیا عمر بھر آوے اپناوے کوئی،
اسیں خود جانیے جاں ساڈے جیرے
وے امبا دے شوقین مترا.....

سِکھر دپہرے پرچھاویں وی نہیں دسدے،
زخم ناسور بن وچے وچے رسدے،
مالی بن کے جاں کوئی بن کے حکیم آوے،
مارے دل دی دیہلیز اتے پھیرے
وے امبا دے شوقین مترا.....

ਆਸ਼ਿਕ

ਆਸ਼ਿਕ ਜੇਡ ਬੇਅਕਲ ਨਾ ਕੋਈ, ਵਾਰਿਸ ਸ਼ਾਹ ਫ਼ਰਮਾਵੇ।
ਫਿਰ ਵੀ ਹਰ ਕੋਈ ਇਸ ਦੁਨੀਆਂ ਵਿੱਚ ਆਸ਼ਿਕ ਬਣਨਾ ਚਾਹਵੇ।

ਆਪਣੇ ਦਿਲ ਦਾ ਦਰਦ ਸਾਰਾ ਹੀ ਦੁਨੀਆ ਨੂੰ ਦੱਸ ਆਵੇ,
ਆਪਣੀ ਮਿੱਟੀ ਆਪੇ ਪੁੱਟ ਕੇ ਆਪਣੇ ਸਿਰ ਵਿੱਚ ਪਾਵੇ।

ਜਾਣਦਿਆਂ ਕੰਡਿਆਲੀਆਂ ਰਾਹਾਂ ਰਸਤਾ ਪਥਰੀਲਾ ਹੈ,
ਪਤਾ ਨਹੀਂ ਫਿਰ ਵੀ ਕਿਉਂ ਹਰ ਕੋਈ ਇਸ 'ਤੇ ਤੁਰਨਾ ਚਾਹਵੇ।

ਪਤਾ ਹੈ ਸਭ ਨੂੰ ਕਿ ਸ਼ਿਕਰਾ ਬਸ! ਦਿਲ ਦਾ ਮਾਸ ਹੀ ਖਾਂਦਾ ਹੈ,
ਚਾਈਂ-ਚਾਈਂ ਲੇਕਿਨ ਹਰ ਕੋਈ ਦਿਲ ਦਾ ਮਾਸ ਖਵਾਵੇ।

ਆਪਣੀ ਮਰਜ਼ੀ ਦੇ ਨਾਲ ਆਸ਼ਿਕ ਸੂਲੀ 'ਤੇ ਚੜ੍ਹ ਜਾਵੇ
ਸਭ ਕੁੱਝ ਜਾਣਦਿਆਂ ਜੋ ਫਸਿਆ ਉਸਨੂੰ ਕੌਣ ਛੁਡਾਵੇ।

•

عاشق

عاشق جیڈ بے عقل نہ کوئی، وارث شاہ فرماوے
پھر وی ہر کوئی اس دنیاں وچ عاشق بننا چاہوے

اپنے دل دا درد سارا ہی دنیا نوں دس آوے،
اپنی مٹی آپے پٹ کے اپنے سر وچ پاوے

جاندیاں کنڈیالیاں راہاں رستہ پتھریلا ہے،
پتہ نہیں پھر وی کیوں ہر کوئی اس تے ترنا چاہوے

پتہ ہے سبھ نوں کہ شکرہ بس! دل دا ماس ہی کھاندا ہے،
چائیں چائیں لیکن ہر کوئی دل دا ماس کھواوے

اپنی مرضی دے نال عاشق سولی تے چڑھ جاوے
سبھ کجھ جاندیاں جو پھسیا اسنوں کون چھڈاوے

ਵੈਲਨਟਾਈਨ ਦਾ ਤੋਹਫ਼ਾ

ਵੈਲਨਟਾਈਨ ਦਾ ਤੋਹਫ਼ਾ ਦੱਸਿਓ! ਮੈਂ ਕਿਸਨੂੰ ਦੇ ਆਵਾਂ।
ਦਿਲ ਤਾਂ ਦਿਲ ਬਦਲੇ ਦੇ ਹੁੰਦਾ ਕਿਸ ਨਾਲ ਦਿਲ ਵਟਾਵਾਂ।

ਰੱਬ ਬਣਾਵੇ ਤਾਹੀਓਂ ਬਣਦੇ ਮਹਿਰਮ ਦਿਲਾਂ ਦੇ ਜਾਨੀ
ਆਪਣੇ ਗਲ ਵਿੱਚ ਆਪਣੇ ਹੱਥੀਂ ਵਰਮਾਲਾ ਕਿੰਝ ਪਾਵਾਂ।

ਏਨਾ ਚੰਗਾ ਗੁਰ ਚਰਨਾਂ ਨਾਲ ਜੁੜਿਆ ਰਹਿੰਦਾ ਸੁੱਨੜ,
ਤੇਰੇ ਦਰ ਤੋਂ ਮਿਲਦਾ ਸਭ ਕੁੱਝ ਇਸ ਲਈ ਤੈਨੂੰ ਧਿਆਵਾਂ।

ਹੋਰ ਕੋਈ ਰਾਹ ਵੀ ਨਹੀਂ ਦਿਸਦਾ ਜਿਸ 'ਤੇ ਤੁਰ ਕੇ ਵੇਖਾਂ,
ਏਨੀ ਮਿਹਰ ਕਰੀ ਰੱਖੀਂ ਕਿ ਤੇਰੇ ਨਾਲ ਨਿਭਾਵਾਂ।

•

ویلنٹائین دا تحفہ

ویلنٹائین دا تحفہ دسیو! میں کس نوں دے آواں
دل تاں دل بدلے دے ہوندا کس نال دل وٹاواں

رب بناوے تاہیوں بندے محرم دلاں دے جانی
اپنے گل وچ اپنے ہتھیں ورمالا کنج پاواں

اینا چنگا گر چرناں نال جڑیا رہندا سنڑ،
تیرے در توں ملدا سبھ کجھ اس لئی تینوں دھیاواں

ہور کوئی راہ وی نہیں دسدا جس تے تر کے ویکھاں،
اینی مہر کری رکھیں کہ تیرے نال نبھاواں

ਵੈਲਨਟਾਈਨ ਦਾ ਤੋਹਫ਼ਾ

ਵੈਲਨਟਾਈਨ ਦਾ ਤੋਹਫ਼ਾ ਦੱਸਿਓ! ਮੈਂ ਕਿਸਨੂੰ ਦੇ ਆਵਾਂ।
ਦਿਲ ਤਾਂ ਦਿਲ ਬਦਲੇ ਦੇ ਹੁੰਦਾ ਕਿਸ ਨਾਲ ਦਿਲ ਵਟਾਵਾਂ।

ਰੱਬ ਬਣਾਵੇ ਤਾਹੀਓਂ ਬਣਦੇ ਮਹਿਰਮ ਦਿਲਾਂ ਦੇ ਜਾਨੀ
ਆਪਣੇ ਗਲ ਵਿੱਚ ਆਪਣੇ ਹੱਥੀਂ ਵਰਮਾਲਾ ਕਿੰਝ ਪਾਵਾਂ।

ਏਨਾ ਚੰਗਾ ਗੁਰ ਚਰਨਾਂ ਨਾਲ ਜੁੜਿਆ ਰਹਿੰਦਾ ਸੁੱਨੜ,
ਤੇਰੇ ਦਰ ਤੋਂ ਮਿਲਦਾ ਸਭ ਕੁੱਝ ਇਸ ਲਈ ਤੈਨੂੰ ਧਿਆਵਾਂ।

ਹੋਰ ਕੋਈ ਰਾਹ ਵੀ ਨਹੀਂ ਦਿਸਦਾ ਜਿਸ 'ਤੇ ਤੁਰ ਕੇ ਵੇਖਾਂ,
ਏਨੀ ਮਿਹਰ ਕਰੀ ਰੱਖੀਂ ਕਿ ਤੇਰੇ ਨਾਲ ਨਿਭਾਵਾਂ।

•

ویلنٹائین دا تحفہ

ویلنٹائین دا تحفہ دسیو! میں کس نوں دے آواں
دل تاں دل بدلے دے ہوندا کس نال دل وٹاواں

رب بناوے تاہیوں بندے محرم دلاں دے جانی
اپنے گل وچ اپنے ہتھیں ورمالا کنج پاواں

اینا چنگا گر چرناں نال جڑیا رہندا سنڑ،
تیرے در توں ملدا سبھ کجھ اس لئی تینوں دھیاواں

ہور کوئی راہ وی نہیں دسدا جس تے تر کے ویکھاں،
اینی مہر کری رکھیں کہ تیرے نال نبھاواں

ਆਸ

ਜਿਸਦੇ ਮਿਲਣ ਦੀ ਆਸ ਹੋਵੇ, ਤਾਂ ਯਾਦ ਵੀ ਉਸਦੀ ਆਵੇ,
ਦਿਲ ਵਿੱਚ ਜਿਸ ਲਈ ਪਲੰਘ ਵਿਛੇ, ਉਹ ਆਵੇ ਜਾਂ ਨਾ ਆਵੇ
ਹਰ ਇੱਕ ਸੋਚ 'ਚ ਜੋ ਵਸਦਾ, ਜਿਸਦਾ ਸਾਇਆ ਹਰ ਪਾਸੇ
ਜਿਉਂ-ਜਿਉਂ ਹੈ ਦਿਨ ਢਲਦਾ ਜਾਂਦਾ, ਪਰਛਾਵਾਂ ਵਧਦਾ ਜਾਵੇ।

ਹਰ ਇਕ ਦਰਦ ਦਾ ਦਾਰੂ ਹੁੰਦਾ ਹੈ ਦੁਨੀਆ ਵਿੱਚ ਸੁਣਿਆ,
ਪਰ ਦਿਲ ਦੇ ਜ਼ਖ਼ਮਾਂ 'ਤੇ ਦੱਸਿਓ! ਕੋਈ ਲਾਵੇ ਤਾਂ ਕੀ ਲਾਵੇ।
'ਛੱਡ ਪਰ੍ਹੇ' ਕਰਨਾ ਚਾਹਿਆ ਪਰ ਗੱਲ ਨਹੀਂ ਬਣਦੀ ਦਿਸਦੀ,
ਸੁੱਨਤ ਨੂੰ ਤਾਂ ਸਮਝ ਹੈ ਸਾਰੀ, ਦਿਲ ਨੂੰ ਕੌਣ ਸਮਝਾਵੇ।

•

آس

جسدے ملن دی آس ہووے، تاں یاد وی اسدی آوے،
دل وچ جس لئی پلنگھ وچھے، اوہ آوے جاں نہ آوے
ہر اک سوچ 'چ جو وسدا، جسدا سایہ ہر پاسے
جیوں جیوں ہے دن ڈھلدا جاندا، پرچھاواں ودھدا جاوے

ہر اک درد دا دارو ہوندا ہے دنیا وچ سنیا،
پر دل دے زخماں 'تے دسیوا کوئی لاوے تاں کیہ لاوے
'چھڈ پرھے' کرنا چاہیا پر گل نہیں بندی دسدی،
سنڑ نوں تاں سمجھ ہے ساری، دل نوں کون سمجھاوے

ਸਾਜਨ

ਇਹ ਕਿਸ ਤਰ੍ਹਾਂ ਦਾ ਸਾਜਨ ਇਜ਼ਹਾਰ ਕਰ ਰਹੇ ਹੋ।
ਖਹਿੜਾ ਛੁਡਾਉਣ ਖਾਤਰ ਇਕਰਾਰ ਕਰ ਰਹੇ ਹੋ।

ਉਮੀਦ ਸੀ ਧਰੋਗੇ ਜ਼ਖ਼ਮਾਂ 'ਤੇ ਤੇਲ, ਹਲਦੀ,
ਲਾਰਾ ਲਗਾ ਕੇ ਸੱਜਰਾ ਕਿਉਂ ਵਾਰ ਕਰ ਰਹੇ ਹੋ।

ਮਾਰੂਥਲਾਂ 'ਚ ਲੱਗਿਆ ਸੀ ਹੋਏਗੀ ਮਾਸਾ ਕਿਣਮਿਣ,
ਅਣਮੁੱਲੇ ਵਲਵਲੇ ਨੂੰ ਬੇਕਾਰ ਕਰ ਰਹੇ ਹੋ।

ਇਸ ਤੋਂ ਤਾਂ ਸੀ ਖ਼ਰਾ ਕਿ ਪੈਂਦਾ ਹੀ ਨਾ ਭੁਲੇਖਾ,
ਸੱਧਰਾਂ ਜਗਾ ਕੇ ਸੁੰਨਾ ਸੰਸਾਰ ਕਰ ਰਹੇ ਹੋ।

ਗ਼ਲਤੀ ਤਾਂ ਦੱਸਦੇ ਜਾਓ ਸਾਡੇ ਤੋਂ ਕਿਹੜੀ ਹੋਈ,
ਦੋਸਤ! ਕਿਉਂ ਦੁਸ਼ਮਣੀ ਦਾ ਵਿਵਹਾਰ ਕਰ ਰਹੇ ਹੋ।

•

ساجن

ایہہ کس طرحاں دا ساجن اظہار کر رہے ہو
کھہڑا چھڈاؤن خاطر اقرار کر رہے ہو

امید سی دھروگے زخماں تے تیل، ہلدی،
لارا لگا کے سجرا کیوں وار کر رہے ہو

ماروتھلاں چ لگیا سی ہوئےگیہ ماسہ کن من،
انمُلے ولولے نوں بے کار کر رہے ہو

اس توں تاں سی خرا کہ پیندا ہی نہ بھلیکھا،
سدھراں جگا کے سنا سنسار کر رہے ہو

غلطی تاں دسدے جاؤ ساڈے توں کیہڑی ہوئی،
دوست! کیوں دشمنی دا ووہار کر رہے ہو

ਪੀੜ

ਗ਼ਮ ਨਹੀਂ ਆਪਣੇ ਕਿਸੇ ਨੂੰ ਆਪਣਾ ਨਾ ਕਹਿ ਸਕੇ,
ਗ਼ਮ ਹੈ ਸਾਰੀ ਉਮਰ, ਉਸਦੇ ਸਾਹਮਣੇ ਰਹਿਣਾ ਪਿਆ।
ਮਹਿਕ ਨੂੰ ਛੋਹ ਨਾ ਸਕੇ ਮਹਿਸੂਸ ਕੀਤਾ ਉਮਰ ਭਰ,
ਗ਼ੈਰ ਦੇ ਹੱਥਾਂ 'ਚ ਆਪਣੇ ਫੁੱਲ ਨੂੰ ਸਹਿਣਾ ਪਿਆ।

ਕਲਪਿਆ 'ਕੱਲਾ ਤੇ ਦਿਲ ਨੂੰ ਬਿੜਕ ਵੀ ਆਉਂਦੀ ਰਹੀ,
ਰੱਬ ਦੇ ਰੰਗਾਂ 'ਚ ਬਸ! ਚੁੱਪਚਾਪ ਹੀ ਬਹਿਣਾ ਪਿਆ।
ਫਾਸਲੇ, ਨਜ਼ਦੀਕੀਆਂ ਵਿੱਚ ਫ਼ਰਕ ਹੀ ਨਾ ਕਰ ਸਕੇ,
ਪੀੜ ਵੀ ਜਰਨੀ ਪਈ ਧੰਨਵਾਦ ਵੀ ਕਹਿਣਾ ਪਿਆ।

ਦੌੜ-ਭੱਜ ਕੀਤੀ ਮਗਰ ਮੰਜ਼ਿਲ ਨੂੰ ਵੀ ਨਾ ਪਾ ਸਕੇ,
ਕੰਢੇ ਵੀ ਨਾ ਲੱਗੀ ਨਦੀ, ਕੰਢਿਆਂ 'ਚ ਵਹਿਣਾ ਪਿਆ।

•

پیڑ

غم نہیں اپنے کسے نوں اپنا نہ کہہ سکے،
غم ہے ساری عمر، اسدے سامنے رہنا پیا
مہک نوں چھوہ نہ سکے محسوس کیتا عمر بھر،
غیر دے ہتھاں 'چ اپنے پھل نوں سہنا پیا

کلپیا 'کلا' تے دل نوں بڑک وی آؤندی رہی،
رب دے رنگاں 'چ بس! چپ چاپ ہی بہنا پیا
فاصلے، نزدیکیاں وچ فرق ہی نہ کر سکے،
پیڑ وی جرنی پئی دھنواد وی کہنا پیا

دوڑ بھج کیتی مگر منزل نوں وی نہ پا سکے،
کنڈھے وی نہ لگی ندی، کنڈھیاں 'چ وہنا پیا

ਮਹਿਫ਼ਿਲ

ਤੇਰੀ ਮਹਿਫ਼ਿਲ ਵਿੱਚ ਜਦ ਵੀ ਗੱਲ ਤੁਰੇ ਮੇਰੀ,
ਮਿੱਤਰ ਕਹੀਂ ਜਾਂ ਦੁਸ਼ਮਣ ਲੇਕਿਨ ਅਪਣਾ ਕਹਿ ਕੇ ਗੱਲ ਤੋਰੀਂ।
ਬੇਰ ਨਹੀਂ ਲੱਗਦੇ ਤੈਨੂੰ, ਜੋ ਰੁੱਖਾ-ਮਿੱਸਾ ਮੈਂ ਘੱਲਿਆ,
ਨਾ ਖਾਵੀਂ ਕੁੱਝ ਨਹੀਂ ਹੁੰਦਾ ਪਰ ਰੀਠੇ ਕਹਿ ਕੇ ਨਾ ਰੋੜ੍ਹੀਂ।

ਆਪਣੇ ਹੀ ਰੁੱਸਦੇ ਹੁੰਦੇ ਨੇ ਦੱਸ! ਓਪਰਿਆਂ ਨੇ ਕੀ ਰੁੱਸਣਾ,
ਘਰ ਵਿੱਚ ਭਾਂਡੇ ਖਤਕ ਪੈਂਦੇ, ਨਾ ਗੁੱਸੇ ਵਿੱਚ ਆ ਕੇ ਤੋੜੀਂ।
ਮੰਦਾ-ਚੰਗਾ ਕਹਿ ਬਹਿੰਦੇ ਕਈ ਵਾਰੀ ਬਿਨ ਸੋਚੇ ਲੋਕੀਂ,
ਸੋਚ-ਸਮਝ ਕੇ ਇੱਕ ਵਾਰੀ ਹੋ ਸਕਿਆ ਤਾਂ ਵਾਗਾਂ ਮੋੜੀਂ।

محفل

تیری محفل وچ جد وی گل ترے میری،
متر کہیں جاں دشمن لیکن اپنا کہہ کے گل توریں
بیر نہیں لگدے تینوں، جو رکھا مسا میں گھلیا،
نہ کھاویں کجھ نہیں ہوندا پر ریٹھے کہہ کے نہ روڑھیں

اپنے ہی رسدے ہوندے نے دس! اوپریاں نے کیہ رسنا،
گھر وچ بھانڈے کھڑک پیندے، نہ غصے وچ آ کے توڑیں
مندا چنگا کہہ بہندے کئی واری بن سوچے لوکیں،
سوچ سمجھ کے اک واری ہو سکیا تاں واگاں موڑیں

ਠੋਹਕਰ ‘ਤੇ ਜ਼ਮਾਨਾ

ਅਰਜ਼ੀ ਮਨਜ਼ੂਰ ਨਹੀਂ ਕੀਤੀ, ਤੁਸੀਂ ਦਿਲ ਦੀ ਅਦਾਲਤ ਵਿੱਚ,
ਦੁਨੀਆ ਕੀ ਕਹੇਗੀ ਸੱਜਣਾ! ਇਹ ਤਾਂ ਇੱਕ ਬਹਾਨਾ ਹੈ।
ਆਸ਼ਿਕ ਪਿਆਰ ਵਿੱਚ ਡੁੱਬਦੇ, ਥਲਾਂ ਵਿੱਚ ਸੜਦੇ ਵੀ ਸੁਣਿਆ,
ਮੁਹੱਬਤ ਇਸ਼ਟ ਬਣ ਜਾਵੇ ਤਾਂ ਠੋਹਕਰ ‘ਤੇ ਜ਼ਮਾਨਾ ਹੈ।

•

ٹھوکر تے زمانہ

عرضی منظور نہیں کیتی، تسیں دل دی عدالت وچ،
دنیا کیہ کہے گی سجنا! ایہہ تاں اک بہانہ ہے
عاشق پیار وچ ڈبدے، تھلاں وچ سڑدے وی سنیا،
محبت اشٹ بن جاوے تاں ٹھوہکر تے زمانہ ہے

ਸਾਂਝ ਦਿਲਾਂ ਦੀ

ਦਿਲ ਨਾਲ ਦਿਲ ਜੇ ਮਿਲ ਜਾਵੇ ਤਾਂ ਮਿਟ ਜਾਂਦੀ ਹਰ ਦੂਰੀ।
ਸਾਂਝ ਦਿਲਾਂ ਦੀ ਪਾਉਣ ਲਈ, ਨਹੀਂ ਹੁੰਦਾ ਵਸਲ ਜਰੂਰੀ।

ਇੱਕ ਛੱਤ ਹੇਠਾਂ ਰਹਿ ਕੇ ਵੀ ਕਈ 'ਕੱਲੇ-'ਕੱਲੇ ਰਹਿੰਦੇ।
ਦੋ ਦਿਲ ਜੇਕਰ ਇੱਕ ਨਹੀਂ ਬਣਦੇ ਰਹਿੰਦੀ ਸਾਂਝ ਅਧੂਰੀ।

ਜਿਹੜਾ ਰੋਂਦਿਆਂ ਘੋੜੀ ਚੜ੍ਹਦਾ, ਉਹ ਦੱਸ ਕਾਹਦਾ ਲਾੜਾ,
ਖੰਭੇ 'ਤੇ ਜੋ ਫੋਟੋ ਲਟਕੇ ਫਿਲਮਾਂ ਦੀ ਮਸ਼ਹੂਰੀ।

•

سانجھ دلاں دی

دل نال دل جے مل جاوے تاں مٹ جاندی ہر دوری
سانجھ دلاں دی پاؤن لئی، نہیں ہوندا وصل ضروری

اک چھت ہیٹھاں رہ کے وی کئی 'کلے 'کلے رہندے
دو دل جیکر اک نہیں بندے رہندی سانجھ ادھوری

جیہڑا روندیاں گھوڑی چڑھدا، اوہ دس کاہدا لاڑا،
کھمبیے تے جو فوٹو لٹکے فلماں دی مشہوری

ਮੋੜ-ਮੁੜਾਈਆਂ

ਬੰਦਿਆਂ ਵਾਂਗ ਮਿਲੇ ਵੀ ਨਹੀਂ ਸੀ, ਮੋੜ-ਮੁੜਾਈਆਂ ਹੋ ਗਈਆਂ।
ਚੱਜ ਦੇ ਨਾਲ ਜੁੜੇ ਵੀ ਨਹੀਂ ਸੀ, ਤੋੜ-ਤੁੜਾਈਆਂ ਹੋ ਗਈਆਂ।

ਵਾਅਦੇ ਕੀਤੇ ਸੁਪਨੇ ਵੇਖੇ, ਸੁਪਨੇ ਵਿੱਚ ਘਰ-ਬਾਰ ਬਣੇ,
ਸਾਡੀਆ ਰੀਝਾਂ ਸਾਡੇ ਗਲ਼ ਲੱਗ, ਬੁਸ-ਬੁਸ ਕਰਕੇ ਰੋ ਗਈਆਂ।

ਸੋਚ ਰਹੇ ਸੀ ਸ਼ਗਨ ਕਰਾਂਗੇ, ਤੇਲ ਚੋਆਂਗੇ ਸਰਦਲ 'ਤੇ,
ਸੱਧਰਾਂ ਜਦ ਪਰਤਣ ਲੱਗੀਆਂ ਤਾਂ ਦਰ 'ਤੇ ਅੱਥਰੂ ਚੋਅ ਗਈਆਂ।

ਧੜਕਣ ਤੇਜ਼ ਹੋਈ ਸੀ ਜਦ ਤੋਂ, ਤੂੰ ਸਾਡਾ ਬਣਦਾ ਦਿਸਿਆ,
ਲੇਕਿਨ ਹੁਣ ਇਉਂ ਲੱਗਦਾ ਹੈ ਜੀਕਣ ਨਬਜ਼ਾਂ ਸਭ ਖਲੋ ਗਈਆਂ।

•

موڑ مُڑائیاں

بندیاں وانگ ملے وی نہیں سی، موڑ مڑائیاں ہو گئیاں
چج دے نال جڑے وی نہیں سی، توڑ تڑائیاں ہو گئیاں

وعدے کیتے سپنے ویکھے، سپنے وچ گھر بار بنے،
ساڈیا ریجھاں ساڈے گل لگ، بس بس کرکے رو گئیاں

سوچ رہے سی شگن کرانگے، تیل چوآنگے سردل تے،
سدھراں جد پرتن لگیاں تاں در تے اتھرو چوء گئیاں

دھڑکن تیز ہوئی سی جد توں، توں ساڈا بندا دسیا،
لیکن ہن ایوں لگدا ہے جیکن نبضاں سبھ کھلو گئیاں

ਸੁਲ੍ਹਾ-ਸਫ਼ਾਈਆਂ

ਖੁਰੇ ਨੂੰ ਕਰਦੇ ਖਾਲੀ ਨੀ!
ਤੇਰੀ ਸੱਸ ਕਰ ਲਵੇ ਸਫ਼ਾਈਆਂ।

ਮੈਨੂੰ ਕੂਚ ਲੈਣ ਦੇ ਅੱਡੀਆਂ ਵੇ!
ਤੂੰ ਕਾਹਤੋ ਕਾਹਲੀਆਂ ਪਾਈਆਂ।

ਬਾਪੂ ਤਤਕੇ ਦਾ ਹਲ ਵਾਹਵੇ,
ਮਰ ਚੱਲਿਆ ਕਰਦਾ ਕਮਾਈਆਂ।

ਵੇ ਸਾਥੋਂ ਨਾ ਕੰਮ-ਕਾਰ ਹੋਵੇ ਅਸੀਂ,
ਵੱਡਿਆਂ ਘਰਾਂ ਦੀਆਂ ਜਾਈਆਂ।

ਨੱਠ-ਭੱਜ 'ਚ ਮਾਂ-ਪਿਓ ਮਰ ਚੱਲੇ,
ਕੰਮ ਕਰਦੇ ਵਾਂਗ ਸੁਦਾਈਆਂ।

ਵੇ ਮੈਂ ਤਾਂ ਚੱਲੀ ਮੇਲੇ ਤੇਰੀਆਂ,
ਤੁਰ ਗਈਆਂ ਭਰਜਾਈਆਂ।

ਨੀ ਟੀਵੀ ਸੋ ਵਿੱਚ ਤੂੰ ਬੱਲੀਏ!
ਕੱਲ ਬਤੀਆਂ ਰੌਣਕਾਂ ਲਾਈਆਂ।

ਮੈਨੂੰ ਵੀ ਆਏ ਫੋਨ ਕਈ,
ਸਭ ਹਾਣੀ ਦੇਣ ਵਧਾਈਆਂ।

ਖੁਰੇ ਨੂੰ ਕਰਦੇ ਖਾਲੀ ਨੀ!
ਤੇਰੀ ਸੱਸ ਕਰ ਲਵੇ ਸਫ਼ਾਈਆਂ।

ਮੈਨੂੰ ਕੂਚ ਲੈਣ ਦੇ ਅੱਡੀਆਂ ਵੇ!
ਤੂੰ ਕਾਹਤੋ ਕਾਹਲੀਆਂ ਪਾਈਆਂ।

•

صلح صفایاں

کھرے نوں کردے خالی نی!
تیری سس کر لوے صفایاں

مینوں کوچ لین دے اڈیاں وے!
توں کاہتو کاہلیاں پائیاں

باپو تڑکے دا حل واہوے،
مر چلیا کردا کمائیاں

وے ساتھوں نہ کم کار ہووے اسیں،
وڈیاں گھراں دیاں جائیاں

نٹھ بھج چ ماں پیو مر چلے،
کم کردے وانگ شدائیاں

وے میں تاں چلی میلے تیریاں،
تر گئیاں بھرجائیاں

نی ٹی وی شو وچ توں بلیے!
کل بڑیاں رونقاں لائیاں

مینوں وی آئے فون کئی،
سبھ ہانی دین ودھائیاں

کھرے نوں کردے خالی نی!
تیری سس کر لوے صفایاں

مینوں کوچ لین دے اڈیاں وے!
توں کاہتو کاہلیاں پائیاں

ਬਿਨ ਸਿਰਲੇਖ



690/ ਰੰਗ ਮਜੀਠ

بغیر عنوان



691/رنگ مجیٹھ

ਬਿਨ ਸਿਰਲੇਖ

ਜੋ ਹਾਲਾਤ ਤੁਸੀਂ ਖ਼ੁਦ ਪੈਦਾ ਕੀਤੇ ਨੇ,
ਉਹਨਾਂ ਦਾ ਕਾਰਣ ਸਾਡੇ ਤੋਂ ਕਿਉਂ ਪੁੱਛਦੇ ਹੋ।
ਸਾਨੂੰ ਬੇਵਸ ਕਰਕੇ ਅਪਣੀ ਮਰਜ਼ੀ ਨਾਲ,
ਨਾਲੇ ਹੱਥਲ ਕਰਤਾ ਨਾਲੇ ਰੁੱਸਦੇ ਹੋ।

•

ਰੰਗਾਂ ਦੀਆਂ ਰੰਗੋਲੀਆਂ ਤੇ ਵਧੀਆ ਲੱਗਦੇ ਰੰਗ,
ਹੁਸਨ, ਜਵਾਨੀ, ਰੂਪ 'ਤੇ ਸਜਦੇ-ਫਬਦੇ ਰੰਗ।
ਰੁੱਤ-ਰੁੱਤ ਦੇ ਮੇਵੇ ਨੇ ਸੁੱਨੜਾ! ਕਾਦਰ ਦੀ ਕੁਦਰਤ ਹੈ,
ਖ਼ਤਸੁੱਕ ਹੋ ਗਏ ਰੁੱਖਾਂ ਦੇ ਫਿਰਦੇ ਜਬ੍ਹਦੇ ਰੰਗ।

•

ਨੈਣ-ਨਕਸ਼ ਵੱਖੋ-ਵੱਖ ਸਭ ਦੇ ਵੇਖਣ, ਸੁੰਘਣ, ਚੱਖਣ ਲਈ,
ਵਰਤੋਂ ਕਰਨ ਲਈ ਰੱਬ ਦਿੱਤੇ, ਨਾ ਕਿ ਸਾਂਭ ਕੇ ਰੱਖਣ ਲਈ।
ਇੱਕ ਮੁਟਿਆਰ ਕਿਸੇ ਨੂੰ ਜਿਹੜੀ ਧੀ, ਭੈਣ, ਮਾਂ ਲੱਗਦੀ ਹੈ,
ਪਰ ਕੋਈ ਗੁੱਭਰੂ ਸੋਚੇ ਉਸ ਨਾਲ ਹੱਸਣ ਤੇ ਵੱਸਣ ਲਈ।

•

ਚੁਣ-ਚੁਣ ਕੇ ਰੰਗ ਭਰ ਕੇ ਜਿਸਨੂੰ ਰੱਬ ਨੇ ਆਪ ਬਣਾਇਆ,
ਉਸਦੇ ਰੰਗਾਂ ਵਿੱਚ ਦੱਸ ਸੁੱਨੜਾ! ਤੂੰ ਕੀ ਰੰਗ ਭਰੇਂਗਾ।
ਪਰੀ ਦੇਸ ਦੀ ਰਾਣੀ ਜਿਸ 'ਤੇ ਦੇਵਤਿਆਂ ਦੀਆਂ ਨਜ਼ਰਾਂ,
ਗੀਤ, ਗਜ਼ਲ, ਕਵਿਤਾਵਾਂ ਲਿਖ ਕੇ ਤੂੰ ਕੀ ਸਿਫ਼ਤ ਕਰੇਂਗਾ।

•

بِن سرلیکھ

و حالات تسیں خود پیدا کیتے نے،
اوہناں دا کارن ساڈے توں کیوں پچھدے ہو
سانوں بے بس کرکے اپنی مرضی نال،
نالے ہتھل کرتا نالے رسدے ہو

★

رنگاں دیاں رنگولیاں تے ودھیا لگدے رنگ،
حسن، جوانی، روپ تے سجدے پھبدے رنگ
رت رت دے میوے نے سنڑا! قادر دی قدرت ہے،
کھڑسک ہو گئے رکھاں دے پھردے جبھدے رنگ

★

نینھ نکشھ وکھوں وکھں سبھ دے ویکھن، سنگھن، چکھن لئی،
ورتوں کرن لئی رب دتے، نہ کہ سانبھ کے رکھن لئی
اک مٹیار کسے نوں جیہڑی دھی، بھین، ماں لگدی ہے،
پر کوئی گبھرو سوچے اس نال ہسن تے وسن لئی

★

چن چن کے رنگ بھر کے جسنوں رب نے آپ بنایا،
اسدے رنگاں وچ دس سنڑا! توں کیہ رنگ بھرینگا
پری دیس دی رانی جس تے دیوتیاں دیاں نظراں،
گیت، گزل، کویتاواں لکھ کے توں کیہ صفت کریں گا

★

ਖ਼ੁਦ ਨੂੰ ਬੇਵਫ਼ਾ ਕਹਿਣਾ ਬਹੁਤ ਮੁਸ਼ਕਿਲ ਹੈ ਸੱਚ ਆਖਾਂ,
ਇਹ ਸਭ ਕੁੱਝ ਜਾਣਦੇ ਹੋਇਆਂ ਕਿ ਗੁਸਤਾਖ਼ੀ ਤਾਂ ਹੋਈ ਹੈ।
ਹੱਸਣ ਦੀ ਕੋਸ਼ਿਸ਼ ਬਹੁਤ ਕੀਤੀ, ਚਿਹਰਾ ਬਦਲਣ ਲਈ,
ਪਰ ਅੱਖੀਆਂ ਦਾ ਪਾਣੀ ਦੱਸ ਰਿਹਾ, ਰੂਹ ਰੱਜ ਕੇ ਰੋਈ ਹੈ।

•

ਬੇਅਰਥ ਹੋ ਗਏ ਹੁਣ ਤਾਂ ਜੀਵਨ ਦੀ ਅਰਥੀ ਦੇ ਅਰਥ,
ਕੀ ਕਰਾਂ ਜੇ ਅਜੇ ਤੱਕ ਮੁੱਕੇ ਨਹੀਂ ਤੇਰੇ ਸਵਾਲ।
ਵਹੀ-ਖਾਤੇ ਤੇਰੇ ਸ਼ਾਇਦ ਅਜੇ ਤੱਕ ਮੁੱਕੇ ਨਹੀਂ,
ਆਪੇ ਦੇ ਕੇ ਜ਼ਖ਼ਮ ਆਪੇ ਪੁੱਛ ਰਿਹੈਂ ਜ਼ਖ਼ਮਾਂ ਦੇ ਹਾਲ।

•

ਕਈ ਚੀਜ਼ਾਂ ਟੁੱਟ ਜੁੜਦੀਆਂ ਨਹੀਂ,
ਸ਼ੀਸੇ ਵਾਂਗਰ ਨਾ ਟੁੱਟ ਜਾਵੀਂ।
ਜਿਸਦਾ ਦਵਾ-ਦਾਰੂ ਨਹੀਂ ਕੋਈ,
ਦੇਖੀਂ! ਕਿਤੇ ਐਸਾ ਰੋਗ ਨਾ ਲਾਵੀਂ।

ਐਂਵੇ ਹੀ ਲਾਲਚ ਵਿੱਚ ਆ ਕੇ,
ਕਿਤੇ ਆਪਣਾ ਝੁੱਗਾ ਚੌੜ ਕਰ ਲਵੀਂ।
ਜੋ ਕੁੱਝ ਮਿਲਿਆ ਤੈਨੂੰ ਸੁੱਨਤਾ!
ਬਸ! ਇਸ ਵਿੱਚ ਹੀ ਸੁਕਰ ਮਨਾਵੀਂ।

•

خود نوں بے وفا کہنا بہت مشکل ہے سچ آکھاں،
ایہہ سبھ کجھ جاندے ہویاں کہ گستاخی تاں ہوئی ہے
ہسن دی کوشش بہت کیتی، چہرہ بدلن لئی،
پر اکھیاں دا پانی دس رہا، روہ رج کے روئی ہے
★

بے ارتھ ہو گئے ہن تاں جیون دی ارتھی دے ارتھ،
کی کراں جے اجے تک مکے نہیں تیرے سوال
وحی کھاتے تیرے شاید اجے تک مکے نہیں،
آپے دے کے زخم آپے پچھ رہیں زخماں دے حال
★

کئی چیزاں ٹٹ جڑدیاں نہیں،
شیسے وانگر نہ ٹٹ جاویں
جسدا دوا دارو نہیں کوئی،
دیکھیں! کتے ایسا روگ نہ لاویں

ایویں ہی لالچ وچ آ کے،
کتے اپنا جھگا چوڑ کر لویں
جو کجھ ملیا تینوں سنڑا!
بس! اس وچ ہی شکر مناویں

ਹਲਦੀ, ਤੇਲ ਦਾ ਵਟਣਾ ਲਾ ਲਿਆ ਸਹੁਰੇ ਜਾਣ ਤੋਂ ਪਹਿਲਾਂ,
ਪਤਾ ਸੀ ਤੈਨੂੰ ਮਿਲ ਸਕਦੇ ਨੇ ਜ਼ਖ਼ਮ ਬਹੁਤ ਹੀ ਭਾਰੇ।
ਤੈਨੂੰ ਪਤਾ ਸੀ ਲੰਮੀਆਂ ਰਾਤਾਂ ਵਿੱਚ ਕਿਹੜਾ ਚੰਦ ਚੜ੍ਹਨਾ।
ਸੁਣ ਲਿਆ ਹੋਣੈ ਕਿਵੇਂ ਇਹ ਦੁਨੀਆ, ਦਿਨੇ ਦਿਖਾਉਂਦੀ ਤਾਰੇ।

•

ਤੇਰੀਆਂ ਨਜ਼ਰਾਂ ਨੇ ਜਿਹੜਾ ਮੇਰਾ ਗੀਤ ਚੁੰਮ ਲਿਆ,
ਉਸ ਗੀਤ ਨੂੰ ਮੈਂ 'ਕੱਲਿਆ ਬਹਿ ਕੇ ਬਹੁਤ ਵਾਰੀ ਗਾਂਵਦਾ।
ਇਵੇਂ ਲੱਗਦਾ ਹੈ ਜਿਵੇਂ ਕੋਈ ਰੁਤਬਾ ਉੱਚਾ ਹੋ ਗਿਆ,
ਗੀਤਾਂ ਬਹਾਨੇ ਹੀ ਸਹੀ, ਤੇਰਾ ਨਾਮ ਨਜ਼ਰੀਂ ਆਂਵਦਾ।

•

ਬਹੁਤ ਹੋਏ ਕੁਰਬਾਨ ਅਸੀਂ, ਦੇਸ ਦੀ ਰਾਖੀ ਕਰਨ ਲਈ ,
ਪਰ ਸਰਕਾਰਾਂ ਸਮਝ ਦੀਆ, ਅਸੀਂ ਪੈਦਾ ਹੋਏ ਮਰਨ ਲਈ।
ਹੱਕ-ਸੱਚ ਲਈ ਸਾਡੀ ਕੋਈ, ਆਵਾਜ਼ ਵੀ ਅੱਜ ਮਨਜ਼ੂਰ ਨਹੀਂ।
ਤਾਕਤ ਬਖ਼ਸ਼ੀਂ ਮਾਲਕਾ! ਇਹ ਸਭ ਕੁੱਝ ਵੀ ਜਰਨ ਲਈ।

•

ਮੋਇਆ ਬਾਅਦ ਕਰੂ ਕੋਈ ਯਾਦ ਤਾਂ ਮੇਰੇ ਕਿਸ ਕੰਮ ਆਊ,
ਜਿਉਂਦਿਆਂ ਜਿਹੜਾ ਕੌਡੀਓਂ ਖੋਟਾ, ਮਰ ਕੇ ਕੀ ਉਹ ਰੰਗ ਲਾਊ।
ਪਹਿਲਵਾਨ ਪਟਕੇ ਦੇ ਸਾਰੇ, ਸਿਰੇ ਸਾਰ ਸਭ ਦੁਨੀਆ,
ਮੇਰੇ ਵਰਗਾ ਆਮ ਆਦਮੀ ਕਿਸ ਗਿਣਤੀ ਵਿੱਚ ਗਿਣਿਆ ਜਾਊ।

•

ہلدی، تیل دا وٹنا لا لیا سہرے جان توں پہلاں،
پتہ سی تینوں مل سکدے نے زخم بہت ہی بھارے
تینوں پتہ سی لمیاں راتاں وچ کیہڑا چند چڑھنا
سن لیا ہونے کویں ایہہ دنیا، دنے دکھاؤندی تارے

*

تیریاں نظراں نے جیہڑا میرا گیت چم لیا،
اس گیت نوں میں 'کلیا بہہ کے بہت واری گانودا
اویں لگدا ہے جویں کوئی رتبہ اچا ہو گیا،
گیتاں بہانے ہی صحیح، تیرا نام نظریں آنودا

*

بہت ہوئے قربان اسیں، دیس دی راکھی کرن لئی ،
پر سرکاراں سمجھ دیا، اسیں پیدا ہوئے مرن لئی
حق سچ لئی ساڈی کوئی، آواز وی اج منظور نہیں
طاقت بخشیں مالکا! ایہہ سبھ کجھ وی جرن لئی

*

مویا بعد کرو کوئی یاد تاں میرے کس کم آؤ،
جیوندیاں جیہڑا کوڈیؤں کھوٹا، مر کے کیہ اوہ رنگ لاؤ
پہلوان پٹکے دے سارے، سرے سار سبھ دنیا،
میرے ورگا عام آدمی کس گنتی وچ گنیا جاؤ

*

ਅਕਸਰ ਪੰਛੀ ਅੰਬਰਾਂ ਦੇ ਵਿੱਚ ਉਡਣਾ ਚਾਹਵੇ,
ਆਸ਼ਿਕ, ਇਸ਼ਕ ਝਨ੍ਹਾਂ ਵਿੱਚ ਚਾਹੁੰਦਾ ਤਾਰੀਆਂ ਲਾਵੇ।
ਰਾਤ ਦਿਨੇ ਸੁਪਨੇ ਲੈਂਦੇ ਨੇ ਸੁਪਨ ਦੇਸ਼ ਦੇ ਵਾਸੀ,
ਪਰ ਪਰੀ ਦੇਸ਼ ਵਿੱਚ, ਪਰੀ ਬਿਨਾ ਨਾ ਉੱਡਿਆ ਜਾਵੇ।

•

ਸਾਹ ਵੀ ਆਪਣਾ ਨਹੀਂ ਜੋ ਬੰਦਾ ਲੈਂਦਾ ਹੈ,
ਪਰ ਅਰਬੀ ਨੂੰ ਵੀ ਹਰ ਕੋਈ ਮੇਰੀ ਕਹਿੰਦਾ ਹੈ।
ਹੁਕਮੀਂ ਅੰਦਰ ਸੋਚ-ਸਮਝ ਤੇ ਕਰਮ ਇੰਦਰੀਆਂ,
ਪਰ ਮੇਰੇ-ਮੇਰੇ ਮੰਨ ਕੇ ਚਸਕੇ ਲੈਂਦਾ ਹੈ।

ਸਾਰੀਆਂ ਸ਼ਕਤੀਆਂ ਦੇਣਦਾਰ ਦੀਆਂ ਦਾਤਾਂ ਨੇ,
ਪਰ ਸ਼ਕਤੀਵਾਨ ਸਮਝ ਕੇ ਉੱਠਦਾ-ਬਹਿੰਦਾ ਹੈ।
ਇੱਕੋ ਰੰਗ ਮਜੀਠ ਜੋ ਵਿਸਰ ਗਿਆ ਸੁੱਨੜਾ!
ਹਰ ਬੰਦਾ ਝੂਠਿਆਂ ਰੰਗਾਂ ਵਿੱਚ ਰਹਿੰਦਾ ਹੈ।

•

ਚਾਹਤ ਕੁੱਝ ਜ਼ਿਆਦਾ ਹੀ ਕਰ ਬੈਠੇ ਹਾਂ,
ਇਸਦੇ ਵਿੱਚ ਤੂੰ ਕਦਾਚਿੱਤ ਹਰਜ਼ਾਈ ਨਹੀਂ।
ਤੇਰੀ ਵੀ ਕੋਈ ਮਜ਼ਬੂਰੀ ਹੋ ਸਕਦੀ ਹੈ,
ਮੇਰੇ ਪਾਗਲਪਣ ਲਈ ਕੋਈ ਕਰਜ਼ਾਈ ਨਹੀਂ

•

اکثر پنچھی امبراں دے وچ اڈنا چاہوے،
عاشق، عشق جھنھاں وچ چاہندا تاریاں لاوے
رات دنے سپنے لیندے نے سپن دیش دے واسی،
پر پری دیش وچ، پری بنا نہ اڈیا جاوے
★

ساہ وی اپنا نہیں جو بندہ لیندا ہے،
پر ارتھی نوں وی ہر کوئی میری کہندا ہے
ہکمیں اندر سوچ سمجھ تے کرم اندریاں،
پر میرے میرے من کے چسکے لیندا ہے
★

ساریاں شکتیاں دیندار دیاں داتاں نے،
پر شکتیوان سمجھ کے اٹھدا بہندا ہے
اکو رنگ مجیٹھ جو وسر گیا سنڑا!
ہر بندہ جھوٹھیاں رنگاں وچ رہندا ہے
★

چاہت کجھ زیادہ ہی کر بیٹھے ہاں،
اسدے وچ توں کداچت ہرزائی نہیں
تیری وی کوئی مجبوری ہو سکدی ہے،
میرے پاگلپن لئی کوئی قرضائی نہیں

ਅਰਜ਼, ਬੇਨਤੀ ਕਰਾਂ ਕਿ ਮੈਨੂੰ ਜੋ ਕੁੱਝ ਕਰਦਾਂ ਕਰਨ ਦਿਓ,
ਜੇ ਮੈਂ ਜਾਣਬੁੱਝ ਕੇ ਹਰਦਾਂ, ਤਾਂ ਕੀ ਹੋਇਆ ਹਰਨ ਦਿਓ।
ਚੰਗੇ ਬਣਨਾ ਸ਼ਾਇਦ ਮੈਨੂੰ ਨਾ ਆਇਆ ਨਾ ਹੀ ਆਉਣਾ,
ਪਰ ਆਪਣੀ ਮਰਜ਼ੀ ਦੇ ਨਾ' ਮੈਨੂੰ ਜਾਨ ਤਲੀ 'ਤੇ ਧਰਨ ਦਿਓ।

•

ਧਰਤ, ਆਕਾਸ਼, ਪਾਤਾਲ ਖੋਜਦਾ ਫਿਰਦਾ ਹੈ ਸੰਸਾਰ,
ਅੰਬਰ ਕਦੇ ਵੀ ਸਰ ਨਹੀਂ ਹੋਣੇ, ਐਵੇਂ ਨਾ ਤੂੰ ਖੰਭ ਖਿਲਾਰ।
ਜਿਉਂ-ਜਿਉਂ ਚਾਨਣ ਭਾਲੇਂਗਾ, ਵਧਦਾ ਜਾਵੇਗਾ ਅੰਧਕਾਰ,
ਰੱਬ ਦੀ ਰਜ਼ਾ 'ਚ ਰਹਿ ਬੰਦਿਆ! ਐਵੇਂ ਨਾ ਝੱਖ ਮਾਰ।

•

ਬਾਪੂ ਵਾਲੇ ਚਾਰ ਸਿਆੜ ਵੀ ਜਾਂਦੇ ਲੱਗੇ ਜਿਸ ਦਿਨ ਤੋਂ,
ਬਰੀ ਹੋ ਗਏ ਸਰਦਾਰੀ ਦੇ ਛੱਜ ਨੇ ਬੜਾ ਸਤਾਇਆ ਸੀ।
ਮਿੱਟੀ ਵਿੱਚ ਮਿੱਟੀ ਹੋ ਕੇ ਵੀ ਕਰਜ਼ਾ ਲੱਥ ਨਹੀਂ ਸਕਿਆ,
ਧੀ ਦੀ ਸ਼ਾਦੀ ਕਰਨ ਲਈ ਬਾਪੂ ਨੇ 'ਗੁਠਾ ਲਾਇਆ ਸੀ।

•

ਇੱਕ ਤੋਂ ਲੱਖ, ਲੱਖਾਂ ਵਿੱਚ ਇੱਕੋ, ਇੱਕ ਤੋਂ ਅਰਬ ਕਰੋੜਾਂ,
ਚੰਗਾ ਭਲਾ ਪਤਾ ਸਭ ਨੂੰ, ਇੱਕੋ ਦੀਆਂ ਸਭ ਨੂੰ ਲੋੜਾਂ।
ਫਿਰ ਵੀ ਹਰ ਕੋਈ ਆਪੋ-ਆਪਣੇ ਰਾਹ ਬਣਾਉਂਦਾ ਫਿਰਦਾ,
ਦਿਲ ਦਿਮਾਗ਼ ਦੋਹਾਂ ਨੂੰ ਦੱਸੋ! ਮੋੜਾਂ ਤਾਂ ਕਿੰਝ ਮੋੜਾਂ।

•

عرض، بینتی کراں کہ مینوں جو کجھ کرداں کرن دیو،
جے میں جانبجھ کے ہرداں، تاں کیہ ہویا ہرن دیو
چنگے بننا شاید مینوں نہ آیا نہ ہی آؤنا،
پر اپنی مرضی دے نہ' مینوں جان تلی 'تے دھرن دیو

★

دھرت، آکاش، پاتال کھوجدا پھردا ہے سنسار،
امبر کدے وی سر نہیں ہونے، ایویں نہ توں کھنبھ کھلار
جیوں جیوں چانن بھالیں گا، ودھدا جاوے گا اندھکار،
رب دی رضا 'چ رہ بندیا! ایویں نہ جھکھ مار

★

باپو والے چارھ سیاڑھ وی جاندے لگے جس دن توں،
بری ہو گئے سرداری دے چھج نے بڑا ستایا سی
مٹی وچ مٹی ہو کے وی قرضہ لتھ نہیں سکیا،
دھی دی شادی کرن لئی باپو نے 'گوٹھا لایا سی

★

اک توں لکھ، لکھاں وچ اکو، اک توں عرب کروڑاں،
چنگا بھلا پتہ سبھ نوں، اکو دیاں سبھ نوں لوڑاں
پھر وی ہر کوئی آپو اپنے راہ بناؤندا پھردا،
دل دماغ دوہاں نوں دسو! موڑاں تاں کنج موڑاں

ਦੁਨੀਆ 'ਚ ਅਰਬਾਂ ਲੋਕ ਹਨ ਕਈ ਇੱਕ-ਦੂਜੇ ਨੂੰ ਜਾਣਦੇ,
ਮੇਰਾ-ਮੇਰਾ ਕਰਦੇ ਲੱਗਦੇ ਇੱਕ ਦੂਜੇ ਦੇ ਹਾਣ ਦੇ।
ਲੇਕਿਨ ਹਰ ਇੱਕ ਨੂੰ ਹੀ ਆਪਣਾ ਆਪ 'ਕੱਲਾ ਲੱਗ ਰਿਹਾ,
ਕੱਲਮਕੱਲੇ ਸਾਰੇ ਭਾਵੇਂ ਰਲ਼ ਕੇ ਵੀ ਖੇਹ ਛਾਣਦੇ।

ਪਹਿਰ ਦੇ ਤੜਕੇ 'ਕੱਲਾ ਬੈਠ ਕੇ ਕੁਝ ਲਿਖ ਰਿਹੈ,
ਭਾਵੇਂ ਲੱਖਾਂ ਲੋਕ ਸੁੱਨਤ ਨੂੰ ਕਰੀਬੋਂ ਜਾਣਦੇ।
ਮੇਰੀ ਮਦਦ ਤੂੰ ਕੀ ਕਰਨੀ ਹੈ ਤੂੰ ਆਪਣੇ ਬਾਰੇ ਸੋਚ,
ਬਹੁਤ ਰੌਲ਼ਾ ਸੁਣ ਲਿਆ ਤੇਰਾ ਤੂੰ ਬਸ! ਹੁਣ ਜਾਣ ਦੇ।

•

ਪਾਕਪਟਨ ਤੋਂ ਕਾਸ਼ੀ ਤੱਕ ਦੀ ਬੋਲੀ ਤਾਂ ਇੱਕੋ ਹੈ,
ਭਗਤ ਕਬੀਰ ਤੇ ਬਾਬੇ ਸ਼ੇਖ ਫਰੀਦ ਨੂੰ ਦੇਖ ਲਵੋ ਪੜ੍ਹ ਕੇ।
ਅਸੀਂ ਆਪਣੀ ਮਾਂ ਬੋਲੀ ਨੂੰ ਆਪਣੇ ਹੱਥੀਂ ਲੀਰਾਂ ਕੀਤਾ ਹੈ,
ਪੂਰੇ ਪੰਗੇ ਲੈਂਦੇ ਹਾਂ ਇੱਕ ਦੂਜੇ ਦੇ ਰਾਹ ਵਿੱਚ ਖਤ ਕੇ।

•

ਲੂਣ, ਮਿਰਚ, ਮਸਾਲਾ ਪਾ ਕੇ ਪਾਣੀ ਰਿੰਨ੍ਹਿਆ ਬਹੁਤ ਚਿਰ,
ਕੀ ਹੋਇਆ ਜੇ ਭੁੱਲ ਗਏ ਪਾਉਣੇ ਚਾਰ ਕੁ ਦਾਣੇ ਦਾਲ ਦੇ।
ਗੁਣ-ਗਿਆਨ ਤੋਂ ਹੱਥ ਤੰਗ ਹੈ ਤਾਂ ਫਿਰ ਕੀ ਹੋਇਆ ਦੱਸਿਓ! ਖਾਂ,
ਬਾਕੀ ਗੱਲਾਂ ਨੂੰ ਛੱਡੋ! ਸਾਡੇ ਨਖ਼ਰੇ ਬਤੇ ਕਮਾਲ ਦੇ

•

دنیا 'چ اربہاں لوک ہن کئی اک دوجے نوں جاندے،
میرا میرا کردے لگدے اک دوجے دے ہان دے
لیکن ہر اک نوں ہی اپنا آپ 'کلا' لگ رہیا،
کلمکلے سارے بھاویں رل کے وی کھیہہ چھاندے

★

پہر دے تڑکے 'کلا بیٹھ کے کجھ لکھ رہے،
بھاویں لکھاں لوک سنڑ نوں کریبوں جاندے
میری مدد توں کیہ کرنی ہے توں اپنے بارے سوچ،
بہت رولا سن لیا تیرا توں بس! ہن جان دے

★

پاکپٹن توں کانشی تک دی بولی تاں اکو ہے،
بھگت کبیر تے بابے شیخ فرید نوں دیکھ لوو پڑھ کے
اسیں اپنی ماں بولی نوں اپنے ہتھیں لیراں کیتا ہے،
پورے پنگے لیندے ہاں اک دوجے دے راہ وچ کھڑ کے

★

لون، مرچ، مسالہ پا کے پانی رنھیا بہت چر،
کی ہویا جے بھل گئے پاؤنے چار کو دانے دال دے
گن گیان توں ہتھ تنگ ہے تاں پھر کیہ ہویا دسیو! خاں،
باقی گلاں نوں چھڈو! ساڈے نخرے بڑے کمال دے

ਨਿੱਜ ਘਰ ਤੇਰਾ ਇੱਕੋ ਬੰਦਿਆ! ਜਿਸ ਵਿੱਚ ਤੂੰ ਵੱਸਦਾ-ਰਸਦਾਂ,
ਤਨ, ਮਨ ਤੇਰਾ ਕੋਠੜਾ ਬੰਦਿਆ! ਪਰ ਤੂੰ ਬਾਹਰ ਨੂੰ ਨਸਦਾਂ।
ਅੰਮ੍ਰਿਤ ਵੀ ਤੇਰੇ ਅੰਦਰ ਹੈ, ਜ਼ਹਿਰ ਵੀ ਅੰਦਰ ਹੈ ਤੇਰੇ,
ਨਿਰਭਰ ਕਰਦਾ ਤੇਰੇ 'ਤੇ ਤੂੰ ਜੋ ਬਣਨਾ, ਬਣ ਕੇ ਦੱਸਦਾਂ।

•

ਗੱਲਾਂ ਕਰਦੇ ਸੱਤ ਜਨਮ ਦੇ ਸਾਥ ਦੀਆਂ,
ਪਰ ਇੱਕ ਜਨਮ ਦੇ ਸਾਥੀ ਬਣਨਾ ਨਹੀਂ ਆਉਂਦਾ।
ਪਿਆਰ, ਮੁਹੱਬਤ ਹਰ ਕੋਈ ਲੱਭਦਾ ਫਿਰਦਾ ਹੈ,
ਪਰ ਹਰ ਕੋਈ ਆਪਣਾ ਹੀ ਨੂਠਾ ਅੱਗੇ ਡਾਉਂਦਾ।

•

ਸੁੱਖ, ਸਹਿਜ, ਸੰਤੋਖ ਵੀ ਆਇਆ ਕਈ ਵਾਰੀ,
ਆਉਂਦੇ ਜਾਂਦੇ ਰਹੇ ਖੁਸ਼ੀਆਂ ਦੇ ਖੇੜੇ ਵੀ ਕਈ ਵਾਰ।
ਪਰ ਹਰ ਵਕਤ ਅੰਗ-ਸੰਗ ਰਹਿੰਦੇ ਦੁੱਖ-ਦਰਦ,
ਕੁੱਝ ਨਾ ਕੁੱਝ ਦੁਖਦਾ ਹਮੇਸ਼ਾ ਜਾਣੇ ਸਭ ਸੰਸਾਰ।

•

ਇਤਬਾਰ ਨਹੀਂ ਕਰਨਾ ਤਾਂ ਕੋਈ ਨਹੀਂ ਖ਼ੈਰ ਸੱਲਾ!
ਪਰ ਪੂਜਾ ਕਰਨ ਦੇ ਦੋਸ਼ ਵਿੱਚ ਬਨਵਾਸ ਨਾ ਦੇਵੋ।
ਆਪਣੀ ਜਾਨ 'ਤੇ ਖੇਡਣਾ ਕਿੱਡੀ ਕੁ ਗ਼ਲਤੀ ਹੈ ਭਲਾ!
ਤੁਸੀਂ ਮਲ੍ਹਮ ਪੱਟੀ ਨਾ ਕਰੋ, ਧਰਵਾਸ ਨਾ ਦੇਵੋ।

•

نج گھر تیرا اکو بندیا! جس وچ توں وسدا رسداں،
تن، من تیرا کوٹھڑا بندیا! پر توں باہر توں نسداں
امرت وی تیرے اندر ہے، زہر وی اندر ہے تیرے،
نربھر کردا تیرے تے توں جو بننا، بن کے دسداں

*

گلاں کردے ست جنم دے ساتھ دیاں،
پر اک جنم دے ساتھی بننا نہیں آؤندا
پیار، محبت ہر کوئی لبھدا پھردا ہے،
پر ہر کوئی اپنا ہی ٹھوٹھا اگے ڈاؤندا

*

سکھ، سہج، سنتوکھ وی آیا کئی واری،
آؤندے جاندے رہے خوشیاں دے کھیڑے وی کئی وار
پر ہر وقت انگ سنگ رہندے دکھ درد،
کجھ نہ کجھ دکھدا ہمیشہ جانے سبھ سنسار

*

اعتبار نہیں کرنا تاں کوئی نہیں خیر سلا!
پر پوجا کرن دے دوش وچ بنواس نہ دیوو
اپنی جان تے کھیڈنا کڈی کو غلطی ہے بھلا!
تسیں ملھم پٹی نہ کرو، دھرواس نہ دیوو

ਰੂ ਬ ਰੂ ਹੋਵਣ ਦੀ ਲੱਗੀ ਹੈ ਲਗਨ ਪਰ ਅਜੇ ਤਕ,
ਤੇਰੇ ਨਾ' ਅੱਖਾਂ ਚਾਰ ਨਹੀਂ ਹੋਈਆਂ।
ਤੇਰੇ ਮੁਹੱਲੇ ਬਿਨਾ ਨਾਗਾ ਜਾਈਦਾ ਰੀਝਾਂ ਅਜੇ ਤਕ
ਸਾਡੀਆਂ ਆਵਾਜ਼ਾਰ ਨਹੀਂ ਹੋਈਆਂ।

•

ਪੱਥਰ ਵੀ ਕਦੇ ਪਹਾੜ ਹੁੰਦੇ ਹੋਣਗੇ,
ਬਰਫ਼ ਹੁੰਦਾ ਹੋਏਗਾ ਨਦੀਆਂ ਦਾ ਪਾਣੀ।
ਸਮੇਂ ਦੇ ਨਾਲ ਸਭ ਕੁੱਝ ਬਦਲ ਜਾਂਦਾ,
ਹੁੰਦੜੀ ਚਲੀ ਆਈ ਤੂੰ 'ਕੱਲਾ ਨਾ ਜਾਣੀ।

•

ਹਰ ਕਿਸੇ ਦਾ ਥੋੜਾ ਬਹੁਤਾ ਹੁੰਦਾ ਹੈ ਸਵੈਮਾਨ,
ਆਪਣੀ ਮਰਜ਼ੀ ਕਰਨ ਵਾਸਤੇ ਹਰ ਕੋਈ ਲਾਵੇ ਤਾਣ।
ਇੱਕ-ਦੂਜੇ ਤੋਂ ਵਧ ਕੇ ਸਾਰੇ ਬਣਦੇ ਹਨ ਉਸਤਾਦ,
ਜਾਣੀ ਜਾਣ ਹੈ ਦੁਨੀਆ ਸਾਰੀ ਕੋਈ ਨਹੀਂ ਅਣਜਾਣ।

•

ਐਸੀ ਕਿਰਤ ਨਾ ਕਰੀਏ ਕੋਈ ਕਿ ਜੋਕਾਂ ਬਣ ਕੇ,
ਲਹੂ ਪੀ ਜਾਵਣ ਰੋਗ-ਸੋਗ ਇਹ ਭਾਰੇ।
ਰੋਗ-ਸੋਗ ਨਾਲ ਲਹੂ ਸੁੱਕ ਜਾਂਦੈ ਪਰ
ਬੰਦੇ ਦੀਆਂ ਆਪ ਚਮੋੜੀਆਂ ਜੋਕਾਂ ਲੈਣ ਨਜ਼ਾਰੇ।

•

رو برو ہوون دی لگی ہے لگن پر اجے تک،
تیرے نہ' اکھاں چار نہیں ہوئیاں
تیرے محلے بنا ناغہ جائیدا ریجھاں اجے تک
ساڈیاں آوازار نہیں ہوئیاں

★

پتھر وی کدے پہاڑ ہوندے ہون گے،
برف ہوندا ہوئےگا ندیاں دا پانی
سمیں دے نال سبھ کجھ بدل جاندا،
ہندڑی چلی آئی توں 'کلا نہ جانی

★

ہر کسے دا تھوڑا بہتا ہوندا ہے سویمان،
اپنی مرضی کرن واسطے ہر کوئی لاوے تان
اک دوجے توں ودھ کے سارے بندے ہن استاد،
جانی جان ہے دنیا ساری کوئی نہیں انجان

★

ایسی کرت نہ کریے کوئی کہ جوکاں بن کے،
لہو پی جاون روگ سوگ ایہہ بھارے
روگ سوگ نال لہو سک جاندے پر
بندے دیاں آپ چمیڑیاں جوکاں لین نظارے

ਦੇਣਹਾਰ ਦੀਆਂ ਦਾਤਾਂ ਨੇ ਜੋ ਕੁੱਝ ਵੀ ਆਪਣਾ ਲੱਗਦਾ ਹੈ,
ਮਿਹਨਤਕਸ਼, ਤਪੱਸਵੀ ਲੋਕੀਂ ਦੁਨੀਆਂ ਵਿੱਚ ਆਬਾਦ ਹੋਏ।
ਜੀਵਨ ਦੇ ਘਾਟੇ-ਵਾਧੇ ਤਾਂ ਕਿਰਤ-ਕਰਮ ਦੇ ਮੇਵੇ ਨੇ,
ਗ਼ਲਤ ਰਸਤਿਆਂ 'ਤੇ ਭੱਜ-ਭੱਜ ਕੇ ਖ਼ੁਦ ਆਪਾਂ ਬਰਬਾਦ ਹੋਏ।

•

ਘਰ ਤੋਂ ਨਿਕਲ ਤੁਰੇ ਸੀ ਮੰਜ਼ਿਲ ਦੀ ਭਾਲ ਦੇ ਵਿੱਚ,
ਚੱਲੇ ਸੀ ਜਿਸ ਜਗ੍ਹਾ ਤੋਂ ਓਹੀਓ ਤਾਂ ਸੀ ਟਿਕਾਣਾ।
ਕਈ ਰਾਹਾਂ ਖਹਿਤਿਆਂ 'ਤੇ ਭੱਜ-ਭੱਜ ਕੇ ਸਫ਼ਰ ਕੀਤਾ,
ਪਰ ਸਾਰੇ ਰਸਤਿਆਂ ਨੇ ਮੰਜ਼ਿਲ ਤੋਂ ਦੂਰ ਜਾਣਾ।

•

ਮੰਨਦੇ ਹਾਂ ਰਾਮਲੀਲ੍ਹਾ ਮਿਥਿਹਾਸ ਦੀ ਕਥਾ ਹੈ,
ਪਰ ਅੱਜ ਜੋ ਹੋ ਰਿਹਾ ਹੈ, ਇਤਿਹਾਸ ਹੋ ਰਿਹਾ ਹੈ।
ਉਧਾਲ ਹੁੰਦੀ ਨੇਕੀ ਸਰ੍ਹੇਆਮ, ਦੇਖਦੇ ਸਭ ਰਾਵਣ ਨੇ,
ਹਰ ਸ਼ਹਿਰ ਵਿੱਚ ਵਿਸ਼ਵਾਸਘਾਤ ਹੋ ਰਿਹਾ ਹੈ।

•

ਜ਼ਿੰਦਗੀ ਇੱਕ ਨਜ਼ਮ ਹੈ, ਇੱਕ ਗ਼ਜ਼ਲ ਹੈ, ਇੱਕ ਗੀਤ ਹੈ,
ਲੇਕਿਨ ਕੁੱਝ ਵੀ ਨਹੀਂ ਹੈ ਜੇ ਸੁਰ ਵਿੱਚ ਗਾਇਆ ਨਾ ਗਿਆ।
ਜ਼ਿੰਦਗੀ ਦਿਲਚਪਸ ਝਾਕੀ ਹੈ ਇੱਕ ਨਾਟਕ ਹੈ,
ਪਰ ਕੌਣ ਜਾਣੇ ਜੇ ਕਿਸੇ ਵੀ ਮੰਚ 'ਤੇ ਇਸਨੂੰ ਦਿਖਾਇਆ ਨਾ ਗਿਆ।

•

دینہار دیاں داتاں نے جو کجھ وی اپنا لگدا ہے،
محنت کش، تپسوی لوکیں دنیاں وچ آباد ہوئے
جیون دے گھاٹے وادھے تاں کرت قرمط دے میوے نے،
غلط رستیاں تے بھج بھج کے خود آپاں برباد ہوئے

★

گھر توں نکل ترے سی منزل دی بھال دے وچ،
چلے سی جس جگہ توں اوہیؤ تاں سی ٹکانا
کئی راہاں کھہڑیاں تے بھج بھج کے سفر کیتا،
پر سارے رستیاں نے منزل توں دور جانا

★

مندے ہاں راملیلھا متھہاس دی کتھا ہے،
پر اج جو ہو رہا ہے، اتہاس ہو رہا ہے
ادھال ہوندی نیکی سرھیام، دیکھدے سبھ راون نے،
ہر شہر وچ وشواس گھات ہو رہا ہے

★

زندگی اک نظم ہے، اک غزل ہے، اک گیت ہے،
لیکن کجھ وی نہیں ہے جے سر وچ گایا نہ گیا
زندگی دلچپس جھاکی ہے اک ناٹک ہے،
پر کون جانے جے کسے وی منچ تے اسنوں دکھایا نہ گیا

ਜਿਸ ਛੱਤ ਥੱਲੇ ਦੁੱਖ-ਸੁੱਖ ਕੋਈ ਨਹੀਂ ਫੋਲ੍ਹਦਾ,
ਘਰ ਨਹੀਂ ਹੁੰਦਾ, ਉਹ ਸਰਾਂ ਹੁੰਦੀ ਹੈ।
ਦੁੱਧ ਪਿਆਵੇ ਮੂੰਹੋਂ ਬੋਲ ਵੀ ਨਾ ਸਕੇ ਜਿਹੜੀ,
ਔਰਤ ਨਹੀਂ ਹੁੰਦੀ ਮੱਝ, ਗਾਂ ਹੁੰਦੀ ਹੈ।

ਪਿਆਰ ਸਤਿਕਾਰ ਬੁਨਿਆਦ ਹੁੰਦੀ ਘਰ ਦੀ,
ਘਰ-ਘਰ ਵਿੱਚ ਕਿਉਂ ਜ਼ਮੀਰ ਜਾਂਦੀ ਮਰਦੀ।
ਉਹੀਓ ਹੁੰਦੀ ਨਦੀ ਜੀਦ੍ਹੇ ਦੋਵੇਂ ਕੰਢੇ ਹੋਣ,
ਸੁਨਾਮੀ ਹੈ ਜੋ ਕੰਢਿਆਂ ਬਿਨਾਂ ਹੁੰਦੀ ਹੈ।

•

ਜੀ ਕਰਦਾ ਅੱਜ ਮੈਂ ਆਪਣੇ ਸਾਰੇ ਖੰਭ ਖਿਲਾਰ ਦਿਆਂ,
ਜੇ ਅਸਮਾਨ ਇਜਾਜ਼ਤ ਦੇਵੇ ਇੱਕ ਉਡਾਰੀ ਮਾਰ ਦਿਆਂ।
ਅਸੀਮ, ਅਥਾਹ ਅੰਬਰ ਨੂੰ ਭਾਵੇਂ ਖ਼ਬਰ ਤੀਕ ਵੀ ਨਾ ਹੋਵੇ,
ਜੇ ਜ਼ਰਾ ਹੁੰਘਾਰਾ ਮਿਲ ਜਾਵੇ ਮੈਂ ਦੁਨੀਆ ਨੂੰ ਲਲਕਾਰ ਦਿਆਂ।

ਦੁਨੀਆ ਕੀ ਆਖੂਗੀ, ਏਸੇ ਡਰ ਵਿੱਚ ਉਮਰਾਂ ਬੀਤ ਗਈ,
ਸੋਚ-ਸਮਝ ਨੂੰ ਜੰਦਰਾ ਲਾ ਕੇ ਦਿਲ ਦੀ ਜੂਨ ਸੰਵਾਰ ਦਿਆਂ।
ਸਾਗਰ ਦੀ ਜੇ ਸ਼ਰਣ ਮਿਲੇ ਤਾਂ ਤਰਨਾ ਆਪੇ ਆ ਜਾਊ,
ਬਸ! ਇੱਕ ਤੈਨੂੰ ਜਿੱਤ ਲਵਾਂ ਤਾਂ ਬਾਕੀ ਸਭ ਕੁੱਝ ਹਾਰ ਦਿਆਂ।

•

جس چھت تھلے دکھ سکھ کوئی نہیں پھولھدا،
گھر نہیں ہوندا، اوہ سراں ہوندی ہے
دودھ پیاوے مونہوں بول وی نہ سکے جیہڑی،
عورت نہیں ہوندی مجھ، گاں ہوندی ہے
★

پیار ستکار بنیاد ہوندی گھر دی،
گھر گھر وچ کیوں ضمیر جاندی مردی
اہیؤ ہوندی ندی جیدھے دووِیں کنڈھے ہون،
سنامی ہے جو کنڈھیاں بناں ہوندی ہے
★

جی کردا اج میں اپنے سارے کھنبھ کھلار دیاں،
جے اسمان اجازت دیوے اک اڈاری مار دیاں
اسیم، اتھاہ امبر نوں بھاویں خبر تیک وی نہ ہووے،
جے ذرا ہنگھارا مل جاوے میں دنیا نوں للکار دیاں
★

دنیا کیہ آکھوگی، ایسے ڈر وچ عمراں بیت گئی،
سوچ سمجھ نوں جندرا لا کے دل دی جون سنوار دیاں
ساگر دی جے شرن ملے تاں ترنا آپے آ جاؤ،
بس! اک تینوں جت لواں تاں باقی سبھ کجھ ہار دیاں

ਰੱਬ ਨੇ ਪੂਰੀ ਵਾਹ ਲਾ ਕੇ ਬੰਦੇ ਦੀ ਜੂਨ ਬਣਾਈ,
ਰੱਬ ਵਰਗਾ ਚਿਹਰਾ ਤੇ ਸਿਰ ਵਿੱਚ ਸੋਚ-ਸਮਝ ਵੀ ਪਾਈ।
ਪਰ ਬੰਦੇ ਨੇ ਆਪਣੀ ਤਾਕਤ ਦੀ ਦੁਰਵਰਤੋਂ ਕੀਤੀ,
ਜਿਸ ਦਿਨ ਹੋਊ ਹਿਸਾਬ ਤਾਂ ਗਿਣੀ ਜਾਊਗੀ ਪਾਈ-ਪਾਈ।

•

ਸਤਿ, ਸੰਤੋਖ, ਸਹਿਜ ਨਾ ਬਿਆਇਆ, ਗਾਹ ਛੱਡਿਆ ਸੰਸਾਰ,
ਪੰਜ ਦੂਤਾਂ ਦੇ ਵਸ ਦੁਨੀਆ, ਕਾਬਜ਼ ਹੋਏ ਵਿਕਾਰ।
ਪਾਪ ਉਤਾਰਨ ਦੇ ਲਈ ਲੋਕੀਂ, ਨਿੱਤ ਅਰਦਾਸਾਂ ਕਰਦੇ,
ਪਰ ਧਰਮਰਾਜ ਦੇ ਵਹੀ-ਖਾਤੇ ਵਿੱਚ ਵਧਦਾ ਜਾਂਦਾ ਭਾਰ।

•

ਦਰਦ ਦਿਲ ਦਾ ਜੋ ਮੇਰੇ ਹੋਂਠਾਂ ਤੋਂ ਸੁਣਿਆ ਨਾ ਗਿਆ,
ਸ਼ਾਇਦ ਫਿਰ ਉਹ ਦਰਦ ਸਾਰਾ ਅਣਕਿਹਾ ਹੀ ਰਹਿ ਗਿਆ।
ਕੁੱਝ ਵੀ ਆਖਣ ਦੇ ਲਈ ਹਿੰਮਤ ਤਾਂ ਕਰਨੀ ਪਵੇਗੀ,
ਸੁੱਨਤ ਹੀ ਹੋਣਾ ਹੈ ਕਿ ਜੋ ਚੁੱਪ-ਚਾਪ ਸਭ ਕੁੱਝ ਸਹਿ ਗਿਆ।

•

ਮੈਨੂੰ ਮੇਰੀ ਲਤੀ ਦੁਮੂੰਹੀ ਜ਼ਹਿਰ ਚੜ੍ਹੀ ਲੂੰ-ਲੂੰ।
ਆਪਣੇ ਲੱਛਣੀਂ ਧੋਖ਼ਾ ਖਾ ਕੇ ਹੁਣ ਕਿਉਂ ਰੋਵੇਂ ਤੂੰ।
ਜਾਨਵਰਾਂ ਤੋਂ ਸਿੱਖ ਲੈਂਦਾ ਕਿ ਆਪਣੇ ਨਹੀਂ ਬਣਾਈਦੇ,
ਅੱਜ ਵੀ 'ਕੱਲੇ ਬੈਠ ਪਰਿੰਦੇ ਕਰ ਸਕਦੇ ਘੂੰ-ਘੂੰ।

•

رب نے پوری واہ لا کے بندے دی جون بنائی،
رب ورگا چہرہ تے سر وچ سوچ سمجھ وی پائی
پر بندے نے اپنی طاقت دی درورتوں کیتی،
جس دن ہوؤ حساب تاں گنی جاؤگی پائی پائی

*

ست، سنتوکھ، سہج نہ تھیایا، گاہ چھڈیا سنسار،
پنج دوتاں دے وس دنیا، قابض ہوئے وکار
پاپ اتارن دے لئی لوکیں، نت ارداساں کردے،
پر دھرمراج دے وحی کھاتے وچ ودھدا جاندا بھار

*

درد دل دا جو میرے ہونٹھاں توں سنیا نہ گیا،
شاید پھر اوہ درد سارا انکہا ہی رہ گیا
کجھ وی آکھن دے لئی ہمت تاں کرنی پویگی،
سنڑ ہی ہونا ہے کہ جو چپ چاپ سبھ کجھ سہِ گیا

*

مینوں میری لڑی دومونہی زہر چڑھی لوں لوں
اپنے لچھنیں دھوخا کھا کے ہن کیوں روویں توں
جانوراں توں سکھ لیندا کہ اپنے نہیں بنائیدے،
اج وی 'کلے بیٹھ پرندے کر سکدے گھوں گھوں

ਭਾਰਤ ਵਿੱਚ ਕਰੋੜਪਤੀ ਤਾਂ ਡੱਕਾ ਦੋਹਰਾ ਨਹੀਂ ਕਰਦੇ,
ਅਮਰੀਕਾ ਵਿੱਚ ਸਾਰੇ ਆਪੋ-ਆਪਣੀ ਗੁੱਲੀ ਸੇਕਦੇ।
ਅਮਰੀਕਣ ਤਾਂ ਆਪੋ-ਆਪਣੇ ਕਾਰਜ ਸਾਰੇ ਆਪ ਕਰਨ,
ਭਾਰਤ ਵਿੱਚ ਤਾਂ ਸਾਰਾ ਕੰਮ ਨੌਕਰ-ਚਾਕਰ ਦੇਖਦੇ।

•

ਜਿਉਂਦਿਆਂ ਨੂੰ ਪੱਥਰਾਂ ਅੱਗੇ ਬਲੀ ਚੜ੍ਹਾਈ ਜਾਂਦੇ ਲੋਕ,
ਮੋਇਆਂ ਦੇ ਮੂੰਹਾਂ ਵਿੱਚ ਘਿਓ ਨੂੰ ਪਾਈ ਜਾਂਦੇ ਲੋਕ।
ਇੱਕ ਨਾ ਸੁਣੀ ਉਹਨਾਂ ਦੀ ਜਿਹੜੇ ਮਰ ਮੁੱਕੇ 'ਵਾਜ਼ਾਂ ਦੇ ਦੇ,
ਬੋਲ ਵਿਹੂਣਿਆਂ ਨੂੰ ਕਬਰਾਂ 'ਚੋਂ ਬਾਹਰ ਲਿਆਈ ਜਾਂਦੇ ਲੋਕ।

•

ਆਪ ਬਣਾਏ ਪਿੰਜਰੇ ਵਿੱਚ ਤੂੰ ਮਰਜ਼ੀ ਦੇ ਨਾਲ ਬੈਠਾ ਹੈਂ,
ਖੁੱਲ੍ਹੇ ਅਸਮਾਨ ਦੇ ਵਿੱਚ ਤੂੰ ਖੁਦ ਨਹੀਂ ਉੱਡਣਾ ਚਾਹਿਆ।
ਦੁਨੀਆ ਦਾ ਡਰ ਏਨਾ ਨਹੀਂ ਜਿੰਨਾ ਤੂੰ ਖੁਦ ਤੋਂ ਡਰਦਾ ਹੈਂ
ਆਪਣੇ ਆਪ 'ਤੇ ਬੇਵਿਸ਼ਵਾਸੀ ਕਰਕੇ ਦੱਸ ਕੀ ਪਾਇਆ।

•

ਰੱਬ ਦੀ ਰਜ਼ਾ ਦੇ ਵਿੱਚ ਰਹਿਣਾ ਪੈਣਾ ਆਂ,
ਏਸੇ ਵਿੱਚ ਸੁਕਰ ਮਨਾਈ ਬੰਦਿਆ!
ਇਨਸਾਨੀਅਤ ਜਿੱਥੇ ਮਾਰ ਖਾ ਜਾਵੇ
ਐਸੀ ਨਾ ਤੂੰ ਕਿਰਤ ਕਮਾਈਂ ਬੰਦਿਆ!

بھارت وچ کروڑپتی تاں ڈکا دوہرا نہیں کردے،
امریکہ وچ سارے آپو اپنی گلی سیکدے
امریکن تاں آپو اپنے کارج سارے آپ کرن،
بھارت وچ تاں سارا کم نوکر چاکر دیکھدے
★

جیوندیاں نوں پتھراں اگے بلی چڑھائی جاندے لوک،
مویاں دے مونہاں وچ گھیؤ نوں پائی جاندے لوک
اک نہ سنی اوہناں دی جیہڑے مر مکے 'وعظاں دے دے،
بول وہونیاں نوں قبراں 'چوں باہر لیائی جاندے لوک
★

آپ بنائے پنجرے وچ توں مرضی دے نال بیٹھا ہیں،
کھلھے اسمان دے وچ توں خود نہیں اڈنا چاہیا
دنیا دا ڈر اینا نہیں جنا توں خود توں ڈردا ہینں
اپنے آپ تے بے وشواسی کرکے دس کیہ پایا
★

رب دی رضا دے وچ رہنا پینا آں،
ایسے وچ شکر منائی بندیا!
انسانیت جتھے مار کھا جاوے
ایسی نہ توں کرت کمائیں بندیا!

ਕਰਤਾ ਵੀ ਤੂੰ ਹਰ ਕਰਮ ਦਾ ਕਾਰਣ ਵੀ ਤੂੰ, ਕਿਰਿਆ ਵੀ ਤੂੰ
ਹਰ ਵਿਧੀ ਦਾ ਵਿਧਾਨ ਤੂੰ ਹੈਂ ਮਾਲਕਾ!
ਗਣਿਤ ਤੇਰਾ, ਗਿਣਤੀਆਂ ਵੀ ਤੇਰੀਆਂ, ਭੁੱਖ, ਪਿਆਸ ਤੇਰੀ,
ਤੇ ਸਾਰਾ ਤ੍ਰਿਪਤੀਆਂ ਦਾ ਗਿਆਨ ਤੂੰ ਹੈਂ ਮਾਲਕਾ!!

•

ਪਰ ਮੇਰੀ ਮੈਂ ਮੇਰੇ ਤੋਂ ਕਾਬੂ ਕਦੇ ਨਾ ਆਈ, ਭੱਜਿਆ ਫਿਰਦਾ ਹਾਂ,
ਜਿਵੇਂ ਆਸਮਾਨ ਥੰਮਿਆ ਹੈ ਟਟਹਿਰੀ ਨੇ।
ਵਿਦਵਤਾ ਆਪਣੀ 'ਤੇ ਫਿਰ ਵੀ ਫਖ਼ਰ ਹੈ ਮੈਨੂੰ,
ਇਹ ਵੀ ਪਤਾ ਹੈ ਵਿੱਦਿਆ ਵੀ ਤੂੰ ਵਿਗਿਆਨ ਤੂੰ ਹੈਂ ਮਾਲਕਾ!!!

•

ਰੱਬ ਨੇ ਬਣਾਇਆ ਬੰਦਾ ਆਪੇ ਦੂਜਾ ਰੱਬ ਵੇ,
ਆਪਣੀ ਸ਼ਕਲ ਦੇ ਕੇ ਪਾ ਲਿਆ ਈ ਜੱਭ ਵੇ।
ਹਰ ਕੋਈ ਬੰਦਾ ਤਕਦੀਰ ਲਿਖੇ ਦੁਨੀਆ ਦੀ,
ਮੌਲਾ ਨੂੰ ਬਣਾਉਣਾ ਹਰ ਬੰਦੇ ਦਾ ਸਬੱਬ ਵੇ।

•

ਹੱਥੀਂ ਦਿੱਤੀਆਂ ਨੂੰ ਰੱਬ ਦੰਦਾ ਨਾਲ ਖੋਲ੍ਹਦਾ ਹੈ,
ਚੱਕਰਵਿਊ 'ਚੋਂ ਹੁਣ ਕਿੱਥੇ ਜਾਊ ਭੱਜ ਵੇ।
ਰੱਬ! ਰੱਬ!! ਕਰੇ ਰੱਬ ਵਸ ਪਿਆ ਬੰਦਿਆਂ ਦੇ,
ਕਿਵੇਂ ਛੁਟਕਾਰਾ ਹੋਵੇ ਔਤਦਾ ਨਾ ਚੱਜ ਵੇ।

•

کرتا وی توں ہر کرم دا کارن وی توں، کریا وی توں
ہر ودھی دا ودھان توں ہیں مالکا!
گنت تیرا، گنتیاں وی تیریاں، بھکھ، پیاس تیری،
تے سارا ترپتیاں دا گیان توں ہیں مالکا!!

★

پر میری میں میرے توں قابو کدے نہ آئی، بھجیا پھردا ہاں،
جویں آسمان تھمیا ہے ٹٹہری نے
ودوتا اپنی 'تے پھر وی فخر ہے مینوں،
ایہہ وی پتہ ہے ودیا وی توں وگیان توں ہیں مالکا!!!

★

رب نے بنایا بندہ آپے دوجا رب وے،
اپنی شکل دے کے پا لیا ای جبھ وے
ہر کوئی بندہ تقدیر لکھے دنیا دی،
مولا نوں بناؤنا ہر بندے دا سبب وے

★

ہتھیں دتیاں نوں رب دیندا نال کھولھدا ہے،
چکرویو 'چوں ہن کتھے جاؤ بھج وے
رب! رب!! کرے رب وس پیا بندیاں دے،
کویں چھٹکارا ہووے اوڑدا نہ چج وے

★

ਜਦ ਪਰਖਣ ਵਾਲਾ ਕੋਈ ਨਹੀਂ
ਕੀ ਫ਼ਰਕ ਹੈ ਫਿਰ ਦੱਸਿਓ! ਮੈਨੂੰ
ਕੰਡਾ ਹੋਵਾਂ ਜਾਂ ਫੁੱਲ ਹੋਵਾਂ।
ਸੁੰਨੇ ਕਮਰੇ ਵਿੱਚ ਦੀਪਕ ਹਾਂ
ਕਿਸੇ ਨੂੰ ਫ਼ਰਕ ਨਹੀਂ ਪੈਣਾ
ਮੈਂ ਜਗਦਾ ਰਹਾਂ ਜਾਂ ਗੁੱਲ ਹੋਵਾਂ।

•

ਮਾਣ-ਤਾਣ ਸਭ ਤੇਰਾ ਮੇਰੀ ਹਉਮੈਂ ਤੋਂ ਛੁਡਵਾ ਮੈਨੂੰ,
ਦਿਲ ਦਿਮਾਗ਼ ਦਿੱਤਾ ਹੈ ਪਰ ਹੁਣ ਸੱਚ ਦੀ ਚੋਟਕ ਲਾ ਮੈਨੂੰ।
ਤੇਰਾ ਦਿੱਤਾ ਸਭ ਕੁੱਝ ਮੈਨੂੰ, ਮੇਰਾ-ਮੇਰਾ ਕਿਉਂ ਲੱਗਦਾ ਹੈ,
ਭਟਕਣ ਵਿੱਚੋਂ ਕੱਢ ਕੇ ਰੱਬਾ! ਸਿੱਧੇ ਰਸਤੇ ਪਾ ਮੈਨੂੰ।

•

ਆ ਇੱਕ-ਦੂਜੇ ਦੇ ਮੋਢੇ 'ਤੇ ਸਿਰ ਧਰ ਦੋਵੇਂ ਰੋ ਲਈਏ,
'ਕੱਲੇਪਣ ਦੀ ਗਰਦਿਸ਼ ਨੂੰ ਹੰਝੂਆਂ ਨਾਲ ਮਾਸਾ ਧੋ ਲਈਏ।
ਦਿਲ ਮੰਨੇ ਤਾਂ ਦਿਲ ਦੀ ਗੱਲ ਮੰਨ ਕੇ ਮਹਿਫ਼ਿਲ ਵਿੱਚ ਆ ਜਾਵੀਂ,
ਬਚੇ-ਖੁਚੇ ਫੁੱਲਾਂ ਨੂੰ ਮਿਲ ਕੇ ਇੱਕ ਮਾਲਾ 'ਚ ਪਰੋ ਲਈਏ।

•

ਸ਼ਾਇਦ ਮੇਰੇ ਖੰਭਾਂ ਦੇ ਵਿੱਚ ਏਨੀ ਤਾਕਤ ਨਹੀਂ,
ਕਿ ਤੈਨੂੰ ਅੰਬਰਾਂ ਵਿੱਚੋਂ ਭਾਲ ਲਵਾਂ।
ਜਿਸ ਵਿਧ ਬਹੁਤੀ ਬੀਤ ਗਈ ਹੈ ਓਸ ਤਰ੍ਹਾਂ ਹੀ,
ਲਾਰੇ ਲਾ ਕੇ ਦਿਲ ਆਪਣੇ ਨੂੰ ਟਾਲ ਲਵਾਂ।

•

جد پرکھن والا کوئی نہیں
کیہ فرق ہے پھر دسیوا مینوں
کنڈا ہواں جاں پھل ہواں
سنے کمرے وچ دیپک ہاں
کسے نوں فرق نہیں پینا
میں جگدا رہاں جاں گل ہواں

★

مان تان سبھ تیرا میری ہؤمیں توں چھڈوا مینوں،
دل دماغ دتا ہے پر ہن سچ دی چیٹک لا مینوں
تیرا دتا سبھ کجھ مینوں، میرا میرا کیوں لگدا ہے،
بھٹکن وچوں کڈھ کے ربا! سدھے رستے پا مینوں

★

آ اک دوجے دے موڈھے تے سر دھر دوویں رو لئیے،
'کلیپن دی گردش نوں ہنجھوآں نال ماسہ دھو لئیے
دل منے تاں دل دی گل من کے محفل وچ آ جاویں،
بچے کھچے پھلاں نوں مل کے اک مالا 'چ پرو لئیے

★

شاید میرے کھنبھاں دے وچ اینی طاقت نہیں،
کہ تینوں امبراں وچوں بھال لواں
جس وِدھ بہتی بیت گئی ہے اوس طرحاں ہی،
لارے لا کے دل اپنے نوں ٹال لواں

★

ਮੇਰੀ ਇਸ ਹਾਲਤ ਦਾ ਤੂੰ 'ਕੱਲਾ ਨਹੀਂ ਦੋਸ਼ੀ,
ਮੇਰੇ ਬਿਨਾ ਮੈਨੂੰ ਕੋਈ ਬਰਬਾਦ ਕਿੰਝ ਕਰਦਾ।
ਜੇ ਮੇਰੇ ਵਿਚਲੀ ਮੈਂ ਨਾ ਹੁੰਦੀ ਸਾਹਮਣੇ ਤੇਰੇ,
ਤੂੰ ਹਵਾ ਦੀ ਗਰਦਨ 'ਤੇ ਚਾਕੂ ਕਿਸ ਤਰ੍ਹਾਂ ਧਰਦਾ।

•

ਤੇਰੀ ਉਪਮਾ ਕਰਨ ਲੱਗਾਂ ਜਦ ਮੇਰੀ ਮੈਂ ਵਿਚਕਾਰ ਖਲੋਵੇ,
ਧਰਮੀਂ ਬਣ ਕੇ ਧਰਮ ਕਰਾਂ ਜਦ ਮੈਂ ਦੀ ਸ਼ਕਤੀ ਅੰਬਰ ਛੋਹਵੇ।
ਕਰ ਕਿਰਪਾ ਹੁਣ ਦੀਨ ਦਿਆਲਾ, ਮੇਰੇ ਵਿੱਚੋਂ ਮੈਂ ਮੁੱਕ ਜਾਵੇ,
ਸਤਿਗੁਰ ਦੀ ਬਾਣੀ ਸਭ ਉਪਮਾ, ਮਨ ਦੀ ਮੈਲ਼ ਨੂੰ ਉਪਮਾ ਧੋਵੇ।

•

ਕਹਿੰਦੀ ਹੈ ਜੋ ਦੁਨੀਆ ਤੂੰ ਚੁੱਪ ਕਰ ਕਹਿਣ ਦੇ,
ਕੋਈ ਦੋਸ਼ ਲਾਉਂਦਾ ਹੈ ਤਾਂ ਲਾਉਂਦੇ ਰਹਿਣ ਦੇ।
ਦਿਲ ਨੂੰ ਭੁੱਖ ਲੱਗਦੀ ਹੈ ਕਿਰਿਆ ਕੁਦਰਤੀ,
ਸੁੱਨੜਾ! ਰੋਕ ਨਾ ਦਿਲ ਨੂੰ ਜ਼ਰਾ ਰੋ ਲੈਣ ਦੇ।

•

ਜੋ ਮੇਰਾ ਹੀ ਨਹੀਂ ਉਸਨੂੰ ਭਲਾ! ਆਵਾਜ਼ ਕਿਉਂ ਮਾਰਾਂ,
ਹਰਿਆ ਰਿਹਾਂ ਸਾਰੀ ਉਮਰ ਹੁਣ ਹੋਰ ਕਿਉਂ ਹਾਰਾਂ।
ਉਹ ਤੈਨੂੰ ਮਿਲ ਗਿਆ ਹੁੰਦਾ ਜੋ ਤੇਰੇ ਭਾਗ ਸੀ ਸੁੱਨੜਾ!
ਜੋ ਮੈਨੂੰ ਜਾਣਦਾ ਹੀ ਨਹੀਂ ਮੈਂ ਉਸ ਤੋਂ ਜਾਨ ਕਿਉਂ ਵਾਰਾਂ।

•

یری اس حالت دا توں 'کلا' نہیں دوشی،
میرے بنا مینوں کوئی برباد کنج کردا
جے میرے وچلی میں نہ ہوندی ساہمنے تیرے،
توں ہوا دی گردن 'تے چاقو کس طرحاں دھردا

★

تیری اپما کرن لگاں جد میری میں وچکار کھلوے،
دھرمیں بن کے دھرم کراں جد میں دی شکتی امبر چھوہوے
کر کرپا ہن دین دیالا، میرے وچوں میں مک جاوے،
ستگور دی بانی سبھ اپما، من دی میل نوں اپما دھوے

★

کہندی ہے جو دنیا توں چپ کر کہن دے،
کوئی دوش لاؤندا ہے تاں لاؤندے رہن دے
دل نوں بھکھ لگدی ہے کریا قدرتی،
سنڑا! روک نہ دل نوں ذرا رو لین دے

★

جو میرا ہی نہیں اسنوں بھلا! آواز کیوں ماراں،
ہریا رہاں ساری عمر ہن ہور کیوں ہاراں
اوہ تینوں مل گیا ہوندا جو تیرے بھاگ سی سنڑا!

★

ਬੰਦਾ ਹੈ ਹਾਜ਼ਰ ਸਾਰੇ ਦਾ ਸਾਰਾ ਸੱਚ-ਮੁੱਚ,
ਹੁਣ ਤੇਰੇ 'ਤੇ ਨਿਰਭਰ ਹੈ ਕਿ ਤੇਰੇ ਯੋਗ ਵੀ ਹੈ ਕਿ ਨਹੀਂ।
ਰੀਝਾਂ ਨੇ ਗਾਏ ਗੀਤ, ਮੰਗਲ ਗਾਉਣ ਸੱਧਰਾਂ,
ਪਰ ਡਰ ਵੀ ਲੱਗਦਾ ਹੈ, ਸਾਡਾ ਸੰਯੋਗ ਵੀ ਹੈ ਕਿ ਨਹੀਂ।

•

ਸ਼ਾਇਦ ਅਧੂਰਾ ਹਾਂ ਮੈਂ ਪੂਰਾ ਨਹੀਂ ਹਾਂ,
ਏਸੇ ਲਈ ਮੈਂ ਤੇਰੇ ਦਿਲ ਵਿੱਚ ਵਸ ਨਹੀਂ ਸਕਿਆ।
ਪਤਾ ਨਹੀਂ ਫਿਰ ਵੀ ਤੇਰੇ ਹੀ ਨਾਮ ਦਾ ਆਸਰਾ,
ਚਾਹੁੰਦਿਆਂ ਹੋਇਆਂ ਵੀ ਪਰ ਮੈਂ ਹੱਸ ਨਹੀਂ ਸਕਿਆ।

•

ਰੱਬ ਵਰਗਾ ਆਸਰਾ ਮਿਲਿਆ ਤੇਰੀ ਆਵਾਜ਼ ਸੁਣ ਕੇ,
ਜਿਉਣ ਦੀ ਸ਼ਕਤੀ ਜੋ ਦੇਵੇ ਉਹੀ ਹੈ ਪਰਮਾਤਮਾ।
ਪੰਜ ਤੱਤਾਂ ਦਾ ਇਹ ਪੁਤਲਾ ਪਤਾ ਨਹੀਂ ਕਦ ਤਕ ਰਹੇ,
ਅੱਜ ਤੇਰਿਆਂ ਬੋਲਾਂ ਨੇ ਕੀਤੀ ਜਿਉਣ ਜੋਗੀ ਆਤਮਾ।

•

ਤੇਰੇ ਮੇਰੇ ਸੁਰ ਤਾਂ ਯਾਰਾ! ਮਿਲਦੇ ਨੇ ਹਰ ਰੋਜ਼,
ਪਤਾ ਨਹੀਂ ਕੀ ਵਜ੍ਹਾ ਹੈ ਕਿ ਰਲ ਕੇ ਨੱਚ ਸਕਦੇ ਨਹੀਂ।
ਤੇਰੀ-ਮੇਰੀ ਕਲਮ ਦੇ ਜ਼ਖ਼ਮਾਂ ਦੀ ਪੀੜਾ ਇੱਕ ਹੈ,
ਰੋਣ ਦੇ ਮਹੌਲ ਵਿੱਚ ਆਪਾਂ ਕਦੇ ਹੱਸ ਸਕਦੇ ਨਹੀਂ।\

•

بندہ ہے حاضر سارے دا سارا سچ مچ،
ہن تیرے تے نربھر ہے کہ تیرے یوگ وی ہے کہ نہیں
ریجھاں نے گائے گیت، منگل گاؤن سدھراں،
پر ڈر وی لگدا ہے، ساڈا سنیوگ وی ہے کہ نہیں

★

شاید ادھورا ہاں میں پورا نہیں ہاں،
ایسے لئی میں تیرے دل وچ وس نہیں سکیا
پتہ نہیں پھر وی تیرے ہی نام دا آسرا،
چاہندیاں ہویاں وی پر میں ہس نہیں سکیا

★

رب ورگا آسرا ملیا تیری آواز سن کے،
جیون دی شکتی جو دیوے اوہی ہے پرماتما
پنج تتاں دا ایہہ پتلا پتہ نہیں کد تک رہے،
اج تیریاں بولاں نے کیتی جیون جوگی آتما

★

تیرے میرے سر تاں یارا! ملدے نیں ہر روز،
پتہ نہیں کیہ وجہ ہے کہ رل کے نچ سکدے نہیں
تیری میری قلم دے زخماں دی پیڑا اک ہے،
رون دے ماحول وچ آپاں کدے ہس سکدے نہیں

ਕਿਸ ਤਰ੍ਹਾਂ ਲਾਲਚ ਕਰੇ ਕੋਈ ਪਰੀ ਦੀ ਪਰਵਾਜ਼ ਦਾ,
ਮੇਲੇ ਵਿੱਚ ਕੀ ਮੁੱਲ ਚੱਕੀਰਾਹੇ ਦੀ ਆਵਾਜ਼ ਦਾ।
ਖ਼ਬਰ ਨਹੀਂ ਕੋਈ ਕਿਹੜੀ ਜਗ੍ਹਾ ਉਹ ਮਿਲ ਸਕਣਗੇ,
ਆਵਾਜ਼ ਨਾ ਨਿੱਕਲੇ, ਖੜਕਾ ਨਾ ਕਰਾਂ ਮੈਂ ਅਲਫ਼ਾਜ਼ ਦਾ।

•

ਬਹੁਤ ਅਜ਼ੀਮ ਇਮਾਰਤ ਖੜ-ਖੜ ਵੇਂਹਦੀ ਸਭ ਲੋਕਾਈ,
ਟਹਿਲ ਬਿਨਾ ਪਰ ਦੇਖੋ! ਅੱਜ ਉਹ ਛੱਤ ਵਿਹੂਣੀ ਹੋਈ।
ਢਹਿ ਕੇ ਖੰਡਰ ਵੀ ਬਣ ਸਕਦੀ ਹੈ, ਉੱਜੜ ਵੀ ਸਕਦੀ ਹੈ,
ਮਨਮੋਹਣੀ ਵੀ ਬਣ ਸਕਦੀ ਹੈ ਜੇ ਸੰਭਾਲ ਕਰੇ ਕੋਈ।

•

ਤਰਨ ਤਾਰਨ ਇੱਕ ਸਵਾਮੀ ਪੂਰਣ ਪਰਵਰਦਗ਼ਾਰ,
ਦੂਜਾ ਕੋਈ ਨਹੀਂ ਹੋ ਸਕਦਾ ਝੱਖ ਮਾਰੇ ਸੰਸਾਰ।
ਇੱਕੋ ਦੇ ਲੜ ਲੱਗ 'ਜਾ ਜ਼ਿੰਦੇ! ਜੋ ਪੂਰਣ ਗੁਰ ਅਵਤਾਰ,
ਤਣ-ਪੱਤਣ ਕੋਈ ਹੋਰ ਨਾ ਹੋਸੀ ਜਿੰਨੇ ਮਰਜ਼ੀ ਹੱਥ ਮਾਰ।

•

ਗੁਰ ਕੇ ਚਰਨ-ਸ਼ਰਨ ਵਿੱਚ ਆ ਕੇ, ਸੀਰਤ ਸ਼ਬਦ ਗੁਰੂ ਦੀ ਪਾ ਕੇ,
ਮਨ ਮੰਦਿਰ ਵਿੱਚ ਜੋਤ ਜਗਾ ਕੇ, ਭੱਜਣ ਦੂਰ ਹਨ੍ਹੇਰੇ ਜੀਓ।
ਮਨ ਦੀ ਮੈਲ਼ ਸ਼ਬਦ ਨਾਲ ਲਾਹ ਕੇ, ਮੈਂ ਨੂੰ ਸ਼ਬਦਾਂ ਦਾ ਧੋ ਪਾ ਕੇ,
ਸੱਚੇ ਮਨ ਨਾਲ ਸੱਚ ਧਿਆ ਕੇ, ਧੰਨ-ਧੰਨ ਚਾਰ-ਚੁਫ਼ੇਰੇ ਜੀਓ।

•

کس طرحاں لالچ کرے کوئی پری دی پرواز دا،
میلے وچ کیہ مل چکیراہے دی آواز دا
خبر نہیں کوئی کیہڑی جگہ اوہ مل سکنگے،
آواز نہ نکلے، کھڑکا نہ کراں میں الفاز دا

★

بہت عظیم عمارت کھڑ کھڑ ویندی سبھ لوکائی،
ٹہل بنا پر دیکھو! اج اوہ چھت وہونی ہوئی
ڈھیہہ کے کھنڈر وی بن سکدی ہے، اجڑ وی سکدی ہے،
منموہنی وی بن سکدی ہے جے سنبھال کرے کوئی

★

ترن تارن اک سوامی پورن پروردغار،
دوجا کوئی نہیں ہو سکدا جھکھ مارے سنسار
اکو دے لڑ لگ 'جا زندے! جو پورن گر اوتار،
تن پتن کوئی ہور نہ ہوسی جنے مرضی ہتھ مار

★

گُر کے چرن شرن وچ آ کے، سیرت شبد گورو دی پا کے،
من مندر وچ جوت جگا کے، بھجن دور ہنھیرے جیو
من دی میل شبد نال لاہ کے، میں نوں شبداں دا دھو پا کے،
سچے من نال سچ دھیا کے، دھن دھن چار چفیرے جیو

ਕਿਸ ਬਿਧ ਝੂਠ ਰਿਹਾਈ ਪਾਵੇ, ਕਾਰ-ਵਿਹਾਰਾਂ ਤੋਂ ਬਚ ਪਾਵੇ,
ਸੱਚਪ੍ਰਸਤੀ ਮਨ ਵਸ ਜਾਵੇ, ਹਰ-ਹਰ ਨਾਮ ਧਿਆਵੇ ਰੇ!
ਹੁਕਮ ਮੰਨਣ ਦਾ ਵਲ਼ ਆ ਜਾਵੇ, ਰਾਮ ਰਜ਼ਾ ਵਿੱਚ ਰੰਗਿਆ ਜਾਵੇ,
ਸੱਤਿ ਬਚਨ ਕਹਿਣਾ ਆ ਜਾਵੇ, ਤੇਰਾ-ਤੇਰਾ ਗਾਵੈ ਰੇ!

•

ਉਠਤ-ਬੈਠਤ, ਸੋਵਤ-ਜਾਗਤ ਨਾਮ ਤੇਰਾ ਚਿੱਤ ਆਵੇ,
ਮਿਹਰ ਕਰੇ ਜਦ ਸਤਿਗੁਰ ਪੂਰਾ ਤਾਹੀਓਂ ਮਨ ਹਰਿ ਧਿਆਵੇ।
ਪਰ ਜੋ ਧਿਆਵੇ ਪਾਵੇ ਸਭ ਕਿਸ਼, ਆਂਗਣ ਖੇਡੇ ਬਾਲ ਗੁਪਾਲਾ,
ਘਰ ਅਨੰਦ ਸਮਾਵੈ, ਗੁਰਮੁੱਖ ਜੋ ਚਾਹਵੈ ਸੋ ਪਾਵੈ।

•

ਉੱਚੀ-ਉੱਚੀ ਹੱਸ ਕੇ ਸੱਜਣਾ! ਕਿਹੜਾ ਦਰਦ ਛੁਪਾਵੇਂ,
ਅੜ੍ਹਿਪਤੀ ਵਸ ਜੀਵਨ ਤੇਰਾ ਨਿੱਤ ਦਿਨ ਭੁੱਖ ਵਧਾਵੇਂ।
ਤੂੰ ਵੀ ਜਾਣੇ ਸੁੱਨਤਾ! ਇੱਕੋ-ਇੱਕ ਰਸਤਾ ਕਿਹੜਾ ਹੈ,
ਸਬਰ, ਸੰਤੋਖ਼, ਸਹਿਜ ਮਿਲਦਾ ਜੇ ਗੁਰ ਚਰਨੀਂ ਚਿੱਤ ਲਾਵੇਂ।

•

ਨਿਰੰਕਾਰ ਸੰਸਾਰ ਉਪਾਇਆ, ਭਵਜਲ ਦੁਨੀਆ ਦਾ ਸਰਮਾਇਆ,
ਸਾਰੇ ਦੁੱਖ-ਦਰਦ ਸੰਸਾਰੀ, ਜਗਤ ਜਲੰਦਾ ਸਾਰਾ ਹੂ।
ਜਿਸ ਦਿਨ ਸਾਡੀ ਵਾਰੀ ਆਊ, ਮਲਕਲ ਮੌਤ ਹਿਸਾਬ ਦਿਖਾਊ,
ਪਾਈ-ਪਾਈ ਜਦ ਗਿਣ ਹੋਈ, ਕਰਜ਼ਾ ਨਿੱਕਲੂ ਭਾਰਾ ਹੂ।

•

کس بدھ جھوٹھ رہائی پاوے، کار وہاراں توں بچ پاوے،
سچ پرستی من وس جاوے، ہر ہر نام دھیاوے رے!
حکم منن دا ول آ جاوے، رام رضا وچ رنگیا جاوے،
ستِ بچن کہنا آ جاوے، تیرا تیرا گاوے رے!

★

اوٹھت بیٹھت، سووت جاگت نام تیرا چت آوے،
مہر کرے جد ستگور پورا تاہیؤں من ہرِ دھیاوے
پر جو دھیاوے پاوے سبھ کش، آنگن کھیڈے بال گپالا،
گھر انند سماوے، گرمکھ جو چاہوے سو پاوے

★

اچی اچی ہس کے سجنا! کیہڑا درد چھپاویں،
اترپتی وس جیون تیرا نت دن بھکھ ودھاویں
توں وی جانے سنڑا! اکو اک رستہ کیہڑا ہے،
صبر، سنتوکھ، سہج ملدا جے گر چرنیں چت لاویں

★

نرنکار سنسار اپایا، بھوجل دنیا دا سرمایہ،
سارے دکھ درد سنساری، جگت جلندا سارا ہو
جس دن ساڈی واری آؤ، ملکل موت حساب دکھاؤ،
پائی پائی جد گن ہوئی، قرضہ نکلو بھارا ہو

ਸਿਰ ਉਠਾ ਕੇ ਦੁਨੀਆ ਵਿੱਚ ਤੁਰਨ ਦੀ ਜੁਅਰਤ,
ਤੇ ਸਤਿਗੁਰ ਦੀ ਨਜ਼ਰ ਦਾ ਅਹਿਸਾਸ ਹੈ।
ਆਖ਼ਰੀ ਦਮ ਤੱਕ ਸੱਚ ਕਹਿ ਸਕਣ ਦੀ ਤੌਫ਼ੀਕ ਬਖ਼ਸ਼ੇਗਾ,
ਮੈਨੂੰ ਮਿਹਰਾਂਵਾਲੇ ਮਾਲਕ 'ਤੇ ਪੂਰਾ ਵਿਸ਼ਵਾਸ ਹੈ।

•

ਬਿਨਾ ਬੋਨ ਤੋਂ ਜੀਭ ਹੈ ਪਰ ਵੱਜੇ ਗੋਲੀ ਦੀ ਤਰ੍ਹਾਂ।
ਘਾਣ ਵੀ ਕਰਦੀ ਪੈਤ੍ਰ ਨਾ ਛੱਡਦੀ ਖੁਰਾ ਖੋਜ ਵੀ ਕਰਾਂ।
ਸੱਟਾਂ ਲੱਗਿਆਂ ਜ਼ਖ਼ਮ ਭਰੇ, ਮਿਟ ਗਏ ਜ਼ਖ਼ਮ ਸਮੇਂ ਦੇ ਨਾਲ,
ਜ਼ਖ਼ਮ ਜੁਬਾਂ ਦੇ ਮਿਟਦੇ ਹੀ ਨਹੀਂ ਪੀੜ ਸਦੀਵੀ ਕਿੰਝ ਜਰਾਂ।

•

ਹਰ ਜਸ ਪੜ੍ਹਦਿਆਂ, ਗਾਉਂਦਿਆਂ, ਸੁਣਦਿਆਂ, ਸਫ਼ਲ ਹੋਵੇ ਜੀਵਨ ਪ੍ਰਕਿਰਿਆ।
ਜੋ ਤਨ, ਮਨ, ਧਨ ਅਰਪਨ ਗੁਰ 'ਤੇ ਤੀਨ ਲੋਕ ਤਿਨ ਭਵਜਲ ਤਰਿਆ।
ਪ੍ਰਮਾਤਮ ਕੀ ਮੌਜ ਹੈ ਬੰਦਾ ਪਰ ਰੱਬ ਨੂੰ ਘੜਣ, ਸੰਵਾਰਨ ਤੁਰ ਪਿਆ,
ਦੁਨੀਆ ਲਈ ਡਰ ਪੈਦਾ ਕਰਦਿਆਂ ਰਹਿੰਦਾ ਹਰਦਮ ਡਰਿਆ-ਡਰਿਆ।

•

ਓਪਰੇ ਲੋਕ ਤਾਂ ਸਭ ਇੱਕ-ਦੂਸਰੇ ਲਈ ਓਪਰੇ,
ਅਚਨਚੇਤੀ ਵਾਰ ਕਰਦੇ ਨੇ ਤਾਂ ਕਰਦੇ ਖ਼ਾਸਮ-ਖ਼ਾਸ।
ਸਾਡੀਆਂ ਕਮਜ਼ੋਰੀਆਂ ਨੂੰ ਜੋ ਸਮਝਦੇ, ਬੁੱਝਦੇ,
ਉਹ ਕਰਨ ਮਜ਼ਬੂਰ ਜਿਨ੍ਹਾਂ ਤੋਂ ਕਦੇ ਨਹੀਂ ਸੀ ਆਸ।

•

سِر اُٹھا کے دنیا وچ ترن دی جُرت،
تے ستگور دی نظر دا احساس ہے
آخری دم تک سچ کہہ سکن دی توفیق بخشے گا،
مینوں مہراں والے مالک تے پورا وشواس ہے

★

بنا بون توں جیبھ ہے پر وجے گولی دی طرحاں
گھان وی کردی پیڑھ نہ چھڈدی کھرا کھوج وی کراں
سٹاں لگیاں زخم بھرے، مٹ گئے زخم سمیں دے نال،
زخم زباں دے مٹدے ہی نہیں پیڑ سدیوی کنج جراں

★

ہر جس پڑھدیاں، گاؤندیاں، سندیاں، سفل ہووے جیون پرکریا
جو تن، من، دھن ارپن گر تے تین لوک تن بھوجل تریا
پرماتم کیہ موج ہے بندہ پر رب نوں گھڑن، سنوارن تر پیا،
دنیا لئی ڈر پیدا کردیاں رہندا ہردم ڈریا ڈریا

★

اوپرے لوک تاں سبھ اک دوسرے لئی اوپرے،
اچنچیتی وار کردے نے تاں کردے خاسم خاسم
ساڈیاں کمزوریاں نوں جو سمجھدے، بجھدے،
اوہ کرن مجبور جیہناں توں کدے نہیں سی آس

ਖੁਦ ਆਪਣਾ ਭਵ ਸਾਗਰ ਤਰਨਾ, ਸਭ ਤੋਂ ਔਖੀ ਕਾਰ।
ਖੁਦ ਨੂੰ ਜੇ ਸਰ ਕਰ ਲਈਏ ਤਾਂ ਤਰ ਜਾਈਏ ਸੰਸਾਰ।
ਆਪਣੇ ਮਨ ਮੰਦਿਰ ਦੇ ਅੰਦਰ ਓਹੀਓ ਦੀਪ ਜਲਾਵੇ,
ਜਿਸਦੇ ਸਿਰ ਉੱਤੇ ਹੱਥ ਰੱਖ ਕੇ ਮਿਹਰ ਕਰੇ ਕਰਤਾਰ।

•

ਦੁਨੀਆ ਦਾ ਹਰ ਧਰਮ ਸਚਿਆਰਾ ਬਣਾਉਂਦਾ ਹੈ,
ਤੇਰੇ 'ਚ ਕਿੰਨਾ ਸੱਚ ਹੈ ਤੂੰ ਆਪ ਜਾਣਦੈਂ।
ਦੂਜੇ ਦੀ ਅੱਖ ਤਾਂ ਧੋਖਾ ਵੀ ਖਾ ਸਕਦੀ ਹੈ,
ਆਪਣੇ ਬਾਰੇ ਜਾਣੇ ਤੂੰ ਕੀ ਖ਼ਾਕ ਛਾਣਦੈਂ।

•

ਚਾਰੇ ਤਰਫ਼ ਚਿੱਕੜ ਹੀ ਚਿੱਕੜ ਦੇਖ ਕੇ ਹੈਰਾਨ ਹਾਂ,
ਕਿਸ ਕਿਸਮ ਦਾ ਕਮਲ ਹੈ, ਜੋ ਅਜੇ ਵੀ ਖਿਲ ਜਾਂਵਦਾ।
ਮਹਿਕ ਵੀ ਰੰਗ ਵੀ ਹੈ ਕੋਮਲਤਾ ਵੀ ਹੈ ਕਮਾਲ,
ਚਿੱਕੜ ਨਾ ਹੁੰਦਾ ਤਾਂ ਇਹ ਕਮਲ ਕਿੰਝ ਖਿਲ ਪਾਂਵਦਾ।

•

'ਕੱਲੇ ਕਾਰੇ ਕਿਸੇ ਦੀ ਕਾਹਦੀ ਕਹਾਣੀ ਕਮਲਿਆ!
ਕੋਈ ਤੁੱਕ ਨਹੀਂ ਬਣਦੀ ਹੁੰਘਾਰੇ ਤੋਂ ਬਿਨਾ।
ਹੁਸਨ ਦਾ ਹੜ੍ਹ ਸੋਚ ਦਾ ਡੂੰਘਾ ਸਮੁੰਦਰ ਹੋਏਗਾ,
ਪਰ ਨਦੀ ਦੀ ਹੋਂਦ ਕੀ ਕਿਨਾਰੇ ਤੋਂ ਬਿਨਾ।

•

خود اپنا بھو ساگر ترنا، سبھ توں اوکھی کار
خود نوں جے سر کر لئیے تاں تر جائیے سنسار
اپنے من مندر دے اندر اوہیؤ دیپ جلاوے،
جسدے سر اتے ہتھ رکھ کے مہر کرے کرتار

★

دنیا دا ہر دھرم سچیارا بناؤندا ہے،
تیرے چ کنا سچ ہے توں آپ جاندیں
دوجے دی اکھ تاں دھوکھا وی کھا سکدی ہے،
اپنے بارے جانے توں کیہ خاک چھاندیں

★

چارے طرف چکڑ ہی چکڑ دیکھ کے حیران ہاں،
کس قسم دا کمل ہے، جو اجے وی کھل جانودا
مہک وی رنگ وی ہے کوملتا وی ہے کمال،
چکڑ نہ ہوندا تاں ایہہ کمل کنج کھل پانودا

★

'کلے کارے کسے دی کاہدی کہانی کملیا!
کوئی تک نہیں بندی ہنگھارے توں بنا
حسن دا ہڑ سوچ دا ڈونگھا سمندر ہوئےگا،
پر ندی دی ہوند کیہ کنارے توں بنا

ਸਾਂਭ ਕੇ ਰੱਖੀ ਹੈ ਦਿਲ ਵਿੱਚ, ਇਸ ਕਦਰ ਤੇਰੀ ਉਡੀਕ,
ਕਿ ਭਾਲਿਆ ਵੀ ਕਿਸੇ ਤੋਂ ਹਰਗਿਜ਼ ਨਾ ਭਾਲੀ ਜਾਏਗੀ।
ਪਤਾ ਹੈ ਕਿ ਬਹੁਤ ਮੁਸ਼ਕਿਲ ਕੰਮ ਕਰਨਾ ਇੰਤਜ਼ਾਰ,
ਪਰ ਦਿਲ ਦੀ ਇੱਕੋ ਰੀਝ ਹੈ ਉਹ ਵੀ ਨਾ ਟਾਲੀ ਜਾਏਗੀ।

•

ਦੋਸਤ ਦੁਸ਼ਮਣ ਸਭ ਨਤੋਏ ਆਉਣਗੇ ਰਲ਼ ਕੇ,
ਜਿਸ ਦਿਨ ਪ੍ਰਾਣ ਤੇਰੇ ਅਲਵਿਦਾ ਕਹਿ ਗਏ।
ਜਿਹੜੇ ਇੱਕ-ਦੂਜੇ ਦੇ ਕੋਲੋਂ ਦੂਰ ਭੱਜਦੇ ਸੀ,
ਦੁਨੀਆ ਦੇਖੂ ਇੱਕੋ ਸਫ਼ 'ਤੇ ਆਣ ਕੇ ਬਹਿ ਗਏ।

•

ਦਾਨਸ਼ਮੰਦ ਦੁਨੀਆ ਦਾ ਮੈਂ ਸਤਿਕਾਰ ਕਰਦਾ ਹੈ,
ਪਰ ਆਪਣੇ ਦਿਲ 'ਤੇ ਵੀ ਮੈਂ ਇਤਬਾਰ ਕਰਦਾ ਹਾਂ।
ਸੋਚਣਾ ਤੇ ਸਮਝਣਾ ਵੀ ਲਾਜ਼ਮੀ ਸੁੱਨਤ ਲਈ,
ਪਰ ਮਹਿਕਦੇ ਫੁੱਲਾਂ ਨੂੰ ਵੀ ਮੈਂ ਪਿਆਰ ਕਰਦਾ ਹਾਂ।

•

ਜਦ ਪਰਖ਼ਣ ਵਾਲਾ ਕੋਈ ਨਹੀਂ, ਕੀ ਫ਼ਰਕ ਹੈ,
ਫਿਰ ਕੰਡਾ ਹੋਵਾਂ ਜਾਂ ਫੁੱਲ ਹੋਵਾਂ।
ਸੁੰਨੇ ਕਮਰੇ ਵਿੱਚ ਦੀਪਕ ਹਾਂ ਕਿਸੇ ਨੂੰ ਕੀ,
ਮੈਂ ਜਗਦਾ ਰਹਾਂ ਜਾਂ ਗੁੱਲ ਹੋਵਾਂ।

•

سانبھ کے رکھی ہے دل وچ، اس قدر تیری اڈیک،
کہ بھالیا وی کسے توں ہرگز نہ بھالی جائیگی
پتہ ہے کہ بہت مشکل کم کرنا انتظار،
پر دل دی اکو ریجھ ہے اوہ وی نہ ٹالی جائیگی

*

دوست دشمن سبھ نڑوئے آؤنگے رل کے،
جس دن پران تیرے الوداع کہہ گئے
جیہڑے اک دوجے دے کولوں دور بھجدے سی،
دنیا دیکھو اکو صف تے آن کے بہہ گئے

*

دانشمند دنیا دا میں ستکار کردا ہے،
پر اپنے دل تے وی میں اعتبار کردا ہاں
سوچنا تے سمجھنا وی لازمی سنڑ لئی،
پر مہکدے پھلاں نوں وی میں پیار کردا ہاں

*

جد پرکھن والا کوئی نہیں، کیہ فرق ہے،
پھر کنڈا ہوواں جاں پھل ہوواں
سنے کمرے وچ دیپک ہاں کسے نوں کی،
میں جگدا رہاں جاں گل ہوواں

ਸਾਰੇ ਕਾਰਜ ਭੱਜ-ਭੱਜ ਕਰੀਏ,
ਓਹੀਓ ਕਾਰਜ ਨੂੰ ਇੱਕ ਹੁੰਦਾ,
ਜਿਸ ਕਰਕੇ ਬੰਦਾ ਇਨਸਾਨ।

ਛਿਣ ਭੰਗਰੀ ਜਦ ਜੂਨ ਬੀਤ ਗਈ,
ਜਾਨਵਰਾਂ ਦੀਆਂ ਜੂਨਾਂ ਦੇ ਵਿੱਚ,
ਫਿਰ ਭਗਤੀ ਨਹੀਂ ਪਰਵਾਨ।

•

ਫ਼ਤਵੇ ਹੀ ਲੱਗਦੇ ਰਹੇ ਸਾਰੀ ਉਮਰ ਮੈਨੂੰ,
ਡਰ ਜਿਹਾ ਲੱਗਦੈ ਜਦੋਂ ਤਾਰੀਫ਼ ਕਰਦੇ ਹੋ।
ਅੱਖ ਭਰ ਆਉਂਦੀ ਹੈ ਖ਼ੁਸ਼ੀ ਦੇ ਨਾਲ ਇੱਕ ਵਾਰੀ,
ਜਦ ਮਿਹਰਬਾਨ ਹੋ ਕੇ ਤੁਸੀਂ ਕੋਈ ਨਾਮ ਧਰਦੇ ਹੋ।

ਕਿਸੇ ਨੂੰ ਕੁੱਝ ਦੇਣ ਤੋਂ ਗ਼ੁਰੇਜ਼ ਕਰਦੈ ਹਰ ਕੋਈ,
ਤਾਂ ਹੀ ਦੇ ਸਕਦੇ ਹੋ ਜੇ ਤੁਸੀਂ ਆਪ ਸਰਦੇ ਹੋ।
ਦਿਲ ਹੋਵੇ ਜਾਂ ਦਿਲ ਜਿਹੀ ਕੋਈ ਕੀਮਤੀ ਵਸਤੂ,
ਜੇਕਰ ਤੁਹਾਡੇ ਕੋਲ ਹੈ ਤਾਹੀਓਂ ਤਾਂ ਹਰਦੇ ਹੋ।

ਤੁਹਾਨੂੰ ਆਪਣਾ ਲੱਗਦੈ ਜੋ ਇਸ ਨਾਚੀਜ਼ ਦੇ ਵਿੱਚੋਂ,
ਡੁੱਬਦੇ ਨੂੰ ਬਾਹਰ ਕੱਢ ਲਓ ਜੇ ਤਰਦੇ ਹੋ।
ਮੇਰਾ ਨਾਮ ਤਾਂ ਉਹੀ ਹੈ ਜੋ ਤੁਸੀਂ ਦਿੱਤਾ ਹੈ,
ਆਪਣੇ ਆਪ ਨੂੰ ਅਪਣਾਉਣੋਂ ਹੁਣ ਕਿਉਂ ਡਰਦੇ ਹੋ।

-

ਸਾਰੇ ਕਾਰਜ ਭਜ ਭਜ ਕਰਿਏ،
ਹਿਓ ਕਾਰਜ ਨਹਿਂ ਇਕ ਹੁਂਦਾ،
ਜਸ ਕਰਕੇ ਬਂਦਾ ਇਨਸਾਨ

ਛਿਨ ਭਂਗਰੀ ਜਦ ਜੂਨ ਬੀਤ ਗਈ،
ਜਾਨੂਰਾਂ ਦਿਆਂ ਜੂਨਾਂ ਦੇ ਵਿਚ،
ਫਿਰ ਭਗਤੀ ਨਹਿਂ ਪਰਵਾਨ
★

ਫਤੂਏ ਹੀ ਲਗਦੇ ਰਹੇ ਸਾਰੀ ਅਮਰ ਮੀਨੂਂ،
ਡਰ ਜੀਹਾ ਲਗਦੇ ਜਦੂਂ ਤਰੀਫ ਕਰਦੇ ਹੂ
ਅਕ ਭਰ ਆਂਦੀ ਹੈ ਖੂਸ਼ੀ ਦੇ ਨਾਲ ਇਕ ਵਾਰੀ،
ਜਦ ਮਹਰਬਾਨ ਹੂ ਕੇ ਤੂਸੀਂ ਕੂਈ ਨਾਮ ਧਰਦੇ ਹੂ
★

ਕਸੇ ਨੂਂ ਕਛ ਦੇਨ ਤੂਂ ਗਰੇਜ ਕਰਦੇ ਹਰ ਕੂਈ،
ਤਾਂ ਹੀ ਦੇ ਸਕਦੇ ਹੂ ਜੇ ਤੂਸੀਂ ਆਪ ਸਰਦੇ ਹੂ
ਦਲ ਹੂਵੇ ਜਾਂ ਦਲ ਜਹੀ ਕੂਈ ਕੀਮਤੀ ਵਸਤੂ،
ਜੇਕਰ ਤਹਾਡੇ ਕੂਲ ਹੈ ਤਾਹੀਓਂ ਤਾਂ ਹਰਦੇ ਹੂ
★

ਤਹਾਨੂਂ ਅਪਨਾ ਲਗਦੇ ਜੂ ਇਸ ਨਾਚੀਜ ਦੇ ਵਚੂਂ،
ਡੂਬਦੇ ਨੂਂ ਬਾਹਰ ਕਢ ਲਓ ਜੇ ਤਰਦੇ ਹੂ
ਮੇਰਾ ਨਾਮ ਤਾਂ ਉਹੀ ਹੈ ਜੂ ਤੂਸੀਂ ਦਿਤਾ ਹੈ،
ਅਪਨੇ ਆਪ ਨੂਂ ਅਪਨਾਉਨੋਂ ਹੂਨ ਕਿਉਂ ਡਰਦੇ ਹੂ

ਝੂਠ-ਮੂਠ ਹੀ ਕਹਿ ਸਕਦੈਂ ਕਿ ਬਹੁਤ ਹੀ ਵਧੀਆ ਹਾਲ,
ਚੰਗਾ ਰਹੇਂਗਾ ਸੱਚੋ-ਸੱਚ ਤੂੰ ਦੱਸਦੇ ਯਾਰ ਨੂੰ।
ਅੰਦਰੋਂ-ਅੰਦਰ ਰਿਝਦਾ ਰਿਹਾ ਤਾਂ ਕਿੰਨਾ ਚਿਰ ਕੱਢੇਂਗਾ,
ਚਾਰ ਦਿਹਾੜੇ ਜੀਣਾ ਹੈ ਤਾਂ ਦੱਸਦੇ ਦੁੱਖ ਸੰਸਾਰ ਨੂੰ।

•

ਕੁੱਲੀ, ਗੁੱਲੀ, ਜੁੱਲੀ ਦਾ ਫ਼ਿਕਰ ਰਾਤ ਦਿਨ ਤੈਨੂੰ,
ਸਿਰ ਢਕਾਵਾ ਹੋਇਆ ਨਹੀਂ ਤੇ ਰੋਂਦਾ ਫਿਰਦੈਂ ਪਿਆਰ ਨੂੰ।
ਦਿੱਲੀ ਦੂਰ ਬੜੀ ਹੈ ਸੱਜਣਾ! ਦਿਲ ਰੱਖ ਕੇ ਤੁਰਿਆ ਜਾਹ!
ਦਾਤੇ ਦਾ ਸੁਕਰਾਨਾ ਕਰਕੇ ਅੰਗ-ਸੰਗ ਰੱਖ ਕਰਤਾਰ ਨੂੰ।

•

ਤੇਰੀ ਤਸਵੀਰ ਵਿੱਚ ਅੱਖੀਆਂ ਕਤਲ ਕਰ ਰਹੀਆਂ ਸਭਨਾਂ ਨੂੰ,
ਕਿਤੇ ਤੂੰ ਖੁਦ ਖੜੀ ਹੋਵੇਂ ਤਾਂ ਦੱਸ ਕੀ ਹਾਲ ਹੋਵੇਗਾ?
ਮੂਰਤ ਵਿੱਚ ਅੱਖੀਆਂ ਦੀ ਨਹੀਂ ਜਾਂਦੀ ਜੋਕਰ ਤਾਬ ਝੱਲੀ,
ਤਾਂ ਹਾਰੀ-ਸਾਰੀ ਫਿਰ ਤੇਰੇ ਸਾਹਵੇਂ ਦੱਸ! ਕਿੰਝ ਖਲੋਵੇਗਾ?

•

ਜਿਸਦੀ ਝਲਕ ਲੈਣ ਲਈ ਲੋਕੀਂ, ਪਤਾ ਨੀਂ ਕਿੰਨੇ ਫਿਰਦੇ,
ਉਸਨੂੰ ਮੇਰਾ ਨਾਮ ਯਾਦ ਹੈ, ਇਸ ਤੋਂ ਵੱਧ ਮੈਂ ਕੀ ਲੋਚਾਂ।
ਜਿਸਦੀ ਸੋਚ ਸਮੁੰਦਰੋਂ ਡੂੰਘੀ, ਖੰਡ ਬ੍ਰਹਿਮੰਡ ਵਿੱਚ ਦਰਜਾ ਹੈ,
ਕੁੱਝ ਵੀ ਹੋਰ ਮੰਗਣ ਲਈ ਉਸਤੋਂ ਸੋਚਾਂ ਤਾਂ ਮੈਂ ਕੀ ਸੋਚਾਂ।

•

جھوٹھ موٹھ ہی کہہ سکدیں کہ بہت ہی ودھیا حال،
چنگا رہیں گا سچو سچ توں دسدے یار نوں
اندروں اندروں رجھدا رہا تاں کنا چر کڈھینگا،
چار دہاڑے جینا ہے تاں دسدے دکھ سنسار نوں

★

کلی، گلی، جلی دا فکر رات دن تینوں،
سر ڈھکاوا ہویا نہیں تے روندا پھردیں پیار نوں
دلی دور بڑی ہے سجنا! دل رکھ کے تریا جاہ!
داتے دا شکرانہ کرکے انگ سنگ رکھ کرتار نوں

★

تیری تصویر وچ اکھیاں قتل کر رہیاں سبھناں نوں،
کتے توں خود کھڑی ہوویں تاں دس کیہ حال ہووےگا؟
مورت وچ اکھیاں دی نہیں جاندی جیکر تاب جھلی،
تاں ہاری ساری پھر تیرے ساہویں دس! کنج کھلوویگا؟

★

جسدی جھلک لین لئی لوکیں، پتہ نہیں کنے پھردے،
اسنوں میرا نام یاد ہے، اس توں ودھ میں کیہ لوچاں
جسدی سوچ سمندروں ڈونگھی، کھنڈ برہمنڈ وچ درجہ ہے،
کجھ وی ہور منگن لئی استوں سوچاں تاں میں کیہ سوچاں

ਉਸਤਾਦ ਤਾਂ ਦੁਨੀਆ ਵਿੱਚ ਇੱਟ ਚੁੱਕਿਆਂ ਮਿਲਦੇ,
ਮੇਰਾ ਤਾਂ ਸ਼ਗਿਰਦ ਬਣਨ ਨੂੰ ਜੀ ਕਰਦਾ ਹੈ।
ਸਰਪਟ ਦੌੜ ਰਹੀ ਦੁਨੀਆਂ ਦੀ ਵੱਖ ਗਿਣਤੀ,
ਸੁੱਨਤ ਨੂੰ ਭੁੱਲਿਆਂ ਵਿੱਚ ਗਿਣਨ ਨੂੰ ਜੀ ਕਰਦਾ ਹੈ।

•

ਦੁਨੀਆ ਕਿਸੇ ਵੀ ਖੱਬੀ ਖਾਂ ਤੋਂ ਨਹੀਂ ਡਰਦੀ,
ਪਰ ਮੇਰਾ ਹਾਲੇ ਬਹੁਤ ਡਰਨ ਨੂੰ ਜੀ ਕਰਦਾ ਹੈ।
ਨੱਕ 'ਤੇ ਮੱਖੀ ਬਹਿਣ ਨੀਂ ਦਿੰਦਾ ਹੁਣ ਕੋਈ,
ਪਰ ਸੱਚੀ ਸੱਜਣਾ! ਹੁਕਮ ਜਰਨ ਨੂੰ ਜੀ ਕਰਦਾ ਹੈ।

•

ਮਜ਼ਾ ਜਿਹਾ ਲੱਗਿਆ ਸੀ ਆਉਣ ਮੇਰੇ ਦੋਸਤਾ!
ਮਸਾਂ-ਮਸਾਂ ਮਿਲਿਆ ਸੀ ਤੂੰ।
ਬੋਰ੍ਹਾਂ ਅਤੇ ਕਿੱਕਰਾਂ ਦੇ ਕੰਡਿਆਂ ਦੇ
ਖੇਤ ਵਿੱਚ ਮਸਾਂ-ਮਸਾਂ ਖਿਲਿਆ ਸੀ ਤੂੰ।

•

ਪਥਰੀਲੇ ਦੇਸ ਵਿੱਚ ਕੋਈ ਵੀ ਨਾ ਤੁਰੇ
ਨਾਲ ਮਸਾਂ-ਮਸਾਂ ਹਿੱਲਿਆ ਸੀ ਤੂੰ।
ਵਾਸਤਾ ਈ ਰੱਬ ਦਾ ਤੂੰ ਵੀ ਨਾ ਕਿਤੇ
ਜਾਂਦਾ ਰਹੀਂ ਰੱਬ ਬਣ ਮਿਲਿਆ ਸੀ ਤੂੰ।

•

ਤੇਰੇ ਆਸਰੇ ਨਾ' ਰੀਝਾਂ ਜਾਗੀਆਂ ਸੀ
ਮੁੱਡੋਂ-ਸੁੱਡੋਂ ਨਿੱਘਾ-ਨਿੱਘਾ ਲੱਗਿਆ ਸੀ ਰੂੰ।
ਮੈਂ ਵੀ ਜੀਅ ਕੇ ਵੇਖ ਲਵਾਂ ਤੇਰਾ ਚਿੱਤ
ਕਰੇ ਜੇ ਤਾਂ ਤੇਰੇ ਬਿਨਾ ਦੱਸ ਕੀ ਕਰੂੰ।

•

استاد تاں دنیا وچ اٹ چکیاں ملدے،
میرا تاں شگرد بنن نوں جی کردا ہے
سرپٹ دوڑ رہی دنیاں دی وکھ گنتی،
سنڑ نوں بھلیاں وچ گنن نوں جی کردا ہے
★

دنیا کسے وی کھبی خاں توں نہیں ڈردی،
پر میرا حالے بہت ڈرن نوں جی کردا ہے
نک تے مکھی بہن نہیں دیندا ہن کوئی،
پر سچی سجنا! حکم جرن نوں جی کردا ہے
★

مزہ جیہا لگیا سی آؤن میرے دوستا!
مساں مساں ملیا سی توں
تھورھاں اتے ککراں دے کنڈیاں دے
کھیت وچ مساں مساں کھلیا سی توں
★

پتھریلے دیش وچ کوئی وی نہ ترے
نال مساں مساں ہلیا سی توں
واسطہ ای رب دا توں وی نہ کتے
جاندا رہیں رب بن ملیا سی توں
★

تیرے آسرے نہ' ریجھاں جاگیاں سی
مڈوں سڈوں نگھا نگھا لگیا سی روں
میں وی جی کے ویکھ لواں تیرا چت
کرے جے تاں تیرے بنا دس کیہ کروں
★

ਝੂਠੇ ਰੰਗ ਦੁਨੀਆ ਤੇ ਹੰਡਣਸਾਰ ਨਾ ਕੋਈ,
ਜਿਹੜਾ ਨਾਂ ਮਿਟ ਹੀ ਜਾਣਾ, ਕੀ ਲੈਣਾ ਹੈ ਰਟ ਕੇ।
ਤੇਰੀਆਂ ਲਿਖਤਾਂ ਨੇ ਸੁੱਨੜਾ! ਕਈ ਰੰਗ ਵਿਖਾਣੇ,
ਪੜ੍ਹੇ ਜਾਂ ਨਾ ਪੜ੍ਹੇ ਕੋਈ, ਤੂੰ ਲਿਖਦਾ ਜਾ ਡਟ ਕੇ।

•

ਬੱਬਾ ਜੁਲਫਾਂ ਕੱਟ ਗਵਾਈਆਂ,ਗੁੱਤ ਪਰਾਦੇਂ ਮੁੰਡੀਆ ਲਾਹੀਆਂ,
ਪਤਾ ਨਹੀਂ ਲੱਗਦਾ ਹੁਣ ਕਿਹੜਾ ਆਦਮੀ ਹੈ ਜਾ ਨਾਰ।
ਜਾਵੋ ਕੋਈ ਮੋੜ ਲਿਆਵੋ, ਰੁੱਸ ਕੇ ਚਲੀ ਗਈ ਹੈ ਕਿੱਧਰੇ,
ਜਿਸਨੂੰ ਕਹਿੰਦੇ ਸੀ ਪੰਜਾਬਣ, ਹੁਸਨਾਂ ਦੀ ਸਰਕਾਰ।

•

ਐਸੀ-ਵੈਸੀ ਰੀਝ ਨਹੀ ਸੀ ਬਸ! ਦਿਲ ਕਰਦਾ ਸੀ,
ਕੋਈ ਰੁੱਸੇ ਤੇ ਅਸੀਂ ਮਨਾਉਂਦੇ ਫਿਰੀਏ।
ਮੰਨਣ-ਮਨਾਉਣ ਦੀਆ ਸੁਰਾਂ ਇੱਕ ਗੀਤ ਜਿਹਾ ਬਣ ਜਾਵੇ,
ਉੱਠਦਿਆ, ਬਹਿੰਦਿਆਂ ਗਾਉਂਦੇ ਫਿਰੀਏ।

ਸਾਡੀ ਸ਼ਖਸੀਅਤ ਵਿੱਚ ਕੋਈ ਘਾਟ ਹੋਣੀ ਐਂ,
ਕਾਹਨੂੰ ਐਂਵੇ ਉਜਾਂ ਹੋਰ ਕਿਸੇ 'ਤੇ ਲਾਉਂਦੇ ਫਿਰੀਏ।
ਅਜੇ ਤੀਕ ਨਹੀਂ ਆਇਆ ਕੋਈ ਹੁਣ ਕੀ ਅਉਣਾ,
ਐਂਵੇ ਕਾਹਤੋਂ ਰਾਹਾਂ ਉੱਤੇ ਦੀਪ ਜਗਾਉਂਦੇ ਫਿਰੀਏ।

جھوٹھے رنگ دنیا تے ہنڈنسار نہ کوئی،
جیہڑا ناں مٹ ہی جانا، کیہ لینا ہے رٹ کے
تیریاں لکھتاں نے سنڑا! کئی رنگ وکھانے،
پڑھے جاں نہ پڑھے کوئی، توں لکھدا جا ڈٹ کے

★

تھبہ زلفاں کٹ گوائیاں،گت پرادیں مھیڈیا لاہیاں،
پتہ نہیں لگدا ہن کیہڑا آدمی ہے جا نعر
جاوو کوئی موڑ لیاوو، رس کے چلی گئی ہے کدھرے،
جسنوں کہندے سی پنجابن، حسناں دی سرکار

★

ایسی ویسی ریجھ نہی سی بس! دل کردا سی،
کوئی رسے تے اسیں مناؤندے پھریے
منن مناؤن دیا سراں اک گیت جیہا بن جاوے،
اُٹھدیاں، بہندیاں گاؤندے پھریے

★

ساڈی شخصیت وچ کوئی گھاٹ ہونی ایں،
کاہنوں اینوے اوجاں ہور کسے تے لاؤندے پھریے
اجے تیک نہیں آیا کوئی ہن کیہ اؤنا،
ایویں کاہتوں راہاں اتے دیپ جگاؤندے پھریے

ਜੀਅ ਕਰਦਾ ਹੈ ਜਾ ਮਿਲਾਂ ਉੱਡ ਕੇ,
ਮਾਸਾ ਜਿਹਾ ਵੀ ਜਦੋ ਇਸ਼ਾਰਾ ਮਿਲਦਾ ਹੈ।
ਪੜ੍ਹ ਰਹੇ ਹੁੰਦੇ ਜਦੋਂ ਉਹ ਮੇਰੀ ਕਵਿਤਾ ਨੂੰ,
ਮੈਨੂੰ ਲੱਗਦਾ ਜਿਵੇਂ ਹੁੰਘਾਰਾ ਮਿਲਦਾ ਹੈ।

ਬਿਨਾ ਮਲਾਹ ਕਿਸਤੀ ਜਾਵੇ ਤਾਂ ਕਿੱਧਰ ਨੂੰ,
ਮਾਝੀ ਬਿਨ ਕਿੰਦਾ ਕਿਨਾਰਾ ਮਿਲਦਾ ਹੈ।
ਇਹ ਜਨਮ ਤਾਂ ਭੰਗ ਦੇ ਭਾਣੇ ਗਿਆ, ਸੁਣਿਆ!
ਕਦੇ ਨਾ ਜੀਵਨ ਦੁਬਾਰਾ ਮਿਲਦਾ ਹੈ।

•

ਦਿਲ ਟੁੱਟਦਾ ਹੈ ਤਾਂ ਰੋਂਦਾ ਹੈ ਦਿਲ ਦਾ ਇਸ ਵਿੱਚ ਦੋਸ਼ ਹੈ ਕੀ,
ਤਨ 'ਤੇ ਬੀਤੇ ਤਾਂ ਜਰ ਲਈਏ ਮਨ 'ਤੇ ਬੀਤੇ ਤਾਂ ਕਿੰਝ ਜਰਾਂ।
ਹਾਰੇ ਬੈਠੇ ਹਾਂ ਪਹਿਲਾਂ ਹੀ ਕੁੱਝ ਹੋਰ ਹਰਨ ਦਾ ਕੀ ਰੌਲਾ
ਕੁੱਝ ਬਚਿਆ ਹੁੰਦਾ ਤਾਂ ਹਰਦੇ, ਦੱਸ ਹਾਰ ਗਏ ਨੂੰ ਕਿੰਝ ਹਰਾਂ।

•

ਕੋਈ ਸ਼ੱਕ ਨਹੀਂ ਏਸ ਵਿੱਚ ਤੂੰ ਬਿਲਕੁਲ ਬੇਵਫ਼ਾ ਨਹੀਂ,
ਜੇ ਤੂੰ ਬੇਵਫ਼ਾ ਹੁੰਦੀ ਤਾ ਫਿਰ ਤਾਂ ਗੱਲ ਹੀ ਮੁੱਕ ਜਾਂਦੀ।
ਸੱਚ ਹੈ ਕਿ ਮੈਨੂੰ ਵੀ ਪਤਾ ਨਹੀਂ ਕੀ ਹੈ ਮਜਬੂਰੀ
ਜੇ ਤੇਰਾ ਦੋਸ਼ ਕੋਈ ਹੁੰਦਾ ਤਾਂ ਹਰ ਇੱਕ ਰੀਝ ਸੁੱਕ ਜਾਂਦੀ।

•

جی کردا ہے جا ملاں اڈ کے،
ماسہ جیہا وی جدو اشارہ ملدا ہے
پڑھ رہے ہوندے جدوں اوہ میری کویتا نوں،
مینوں لگدا جویں ہنگھارا ملدا ہے

*

بنا ملاح کستی جاوے تاں کدھر نوں،
ماجھی بن کدا کنارہ ملدا ہے
ایہہ جنم تاں بھنگ دے بھانے گیا، سنیا!
کدے نہ جیون دوبارہ ملدا ہے

*

دل ٹُٹدا ہے تاں روندا ہے دل دا اس وچ دوش ہے کی،
تن تے بیتے تاں جر لئیے من تے بیتے تاں کنج جراں
ہارے بیٹھے ہاں پہلاں ہی کجھ ہور ہرن دا کیہ رولا
کجھ بچیا ہوندا تاں ہردے، دس ہار گئے نوں کنج ہراں

*

کوئی شک نہیں ایس وچ توں بالکل بے وفا نہیں،
جے توں بے وفا ہوندی تا پھر تاں گل ہی مک جاندی
سچ ہے کہ مینوں وی پتہ نہیں کیہ ہے مجبوری
جے تیرا دوش کوئی ہوندا تاں ہر اک ریجھ سک جاندی

*

ਤੈਨੂੰ ਨੇੜਿਓਂ ਜਾਨਣ ਦੀ ਦਿਲ ਵਿੱਚ ਖ਼ਾਹਿਸ਼ ਹੈ ਮੇਰੇ,
ਕਿਣਮਿਣ ਨਾ ਕਰਦੀ ਤਾਂ ਸ਼ਾਇਦ ਫਸਲ ਸੁੱਕ ਜਾਂਦੀ।
ਤੇਰੇ ਬਹਾਨੇ ਜੀਣ ਨੂੰ ਦਿਲ ਕਰਨ ਲੱਗਾ ਸੀ,
ਝੁਕਦਿਆਂ-ਝੁਕਦਿਆਂ ਇਹ ਰੂਹ ਨਹੀਂ ਤਾਂ ਬਿਲਕੁਲ ਝੁਕ ਜਾਂਦੀ।

•

ਮੈਂ ਆਪਣੇ ਖੁਦ ਚਮਲਾਏ ਨੇ ਬਹੁਤਾ ਹੀ ਆਪਣੇ ਕਹਿ-ਕਹਿ ਕੇ,
ਗ਼ੈਰਾ ਵਿਚ ਗ਼ੈਰਤ ਹੈ ਹਾਲੇ ਪਰ ਆਪਣਿਆਂ ਠੁਕਰਾਇਆ ਹੈ।
ਰਾਹ ਬਣਾਏ ਨੇ ਜਿਨ੍ਹਾਂ ਲਈ ਮੈਂ ਮੁਮਕਿਨ ਕੋਸ਼ਿਸ਼ ਕਰਕੇ,
ਉਹਨਾਂ ਹੀ ਮੇਰੇ ਆਪਣਿਆਂ ਮੈਨੂੰ ਰਾਹੇ-ਰਾਹੇ ਪਾਇਆ ਹੈ।

•

ਘਰ-ਬਾਰ ਬਣਾਇਆ ਭੱਜ ਨੱਠ ਕੇ ਕਿ ਮੇਰਾ ਕੋਈ ਉਡੀਕੇਗਾ,
ਹੁਣ ਭੁੱਲ ਜਾ ਸੁੱਨੜਾ! ਉਸ ਘਰ ਨੂੰ ਜਿਸ ਵਿੱਚ ਭੂਤਾਂ ਦਾ ਸਾਇਆ ਹੈ।
ਕੋਈ ਅਪਣਾ ਨਾਂ ਥਾਂ ਬਣ ਜਾਵੇ ਇਸ ਲੋਚਾ ਵਿਚ ਬੀਂਡੀ ਜੁੱਟਿਆ,
ਪਰ ਮੈਨੂੰ ਹੀ ਪੁੱਛੇ ਕੋਈ ਕੀ ਖੱਟਿਆ ਕੀ ਗਵਾਇਆ ਹੈ।

•

ਜਦ ਕੱਲਮਕੱਲੇ ਬੈਠੇ ਹਾਂ ਤਾਂ ਚੰਗਾ ਕੀ ਤੇ ਮੰਦਾ ਕੀ,
ਤੂੰ ਮਿਲ ਜਾਵੇਂ ਤਾਂ ਖ਼ੈਰ ਹੈ ਨਹੀਂ ਤਾਂ ਬੀਤ ਗਈ ਹੈ ਏਸ ਤਰ੍ਹਾਂ।
ਸਾਡੇ ਜੀਵਨ ਵਿੱਚ ਮਹਿਕ ਨਹੀਂ ਦੁਨੀਆ ਮਹਿਕੇ ਤਾਂ ਕੀ ਕਰੀਏ,
ਜੇ ਦੇਖਣ ਵਾਲਾ ਕੋਈ ਨਾ ਹੋਵੇ ਕੀ ਫਰਕ ਹੈ ਫਿਰ ਜੀਵਾਂ ਕਿ ਮਰਾਂ।

•

ਦਿਲ ਟੁੱਟਦਾ ਹੈ ਰੋਂਦਾ ਹੈ ਦਿਲ ਦਾ ਇਸ ਦੇ ਵਿੱਚ ਦੋਸ਼ ਹੈ ਕੀ,
ਤਨ 'ਤੇ ਬੀਤੇ ਤਾਂ ਜਰ ਲਈਏ ਮਨ ਦੀ ਪੀੜਾ ਦੱਸ ਕਿੰਝ ਜਰਾਂ।
ਹਾਰੇ ਬੈਠੇ ਹਾਂ ਪਹਿਲਾਂ ਹੀ ਕੁੱਝ ਹੋਰ ਹਰਨ ਦਾ ਕੀ ਰੌਲ਼ਾ,
ਕੁੱਝ ਬਚਿਆ ਹੁੰਦਾ ਤਾਂ ਹਰਦੇ ਦੱਸ! ਹਾਰ ਗਏ ਨੂੰ ਕਿੰਝ ਹਰਾਂ।

تینوں نیڑیوں جانن دی دل وچ خواہش ہے میرے،
کن من نہ کردی تاں شاید فصل سک جاندی
تیرے بہانے جین نوں دل کرن لگا سی،
جھکدیاں جھکدیاں ایہہ روح نہیں تاں بالکل جھک جاندی

★

میں اپنے خود چملائے نے بہتا ہی اپنے کہہ کہہ کے،
غیرا وچ غیرت ہے حالے پر آپنیاں ٹھکرایا ہے
راہ بنائے نے جیہناں لئی میں ممکن کوشش کرکے،
اوہناں ہی میرے آپنیاں مینوں راہے راہے پایا ہے

★

گھر بار بنایا بھج نٹھ کے کہ میرا کوئی اڈیکیگا،
ہن بھل جا سنڑا! اس گھر نوں جس وچ بھوتاں دا سایہ ہے
کوئی اپنا ناں تھاں بن جاوے اس لوچا وچ بینڈی جٹیا،
پر مینوں ہی پچھے کوئی کیہ کھٹیا کیہ گوایا ہے

★

جد کلم کلے بیٹھے ہاں تاں چنگا کیہ تے مندا کی،
توں مل جاویں تاں خیر ہے نہیں تاں بیت گئی ہے ایس طرحاں
ساڈے جیون وچ مہک نہیں دنیا مہکے تاں کیہ کریے،
جے دیکھن والا کوئی نہ ہووے کیہ فرق ہے پھر جیواں کہ مراں

★

دل ٹٹدا ہے روندا ہے دل دا اس دے وچ دوش ہے کی،
تن تے بیتے تاں جر لئیے من دی پیڑا دس کنج جراں
ہارے بیٹھے ہاں پہلاں ہی کجھ ہور ہرن دا کیہ رولا،
کجھ بچیا ہوندا تاں ہردے دس! ہار گئے نوں کنج ہراں

ਰੁੱਸ ਜਾਣ ਦਾ ਦਬਕਾ ਤਾਂ ਤੂੰ ਤਦ ਮਾਰੇ,
ਜੇ ਸੱਚੀ-ਮੁੱਚੀ ਸਾਨੂੰ ਅਪਣਾਇਆ ਹੋਵੇ ।
ਤੇਰੇ ਕੋਰੇ ਖ਼ਤ ਦੇ ਅਰਥ ਕਰਾਂ ਕਿੰਦਾ,
ਕੋਈ ਹਰਫ਼ ਤਾਂ ਖ਼ਤ ਉੱਤੇ ਪਾਇਆ ਹੋਵੇ ।

•

ਰਾਮ ਰਾਜ ਤਾਂ ਹੋਵੇ ਜੇ ਹੋਵੇ ਰਾਜਾ ਰਾਮ,
ਰਾਵਣ ਰਾਜੇ ਚਾਰ-ਚੁਫੇਰੇ ਸੀਤਾ ਉੱਧਲੇ ਸ਼ਰ੍ਹੇਆਮ।
ਧੱਕੇਸ਼ਾਹੀ ਏਨੀ ਹੈ ਕਿ ਚਿੱਟੇ ਦਿਨ ਵਿੱਚ 'ਨ੍ਹੇਰ ਮਚਾ ਕੇ
ਅੱਜ ਦੇ ਰਾਜੇ ਮਾਸਾ ਵੀ ਨਹੀਂ ਬਦਨਾਮ।

•

ਤੁਰਦੀਆਂ ਫਿਰਦੀਆਂ ਲਾਸ਼ਾਂ ਦੀ ਮੰਡੀ ਲੱਗੀ ਸੀ,
ਮੈਂ ਵੀ ਅਪਣੀ ਲਾਸ਼ ਲਿਆ ਕੇ ਵੇਚਣ ਲਈ ਟਿਕਾਈ।
ਖ਼ਬਰ ਲੱਗ ਗਈ ਜਦ ਕਿ ਸੁੱਨਤ ਅਸਲੀਅਤ ਨੂੰ ਜਾਣੇ,
ਸਸਤਾ ਵੀ ਵਿਕਣਾ ਚਾਹਿਆ ਪਰ ਕਿਸੇ ਨਾ ਬੋਲੀ ਲਾਈ।

•

ਗਜ਼ਲ਼ ਵਰਗੀ ਕੁੜੀ ਤਾਂ ਤੂੰ ਕਿਹਾ ਮੈਨੂੰ ਬਹੁਤ ਵਾਰ,
ਪਰ ਜੇ ਗਜ਼ਲ਼ ਬਣ ਗਈ ਤਾਂ ਤੈਥੋਂ ਗਾ ਨਹੀਂ ਹੋਣੀ ।
ਇਸ਼ਕ ਦੇ ਗੁੜ ਵਿੱਚ ਜੇ ਆ ਗਈ ਮਿੱਠੇ ਸੋਡੇ ਦੀ ਡਲੀ,
ਤੈਥੋਂ ਮਿੱਠਾ ਮਹੁਰਾ ਬਣੀ ਸ਼ੱਕਰ ਖਾ ਨਹੀਂ ਹੋਣੀ।

ਰُس جان دا دبکا تاں توں تد مارے،
جے سچی مچی سانوں اپنایا ہووے
تیرے کورے خط دے ارتھ کراں کدا،
کوئی حرف تاں خط اتے پایا ہووے

*

رام راج تاں ہووے جے ہووے راجا رام،
راون راجے چار چفیرے سیتا ادھلے شرھیام
دھکیشاہی اینی ہے کہ چٹے دن وچ 'ٹھیر مچا کے
اج دے راجے ماسہ وی نہیں بدنام

*

تردیاں پھردیاں لاشاں دی منڈی لگی سی،
میں وی اپنی لاش لیا کے ویچن لئی ٹکائی
خبر لگ گئی جد کہ سنڑ اصلیت نوں جانے،
سستا وی وکنا چاہیا پر کسے نہ بولی لائی

*

غزل ورگی کڑی تاں توں کیہا مینوں بہت وار،
پر جے گزل بن گئی تاں تیتھوں گا نہیں ہونی
عشق دے گڑ وچ جے آ گئی مٹھے سوڈے دی ڈلی،
تیتھوں مٹھا مہرا بنی شکر کھا نہیں ہونی

ਵੇਦੀ, ਤ੍ਰੈਵੇਦੀ, ਚਤੁਰਵੇਦੀ ਕਿੰਨੇ ਕੁ ਨੇ ਦੁਨੀਆ ਵਿਚ,
ਵੇਦ ਵਿਆਸ ਗ੍ਰੰਥਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ।
ਟਾਵਾਂ-ਟਾਵਾਂ ਹੈ ਕੋਈ ਜਿਸਨੇ ਵੇਦ-ਕੇਤਾਬਾਂ ਨੂੰ ਪੜ੍ਹਿਆ ਹੈ,
ਬੁੱਤ ਪੂੱਜ ਕੇ ਟੱਲ ਵਜਾ ਕੇ ਹਰ ਇੱਕ ਪੰਡਿਤ ਬਹਿ ਗਿਆ।

ਬਾਇਬਲ ਅਤੇ ਕੁਰਾਨ ਭਲਾ ਕਿੰਨੇ ਲੋਕਾਂ ਨੇ ਪੜ੍ਹਿਆ ਹੈ,
ਜੀਸਸ ਅਤੇ ਮੁਹੰਮਦ ਦਾ ਮਿਸ਼ਨ ਵਿਹੂਣਾ ਰਹਿ ਗਿਆ।
ਸੱਚੀ ਦੱਸਿਓ! ਗੁਰੂ ਗ੍ਰੰਥ ਨੂੰ ਕਿਸ ਵਡਭਾਗੇ ਨ ਪੜ੍ਹਿਆ ਹੈ,
ਬੋਲਤ ਬੋਲਤ ਬਤੇ ਬਿਕਾਰਾ ਭਗਤ ਕਬੀਰ ਕਹਿ ਗਿਆ।

•

ਨਜ਼ਰ ਮਿਲਾ ਕੇ ਕੋਲ ਆ ਕੇ ਵੀ ਜੇ ਚੁੱਪ ਹੈਂ ਤੂੰ,
ਕਿਵੇਂ ਕਹਾਂ ਦਿਲ ਨੂੰ ਕਿ ਇਹ ਵੀ ਸੱਟ ਜਰ ਜਾਵੇ।
ਫੇਰ ਵੀ ਇਹ ਦਿਲ, ਦਿਲ ਦੀ ਹੀ ਗੱਲ ਮੰਨਦਾ ਹੈ,
ਲੰਘ ਜਾਵੇ ਪਾਣੀ, ਕੰਡਾ ਲੱਖ ਵਾਰੀ ਖ਼ਰ ਜਾਵੇ।

•

ਨੀ ਅੱਜ ਮੋਤੀਏ ਵਰਗੀ ਆਪਣੀ ਸ਼ਕਲ ਬਣਾਈ ਕਿਉਂ?
ਨੀ ਤਿੱਪ ਨਾ ਜਿਸ ਵਿੱਚ ਪਾਣੀ ਖੂਹੀ ਲਾਈ ਕਿਉਂ?

•

ਤੂੰ ਦਾਤਾ, ਤੇਰਾ ਨਾਮ ਦਵਾਈ, ਮੈ ਮੂਰਖ ਨੂੰ ਸਮਝ ਨਾ ਆਈ।
ਸਾਰੀ ਉਮਰ ਨਿਆਮਤ ਵਸਤਾਂ, ਬੇਸ਼ੁਕਰਾ ਜੱਗ ਜਾਂਦਾ ਖਾਈ।

ویدی، تریویدی، چترویدی کنے کو نے دنیا وچ،
وید ویاس گرنتھاں تک ہی سیمت ہو کے رہ گیا
ٹاواں ٹاواں ہے کوئی جسنے وید کیتاباں نوں پڑھیا ہے،
بت پج کے ٹل وجا کے ہر اک پنڈت بہہ گیا

بائبل اتے قرآن بھلا کنے لوکاں نے پڑھیا ہے،
جیسس اتے محمد دا مشن وہونا رہ گیا
سچی دسیو! گورُ گرنتھ نوں کس وڈبھاگے ن پڑھیا ہے،
بولت بولت بڑے بکارا بھگت کبیر کہہ گیا

★

نظر ملا کے کول آ کے وی جے چپ ہیں توں،
کویں کہاں دل نوں کہ ایہہ وی سٹ جر جاوے
پھیر وی ایہہ دل، دل دی ہی گل مندا ہے،
لنگھ جاوے پانی، کنڈا لکھ واری خر جاوے

★

نی اج موتیے ورگی اپنی شکل بنائی کیوں؟
نی تپ نہ جس وچ پانی کھوہی لائی کیوں؟

★

توں داتا، تیرا نام دوائی، مے مورکھ نوں سمجھ نہ آئی
ساری عمر نیامت وستاں، بیشکرا جگ جاندا کھائی

ਅਸੀਂ ਤਰਕੀਬਾਂ ਸਿੱਖਦੇ ਰਹਿ ਗਏ, ਰੁੱਸੇ ਯਾਰ ਮਨਾਉਣ ਦੀਆਂ।
ਅਸੀਂ ਕਵਿਤਾਵਾਂ ਲਿਖਦੇ ਰਹਿ ਗਏ, ਦਿਲ ਦਾ ਹਾਲ ਸੁਣਾਉਣ ਦੀਆਂ।

ਪਿਆਰ-ਮੁਹੱਬਤ ਰੱਬ ਸਾਡੀ ਕਿਸਮਤ ਵਿੱਚ ਲਿਖਣਾ ਭੁੱਲ ਗਿਆ,
ਬਸ! ਸੁਰਾਂ ਬਣਾਉਦੇ ਰਹਿ ਗਏ, ਗੀਤ ਪਿਆਰ ਦੇ ਗਾਉਣ ਦੀਆਂ।

•

ਅਸੀਂ ਰੱਟਾ ਲਾਉਦੇ ਰਹਿ ਐਵੇਂ, ਭੁੱਲ ਜਾਣਾ ਤੇਰੀ ਆਦਤ ਹੈ।
ਤੇਰੇ ਲਈ ਬਸ! ਮੁਲਾਕਾਤ ਪਰ ਸਾਡੀ ਬਣੀ ਇਬਾਦਤ ਹੈ।

ਇਹ ਸੋਚ ਕੇ ਉੱਠਿਆ ਸੀ ਮੈ ਤਾਂ ਕਿ ਤੁਰਨ ਲੱਗੇ ਤੁਸੀਂ ਰੋਕੋਗੇ,
ਨਾ ਬਾਂਹ ਪਕੜੀ, ਨਾ ਜ਼ਿਦ ਕੀਤੀ, ਤੁਰਦੇ ਨੂੰ ਕਿਹਾ ਇਜਾਜ਼ਤ ਹੈ।

•

ਬੋਲਿਆਂ ਬਿਨਾ ਗੁਜ਼ਾਰਾ ਵੀ ਨਹੀਂ, ਵੱਧ-ਘੱਟ ਬੋਲ ਗਵਾਰਾ ਵੀ ਨਹੀਂ।
ਖਾਲੀ ਬਰਤਨ ਬਹੁਤ ਟੁਣਕਦੇ, ਭਰਿਆ ਹੋਇਆ ਜੱਗ ਸਾਰਾ ਵੀ ਨਹੀਂ।

ਘੁੰਮਦਿਆਂ ਨਾਲ ਕਿੰਝ ਗੱਲ ਕਰੀਏ, ਹਰ ਤਾਰਾ, ਧਰੂ ਤਾਰਾ ਵੀ ਨਹੀਂ,
ਸੁੱਨੜ! ਰੱਬ-ਰੱਬ ਕਰਦਾ ਵੈਸੇ ਰੱਬ ਤੋਂ ਬਿਨਾ ਸਹਾਰਾ ਵੀ ਨਹੀਂ।

•

ਜੋ ਖੁਦ ਹੱਥੀਂ ਪੈਦਾ ਕੀਤੀਆਂ, ਸੁੱਖ ਨਹੀਂ ਉਹਨਾਂ ਚੀਜ਼ਾਂ ਦਾ।
ਪਰ ਚਰਚਾ ਕਰਕੇ ਵੀ ਕੀ ਕਰਾਂਗੇ, ਹਾਰੀਆਂ ਹੋਈਆਂ ਰੀਝਾਂ ਦਾ।

•

ا

سیں ترکیباں سکھدے رہ گئے، رسے یار مناؤن دیاں
اسیں کویتاواں لکھدے رہ گئے، دل دا حال سناؤن دیاں
پیارمحبت رب ساڈی قسمت وچ لکھنا بھل گیا،
بس! سراں بناؤدے رہ گئے، گیت پیار دے گاؤن دیاں

*

اسیں رٹا لاؤدے رہ ایویں، بھل جانا تیری عادت ہے
تیرے لئی بس! ملاقات پر ساڈی بنی عبادت ہے
ایہہ سوچ کے اٹھیا سی مے تاں کہ ترن لگے تسیں روکوگے،
نہ بانہہ پکڑی، نہ ضد کیتی، تردے نوں کیہا اجازت ہے

*

بولیاں بنا گزارا وی نہیں، ودھ گھٹ بول گوارا وی نہیں
خالی برتن بہت ٹنکدے، بھریا ہویا جگ سارا وی نہیں

گھمدیاں نال کنج گل کریے، ہر تارہ، دھرو تارہ وی نہیں،
سنڑ! رب رب کردا ویسے رب توں بنا سہارا وی نہیں

*

جو خود ہتھیں پیدا کیتیاں، سکھ نہیں اوہناں چیزاں دا
پر چرچہ کرکے وی کیہ کرانگے، ہاریاں ہوئیاں ریجھاں دا

ਦਿਲ ਮੇਰੀ ਦੀ ਖੁਸ਼ੀ-ਗਮੀਂ ਨੂੰ, ਚੇਹਰੇ ਤੋਂ ਪੜ੍ਹ ਲੈਂਦਾ ਹੈ।
ਪਰ ਦਿਲ ਮੇਰੇ ਦੀਆਂ ਰੀਝਾਂ, ਤੈਨੂੰ ਪੜ੍ਹਨੀਆਂ ਨਹੀਂ ਆਈਆਂ।

ਜਾਂ ਤੇਰੇ ਦਿਲ ਦੀਆਂ ਸਾਰੀਆਂ ਰੀਝਾਂ ਪੂਰੀਆ ਹੋ ਗਈਆਂ ,
ਇਹ ਵੀ ਹੋ ਸਕਦਾ ਤੂੰ ਸਾਰੀ ਉਮਰ ਕਿਸੇ ਨਾਲ ਨਹੀਂ ਲਾਈਆਂ।

ਮੇਰੀ ਅੜ੍ਹਿਪਤੀ ਦੀ ਤੈਨੂੰ ਖ਼ਬਰ ਨਹੀਂ ਹੈ ਭੋਰਾ ਵੀ,
ਅੱਖਾਂ ਵਿਚ ਪਾਣੀ ਹੁੰਦਿਆਂ ਵੀ ਨਜ਼ਰਾ ਬਿਲਕੁਲ ੜ੍ਹਿਹਾਈਆਂ ।

•

ਯਾਰੜਿਆ! ਤੂੰ ਸ਼ਿਕਰਾ ਬਣ ਕੇ ਹੀ ਜੀਵਨ ਵਿੱਚ ਆ ਜਾਂਦਾ।
ਜਿੰਨਾ ਚਿਰ ਤੂੰ ਦਿਲ ਖਾਂਦਾ, ਓਨੀ ਤਾਂ ਉਮਰ ਵਧਾ ਜਾਂਦਾ ।

ਏਨਾ ਤਾਂ ਕਹਿ ਲੈਂਦੇ ਸਾਡੀ ਵੀ ਕੋਈ ਸਾਂਝ-ਭਿਆਲੀ ਸੀ,
ਖ਼ਾਰਾ ਪਾਣੀ ਕੱਢ ਲੈਂਦੇ, ਜੇਕਰ ਕਿੱਧਰੇ ਰੁਆ ਜਾਂਦਾ।

•

ਮੈਂ ਬੇਨਤੀ ਕਰਾਂ ਕਿ ਜੋ ਕੁੱਝ ਕਰਦਾਂ ਕਰਨ ਦਿਓ।
ਜੇ ਮੈ ਜਾਣ-ਬੁੱਝ ਕੇ ਹਰਦਾ ਹਾਂ ਤਾਂ ਹਰਨ ਦਿਓ।

ਚੰਗੇ ਬਣਨਾ ਮੈਨੂੰ ਨਾ ਆਇਆ, ਨਾ ਹੀ ਆਉਣੈ,
ਪਰ ਮਰਜ਼ੀ ਦੇ ਨਾਲ ਜਾਨ ਤਲੀ 'ਤੇ ਧਰਨ ਦਿਓ।

•

دل میری دی کھشی گمیں نوں، چہرے توں پڑھ لیندا ہے
پر دل میرے دیاں ریجھاں، تینوں پڑھنیاں نہیں آئیاں

جاں تیرے دل دیاں ساریاں ریجھاں پوریا ہو گئیاں ،
ایہہ وی ہو سکدا توں ساری عمر کسے نال نہیں لائیاں

میری اترپتی دی تینوں خبر نہیں ہے بھورا وی،
اکھاں وچ پانی ہوندیاں وی نزرا بالکل ترہائیاں

★

یارڑیا! توں شکرہ بن کے ہی جیون وچ آ جاندا
جنا چر توں دل کھاندا، اونی تاں عمر ودھا جاندا

اینا تاں کہہ لیندے ساڈی وی کوئی سانجھ بھیالی سی،
خارا پانی کڈھ لیندے، جیکر کدھرے روا جاندا

★

میں بینتی کراں کہ جو کجھ کراں کرن دیو
جے مے جان بجھ کے ہردا ہاں تاں ہرن دیو

چنگے بننا مینوں نہ آیا، نہ ہی آؤنے،
پر مرضی دے نال جان تلی تے دھرن دیو

ਇੱਕ ਤੋਂ ਲੱਖਾਂ, ਲੱਖਾਂ ਤੋਂ ਇੱਕ, ਇੱਕ ਅਰਬ ਕਰੋੜਾਂ।
ਚੰਗਾ ਭਲਾ! ਪਤੈ ਹਰ ਇੱਕ ਨੂੰ, ਇੱਕੋ ਦੀਆਂ ਹਨ ਲੋੜਾਂ।

ਫਿਰ ਵੀ ਹਰ ਕੋਈ ਆਪੋ-ਅਪਣਾ ਰਾਹ ਬਣਾਉਦਾ ਫਿਰਦਾ,
ਦਿਲ, ਦਿਮਾਗ ਦੋਹਾਂ ਨੂੰ ਦੱਸੋ! ਮੋਤਾਂ ਤਾਂ ਕਿੰਝ ਮੋਤਾਂ।

•

ਧਰਤ, ਆਕਾਸ਼ ਖੋਜਦਾ ਫਿਰਦਾ ਹੈ ਸੰਸਾਰ।
ਅੰਬਰ ਕਦੇ ਵੀ ਸਰ ਨਹੀ ਹੋਣੇ, ਐਵੇ ਨਾ ਤੂੰ ਖੰਭ ਖਿਲਾਰ।

ਜਿਉਂ-ਜਿਉਂ ਚਾਨਣ ਭਾਲੇਂਗਾ ਵੱਧਦਾ ਜਾਵੇਗਾ ਅੰਧਿਆਰ,
ਰੱਬ ਦੀ ਰਜ਼ਾ ਚ ਬੰਦਿਆ! ਐਵੇਂ ਨਾ ਝੱਖ ਮਾਰ।

•

ਕਿੰਨੀ ਸ਼ਕਤੀ ਰੱਖਦੀਆਂ ਨੇ ਚਾਰ ਲਾਵਾਂ, ਸੱਤ ਫੇਰੇ।
ਆਸਮਾਨ ਵਿੱਚ ਉੱਡਣ ਵਾਲੇ ਪਿੰਜਰਿਆਂ ਵਿੱਚ ਘੇਰੇ।

•

ਆ ਇੱਕ-ਦੂਜੇ ਦੇ ਮੋਢੇ 'ਤੇ ਸਿਰ ਧਰ ਦੋਵੇਂ ਰੋ ਲਈਏ,
'ਕੱਲੇਪਣ ਦੀ ਗਰਦਿਸ਼ ਨੂੰ ਹੰਝੂਆਂ ਨਾਲ ਮਾਸਾ ਧੋ ਲਈਏ।

ਦਿਲ ਮੰਨੇ ਤਾਂ ਦਿਲ ਦੀ ਮੰਨ ਕੇ ਮਹਿਫ਼ਿਲ ਵਿਚ ਆ ਜਾਵੀਂ,
ਬਚੇ-ਖੁਚੇ ਫੁੱਲਾਂ ਨੂੰ ਮਿਲ ਇੱਕ ਮਾਲਾ ਵਿੱਚ ਪਰੋ ਲਈਏ।

•

اک توں لکھاں، لکھاں توں اک، اک عرب کروڑاں
چنگا بھلا! پتے ہر اک نوں، اکو دیاں ہن لوڑاں

پھر وی ہر کوئی آپو اپنا راہ بناؤدا پھردا،
دل، دماغ دوہاں نں دسو! موڑاں تاں کنج موڑاں

★

دھرت، آکاش کھوجدا پھردا ہے سنسار
امبر کدے وی سر نہی ہونے، ایوے نہ توں کھنبھ کھلار

جیوں جیوں چانن بھالینگا ودھدا جاویگا اندھیار،
رب دی رضا چ بندیا! ایویں نہ جھکھ مار

★

کنی شکتی رکھدیاں نے چار لاواں، ست پھیرے
آسمان وچ اڈن والے پنجریاں وچ گھیرے

★

آ اک دوجے دے موڈھے تے سر دھر دوویں رو لئیے،
'کلیپن دی گردش نوں ہنجھواں نال ماسہ دھو لئیے

دل منے تاں دل دی من کے محفل وچ آ جاویں،
بچے کھچے پھلاں نوں مل اک مالا وچ پرو لئیے

ਆਪਣੇ ਚਿੱਤੋਂ ਰੱਬ ਨੇ ਬੰਦਾ ਉੱਤਮ ਜੀਵ ਬਣਾਇਆ,
ਬੰਦਾ ਰੱਬ 'ਤੇ ਊਜਾਂ ਲਾਵੇ, ਨਹੀਂ ਮਿਲੀਆ ਜੋ ਚਾਹਿਆ।

ਕੁੱਲ ਜੀਵਾਂ ਤੋਂ ਵਧ ਕੇ ਬਖ਼ਸ਼ੀ ਸੋਚਣ ਸਕਤੀ ਰੱਬ ਨੇ,
ਪਰ ਸੋਚਾਂ ਸੋਚ-ਸੋਚ ਬੰਦੇ ਨੇ ਰੱਬ ਨੂੰ ਸੋਚੀਂ ਪਾਇਆ।

ਰੱਬ ਕਿਵੇਂ ਦਾ ਹੋਵੇ ਬੰਦਾ ਆਪਣੀ ਮਰਜੀ ਦੱਸੇ,
ਏਸੇ ਲਈ ਤਾਂ ਵੱਖ-ਵੱਖ ਲੋਕਾਂ ਵੱਖ-ਵੱਖ ਰੱਬ ਬਣਾਇਆ।

•

ਨਾ ਸ਼ਿਕਵਾ ਨਾ ਸ਼ਿਕਾਇਤ, ਨਾ ਕਿਸੇ ਦਾ ਦੋਸ਼ ਹੈ ਕੋਈ।
ਜੋ ਮਿਲਿਆ ਜਾਂ ਨਹੀਂ ਮਿਲਿਆ ਨਾ ਹੀ ਅਫ਼ਸੋਸ ਹੈ ਕੋਈ।

ਨਾ ਹੀ ਬੇਹੋਸ਼ ਹਾਂ ਸੱਜਣਾ! ਤੇ ਨਾ ਹੀ ਹੋਸ਼ ਹੈ ਕੋਈ,
ਮੈਂ ਰੁੱਸ-ਰੁੱਸ ਵੀ ਨਹੀਂ ਬਹਿੰਦਾ ਤੇ ਨਾ ਹੀ ਰੋਸ ਹੈ ਕੋਈ।

ਮੇਰਾ ਵਿਸ਼ਵਾਸ ਨਾ ਡੋਲੇ ਕੋਈ ਐਸੀ ਬਾਤ ਪਾ ਜਾਵੀਂ,
ਵਾਅਦਾ ਖ਼ਿਲਾਫ਼ੀ ਨਾ ਕਰੀਂ ਬਸ! ਤੂੰ ਆ ਜਾਵੀਂ।
ਚਾਰ ਦਿਨ ਹੋਰ ਕੱਢ ਜਾਊਂ ਬਸ! ਤੂੰ ਅੱਖ ਮਿਲਾ ਜਾਵੀਂ।

•

ਭਰੀ ਮਹਿਫ਼ਿਲ 'ਚ ਕਰਦੇ ਸਿਫ਼ਤ ਅੱਜ ਤੂੰ ਜਕੀਂ ਨਾ ਸੁੱਨਤਾ!
ਇਸ ਅਪਰਾਧ ਦੀ ਹਰਗਿਜ ਸਜ਼ਾ ਏ ਮੌਤ ਨਹੀਂ ਹੁੰਦੀ।

•

اک توں لکھاں، لکھاں توں اک، اک ارب کروڑاں
چنگا بھلا! پتے ہر اک نوں، اکو دیاں ہن لوڑاں

پھر وی ہر کوئی آپو اپنا راہ بناؤدا پھردا،
دل، دماغ دوہاں نوں دسو! موڑاں تاں کنج موڑاں

★

دھرت، آکاش کھوجدا پھردا ہے سنسار
امبر کدے وی سر نہی ہونے، ایوے نہ توں کھنبھ کھلار

جیوں جیوں چانن بھالیں گا ودھدا جاویگا اندھیار،
رب دی رضا چ بندیا! ایویں نہ جھکھ مار

★

کنی شکتی رکھدیاں نیں چار لاواں، ست پھیرے
آسمان وچ اڈن والے پنجریاں وچ گھیرے

★

آ اک دوجے دے موڈھے تے سر دھر دوویں رو لئیے،
'کلیپن دی گردش نوں ہنجھواں نال ماسہ دھو لئیے

دل منے تاں دل دی من کے محفل وچ آ جاویں،
بچے کھچے پھلاں نوں مل اک مالا وچ پرو لئیے

ਨਾ ਜਲ ਡੋਬੇ ਨਾ ਅੱਗ ਸਾੜੇ ਸੱਚ ਤਾਂ ਸਾਬਤ ਸੱਚ ਹੈ,
ਲੇਕਿਨ ਲੋਕਾਂ ਜ਼ਹਿਰ ਪਿਲਾਈ ਸੂਲੀ ਚਾੜ੍ਹ ਵਿਖਾਇਆ।

•

ਕਣਕ ਪੱਕਣ 'ਤੇ ਆ ਜਾਵੇ ਤਾਂ ਬਹੁਤਾ ਪਾਣੀ ਨਾ ਲਾਈਏ,
ਹੁੱਲ ਸਕਦੀ ਹੈ, ਆ ਸਕਦੇ ਨੇ ਬੁੱਲ੍ਹੇ, ਹਵਾ, ਹਨ੍ਹੇਰੀਆਂ।

ਪੱਕੀ ਉਮਰੇ ਕਦਾਚਿਤ ਵੀ ਬਹੁਤੀ ਭੱਜ-ਨੱਠ ਨਾ ਕਰੀਏ,
ਜੋਬਨ ਦੇ ਵਿੱਚ ਜੀ ਸਦਕੇ ਚੁੰਘਦੇ ਫਿਰੋ ਲਵੇਰੀਆਂ।

ਸੋਚ ਸਮਝ ਕੇ ਚੱਲੇ ਬੰਦਾ ਏਸੇ ਵਿੱਚ ਸਿਆਣਪ ਹੈ,
ਬਚਪਨ ਦੇ ਵਿੱਚ ਭਾਵੇਂ ਖੇਡੋ ਚੀਚੋ ਚੀਚ ਘਨ੍ਹੇਰੀਆਂ।

ਧੱਕਾ ਜ਼ੋਰੀ ਕਰ ਸਕਣ ਦਾ ਵੀ ਹੁੰਦਾ ਕੋਈ ਵੇਲਾ,
ਬਾਗ਼ੀਂ ਫੁੱਲ ਕਮਲਾਉਣ ਲੱਗਣ ਤਾਂ ਹੁੰਦੀਆਂ ਨਹੀਂ ਦਲੇਰੀਆਂ।

ਸਿਖ਼ਰ ਦੁਪਹਿਰੇ ਗਰਮੀਂ ਹੋਵੇ ਤਾਂ ਹੋਵੇ ਵੀਹ ਵਾਰੀ ਖੋਪ,
ਤੁਖ਼ਾਰ ਵਿਆਪੇ ਸਭ ਤੇ ਰਾਤਾਂ ਆਉਂਦੀਆਂ 'ਨ੍ਹੇਰੀਆਂ।

•

ਨਾ ਕੋਈ ਗ਼ਲਤੀ ਤੇਰੀ ਸੱਜਣਾ! ਨਾ ਕੋਈ ਗ਼ਲਤੀ ਮੇਰੀ ਆ।
ਵਕਤ-ਵਕਤ ਦੀਆਂ ਗੱਲਾ ਮਿੱਤਰਾ! ਵਕਤ ਦੀ ਹੇਰਾ-ਫੇਰੀ ਆ।

ਦੁਨੀਆ ਪਿੱਛੇ ਲੱਗ ਕੇ ਐਵੇਂ, ਘਰ ਕੀਤਾ ਬਰਬਾਦ ਅਸੀਂ,
ਜਾਣਦਿਆਂ ਹੋਇਆਂ ਸਭ ਕੁੱਝ ਕਿ ਦੁਨੀਆ ਚਾਰ ਚੁਫ਼ੇਰੀ ਆ।

نہ جل ڈوبے نہ اگ ساڑے سچ تاں ثابت سچ ہے،
لیکن لوکاں زہر پلائی سولی چاڑھ وکھایا

★

کنک پکن تے آ جاوے تاں بہتا پانی نہ لائیے،
ہل سکدی ہے، آ سکدے نے بلہے، ہوا، ہنھیریاں

پکی عمرے کداچت وی بہتی بھج نٹھ نہ کریے،
جوبن دے وچ جی صدقے چنگھدے پھرو لویریاں

سوچ سمجھ کے چلے بندہ ایسے وچ سیانپ ہے،
بچپن دے وچ بھاویں کھیڈو چیچو چیچ گھنھیریاں

دھکہ زوری کر سکن دا وی ہوندا کوئی ویلا،
باغیں پھل کملاؤن لگن تاں ہوندیاں نہیں دلیریاں

سکھر دوپیہرے گرمیں ہووے تاں ہووے ویہہ واری کھوپ،
تخار ویاپے سبھ تے راتاں آؤندیاں ٹھیریاں

★

نہ کوئی غلطی تیری سجنا! نہ کوئی غلطی میری آ
وقت وقت دیاں غلہ مترا! وقت دی ہیرا پھیری آ

دنیا پچھے لگ کے ایویں، گھر کیتا برباد اسیں،
جان دیاں ہویاں سبھ کجھ کہ دنیا چار چفیری آ

ਆਪਾਂ ਦੋਹਾਂ ਨੇ ਹਾਲੇ ਤੱਕ ਆਪਣਾ ਕਹਿਣਾ ਨਹੀਂ ਛੱਡਿਆ,
ਏਸੇ ਵਿੱਚ ਹੀ ਦਿਸੇ ਸਿਆਣਪ ਏਸੇ ਵਿੱਚ ਦਲੇਰੀ ਆ।

ਸੋਚ ਸਮਝ ਕੇ ਤੁਰੀਏ ਤੇ ਬਚ ਜਾਈਏ ਜਿੱਤਰਾਂ ਬਚ ਹੁੰਦਾ,
ਇਹ ਸੰਸਾਰ ਸਾਗਰ ਦੀ ਨਿਆਈਂ ਜੀਵਨ ਘੁੰਮਣਘੇਰੀ ਆ।

•

ਨਕਲੀ ਹਾਸਾ ਵੀ ਹੱਸਾਂ ਤਾਂ ਖੁਸ਼ ਹੋ ਜਾਂਦੇ ਲੋਕ,
ਦਿਲ ਦਾ ਦਰਦ ਤਾਂ ਦਿਲ ਤੀਕਰ ਹੀ ਸੀਮਤ ਰਹਿੰਦਾ ਹੈ।

ਪੀੜ ਤਾਂ ਜਿਸ ਤਨ ਨੂੰ ਹੋਵੇ, ਉਸਨੂੰ ਝੱਲਣੀ ਪੈਂਦੀ ਹੈ,
ਖੁਸ਼ੀਆਂ ਦੀ ਮਹਿਫ਼ਿਲ ਵਿੱਚ ਹਰ ਕੋਈ ਉੱਠਦਾ-ਬਹਿੰਦਾ ਹੈ।

ਜੇ ਕੋਈ ਕੀਮਤ ਹੁੰਦੀ ਤਾਂ ਤੇ ਅੱਖ ਵੀ ਡੱਕ ਲੈਦੀਂ,
ਕਵੀ ਹੋਣਾ ਕੋਈ ਹੰਝੂਆਂ ਨੂੰ ਜੋ ਮੋਤੀ ਕਹਿੰਦਾ ਹੈ।

ਚੰਗਾ ਚੋਸਾ ਮਿਲੇ ਤਾਂ ਅੱਗੇ ਹੋ-ਹੋ ਫੜਦੇ ਲੋਕ,
ਪੀੜਾਂ ਦੇ ਧਰਘੋਨੇ ਦੱਸਿਓ! ਕਿਹੜਾ ਲੈਂਦਾ ਹੈ।

ਰੋਣਾ ਪੈਂਦਾ 'ਕੱਲਿਆਂ ਹਾਸੇ ਵੰਡਦੀ ਹੈ ਦੁਨੀਆ,
ਘਰ-ਘਰ ਏਹੋ ਅੱਗ ਸੁੱਨਤ 'ਕੱਲਾ ਨਹੀਂ ਕਹਿੰਦਾ ਹੈ।

•

آپاں دوہاں نے حالے تک اپنا کہنا نہیں چھڈیا،
ایسے وچ ہی دسے سیانپ ایسے وچ دلیری آ

سوچ سمجھ کے تریے تے بچ جائیے جتراں بچ ہوندا،
ایہہ سنسار ساگر دی نیائیں جیون گھمنگھیری آ

★

نقلی ہاسہ وی حساں تاں خوش ہو جاندے لوک،
دل دا درد تاں دل تیکر ہی سیمت رہندا ہے

پیڑ تاں جس تن نوں ہووے، اسنوں جھلنی پیندی ہے،
خوشیاں دی محفل وچ ہر کوئی اٹھدا بہندا ہے

جے کوئی قیمت ہوندی تاں تے اکھ وی ڈک لیدیں،
کوی ہونا کوئی ہنجھواں نوں جو موتی کہندا ہے

چنگا چوسا ملے تاں اگے ہو ہو پھڑدے لوک،
پیڑاں دے دھرگھونے دسیو! کیہڑا لیندا ہے

رونا پیندا 'کلیاں ہاسے ونڈدی ہے دنیا،
گھر گھر ایہو اگ سنڑ 'کلا' نہیں کہندا ہے

★

ਯਾਰੜਿਆ! ਤੈਨੂੰ ਕਿੰਝ ਸਮਝਾਵਾਂ ਕਿਵੇਂ ਬੀਤ ਰਹੀ ਸਾਡੀ,
ਨਾ ਦਿਲ ਦਾ ਦਰਦ ਹੀ ਜਰ ਹੁੰਦਾ, ਨਾ ਤੇਰੇ ਤਕ ਹੀ ਪਹੁੰਚ ਕੋਈ।

•

ਜਿੰਨਾ ਚਿਰ ਤੱਕ ਸਾਹ ਚਲਦਾ ਹੈ ਸਭ ਕੁੱਝ ਚੱਲਦਾ ਲੱਗਦਾ ਹੈ।
ਫੱਕਰ ਦੇ ਕਰ ਪੈਰ੍ ਚੱਲਦੇ ਤਾਹੀਓਂ ਕੁੱਲੀ ਦੀਵਾ ਜਗਦਾ ਹੈ।

ਨਬਜ਼ ਜਿੰਨਾ ਚਿਰ ਚੱਲਦੀ ਹੈ ਤੇ ਤਪਸ ਵੀ ਹੈ ਜਿੰਨਾ ਚਿਰ ਤੱਕ,
ਇਸ ਤੋਂ ਜ਼ਾਹਿਰ ਹੁੰਦਾ ਹੈ ਅਜੇ ਖ਼ੂਨ ਜਿਸਮ ਵਿੱਚ ਵਗਦਾ ਹੈ।

•

ਕਿਉਂ ਭੁੱਖ ਵੀ ਲੱਗਦੀ ਹੈ ਮੈਨੂੰ ਪਿਆਸ ਵੀ।
ਤੇ ਨਾਲੇ ਦਿਲ ਨੇ ਛੱਡੀ ਨਹੀਂ ਅਜੇ ਆਸ ਵੀ।

ਤੋਤੇ ਦੀ ਅੱਖ ਵਾਂਗ ਅੱਖ ਵਿੱਚ ਆਸ ਹੈ ਹਾਲੇ।
ਕਦੇ ਤਾਂ ਕੋਈ ਮਿਲੇਗਾ ਧਰਵਾਸ ਹੈ ਹਾਲੇ।

•

ਦੋਸਤ ਲੱਭਦਿਆਂ-ਲੱਭਦਿਆਂ ਨੇ ਕਈ ਦੁਸਮਣ ਭਾਲ ਲਏ,
ਫਿਰ ਕੀ ਹੋਣਾ ਸੀ ਰੋ-ਰੋ ਕੇ ਦੀਦੇ ਗਾਲ਼ ਲਏ।

ਕੋੜ੍ਹਮਾ ਜੋੜ ਕਾਹਤੋਂ ਜੇ 'ਕੱਲਿਆ ਹੀਅ ਰਹਿਣਾ ਸੀ,
ਰੀਝਾਂ ਪੂਰੀਆਂ ਕਰਦਿਆਂ ਨੇ ਸੁਪਨੇ ਹੀ ਟਾਲ ਲਏ।

•

ਵਾਹ ਜਹਾਨ ਦੀ ਲਾ 'ਤੀ, ਇਹ ਜ਼ਿੰਦਗੀ ਜੀਵਣ ਲਈ,
ਪਰ ਪਤਾ ਨਾ ਲੱਗਿਆ ਕਿ ਜ਼ਿੰਦਗੀ ਕਿਸ ਬਲਾ ਦਾ ਨਾਮ ਹੈ।

•

ਮੈ ਤਾਂ ਐਵੇਂ ਸਰਸਰੀ ਦੱਸ ਬੈਠਾ ਆਪਣੀ ਦਾਸਤਾਂ,
ਇਹ ਕਦੇ ਨਹੀਂ ਚਾਹਿਆ ਕੀ ਤੂੰ ਵੀ ਰੋਣ ਲੱਗ ਜਾਵੇਂ।

ਮੇਰੇ ਤੋਂ ਜੋ ਦਿਸ ਰਹੀ ਇਹ ਮੇਰੀ ਆਪਣੀ ਮੈਲ਼ ਹੈ,
ਸੁਪਨੇ 'ਚ ਵੀ ਨਹੀਂ ਸੋਚਿਆ ਤੂੰ ਧੋਣ ਲੱਗ ਜਾਵੇਂ।

ਦਰਦ ਚੀਸਾਂ ਪੀੜ ਦੇ ਹੀ ਆਸਰੇ ਨਾ' ਜੀ ਰਿਹਾਂ,
ਜਿਉਂਦੇ ਰਹਿਣ ਦੀ ਵਿਧੀ ਮੈਥੋਂ ਖੋਹਣ ਲੱਗ ਜਾਵੇਂ।

ਰੋਗ ਨਹੀਂ ਇਹ ਤਾਂ ਰੋਜ਼ਾਨਾ ਦੀ ਹੈ ਮੇਰੀ ਜ਼ਿੰਦਗੀ,
ਬਿਲਕੁਲ ਨਹੀਂ ਪੁੱਗਦਾ ਤੂੰ ਰੋਗੀ ਹੋਣ ਲੱਗ ਜਾਵੇਂ।

ਮੇਰੇ ਹਿੱਸੇ ਦਾ ਵਜ਼ਨ ਹੀ ਹੈ ਜੋ ਕਿ ਮੈਂ ਢੋ ਰਿਹਾ,
ਤਰਸ ਖਾ ਕੇ ਤੂੰ ਕਿਤੇ ਨਾ ਢੋਣ ਲੱਗ ਜਾਵੇਂ।

•

ਵੰਝਲੀ ਤੇਰੇ ਹੱਥ ਵੇ ਅੜਿਆ! ਉੱਠਦੀ ਜਾਂਦੀ ਸੱਥ ਵੇ ਅੜਿਆ!!
ਪਰ ਜਿੰਨਾ ਚਿਰ ਫੂਕ ਨਹੀਂ ਵੱਜਦੀ, ਹੋ ਨਹੀਂ ਸਕਦੀ ਗਤ ਵੇ ਅੜਿਆ!!!

•

واہ جہان دی لا 'تی، ایہہ زندگی جیون لئی،
پر پتہ نہ لگیا کہ زندگی کس بلا دا نام ہے

★

میں تاں ایویں سرسری دس بیٹھا اپنی داستاں،
ایہہ کدے نہیں چاہیا کیہ توں وی رون لگ جاویں

میرے توں جو دس رہی ایہہ میری اپنی میل ہے،
سپنے 'چ وی نہیں سوچیا توں دھون لگ جاویں

درد چیساں پیڑ دے ہی آسرے نہ' جی رہاں،
جیوندے رہن دی وددھی میتھوں کھوہن لگ جاویں

روگ نہیں ایہہ تاں روزانہ دی ہے میری زندگی،
بالکل نہیں پگدا توں روگی ہون لگ جاویں

میرے حصے دا وزن ہی ہے جو کہ میں ڈھو رہیاں،
ترس کھا کے توں کتے نہ ڈھون لگ جاویں

★

ونجھلی تیرے ہتھ وے اڑیا! اٹھدی جاندی ستھ وے اڑیا!!
پر جنا چر پھوک نہیں وجدی، ہو نہیں سکدی گت وے اڑیا!!!

★

ਮਨ ਮੰਦਰ ਅੰਦਰ ਨਹੀਂ ਬਹਿੰਦਾ, ਮਨ ਉੱਠ-ਉੱਠ ਕੇ ਨੱਸਦਾ ਬਾਹਰ।
ਕਰਤਵਿੰਦਿਆ ਤੋਂ ਕਤਰਾਉਂਦਾ, ਉੱਝ ਲੱਭਦਾ ਫਿਰਦਾ ਆਹਾਰ।

ਜੋ ਲੱਭਣਾ ਤੈਨੂੰ ਅੰਦਰੋਂ ਲੱਭਣਾ ਮਨਾਂ! ਭਟਕ ਨਾ ਜੰਗਲ ਬੇਲੇ,
ਖੱਜਲ-ਖੁਆਰ ਖਤੀਚਿਆ ਫਿਰਦੈਂ, ਕਿਉਂ ਖੋਜੀਏ ਜੋ ਜੱਗ ਜ਼ਾਹਿਰ।

•

ਜਾਣ ਦੇ ਮੱਛੀਆਂ ਨੂੰ ਐਂਵੇ ਮੋਤ ਨਾ,
ਆਪੇ ਪਰਤ ਆਉਂਣਗੀਆ ਇਹ ਪੱਥਰ ਚੱਟ ਕੇ।

ਬੋਚ ਲਵੇਗਾ ਨਿੱਕੀ ਮੋਟੀ ਕੰਢੇ ਆਈ,
ਬਗਲਾ ਦੇਖ ਅਡੋਲ ਖਤਾ ਕਿੱਤਰਾਂ ਦੜ ਵੱਟ ਕੇ।

ਭੱਜਣ ਦੇ ਮਨ ਨੂੰ ਜੇ ਬਹੁਤਾ ਭੱਜਦਾ ਤਾਂ,
ਘਰ ਦਾ ਬੂੱਹੂ ਘਰ ਨੂੰ ਮੁੜ ਆਊ ਘੱਟਾ ਖੱਟ ਕੇ।

ਝੂਠੇ ਰੰਗ ਦੁਨੀਆ ਦੇ ਹੰਡਣਸਾਰ ਨਾ ਕੋਈ,
ਜਿਹੜਾ ਨਾਂ ਮਿਟ ਹੀ ਜਾਣਾ ਕੀ ਲੈਣਾ ਰਟ ਕੇ।

ਤੇਰੀਆਂ ਲਿਖਤਾਂ ਨੇ ਸੁੱਨਤਾ! ਕਈ ਰੰਗ ਦਿਖੌਣੇ,
ਪੜ੍ਹੇ ਨਾ ਪੜ੍ਹੇ ਕੋਈ ਤੂੰ ਲਿਖਦਾ ਰਹਿ ਡਟ ਕੇ।

•

من مندر اندر نہیں بہندا، من اٹھ اٹھ کے نسدا باہر
کرتودیا توں کتراؤندا، انجھ لبھدا پھردا آہار

جو لبھنا تینوں اندروں لبھنا مناں! بھٹک نہ جنگل بیلے،
کھجل خوار کھڑیچیا پھردیں، کیوں کھوجیے جو جگ ظاہر

★

جان دے مچھیاں نوں اینوے موڑ نہ،
آپے پرت آؤن گیاں ایہہ پتھر چٹ کے

بوچ لویگا نکی موٹی کنڈھے آئی،
بگلا دیکھ اڈول کھڑا کتراں دڑ وٹ کے

بھجن دے من نوں جے بہتا بھجدا تاں،
گھر دا بدھو گھر نوں مڑ آؤ گھٹا کھٹ کے

جھوٹھے رنگ دنیا دے ہنڈنسار نہ کوئی،
جیہڑا ناں مٹ ہی جانا کیہ لینا رٹ کے

تیریاں لکھتاں نے سنڑا! کئی رنگ دکھونے،
پڑھے نہ پڑھے کوئی توں لکھدا رہ ڈٹ کے

ਤੂੰ ਦੱਸ ਕੇ ਆਪਣੀ ਦਾਸਤਾਂ ਮੇਰੀ ਦੁਖਦੀ ਰਗ਼ 'ਤੇ ਹੱਥ ਧਰਤਾ।
ਮੇਰੇ ਟੁੱਟਦੇ-ਭੱਜਦੇ ਜਿਸਮ ਨੂੰ, ਤੂੰ ਤੇ ਹੋਰ ਵੀ ਨਮ ਜਿਹਾ ਕਰਤਾ।

•

ਮੈਂ-ਮੈਂ ਕਰਦਿਆਂ ਉਮਰ ਬੀਤ ਗਈ, ਮੈਂ ਦੀ ਸੁਧ ਨਾ ਆਈ।
ਤੂੰ ਹੀ ਤੂੰ ਕਹਿਣਾ ਨਾ ਆਇਆ, ਭੁੱਲੀ ਫਿਰੇ ਲੋਕਾਈ।

•

ਭੁਲੇਖਾ ਜਿਹਾ ਹੀ ਪਾਉਂਦੇ ਰਹਿੰਦੇ, ਲਾਰਾ ਜਿਹਾ ਹੀ ਲਾਉਂਦੇ ਰਹਿੰਦੇ।
ਜਿਹਤੇ ਮਰਜ਼ੀ ਰੰਗ ਦੇ ਵਿੱਚ, ਕੋਈ ਸੁਪਨਾ ਜਿਹਾ ਦਿਖਾਉਂਦੇ ਰਹਿੰਦੇ।

ਸ਼ਾਇਦ ਉਸਦੇ ਨਾਟਕ ਦੇ ਵਿੱਚ ਸਾਡਾ ਕੋਈ ਕਿਰਦਾਰ ਨਹੀਂ ਹੈ।
ਬਿਲਕੁਲ ਹਾਂ ਵਿੱਚ ਨਾ ਸਹੀ ਲੇਕਿਨ, ਖ਼ਤ ਪੱਤਰ ਤਾਂ ਪਾਉਂਦੇ ਰਹਿੰਦੇ।

•

ਦਿਲ ਤੇਰੇ ਵਿੱਚ ਰੱਬ ਨੇ ਕਾਹਤੋਂ ਐਸੀ ਕਬਰ ਬਣਾਈ।
ਰੱਖਦੀ ਰੀਝਾਂ ਆਪਣੀਆਂ ਤੂੰ ਉਸਦੇ ਵਿੱਚ ਛੁਪਾਈ।

ਜ਼ਾਹਿਰ ਹੁੰਦਾ ਹੈ ਤੇਰੇ ਤੋਂ, ਤੂੰ ਕੁੱਝ ਕਹਿਣਾ ਲੋਚ ਰਹੀ,
ਜਿਗਰਾ ਕਰਕੇ ਕਹਿ ਦੇ 'ਕੇਰਾਂ ਏਨਾ ਕਾਹਤੋਂ ਸੋਚ ਰਹੀ।

•

توں دس کے اپنی داستاں میری دکھدی رگ تے ہتھ دھرتا
میرے ٹٹدے بھجدیے جسم نوں، توں تے ہور وی نم جیہا کرتا

★

میں میں کردیاں عمر بیت گئی، میں دی سدھ نہ آئی
توں ہی توں کہنا نہ آیا، بھلی پھرے لوکائی

★

بھلیکھا جیہا ہی پاؤندے رہندے، لارا جیہا ہی لاؤندے رہندے
جیہڑے مرضی رنگ دے وچ، کوئی سپنا جیہا دکھاؤندے رہندے

★

شاید اسدے ناٹک دے وچ ساڈا کوئی کردار نہیں ہے
بالکل ہاں وچ نہ صحیح لیکن، خط پتر تاں پاؤندے رہندے

★

دل تیرے وچ رب نے کاہتوں ایسی قبر بنائی
رکھدی ریجھاں اپنیاں توں اسدے وچ چھپائی

★

ظاہر ہوندا ہے تیرے توں، توں کجھ کہنا لوچ رہی،
جگرا کرکے کہہ دے 'کیراں اینا کاہتوں سوچ رہی

ਆਵੋ ਮਿੱਤਰ ਪਿਆਰਿਓ! ਗਾਵੋ ਸੱਚੀ ਬਾਣੀ।
ਜਿਤ ਸਿਮਰਣ, ਸੁਖ ਘਰ ਵਸੈ, ਆਪੇ ਆਪ ਵਖਾਣੀ।

•

ਇੱਕ ਘੜੀ ਨਾ ਵਿਛੁੜਾਂ ਤੁਧ ਸਿਉਂ ਮੈਂਡੇ ਮਿੱਤਰ ਪਿਆਰਿਆ!
ਤੂੰ ਹੀ ਤਰਨ ਤਾਰਨ, ਤੂੰ ਤਾਰਦਾ, ਜੋ ਤਰਿਆ, ਤੂੰ ਹੀ ਤਾਰਿਆ।

ਜੇ ਤੂੰ ਡਰਾਉਂਦਾ ਹੈਂ ਜੱਗ ਨੂੰ ਜਾਂ ਕੋਈ ਤੇਰੇ ਤੋਂ ਡਰਦਾ ਹੈ।
ਦੁਨੀਆ ਪਾਣੀ ਭਰਦੀ ਜਾਂ ਤੂੰ ਕਿਸੇ ਦਾ ਪਾਣੀ ਭਰਦਾ ਹੈਂ।

•
ਹੈ ਕੋਈ ਗੁਲਾਮ ਤੇਰਾ ਜੇਕਰ ਜਾਂ ਤੂੰ ਕਿਸੇ ਦਾ ਬਰਦਾ ਹੈਂ।
ਜਾਂ ਤੈਨੂੰ ਏਦਾਂ ਲੱਗਦਾ ਹੈ ਕਿ ਤੂੰਹੀਓਂ ਸਭ ਕੁੱਝ ਕਰਦਾ ਹੈਂ।

•

ਇਨਸਾਨੀ ਜਾਮੇ ਨੂੰ ਬੰਦਿਆ! ਤੂੰ ਐਵੇਂ ਨਹੀਂ ਗਵਾ ਸਕਦਾ।
ਪਹਿਲਾ ਤੇ ਇਹ ਆਖ਼ਰੀ ਮੌਕਾ ਤੂੰ ਮੁੜ ਕਦੇ ਨਹੀਂ ਆ ਸਕਦਾ।

ਦੇ ਸਕਦਾ ਹੈ ਤਾਂ ਕੁੱਝ ਦੇ ਜਾ, ਜਿਹੜਾ ਦੁਨੀਆ ਯਾਦ ਕਰੇ,
ਇੱਕ ਗੱਲ ਤਾਂ ਪੱਕੀ ਹੈ ਬੰਦਿਆ! ਤੂੰ ਲੈ ਕੇ ਕੁੱਝ ਨਹੀਂ ਜਾ ਸਕਦਾ।

•

آوو متر پیاریو! گاوو سچی بانی
جت سمرن، سکھ گھر وسے، آپے آپ وڈھانی
★

اک گھڑی نہ وچھڑاں تدھ سیوں مینڈے متر پیاریا!
توں ہی ترن تارن، توں تاردا، جو تریا، توں ہی تاریا

جے توں ڈراؤندا ہیں جگ نوں جاں کوئی تیرے توں ڈردا ہے
دنیا پانی بھردی جاں توں کسے دا پانی بھردا ہیں
★

ہے کوئی غلام تیرا جیکر جاں توں کسے دا بردا ہیں
جاں تینوں ایداں لگدا ہے کہ تونہیوں سبھ کجھ کردا ہیں
★

انسانی جامے نوں بندیا! توں ایویں نہیں گوا سکدا
پہلا تے ایہہ آخری موقع توں مڑ کدے نہیں آ سکدا
★

دے سکدا ہے تاں کجھ دے جا، جیہڑا دنیا یاد کرے،
اک گل تاں پکی ہے بندیا! توں لے کے کجھ نہیں جا سکدا

ਤੂੰ ਬਖ਼ਸ਼ਿਸ਼ ਤੂੰ ਬਖ਼ਸ਼ਣਹਾਰ, ਤੂੰ ਹੀ ਦਾਤ ਤੂੰ ਹੀ ਦਾਤਾਰ।
ਤੂੰ ਕਾਰਜ ਤੂੰ ਕਰਣਹਾਰ, ਤੂੰ ਵਿਉਪਾਰੀ ਤੂੰ ਵਿਉਪਾਰ।

ਮੇਰਾ ਤਾਂ ਸਾਹ ਵੀ ਮੇਰਾ ਨਹੀਂ, ਪਤਾ ਨਹੀਂ ਆਵੇ ਨਾ ਆਵੇ,
ਜੀਅ-ਜੰਤ ਸਭ ਤੇਰਾ ਦਾਤਾ, ਜੀਵਤ ਰੱਖ ਜਦ ਚਾਹੇਂ ਮਾਰ।

•

ਮਾਸਾਹਾਰੀ ਜਾਨਵਰਾਂ ਲਈ ਫੁੱਲਾਂ ਦੀ ਕੀ ਕੀਮਤ ਹੈ।
ਅੰਗਾਂ ਦੀ ਅੰਗੜਾਈ ਹਰ ਇੱਕ ਢਿੱਡ ਭਰਨ ਤਕ ਸੀਮਿਤ ਹੈ।

•

ਅੱਜ ਬਣਦੀ ਝਨਾਂ ਬਰਸਾਤੀ ਨਾਲਾ, ਸਤਲੁਜ ਵੀ ਇੱਕ ਗੰਦਾ ਨਾਲਾ।
ਸਿੰਧ ਜਿਹਲਮ ਰਾਵੀ ਅੱਧਮੋਈਆਂ, ਹਰੀ ਕੇ ਪੱਤਣ ਪਾਣੀ ਕਾਲਾ।

•

ਓਟ ਆਸਰਾ ਤੇਰਾ ਸਤਿਗੁਰ! ਪਾਵਨ ਅਤੇ ਪਵਿੱਤਰ ਨਾਮ।
ਤੈਨੂੰ ਵਿਸਰਿਆਂ ਮਰ ਜਾਵਾਂ, ਤੇਰੀ ਬਖ਼ਸ਼ਿਸ਼ ਸਾਹ ਤੇ ਜਾਨ।

ਮੈਂ-ਮੈਂ ਕਰਦਿਆਂ ਉਮਰ ਬੀਤ ਗਈ, ਮੈਂ ਦੀ ਸੁਧ ਨਾ ਆਈ।
ਤੂੰ ਹੀ ਤੂੰ ਕਹਿਣਾ ਨਾ ਆਇਆ, ਭੁੱਲੀ ਫਿਰੇ ਲੋਕਾਈ।

•

توں بخشش توں بخشنہار، توں ہی دات توں ہی داتار
توں کارج توں کرنہار، توں ویوپاری توں ویوپار

میرا تاں ساہ وی میرا نہیں، پتہ نہیں آوے نہ آوے،
جی جنت سبھ تیرا داتا، جیوت رکھ جد چاہیں مار

★

ماساہاری جانوراں لئی پھلاں دی کیہ قیمت ہے
انگاں دی انگڑائی ہر اک ڈھڈ بھرن تک سیمت ہے

★

اج بندی جھنھاں برساتی نالہ، ستلج وی اک گندہ نالہ
سندھ جہلم راوی ادھموئیاں، ہری کے پتن پانی کالا

★

اوٹ آسرا تیرا ستگورا پاون اتے پوتر نام
تینوں وسریاں مر جاواں، تیری بخشش ساہ تے جان

میں میں کردیاں عمر بیت گئی، میں دی سدھ نہ آئی
توں ہی توں کہنا نہ آیا، بھلی پھرے لوکائی

ਬੀਤੀਆਂ ਬਹੁਤ ਲੋਹੜੀਆਂ, ਸਾਡੇ ਨਿੱਘ ਨਸੀਬੀਂ ਨਾ ਹੋਇਆ।
ਲੋਹੜੀਆਂ ਦੇ ਗੀਤ ਸੁਣ ਕੇ ਕਦੇ ਹੱਸਿਆ ਤੇ ਕਦੇ ਰੋਇਆ।

•

ਨਾ ਮੈਂ ਚੰਨ ਨਾ ਚਕੋਰ, ਨਾ ਮੈ ਮੇਘਲਾ ਨਾ ਮੋਰ।
ਜਿਵੇਂ ਉੱਜੜੀ ਸਰਾਂ ਦੇ ਵਿੱਚ ਅੱਧੀ ਰਾਤੇ ਚੋਰ।

•

ਬੱਚਿਆਂ ਦੀ ਭੁੱਖ ਜਰ ਨਾ ਹੋਈ, ਖੜ੍ਹੀ ਖਾ ਲਈ ਕਣਕ ਵਿਚਾਰੀ।
ਹਾਤੀ ਦੇ ਨਾਲ ਕਰਜ਼ਾ ਲਾਹ ਕੇ, ਜੱਟ ਕਰਦੇ ਸੋਨੀ ਦੀ ਤਿਆਰੀ।

•

ਪ੍ਰੇਮ ਪਿਆਲਾ ਸਾਹਮਣੇ ਭਰਿਆ ਨੱਕੋ-ਨੱਕ।
ਕਿਸੇ ਸਖੀ ਨੂੰ ਕੀ ਪਤਾ ਕਿਸਦੀ, ਕਿਸ 'ਤੇ ਅੱਖ।

ਅਮਰ ਕਰਨ ਲਈ ਰਿਸ਼ਤੇ ਨੂੰ ਅਪਣਾਉਣਾ ਪੈਣੈ।
ਪ੍ਰੇਮ ਪਿਆਲਾ ਹੋਂਠਾਂ ਦੇ ਨਾਲ ਲਾਉਣਾ ਪੈਣੈ।

•

ਆਪਣੀ ਕਿਸਮਤ ਪੜ੍ਹ ਨਹੀਂ ਹੁੰਦੀ, ਹੋਰ ਕਿਸੇ ਦੀ ਕੀ ਲਿਖੀਏ।
ਡੁੱਬਦਾ ਕੋਈ ਬਚਾਉਣਾ ਹੈ ਤਾਂ ਖੁਦ ਪਹਿਲਾਂ ਤਰਨਾ ਸਿੱਖੀਏ।

•

بیتیاں بہت لوہڑیاں، ساڈے نگھ نسیبیں نہ ہویا
لوہڑیاں دے گیت سن کے کدے ہسیا تے کدے رویا

★

نہ میں چن نہ چکور، نہ مے میگھلا نہ مور
جویں اجڑی سراں دے وچ ادھی راتے چور

★

بچیاں دی بھکھ جر نہ ہوئی، کھڑی کھا لئی کنک وچاری
ہاڑی دے نال قرضہ لاہ کے، جٹ کردے سونی دی تیاری

★

پریم پیالہ سامنے بھریا نکو نکو
کسے سخی نوں کیہ پتہ کسدی، کس تے اکھ
امر کرن لئی رشتے نوں اپناؤنا پینے
پریم پیالہ ہونٹھاں دے نال لاؤنا پینے

★

اپنی قسمت پڑھ نہیں ہوندی، ہور کسے دی کیہ لکھیے
ڈبدا کوئی بچاؤنا ہے تاں خود پہلاں ترنا سکھیے

ਪੱਕਾ ਹੈ ਵਿਸ਼ਵਾਸ ਕਿ ਹੈ ਕੋਈ ਪਰਮ ਪਿਤਾ ਪਰਮਾਤਮਾ।
ਲੇਕਿਨ ਭਾਲ ਨਹੀਂ ਹੁੰਦਾ ਜਿਉਂ ਪਿੰਡੇ ਵਿੱਚ ਆਤਮਾ।

ਲੁਕਣ-ਮਚਾਈ ਖੇਲ ਤਾਂ ਰਹਿੰਦੀ ਦੁਨੀਆ ਤੀਕਰ ਚੱਲਣੀ ਹੈ,
ਦੁਨੀਆ ਖਤਮ ਹੋਣ 'ਤੇ ਵੀ ਨਹੀਂ ਹੋਣਾ ਰੱਬ ਦਾ ਖਾਤਮਾ।

•

ਮੇਰੇ ਬਿਨਾ ਤੈਨੂੰ ਤਾਂ ਜੀਵਨ 'ਤੇ ਗਿਲਾ ਕੋਈ ਨਹੀਂ।
ਪਰ ਸਾਡੀ ਤੈਨੂੰ ਮਿਲਣ ਬਿਨ ਰੀਝ ਹੀ ਕੋਈ ਨਹੀਂ।

•

ਜੇ ਤੂੰ ਡਰਾਉਂਦਾ ਹੈਂ ਜੱਗ ਨੂੰ ਜਾਂ ਕੋਈ ਤੇਰੇ ਤੋਂ ਡਰਦਾ ਹੈ।
ਦੁਨੀਆ ਪਾਣੀ ਭਰਦੀ ਜਾਂ ਤੂੰ ਕਿਸੇ ਦਾ ਪਾਣੀ ਭਰਦਾ ਹੈਂ।

•

پکا ہے وشواس کہ ہے کوئی پرم پتا پرماتما
لیکن بھال نہیں ہوندا جیوں پنڈے وچ آتما

لکن مچائی کھیل تاں رہندی دنیا تیکر چلنی ہے،
دنیا ختم ہون تے وی نہیں ہونا رب دا خاتمہ

★

میرے بنا تینوں تاں جیون تے گلہ کوئی نہیں
پر ساڈی تینوں ملن بن ریجھ ہی کوئی نہیں

★

جے توں ڈراؤندا ہیں جگ نوں جاں کوئی تیرے توں ڈردا ہے
دنیا پانی بھردی جاں توں کسے دا پانی بھردا ہیں

ਰੀਤ



778/ ਰੰਗ ਮਜੀਠ

ہیر



779/رنگ مجیٹھ

ਹੀਰ

ਸੁੱਨਤ ਨੂੰ ਸੁਪਨਾ ਆਉਣਾ

ਸੁੱਤਾ ਪਿਆ ਸੀ ਇੱਕ ਦਿਨ ਘੂਕ ਸੁੱਨਤ, ਤਤਕਸਾਰ ਉਸਨੂੰ ਸੁਪਨਾ ਆਇਆ ਜੀ।
ਬੜੇ ਪਿਆਰ ਦੇ ਨਾਲ ਆਵਾਜ਼ ਦੇ ਕੇ, ਵਾਰਿਸ ਸ਼ਾਹ ਨੇ ਆਣ ਜਗਾਇਆ ਜੀ।
ਉੱਠ ਸੁੱਨਤਾ! ਤੈਨੂੰ ਇੱਕ ਕੰਮ ਦੱਸਾਂ, ਏਸੇ ਕੰਮ ਨੇ ਤੈਨੂੰ ਮਿਲਾਇਆ ਜੀ।
ਗੱਲ ਸੁਣੀ ਧਿਆਨ ਦੇ ਨਾਲ ਮੇਰੀ, ਵਾਰਿਸ ਸ਼ਾਹ ਨੇ ਆਖ ਫੁਰਮਾਇਆ ਜੀ।

ਲੰਮੀਆਂ ਤਾਣ ਕੇ ਸੁੱਤਾ ਪੰਜਾਬ ਸਾਰਾ, ਲੋਕਾਂ ਕੁੱਝ ਦਾ ਕੁੱਝ ਬਣਾਇਆ ਜੀ।
ਜਿੱਥੋਂ ਤੁਰੇ ਸਾਂ ਓਥੇ ਹੀ ਖੜੇ ਆਪਾਂ, ਲੋਕਾਂ ਕਿੰਨਾ ਸਫ਼ਰ ਮੁਕਾਇਆ ਜੀ।
ਬਣੇ ਚੌਧਰੀ ਸਾਡੇ ਤੋਂ ਬਾਅਦ ਜੰਮੇ, ਲੋਕਾਂ ਆਪਣਾ ਝੰਡਾ ਝੁਲਾਇਆ ਜੀ।
ਅਸੀਂ ਅਲਫ਼ ਤੋਂ ਅੱਗੇ ਨਾ ਕੁੱਝ ਸਿੱਖਿਆ, ਵਾਰਿਸ ਸ਼ਾਹ ਤਾਂ ਅਲਫ਼ ਪੜ੍ਹਾਇਆ ਜੀ।

ਗਾਈ ਪਿਆਰ ਕਹਾਣੀ ਮੈਂ ਹੇਕ ਲਾ ਕੇ, ਏਸੇ ਵਾਸਤੇ ਬੈਂਤ ਬਣਾਇਆ ਨੇ।
ਨਾਮ ਹੀਰ-ਰਾਂਝਾ ਮੈਨੂੰ ਖ਼ਰੇ ਲੱਗੇ, ਸੋਹਣੇ ਨਗਾਂ ਨੂੰ ਮੁੰਦੀ ਵਿੱਚ ਲਾਇਆ ਨੇ।
ਸੋਹਣੀ ਪਿਆਰ ਕਹਾਣੀ ਹੈ ਕਿਵੇਂ ਲਿਖਣੀ, ਹੀਰ ਲਿਖ ਕੇ ਰਾਹ ਦਿਖਾਇਆ ਨੇ।
ਤੁਸੀਂ ਓਥੇ ਹੀ ਜੁੜ ਕੇ ਬਹਿ ਜਾਣਾ , ਇੱਕ ਵਾਰ ਵੀ ਮੈਂ ਨਾ ਚਾਹਿਆ ਨੇ।

ਸੁੱਨਤ ਸੁਪਨੇ ਵਿੱਚ ਵਾਰਿਸ ਨਾ' ਗੱਲ ਕਰਦਾ, ਕਹਿੰਦਾ ਬੁੱਲਾ ਵੀ ਇੱਕ ਦਿਨ ਆਇਆ ਸੀ।
ਸਰਘੀ ਵੇਲੇ ਵਾਰਿਸ ਦੇ ਵਾਂਗਰਾਂ ਹੀ, ਬੁੱਲੇ ਸ਼ਾਹ ਨੇ ਆਣ ਜਗਾਇਆ ਸੀ।
ਬੁਲ੍ਹੇ ਸ਼ਾਹ ਨੇ ਸਾਰਾ ਹੀ ਜ਼ੋਰ ਲਾ ਕੇ, ਅੱਖਰ ਅਲਫ਼ ਹੀ ਮੈਨੂੰ ਪੜ੍ਹਾਇਆ ਸੀ।
ਬਾਬੇ ਬੁੱਲ੍ਹੇ ਦੀ ਗੱਲ ਮੈ ਲੜ ਬੰਨੀ, ਤਾਹੀਓਂ ਅਲਫ਼ ਦੇ ਨਾਲ ਚਿੱਤ ਲਾਇਆ ਸੀ।

ਵਾਰਿਸ ਸ਼ਾਹ ਆਖੇ ਅਲਫ਼, ਅਲਫ਼ ਹੀ ਹੈ, ਨੁਕਤਾ ਅਲਫ਼ ਦਾ ਬਹੁਤ ਨਿਆਰਾ ਹੈ।
ਜਮ-ਜਮ ਪੜ੍ਹੋ ਤੇ ਗਾਵੋ ਅਲਫ਼ ਨੂੰ ਵੀ, ਅਲਫ਼ ਬਿਨਾ ਤਾਂ ਨਹੀਂ ਛੁਟਕਾਰਾ ਹੈ।
ਪੈਂਤੀ ਗੁਰਾਂ ਨੇ ਬੈਠ ਬਣਾਈ ਸੋਹਣੀ, ਸਾਰੇ ਸ਼ਬਦਾਂ ਦਾ ਵਜ਼ਨ ਇੱਕਸਾਰਾ ਹੈ।
ਬਾਕੀ ਲਫਜ਼ ਵੀ ਸਿੱਖਣੇ ਪੈਣਗੇ ਜੀ, ਸ਼ਬਦਾਂ ਬਿਨਾ ਵੀ ਨਹੀਂ ਗੁਜ਼ਾਰਾ ਹੈ।

ہیر

سُنڑ نُوں سُپنا آؤنا

ستا پیا سی اک دن گھوک سنڑ، تڑکسار اسنوں سپنا آیا جی
بڑے پیار دے نال آواز دے کے، وارث شاہ نے آن جگایا جی
اٹھ سنڑا! تینوں اک کم دساں، ایسے کم نے تینوں ملایا جی
گل سنی دھیان دے نال میری، وارث شاہ نے آکھ فرمایا جی

لمیاں تان کے ستا پنجاب سارا، لوکاں کجھ دا کجھ بنایا جی
جتھوں ترے ساں اوتھے ہی کھڑے آپاں، لوکاں کنا سفر مکایا جی
بنے چودھری ساڈے توں بعد جمے، لوکاں اپنا جھنڈا جھلایا جی
اسیں الف توں اگے نہ کجھ سکھیا، وارث شاہ تاں الف پڑھایا جی

گائی پیار کہانی میں ہیک لا کے، ایسے واسطے بینت بنایا نے
نام ہیر رانجھا مینوں خرے لگے، سوہنے نگاں نوں مندی وچ لایا نے
سوہنی پیار کہانی ہے کویں لکھنی، ہیر لکھ کے راہ دکھایا نے
تسیں اوتھے ہی جڑ کے بہہ جانا ، اک وار وی میں نہ چاہیا نے

سنڑ سپنے وچ وارث نہ' گل کردا، کہندا بلا وی اک دن آیا سی
سرگھی ویلے وارث دے وانگراں ہی، بلے شاہ نے آن جگایا سی
بلھے شاہ نے سارا ہی زور لا کے، اکھر الف ہی مینوں پڑھایا سی

بابے بُلھے دی گل مے لڑ بنی، تاہیوں الف دے نال چت لایا سی
وارث شاہ آکھے الف، الف ہی ہے، نقطہ الف دا بہت نیارا ہے
جم جم پڑھو تے گاوو الف نوں وی، الف بنا تاں نہیں چھٹکارا ہے
پینتی گراں نے بیٹھ بنائی سوہنی، سارے شبداں دا وزن اکسارا ہے
باقی لفظ وی سکھنے پینگے جی، شبداں بنا وی نہیں گزارا ہے

ਵਾਰਿਸ ਖੀਸੇ 'ਚ ਮਾਰਿਆ ਹੱਥ ਆਪਣੇ, ਸੁੱਨਤ ਨੂੰ ਇੱਕ ਚਿੱਠੀ ਦਿਖਾ ਦਿੱਤੀ।
ਬੀਬੀ ਅੰਮ੍ਰਿਤਾ ਨੇ ਜੋ ਲਿਖ ਭੇਜੀ, ਲੱਖਾਂ ਹੀਰਾਂ ਦੀ ਚੀਕ ਸੁਣਾ ਦਿੱਤੀ।
ਵਾਰਿਸ ਸ਼ਾਹ ਮੀਆਂ! ਇੱਕ ਹੀਰ ਰੋਈ, ਵੇ ਤੂੰ ਦਰਦ ਕਹਾਣੀ ਬਣਾ ਦਿੱਤੀ।
ਭਾਗਭਰੀ ਦੀ ਗੱਲ ਹੀ ਕਰੀ ਜਾਨੈਂ, ਬਾਕੀ ਖ਼ਲਕਤ ਨੂੰ ਕਾਹਤੋਂ ਭੁਲਾ ਦਿੱਤੀ।

ਸੁੱਨਤਾ! ਸੁਣ ਬੱਚੂ, ਮੈਨੂੰ ਪਤਾ ਸਾਰਾ, ਦੂਰ ਦੇਸ਼ਾਂ ਵਿੱਚ ਤੂੰ ਜਾਈ ਫਿਰਦਾਂ।
ਅਮਰੀਕਾ, ਕਨੇਡਾ ਵਲੈਤ ਜਾਏਂ, ਸਾਰੀ ਦੁਨੀਆ 'ਚ ਲੱਤ ਘਮਾਈ ਫਿਰਦਾਂ।
ਪੈਸਾ-ਧੇਲਾ ਕਮਾਉਣ ਨੂੰ ਲੋਕ ਜਾਂਦੇ, ਉਹ ਵੀ ਭੁੱਖ ਤੂੰ ਆਪਣੀ ਮਿਟਾਈ ਫਿਰਦਾਂ।
ਹੀਰਾਂ ਰੁਲਦੀਆਂ ਦੇਸ਼-ਪ੍ਰਦੇਸ਼ ਜੋ ਵੀ, ਸਭਨਾਂ ਦੀ ਤੂੰ ਲਿਸਟ ਬਣਾਈ ਫਿਰਦੈਂ।

ਮੇਰਾ ਹੁਕਮ ਹੈ ਮੰਨਣਾ ਪਊ ਤੈਨੂੰ, ਨਵੀਂ ਹੀਰ ਇੱਕ ਆਪ ਬਣਾਈਂ ਸੁੱਨਤਾ।
ਲਿਖੀਂ ਨਵੀਂ ਕਹਾਣੀ ਜੋ ਤੂੰ ਡਿੱਠੀ, ਘਸੀ-ਪਿਟੀ ਨੂੰ ਹੱਥ ਨਾ ਪਾਈਂ ਸੁੱਨਤਾ।
ਘਰ-ਘਰ ਕਰਣ ਕਹਾਣੀਆਂ ਲੋਕ ਸੁਣ ਕੇ, ਏਹੋ ਜਿਹੇ ਕੁੱਝ ਬੈਂਤ ਬਣਾਈਂ ਸੁੱਨਤਾ।
ਹੀਰ ਲਿਖਣ ਤੋਂ ਪਹਿਲਾਂ ਪਰ ਯਾਦ ਰੱਖੀਂ, ਪਰਵਰਦਗਾਰ ਨੂੰ ਦਿਲੋਂ ਧਿਆਈਂ ਸੁੱਨਤਾ।

ਇੱਕ ਦੋ ਹੋਰ ਗੱਲਾਂ ਵੀ ਮੈਂ ਕਰਨੀਆਂ ਨੇ, ਸੁਣਦਾ-ਸੁਣਦਾ ਤੂੰ ਸੌਂ ਨਾ ਜਾਈਂ ਸੁੱਨਤਾ।
ਕਲਮ ਮੇਰੀ ਸਿਆਹੀ ਉਸ ਵਿੱਚ ਤੇਰੀ, ਸੋਚ-ਸਮਝ ਕੇ ਕਲਮ ਚਲਾਈਂ ਸੁੱਨਤਾ।
ਕਿਤੋਂ ਲੈਅ ਨਾ ਟੁੱਟਦੀ ਦਿਸੇ ਤੇਰੀ, ਬਤੇ ਧਿਆਨ ਨਾ' ਬੈਂਤ ਬਣਾਈਂ ਸੁੱਨਤਾ।
ਝੂਠ ਬੋਲਣ ਦੀ ਲੋੜ ਨਾ ਕੋਈ ਤੈਨੂੰ, ਸਭ ਨੂੰ ਸੱਚ ਦਾ ਸੱਚ ਸੁਣਾਈਂ ਸੁੱਨਤਾ।

ਗੱਲ ਹੋਵੇ ਕਰਾਰੀ ਤਾਂ ਲੋਕ ਸੁਣਦੇ, ਪਰ ਤੂੰ ਬਹੁਤਾ ਮਸਾਲਾ ਨਾ ਲਾਈਂ ਸੁੱਨਤਾ।
ਲਮਲੇਟ ਨਾ ਕਰੀਂ ਕਹਾਣੀਆਂ ਨੂੰ, ਥੋੜੇ ਲਫ਼ਜ਼ਾਂ ਦੇ ਵਿੱਚ ਗੱਲ ਮੁਕਾਈਂ ਸੁੱਨਤਾ।
ਸ਼ਬਦ ਲੱਚਰ, ਅਸ਼ਲੀਲ ਨਾ ਕਿਤੇ ਵਰਤੀਂ, ਨੇਕ ਲਫ਼ਜ਼ਾਂ ਵਿੱਚ ਨੇਕੀ ਕਮਾਈਂ ਸੁੱਨਤਾ।
ਤੇਰੀ ਸੌਂਹ ਤੈਨੂੰ! ਖੋਲ੍ਹੀਂ ਦਿਲ ਆਪਣਾ, ਕਿਸੇ ਹੋਰ ਦੀ ਸੌਂਹ ਨਾ ਖਾਈਂ ਸੁੱਨਤਾ।

ਇੱਕ ਹੋਰ ਦੱਸਾਂ ਤੈਨੂੰ ਗੱਲ ਬੱਚੂ! ਝਗੜਾ ਕਿਤੇ ਨਾ ਕੋਈ ਕਰਾਈਂ ਸੁੱਨਤਾ।
ਝਗੜਾ ਕਰਦਿਆਂ ਕਈ ਕੁੱਝ ਕਿਹਾ ਜਾਂਦਾ, ਤੂੰ ਕੋਈ ਏਹੋ ਜਿਹਾ ਪੰਗਾ ਨਾ ਪਾਈਂ ਸੁੱਨਤਾ।
ਸਾਹਿਤਕਾਰ ਹੈਂ ਤੂੰ ਸਾਹਿਤਕ ਲਫ਼ਜ਼ ਵਰਤੀਂ, ਮੇਰੀ ਹੀਰ ਦੀ ਕਦਰ ਵਧਾਈਂ ਸੁੱਨਤਾ।
ਜਿਸ ਪਾਤਰ ਦੀ ਗੱਲ ਤੂੰ ਕਰਨ ਲੱਗੇਂ, ਪਹਿਲਾਂ ਆਪ ਉਹ ਪਾਤਰ ਬਣ ਜਾਈਂ ਸੁੱਨਤਾ।

وارث کھیسے چ ماریا ہتھ اپنے، سُنڑ نوں اِک چٹھی دکھا دتی
بی بی امرتا نے جو لکھ بھیجی، لکھاں ہیراں دی چیک سنا دتی
وارث شاہ میاں! اک ہیر روئی، وے توں درد کہانی بنا دتی
بھاگ بھری دی گل ہی کری جانوں، باقی خلقت توں کاہتوں بھلا دتی

سنڑا! سن بچو، مینوں پتہ سارا، دوور دیشاں وچ توں جائی پھردا
امریکہ، کنیڈا ولیت جائیں، ساری دنیا چ لت گھمائی پھردا
پیسہ دھیلا کماؤن نوں لوک جاندے، اوہ وی بھکھ توں اپنی مٹائی پھردا
ہیراں رلدیاں دیش پردیش جو وی، سبھناں دی توں لسٹ بنائی پھردیں

میرا حکم ہے منّنا پؤ تینوں، نویں ہیر اک آپ بنائیں سنڑا
لکھیں نویں کہانی جو توں ڈٹھی، گھسی پٹی نوں ہتھ نہ پائیں سنڑا
گھر گھر کرن کہانیاں لوک سن کے، ایہو جہے کجھ بینت بنائیں سنڑا
ہیر لکھن توں پہلاں پر یاد رکھیں، پروردگار نوں دلوں دھیائیں سنڑا

اِک دو ہور گلاں وی میں کرنیاں نے، سندا سندا توں سوں نہ جائیں سنڑا
قلم میری سیاہی اس وچ تیری، سوچ سمجھ کے قلم چلائیں سنڑا
کتوں لے نہ ٹُنڈی دسے تیری، بڑے دھیان نہٰ بینت بنائیں سنڑا
جھوٹھ بولن دی لوڑ نہ کوئی تینوں، سبھ توں سچ دا سچ سنائیں سنڑا

گل ہووے قراری تاں لوک سندے، پر توں بہتا مسالہ نہ لائیں سنڑا
لملیٹ نہ کریں کہانیاں نوں، تھوڑے لفظاں دے وچ گل مکائیں سنڑا
شبد لچر، اشلیل نہ کتے ورتیں، نیک لفظاں وچ نیکی کمائیں سنڑا
تیری سونہہ تینوں! کھولھیں دل اپنا، کسے ہور دی سونہہ نہ کھائیں سنڑا

اِک ہور دساں تینوں گل بچوا جھگڑا کتے نہ کوئی کرائیں سنڑا
جھگڑا کردیاں کئی کجھ کیہا جاندا، توں کوئی ایہو جیہا پنگا نہ پائیں سنڑا
ساہتکار ہیں توں ساہتک لفظ ورتیں، میری ہیر دی قدر ودھائیں سنڑا
جس پاتر دی گل توں کرن لگیں، پہلاں آپ اوہ پاتر بن جائیں سنڑا

ਆਹ ਲੈ! ਕਲਮ ਤੇ ਉੱਠ ਕੇ ਲਿਖਣ ਲੱਗ ਜਾ, ਥਾਪੀ ਦਿਆਂ ਤੈਨੂੰ ਬਣ ਤੂੰ ਸ਼ੇਰ ਸੁੱਨਤਾ।
ਐਵੇਂ ਡਰ-ਡਰ ਕੇ ਉਮਰ ਬਿਤਾਈ ਸਾਰੀ, ਚੌਥੇ ਪਹਿਰ ਹੁਣ ਹੋ ਜਾ ਦਲੇਰ ਸੁੱਨਤਾ।
ਛੱਡ ਦੁਨੀਆ ਦੇ ਝਗੜੇ-ਝਮੇਲਿਆਂ ਨੂੰ, ਛੱਡ ਕੇ ਦੇਖ ਹੁਣ ਤੂੰ ਤੇਰ-ਮੇਰ ਸੁੱਨਤਾ।
ਛਾਤੀ ਠੋਕ ਕੇ ਕਰੀਂ ਇੱਕ ਗੱਲ ਵੱਖਰੀ, ਤੂੰ ਤੇ ਪੜ੍ਹਿਆ ਕਿਤਾਬਾਂ ਦਾ ਢੇਰ ਸੁੱਨਤ।

ਮੰਗਲਾਚਰਨ

ਵਾਹੁ ਵਾਹੇਗੁਰੂ ਵਾਹੇਗੁਰੂ ਕਰ ਸੁੱਨਤਾ! ਵਾਰਿਸ ਸ਼ਾਹ ਦੀ ਰੀਸ ਨਹੀਂ ਕਰੀ ਜਾਣੀ।
ਜਿਹਤੀ ਨਬਜ਼ ਸੀ ਵਾਰਿਸ ਨੇ ਟੋਹ ਵੇਖੀ, ਤੈਥੋਂ ਉਂਗਲ ਨਹੀਂ ਓਸ 'ਤੇ ਧਰੀ ਜਾਣੀ।
ਜਿੰਦਾਂ ਵਾਰਿਸ ਨੇ ਠੋਕ ਕੇ ਗੱਲ ਕੀਤੀ, ਤੇਰੇ ਕੋਲੋਂ ਨਹੀਂ ਉਸ ਤਰ੍ਹਾਂ ਕਰੀ ਜਾਣੀ।
ਵਾਰਿਸ ਸ਼ਾਹ ਦੀ ਹੀਰ ਤਾਂ ਅਮਰ ਹੋ ਗਈ, ਤੇਰੇ ਕੋਲੋਂ ਦੁਬਾਰਾ ਨਹੀਂ ਕਰੀ ਜਾਣੀ।

ਵਾਰਿਸ ਵਰਗੀਆਂ ਗੱਲਾਂ ਜੋ ਕਰੇ ਆ ਕੇ, ਕੋਈ ਜੰਮਿਆਂ ਨਹੀਂ ਜਹਾਨ ਅੰਦਰ।
ਛੱਤੀ ਤੁਰੇ ਫਿਰਦੇ ਐਥੇ ਹੀਰ ਲਿਖਦੇ, ਗੱਲ ਬਣਦੀ ਨਹੀਂ ਬੱਚੂ! ਬਿਆਨ ਅੰਦਰ।
ਅੰਦਰੋਂ ਗੱਲ ਤਾਂ ਫੇਰ ਹੀ ਕਰੀ ਜਾਂਦੀ, ਕਰੇ ਜੇ ਕੋਈ ਅੰਤਰਧਿਆਨ ਅੰਦਰ।
ਮਾਹੀ ਸਿਰੇ ਦਾ ਕੱਢ ਕੇ ਪਾਰ ਕਰਦਾ, ਬੇਤੀ ਫਸਦੀ ਜਾਂ ਕਿਸੇ ਤੂਫ਼ਾਨ ਅੰਦਰ।

ਇਹ ਜੋ ਰੂਹ ਕਲਬੂਤ ਦੀ ਗੱਲ ਕੀਤੀ, ਮੇਰੀ ਸਮਝ ਦੇ ਵਿੱਚ ਗੱਲ ਪਾ ਮੀਆਂ।
ਤੇਰੇ ਪੂਰਨੇ ਪਾਏ ਮੈਂ ਕਿਵੇਂ ਪੂਰਾਂ, ਮੈਨੂੰ ਆਪੇ ਹੀ ਜ਼ਰਾ! ਸਮਝਾ ਮੀਆਂ।
ਹਾਰੀ-ਸਾਰੀ ਦੀ ਕੀ ਮਜ਼ਾਲ ਹੈ ਜੀ, ਜੇਹੜਾ ਜਾਣ ਜਾਵੇ ਤੇਰੇ ਦਾਅ ਮੀਆਂ।
ਐਸੇ ਹੁਸਨ, ਜਵਾਨੀ ਨਾ ਕਿਤੇ ਵੇਖੇ, ਜੈਸੀ ਮੂਰਤ ਤੂੰ ਗਿਓਂ ਬਣਾ ਮੀਆਂ।

ਬਤੇ ਲੋਕਾਂ ਨੇ ਰੰਗ ਲਗਾ ਵੇਖੇ, ਤੇਰੇ ਰੰਗਾਂ ਦਾ ਰੂਪ ਅਥਾਹ ਮੀਆਂ।
ਲੋਕੀਂ ਪਾਉਣ ਬਾਤਾਂ ਪਰ ਨਾ ਬਾਤ ਬਣਦੀ, ਗਿਓਂ ਗੱਲ ਤੂੰ ਸਿਰੇ ਚੜ੍ਹਾ ਮੀਆਂ।
ਤੇਰੀ ਰੀਸ ਕਰਦੇ ਹੀਰਾਂ ਲਿਖਣ ਵਾਲੇ, ਤੇਰੇ ਛਾਣੇ ਨੂੰ ਜਾਂਦੇ ਛਾਣੀਂ ਜਾ ਮੀਆਂ।
ਮੇਰਾ ਚਿੱਤ ਕਰਦਾ ਤੈਨੂੰ ਮਿਲਾਂ ਕਿੱਧਰੇ, ਹੋ ਸਕੇ ਤਾਂ ਫੇਰਾ ਇੱਕ ਪਾ ਮੀਆਂ।

آہ لے! قلم تے اٹھ کے لکھن لگ جا، تھاپی دیاں تینوں بن توں شیر سنڑا
ایویں ڈر ڈر کے عمر بتائی ساری، چوتھے پہر بن ہو جا دلیر سنڑا
چھڈ دنیا دے جھگڑے جھمیلیاں نوں، چھڈ کے دیکھ بن توں تیر میر سنڑا
چھاتی ٹھوک کے کریں اک گل وکھری، توں تے پڑھیا کتاباں دا ڈھیر سنڑ

منگلاچرن

واہا واہیگرو واہیگرو کر سنڑا! وارث شاہ دی ریس نہیں کری جانی
جیہڑی نبض سی وارث نے ٹوہ ویکھی، تیتھوں انگل نہیں اوس تے دھری جانی
جداں وارث نے ٹھوک کے گل کیتی، تیرے کولوں نہیں اس طرحاں کری جانی
وارث شاہ دی ہیر تاں امر ہو گئی، تیرے کولوں دوبارہ نہیں کری جانی

وارث ورگیاں گلاں جو کرے آ کے، کوئی جمیاں نہیں جہان اندر
چھتی ترے پھردے ایتھے ہیر لکھدے، گل بندی نہیں بچوا بیان اندر
اندروں گل تاں پھیر ہی کری جاندی، کرے جے کوئی انتردھیان اندر
ماہی سرے دا کڈھ کے پار کردا، بیڑی پھسدی جاں کسے طوفان اندر

ایہہ جو روح قلبوت دی گل کیتی، میری سمجھ دے وچ گل پا میاں
تیرے پورنے پائے میں کویں پوراں، مینوں آپے ہی ذرا! سمجھا میاں
پاری ساری دی کیہ مزال ہے جی، جیہڑا جان جاوے تیرے داء میاں
ایسے حسن، جوانی نہ کتے ویکھے، جیسی مورت توں گؤں بنا میاں

بڑے لوکاں نے رنگ لگا ویکھے، تیرے رنگاں دا روپ اتھاہ میاں
لوکیں پاؤن باتاں پر نہ بات بندی، گؤں گل توں سرے چڑھا میاں
تیری ریس کردے ہیراں لکھن والے، تیرے چھاتے نوں جاندے چھانیں جا میاں
میرا چت کردا تینوں ملاں کدھرے، ہو سکے تاں پھیرا اک پا میاں

ਸ਼ਾਇਰ ਦੇ ਦਿਲ ਦਾ ਦਰਦ

ਇੱਕ ਦਰਦ ਮੈਂ ਦਿਲ ਨਾਲ ਲਾਈ ਫਿਰਦਾਂ, ਆ ਕੇ ਮੇਰਾ ਇਹ ਦਰਦ ਵੰਡਾ ਮੀਆਂ।
ਮੇਰੀ ਹੀਰ ਵਿਦੇਸ਼ਾਂ ਦੇ ਵਿੱਚ ਰੁਲ ਗਈ, ਉਸਨੂੰ ਡਾਲਰਾਂ ਲਿਆ ਭਰਮਾ ਮੀਆਂ।
ਤਾਰਾਂ ਟੱਪ ਕੇ ਰਾਂਝਾ ਵੀ ਜਾ ਰਲਿਆ, ਰਿਹਾ ਰਾਤਾਂ ਨੂੰ ਝਾੜੂ ਲਾ ਮੀਆਂ।
ਇੱਕ ਨਵੀਂ ਕਹਾਣੀ ਮੈਂ ਕਰਨ ਲੱਗਾ, ਮੇਰੇ ਸਿਰ ਉੱਤੇ ਹੱਥ ਟਿਕਾਅ ਮੀਆਂ।

ਵਾਰਿਸ ਤਰ ਗਿਆ ਹੀਰ ਨੂੰ ਤਾਰ ਕਰਕੇ

ਤੇਰੀ ਹੀਰ ਤਾਂ ਹੀਰਾ ਸੀ ਵਾਰਿਸਾ ਵੇ! ਹੀਰ ਲਿਖੀ ਤੂੰ ਸੋਚ ਵਿਚਾਰ ਕਰਕੇ।
ਹਤ੍ਹ ਹੁਸਨ ਦਾ ਕਲਮ ਦੀ ਨੋਕ ਵਿੱਚੋਂ, ਭਰਨਾ ਵਹਿ ਤੁਰਿਆ ਵੰਟਾਂ ਪਾਰ ਕਰਕੇ।
ਤੇਰਾ ਇਸ਼ਕ ਹਕੀਕੀ, ਮਿਜਾਜ਼ ਬਣਿਆ, ਵਿੱਚ ਘੁਲ ਗਿਆ ਉਸਦੇ ਸੀ ਪਿਆਰ ਕਰਕੇ।
ਤੇਰੀ ਰੂਹ ਸੀ, ਹੀਰ ਰੂਹਾਨੀਅਤ ਸੀ, ਗੱਲ ਕੀਤੀ ਤੂੰ ਯਾਰਾਂ ਦਾ ਯਾਰ ਕਰਕੇ।

ਤੇਰੀ ਹੀਰ 'ਚੋਂ ਹੀਰ ਪ੍ਰਤੱਖ ਦਿਸਦੀ, ਮੈਂ ਤੇ ਆਪ ਵੇਖੀ ਅੱਖਾਂ ਚਾਰ ਕਰਕੇ।
ਸ਼ਬਦਾਂ ਵਿੱਚ ਹੈ ਸੂਰਤ ਸਾਕਾਰ ਦਿਸਦੀ, ਧੰਨ ਹੋ ਗਿਆ ਮੈਂ ਤਾਂ ਦੀਦਾਰ ਕਰਕੇ।
ਰੂਹ ਖਿੜ ਜਾਂਦੀ ਤੇਰੀ ਹੀਰ ਪੜ੍ਹ ਕੇ, ਮੈਂ ਦਿਲ ਦੇਖਿਆ ਗੁਲੋ-ਗੁਲਜ਼ਾਰ ਕਰਕੇ।
ਤੂੰ ਵੀ ਧੰਨ ਤੇ ਹੀਰ ਵੀ ਧੰਨ ਤੇਰੀ, ਤੂੰ ਵੀ ਤਰ ਗਿਓਂ ਹੀਰ ਨੂੰ ਤਾਰ ਕਰਕੇ।

ਹੀਰ ਦਾ ਨਾਮ ਉਧਾਰ ਲੈਣਾ

ਜਿਸ ਕੁੜੀ ਦੀ ਗੱਲ ਮੈਂ ਕਰਨ ਲੱਗਿਆਂ, ਹੀਰ ਆਖਦੇ ਉਸਨੂੰ ਪਿਆਰ ਦੇ ਨਾ'।
ਵਾਰਿਸ ਹੀਰ ਦਾ ਰਹੇਂਗਾ ਤੂੰ ਵਾਰਿਸ, ਤੁਲਨਾ ਕੋਈ ਨਹੀਂ ਨਾਰ ਦੀ ਨਾਰ ਦੇ ਨਾ'।
ਰਾਂਝਾ ਨਾਮ ਵੀ ਤੇਰੇ ਤੋਂ ਲਵਾ ਮੰਗਵਾਂ, ਰਲਦਾ ਤਖ਼ਤ ਹਜਾਰੇ ਦੇ ਯਾਰ ਦੇ ਨਾ'।
ਚੂਚਕ ਨਾਮ ਵੀ ਰੱਖ ਲਿਆ ਮਾਫ਼ ਕਰਨਾ! ਰਲਦਾ ਨਾਮ ਸੀ ਹੀਰ ਪਰਿਵਾਰ ਦੇ ਨਾ'।

ਕੈਦੋਂ ਨਾਮ ਚਰਿੱਤਰ ਦੇ ਅਰਥ ਕਰਦਾ, ਰਲਦਾ-ਮਿਲਦਾ ਸੀ ਕੈਦੋਂ ਕਿਰਦਾਰ ਦੇ ਨਾ'।
ਸਹਿਤੀ ਨਾ ਸੋਹਣਾ ਉਹ ਵੀ ਰੱਖ ਲਿਆ ਮੈਂ, ਖੇੜਾ ਆਖਿਆ ਦਿਲੋਂ ਫਟਕਾਰ ਦੇ ਨਾ'।

شاعر دے دل دا درد

اک درد میں دل نال لائی پھردا، آ کے میرا ایہہ درد ونڈا میاں
میری ہیر ودیشاں دے وچ رل گئی، اسنوں ڈالراں لیا بھرما میاں
تاراں ٹپ کے رانجھا وی جا رلیا، رہا راتاں نوں جھاڑو لا میاں
اک نویں کہانیں میں کرن لگا، میرے سر اتے ہتھ ٹکاء میاں

وارث تر گیا ہیر نوں تار کرکے

تیری ہیر تاں ہیرا سی وارسا وے! ہیر لکھی توں سوچ وچار کرکے
ہڑ حسن دا قلم دی نوک وچوں، جھرنا وہ تریا وٹاں پار کرکے
تیرا عشق حقیقی، مجاز بنیا، وچ گھل گیا اسدے سی پیار کرکے
تیری روح سی، ہیر روحانیت سی، گل کیتی توں یاراں دا یار کرکے

تیری ہیر 'چوں ہیر پرتکھ دسدی، میں تے آپ ویکھی اکھاں چار کرکے
شبداں وچ ہے صورت ساکار دسدی، دھن ہو گیا میں تاں دیدار کرکے
روح کھڑ جاندی تیری ہیر پڑھ کے، میں دل دیکھیا گلو گلزار کرکے
توں وی دھن تے ہیر وی دھن تیری، توں وی تر گؤں ہیر نوں تار کرکے

ہیر دا نام ادھار لینا

جس کڑی دی گل میں کرن لگیاں، ہیر آکھدے اسنوں پیار دے نا'
وارث ہیر دا رہیں گا توں وارث، تلنا کوئی نہیں نعر دی نعر دے نا'
رانجھا نام وی تیرے توں لواں منگواں، رلدا تخت ہجارے دے یار دے نا'
چوچک نام وی رکھ لیا معاف کرنا! رلدا نام سی ہیر پریوار دے نا'

قیدوں نام چرتر دے ارتھ کردا، رلدا ملدا سی قیدوں کردار دے نا'
سہتی ناں سوہنا اوہ وی رکھ لیا میں، کھیڑا آکھیا دلوں پھٹکار دے نا'

ਜਾਨ ਵਾਰ ਕੇ ਚਾਅ ਚੜ੍ਹ ਜਾਣ ਜਿੱਥੇ, ਏਥੋਂ ਸਿੱਖੋ ਪੀੜ ਨੂੰ ਕਿੰਦਾਂ ਸਹਿਣਾ।
ਮੁੱਛਾਂ ਕੁੰਢੀਆਂ ਮੋਢੇ ਤੇ ਡਾਂਗ ਧਰਨੀ, ਤੰਬੇ ਖੜਕਦੇ ਸ਼ੌਕ ਦੇ ਨਾਲ ਰਹਿਣਾ।

ਗੱਲ ਇਸ਼ਕ ਦੀ

ਸਮਝਣ ਇਸ਼ਕ ਨੂੰ ਅੱਜ ਗੁਨਾਹ ਲੋਕੀਂ, ਨਾਲੇ ਆਪ ਆਸ਼ਕ ਦਿਲ ਲਈ ਫਿਰਦੇ।
ਕਰਨ ਤੱਤੀਆਂ ਅੱਖਾਂ ਜੇ ਦਾਅ ਲੱਗੇ, ਬਾਕੀ ਲੋਕਾਂ ਨੂੰ ਮੱਤਾਂ ਪਰ ਦਈ ਫਿਰਦੇ।
ਇਸ਼ਕ ਮਾਈ ਤੇ ਬਾਪ ਜੇ ਨਾ ਕਰਦੇ, ਸਾਰੇ ਸਬਜ਼ੀਆਂ ਦੀ ਜੂਨੇ ਪਈ ਫਿਰਦੇ।
ਦਾਦੇ-ਦਾਦੀਆਂ ਆਸ਼ਕੀ ਖ਼ੂਬ ਕੀਤੀ, ਤਾਹੀਓਂ ਪੋਤਰੇ ਨੱਤਰੇ ਲਈ ਫਿਰਦੇ।

ਆਸ਼ਕ ਦਿਲ ਤਾਂ ਕਾਅਬਾ ਹੈ ਕਾਜ਼ੀਆਂ ਦਾ, ਅੱਲਾ ਪਾਕ ਦੀ ਨਦਰ ਨਿਹਾਲ ਹੋਇਆ।
ਜਿਸ ਦਿਲ ਵਿੱਚ ਕਿਸੇ ਲਈ ਖਿੱਚ ਹੀ ਨਹੀਂ, ਭੂਤ ਬੰਗਲਾ ਹਾਲੋਂ ਬੇਹਾਲ ਹੋਇਆ।
ਮਾਣੋ ਮਿੱਤਰੋ! ਰੱਜ ਜਵਾਨੀਆਂ ਨੂੰ, ਸਾਥੀ ਖ਼ਰਾ ਭਾਲੋ ਜਿੰਨਾ ਭਾਲ ਹੋਇਆ।
ਦਿਲ ਦੀ ਗੱਲ ਮੰਨੋਂ ਜੀ ਦਿਮਾਗ ਲਾ ਕੇ, ਦੇਖੀ ਜਾਉਗੀ ਜਿਸ ਤਰ੍ਹਾਂ ਹਾਲ ਹੋਇਆ।

ਨਵਾਂ ਕਿੱਸਾ, ਪੁਰਾਣੀ ਸ਼ੈਲੀ

ਵਾਰਿਸ ਸ਼ਾਹ ਦੀ ਹੀਰ ਤੋਂ ਮੱਤ ਲੈ ਕੇ, ਕਿੱਸਾ ਹੀਰ ਦਾ ਨਵਾਂ ਬਣਾਵਣਾ ਮੈਂ।
ਬਾਗ਼ ਬੜਾ ਸੋਹਣਾ, ਸੋਹਣੇ ਯਾਰ ਲਾਇਆ, ਇੱਕ ਨਵਾਂ ਬੂਟਾ ਵਿੱਚ ਲਾਵਣਾ ਮੈਂ।
ਕਿਸੇ ਸਮੇਂ ਸੀ ਡੋਲੀ ਕੁਹਾਰ ਚੁੱਕਦੇ, ਅੱਜ ਉਡਣ ਖਟੋਲਾ ਲਿਆਵਣਾ ਮੈਂ।
ਵਾਰਿਸ ਸ਼ਾਹ ਨੇ ਬੈਂਤ ਸੀ ਲਿਖੇ ਵਧੀਆ, ਓਸੇ ਰਾਗ ਦੇ ਵਿੱਚ ਹੀ ਗਾਵਣਾ ਮੈਂ।

ਹੱਡ ਬੀਤੀ, ਜੱਗ ਬੀਤੀ

ਥੋੜੀ ਹੱਡ ਬੀਤੀ, ਥੋੜੀ ਜੱਗ ਬੀਤੀ, ਏਸ ਤਰਾਂ ਕਹਾਣੀ ਨੂੰ ਜੋੜਿਆ ਮੈਂ।
ਆਪਣੇ ਫੁੱਲਾਂ ਨੂੰ ਸੁੰਘਿਆ ਜੀਅ ਭਰ ਕੇ, ਕੋਈ ਓਪਰਾ ਫੁੱਲ ਨਾ ਤੋੜਿਆ ਮੈਂ।
ਸੱਚੋ-ਸੱਚ ਕਹਾਣੀ ਮੈਂ ਲਿਖ ਦਿੱਤੀ, ਜ਼ਰਾ ਝੂਠ ਨਾ ਕਿਤੇ ਘਸੋੜਿਆ ਮੈਂ।
ਸਾਰੇ ਆਪਣੇ ਭੇਦ ਮੈਂ ਖੋਲ੍ਹ ਦਿੱਤੇ, ਕਿਸੇ ਹੋਰ ਦਾ ਭਾਂਡਾ ਨਾ ਫੋੜਿਆ ਮੈਂ।

جان وار کے چاء چڑھ جان جتھے، ایتھوں سکھو پیڑ نوں کداں سہنا
مچھاں کنڈھیاں موڑھے تے ڈانگ دھرنی، تمبے کھڑکدے شوق دے نال رہنا

گل عشق دی

سمجھن عشق نوں اج گناہ لوکیں، نالے آپ عاشق دل لئی پھردے
کرن تتیاں اکھاں جے داہ لگے، باقی لوکاں نوں متاں پر دئی پھردے
عشق مائی تے باپ جے نہ کردے، سارے سبزیاں دی جونے پئی پھردے
دادے دادیاں عاشقی کھوب کیتی، تاہیوں پوترے نترے لئی پھردے
عاشق دل تاں کعبہ ہے قاضیاں دا، اللہ پاک دی ندر نہال ہویا
جس دل وچ کسے لئی کھچ ہی نہیں، بھوت بنگلا ہالوں بےحال ہویا
مانو متروا رج جوانیاں نوں، ساتھی خرا بھالو جنا بھال ہویا
دل دی گل منوں جی دماغ لا کے، دیکھی جاؤگی جس طرحاں حال ہویا

نواں قصہ، پرانی شیلی

وارث شاہ دی ہیر توں مت لے کے، قصہ ہیر دا نواں بناونا میں
باغ بڑا سوہنا، سوہنے یار لایا، اک نواں بوٹا وچ لاونا میں
کسے سمیں سی ڈولی کہار چکدے، اج اڈن کھٹولا لیاونا میں
وارث شاہ نے بینت سی لکھے ودھیا، اوسے راگ دے وچ ہی گاونا میں

ہڈ بیتی، جگ بیتی

تھوڑی ہڈ بیتی، تھوڑی جگ بیتی، ایس طرحاں کہانی نوں جوڑیا میں
اپنے پھلاں نوں سنگھیا جی بھر کے، کوئی اوپرا پھل نہ توڑیا میں
سچو سچ کہانی میں لکھ دتی، ذرا جھوٹھ نہ کتے گھسوڑیا میں
سارے اپنے بھید میں کھولھ دتے، کسے ہور دا بھانڈا نہ پھوڑیا میں

میری ہیر دے عشق دی گل وکھری، پہلاں دس دیواں وستھار دے نہ'
میرے رانجھے نے چاریاں نہیں مجھاں، نہ بھابی نال لڑیا ہنکار دے نہ'

نویں کہانی، نویاں مشکلاں

نویاں مشکلاں نویں ہی راہ کھہڑے، لکھ رہیاں بڑے ستکار دے نہ'
وارث شاہ بابا! مینوں بل بخشیں، گل پیار دی کر لواں پیار دے نہ'
میری ہیر تے رانجھا مجبور نہیں ہن، قول پگڈے کیتے اقرار دے نہ'
وکھری گل ہے مشکلاں بہت آئیاں، لڑنا پیندے سارے سنسار دے نہ'

گل پنجاب دی

ہے پنجاب دی دھرت زرخیز سنڑا! گدھی پنجاں دریاواں نے پائی جتھے
گھٹا کالیاں چڑھدیاں پرے ولوں، اتر ولوں ہے برف ڈھل آئی جتھے
پہلا دھرم گرنتھ سنسار دے وچ، رگوید دی بنتر بنائی جتھے
ساری دنیا دے وڈے دریا 'سندھو' آر پار تک پیل ہے پائی جتھے

صاحباں، سسیاں، سوہنیاں، شیریاں نے، سنڑا! عشق دی کھیڈ رچائی جتھے
جھیل مان سروور وی مان کردی، ہنساں، موتیاں دی آواجائی جتھے
ہے کیلاش پہاڑ وی پھرے تڑیا، چمبے دیاں کلیاں مہک لائی جتھے
ہیر رانجھے دی سنڑا! امر گاتھا، وارث شاہ نے جوڑ سنائی جتھے

بائی اکھر چروکنے لبھدے نے، پینتی اکھری گراں نے گھڑی جتھے
دوروں نیڑیوں چھتی ودوانن رل کے، بانی گورمکھی دے وچ جڑی جتھے
بڑے پیر، فقیر وی ہوئے ایتھے، دھرتی بلد دے سنناں تے کھڑی جتھے
دھول دھرم دی گل سنسار دے وچ، بیکاں اچیاں لا کے پڑھی جتھے

کنی صفت پنجاب دی کری جاواں، ایہہ تاں دنیا دا ہے انمول گہنا
جیکر حسن جوانی دی گل چلے، پھر تاں پچھو نہ اسدا کیہ کہنا

میری ہیر دے عشق دی گل وکھری، پہلاں دس دیواں وستھار دے نہ'
میرے رانجھے نے چاریاں نہیں مجھاں، نہ بھابی نال لڑیا ہنکار دے نہ'

نویں کہانی، نویاں مشکلاں

نویاں مشکلاں نویں ہی راہ کھہڑے، لکھ رہیاں بڑے ستکار دے نہ'
وارث شاہ بابا! مینوں بل بخشیں، گل پیار دی کر لواں پیار دے نہ'
میری ہیر تے رانجھا مجبور نہیں ہن، قول پگڈے کیتے اقرار دے نہ'
وکھری گل ہے مشکلاں بہت آئیاں، لڑنا پیندے سارے سنسار دے نہ'

گل پنجاب دی

ہے پنجاب دی دھرت زرخیز سنڑا! گدھی پنجاں دریاواں نے پائی جتھے
گھٹا کالیاں چڑھدیاں پرے ولوں، اتر ولوں ہے برف ڈھل آئی جتھے
پہلا دھرم گرنتھ سنسار دے وچ، رگوید دی بنتر بنائی جتھے
ساری دنیا دے وڈے دریا 'سندھو' آر پار تک پیل ہے پائی جتھے

صاحباں، سسیاں، سوہنیاں، شیریاں نے، سنڑا! عشق دی کھیڈ رچائی جتھے
جھیل مان سروور وی مان کردی، ہنساں، موتیاں دی آواجائی جتھے
ہے کیلاش پہاڑ وی پھرے تڑیا، چمبے دیاں کلیاں مہک لائی جتھے
ہیر رانجھے دی سنڑا! امر گاتھا، وارث شاہ نے جوڑ سنائی جتھے

بائی اکھر چروکنے لبھدے نے، پینتی اکھری گراں نے گھڑی جتھے
دوروں نیڑیوں چھتی ودوانن رل کے، بانی گورمکھی دے وچ جڑی جتھے
بڑے پیر، فقیر وی ہوئے ایتھے، دھرتی بلد دے سنناں تے کھڑی جتھے
دھول دھرم دی گل سنسار دے وچ، بیکاں اچیاں لا کے پڑھی جتھے

کنی صفت پنجاب دی کری جاواں، ایہہ تاں دنیا دا ہے انمول گہنا
جیکر حسن جوانی دی گل چلے، پھر تاں پچھو نہ اسدا کیہ کہنا

ਮੇਰੀ ਹੀਰ ਦੇ ਇਸ਼ਕ ਦੀ ਗੱਲ ਵੱਖਰੀ, ਪਹਿਲਾਂ ਦੱਸ ਦੇਵਾਂ ਵਿਸਥਾਰ ਦੇ ਨਾ'।
ਮੇਰੇ ਰਾਂਝੇ ਨੇ ਚਾਰੀਆਂ ਨਹੀਂ ਮੱਝਾਂ, ਨਾ ਭਾਬੀ ਨਾਲ ਲੜਿਆ ਹੰਕਾਰ ਦੇ ਨਾ'।

ਨਵੀਂ ਕਹਾਣੀ, ਨਵੀਆਂ ਮੁਸ਼ਕਿਲਾਂ

ਨਵੀਆਂ ਮੁਸ਼ਕਿਲਾਂ ਨਵੇਂ ਹੀ ਰਾਹ ਖਹਿੜੇ, ਲਿਖ ਰਿਹਾਂ ਬੜੇ ਸਤਿਕਾਰ ਦੇ ਨਾ'।
ਵਾਰਿਸ ਸ਼ਾਹ ਬਾਬਾ! ਮੈਨੂੰ ਬਲ ਬਖਸ਼ੀਂ, ਗੱਲ ਪਿਆਰ ਦੀ ਕਰ ਲਵਾਂ ਪਿਆਰ ਦੇ ਨਾ'।
ਮੇਰੀ ਹੀਰ ਤੇ ਰਾਂਝਾ ਮਜਬੂਰ ਨਹੀਂ ਹੁਣ, ਕੌਲ ਪੁੱਗਦੇ ਕੀਤੇ ਇਕਰਾਰ ਦੇ ਨਾ'।
ਵੱਖਰੀ ਗੱਲ ਹੈ ਮੁਸ਼ਕਿਲਾਂ ਬਹੁਤ ਆਈਆਂ, ਲੜਨਾ ਪੈਂਦੈ ਸਾਰੇ ਸੰਸਾਰ ਦੇ ਨਾ'।

ਗੱਲ ਪੰਜਾਬ ਦੀ

ਹੈ ਪੰਜਾਬ ਦੀ ਧਰਤ ਜ਼ਰਖੇਜ਼ ਸੁੰਨਡਾ! ਗਿੱਧੀ ਪੰਜਾਂ ਦਰਿਆਵਾਂ ਨੇ ਪਾਈ ਜਿੱਥੇ।
ਘਟਾ ਕਾਲੀਆਂ ਚੜ੍ਹਦੀਆਂ ਪੂਰੇ ਵੱਲੋਂ, ਉੱਤਰ ਵੱਲੋਂ ਹੈ ਬਰਫ਼ ਢਲ ਆਈ ਜਿੱਥੇ।
ਪਹਿਲਾ ਧਰਮ ਗ੍ਰੰਥ ਸੰਸਾਰ ਦੇ ਵਿੱਚ, ਰਿਗਵੇਦ ਦੀ ਬਣਤਰ ਬਣਾਈ ਜਿੱਥੇ।
ਸਾਰੀ ਦੁਨੀਆ ਦੇ ਵੱਡੇ ਦਰਿਆ 'ਸਿੰਧੂ', ਆਰ-ਪਾਰ ਤੱਕ ਪੈਲ ਹੈ ਪਾਈ ਜਿੱਥੇ।

ਸਹਿਬਾਂ, ਸੱਸੀਆਂ, ਸੋਹਣੀਆਂ, ਸੀਰੀਆਂ ਨੇ, ਸੁੰਨਡਾ! ਇਸ਼ਕ ਦੀ ਖੇਡ ਰਚਾਈ ਜਿੱਥੇ।
ਝੀਲ ਮਾਨਸਰੋਵਰ ਵੀ ਮਾਣ ਕਰਦੀ, ਹੰਸਾਂ, ਮੋਤੀਆਂ ਦੀ ਆਵਾਜਾਈ ਜਿੱਥੇ।
ਹੈ ਕੈਲਾਸ਼ ਪਹਾੜ ਵੀ ਫਿਰੇ ਤਿੜਿਆ, ਚੰਬੇ ਦੀਆਂ ਕਲੀਆਂ ਮਹਿਕ ਲਾਈ ਜਿੱਥੇ।
ਹੀਰ-ਰਾਂਝੇ ਦੀ ਸੁੱਨਡਾ! ਅਮਰ ਗਾਥਾ, ਵਾਰਿਸ ਸ਼ਾਹ ਨੇ ਜੋੜ ਸੁਣਾਈ ਜਿੱਥੇ।

ਬਾਈ ਅੱਖ਼ਰ ਚਿਰੋਕਣੇ ਲੱਭਦੇ ਨੇ, ਪੈਂਤੀ ਅੱਖਰੀ ਗੁਰਾਂ ਨੇ ਘੜੀ ਜਿੱਥੇ।
ਦੂਰੋਂ-ਨੇੜਿਓਂ ਛੱਤੀ ਵਿਦਵਾਨ ਰਲ ਕੇ, ਬਾਣੀ ਗੁਰਮੁਖੀ ਦੇ ਵਿੱਚ ਜੜੀ ਜਿੱਥੇ।
ਬੜੇ ਪੀਰ, ਫ਼ਕੀਰ ਵੀ ਹੋਏ ਏਥੇ, ਧਰਤੀ ਬਲਦ ਦੇ ਸਿੰਙਾਂ 'ਤੇ ਖੜੀ ਜਿੱਥੇ।
ਧੌਲ-ਧਰਮ ਦੀ ਗੱਲ ਸੰਸਾਰ ਦੇ ਵਿੱਚ, ਹੋਕਾਂ ਉੱਚੀਆਂ ਲਾ ਕੇ ਪੜ੍ਹੀ ਜਿੱਥੇ।

ਕਿੰਨੀ ਸਿਫ਼ਤ ਪੰਜਾਬ ਦੀ ਕਰੀ ਜਾਵਾਂ, ਇਹ ਤਾਂ ਦੁਨੀਆ ਦਾ ਹੈ ਅਨਮੋਲ ਗਹਿਣਾ।
ਜੇਕਰ ਹੁਸਨ ਜਵਾਨੀ ਦੀ ਗੱਲ ਚੱਲੇ, ਫਿਰ ਤਾਂ ਪੁੱਛੋ ਨਾ ਇਸਦਾ ਕੀ ਕਹਿਣਾ।

ਦੋਨੇ ਦੇਸ਼ ਦੀ ਗੱਲ

ਦੋਨਾ ਦੇਸ਼ ਦੁਆਬੇ ਦੇ ਵਿੱਚ ਯਾਰੋ, ਜਿੱਥੇ ਬੈਠ ਕੇ ਕਿੱਸਾ ਬਣਾਇਆ ਈ।
ਪੜ੍ਹੇ-ਲਿਖੇ ਲੋਕੀਂ ਬਤੀ ਸਮਝ ਵਾਲੇ, ਨਾਮ ਜਿਨ੍ਹਾਂ ਦਾ ਕਿੱਸੇ ਵਿੱਚ ਆਇਆ ਈ।
ਧਰਤੀ ਰੇਤਲੀ ਫਸਲ ਸੀ ਘੱਟ ਹੁੰਦੀ, ਦੋਨਾ ਨੌਕਰੀ-ਚਾਕਰੀ ਲਾਇਆ ਈ।
ਕੋਈ ਚੱਜ ਦੀ ਨੌਕਰੀ ਲੱਭ ਜਾਵੇ, ਏਸੇ ਵਾਸਤੇ ਸਭ ਨੂੰ ਪੜ੍ਹਾਇਆ ਈ।

ਰਾਂਝੇ ਦਾ ਪਰਿਵਾਰ

ਮੇਰੇ ਰਾਂਝੇ ਦੇ ਚਾਰ ਭਰਾ ਹੈ ਸਨ, ਤਿੰਨ ਭੈਣਾਂ ਸੀ ਵੱਡਾ ਪਰਵਾਰ ਹੈ ਸੀ।
ਬਾਪੂ ਚੌਧਰੀ ਨੂੰ ਸਾਰੇ ਜਾਣਦੇ ਸੀ, ਕਈਆਂ ਪਿੰਡਾਂ ਚੋਂ ਵੱਡਾ ਸਰਦਾਰ ਹੈ ਸੀ।
ਸਾਰੇ ਪਿੰਡ ਦੀ ਗਰਜ਼ ਉਹ ਸਾਰਦਾ ਸੀ, ਬਾਪ-ਦਾਦੇ ਤੋਂ ਲੈ ਸ਼ਾਹੂਕਾਰ ਹੈ ਸੀ।
ਕੋਈ ਕਿਹਾ ਨਾ ਓਸਦਾ ਮੋੜਦਾ ਸੀ, ਸਾਰੇ ਲੋਕਾਂ ਦੇ ਨਾਲ ਪਿਆਰ ਹੈ ਸੀ।

ਰਾਂਝੇ ਦਾ ਖ਼ਾਲਸਾ ਕਾਲਜ ਪੜ੍ਹਨਾ

ਸਾਰੇ ਭੈਣ ਭਾਈ ਪੜ੍ਹੇ ਕਾਲਜਾਂ ਵਿੱਚ, ਵੱਡੇ ਭਾਈਆਂ ਨੂੰ ਨੌਕਰੀ ਮਿਲੀ ਚੰਗੀ
ਰਹਿੰਦੇ ਕਾਲਜਾਂ ਵਿੱਚ ਹੀ ਪੜ੍ਹਨ ਵੇਲੇ, ਕਿਸੇ ਚੀਜ਼ ਦੀ ਕਦੇ ਨਾ ਕੋਈ ਤੰਗੀ।
ਰਾਂਝਾ ਖ਼ਾਲਸਾ ਕਾਲਜ ਵਿੱਚ ਜਾ ਲੱਗਾ, ਉਸਦੇ ਨਾਲ ਪੜ੍ਹਦੇ ਕਈ ਬਣੇ ਸੰਗੀ।
ਫਿਰ ਵੀ ਚੁੱਪ-ਚਪੀਤਾ ਹੀ ਰਹੇ ਰਾਂਝਾ, ਜਿਵੇਂ ਕਿਸੇ ਨੇ ਓਸਦੀ ਰੂਹ ਡੰਗੀ।

ਪੂਰੇ ਵਕਤ ਤੇ ਜਾਏ ਜਮਾਤ ਦੇ ਵਿੱਚ, ਖਤਮ ਹੁੰਦਿਆਂ ਸਾਰ ਹੀ ਮੁੜ ਜਾਂਦਾ।
ਗੱਲ ਸੁਣਦਾ ਜਮਾਤ ਦੇ ਵਿੱਚ ਬਹਿ ਕੇ, ਫਿਰ ਕਿਸੇ ਵਹਾ ਵਿੱਚ ਰੁੜ੍ਹ ਜਾਂਦਾ।
ਢੇਸੀ, ਬਾਜਵਾ, ਢਿੱਲੋਂ ਤੇ ਜੌਹਲ ਸੀ ਜਦ, ਭਾਸ਼ਣ ਦੇਂਦੇ ਤਾਂ ਨਾਲ ਜੁੜ ਜਾਂਦਾ।
ਸਿੱਧਾ ਨੱਕ ਦੀ ਸੇਧ ਨਾ' ਬਾਅਦ ਵਿੱਚ, ਰੋਜ਼ ਵਾਂਗ ਹੀ ਕਮਰੇ ਨੂੰ ਮੁੜ ਜਾਂਦਾ।

دونیں دیش دی گل

دونا دیش دوآبے دے وچ یارو، جتھے بیٹھ کے قصہ بنایا ای
پڑھے لکھے لوکیں بڑی سمجھ والے، نام جیہناں دا قصے وچ آیا ای
دھرتی ریتلی فصل سی گھٹ ہوندی، دونا نوکری چاکری لایا ای
کوئی چج دی نوکری لبھ جاوے، ایسے واسطے سبھ نوں پڑھایا ای

رانجھے دا پریوار

میرے رانجھے دے چار بھرا ہے سن، تن بھیناں سی وڈا پروار ہے سی
باپو چودھری نوں سارے جاندے سی، کئیاں پنڈاں چوں وڈا سردار ہے سی
سارے پنڈ دی غرض اوہ ساردا سی، باپ دادے توں لے شاہوکار ہے سی
کوئی کیہا نہ اوسدا موڑدا سی، سارے لوکاں دے نال پیار ہے سی

رانجھے دا خالصہ کالج پڑھنا

سارے بھین بھائی پڑھے کالجاں وچ، وڈے بھائیاں نوں نوکری ملی چنگی
رہندے کالجاں وچ ہی پڑھن ویلے، کسے چیز دی کدے نہ کوئی تنگی
رانجھا خالصہ کالج وچ جا لگا، اسدے نال پڑھدے کئی بنے سنگی
پھر وی چپ چپیتا ہی رہے رانجھا، جویں کسے نے اوسدی روح ڈنگی

پورے وقت تے جائے جماعت دے وچ، ختم ہوندیاں سار ہی مڑ جاندا
گل سندا جماعت دے وچ بہہ کے، پھر کسے وہہ وچ رڑھ جاندا
ڈھیسی، باجوا، ڈھلوں تے جوہل سی جد، بھاشن دیندے تاں نال جڑ جاندا
سدھا نک دی سیدھ نہ' بعد وچ، روز وانگ ہی کمرے نوں مڑ جاندا

ਮੰਡੇ-ਕੁੜੀਆਂ ਦੀ 'ਕੱਠੀ ਜਮਾਤ

ਮੁੰਡੇ ਕੁੜੀਆਂ ਦੀ 'ਕੱਠੀ ਜਮਾਤ ਹੈ ਸੀ, ਹੱਸਦੇ-ਖੇਡਦੇ ਕਰਨ ਪੜ੍ਹਾਈਆਂ ਜੀ।
'ਕੱਠੇ ਬੈਠ ਕੇ ਪੜ੍ਹਦੇ ਤੇ ਸ਼ੁਗਲ ਕਰਦੇ, ਦੇਖੋ! ਰੱਬ ਨੇ ਰੌਣਕਾਂ ਲਾਈਆਂ ਜੀ।
ਗੱਭਰੂ ਆਲੇ-ਦੁਆਲੇ ਦੇ ਪੜ੍ਹਨ ਆਏ, ਕਈ ਕੁੜੀਆਂ ਦੂਰੇਡਿਓਂ ਆਈਆਂ ਜੀ।
ਵਿਹਲੇ ਸਮੇਂ ਉਹ ਬੈਠ ਕੇ ਚਾਹ ਪੀਂਦੇ, ਖਾਂਦੇ ਚਟਣੀਆਂ ਅਤੇ ਮਠਿਆਈਆਂ ਜੀ।

ਰਾਂਝਾ

ਬੜਾ ਅੱਥਰਾ ਗੱਭਰੂ ਸੀ ਰਾਂਝਾ, ਤਾਜ਼ੀ ਤੌਣ ਵਾਂਗੂੰ ਡੌਲੇ ਫਰਕਦੇ ਸਨ।
ਜਿੱਧਰੋਂ ਲੰਘ ਜਾਂਦਾ ਦੁਨੀਆ ਦੇਖਦੀ ਸੀ, ਕਈਆਂ ਨੱਢੀਆਂ ਦੇ ਦਿਲ ਧੜਕਦੇ ਸਨ।
ਮੇਲਾ ਲੁੱਟ ਲੈਂਦਾ ਜਦ ਵੀ ਗੱਲ ਕਰਦਾ, ਹਾਵ-ਭਾਵ ਸਾਰੇ ਉਸ ਵਿੱਚ ਮੜਕ ਦੇ ਸਨ।
ਹੁਣ ਕੋਈ ਗੱਲ ਛੁਪਾ ਕੇ ਬੈਠਿਆ ਸੀ, ਕੋਈ ਜ਼ਖ਼ਮ ਸੀਨੇ ਵਿੱਚ ਰੜਕਦੇ ਸਨ।

ਹੀਰ

'ਸ਼ਿਵ' ਦੇ ਸ਼ਹਿਰ ਦੀ ਕੁੜੀ ਇਕ ਬੜੀ ਸੋਹਣੀ, ਸੱਚੀ ਹੁਸਨ ਦੀ ਕੋਈ ਸਰਕਾਰ ਲੱਗੇ।
ਉਹ ਸੀ ਕੁੜੀ ਬਟਾਲੇ ਦੇ ਚੂਚਕੇ ਦੀ, ਖਾਂਦਾ-ਪੀਂਦਾ ਉਸਦਾ ਘਰ-ਬਾਰ ਲੱਗੇ।
ਕੱਪੜਾ-ਲੱਤਾ ਸਵਾਰ ਕੇ ਉਹ ਪਾਵੇ, ਛਾਤੀ ਓਸਦੀ ਉੱਤੇ ਅੰਬਾਰ ਲੱਗੇ।
ਤਾਬ ਝੱਲੀ ਨਾ ਜਾਂਵਦੀ ਹੁਸਨ ਵਾਲੀ, ਸੱਚੀ-ਮੁੱਚੀ ਉਹ ਨੌ ਰਤਨਾ ਹਾਰ ਲੱਗੇ।

ਰਾਂਝੇ ਦਾ ਹੀਰ ਨੂੰ ਦੇਖਣਾ

ਪਹਿਲੇ ਦਿਨ ਹੀ ਜਦੋਂ ਕਲਾਸ ਲੱਗੀ, ਹੀਰ ਰਾਂਝੇ ਦੀਆਂ ਅੱਖਾਂ ਸੀ ਚਾਰ ਹੋਈਆਂ।
ਚਿੱਟੇ ਦਿਨ ਹੀ ਲੁੱਟਿਆ ਗਿਆ ਰਾਂਝਾ, ਦਿਲ ਲੁੱਟ ਗਿਆ ਤੇ ਅਕਲਾਂ ਮਾਰ ਹੋਈਆਂ।
ਜੋ ਤਸਵੀਰਾਂ ਉਹ ਸੁਪਨੇ ਵਿੱਚ ਵੇਖਦਾ ਸੀ, ਅੱਖਾਂ ਸਾਹਮਣੇ ਅੱਜ ਸਾਕਾਰ ਹੋਈਆਂ।
ਕਿਸੇ ਵਸਲ ਦੀ ਘੜੀ ਨੂੰ ਯਾਦ ਕਰਕੇ, ਰੀਝਾਂ ਮਨ ਦੇ ਵਿੱਚ ਤਿਆਰ ਹੋਈਆਂ।

منڈے کڑیاں دی 'کٹھی جماعت

منڈے کڑیاں دی 'کٹھی جماعت ہے سی، ہسدے کھیڈدے کرن پڑھائیاں جی
'کٹھے بیٹھ کے پڑھدے تے شغل کردے، دیکھو! رب نے رونقاں لائیاں جی
گبھرو آلے دوالے دے پڑھن آئے، کئی کڑیاں دریڈیوں آئیاں جی
ویلے سمیں اوہ بیٹھ کے چاہ پیندے، کھاندے چٹنیاں اتے مٹھیائیاں جی

رانجھا

بڑا اتھرا گبھرو سی رانجھا، تازی تون وانگوں ڈولے فرکدے سن
جدھروں لنگھ جاندا دنیا دیکھدی سی، کئیاں نڈھیاں دے دل دھڑکدے سن
میلہ لٹ لیندا جد وی گل کردا، ہاو بھاو سارے اس وچ مڑک دے سن
ہن کوئی گل چھپا کے بیٹھیا سی، کوئی زخم سینے وچ رڑکدے سن

ہیر

'شو' دے شہر دی کڑی اک بڑی سوہنی، سچی حسن دی کوئی سرکار لگے
اوہ سی کڑی بٹالے دے چوچکے دی، کھاندا پیندا اسدا گھر بار لگے
کپڑا لتا سوار کے اوہ پاوے، چھاتی اوسدی اتے انبار لگے
تاب جھلی نہ جاندی حسن والی، سچی مچی اوہ نوں رتنا ہار لگے

رانجھے دا ہیر نوں دیکھنا

پہلے دن ہی جدوں کلاس لگی، ہیر رانجھے دیاں اکھاں سی چار ہوئیاں
چٹے دن ہی لٹیا گیا رانجھا، دل لٹ گیا تے عقلاں مار ہوئیاں
جو تصویراں اوہ سپنے وچ ویکھدا سی، اکھاں سامنے اج ساکار ہوئیاں
کسے وصل دی گھڑی نوں یاد کرکے، ریجھاں من دے وچ تیار ہوئیاں

ਹੀਰ ਆਈ, ਬਹਾਰ ਆਈ

ਪਹਿਲੇ ਦਿਨ ਹੀ ਹੀਰ ਜਦ ਪੜ੍ਹਨ ਆਈ, ਇਵੇਂ ਲੱਗਿਆ ਜਿਵੇਂ ਬਹਾਰ ਆ ਗਈ।
ਕੁੜੀਆਂ ਹੋਰ ਵੀ ਕਈ ਸੀ ਪੜ੍ਹਨ ਆਈਆਂ, ਇੱਕ ਵੱਖਰੀ ਕਿਸਮ ਦੀ ਨਾਰ ਆ ਆਈ।
ਨਾਰਾਂ ਵੱਧ ਤੋਂ ਵੱਧ ਸੁਨੱਖੀਆਂ ਸੀ, ਹੀਰ ਸਿਰੇ ਦੀ ਇੱਕ ਮੁਟਿਆਰ ਆ ਗਈ।
ਨਿੰਮ੍ਹੀ-ਨਿੰਮ੍ਹੀ ਸੁਹਾਵਣੀ ਹਵਾ ਚੱਲੀ, ਸਾਰੇ ਫੁੱਲਾਂ ਦੇ ਵਿੱਚ ਨਿਖ਼ਾਰ ਆਈ।

ਰਾਂਝਾ ਪੱਟਿਆ ਗਿਆ

ਰਾਂਝਾ ਕਦੇ ਨਾ ਕਿਸੇ ਤੇ ਕਾਇਲ਼ ਹੋਇਆ, ਆ ਕੇ ਹੀਰ ਨੇ ਗੱਲ ਬਣਾਈ ਮੀਆਂ।
ਵੱਡੇ ਚੌਧਰੀ ਦਾ ਪੁੱਤ ਛੈਲ ਬਾਂਕਾ, ਲੱਗਾ ਇਸ਼ਕ ਦੀ ਦੇਣ ਦੁਹਾਈ ਮੀਆਂ।
ਲੱਖਾਂ ਕੁੜੀਆਂ ਦੁਆਬੇ ਦੇ ਵਿੱਚ ਯਾਰੋ! ਹੀਰ ਵੱਖਰੀ, ਮਾਝੇ ਵਿੱਚੋਂ ਆਈ ਮੀਆਂ।
ਆਉਂਦੇ ਸਾਰ ਹੀ ਚੌਧਰੀ ਪੱਟ ਸੁੱਟਿਆ, ਐਸੀ ਰੂਪ ਦੀ ਸਿੰਗੀ ਸੁੰਘਾਈ ਮੀਆਂ।

ਹੜ੍ਹ ਹੁਸਨ ਦਾ ਗੱਲ ਨਾ ਕਹਿਣ ਵਾਲੀ, ਵਿਹਲੇ ਬੈਠ ਕੇ ਰੱਬ ਬਣਾਈ ਮੀਆਂ।
ਮਾਝਾ ਛੱਡ ਜਲੰਧਰ ਸੀ ਪੜ੍ਹਨ ਆ ਗਈ, ਜਾਪੇ ਰਾਂਝੇ ਦੀ ਸ਼ਾਮਤ ਸੀ ਆਈ ਮੀਆਂ।
ਪਿਛਲੇ ਜਨਮ ਵਿੱਚ ਕੀਤੇ ਕੋਈ ਕਰਮ ਚੰਗੇ, ਕਿਸੇ ਮਾਂ ਕਰਮਾਂ ਵਾਲੀ ਦੀ ਜਾਈ ਮੀਆਂ।
ਨਹੀਂ ਤਾਂ ਰਾਂਝੇ ਨੂੰ ਕੌਣ ਸੀ ਪੱਟ ਸਕਦਾ, ਹੂਰਾਂ ਪਰੀ ਇਹ ਰੱਬ ਘਲਾਈ ਮੀਆਂ।

ਸ਼ਹਿਰ ਜਲੰਧਰ ਗੱਲ ਹੋਵੇ

ਪੂਰੇ ਸ਼ਹਿਰ ਜਲੰਧਰ ਵਿੱਚ ਗੱਲ ਹੋਵੇ, ਸੁਣਦੇ ਸਾਰੇ ਕਹਾਣੀ ਜਵਾਕ ਬਣ ਕੇ।
ਕੋਈ ਕਹੇ ਮੈਂ ਚੂਚਕ ਨੂੰ ਜਾਣਦਾ ਹਾਂ, ਗੱਲ ਕਰੇ ਕੋਈ ਹੀਰ ਦਾ ਸਾਕ ਬਣ ਕੇ।
ਸਾਰੇ ਲੋਚਦੇ ਹੀਰ ਦੇ ਅੰਗ ਲੱਗਣਾ, ਭਾਵੇਂ ਧੂਤ ਬਣ ਕੇ ਚਾਹੇ ਖ਼ਾਕ ਬਣ ਕੇ।
ਕੋਈ ਸੋਚਦਾ ਬਣ ਗ਼ੁਲਾਮ ਉਸਦਾ, ਭਾਵੇਂ ਚਾਕ ਦੇ ਚਾਕ ਦਾ ਚਾਕ ਬਣ ਕੇ।

ہیر آئی، بہار آئی

پہلے دن ہی ہیر جد پڑھن آئی، اویں لگیا جویں بہار آ گئی
کڑیاں ہور وی کئی سی پڑھن آئیاں، اک وکھری قسم دی نعر آ آئی
ناراں وچ توں وچ سنکھیاں سی، ہیر سرے دی اک مٹیار آ گئی
نمھی نمھی سہاونی ہوا چلی، سارے پھلاں دے وچ نکھار آئی

رانجھا پٹیا گیا

رانجھا کدے نہ کسے تے کائل ہویا، آ کے ہیر نے گل بنائی میاں
وڈے چودھری دا پت چھیل بانکا، لگا عشق دی دین دہائی میاں
لکھاں کڑیاں دوآبے دے وچ یارو! ہیر وکھری، ماجھے وچوں آئی میاں
آؤندے سار ہی چودھری پٹ سٹیا، ایسی روپ دی سنگی سنگھائی میاں

ہڑ حسن دا گل نہ کہن والی، وہلے بیٹھ کے رب بنائی میاں
ماجھا چھڈ جالندھر سی پڑھن آ گئی، جاپے رانجھے دی شامت سی آئی میاں
پچھلے جنم وچ کیتے کوئی کرم چنگے، کسے ماں کرماں والی دی جائی میاں
نہیں تاں رانجھے نوں کون سی پٹ سکدا، حوراں پری ایہہ رب گھلائی میاں

شہر جالندھر گل ہووے

پورے شہر جالندھر وچ گل ہووے، سندے سارے کہانی جواک بن کے
کوئی کہے میں چوچک نوں جاندا ہاں، گل کرے کوئی ہیر دا ساک بن کے
سارے لوچدے ہیر دے انگ لگنا، بھاویں دھوڑ بن کے چاہے خاک بن کے
کوئی سوچدا بن غلام اسدا، بھاویں چاک دے چاک دا چاک بن کے

ਚੂਚਕ ਵੱਡਾ ਵਪਾਰੀ

ਚੂਚਕ ਵੱਡਾ ਵਪਾਰੀ ਸੀ ਸ਼ਹਿਰ ਵਿੱਚੋਂ, ਬੜੇ ਲੋਕ ਆ ਕੇ ਘਰ ਖੜੇ ਰਹਿੰਦੇ।
ਦੇਸ਼ ਅਤੇ ਵਿਦੇਸ਼ਾਂ ਦੇ ਵਿੱਚ ਧੁੰਮਾਂ, ਬੰਦੇ ਵਿੱਚ ਵਿਦੇਸ਼ਾਂ ਦੇ ਬੜੇ ਰਹਿੰਦੇ।
ਆਵਾਜਾਈ ਵਿਦੇਸ਼ਾਂ ਦੇ ਵਿੱਚ ਏਨੀ, ਉਹ ਤਾਂ ਨਿੱਤ ਜਹਾਜ਼ਾਂ 'ਤੇ ਚੜ੍ਹੇ ਰਹਿੰਦੇ।
ਬਾਡਰ ਪਾਰ ਕਰ ਨਿੱਤ ਜਾਣ ਗੱਡੀਆਂ, ਚਾਰ ਛੁੱਟ ਜਾਂਦੇ, ਚਾਰ ਫੜੇ ਰਹਿੰਦੇ।

ਰਾਂਝੇ ਨੂੰ ਇਸ਼ਕ ਦਾ ਰੋਗ਼ ਲੱਗਣਾ

ਭੂਤ ਇਸ਼ਕ ਦਾ ਜਦੋਂ ਸਵਾਰ ਹੋਇਆ, ਰਾਂਝਾ ਹੋਸ਼-ਹਵਾਸ ਗਵਾ ਬੈਠਾ।
ਸ਼ੌਕ ਨਾਲ ਸੀ ਚੋਬਰਾਂ ਵਿੱਚ ਬਹਿੰਦਾ, ਸਾਰੇ ਸ਼ੌਕ ਸਵਾਦ ਭੁਲਾ ਬੈਠਾ।
ਕਿਸੇ ਨਾਲ ਨਾ ਖੁੱਲ੍ਹ ਕੇ ਗੱਲ ਕਰਦਾ, ਪੁੱਠੀ ਜਿਹੀ ਭਸੂੜੀ ਹੀ ਪਾ ਬੈਠਾ।
ਜਿਹੜਾ ਨੱਢੀਆਂ ਦੇ ਸ਼ੌਕ ਪੂਰਦਾ ਸੀ, ਆਪਣੇ ਆਪ ਨੂੰ ਰੋਗ਼ੀ ਬਣਾ ਬੈਠਾ।

ਗੱਲ ਠਣਕ ਹੀ ਗਈ ਸੀ ਹੀਰ ਨੂੰ ਵੀ, ਪੁੱਤ ਚੌਧਰੀ ਦਾ ਚਾਟੇ ਲਾ ਲਿਆ ਜੀ।
ਚੋਬਰ ਸਿਰੇ ਦਾ ਮੰਨਿਆ ਸੀ ਜੇਹੜਾ, ਉਸਨੂੰ ਰੂਪ ਦੀ ਰਮਜ਼ ਨੇ ਢਾਹ ਲਿਆ ਜੀ।
ਨਹੀਂ ਕਿਸੇ ਦੇ ਕੰਮ ਦਾ ਰਿਹਾ ਹੁਣ ਤਾਂ, ਪੂਰਾ ਜੱਟੀ ਨੇ ਅਸਰ ਜਮਾ ਲਿਆ ਜੀ।
ਐਸਾ ਹੁਸਨ ਨੇ ਡੱਸਿਆ ਸੀ ਰਾਂਝਾ, ਅੰਗ-ਅੰਗ ਨੂੰ ਜ਼ਹਿਰ ਚੜ੍ਹਾ ਲਿਆ ਜੀ।

ਹੀਰ ਤੇ ਰਾਂਝੇ ਦੀ ਸਿਫ਼ਤ

ਹੀਰ ਮਗਰ ਵਹੀਰ ਸੀ ਚੋਬਰਾਂ ਦੀ, ਸਾਭ ਨੂੰ ਹਟ-ਹਟ ਕਚੀਚੀਆਂ ਆਉਂਦੀਆਂ ਸੀ।
ਓਧਰ ਚੌਧਰੀ ਦੇ ਪੁੱਤ ਰਾਂਝਣੇ 'ਤੇ, ਡੋਰੇ ਚੰਗੀਆਂ-ਚੰਗੀਆਂ ਪਾਉਂਦੀਆਂ ਸੀ।
ਵੱਡੇ-ਵੱਡੇ ਘਰਾਂ ਦੀਆਂ ਛੈਲ ਜੱਟੀਆਂ, ਦਿਲੋਂ ਲਾ ਕੇ ਰਾਂਝੇ ਨੂੰ ਚਾਹੁੰਦੀਆਂ ਸੀ।
ਰਾਂਝਾ ਕਦੇ ਨਾ ਕਿਸੇ ਨੂੰ ਟਿੱਚ ਜਾਣੇ, ਲੈਣ ਤਰਲੇ ਤੇ ਮਿੰਨ੍ਹਤਾਂ ਪਾਉਂਦੀਆਂ ਸੀ।

چوچک وڈا وپاری

چوچک وڈا وپاری سی شہر وچوں، بڑے لوک آ کے گھر کھڑے رہندے
دیش اتے ودیشاں دے وچ دھماں، بندے وچ ودیشاں دے بڑے رہندے
آواجائی ودیشاں دے وچ اینی، اوہ تاں نت جہازاں تے چڑھے رہندے
باڈر پار کر نت جان گڈیاں، چار چھٹ جاندے، چار پھڑے رہندے

رانجھے نوں عشق دا روگ لگنا

بھوت عشق دا جدوں سوار ہویا، رانجھا ہوش حواس گوا بیٹھا
شوق نال سی چوہراں وچ بہندا، سارے شوق سواد بھلا بیٹھا
کسے نال نہ کھلھ کے گل کردا، پٹھی جہی بھسوڑی ہی پا بیٹھا
جیہڑا نڈھیاں دے شوق پوردا سی، اپنے آپ نوں روگی بنا بیٹھا

گل ٹھنک ہی گئی سی ہیر نوں وی، پت چودھری دا چاٹے لا لیا جی
چوہر سرے دا منیا سی جیہڑا، اسنوں روپ دی رمز نے ڈھاہ لیا جی
نہیں کسے دے کم دا رہا ہن تاں، پورا جٹی نے اثر جما لیا جی
ایسا حسن نے ڈسیا سی رانجھا، انگ انگ نوں زہر چڑھا لیا جی

ہیر تے رانجھے دی صفت

ہیر مگر وہیر سی چوہراں دی، سابھ نوں ہٹ ہٹ کچیچیاں آؤندیاں سی
اودھر چودھری دے پت رانجھنے تے، ڈورے چنگیاں چنگیاں پاؤندیاں سی
وڈے وڈے گھراں دیاں چھیل جٹیاں، دلوں لا کے رانجھے نوں چاہندیاں سی
رانجھا کدے نہ کسے نوں ٹچ جانے، لین ترلے تے منھتاں پاؤندیاں سی

ਹੀਰ ਰਾਂਝੇ ਦੀ ਪਹਿਲੀ ਮਿਲਣੀ

ਇੱਕ ਦਿਨ ਆਹਮਣੇ-ਸਾਹਮਣੇ ਹੋਏ ਦੋਵੇਂ, ਹੀਰ ਆਖਿਆ ਕੁੱਝ ਤਾਂ ਬੋਲ ਮੀਆਂ।
ਕੁੱਝ ਨਹੀਂ! ਕੁਝ ਨਹੀਂ!! ਜਦ ਰਾਂਝੇ ਆਖਿਆ ਸੂ, ਨੱਢੀ ਆਖਦੀ ਕੁਫ਼ਰ ਨਾ ਤੋਲ ਮੀਆਂ।
ਅੰਦਰੋ-ਅੰਦਰ ਨਸੂਰ ਜੋ ਬਣੀ ਜਾਂਦਾ, ਮੇਰੇ ਨਾਲ ਉਹ ਦਰਦ ਫਰੋਲ ਮੀਆਂ।
ਏਧਰ ਸਾਡਾ ਵੀ ਦਿਲ ਗਵਾਚਿਆ ਈ, ਕਿੱਧਰੇ ਹੈ ਤਾਂ ਨਹੀਂ ਤੇਰੇ ਕੋਲ ਮੀਆਂ।

ਰਾਂਝੇ ਆਖਿਆ ਪਤਾ ਨਹੀਂ ਕਿੰਝ ਦੱਸਾਂ, ਸਾਡਾ ਕੁੱਝ ਵੀ ਨਾ ਰਿਹਾ ਸਾਡੇ ਕੋਲ ਜੱਟੀਏ।
ਸਾਰੇ ਸੁਪਨੇ, ਸਕੀਮਾਂ ਤੇ ਅਕਲਮੰਦੀਆਂ, ਲੁੱਟ ਕੇ ਲੈ ਗਏ ਤੇਰੇ ਕਲੋਲ ਜੱਟੀਏ।
ਚਿੱਤ ਕਰੇ ਕਿ ਕੋਲ ਬਿਠਾ ਤੈਨੂੰ, ਸੁਣਾ ਮਿੱਠੜੇ-ਮਿੱਠੜੇ ਬੋਲ ਜੱਟੀਏ।
ਚੰਗੀ ਰਹੇਂਗੀ ਪੁੱਛ ਨਾ ਹੋਰ ਕੁੱਝ ਵੀ, ਨਹੀਂ ਤਾਂ ਸਭ ਕੁੱਝ ਦਿਆਂਗੇ ਫੋਲ੍ਹ ਜੱਟੀਏ।

ਗਰਮ-ਗਰਮ ਚਾਹ ਦੇ ਦੋਹਾਂ ਘੁੱਟ ਭਰ ਕੇ, ਅੰਦਰੋਂ ਤਪਸ ਨੂੰ ਥੋੜਾ ਜਿਹਾ ਠਾਰਿਆ ਸੂ।
ਦਿਲ ਦੀਆਂ ਘੁੰਡੀਆਂ ਖੋਲ੍ਹੀਆਂ ਦੋਹਾਂ ਮਿਲ ਕੇ, ਭੈੜੀ ਅਕਲ ਨੂੰ ਜਿੰਦਰਾ ਮਾਰਿਆ ਸੂ।
ਅੱਜ ਗੱਲ ਨਿਖ਼ਾਰ ਕੇ ਦੇਖ ਲੈਣੀ, ਹੀਰ ਰਾਂਝੇ ਨੇ ਦਿਲਾਂ ਵਿੱਚ ਧਾਰਿਆ ਸੂ।
ਚੁੱਪ ਕਰਕੇ ਦੇਖ ਤੂੰ ਅੱਜ ਸੁੱਨਜ਼ਾ! ਕਿਸ ਜੁਗਤ ਨਾਲ 'ਨ੍ਹੇਰਾ ਉਜਿਆਰਿਆ ਸੂ।

ਰਾਂਝੇ ਆਖਿਆ ਕਰੀਂ ਯਕੀਨ ਜੱਟੀਏ, ਤੈਨੂੰ ਵਾਚਿਆਂ ਬਿਨਾ ਨਹੀਂ ਜੀਅ ਹੋਣਾ।
ਕਿਸੇ ਕਾਰਣ ਜੇ ਤੂੰ ਨਾ ਬਣੀ ਸਾਡੀ, ਸਾਡੇ ਨਾਲ ਫਿਰ ਪਤਾ ਨਹੀਂ ਕੀ ਹੋਣਾ।
ਦਿਲ ਦੇਖ ਸਾਡਾ ਲੀਰੋ-ਲੀਰ ਹੋਇਆ, ਪੱਕੇ ਧਾਗਿਆਂ ਬਿਨ ਨਹੀ ਸੀਅ ਹੋਣਾ।
ਹੁਣ ਤਾਂ ਖੁੱਲ੍ਹ ਕੇ ਗੱਲ ਜੇ ਕਰੇਂ 'ਕੇਰਾਂ, ਤਾਹੀਓਂ ਸਬਰ ਦਾ ਘੁੱਟ ਹੈ ਪੀ ਹੋਣਾ।

ਸੋਚ ਸਮਝ ਕੇ ਅਤੇ ਨਿਝੱਕ ਹੋ ਕੇ, ਦਿਲ ਖੋਲ੍ਹ ਕੇ ਅੱਜ ਸੁਣਾਈਂ ਹੀਰੇ।
ਤੂੰ ਕਰੇਂ ਕਹਾਣੀ ਮੈਂ ਸੁਣੀਂ ਜਾਵਾਂ, ਕਾਹਲੀ ਵਿੱਚ ਨਾ ਗੱਲ ਮੁਕਾਈਂ ਹੀਰੇ।
ਦੁੱਧ, ਖੰਡ ਵਿੱਚ ਚੌਲ ਮਿਲਾ ਕਰਕੇ, ਅੱਜ ਮਿੱਠੜੀ ਖੀਰ ਬਣਾਈਂ ਹੀਰੇ।
ਰੋਮ-ਰੋਮ ਵਿੱਚ ਭਰ ਮਿਠਾਸ ਜਾਵੇ, ਸਾਰੀ ਉਮਰ ਫਿਰ ਬੈਠ ਕੇ ਖਾਈਂ ਹੀਰੇ।

ਮਨ ਮੰਦਿਰ ਨੂੰ ਲਿਪ-ਪੁੰਝ ਕੇ ਤੂੰ, ਇਤਰ ਛਿੜਕ ਕੇ ਧੂਫ਼ ਜਗਾਈਂ ਹੀਰੇ।
ਗੱਲ ਕਰਨ ਤੋਂ ਪਹਿਲਾਂ ਪਰ ਯਾਦ ਰੱਖੀਂ, ਸੱਚੇ ਰੱਬ ਦਾ ਨਾਮ ਧਿਆਈਂ ਹੀਰੇ।
ਖੰਡ, ਘਿਓ ਨੂੰ ਆਟੇ ਦੇ ਵਿੱਚ ਗੁੰਨ੍ਹ ਕੇ, ਸੱਕਰਪਾਰਿਆਂ ਤਾਈਂ ਬਣਾਈਂ ਹੀਰੇ।
ਫਿੱਕੀ ਬੂੰਦੀ ਨਾ ਜ਼ਰਾ ਸਵਾਦ ਲੱਗਦੀ, ਵਿੱਚ ਲੂਣ-ਮਸਾਲਾ ਵੀ ਪਾਈਂ ਹੀਰੇ।

ہیر رانجھے دی پہلی ملنی

اک دن آہمنے سامہنے ہوئے دووِیں، ہیر آکھیا کجھ تاں بول میاں
کجھ نہیں! کجھ نہیں!! جد رانجھے آکھیا سو، نڈھی آکھدی کفر نہ تول میاں
اندرو اندر نسور جو بنی جاندا، میرے نال اوہ درد پھرول میاں
ایدھر ساڈا وی دل گواچیا ای، کدھرے ہے تاں نہیں تیرے کول میاں

رانجھے آکھیا پتہ نہیں کنج دساں، ساڈا کجھ وی نہ رہا ساڈے کول جٹیے
سارے سپنے، سکیماں تے اکلمندیاں، لٹ کے لے گئے تیرے کلول جٹیے
چت کرے کہ کول بٹھا تینوں، سنا مٹھڑے مٹھڑے بول جٹیے
چنگی رہینگی پچھ نہ ہور کجھ وی، نہیں تاں سبھ کجھ دیانگے پھول جٹیے

گرم گرم چاہ دے دوہاں گھٹ بھر کے، اندروں تپس نوں تھوڑا جیہا ٹھاریا سو
دل دیاں گھنڈیاں کھولھیاں دوہاں مل کے، بھیڑی عقل نوں جندرا ماریا سو
اج گل نکھار کے دیکھ لینی، ہیر رانجھے نے دلاں وچ دھاریا سو
چپ کرکے دیکھ توں اج سنڑا! کس جگت نال ٹھیرا اجیاریا سو

رانجھے آکھیا کریں یقین جٹیے، تینوں واچیاں بنا نہیں جی ہونا
کسے کارن جے توں نہ بنی ساڈی، ساڈے نال پھر پتہ نہیں کیہ ہونا
دل دیکھ ساڈا لیرو لیرو ہویا، پکے دھاگیاں بن نہی سی ہونا
بن تاں کھلھ کے گل جے کریں کیراں، تاہیوں صبر دا گھٹ ہے پی ہونا

سوچ سمجھ کے اتے نجھک ہو کے، دل کھولھ کے اج سنائیں ہیرے
توں کریں کہانی میں سنیں جاواں، کاہلی وچ نہ گل مکائیں ہیرے
دودھ، کھنڈ وچ چول ملا کرکے، اج مٹھڑی کھیر بنائیں ہیرے
روم روم وچ بھر مٹھاس جاوے، ساری عمر پھر بیٹھ کے کھائیں ہیرے

من مندر نوں لپ پونجھ کے توں، عطر چھڑک کے دھوف جگائیں ہیرے
گل کرن توں پہلاں پر یاد رکھیں، سچے رب دا نام دھیائیں ہیرے
کھنڈ، گھیؤ نوں آٹے دے وچ گنھ کے، شکرپاریاں تائیں بنائیں ہیرے
فکی بوندی نہ ذرا سواد لگدی، وچ لون مسالہ وی پائیں ہیرے

ਝੂਠ ਬੋਲਾਂ ਜਹੱਨਮ ਨੂੰ ਜਾਣ ਹੱਡੀਆਂ, ਸੱਚੋ-ਸੱਚ ਮੈਂ ਕਰਾਂ ਬਿਆਨ ਮੀਆਂ।
ਸਾਡਾ ਪੜ੍ਹਨ-ਪੜ੍ਹਾਉਣ ਦਾ ਕੰਮ ਕੋਈ ਨਾ, ਤੈਨੂੰ ਭਾਲਦੀ ਮੈਂ ਪਹੁੰਚੀ ਆਣ ਮੀਆਂ।
ਗੱਲਾਂ ਤੇਰੀਆਂ ਲੋਕਾਂ ਤੋਂ ਜਦੋਂ ਸੁਣੀਆਂ, ਖੁੱਸਦੀ ਜਾਂਦੀ ਸੀ ਮੇਰੀ ਤਾਂ ਜਾਨ ਮੀਆਂ।
ਮਰੀ ਤਰਸ ਕੇ ਤੇਰਿਆਂ ਦਰਸ਼ਨਾਂ ਨੂੰ, ਲੱਭਦੀ ਫਿਰੀ ਜ਼ਮੀਨ, ਅਸਮਾਨ ਮੀਆਂ।

ਮਾਝੇ, ਮਾਲਵੇ ਅਤੇ ਦੁਆਬਿਆਂ ਵਿੱਚ, ਜਗ੍ਹਾ-ਜਗ੍ਹਾ ਚਰਚੇ ਤੇਰੀ ਹਾਣੀਆਂ ਚੇ।
ਇਵੇਂ ਜਾਪਦਾ ਰਾਂਝਿਆ ਘੁਲ ਗਿਆ ਹੈਂ, ਪੰਜ ਦਰਿਆਵਾਂ ਦੇ ਪੰਜਾਂ ਹੀ ਪਾਣੀਆਂ ਚੇ।
ਰਾਂਝੇ ਚੌਧਰੀ ਦੀਆਂ ਘਰ-ਘਰ ਹੋਣ ਗੱਲਾਂ, ਸਾਰੇ ਪਿੰਡਾਂ, ਸ਼ਹਿਰਾਂ, ਸੱਥਾਂ ਢਾਣੀਆਂ ਚੇ।
ਮਾਣ ਮੈਨੂੰ ਵੀ ਸੀ ਆਪਣੇ ਆਪ ਉੱਤੇ, ਫਿਰੀ ਭਾਲਦੀ ਸਭਨਾਂ ਨਿਸ਼ਾਨੀਆਂ ਚੇ।

ਕਾਲਜ ਮਾਝੇ ਦੇ ਵਿੱਚ ਵੀ ਬਤੇ ਯਾਰਾ! ਆਪਣੇ ਘਰੋਂ ਮੈਂ ਪੜ੍ਹਨ ਰੋਜ਼ ਜਾ ਸਕਦੀ।
ਐਪਰ ਰਾਂਝਿਆ ਤੈਨੂੰ ਫਿਰ ਕਿਵੇਂ ਮਿਲਦੀ, ਤੇ ਮੈਂ ਪਿਆਰ ਪੀਘਾਂ ਕੀਕਣ ਪਾ ਸਕਦੀ।
ਰੂਪ ਆਖ਼ਰਾਂ ਦਾ ਦਿੱਤਾ ਰੱਬ ਮੈਨੂੰ, ਆਪਣੇ ਹੁਸਨ ਦਾ ਕਿੰਦਾਂ ਮੁੱਲ ਪਾ ਸਕਦੀ।
ਬੜਾ ਆਪਣੇ ਆਪ 'ਤੇ ਮਾਣ ਮੈਨੂੰ, ਆਪਣੇ ਆਪ ਨੂੰ ਕਿਵੇਂ ਅਜ਼ਮਾ ਸਕਦੀ।

ਵਾਰੇ-ਵਾਰੇ ਜਾਵਾਂ ਤੇਰੀਆਂ ਰਹਿਮਤਾਂ ਦੇ, ਸ਼ੁਕਰ ਰੱਬ ਦਾ ਰਾਂਝਾ ਵਾਰ-ਵਾਰ ਕਰਦਾ।
ਸਜਦਾ ਕਰੇ ਜ਼ਮੀਨ ਤੇ ਸੀਸ ਲਾ ਕੇ, ਪੰਜਾਂ ਪੀਰਾਂ ਦੇ ਸੱਜਰੇ ਦੀਦਾਰ ਕਰਦਾ।
ਦੇਖ ਰੂਹ ਕਲਬੂਤ ਦੇ ਵਿੱਚ ਪੈਂਦੀ, ਵਾਰ-ਵਾਰ ਰਾਂਝਾ ਨਮਸਕਾਰ ਕਰਦਾ।
ਖ਼ੈਰ ਮੰਗੇ ਖੁਦਾ ਤੋਂ ਹੱਥ ਅੱਡ ਕੇ, ਕਰਦਾ ਜੋ ਵੀ ਹੈ ਪਰਵਰਦਗਾਰ ਕਰਦਾ।

ਸੁਣੀ ਗਈ ਦਰਗਾਹ ਦੇ ਵਿੱਚ ਯਾਰੋ, ਰੱਜ-ਰੱਜ ਕੇ ਦੋਵੇਂ ਦੀਦਾਰ ਕਰਦੇ।
ਇੱਕ ਪਲਕ ਵੀ ਨਾ ਝਮਕਣ ਦੇਣ ਉਹ ਤਾਂ, ਟਿਕਟਕੀ ਲਾ ਕੇ ਅੱਖਾਂ ਚਾਰ ਕਰਦੇ।
ਵਸਲ-ਏ ਰੂਹ ਦੀ ਜਦੋਂ ਫੁਹਾਰ ਲੱਗੀ, ਭਿੱਜ-ਭਿੱਜ ਕੇ ਵਸਲ-ਏ ਯਾਰ ਕਰਦੇ।
ਦੇਈਂ ਸਮੇਂ ਦੀਆਂ ਸੂਈਆਂ ਰੋਕ ਮੌਲਾ! ਚੁੱਪ ਵਿੱਚੋਂ ਕੁੱਝ ਐਸਾ ਇਜ਼ਹਾਰ ਕਰਦੇ।

ਮਾਂ, ਬਾਪ, ਭਾਈ ਰਿਸਤੇਦਾਰ ਭੁੱਲ ਕੇ, ਚਿੱਤ ਕਰੇ ਹੁਣ ਮੈਂ ਤੇਰੇ ਨਾਲ ਵੱਸਾਂ।
ਰੋਣਾ ਪਵੇ ਤਾਂ ਮੈਂ ਤੇਰੇ ਨਾਲ ਰੋਵਾਂ, ਤੇਰੇ ਹਾਸਿਆਂ ਵਿੱਚ ਤੇਰੇ ਨਾਲ ਹੱਸਾਂ।
ਤੇਰੇ ਸਾਹ ਦੇ ਨਾਲ ਮੈਂ ਸਾਹ ਲੈ ਕੇ, ਰਸ-ਰਸ ਕੇ ਮੈਂ ਤੇਰੇ ਨਾਲ ਰੱਸਾਂ।
ਮੁੱਕ ਗਿਆ ਈ ਦਰਦ ਫ਼ਿਰਾਕ ਮੇਰਾ, ਚਿੱਤ ਕਰੇ ਮੇਰਾ ਸਭ ਨੂੰ ਕੂਕ ਦੱਸਾਂ।

جھوٹھ بولاں جہنم نوں جان ہڈیاں، سچو سچ میں کراں بیان میاں
ساڈا پڑھن پڑھاؤن دا کم کوئی نہ، تینوں بھالدی میں پہنچی آن میاں
گلاں تیریاں لوکاں توں جدوں سنیاں، کھسدی جاندی سی میری تاں جان میاں
مری ترس کے تیریاں درشناں نوں، لبھدی پھری زمین، اسمان میاں

ماجھے، مالوے اتے دوابیاں وچ، جگہ جگہ چرچے تیری باتیاں چے
اویں جاپدا رانجھیا گھل گیا ہیں، پنج دریاواں دے پنجاں ہی پانیاں چے
رانجھے چودھری دیاں گھر گھر ہون گلاں، سارے پنڈاں، شہراں، ستھاں ڈھانیاں چے
مان مینوں وی سی اپنے آپ اتے، پھری بھالدی سبھناں نشانیاں چے

کالج ماجھے دے وچ وی بڑے یارا! اپنے گھراں میں پڑھن روز جا سکدی
اپر رانجھیا تینوں پھر کویں ملدی، تے میں پیار پیگھاں کیکن پا سکدی
روپ آخراں دا دتا رب مینوں، اپنے حسن دا کداں مل پا سکدی
بڑا اپنے آپ تے مان مینوں، اپنے آپ نوں کویں عظمہ سکدی

وارے وارے جاواں تیریاں رحمتاں دے، شکر رب دا رانجھا وار وار کردا
سجدہ کرے زمین تے سیس لا کے، پنجاں پیراں دے سجرے دیدار کردا
دیکھ روح قلبوت دے وچ پیندی، وار وار رانجھا نمسکار کردا
خیر منگے خدا توں ہتھ اڈ کے، کردا جو وی ہے پروردگار کردا

سنی گئی درگاہ دے وچ یارو، رج رج کے دوویں دیدار کردے
اک پلک وی نہ جھمکن دین اوہ تاں، ٹکٹکی لا کے اکھاں چار کردے
وصل ایسل روح دی جدوں پھہار لگی، بھج بھج کے وصل ایسل یار کردے
دیئیں سمیں دیاں سوئیاں روک مولیٰ! چپ وچوں کجھ ایسا اظہار کردے

ماں، باپ، بھائی رشتے دار بھل کے، چت کرے بن میں تیرے نال وساں
رونا پوے تاں میں تیرے نال روواں، تیرے ہاسیاں وچ تیرے نال حساں
تیرے ساہ دے نال میں ساہ لے کے، رس رس کے میں تیرے نال رساں
مک گیا ای درد فراق میرا، چت کرے میرا سبھ نوں کوک دساں

ਜੋਤੀ ਦੀਆਂ ਗੱਲਾਂ ਹੋਣ ਲੱਗੀਆਂ

ਲੱਗੀਆਂ ਵਿੱਚ ਪੰਜਾਬ ਦੇ ਹੋਣ ਗੱਲਾਂ, ਹੀਰ ਰਾਂਝੇ ਦੀ ਜੋਤੀ ਕਮਾਲ ਦੀ ਜੀ।
ਹੁਸਨ ਪਰੀ ਹੀਰ ਦੀ ਗੱਲ ਚੱਲਦੀ, ਰਾਂਝੇ ਜੱਟ ਦੇ ਜੋਬਨ ਜਲਾਲ ਦੀ ਜੀ।
ਜੋਤੀ ਦੇਖ ਅਸਮਾਨ ਵੀ ਭਰੇ ਹੌਕਾ, ਧਰਤੀ ਕਿੰਨੇ ਸੋਹਣੇ ਜੀਅ ਪਾਲਦੀ ਜੀ।
ਸੁੱਨਤਾ! ਸਾਰਾ ਜਹਾਨ ਹੀ ਕਰੇ ਗੱਲਾਂ, ਜੋਤੀ ਕਦੇ ਨਾ ਬਣੀ ਇਸ ਨਾਲ ਦੀ ਜੀ।

ਸਾਲ ਮਗਰੋਂ ਛੁੱਟੀਆਂ

ਪੜ੍ਹਦੇ, ਹੱਸਦੇ, ਖੇਡਦੇ ਸਾਲ ਲੰਘਿਆ, ਲੰਘ ਗਿਆ ਜਿਓਂ ਸੁਪਨਾ ਆਇਆ ਜੀ।
ਛੁੱਟੀਆਂ ਵਿੱਚ ਸਭ ਘਰਾਂ ਨੂੰ ਪਰਤ ਜਾਣਾ, ਏਸ ਗੱਲ ਨੇ ਬੜਾ ਸਤਾਇਆ ਜੀ।
ਦੋ ਢਾਈ ਮਹੀਨੇ ਦੀ ਗੱਲ ਸਾਰੀ, ਕਿਸ ਗੱਲ ਦਾ ਰੌਲਾ ਏਨਾ ਪਾਇਆ ਜੀ।
ਰਾਂਝਾ ਜਾਣ ਲੱਗਾ ਜਦੋਂ ਘਰ ਆਪਣੇ, ਕਹਿੰਦਾ ਬਸ! ਮੈਂ ਗਿਆ ਤੇ ਆਇਆ ਜੀ।

ਹੀਰ ਦਾ ਬਟਾਲੇ ਜਾਣਾ

ਹੀਰ ਜਦੋਂ ਬਟਾਲੇ ਘਰ ਜਾ ਪਹੁੰਚੀ, ਧੀ ਦੇਖ ਚੂਚਕ ਮੁਸਕਰਾਇਆ ਜੀ।
ਮੱਥਾ ਚੁੰਮਿਆਂ ਸਿਰ 'ਤੇ ਪਿਆਰ ਦਿੱਤਾ, ਨਾਲੇ ਘੁੱਟ ਕਲੇਜੇ ਨਾਲ ਲਾਇਆ ਜੀ।
ਭੈਣਾਂ, ਭਾਈਆਂ ਬੈਠ ਕੇ ਗੱਲ ਕੀਤੀ, ਸਖੀਆਂ-ਸਹੇਲੀਆਂ ਨੇ ਝੁਰਮਟ ਪਾਇਆ ਜੀ।
ਮਾਂ ਨੇ ਦੇਖਿਆ ਜਿਵੇਂ ਕੋਈ ਚੀਜ਼ ਲੱਭੀ, ਵਾਪਸ ਦੇਖ ਕੇ ਸੋਖਾ ਸਾਹ ਆਇਆ ਜੀ।

ਸਹੇਲੀਆਂ ਦੀ ਪੁੱਛ-ਗਿੱਛ

ਕੁੜੀਆਂ ਪੁੱਛਦੀਆਂ ਦੱਸ ਖਾਂ ਹੀਰੀਏ ਨੀ! ਕਹਿੰਦੇ ਦੋਨੇ ਦਾ ਜੱਟ ਪਟਾਇਆ ਈ।
ਐਡਾ ਕੀ ਸੀ ਓਸ ਵਿੱਚ ਦੱਸ ਖਾਂ ਨੀ, ਜਿਹਤਾ ਹੀਰ ਦੇ ਦਿਲ ਤਾਈਂ ਭਾਇਆ ਈ।
ਗੱਲ ਜੰਗਲ ਦੀ ਅੱਗ ਵਾਂਗ ਫੈਲੀ, ਰਾਂਝੇ ਹੀਰ 'ਤੇ ਹੱਥ ਟਿਕਾਇਆ ਈ।
ਸਹਿਬਾਂ, ਸੱਸੀ, ਸੀਰੀ, ਸੋਹਣੀ ਵਾਂਗ ਤੂੰ ਵੀ, ਕੋਈ ਨਵਾਂ ਇਤਹਾਸ ਰਚਾਇਆ ਈ।

جوڑی دیاں گلاں ہون لگیاں

لگیاں وچ پنجاب دے ہون گلاں، ہیر رانجھے دی جوڑی کمال دی جی
حسن پری ہیر دی گل چلدی، رانجھے جٹ دے جوبن جلال دی جی
جوڑی دیکھ اسمان وی بھرے ہوکا، دھرتی کنے سوہنے جی پالدی جی
سنڑا! سارا جہان ہی کرے گلاں، جوڑی کدے نہ بنی اس نال دی جی

سال مگروں چھٹیاں

پڑھدے، ہسدے، کھیڈدے سال لنگھیا، لنگھ گیا جیوں سپنا آیا جی
چھٹیاں وچ سبھ گھراں نوں پرت جانا، ایس گل نے بڑا ستایا جی
دو ڈھائی مہینے دی گل ساری، کس گل دا رولا اینا پایا جی
رانجھا جان لگا جدوں گھر اپنے، کہندا بس! میں گیا تے آیا جی

ہیر دا بٹالے جانا

ہیر جدوں بٹالے گھر جا پہنچی، دھی دیکھ چوچک مسکرایا جی
متھا چمیاں سر تے پیار دتا، نالے گھٹ کلیجے نال لایا جی
بھیناں، بھائیاں بیٹھ کے گل کیتی، سکھیاں سہیلیاں نے جھرمٹ پایا جی
ماں نے دیکھیا جویں کوئی چیز لبھی، واپس دیکھ کے سوکھا ساہ آیا جی

سہیلیاں دی پچھ گچھ

کڑیاں پچھدیاں دس خاں ہیرے نی! کہندے دونے دا جٹ پٹایا ای
ایڈا کیہ سی اوس وچ دس خاں نی، جیہڑا ہیر دے دل تائیں بھایا ای
گل جنگل دی اگ وانگ پھیلی، رانجھے ہیر تے ہتھ ٹکایا ای
صاحباں، سسی، شیری، سوہنی وانگ توں وی، کوئی نواں اتہاس رچایا ای

ਹੀਰ ਦਾ ਘਰਦਿਆਂ ਨੂੰ ਆਪ ਦੱਸਣਾ

ਬੈਠੇ ਖੋਪੀਏ ਤਾਈਂ ਸਾਰੇ ਕਰਨ ਗੱਲਾਂ, ਸਾਲ ਮਗਰੋਂ ਸਮਾਂ ਹੱਥ ਆਇਆ ਈ।
ਅੱਧੀ ਰਾਤ ਹੋਈ ਤਾਰੇ, ਚੰਦ ਚਮਕਣ, ਅੱਧਾ ਗਿੱਟੀਆਂ ਨੇ ਗੇੜਾ ਲਾਇਆ ਈ।
ਕੋਈ ਲਵੇ ਗਲ੍ਹਾਟ ਤੇ ਨੀਂਦ ਆਵੇ, ਲੈ ਵਾਸੀਆਂ ਕਿਸੇ ਢੋਂਕਾ ਲਾਇਆ ਈ।
ਮਾਂ ਦੇ ਕੋਲ ਬਹਿ ਕੇ ਸਾਰੇ ਘਰਦਿਆਂ ਨੂੰ, ਕਿੱਸਾ ਹੀਰ ਨੇ ਖੋਲ੍ਹ ਸੁਣਾਇਆ ਈ।

ਹੀਰ ਦੀ ਮਾਂ ਦਾ ਦਰਦ

ਸਾਰੀ ਰਾਤ ਹੀ ਗਿਣਦੀ ਮੈਂ ਰਹੀ ਤਾਰੇ, ਮਾਂ ਨੇ ਮੱਥੇ 'ਤੇ ਹੱਥ ਟਿਕਾਇਆ ਈ।
ਲੋਕੀਂ ਵੱਖੀਆਂ ਥਾਣੀ ਸੀ ਕਿਉਂ ਹੱਸਦੇ, ਮੈਨੂੰ ਅੱਜ ਹੁਣ ਸਮਝ ਵਿੱਚ ਆਇਆ ਈ।
ਨੀ ਕਲਜੋਗਣੇ! ਇਹ ਤੂੰ ਕੀ ਕੀਤਾ, ਸੁਣ ਕੇ ਕਾਲਜਾ ਬਾਹਰ ਨੂੰ ਆਇਆ ਈ।
ਮਾਂ ਮਰ ਤਾਂ ਨਹੀਂ ਸੀ ਗਈ ਤੇਰੀ, ਆਪੇ ਆਪਣਾ ਸਾਕ ਰਚਾਇਆ ਈ।

ਹੀਰ ਦੀ ਵਕਾਲਤ

ਨੀ ਤੂੰ ਦਿਲ ਨੂੰ ਗੱਲ ਨਾ ਲਾ ਮਾਏ, ਕਦੇ ਗ਼ਲਤ ਖ਼ਿਆਲ ਨਾ ਆਇਆ ਈ।
ਸੋਚ ਸਮਝ ਕੇ ਫੈਸਲਾ ਮੈਂ ਕੀਤਾ, ਅੰਨੇਵਾਹ ਨਾ ਘੋੜਾ ਦੁੜਾਇਆ ਈ।
ਸਾਰੀ ਦੁਨੀਆ ਦੇ ਦਿਲਾਂ ਵਿੱਚ ਵੱਸਦਾ ਉਹ, ਜਿਸ ਨੂੰ ਆਪਣਾ ਇਸ਼ਟ ਬਣਾਇਆ ਈ।
ਕਰਮਾਂ ਵਾਲਿਆਂ ਦੇ ਹਿੱਸੇ ਅੰਮੀਏਂ ਨੀ! ਰਾਂਝੇ ਵਰਗਾ ਹੀਰਾ ਕੋਈ ਆਇਆ ਈ।

ਮਾਂ ਦਾ ਦਰਦ

ਖ਼ਰਾ ਖੋਟਾ ਤਾਂ ਮੈਂ ਨਹੀਂ ਕਿਹਾ ਉਸਨੂੰ, ਪਰ ਤੂੰ ਚੰਗੀ ਨਹੀਂ ਗੱਲ ਇਹ ਕਰੀ ਕੁਤੀਏ।
ਦਸਾਂ ਦੇਸ਼ਾਂ 'ਚ ਘੁੰਮਦਾ ਬਾਪ ਤੇਰਾ, ਉਸਦੀ ਪੱਗ ਤੂੰ ਦਾਗ਼ੀ ਕਰ ਧਰੀ ਕੁਤੀਏ।
ਮੈਨੂੰ ਧਰਤੀ ਨਹੀਂ ਦੇ ਰਹੀ ਵਿਹਲ ਕਿੱਧਰੇ, ਬਿਨ ਮੌਤ ਮੈਂ ਰਾਤ ਦੀ ਮਰੀ ਕੁਤੀਏ।
ਚਾਵ੍ਹਾਂ ਨਾਲ ਅਸਾਂ ਤੈਨੂੰ ਪਾਲਿਆ ਸੀ, ਕੀ ਪਤਾ ਸੀ ਘੋਲੇਂਗੀ ਕੜ੍ਹੀ ਕੁਤੀਏ।

ہیر دا گُھڑیاں نوں آپ دسنا

بیٹھے کھوپے تائیں سارے کرن گلاں، سال مگروں سماں ہتھ آیا ای
ادھی رات ہوئی تارے، چند چمکن، ادھا گٹیاں نے گیڑا لایا ای
کوئی لوے گلھاٹ تے نیند آوے، لے واسیاں کسے ڈھونکا لایا ای
ماں دے کول بہہ کے سارے گھڑیاں نوں، قصہ ہیر نے کھولھ سنایا ای

ہیر دی ماں دا درد

ساری رات ہی گندی میں رہی تارے، ماں نے متھے تے ہتھ ٹکایا ای
لوکیں وکھیاں تھائی سی کیوں ہسدے، مینوں اج ہن سمجھ وچ آیا ای
نی کلجوگنے! ایہہ توں کیہ کیتا، سن کے کالجا باہر نوں آیا ای
ماں مر تاں نہیں سی گئی تیری، آپے اپنا ساک رچایا ای

ہیر دی وکالت

نی توں دل نوں گل نہ لا مائی، کدے غلط خیال نہ آیا ای
سوچ سمجھ کے فیصلہ میں کیتا، انیواہ نہ گھوڑا دڑایا ای
ساری دنیا دے دلاں وچ وسدا اوہ، جس نوں اپنا اشٹ بنایا ای
کرماں والیاں دے حصے امیئیں نی! رانجھے ورگا ہیرا کوئی آیا ای

ماں دا درد

کھرا کھوٹا تاں میں نہیں کیہا اسنوں، پر توں چنگی نہیں گل ایہہ کری کڑیے
دساں دیشاں چ گھمدا باپ تیرا، اسدی پگ توں داغی کر دھری کڑیے
مینوں دھرتی نہیں دے رہی وہل کدھرے، بن موت میں رات دی مری کڑیے
چاواں نال اساں تینوں پالیا سی، کیہ پتہ سی گھولینگی کڑھی کڑیے

ਹੀਰ ਦਾ ਹੌਸਲਾ

ਇੱਕ ਵਾਰ ਜਾਂ ਰਾਂਝੇ ਨੂੰ ਦੇਖ ਲੈਂਗੀ, ਹੋ ਜਾਵੇਂਗੀ ਤੂੰ ਵੀ ਧੰਨ ਮਾਏ।
ਮਰ ਜਾਊਂਗੀ ਲੇਕਿਨ ਨਾ ਉੱਧਲਾਂਗੀ, ਤੇਰੇ ਬੂਹੇ 'ਤੇ ਆਊਗੀ ਜੰਨ ਮਾਏ।
ਕਿਸੇ ਧੁਰੇ ਟਿਕਾਣੇ ਦੀ ਕੁੜੀ ਹਾਂ ਮੈਂ, ਕੋਠੇ ਉਪੱਰ ਨਾ ਬੈਠੀ ਕੋਈ ਰੰਨ ਮਾਏ।
ਐਵੇਂ ਧਾਗੇ ਤਵੀਤ ਨਾ ਕਰੀ ਜਾ ਤੂੰ, ਫਾਹੀ ਗ਼ਲਤ ਨਾ ਗਲੇ ਵਿੱਚ ਬੰਨ ਮਾਏ।

ਮਾਂ ਦਾ ਦਰਦ

ਚਿੱਤ ਕਰੇ ਕਢੂੰਬਰ ਮੈਂ ਕਰਾਂ ਤੇਰਾ, ਇੱਕ ਵਾਰ ਤਾਂ ਬੰਦੀ ਬਣਾ ਦੇਵਾਂ।
ਕੁੱਝ ਖਾ ਕੇ ਮਰ ਜਾਂ ਮੈਂ ਜਾਂ ਤਾਂ, ਜਾਂ ਫਿਰ ਤੇਰਾ ਹੀ ਭੋਗ ਮੈਂ ਪਾ ਦੇਵਾਂ।
ਜੀਣ ਜੋਗੀ ਨਾ ਛੱਡਿਆ ਤੂੰ ਮੈਨੂੰ, ਆਪਣਾ ਮੂੰਹ ਮੈਂ ਕਿੱਥੇ ਛੁਪਾ ਦੇਵਾਂ।
ਆ ਲੈਣ ਦੇ ਘਰੇ ਅੱਜ ਬਾਪ ਤੇਰਾ, ਅੱਜ ਰਾਤ ਨੂੰ ਝਗੜਾ ਮੁਕਾ ਦੇਵਾਂ।

ਕੀ ਸੋਚਿਆ ਤੁਸਾਂ ਬਦਕਾਰ ਬਾਰੇ, ਚੂਚਕ ਨਾਲ ਸੀ ਮਾਂ ਸਵਾਲ ਕਰਦੀ।
ਇਵੇਂ ਜਾਪਦਾ ਮੈਨੂੰ ਕੁੱਝ ਹੋ ਜਾਣਾ, ਦਿਲ ਦੀ ਪੀੜ ਹੈ ਮੈਨੂੰ ਬੇਹਾਲ ਕਰਦੀ।
ਆਖੋ ਮੁੰਡਿਆਂ ਨੂੰ ਕੁੱਝ ਕਰਨ ਇਸਦਾ, ਮੇਰੇ ਨਾਲ ਜਵਾਬ-ਸਵਾਲ ਕਰਦੀ।
ਇਸਨੂੰ ਜੀਂਦੀ ਜ਼ਮੀਨ ਵਿੱਚ ਧਸ ਦੇਵੋ, ਕੁੱਲ ਕੋੜ੍ਹਮਾ ਕਿੱਦਾਂ ਕੰਗਾਲ ਕਰਦੀ।

ਚੂਚਕ ਦੀ ਦਲੀਲ

ਚੂਚਕ ਆਖਦਾ ਕੰਨ ਧਰ ਸੁਣ ਜੱਟੀਏ! ਹੀਰ ਜਾਨ ਦੀ ਜਾਨ ਦੀ ਜਾਨ ਮੇਰੀ।
ਧੀ ਮੇਰੀ ਤੋਂ ਕਦੇ ਮੈਂ ਸੋਚਿਆ ਨਾ, ਹੋਊ ਕੀਮਤੀ ਕਦੇ ਵੀ ਸ਼ਾਨ ਮੇਰੀ।
ਗ਼ਲਤੀ ਹੋ ਗਈ ਕੁੜੀ ਤੋਂ ਕੀ ਕਰੀਏ, ਐਵੇਂ ਰੋ ਨਾ ਤੂੰ ਵੀ ਤਾਂ ਜਾਨ ਮੇਰੀ।
ਦੋਨੇ ਵਿੱਚ ਵੀ ਵਾਕਫ਼ੀ ਬੜੀ ਮੇਰੀ, ਕਈਆਂ ਪਿੰਡਾਂ ਦੇ ਵਿੱਚ ਪਛਾਣ ਮੇਰੀ।

ਉੱਗੀ ਚਿੱਟੀ ਰਸੂਲਪੁਰ ਮੈਂ ਜਾਊਂ, ਕਾਲ਼ੇ ਠੌਲੇ ਕਵ੍ਹਾਲੇ ਚੱਕਰ ਮਾਰ ਜਾਨਾਂ।
ਕੇਸਰਪੁਰ ਮੰਡੇਰ ਤੇ ਸੁੰਨਤਾਂ ਵਿੱਚ, ਕੱਸੋ ਚਾਹਲ ਸਿਧਵਾਂ ਤੇ ਕੁਲਾਰ ਜਾਨਾਂ।

ہیر دا حوصلہ

اک وار جاں رانجھے نوں ویکھ لینگی، ہو جاوینگی توں وی دھن مائی
مر جاؤنگی لیکن نہ ادھلانگی، تیرے بوہے تے آؤگی جن مائی
کسے دھرے ٹکانے دی کڑی ہاں میں، کوٹھے اپر نہ بیٹھی کوئی رن مائی
ایویں دھاگے تویت نہ کری جا توں، فاہی غلط نہ گلے وچ بن مائی

ماں دا درد

چت کرے کچومبر میں کراں تیرا، اک وار تاں بندی بنا دیواں
کجھ کھا کے مر جاں میں جاں تاں، جاں پھر تیرا ہی بھوگ میں پا دیواں
جین جوگی نہ چھڈیا توں مینوں، اپنا مُونہہ میں کتھے چھپا دیواں
آ لین دے گھرے اج باپ تیرا، اج رات نوں جھگڑا مکا دیواں

کیہ سوچیا تساں بدکار بارے، چوچک نال سی ماں سوال کردی
ایویں جاپدا مینوں کجھ ہو جانا، دل دی پیڑ ہے مینوں بےحال کردی
آکھو منڈیاں توں کجھ کرن اسدا، میرے نال جواب سوال کردی
اسنوں جیندی زمین وچ دھس دیوو، کل کوڑھما کداں کنگال کردی

چوچک دی دلیل

چوچک آکھدا کن دھر سن جٹیے! ہیر جان دی جان دی جان میری
دھی میری توں کدے میں سوچیا نہ، ہوؤ قیمتی کدے وی شان میری
غلطی ہو گئی کڑی توں کیہ کریے، ایویں رو نہ توں وی تاں جان میری
دونے وچ وی واقفی بڑی میری، کئیاں پنڈاں دے وچ پچھان میری

اگی چٹی رسول پور میں جاؤں، کالھے ٹھولے کوھالے چکر مار جاناں
کیسرپر منڈیر تے سنڑاں وچ، کسو چاہل سدھواں تے کلار جاناں

ਨੱਥੂਚਾਹਲ ਬਲ੍ਹੇਰ ਭੇਟਾਂ ਵਿੱਚ ਹੋ ਕੇ, ਇੱਥਣ ਆਹਮਪੁਰ ਅਤੇ ਪਵਾਰ ਜਾਨਾਂ।
ਨਿੰਝਰਾਂ, ਗੋਂਦਪੁਰ ਗਿੱਲਾਂ ਤੇ ਗਾਖਲਾਂ ਨੂੰ, ਸਖਾਣੀ ਔਜਲਿਆਂ ਤੋਂ ਲੈ ਯਾਰ ਜਾਨਾਂ।

ਪੂਰੀ ਪੁੱਛ ਪੜਤਾਲ ਮੈਂ ਕਰੂੰ ਪਹਿਲਾਂ, ਵੱਡਾ ਚੌਧਰੀ, ਫਿਰ ਲਵਾਂ ਸੱਦ ਜੱਟੀਏ।
ਮੰਨਿਆਂ-ਦੰਨਿਆਂ ਦੁਆਬੇ ਦਾ ਜੱਟ ਸੁਣਿਆਂ, ਮੇਰੇ ਨਾਲੋਂ ਵੀ ਉੱਚਾ ਹੈ ਕੱਦ ਜੱਟੀਏ।
ਚੁੱਪ ਕਰਕੇ ਕਰੋ ਕੰਮ ਕਾਰ ਘਰ ਦਾ, ਇਸ ਤਰ੍ਹਾਂ ਨਾ ਕਮਲ ਤੂੰ ਵੱਡ ਜੱਟੀਏ।
ਛੱਤੀ ਪੱਤਣ ਤਰ ਕੇ ਮੈਂ ਵੀ ਵੇਖ ਹਟਿਆਂ, ਐਵੇਂ ਸਮਝੀਂ ਨਾ ਮੈਨੂੰ ਉਜੱਡ ਜੱਟੀਏ।

ਹੀਰ ਦਾ ਧੰਨਵਾਦ ਕਰਨਾ

ਧੰਨਵਾਦ ਤੇਰਾ ਬਾਬਲ ਮੇਰਿਆ ਵੇ! ਪੈਣ ਲੱਗੀ ਸੀ ਮੈਨੂੰ ਤੇ ਅੱਜ ਦੰਦਲ।
ਇਟਸਿਟ, ਭੱਖੜੇ ਹੀ ਬਾਕੀ ਰਹਿ ਜਾਂਦੇ, ਸੁੱਕ ਜਾਣੀ ਸੀ ਤੇਰੀ ਕੰਵਾਰ ਗੰਦਲ।
ਪੂਰੀ ਪਾਕ ਪਵਿੱਤਰ ਮੈਂ ਬਾਬਲਾ ਵੇ! ਮਹਿਕ ਅਜੇ ਵੀ ਮੇਰੀ ਸੰਦੂਕ ਸੰਦਲ।
ਮੇਰੇ ਕਮਰੇ 'ਚ ਕੁੜੀ ਜੋ ਨਾਲ ਰਹਿੰਦੀ, ਪੁੱਛ ਲਿਓ ਉਸਤੋਂ ਉਸਦਾ ਪਿੰਡ ਧੰਦਲ।

ਹੀਰ ਸੁਕਰ ਕੀਤਾ ਪਿਤਾ ਨਾਲ ਉਸਦੇ, ਪੰਜਾਂ ਪੀਰਾਂ ਨੂੰ ਬਹਿ ਕੇ ਧਿਆਉਣ ਲੱਗੀ।
ਰੀਝਾਂ ਜਾਗ ਪਈਆਂ ਸੁਪਨੇ ਆਉਣ ਲੱਗੇ, ਫੇਰ ਖ਼ਾਬਾਂ 'ਚ ਮਹਿਲ ਬਣਾਉਣ ਲੱਗੀ।
ਪੂਰੇ ਵੱਲੋਂ ਘਟਾ ਜਦੋਂ ਚੜ੍ਹੀ ਵੇਖੀ, ਮੋਰ ਖੁਸ਼ ਹੈ ਜੀ ਪੈਲਾਂ ਪਾਉਣ ਲੱਗੀ।
ਪਹਿਰ ਰਾਤ ਗਈ ਬੋਤਾ ਮੀਂਹ ਵਰ੍ਹਿਆ, ਤਤਕੇ ਸੀਤਲ ਹਵਾ ਫਿਰ ਆਉਣ ਲੱਗੀ।

ਹੀਰ ਦੇ ਭਰਾਵਾਂ ਦੀ ਗੱਲ

ਬਹਿ ਕੇ ਹੀਰ ਦੇ ਭਾਈਆਂ ਨੇ ਗੱਲ ਕੀਤੀ, ਇਹ ਕੀ ਹੋ ਗਿਆ ਸਾਡਤੇ ਬਾਪ ਨੂੰ ਜੀ।
ਕਿੰਨਾਂ ਖ਼ਫ਼ਾ ਸੀ ਹੀਰ ਦੇ ਇਸ਼ਕ ਕਰਕੇ, ਕੀਹਨੇ ਲਾਹਿਆ ਸੂ ਬਾਪੂ ਦੇ ਤਾਪ ਨੂੰ ਜੀ।
ਸਾਡੀ ਕੁਲ ਨੂੰ ਲੀਕ ਹੈ ਲਾ ਦਿੱਤੀ, ਕੀਤਾ ਬੁਰਕੀਆਂ ਸਾਡੀ ਔਕਾਤ ਨੂੰ ਜੀ।
ਹਿੱਕ ਤਾਣ ਕੇ ਕਦੇ ਨਹੀਂ ਤੁਰ ਸਕਦੇ, ਮਿਹਣਾ ਹੋ ਗਿਆ ਚੂਚਕ ਦੀ ਜਾਤ ਨੂੰ ਜੀ।

ਬਾਪੂ ਮੇਰਿਆ ਮੈਨੂੰ ਇੱਕ ਗੱਲ ਦੱਸੀਂ! ਇਹ ਤੂੰ ਨਵਾਂ ਕੀ ਖੇਲ ਰਚਾਇਆ ਈ।
ਹਾਮੀ ਹੀਰ ਦੀ ਅੱਜ ਤੂੰ ਭਰਨ ਲੱਗਾ, ਕਿਹੜੇ ਪੀਰ ਨੇ ਤੈਨੂੰ ਭਰਮਾਇਆ ਈ।

نتھوچاہل بلھیر بھیٹاں وچ ہو کے، ایں آہمپر اتے پوار جاناں
نجھراں، گوندپر گلاں تے گاکھلاں نوں، سکھانی اوجلیاں توں لے یار جاناں

پوری پچھ پڑتال میں کروں پہلاں، وڈا چودھری، پھر لواں سد جٹیے
منیاں دنیاں دوآبے دا جٹ سنیاں، میرے نالوں وی اچا ہے قد جٹیے
چپ کرکے کرو کم کار گھر دا، اس طرحاں نہ کمل توں وڈ جٹیے
چھتی پتن تر کے میں وی ویکھ ہٹیاں، ایویں سمجھیں نہ مینوں اجڈ جٹیے

ہیر دا دھنواد کرنا

دھنواد تیرا بابل میریا وے! پین لگی سی مینوں تے اج دیندل
اٹ سٹ، بھکھڑے ہی باقی رہ جاندے، سک جانی سی تیری کنوار گندل
پوری پاک پوتر میں بابلا وے! مہک اجے وی میری صندوق صندل
میرے کمرے 'چ کڑی جو نال رہندی، پچھ لیو استوں اسدا پنڈ دھندل
ہیر شکر کیتا پتا نال اسدے، پنجاں پیراں نوں بہہ کے دھیاؤن لگی
ریجھاں جاگ پئیاں سپنے آؤن لگے، پھیر خوباں 'چ محل بناؤن لگی
پرے ولوں گھٹا جدوں چڑھی ویکھی، مور خوش ہے جی پیلاں پان لگی
پہر رات گئی تھوڑا مینہہ ورھیا، ٹھکے سیتل ہوا پھر آن لگی

ہیر دے بھراواں دی گل

بہہ کے ہیر دے بھائیاں نے گل کیتی، ایہہ کیہ ہو گیا ساڈے باپ نوں جی
کناں خفا سی ہیر دے عشق کرکے، کیہنے لاہیا سو باپو دے تاپ نوں جی
ساڈی کل نوں لیک ہے لا دتی، کیتا برکیاں ساڈی اوقات نوں جی
ہک تان کے کدے نہیں تر سکدے، مہنا ہو گیا چوچک دی جات نوں جی

باپو میریا مینوں اک گل دسیں! ایہہ توں نواں کیہ کھیل رچایا ای
ہامی ہیر دی اج توں بھرن لگا، کیہڑے پیر نے تینوں بھرمایا ای

ਹਾਲੇ ਰੜਕਦਾ ਮੇਰੀ ਤਾਂ ਹਿੱਕ ਅੰਦਰ, ਜਿਹੜਾ ਹੀਰ ਨੇ ਜ਼ਖਮ ਲਗਾਇਆ ਈ।
ਸਾਨੂੰ ਦੱਸ ਤਾਂ ਖੋਲ੍ਹ ਕੇ ਇੱਕ ਵਾਰੀ, ਪੁੱਠਾ ਪੰਗਾ ਤੂੰ ਇਹ ਕੀ ਪਾਇਆ ਈ।

ਚੂਚਕ ਦਾ ਮਾਂ ਧੀ ਦੋਹਾਂ ਬਾਰੇ ਸੋਚਣਾ

ਚੂਚਕ ਆਖਦਾ ਗੱਲ ਸੁਣ ਕੰਨ ਧਰ ਕੇ, ਮੈਂ ਤਾਂ ਖੇਡ ਨੂੰ ਜ਼ਰਾ ਛੁਪਾਇਆ ਸੂ।
ਫਸਿਆ ਮੈਂ ਕੜਿੱਕੀ ਦੇ ਵਿੱਚ ਪੁੱਤਰਾ! ਇੱਕ ਨਵਾਂ ਹੀ ਦਾਅ ਚਲਾਇਆ ਸੂ।
ਜਾਂ ਤੇ ਮਾਂ ਮਰਦੀ ਜਾਂ ਤੇਰੀ ਭੈਣ ਮਰਦੀ, ਮੈਂ ਤੇ ਦੋਹਾਂ ਨੂੰ ਅੱਜ ਬਚਾਇਆ ਸੂ।
ਮੇਰਾ ਦਿਲ ਹੀ ਪੁੱਛਿਆ ਜਾਣਦਾ ਹੈ, ਕਿਵੇਂ ਗੁੱਸੇ ਨੂੰ ਮੈਂ ਛੁਪਾਇਆ ਸੂ।

ਹੁਣ ਹੀਰ ਨੂੰ ਹੈ ਵਿਸ਼ਵਾਸ਼ ਪੂਰਾ, ਉਸਦਾ ਬਾਪ ਹੈ ਧੀ ਦੇ ਨਾਲ ਪੁੱਤਰਾ।
ਜਿਵੇਂ ਆਖੂੰ ਹੁਣ ਮੈਂ ਉਸਨੇ ਮੰਨ ਲੈਣਾ, ਮੇਰੀ ਸੋਚ ਦਾ ਵੇਖੀਂ ਕਮਾਲ ਪੁੱਤਰਾ।
ਚੂਚਕ ਅਕਲ ਦੇ ਨਾਲ ਕੋਈ ਖੇਡ ਖੇਡੂ, ਹਰ ਪਾਸੇ ਦਾ ਰੱਖ ਖ਼ਿਆਲ ਪੁੱਤਰਾ।
ਜਦੋਂ ਵਿੰਨ ਕੇ ਤੀਰ ਨੂੰ ਮਾਰੀਏ ਜੀ, ਕਰ ਦੇਈਦਾ ਹਾਲੋਂ ਬੇਹਾਲ ਪੁੱਤਰਾ।

ਚੂਚਕ ਦਾ ਵਿਦੇਸ਼ ਜਾਣਾ

ਕੈਲੇਫੋਰਨੀਆ ਅਮਰੀਕਾ ਜਾਣ ਦੇ ਲਈ, ਚੂਚਕ ਆਪਣਾ ਮਨ ਬਣਾਇਆ ਜੀ।
ਪੰਜਾਂ-ਸੱਤਾਂ ਦਿਨਾਂ ਦੀ ਗੱਲ ਕਰਕੇ, ਚੂਚਕ ਆਪ ਪਰਦੇਸ ਸਿਧਾਇਆ ਜੀ।
ਮਾਂ, ਪੁੱਤਾਂ ਨੂੰ ਦੇ ਕੇ ਧਰਵਾਸ ਚੂਚਕ, ਠੰਢੇ ਪਾਣੀ ਦਾ ਘੁੱਟ ਪਿਲਾਇਆ ਜੀ।
ਕਿਸੇ ਨੂੰ ਨਾ ਗੱਲ ਦੀ ਸਮਝ ਲੱਗੀ, ਸ਼ਸ਼ੋਪੰਜ ਵਿੱਚ ਸਭ ਨੂੰ ਪਾਇਆ ਜੀ।

ਕਿੱਸੇ ਨੂੰ ਨਵਾਂ ਮੋੜ ਦੇਣਾ

ਚੂਚਕ ਹਫ਼ਤੇ ਦੇ ਵਿੱਚ ਹੀ ਪਰਤ ਆਇਆ, ਸਾਰੇ ਟੱਬਰ ਨੂੰ ਕੋਲ ਬਿਠਾ ਲਿਆ ਜੀ।
ਸੂਝ ਨਾਲ ਇੱਕ ਨਾਟਕੀ ਮੋੜ ਦੇ ਕੇ, ਕਿੱਸਾ ਨਵਿਆਂ ਰਾਹਾਂ ਉੱਤੇ ਪਾ ਲਿਆ ਜੀ।
ਮੁਤੀ ਸਾਰੀ ਕਹਾਣੀ ਹੀ ਨਵੇਂ ਪਾਸੇ, ਚੂਚਕ ਨਵਾਂ ਹੀ ਖੇਲ੍ਹ ਰਚਾ ਲਿਆ ਜੀ।
ਬਤੀ ਜੁਗਤ ਦੇ ਨਾਲ ਵਿਓਂਤ ਘੜ ਕੇ, ਸਾਰਾ ਟੱਬਰ ਆਪਣੇ ਪਿੱਛੇ ਲਾ ਲਿਆ ਜੀ।

حالے رڑکدا میری تاں ہک اندر، جیہڑا ہیر نے زخم لگایا ای
سانوں دس تاں کھولھ کے اک واری، پٹھا پنگا توں ایہہ کیہ پایا ای

چوچک دا ماں دھی دوہاں بارے سوچنا

چوچک آکھدا گل سن کن دھر کے، میں تاں کھیڈ نوں ذرا چھپایا سو
پھسیا میں کڑکی دے وچ پترا! اک نواں ہی داء چلایا سو
جاں تے ماں مردی جاں تیری بھین مردی، میں تے دوہاں نوں اج بچایا سو
میرا دل ہی پچھیا جاندا ہے، کویں غصے نوں میں چھپایا سو

ہن ہیر نوں ہے وشواش پورا، اسدا باپ ہے دھی دے نال پترا
جویں آکھوں ہن میں اسنے من لینا، میری سوچ دا ویکھیں کمال پترا
چوچک عقل دے نال کوئی کھیڈ کھیڈو، ہر پاسے دا رکھ خیال پترا
جدوں ون کے تیر نوں مارے جی، کر دیئیدا ہالوں بےحال پترا

چوچک دا ودیش جانا

کیلیپھورنیا امریکہ جان دے لئی، چوچک اپنا من بنایا جی
پنجاں ستاں دناں دی گل کرکے، چوچک آپ پردیس سدھایا جی
ماں، پتاں نوں دے کے دھرواس چوچک، ٹھنڈے پانی دا گھٹ پلایا جی
کسے نوں نہ گل دی سمجھ لگی، ششوپنج وچ سبھ نوں پایا جی

قصے نوں نواں موڑ دینا

چوچک ہفتے دے وچ ہی پرت آیا، سارے ٹبر نوں کول بٹھا لیا جی
سوجھ نال اک نائکی موڑ دے کے، قصہ نویاں راہاں اتے پا لیا جی
مڑی ساری کہانی ہی نویں پاسے، چوچک نواں ہی کھیلھ رچا لیا جی
بڑی جگت دے نال ویونت گھڑ کے، سارا ٹبر اپنے پچھے لا لیا جی

ਕਹੇ ਧਾਰੀਵਾਲਾਂ ਵਰਗਾ ਕਾਰਖਾਨਾ, ਆਪਾਂ ਅਮਰੀਕਾ ਵਿੱਚ ਹੈ ਲਾ ਦੇਣਾ।
ਗਰਮ-ਸਰਦ ਮੌਸਮ ਵਿੱਚ ਪਾਉਣ ਵਾਲਾ, ਹਰ ਤਰਾਂ ਦਾ ਕੱਪੜਾ ਬਣਾ ਦੇਣਾ।
ਲੱਠੇ, ਖਾਸ, ਮਲਮਲ, ਕਰੇਪ ਬਣਸੀ, ਸ਼ੀਟਾਂ, ਪਾਪਲੀਨਾ ਨੂੰ ਟਾਂਕਾ ਲਾ ਦੇਣਾ।
ਨੌਂ ਦੇਸ਼ਾਂ ਦੇ ਵਿੱਚ ਆਪਣੇ ਕੰਮ ਚੱਲਦੇ, ਦਸਵੇਂ ਦੇਸ਼ ਵੀ ਪੈਰ ਟਿਕਾ ਦੇਣਾ।

ਚਾਤਰ ਕਰੇ ਚਤੁਰਾਈ

ਦੇਖਣ ਫੋਲ੍ਹ ਕੇ ਸਾਰਾ ਸਮਾਨ ਘਰ ਦੇ, ਬਾਪੂ ਬਹੁਤ ਚੀਜ਼ਾਂ ਲੈ ਕੇ ਆਇਆ ਸੂ।
'ਕੱਲੇ-'ਕੱਲੇ ਨੂੰ ਮਾਰ ਕੇ 'ਵਾਜ਼ ਉਸਨੇ, ਸਭ ਦੇ ਹੱਥ ਸਮਾਨ ਫੜਾਇਆ ਸੂ।
ਰੋਟੀ ਵੇਲਣ ਵਾਲੀ ਵੀ ਮਸ਼ੀਨ 'ਆਂਦੀ, ਜਿਸਨੂੰ ਚੌਂਕੇ ਦੇ ਵਿੱਚ ਟਿਕਾਇਆ ਸੂ।
ਚਾਤਰ ਕਰੇ ਚਤੁਰਾਈ ਤਾਂ ਕੌਣ ਜਾਣੇ, ਸਭ ਨੂੰ ਚੂਚਕ ਨੇ ਉੱਲੂ ਬਣਾਇਆ ਸੂ।

ਰਿਸ਼ਤੇਦਾਰ ਸਾਰੇ 'ਕੱਠੇ ਕਰੇ ਇੱਕ ਦਿਨ, ਸਾਰਾ ਕੋਤ੍ਹਮਾ ਸੱਦ ਬੁਲਇਆ ਜੀ।
ਨਵੇਂ ਕਾਰਖਾਨੇ ਦੀ ਹੈ ਖੁਸ਼ੀ ਕਰਨੀ, ਸਾਰਾ ਆਂਢ-ਗਵਾਂਢ ਵੀ ਆਇਆ ਜੀ।
ਲੁਧਿਆਣੇ ਤੋਂ ਸੀ ਹਲਵਾਈ ਸੱਦੇ, ਮੁਰਗਾ, ਮੀਟ ਕਬਾਬ ਬਣਾਇਆ ਜੀ।
ਨੱਚਣ ਵਾਲੇ ਵੀ ਸੀ ਚੰਡੀਗੜ੍ਹੋਂ ਆਏ, ਨੱਚ-ਨੱਚ ਕੇ ਜਸ਼ਨ ਮਨਾਇਆ ਜੀ।

ਮੋਤੀਚੂਰ ਦੇ ਲੱਡੂ ਖਵਾਏ ਸਭ ਨੂੰ, ਗਰਮ-ਗਰਮ ਜਲੇਬੀਆਂ ਖਾਂਵਦੇ ਜੀ।
ਕਲਾਕੰਦ, ਰਸਗੁੱਲੇ, ਗੁਲਾਬ ਜਾਮਣ, ਮਨ ਚਾਹੇ ਲੂੰਹਦੇ ਸਾਰੇ ਲਾਂਵਦੇ ਜੀ।
ਪਲੰਘਤੋੜ ਸੀ ਬੜਾ ਸਵਾਦ ਬਣਿਆ, ਮਾਊਂ-ਮਾਊਂ ਕਰਕੇ ਸਾਰੇ ਖਾਂਵਦੇ ਜੀ।
ਗੁਥਲੀ ਬੰਨ ਸਭ ਨੂੰ ਇੱਕ-ਇੱਕ ਦਿੱਤੀ, ਭਾਜੀ ਲੈ ਲੋਕੀਂ ਘਰੀਂ ਜਾਂਵਦੇ ਜੀ।

ਡੋਲੇ ਹੀਰ ਦਾ ਨਾ ਵਿਸ਼ਵਾਸ਼ ਕਿੱਧਰੇ, ਤਾਂ ਹੀ ਚੂਚਕ ਨੇ ਚੱਕਰ ਚਲਾਇਆ ਸੂ।
ਹੀਰ ਫਸ ਜਾਵੇ ਚੰਗੀ ਤਰ੍ਹਾਂ ਜਿਸ ਵਿੱਚ, ਐਸਾ ਜੁਗਤੀ ਨੇ ਨਾਲ ਜਾਲ ਵਿਛਾਇਆ ਸੂ।
ਧੀ ਮਾਰ ਕੇ ਜੀਂਦਾ ਹੀ ਮੈਂ ਮਰਸਾਂ, ਗੂੜੇ ਰਿਸ਼ਤੇ ਨੇ ਰੰਗ ਵਿਖਾਇਆ ਸੂ।
ਉੱਡ ਜਾਏ ਨਾ ਕਿੱਧਰੇ ਫੁਰਰ ਕਰਕੇ, ਚੋਗਾ ਬੜਾ ਵਧੀਆ ਤਾਂ ਹੀ ਪਾਇਆ ਸੂ।

کہے دھاریوالاں ورگا کارخانہ، آپاں امریکہ وچ ہے لا دینا
گرم سرد موسم وچ پاؤن والا، ہر طرحاں دا کپڑا بنا دینا
لٹھے، کھاشے، ململ، کریپ بنسی، شیٹاں، پاپلینا نوں ٹانکا لا دینا
نوں دیشاں دے وچ اپنے کم چلدے، دسویں دیش وی پیر ٹکا دینا

چاتر کرے چترائی

دیکھن پھولھ کے سارا سامان گھر دے، باپو بہت چیزاں لے کے آیا سو
'کلے 'کلے نوں مار کے 'واز اسنے، سبھ دے ہتھ سامان پھڑایا سو
روٹی ویلن والی وی مشین آندی، جسنوں چونکے دے وچ ٹکایا سو
چاتر کرے چترائی تاں کون جانے، سبھ نوں چوچک نے الو بنایا سو

رشتے دار سارے کٹھے کرے اک دن، سارا کوڑھما سد بلیا جی
نویں کارخانے دی ہے خوشی کرنی، سارا آنڈھ گوانڈھ وی آیا جی
لدھیانے توں سی حلوائی سدے، مرغا، میٹ کباب بنایا جی
نچن والے وی سی چنڈیگڑھوں آئے، نچ نچ کے جشن منایا جی

موتی چور دے لڈو کھوائے سبھ نوں، گرم گرم جلیبیاں کھانوندے جی
قلاقند، رسگلے، گلاب جامن، من چاہے لونڈھے سارے لانوندے جی
پلنگھتوڑ سی بڑا سواد بنیا، ماؤں ماؤں کرکے سارے کھانوندے جی
گتھلی بن سبھ نوں اک اک دتی، بھاجی لے لوکیں گھریں جانوندے جی

ڈولے ہیر دا نہ وشواش کدھرے، تاں ہی چوچک نے چکر چلایا سو
ہیر پھس جاوے چنگی طرحاں جس وچ، ایسا جگتی نے نال جال وچھایا سو
دھی مار کے جیندا ہی میں مرساں، گوڑے رشتے نے رنگ وکھایا سو
اڈ جائے نہ کدھرے پھرر کرکے، چوغا بڑا ودھیا تاں ہی پایا سو

ਹੀਰ ਨੂੰ ਪੱਛਮੀਂ ਦੁਨੀਆਂ ਦਿਖਾਉਣੀ

ਅਜੇ ਕੰਮ ਨੇ ਬਹੁਤ ਹੀ ਕਰਨ ਵਾਲੇ, ਇੱਕ ਵਾਰ ਮੈਂ ਜਲਦੀ ਫਿਰ ਜਾਵਣਾ ਜੀ।
ਨਾਲੇ ਕਾਰਖਾਨਾ ਹੈ ਸ਼ੁਰੂ ਕਰਨਾ, ਦੋ ਹੋਰ ਦੇਸ਼ੀਂ ਫੇਰਾ ਪਾਵਣਾ ਜੀ।
ਹਾਲੇ ਛੁੱਟੀਆਂ ਤਾਂ ਕਾਫੀ ਰਹਿੰਦੀਆਂ ਨੇ, ਨਾਲ ਹੀਰ ਨੂੰ ਵੀ ਲੈ ਜਾਵਣਾ ਜੀ।
ਦੁਨੀਆ ਪੱਛਮੀ ਦੇਸ਼ਾਂ ਵਿੱਚ ਕਿਵੇਂ ਰਹਿੰਦੀ, ਆਪਣੀ ਧੀ ਨੂੰ ਜਾ ਦਿਖਾਵਣਾ ਜੀ।

ਹੀਰ ਚਾਈਂ-ਚਾਈਂ ਪਿਓ ਨਾਲ ਤੁਰੀ ਪਈ, ਚਿੱਤ ਚੇਤੇ ਨਾ ਕਿੱਧਰ ਨੂੰ ਉੜ ਚੱਲੀ।
ਦਿਲ ਦੋਨੇ ਦੇਸ਼ ਦੇ ਵਿੱਚ ਧੜਕਦਾ ਸੀ, ਤਕਦੀਰ ਅੱਜ ਕਿੱਧਰ ਨੂੰ ਮੁੜ ਚੱਲੀ।
ਤਨੋਂ-ਮਨੋਂ ਤਾਂ ਜੁੜੀ ਸੀ ਰਾਂਝਣੇ ਨਾਲ, ਕਿਸਮਤ ਹੀਰ ਦੀ ਹਿਜਰ ਨਾਲ ਜੁੜ ਚੱਲੀ।
ਕਦੀ ਚੁੱਕ ਕੁਹਾਰ ਲੈ ਜਾਂਵਦੇ ਸੀ, ਹੀਰ ਉਡਣ ਖਟੋਲੇ ਵਿੱਚ ਉੜ ਚੱਲੀ।

ਐਲ ਏ ਸ਼ਹਿਰ

ਢਲੀ ਸ਼ਾਮ ਨੂੰ ਐਲ. ਏ. ਫਲਾਈਟ ਪਹੁੰਚੀ, ਚੂਚਕ ਹੀਰ ਨੂੰ ਅੱਡਾ ਦਿਖਾਂਵਦਾ ਜੀ।
ਹਰ ਮਿੰਟ ਦੇ ਬਾਅਦ ਜਹਾਜ ਉੱਤਰੇ, ਐਨਾ ਮੁਲਕ ਏਥੇ ਆਂਵਦਾ-ਜਾਂਵਦਾ ਜੀ।
ਸ਼ਾਂਤ ਮਹਾਂਸਾਗਰ ਦੇ ਕੰਢੇ ਉੱਪਰ, ਕੈਲੇਫੋਰਨੀਆ ਰਾਜ ਕਹਾਂਵਦਾ ਜੀ।
ਡਿਜ਼ਨੀਲੈਂਡ ਤੇ ਹੌਲੀਵੁੱਡ ਵੇਖਣੇ ਨੂੰ, ਹਰ ਕਿਸੇ ਦਾ ਦਿਲ ਹੀ ਚਾਂਹਵਦਾ ਜੀ।

ਐਲ ਏ ਸ਼ਹਿਰ ਨੂੰ ਦੇਖ ਹੀਰ ਖੁਸ਼ ਹੋਈ, ਸਾਰਾ ਸ਼ਹਿਰ ਅੱਜ ਹੀ ਘੁੰਮਣਾ ਚਾਂਵਦੀ ਜੀ।
ਚੂਚਕ ਆਖਿਆ ਸ਼ਹਿਰ ਹੈ ਬੜਾ ਵੱਡਾ, ਇੱਕ ਨੰਬਰ ਸੜਕ ਅੱਗੇ ਆਂਵਦੀ ਜੀ।
ਸੱਤਰ ਮੀਲ ਸਮੁੰਦਰ ਦੇ ਨਾਲ ਚੱਲਦਾ, ਐਲ ਏ ਸ਼ਹਿਰ ਦੀ ਸਮਝ ਨਾ ਆਂਵਦੀ ਜੀ।
ਕਿੰਨੇ ਜਾਇਜ਼ ਤੇ ਕਿੰਨੇ ਨਜਾਇਜ਼ ਰਹਿੰਦੇ, ਗਿਣਤੀ ਕਿਸੇ ਨੂੰ ਠੀਕ ਨਾ ਆਂਵਦੀ ਜੀ।

ਅੱਗੇ ਚਾਰ ਸੌ ਪੰਜ ਸੀ ਸੜਕ ਆ ਗਈ, ਉਸਨੂੰ ਦੇਖ ਕੇ ਹੀਰ ਘਬਰਾਉਣ ਲੱਗੀ।
ਛੇ ਲਾਈਨਾਂ ਵਿੱਚ ਇੱਕ ਪਾਸੇ ਜਾਣ ਗੱਡੀਆਂ, ਕਾਰਾਂ ਗਿਣੇ ਹਿਸਾਬ ਲਗਾਉਣ ਲੱਗੀ।
ਲੱਖਾਂ ਮੋਟਰਾਂ ਸੜਕ 'ਤੇ ਜਾਂਦੀਆਂ ਸੀ, ਗਿਣਦੀ-ਗਿਣਦੀ ਫਿਰ ਗਿਣਤੀ ਭੁਲਾਉਣ ਲੱਗੀ।
ਸੀਸ਼ਾ ਖੋਹਲਿਆ ਕਾਰ ਦਾ ਬਟਣ ਨੱਪ ਕੇ, ਸੀਤਲ ਹਵਾ ਸਮੁੰਦਰ ਦੀ ਆਉਣ ਲੱਗੀ।

ہیر نوں پچھمیں دنیاں دکھاؤنی

اجے کم نے بہت ہی کرن والے، اک وار میں جلدی پھر جاونا جی
نالے کارخانہ ہے شروع کرنا، دو ہور دیشیں پھیرا پاونا جی
حالے چھٹیاں تاں کافی رہندیاں نے، نال ہیر نوں وی لے جاونا جی
دنیا پچھمیں دیشاں وچ کویں رہندی، اپنی دھی نوں جا دکھاونا جی

ہیر چائیں چائیں پیو نال تری پئی، چت چیتے نہ کدھر نوں اڑ چلی
دل دونے دیش دے وچ دھڑکدا سی، تقدیر اج کدھر نوں مڑ چلی
تنوں منوں تاں جڑی سی رانجھنے نال، قسمت ہیر دی ہجر نال جڑ چلی
کدی چک کہار لے جاندے سی، ہیر اڈن کھٹولے وچ اڑ چلی

ایل اے شہر

ڈھلی شام نوں ایل. اے. پھلائیٹ پہنچی، چوچک ہیر نوں اڈا دکھاندا جی
ہر منٹ دے بعد جہاز اترے، اینا ملک ایتھے آندا جاندا جی
شانت مہاساگر دے کنڈھے اپر، کیلیپھورنیا راج کہاندا جی
ڈزنی لینڈ تے ہولیوڈ ویکھنے نوں، ہر کسے دا دل ہی چاہندا جی

ایل اے شہر نوں دیکھ ہیر خوش ہوئی، سارا شہر اج ہی گھمنا چاہودی جی
چوچک آکھیا شہر ہے بڑا وڈا، اک نمبر سڑک اگے آندی جی
ستر میل سمندر دے نال چلدا، ایل اے شہر دی سمجھ نہ آندی جی
کنے جائز تے کنے ناجائز رہندے، گنتی کسے نوں ٹھیک نہ آندی جی

اگے چار سو پنج سی سڑک آ گئی، اسنوں دیکھ کے ہیر گھبراؤن لگی
چھ لائیناں وچ اک پاسے جان گڈیاں، کاراں گنے حساب لگاؤن لگی
لکھاں موٹراں سڑک تے جاندیاں سی، گندی گندی پھر گنتی بھلاؤن لگی
شیشہ کھولیا کار دا بٹن نپ کے، سیتل ہوا سمندر دی آؤن لگی

ਇੱਕ ਸੌ ਇੱਕ ਨੰਬਰ ਸੜਕ ਆਈ ਅੱਗਿਓਂ, ਭੀੜ ਕਾਰਾਂ ਦੀ ਹੋਰ ਵੀ ਵੱਧ ਹੋ ਗਈ।
ਹੀਰ ਪੁੱਛਦੀ ਕਿੱਧਰ ਨੂੰ ਜਾਣ ਲੋਕੀਂ, ਇਹ ਤਾਂ ਹੱਦ ਤੋਂ ਵੀ ਕਿਤੇ ਵੱਧ ਹੋ ਗਈ।
ਵੱਡੀ ਜੰਗ ਤਾਂ ਨਹੀਂ ਕਿਤੇ ਛਿੜ ਗਈ ਸੂ, ਸ਼ਹਿਰ ਛੱਡਣ ਦੀ ਸੋਚ ਹੈ ਅੱਜ ਹੋ ਗਈ।
ਕਿਤੇ ਰੋਡਨੀ ਕਿੰਗ ਤਾਂ ਨਹੀਂ ਕੁੱਟਿਆ, ਸਾਰੇ ਸ਼ਹਿਰ ਵਿੱਚ ਭੜਕਦੀ ਅੱਗ ਹੋ ਗਈ।

ਵੈਲੀ ਲੰਘਦਿਆਂ ਸਾਰ ਪਹਾੜ ਆ ਗਏ, ਉੱਚੀ-ਨੀਵੀਂ ਸੜਕ ਪੈਲਾਂ ਪਾਂਵਦੀ ਜੀ।
ਕਾਰਾਂ ਦੀਆਂ ਲਾਈਟਾ ਦਿੱਸਣ ਦੂਰ ਤੀਕਰ, ਜਿਵੇਂ ਫੌਜ ਕੋਈ ਜੰਗ ਨੂੰ ਜਾਂਵਦੀ ਜੀ।
ਏਨੇ ਚਿਰ ਨੂੰ ਸੜਕ ਪਹਾੜ ਉੱਤੋਂ, ਇੱਕ ਡੂੰਘੀ ਛਲਾਂਗ ਲਗਾਂਵਦੀ ਜੀ।
ਜਿਵੇਂ ਰਾਤ ਦੀਵਾਲੀ ਨੂੰ ਜਗਣ ਬੱਤੀਆਂ, ਏਦਾਂ ਚਮਕਦੀ ਨਗਰੀ ਨਜ਼ਰ ਆਂਵਦੀ ਜੀ।

ਵੈਨਚੂਰਾ ਸ਼ਹਿਰ

ਅੱਧੀ ਰਾਤ ਲਗਭਗ ਉਦੋਂ ਹੋ ਗਈ ਸੀ, ਜਦੋਂ ਸ਼ਹਿਰ ਵੈਨਚੂਰਾ ਆਇਆ ਸੂ।
ਤਾਕੀ ਖੋਲ੍ਹ ਚੁਬਾਰੇ 'ਚੋਂ ਨਜ਼ਰ ਮਾਰੀ, ਸਾਖ਼ਸ਼ਾਤ ਸਵਰਗ ਨਜ਼ਰੀਂ ਆਇਆ ਸੂ।
ਸਾਰਾ ਸ਼ਹਿਰ ਪਹਾੜ ਦੀ ਰੇੜ੍ਹ ਉੱਤੇ, ਵਿਹਲੇ ਬੈਠ ਕਿਸੇ ਨੇ ਬਣਾਇਆ ਸੂ।
ਤਿੰਨ ਪਾਸੇ ਪਹਾੜ ਚੌਥੇ ਪਾਸੇ ਸਾਗਰ, ਢਾਕੇ ਬਾਲ ਮੁਟਿਆਰ ਨੇ ਲਾਇਆ ਸੂ।

ਚਾਚਾ ਹੀਰ ਦਾ ਏਨੇ ਨੂੰ ਬਾਰ ਵਿੱਚੋਂ, ਮਹਿਕ ਮਾਰਦਾ ਦਾਰੂ ਦੀ ਆਇਆ ਸੂ।
ਹੀਰ ਉੱਠ ਕੇ ਅਤੇ ਅਗਾਂਹ ਹੋ ਕੇ, ਝੁਕ ਦੁਆ ਸਲਾਮ ਬੁਲਾਇਆ ਸੂ।
ਸਾਹ ਘੁੱਟ ਕੇ ਮੁੱਛਾਂ ਨੂੰ ਪੂੰਜ ਕਰਕੇ, ਕੈਦੋਂ ਚੂਚਕ ਦੇ ਗੋਡੀਂ ਹੱਥ ਲਾਇਆ ਸੂ।
ਖੁਸ਼ੀ ਵਿੱਚ ਸੀ ਫਿਰਦਾ ਘੁਮਾਓਂ ਭੀੜਾ, ਚੂਚਕ ਨਾਲ ਗਲਾਸ ਟਕਰਾਇਆ ਸੂ।

ਅਗਲੇ ਦਿਨ ਸਵੇਰੇ ਸੈਰ ਖਾਤਰ, ਚੂਚਕ ਹੀਰ ਨੂੰ ਸਾਗਰ 'ਤੇ ਲਿਆਇਆ ਜੀ।
ਫੁੱਟ ਪਾਥ ਸਮੁੰਦਰ ਦੇ ਕੰਢੇ-ਕੰਢੇ, ਦੂਰ ਤੱਕ ਚੱਕਰ ਲਵਾਇਆ ਜੀ।
ਦੂਰ ਵਿੱਚ ਸਮੁੰਦਰ ਦੇ ਜਾਂਵਦਾ ਜੋ, ਇਕ ਲੱਕਤ ਦਾ ਪੁਲ਼ ਦਿਖਾਇਆ ਜੀ।
ਰੈਸਟੂਰੈਂਟ ਸਮੁੰਦਰ ਦੇ ਵਿੱਚ ਬਣਿਆ, ਜਿੱਥੇ ਹੀਰ ਨੂੰ ਭੋਜਨ ਛਕਾਇਆ ਜੀ।

ਫਿਰ ਮੈਰੀਨਾ ਬੀਚ 'ਤੇ ਲੈ ਗਿਆ ਜੀ, ਬੇੜੇ, ਕਿਸ਼ਤੀਆਂ ਕਈ ਹਜ਼ਾਰ ਜਿੱਥੇ।
ਕਟਾਲੀਨ ਟਾਪੂ 'ਤੇ ਜਾਣ ਦੇ ਲਈ, ਕਈ ਬੇੜੀਆਂ ਹੈ ਸੀ ਤਿਆਰ ਜਿੱਥੇ।

اک سو اک نمبر سڑک آئی اگیوں، بھیڑ کاراں دی ہور وی ودھ ہو گئی
ہیر پچھدی کدھر نوں جان لوکیں، ایہہ تاں حد توں وی کتے ودھ ہو گئی
وڈی جنگ تاں نہیں کتے چھڑ گئی سو، شہر چھڈن دی سوچ ہے اج ہو گئی
کتے روڈنی کنگ تاں نہیں کٹیا، سارے شہر وچ بھڑکدی اگ ہو گئی

ویلی لنگھدیاں سار پہاڑ آ گئے، اچی نیویں سڑک پیلاں پاندی جی
کاراں دیاں لائیٹا دسن دور تیکر، جویں فوج کوئی جنگ نوں جاندی جی
اپنے چر نوں سڑک پہاڑ اتوں، اک ڈونگھی چھلانگ لگاندی جی
جویں رات دیوالی نوں جگن بتیاں، ایداں چمکدی نگری نظر آندی جی

وینچورا شہر

ادھی رات لگ بھگ ادوں ہو گئی سی، جدوں شہر وینچورا آیا سو
طاقی کھولھ چوبارے 'چوں نظر ماری، ساخشات سورگ نظریں آیا سو
سارا شہر پہاڑ دی ریڑھ اتے، وچلے بیٹھ کسے نے بنایا سو
تن پاسے پہاڑ چوتھے پاسے ساگر، ڈھاکے بال مٹیار نے لایا سو

چاچا ہیر دا اپنے نوں بار وچوں، مہک ماردا دارو دی آیا سو
ہیر اٹھ کے اتے اگانھ ہو کے، جھک دعا سلام بلایا سو
ساہ گھٹ کے مچھاں نوں پونچ کرکے، قیدوں چوچک دے گوڈیں ہتھ لایا سو
خوشی وچ سی پھردا گھماؤں بھیڑا، چوچک نال گلاس ٹکرایا سو

اگلے دن سویرے شیر خاطر، چوچک ہیر نوں ساگر تے لیایا جی
فٹ پاتھ سمندر دے کنڈھے کنڈھے، دور تک چکر لوایا جی
دور وچ سمندر دے جاندا جو، اک لکڑ دا پل دکھایا جی
ریسٹورینٹ سمندر دے وچ بنیا، جتھے ہیر نوں بھوجن چھکایا جی

پھر میرینا بیچ تے لے گیا جی، بیڑے، کشتیاں کئی ہزار جتھے
کٹالین ٹاپو تے جان دے لئی، کئی بیڑیاں ہے سی تیار جتھے

ਕੋਈ ਰੁਰੇ ਕਿਸ਼ਤੀ ਕੋਈ ਪਰਤ ਆਵੇ, ਚੱਕਰ ਲਾਉਂਦੀਆਂ ਸੀ ਵਾਰੋ-ਵਾਰ ਜਿੱਥੇ।
ਦੂਰੋਂ ਦੇਖਿਆਂ ਕਿਸ਼ਤੀਆਂ ਇਓਂ ਲੱਗਣ, ਫਿਰੇ ਤੈਰਦੀ ਬੱਤਕਾਂ ਦੀ ਡਾਰ ਜਿੱਥੇ।

ਹੀਰ ਸੰਗਤਰੇ, ਮਾਲਟੇ ਦੇਖਦੀ ਹੈ, ਨਿੰਬੂ, ਕਿੰਨੂਆਂ ਵਾਂਗ ਮੋਟੇ ਲੱਗਦੇ ਨੇ।
ਭਰੇ ਪਏ ਫਲਾਂ ਦੇ ਨਾਲ ਬੂਟੇ, ਪੱਤੇ ਘੱਟ ਤੇ ਫਲ ਵੱਧ ਲੱਗਦੇ ਨੇ।
ਹਰ ਤਰਾਂ ਦੀਆਂ ਸਬਜ਼ੀਆਂ ਬੀਜੀਆਂ ਸੂ, ਖੇਤ ਬਿਲਕੁਲ ਪੰਜਾਬ ਦੇ ਲੱਗਦੇ ਨੇ।
ਬੜੇ ਫੁੱਲ ਪਹਾੜਾਂ ਤੇ ਖਿੜੇ ਦਿਸਦੇ, ਆਵਾਗਾਉਣ ਉੱਗੇ ਵੀ ਉਹ ਫੱਬਦੇ ਨੇਂ।

ਅੱਧੀ ਅਮਰੀਕਾ ਦਾ ਚੱਕਰ

ਕੁੱਝ ਦਿਨਾਂ ਦੇ ਵਿੱਚ ਹੀ ਚੂਚਕੇ ਨੇ, ਅੱਧੀ ਅਮਰੀਕਾ ਵਿੱਚ ਗੇੜਾ ਲਾ ਦਿੱਤਾ।
ਗਰੈਂਡ ਕੈਨੀਅਨ, ਰੌਕੀ ਪਹਾੜ ਘੁੰਮੇ, ਗੋਲਡਨ ਗੇਟ ਪੁਲ਼ ਜਾ ਕੇ ਦਿਖਾ ਦਿੱਤਾ।
ਲੇਕ ਟਾਹੋ, ਰੀਨੋ, ਲਾਫ਼ਲੀਨ ਘੁੰਮਿਆ, ਲਾਸਵੇਗਸ ਵੀ ਚੱਕਰ ਲਵਾ ਦਿੱਤਾ।
ਜੂਆ ਖੇਡਦਾ ਸਾਰਾ ਜਹਾਨ ਜਿੱਥੇ, ਜੈਕਪੋਟ ਵੀ ਖੇਲਣ ਸਿਖਾ ਦਿੱਤਾ।

ਹੀਰ ਦਾ ਵੈਨਚੂਰਾ ਕਾਲਜ ਲੱਗਣਾ

ਘਰ ਆ ਚੂਚਕ ਨੇ ਗੱਲ ਕੀਤੀ, ਪੜ੍ਹਨ ਹੀਰ ਨੂੰ ਵੈਨਚੂਰਾ ਪਾ ਦੇਣਾ।
ਕਾਰਖਾਨੇ ਦਾ ਸਾਰਾ ਹਿਸਾਬ ਰੱਖੂ, ਵਿੱਚ ਹੀਰ ਦਾ ਦਫ਼ਤਰ ਬਣਾ ਦੇਣਾ।
ਹੀਰ ਆਖਦੀ ਪੜ੍ਹੂੰ ਜਲੰਧਰ ਹੀ ਮੈਂ, ਮੈਂ ਨਾ ਰਾਂਝਣੇ ਤਾਈਂ ਭੁਲਾ ਦੇਣਾ।
ਚੂਚਕ ਆਖਦਾ ਫ਼ਿਕਰ ਨਾ ਕਰੀਂ ਕੁੜੀਏ, ਤੇਰਾ ਰਾਂਝਾ ਮੈਂ ਏਧਰ ਮੰਗਵਾ ਦੇਣਾ।

ਕਰ ਹੀਰ ਭਰੋਸਾ ਆਪਣੇ ਬਾਪ ਉੱਪਰ, ਹੁਣ ਵੈਨਚੂਰਾ ਕਾਲਜ ਵਿੱਚ ਜਾਣ ਲੱਗੀ।
ਕਦੋਂ ਮਿਲੂਗਾ ਆਣ ਕੇ ਪਿਆਰ ਮੇਰਾ, ਦਿਨੇ ਰਾਤ ਸੀ ਔਸੀਆਂ ਪਾਣ ਲੱਗੀ।
ਸੋਹਣਾ ਲੱਗਦਾ ਕਦੇ ਮਾਹੌਲ ਏਥੇ, ਕਦੇ ਸੋਚ ਕੇ ਹੀਰ ਘਬਰਾਉਣ ਲੱਗੀ।
ਕਦੋਂ ਮਿਲੂਗਾ ਰਾਂਝਣਾ ਯਾਰ ਆ ਕੇ, ਮਨੋ-ਮਨ ਕਿਆਫ਼ੇ ਲਗਾਉਣ ਲੱਗੀ।

کوئی ترے کشتی کوئی پرت آوے، چکر لاؤندیاں سی وارو وارو جتھے
دوروں دیکھیاں کشتیاں اوں لگن، پھرے تیرتی بتکاں دی ڈار جتھے

ہیر سنگترے، مالٹے دیکھدی ہے، نمبو، کنوآں وانگ موٹے لگدے نے
بھرے پئے پھلاں دے نال بوٹے، پتے گھٹ تے پھل ودھ لگدے نے
ہر طرحاں دیاں سبزیاں بیجیاں سو، کھیت بالکل پنجاب دے لگدے نے
بڑے پھل پہاڑاں تے کھڑے دسدے، آواگاؤن اگے وی اوہ پھبدے نیں

ادھی امریکہ دا چکر

کجھ دناں دے وچ ہی چوچکے نے، ادھی امریکہ وچ گیڑا لا دتا
گرینڈ کینیئن، روکی پہاڑ گھمے، گولڈن گیٹ پل جا کے دکھا دتا
لیک ٹاہو، رینو، لافلین گھمیا، لاسویگس وی چکر لوا دتا
جوآ کھیڈدا سارا جہان جتھے، جیکپوٹ وی کھیلن سکھا دتا

ہیر دا وینچورا کالج لگنا

گھر آ چوچک نے گل کیتی، پڑھن ہیر نوں وینچورا پا دینا
کارخانے دا سارا حساب رکھو، وچ ہیر دا دفتر بنا دینا
ہیر آکھدی پڑوں جالندھر ہی میں، میں نہ رانجھنے تائیں بھلا دینا
چوچک آکھدا فکر نہ کریں کڑیے، تیرا رانجھا میں ایدھر منگوا دینا

کر ہیر بھروسہ اپنے باپ اپر، ہن وینچورا کالج وچ جان لگی
کدوں ملوگا آن کے پیار میرا، دنے رات سی اوسیاں پان لگی
سوہنا لگدا کدے ماحول ایتھے، کدے سوچ کے ہیر گھبراؤن لگی
کدوں ملوگا رانجھنا یار آ کے، منو منو قیافے لگاؤن لگی

ਕੈਦੋਂ ਰੋਜ਼ ਭਤੀਜੀ ਨੂੰ ਛੱਡ ਆਉਂਦਾ, ਛੁੱਟੀ ਹੋਣ ਤੇ ਵਾਪਿਸ ਲੈ ਜਾਂਵਦਾ ਜੀ।
ਕਿਸੇ ਕੰਮ ਜੇ ਓਧਰੋਂ ਦੀ ਲੰਘੇ, ਇੱਕ ਹੋਰ ਗੇੜਾ ਕਾਲਜ ਲਾਂਵਦਾ ਜੀ।
ਗੋਰੇ, ਕਾਲੇ, ਮਸੀਕੇ, ਹੈਲੋ-ਹੈਲੋ ਕਰਦੇ, ਸਾਰਾ ਕਾਲਜ ਹੀ ਹੀਰ ਨੂੰ ਚਾਂਵਦਾ ਜੀ।
ਹੀਰ ਜਿੰਨੀ ਸੁਨੱਖੀ ਨਾ ਕੁੜੀ ਕੋਈ, ਰੂਪ ਮਨ ਮੋਹਣਾ ਸਭ ਨੂੰ ਭਾਂਵਦਾ ਜੀ।

ਸਹਿਤੀ ਏਸੇ ਹੀ ਕਾਲਜ ਦੇ ਵਿੱਚ ਪੜ੍ਹਦੀ, ਕਹਿੰਦੇ ਚੰਗੇ ਅਮੀਰ ਦੀ ਧੀ ਯਾਰੋ।
ਖੇੜੇ ਜੱਟ ਪੰਜਾਬੀ ਦੀ ਕੁੜੀ ਹੈ ਸੀ, ਆਪਣੇ ਬਾਪ ਦੀ ਲਾਡਲੀ ਸੀ ਯਾਰੋ।
ਹੈ ਸੀ ਰੱਜ ਕੇ ਕੁੜੀ ਦਲੇਰ ਉਹ ਤਾਂ, ਨਾਲੇ ਪੁੱਜ ਕੇ ਸੁੰਦਰ ਵੀ ਸੀ ਯਾਰੋ।
ਕੈਲੇਫੋਰਨੀਆਂ ਕੂਲਰ ਤੇ ਵਾਈਨ ਬੀਅਰ, ਬੜੇ ਸੌਕ ਨਾ' ਲੈਂਦੀ ਸੀ ਪੀ ਯਾਰੋ।

ਹੀਰ ਦਾ ਸੈਦੇ ਨੂੰ ਮਿਲਣਾ

ਬੜੇ ਚਿਰਾਂ ਦਾ ਵੈਨਚੂਰਾ ਵਿੱਚ ਰਹਿੰਦਾ, ਸਾਰਾ ਸ਼ਹਿਰ ਹੀ ਕੈਦੋਂ ਨੂੰ ਜਾਣਦਾ ਸੀ।
ਓਧਰ ਖੇੜਾ ਵੀ ਬੜਾ ਮਸ਼ਹੂਰ ਬੰਦਾ, ਸਾਰਾ ਮੁਲਕ ਉਸਨੂੰ ਪਹਿਚਾਣਦਾ ਸੀ।
ਛੜਾ-ਛਾਂਟ ਕੈਦੋਂ ਫਿਰੇ ਮੌਜ ਕਰਦਾ, ਫ਼ਿਕਰ ਸੀ ਤਾਂ ਆਪਣੀ ਜਾਨ ਦਾ ਸੀ।
ਸੈਦਾ ਅੱਖਾਂ ਦਾ ਡਾਕਟਰ ਨਵਾਂ ਬਣਿਆਂ, ਕੰਮ ਸੈਦੇ ਦਾ ਐਨਕਾਂ ਲਾਣ ਦਾ ਸੀ।

ਰਤਕ ਅੱਖ ਵਿੱਚ ਹੀਰ ਦੇ ਪਈ ਇੱਕ ਦਿਨ, ਕੈਦੋਂ ਹੀਰ ਦੀ ਅੱਖ ਦਿਖਾਉਣ ਲੈ ਗਿਆ।
ਅੰਦਰ ਘੱਲਿਆ ਅੱਖ ਦਿਖਾਉਣ ਖਾਤਰ, ਹੀਰ ਗਈ ਅੰਦਰ ਕੈਦੋਂ ਬਾਹਰ ਬਹਿ ਗਿਆ।
ਐਨੀ ਸੋਹਣੀ ਕੁੜੀ ਕਿੰਦਾਂ ਹੋ ਸਕਦੀ, ਸੈਦਾ ਦੇਖ ਕੇ, ਦੇਖਦਾ ਹੀ ਰਹਿ ਗਿਆ।
ਡਾਕਟਰ ਬਾਹਰ ਤੱਕ ਹੀਰ ਦੇ ਨਾਲ ਆਇਆ, ਨਾਲੇ ਚਾਚੇ ਨੂੰ ਦੁਆ ਸਲਾਮ ਕਹਿ ਗਿਆ।

ਘਰ ਜਾ ਕੇ ਸੈਦੇ ਨੇ ਗੱਲ ਕੀਤੀ, ਕੈਦੋਂ ਚਾਚਾ ਕਲੀਨਕ ਵਿੱਚ ਆਇਆ ਸੂ।
ਨਾਲ ਪਰੀਆਂ ਤੋਂ ਸੋਹਣੀ ਸੀ ਕੁੜੀ ਉਸਦੇ, ਹੀਰ ਆਖ ਕੇ ਚਾਚੇ ਬਲਾਇਆ ਸੂ।
ਅੱਖਾਂ ਵਿੱਚ ਸਮੁੰਦਰ ਦੀ ਹਵਾ ਪੈ ਗਈ, ਕੋਈ ਖ਼ਾਸ ਨਾ ਨੁਕਸ ਬਿਆਇਆ ਸੂ।
ਲੇਕਿਨ ਮੇਰੀਆਂ ਅੱਖਾਂ ਨੂੰ ਦੇਖਦੇ ਹੀ, ਹੀਰ ਬਹੁਤ ਵੱਡਾ ਰੋਗ ਲਾਇਆ ਸੂ।

قیدوں روز بھتیجی نوں چھڈ آؤندا، چھٹی ہون تے واپس لے جانوندا جی
کسے کم جے اودھروں دی لنگھے، اک ہور گیڑا کالج لانوندا جی
گورے، کالے، مسیکے، ہیلو ہیلو کردے، سارا کالج ہی ہیر نوں چانوھدا جی
ہیر جنی سنکھی نہ کڑی کوئی، روپ من موہنا سبھ نوں بھانوندا جی

سہتی ایسے ہی کالج دے وچ پڑھدی، کہندے چنگے امیر دی دھی یارو
کھیڑے جٹ پنجابی دی کڑی ہے سی، اپنے باپ دی لاڈلی سی یارو
ہے سی رج کے کڑی دلیر اوہ تاں، نالے پچ کے سندر وی سی یارو
کیلیفورنیاں کولر تے وائین بیئر، بڑے شوق نہٰ لیندی سی پی یارو

ہیر دا سیدے نوں ملنا

بڑے چراں دا وینچورا وچ رہندا، سارا شہر ہی قیدوں نوں جاندا سی
اودھر کھیڑا وی بڑا مشہور بندہ، سارا ملک اسنوں پہچاندا سی
چھڑا چھانٹ قیدوں پھرے موج کردا، فکر سی تاں اپنی جان دا سی
سیدا اکھاں دا ڈاکٹر نواں بنیاں، کم سیدے دا عینکاں لان دا سی

رڑک اکھ وچ ہیر دے پئی اک دن، قیدوں ہیر دی اکھ دکھاؤن لے گیا
اندر گھلیا اکھ دکھاؤن خاطر، ہیر گئی اندر قیدوں باہر بہہ گیا
عینی سوہنی کڑی کداں ہو سکدی، سیدا دیکھ کے، دیکھدا ہی رہ گیا
ڈاکٹر باہر تک ہیر دے نال آیا، نالے چاچے نوں دعا سلام کہہ گیا

گھر جا کے سیدے نے گل کیتی، قیدوں چاچا کلینک وچ آیا سو
نال پریاں توں سوہنی سی کڑی اسدے، ہیر آکھ کے چاچے بلایا سو
اکھاں وچ سمندر دی ہوا پے گئی، کوئی خاص نہ نقص تھیایا سو
لیکن میریاں اکھاں نوں دیکھدے ہی، ہیر بہت وڈا روگ لایا سو

ਕੈਦੋਂ ਤੋਂ ਖੇੜਿਆਂ ਦਾ ਰਿਸ਼ਤਾ ਮੰਗਣਾ

ਕੈਦੋਂ ਚਾਚੇ ਨੂੰ ਇੱਕ ਦਿਨ ਖੇੜਿਆਂ ਨੇ, ਖਾਣਾ ਖਾਣ ਲਈ ਘਰੇ ਬੁਲਾਇਆ ਜੀ।
ਖਾਣ-ਪੀਣ ਦਾ ਬੜਾ ਸ਼ੌਕੀਨ ਚਾਚਾ, ਘੁੱਟ ਲਾ ਟੈਕਸੀ ਵਿੱਚ ਆਇਆ ਜੀ।
ਮੁਰਗਾ, ਮੱਛੀ, ਮੀਟ ਬਣਾਏ ਤਾਜ਼ੇ, ਖੇੜੇ ਕੈਦੋਂ ਨੂੰ ਪੈਗ ਲਵਾਇਆ ਜੀ।
ਹੋ ਸਕੇ ਤਾਂ ਆਪਾਂ ਰਿਸ਼ਤੇਦਾਰ ਬਣੀਏਂ, ਖੇੜੇ ਕੈਦੋਂ ਨੂੰ ਆਖ ਸੁਣਾਇਆ ਜੀ।

ਕੈਦੋਂ ਚੂਚਕ ਦੇ ਨਾਲ ਜਾ ਗੱਲ ਕੀਤੀ, ਰਿਸ਼ਤਾ ਬੜਾ ਵਧੀਆ ਇੱਕ ਆਇਆ ਨੇ।
ਮੁੰਡਾ ਡਾਕਟਰ ਬਾਪ ਦਾ ਕੰਮ ਵਧੀਆ, ਸਾਰੀ ਉਮਰ ਪੰਜਾਬੀ ਕਹਾਇਆ ਨੇ।
ਚੂਚਕ ਆਖਦਾ ਸਹਿਜ ਦੇ ਨਾਲ ਗੱਲ ਕਰ, ਓਧਰ ਹੀਰ ਨੇ ਵੀ ਕੰਨ ਲਾਇਆ ਨੇ।
ਪੈਣੀ ਸੋਚ ਕੇ ਕਰਨੀ ਹੈ ਗੱਲ ਮੈਨੂੰ, ਨੇਹੋਂ ਹੀਰ ਨੇ ਰਾਂਝੇ ਨਾ' ਲਾਇਆ ਨੇ।

ਹੀਰ ਦੇ ਕਾਗਜ਼ ਬਣਾਉਣੇ

ਚੂਚਕ ਆਖਿਆ ਹੀਰ ਨੂੰ ਸੁਣੀ ਬੇਟਾ! ਕਾਗਜ਼ ਪੱਕੇ ਹੁਣ ਤੇਰੇ ਬਣਾਵਣੇ ਨੇ।
ਨਕਲੀ ਸ਼ਾਦੀ ਦਾ ਢੌਂਗ ਰਚਾ ਕੇ ਹੁਣ, ਕਿਸੇ ਕੌਲੋਂ ਦਸਤਖ਼ਤ ਕਰਵਾਵਣੇ ਨੇ।
ਤੇਰੇ ਰਾਂਝੇ ਦੇ ਕਾਗਜ਼ ਬਣਾਏ ਸਾਰੇ, ਕੱਲ ਨੂੰ ਡਾਕ ਦੇ ਵਿੱਚ ਘਲਾਵਣੇ ਨੇ।
ਨਕਲੀ ਵਿਆਹ ਰਾਂਝੇ ਦਾ ਵੀ ਕਰਨਾ, ਏਸੇ ਤਰਾਂ ਹੀ ਕੰਮ ਸੂਤ ਆਵਣੇ ਨੇ।

ਹੀਰ ਦੇ ਮਨ ਵਿੱਚ ਕਦੇ ਨਾ ਇਹ ਆਇਆ , ਬਾਪ ਉਸਦਾ ਏਨਾ ਚਲਾਕ ਹੈ ਜੀ।
ਸ਼ੱਕ ਕਰੇ ਤੇ ਕਰੇ ਵੀ ਕਿਸ ਤਰ੍ਹਾਂ ਜੀ, ਇਸ ਤੋਂ ਨੇਤ ਦਾ ਹੋਰ ਨਾ ਸਾਕ ਹੈ ਜੀ।
ਝੂਠੇ ਕਦੇ ਨਾ ਏਥੋਂ ਤੱਕ ਪਹੁੰਚ ਸਕਦੇ, ਜਿੰਨੀ ਚੂਚਕ ਦੀ ਦੁਨੀਆ ਵਿੱਚ ਧਾਕ ਹੈ ਜੀ।
ਹੀਰ ਸੋਚਿਆ ਫ਼ਿਕਰਮੰਦ ਬਾਪ ਮੇਰਾ, ਉਸਦੀ ਨੀਤ ਪਵਿੱਤਰ ਤੇ ਪਾਕ ਹੈ ਜੀ।

ਸਾਰੇ ਲੋੜੀਂਦੇ ਕਾਗਜ਼ ਤਿਆਰ ਕਰਕੇ, ਹੀਰ ਸਾਹਮਣੇ ਚਿੱਠੀ ਵਿੱਚ ਪਾ ਦਿੱਤਾ।
ਹੀਰ ਸੋਚਦੀ ਰਾਂਝੇ ਨੇ ਆ ਜਾਣਾ, ਜ਼ੋਰ ਪੂਰਾ ਤਾਂ ਬਾਪੂ ਨੇ ਲਾ ਦਿੱਤਾ।
ਇੱਕ ਲਿਖੀ ਚਿੱਠੀ ਰਾਂਝੇ ਯਾਰ ਤਾਈਂ, ਦਿਲ ਖੋਲ੍ਹ ਕੇ ਕਾਗਜ਼ 'ਤੇ ਲਾ ਦਿੱਤਾ।
ਚਿੱਠੀ ਚੁੰਮ ਕੇ ਦਿਲ ਦੇ ਨਾਲ ਲਾ ਕੇ, ਦੋਨੇ ਦੇਸ਼ ਦੇ ਵੱਲ ਘਲਾ ਦਿੱਤਾ।

قیدوں توں کھیڑیاں دا رشتہ منگنا

قیدوں چاچے نوں اک دن کھیڑیاں نے، کھانا کھان لئی گھرے بلایا جی
کھان پین دا بڑا شوقین چاچا، گھٹ لا ٹیکسی وچ آیا جی
مرغا، مچھی، میٹ بنائے تازے، کھیڑے قیدوں نوں پیگ لوایا جی
ہو سکے تاں آپاں رشتے دار بنیئیں، کھیڑے قیدوں نوں آکھ سنایا جی

قیدوں چوچک دے نال جا گل کیتی، رشتہ بڑا ودھیا اک آیا نے
منڈا ڈاکٹر باپ دا کم ودھیا، ساری عمر پنجابی کہایا نے
چوچک آکھدا سہج دے نال گل کر، اودھر ہیر نے وی کن لایا نے
پینی سوچ کے کرنی ہے گل مینوں، نیہوں ہیر نے رانجھے نہ' لایا نے

ہیر دے کاغذ بناؤنے

چوچک آکھیا ہیر نوں سنی بیٹا! کاغذ پکے ہن تیرے بناونے نے
نقلی شادی دا ڈھونگ رچا کے ہن، کسے کولوں دستخط کروانے نے
تیرے رانجھے دے کاغذ بنائے سارے، کل نوں ڈاک دے وچ گھلاونے نے
نقلی ویاہ رانجھے دا وی کرنا، ایسے طرحاں ہی کم سوت آونے نے

ہیر دے من وچ کدے نہ ایہہ آیا ، باپ اسدا اینا چلاک ہے جی
شک کرے تے کرے وی کس طرحاں جی، اس توں نیڑ دا ہور نہ ساک ہے جی
جھوٹھے کدے نہ ایتھوں تک پہنچ سکدے، جنی چوچک دی دنیا وچ دھاک ہے جی
ہیر سوچیا فکرمند باپ میرا، اسدی نیت پوتر تے پاک ہے جی

سارے لوڑیندے کاغذ تیار کرکے، ہیر سامنے چٹھی وچ پا دتا
ہیر سوچدی رانجھے نے آ جانا، زور پورا تاں باپو نے لا دتا
اک لکھی چٹھی رانجھے یار تائیں، دل کھولھ کے کاغذ تے لا دتا
چٹھی چم کے دل دے نال لا کے، دونے دیش دے ول گھلا دتا

ਚਲਾਕੀ ਨਾਲ ਹੀਰ ਦਾ ਸਾਕ ਕਰਨਾ

ਸਾਕ ਖੇੜਿਆਂ ਦਾ ਚੂਚਕ ਨੇ ਮੰਨਿਆ, ਕੈਦੋਂ ਨਾਲ ਜਾ ਕੇ ਸ਼ਗਨ ਪਾ ਆਇਆ।
ਆਪਾਂ ਹੀਰ ਨੂੰ ਹਾਲੇ ਨਾ ਦੱਸਣਾ ਜੀ, ਚੰਗੀ ਤਰਾਂ ਸਭ ਕੁੱਝ ਸਮਝਾ ਆਇਆ।
ਚੈਨ, ਮੁੰਦਰੀ, ਕੜਾ ਤੇ ਘੜੀ ਪਾਈ, ਸਾਰੇ ਕੋੜਮੇ ਨੂੰ ਕਈ ਕੁੱਝ ਪਾ ਆਇਆ।
ਦਸ-ਪੰਦਰਾਂ ਟੋਕਰੇ ਫਲਾਂ ਦੇ ਵੀ, ਚੂਚਕ ਖੇੜਿਆਂ ਦੇ ਘਰ ਲਾਹ ਆਇਆ।

ਵਿਆਹ ਰਜਿਸਟਰ ਕਰਾਉਣ ਦੇ ਵਾਸਤੇ ਜੀ, ਹੀਰ ਤੇ ਸੈਦਾ ਦੋਵੇਂ ਆਏ ਨੇ ਜੀ।
ਲਾਲ ਫੁੱਲ ਵਟਾ ਕੇ, ਹਾਂ ਕਹਿ ਕੇ, ਸਾਰੇ ਕਾਗਜ਼ੀ ਕੰਮ ਮੁਕਾਏ ਨੇ ਜੀ।
ਮੁੰਡੇ ਕੁੜੀ ਦੇ ਬਾਪ ਗਵਾਹ ਬਣ ਗਏ, ਦੋਹਾਂ ਸਾਹਮਣੇ ਦਸਤਖ਼ਤ ਕਰਵਾਏ ਨੇ ਜੀ।
ਇਹ ਤਾਂ ਰੱਬ ਦੀਆਂ ਰੱਬ ਹੀ ਜਾਣਦਾ ਹੈ, ਕਿਹੜੇ ਦਿਨ ਇਹ ਰੱਬ ਨੇ ਦਿਖਾਏ ਨੇ ਜੀ।

ਰਾਂਝੇ ਨੂੰ ਹੀਰ ਦਾ ਖ਼ਤ ਮਿਲਣਾ

ਚਿੱਠੀ ਚੁੰਮ ਕੇ ਹਿੱਕ ਦੇ ਨਾਲ ਲਾਈ, ਰਾਂਝਾ ਹੀਰ ਦੀ ਲਿਖਤ ਪਛਾਣਦਾ ਜੀ।
ਚਿੱਠੀ ਖੋਲ੍ਹਦਾ ਹੀਰ ਨੂੰ ਯਾਦ ਕਰਦਾ, ਹੱਥ ਲਿਖਤ 'ਚੋਂ ਹੀਰ ਨੂੰ ਮਾਣਦਾ ਜੀ।
ਉਸਦੇ ਲਫ਼ਜ਼ਾਂ ਨੂੰ ਪੋਟਿਆਂ ਨਾਲ ਟੋਂਹਦਾ, ਹਰ ਲਫ਼ਜ਼ ਹੀ ਹੀਰ ਦੇ ਹਾਣ ਦਾ ਜੀ।
ਹੀਰ ਚਿੱਠੀ ਦੇ ਵਿੱਚੋਂ ਪ੍ਰਤੱਖ ਦਿਸਦੀ, ਲਾ ਟਿਕਟਕੀ ਹੀਰ ਸਿਆਣਦਾ ਜੀ।

ਲਿਖਿਆ ਹੀਰ ਨੇ ਰਾਂਝਿਆ ਮੁਆਫ਼ ਕਰਨਾ, ਤੈਨੂੰ ਬਿਨਾ ਦੱਸਿਆਂ ਚੜ੍ਹ ਆਈ ਏਧਰ।
ਗੱਲਾਂ-ਬਾਤਾਂ ਵਿੱਚ ਲੈ ਲਿਆ ਪਿਤਾ ਜੀ ਨੇ, ਕਾਲਜ ਵੈਨਚੂਰਾ ਪੜ੍ਹਨ ਨੂੰ ਪਾਈ ਏਧਰ।
ਕਦੇ ਸੋਚਿਆ ਨਹੀਂ ਸੀ ਹੋਊ ਏਦਾਂ, ਮੇਰੀ ਕਿਸਮਤ ਹੀ ਖਿੱਚ ਲਿਆਈ ਏਧਰ।
ਜਾਨ ਤੇਰੇ 'ਚ ਵੱਸਦੀ ਹੈ ਜਾਨ ਮੇਰੀ, ਐਵੇਂ ਜਿਸਮ ਨੂੰ ਚੁੱਕ ਲਿਆਈ ਏਧਰ।

ਰਾਹਦਾਰੀ ਘਲਾਈ ਹੈ ਅਸਾਂ ਤੈਨੂੰ, ਵੀਜ਼ਾ ਲੈ ਕੇ ਛੇਤੀ ਵੰਞ ਆਈਂ ਏਧਰ।
ਜਾਨ ਸੁੱਕਦੀ, ਮੁੱਕਦੀ ਜਾਏ ਮੇਰੀ, ਵੇ ਵੰਞ ਆਣ ਧਰਵਾਸ ਦਿਵਾਈਂ ਏਧਰ।
ਉੱਜੜੀ ਫਿਰੇ ਦੁਨੀਆ ਮੇਰੀ ਰਾਂਝਣਾ ਵੇ, ਦਰਸ਼ਨ ਦੇ ਕੇ ਫੇਰ ਵਸਾਈਂ ਏਧਰ।
ਰਾਹ ਦੇਖਦੀ ਹਾਂ ਤੇਰਾ ਦਿਨੇ ਰਾਤੀਂ, ਮੇਰੇ ਨੈਣਾਂ ਨੂੰ ਤ੍ਰਿਪਤ ਕਰਾਈਂ ਏਧਰ।

چلاکی نال ہیر دا ساک کرنا

ساک کھیڑیاں دا چوچک نے منیا، قیدوں نال جا کے شگن پا آیا
آپاں ہیر نوں حالے نہ دسنا جی، چنگی طرحاں سبھ کجھ سمجھا آیا
چین، مندری، کڑا تے گھڑی پائی، سارے کوڑھمے نوں کئی کجھ پا آیا
دس پندراں ٹوکرے پھلاں دے وی، چوچک کھیڑیاں دے گھر لاہ آیا

ویاہ رجسٹر کراؤن دے واسطے جی، ہیر تے سیدا دوویں آئے نے جی
لال پھل وٹا کے، ہاں کہہ کے، سارے کاغذی کم مکائے نے جی
منڈے کڑی دے باپ گواہ بن گئے، دویاں سامنے دستخط کروائے نے جی
ایہہ تاں رب دیاں رب ہی جاندا ہے، کیہڑے دن ایہہ رب نے دکھائے نے جی

رانجھے نوں ہیر دا خط ملنا

چٹھی چم کے ہک دے نال لائی، رانجھا ہیر دی لکھت پچھاندا جی
چٹھی کھولھدا ہیر نوں یاد کردا، ہتھ لکھت ’چوں ہیر نوں ماندا جی
اسدے لفظاں نوں پوٹیاں نال ٹونہدا، ہر لفظ ہی ہیر دے ہان دا جی
ہیر چٹھی دے وچوں پرتکھ دسدی، لا ٹکٹکی ہیر سیاندا جی

لکھیا ہیر نے رانجھیا معاف کرنا، تینوں بنا دسیاں چڑھ آئی ایدھر
گلاں باتاں وچ لے لیا پتا جی نے، کالج وینچورا پڑھن نوں پائی ایدھر
کدے سوچیا نہیں سی ہوؤ ایداں، میری قسمت ہی کھچ لیائی ایدھر
جان تیرے ’چ وسدی ہے جان میری، ایویں جسم نوں چک لیائی ایدھر

راہ داری گھلائی ہے اساں تینوں، ویزا لے کے چھیتی توں آئیں ایدھر
جان سکدی، مکدی جائے میری، وے توں آن دھرواس دوائیں ایدھر
اجڑی پھرے دنیا میری رانجھنا وے، درشن دے کے پھیر وسائیں ایدھر
راہ دیکھدی ہاں تیرا دنے راتیں، میرے نینہاں نوں ترپت کرائیں ایدھر

ਘੁੱਗ ਵੱਸਦਾ ਸ਼ਹਿਰ ਹੈ ਇਹ ਰਾਂਝਾ, ਤੇਰੇ ਬਿਨਾ ਲੇਕਿਨ ਬੀਆਬਾਨ ਹੈ ਜੀ।
ਜਦੋਂ ਸਾਗਰ ਦੀਆਂ ਛੱਲਾਂ ਦੀ ਸ਼ੁਕ ਸੁਣਦੀ, ਇਉਂ ਲੱਗੇ ਜਿਉਂ ਆਇਆ ਤੂਫ਼ਾਨ ਹੈ ਜੀ।
ਜਦੋਂ ਕੋਈ ਵੀ ਕਦਮ ਮੈਂ ਚੁੱਕਦੀ ਹਾਂ, ਮੈਨੂੰ ਜਾਪਦਾ ਮੇਰਾ ਇਮਤਿਹਾਨ ਹੈ ਜੀ।
ਤੇਰੀ ਹੀਰ ਤਾਂ ਤੇਰੀ ਹੀ ਰਹੂ ਰਾਂਝਾ, ਮੇਰਾ ਰਾਂਝਾ ਹੀ ਦੀਨ ਇਮਾਨ ਹੈ ਜੀ।

ਰਾਂਝੇ ਦਾ ਜਵਾਬ ਲਿਖਣਾ

ਰਾਂਝੇ ਲਿਖ ਜਵਾਬ ਸੀ ਤੁਰੰਤ ਘੱਲਿਆ, ਸਿਰਫ਼ ਹੀਰ ਹੀ ਰਾਂਝੇ ਦਾ ਸਾਹਸ ਹੈ ਜੀ।
ਹੀਰ ਰਾਂਝੇ ਵਿਚਾਲੇ ਬਸ! ਹੋਰ ਕੁੱਝ ਨਾ, ਇੱਕ ਵਿਸ਼ਵਾਸ, ਵਿਸ਼ਵਾਸ, ਵਿਸ਼ਵਾਸ ਹੈ ਜੀ।
ਚਿੰਤਾ ਨਾ ਕਰੀਂ ਮਿਲਾਂਗੇ ਤੁਰੰਤ ਆਪਾਂ, ਇੱਕੋ ਰੀਝ ਮੇਰੀ ਇੱਕੋ ਆਸ ਹੈ ਜੀ।
ਲੱਭ ਹੀਰ ਨੂੰ ਲਊ ਜਰੂਰ ਰਾਂਝਾ, ਕਿਤੇ ਕਿੰਡਾ ਕੁ ਧਰਤ, ਆਕਾਸ਼ ਹੈ ਜੀ।

ਜਦੋਂ ਮਰਜ਼ੀ ਮਹਿਸੂਸ ਕਰ ਲਵੀਂ ਹੀਰੇ, ਤੇਰਾ ਰਾਂਝਾ ਹਰ ਦਮ ਤੇਰੇ ਪਾਸ ਹੈ ਜੀ।
ਮੇਰੀ ਜਾਨ ਤਾਂ ਨਾਲ ਹੀ ਲੈ ਗਈ ਤੂੰ, ਆਹ ਜੋ ਤੁਰਿਆ ਫਿਰਦਾ ਸਿਰਫ਼ ਇਹ ਮਾਸ ਹੈ ਜੀ।
ਅੱਲਾ ਤਾਲਾ ਮਿਲਾਇਆ ਹੈ ਮੇਲ ਰੱਖੂ, ਮੇਰਾ ਰੱਬ 'ਤੇ ਪੂਰਣ ਵਿਸ਼ਵਾਸ ਹੈ ਜੀ।
ਧੌਲ ਧਰਮ ਦੇ ਸਿੰਙਾਂ 'ਤੇ ਖੜੀ ਧਰਤੀ, ਇੱਕੋ ਇਸ਼ਟ ਸਾਡਾ ਇੱਕੋ ਆਸ ਹੈ ਜੀ।

ਆਪਣੇ ਆਪ ਦਾ ਪੂਰਾ ਖ਼ਿਆਲ ਰੱਖੀਂ, ਵਕਤ ਨਾਲ ਸਭ ਪੀਵੀਂ ਤੇ ਖਾਈਂ ਹੀਰੇ।
ਜੇ ਕੋਈ ਧਰਮ ਅਸਥਾਨ ਹੈ ਆਸੇ-ਪਾਸੇ, ਮੱਥਾ ਟੇਕਣ ਜਰੂਰ ਤੂੰ ਜਾਈਂ ਹੀਰੇ।
ਮੇਰੇ ਵੱਲੋਂ ਵੀ ਕਰੀਂ ਅਰਦਾਸ ਜਾ ਕੇ, ਸੱਚੇ ਮਨੋਂ ਇਹ ਵਾਸਤਾ ਪਾਈਂ ਹੀਰੇ।
ਮਿਹਰ ਨਾਲ ਹੀ ਹੋਇਆ ਹੈ ਮੇਲ ਆਪਣਾ, ਮਿਹਰਾਂ ਵਾਲੇ ਦੀ ਮਿਹਰ ਕਰਾਈਂ ਹੀਰੇ।

ਰਾਂਝੇ ਨੂੰ ਵੀਜ਼ੇ ਤੋਂ ਇਨਕਾਰ

ਵੀਜ਼ਾ ਲੈਣ ਲਈ ਦਿੱਲੀ ਨੂੰ ਗਿਆ ਰਾਂਝਾ, ਇੱਕ ਮੰਤਰੀ ਵੀ ਉਸਨੇ ਨਾਲ ਖਤਿਆ।
ਐਸਾ ਕੰਮ ਕੋਈ ਕਦੇ ਵੀ ਨਹੀਂ ਹੋਇਆ, ਜਿਹਤਾ ਰਾਂਝੇ ਦੇ ਸਾਹਮਣੇ ਕਦੇ ਅਤਿਆ।
ਵੱਡੇ ਸਾਹਿਬ ਦੇ ਦਫ਼ਤਰ ਦੀ ਚਿੱਕ ਚੁੱਕੀ, ਸਿੱਧਾ ਦਫ਼ਤਰ ਦੇ ਵਿੱਚ ਆਣ ਵੜਿਆ।
ਪਿਉ-ਦਾਦੇ ਦੀ ਜਾਣ-ਪਛਾਣ ਏਨੀ, ਤਾਂ ਹੀ ਕੰਮ 'ਤੇ ਰਾਂਝਾ ਸੀ ਫਿਰੇ ਚੜਿਆ।

گھگ وسدا شہر ہے ایہہ رانجھا، تیرے بنا لیکن بیابان ہے جی
جدوں ساگر دیاں چھلاں دی شوک سندی، ایوں لگے جیوں آیا طوفان ہے جی
جدوں کوئی وی قدم میں چکدی ہاں، مینوں جاپدا میرا امتحان ہے جی
تیری ہیر تاں تیری ہی رہو رانجھا، میرا رانجھا ہی دین ایمان ہے جی

رانجھے دا جواب لکھنا

رانجھے لکھ جواب سی ترنت گھلیا، صرف ہیر ہی رانجھے دا ساہس ہے جی
ہیر رانجھے وچالے بس! ہور کجھ نہ، اک وشواس، وشواس، وشواس ہے جی
چنتا نہ کریں ملانگے ترنت آپاں، اکو ریجھ میری اکو آس ہے جی
لبھ ہیر نوں لؤ ضرور رانجھا، کتے کنّا کو دھرت، آکاش ہے جی

جدوں مرضی محسوس کر لویں ہیرے، تیرا رانجھا ہر دم تیرے پاس ہے جی
میری جان تاں نال ہی لے گئی توں، آہ جو تریا پھردا صرف ایہہ ماس ہے جی
اللہ تالا ملایا ہے میل رکھو، میرا رب تے پورن وشواس ہے جی
دھول دھرم دے سنناں تے کھڑی دھرتی، اکو اشٹ ساڈا اکو آس ہے جی

اپنے آپ دا پورا خیال رکھیں، وقت نال سبھ پیویں تے کھائیں ہیرے
جے کوئی دھرم استھان ہے آسے پاسے، متھا ٹیکن ضرور توں جائیں ہیرے
میرے ولوں وی کریں ارداس جا کے، سچے منوں ایہہ واسطہ پائیں ہیرے
مہر نال ہی ہویا ہے میل اپنا، مہراں والے دی مہر کرائیں ہیرے

رانجھے نوں ویزے توں انکار

ویزا لین لئی دلی نوں گیا رانجھا، اک منتری وی اسنے نال کھڑیا
ایسا کم کوئی کدے وی نہیں ہویا، جیہڑا رانجھے دے سامنے کدے اڑیا
وڈے صاحب دے دفتر دی چک چکی، سدھا دفتر دے وچ آن وڑیا
پیو دادے دی جان پچھان اینی، تاں ہی کم تے رانجھا سی پھرے چڑھیا

ਵੀਜ਼ਾ ਰਾਂਝੇ ਨੂੰ ਦੇਣ ਦੇ ਵਾਸਤੇ ਜੀ, ਵੱਡਾ ਸਾਹਿਬ ਨਾ ਹੋਇਆ ਤਿਆਰ ਹੈ ਜੀ।
ਤੁਰਨ-ਫਿਰਨ ਜਾਂਦੇ ਤੁਸੀਂ ਨਹੀਂ ਮੁਤਦੇ, ਕਰਨ ਲੱਗ ਜਾਂਦੇ ਕੰਮ ਕਾਰ ਹੈ ਜੀ।
ਜਾ ਕੇ ਦੇਖਣਾ ਤੁਸਾਂ ਨੇ ਕੁੱਝ ਵੀ ਨਾ, ਸਾਰੇ ਕਰਦੇ ਪੰਜਾਬੀ ਵਿਓਪਾਰ ਹੈ ਜੀ।
ਕਿਵੇਂ ਹੋਰ ਭਰੋਸਾ ਹੁਣ ਕਰੀ ਜਾਈਏ, ਸਾਰੇ ਪੰਜਾਬੀ ਕਰਦੇ ਖਵਾਰ ਹੈ ਜੀ।

ਪੁੱਤ ਚੌਧਰੀ ਦਾ ਰਾਂਝਾ ਨਾਮ ਮੇਰਾ, ਛੇਤੀ ਚੂਚਕ ਦਾ ਬਣਾ ਜਵਾਈ ਹੈ ਜੀ।
ਚੂਚਕ ਦੇਸ਼ ਵਿਦੇਸ਼ਾਂ ਵਿੱਚ ਕਰੇ ਬਿਜ਼ਨਸ, ਐਹ ਦੇਖ! ਉਸ ਰਾਹਦਾਰੀ ਪਾਈ ਹੈ ਜੀ।
ਹੱਥੀਂ ਲਿਖ ਕੇ ਹੀਰ ਨੇ ਆਪ ਮੈਨੂੰ, ਦੇਖੋ ਸਾਹਬ! ਇਹ ਚਿੱਠੀ ਘਲਾਈ ਹੈ ਜੀ।
ਬੈਂਕਾਂ ਵਿੱਚ ਹੈ ਕਈ ਕਰੋੜ ਸਾਡਾ, ਕਾਹਤੋਂ ਕਰੂੰ ਮੈਂ ਹੋਰ ਕਮਾਈ ਹੈ ਜੀ।

ਅਸੀਂ ਸੁਣਿਆਂ ਹੈ ਦੋਨੇ ਦੇ ਚੌਧਰੀ ਦਾ, ਵੱਡੇ-ਵੱਡੇ ਨੇ ਲੋਕ ਸਤਿਕਾਰ ਕਰਦੇ।
ਤੇਰੇ ਬਾਰੇ ਵੀ ਸੁਣਿਆਂ ਹੈ ਰਾਂਝਣਾ ਬਈ! ਬਹੁਤ ਲੋਕ ਨੇ ਤੈਨੂੰ ਪਿਆਰ ਕਰਦੇ।
ਚੰਗੀ ਤਰਾਂ ਚੂਕਕ ਨੂੰ ਵੀ ਜਾਣਦੇ ਹਾਂ, ਚੂਚਕ ਦੇਸ਼ ਵਿਦੇਸ਼ੀਂ ਵਿਓਪਾਰ ਕਰਦੇ।
ਧੀ ਚੂਚਕ ਦੀ ਵੀ ਨਹੀਂ ਮੁਤੀ ਜਾ ਕੇ, ਏਸੇ ਵਾਸਤੇ ਨਹੀਂ ਇਤਬਾਰ ਕਰਦੇ।

ਪਰਦੇਸਾਂ ਦੇ ਮਾਮਲੇ ਕੀ ਹੁੰਦੇ, ਸਿਰ ਪੈਣ ਤੇ ਰਾਂਝੇ ਨੂੰ ਸਮਝ ਆਈ।
ਜਲਦੀ ਜਾ ਮਿਲਣਾ ਆਪਣੀ ਹੀਰ ਤਾਈਂ, ਬੈਠਾ ਸੀ ਰਾਂਝਾ ਪੱਕੀ ਆਸ ਲਾਈ।
ਲੱਗੀ ਝੁਣਝੁਣੀ ਰਾਂਝੇ ਦੇ ਜਿਸਮ ਨੂੰ ਜੀ, ਪਹਿਲੀ ਵਾਰ ਸੀ ਕੱਚੀ ਕੁੱਲ ਆਈ।
ਲੂੰਈ ਕੰਡੇ ਖੜੇ ਸੀ ਓਸ ਦਿਨ ਤੋਂ, ਚਿੱਠੀ ਹੀਰ ਦੀ ਜਿਸ ਦਿਨ ਦੀ ਸੀ ਆਈ।

ਹੱਥ ਜੋੜ ਰਾਂਝਾ ਅਰਦਾਸ ਕਰਦਾ, ਰੱਬਾ ਰੂਹ ਕਲਬੂਤ ਵਿੱਚ ਪਾਇਓ ਜੀ।
ਮਿਲੇ ਬਿਨਾ ਨਾ ਮਨ ਨੂੰ ਚੈਨ ਮਿਲਣੀ, ਛੇਤੀ ਮਿਲਣ ਦੀ ਵਿਧ ਬਣਾਇਓ ਜੀ।
ਪੰਜਾਂ ਪੀਰਾਂ ਨੂੰ ਵੀ ਰਾਂਝਾ ਯਾਦ ਕਰਦਾ, ਫਸ ਗਈ ਗੱਡੀ ਧੱਕਾ ਲਾਇਓ ਜੀ।
ਸਤਿਗੁਰ ਸਾਹਮਣੇ ਖੜਾ ਅਰਦਾਸ ਕਰਦਾ, ਮਿਹਰਾਂ ਵਾਲੇ ਦੀ ਮਿਹਰ ਕਰਾਇਓ ਜੀ।

ਇੱਕ ਪਲ ਵੀ ਜੀਣਾ ਹਰਾਮ ਹੋਇਆ, ਕੀ ਦੱਸਾਂ ਮੈਂ ਵਸਲ ਏ ਯਾਰ ਬਾਝੋਂ।
ਚਿੱਤ ਕੁੱਝ ਵੀ ਕਰਨ ਨੂੰ ਨਹੀਂ ਕਰਦਾ, ਕੁੱਝ ਨਾ ਔਂਦਾ ਯਾਰ ਦੀਦਾਰ ਬਾਝੋਂ।
ਰਾਂਝੇ ਘੇਰ ਕੇ ਰੱਖਿਆ ਬੜਾ ਦਿਲ ਨੂੰ, ਬਨੂ ਗੱਲ ਜੀ ਖੱਜਲ ਖੁਆਰ ਬਾਝੋਂ।
ਕੋਈ ਜੀਣ ਦਾ ਅਰਥ ਹੀ ਨਹੀਂ ਬਣਦਾ, ਸੁਪਨਿਆਂ ਦੀ ਮਲਕਾ ਸੋਹਣੀ ਨਾਰ ਬਾਝੋਂ।

ویزا رانجھے نوں دین دے واسطے جی، وڈا صاحب نہ ہویا تیار ہے جی
ترن پھرن جاندے تسیں نہیں مڑدے، کرن لگ جاندے کم کار ہے جی
جا کے دیکھنا تساں نے کجھ وی نہ، سارے کردے پنجابی ویوپار ہے جی
کویں ہور بھروسہ ہن کری جائیے، سارے پنجابی کردے کھوار ہے جی

پت چودھری دا رانجھا نام میرا، چھیتی چوچک دا بنا جوائی ہے جی
چوچک دیش ودیشاں وچ کرے بزنس، ایہ دیکھا! اس راہ داری پائی ہے جی
ہتھیں لکھ کے ہیر نے آپ مینوں، دیکھو صاحب! ایہہ چٹھی گھلائی ہے جی
بینکاں وچ ہے کئی کروڑ ساڈا، کاہتوں کروں میں ہور کمائی ہے جی

اسیں سنیاں ہے دونے دے چودھری دا، وڈے وڈے نے لوک ستکار کردے
تیرے بارے وی سنیاں ہے رانجھنا بئی! بہت لوک نے تینوں پیار کردے
چنگی طرحاں چوکک نوں وی جاندے ہاں، چوچک دیش ودیشیں ویوپار کردے
دھی چوچک دی وی نہیں مڑی جا کے، ایسے واسطے نہیں اعتبار کردے

پردیساں دے معاملے کیہ ہوندے، سر پین تے رانجھے نوں سمجھ آئی
جلدی جا ملنا اپنی ہیر تائیں، بیٹھا سی رانجھا پکی آس لائی
لگی جھنجھنی رانجھے دے جسم نوں جی، پہلی وار سی کچی تریل آئی
لونئی کنڈے کھڑے سی اوس دن توں، چٹھی ہیر دی جس دن دی سی آئی

ہتھ جوڑ رانجھا ارداس کردا، ربا روح قلبوت وچ پائیو جی
ملے بنا نہ من نوں چین ملنی، چھیتی ملن دی وِدھ بنائیو جی
پنجاں پیراں نوں وی رانجھا یاد کردا، پھس گئی گڈی دھکہ لائیو جی
ستگور سامنے کھڑا ارداس کردا، مہراں والے دی مہر کرائیو جی

اک پل وی جینا حرام ہویا، کیہ دساں میں وصل لے یار باجھوں
چت کجھ وی کرن نوں نہیں کردا، کجھ نہ اوڑدا یار دیدار باجھوں
رانجھے گھیر کے رکھیا بڑا دل نوں، بنو گل جی کھجل خوار باجھوں
کوئی جین دا ارتھ ہی نہیں بندا، سپنیاں دی ملکہ سوہنی نعر باجھوں

ਪੰਜਾਂ ਸੱਤਾਂ ਏਜੰਟਾਂ ਨਾਲ ਗੱਲ ਕੀਤੀ, ਕਿਸੇ ਕੀਮਤ ਤੇ ਵੀਜ਼ਾ ਲਵਾ ਦਿਓ ਜੀ।
ਹਰ ਹਾਲਤ ਹੀ ਪਹੁੰਚਣਾ ਹੀਰ ਤਾਈਂ, ਕੋਈ ਚੰਗਾ ਜਿਹਾ ਚੱਕਰ ਚਲਾ ਦਿਓ ਜੀ।
ਗਾ ਗੋਰੀ ਲਵੇਰੀ ਗਵਾਚੀ ਮੇਰੀ, ਨਾਲ ਹੋ ਕੇ ਮੈਨੂੰ ਲਭਾ ਦਿਓ ਜੀ।
ਜਿੰਨਾ ਖਰਚ ਆਵੇ ਮੈਂ ਹੁਣੇ ਦੇਵਾਂ, ਇੱਕ ਵਾਰ ਬਸ! ਮੇਲ ਕਰਾ ਦਿਓ ਜੀ।

ਦੋ ਲੱਖ ਰੁਪਇਆ ਏਜੰਟ ਮੰਗਿਆ, ਨਗ਼ਦ ਉਦੋਂ ਹੀ ਰਾਂਝੇ ਫੜਾਇਆ ਜੀ।
ਕਹਿੰਦਾ ਘੰਟੇ ਵਿੱਚ ਕਿਸੇ ਨਾ' ਗੱਲ ਕਰਕੇ, ਬਸ! ਏਦਾਂ ਹੀ ਗਿਆ ਤੇ ਆਇਆ ਜੀ।
ਪਈਆਂ ਸ਼ਾਮਾਂ ਏਜੰਟ ਪਰ ਨਾ ਮੁੜਿਆ, ਸਾਰਾ ਦਿਨ ਉਡੀਕ ਗਵਾਇਆ ਜੀ।
ਕਿਸੇ ਆਣ ਦੱਸਿਆ ਉਹ ਤਾਂ ਫ਼ੁਰਰ ਹੋਇਆ, ਤੈਨੂੰ ਰਾਂਝਿਆ! ਉੱਲੂ ਬਣਾਇਆ ਜੀ।

ਪਹਿਲਾਂ ਕਦੇ ਨਾ ਦੇਈਏ ਏਜੰਟ ਨੂੰ ਕੁੱਝ, ਫਿਰੇ ਤੁਰੇ ਲੋਕਾਂ ਸਮਝਾਇਆ ਸੂ।
ਅਸਾ ਰੋਮ ਤੋਂ ਜਾ ਕੇ ਸਿਪ ਫੜਨਾ, ਵੀਜ਼ਾ ਇਟਲੀ ਦਾ ਅਸੀਂ ਲਵਾਇਆ ਸੂ।
ਸਿਪ ਰੋਮ ਤੋਂ ਵੈਰਾਕਰੂਸ ਜਾਂਦਾ, ਗਲਫ਼ ਮੈਕਸੀਕੋ ਰੂਟ ਬਣਾਇਆ ਸੂ।
ਅੱਗੋਂ ਲੈ ਦੇ ਕੇ ਲੋਕੀਂ ਪਹੁੰਚ ਜਾਂਦੇ, ਜਿਨ੍ਹਾਂ ਐਲ ਏ ਪਹੁੰਚਣਾ ਚਾਹਿਆ ਸੂ।

ਇਟਲੀ ਜਾਣ ਨੂੰ ਹੋਇਆ ਤਿਆਰ ਰਾਂਝਾ, ਕਾਗਜ਼ ਪੱਤਰ ਤਿਆਰ ਕਰਵਾ ਲਿਆ ਜੀ।
ਇੱਕ ਲੱਖ ਦੇ ਵਿੱਚ ਹੀ ਗੱਲ ਬਣ ਗਈ, ਵੀਜ਼ਾ ਇਟਲੀ ਦਾ ਰਾਂਝੇ ਲਵਾ ਲਿਆ ਜੀ।
ਖਤੇ ਪੈਰੂ ਫਿਰ ਐਰੋਫਲੋਟ ਫੜ ਕੇ, ਰਾਂਝਾ ਦਿੱਲੀ ਤੋਂ ਮਾਸਕੋ ਆ ਲਿਆ ਜੀ।
ਰੋਮ ਜਾਣ ਵਾਲੀ ਸੀ ਫਲਾਈਟ ਲੰਘੀ, ਰਾਤੀਂ ਮਾਸਕੋ ਹੀ ਡੇਰਾ ਲਾ ਲਿਆ ਜੀ।

ਖਾਣ-ਪੀਣ ਤੇ ਰਹਿਣ ਦਾ ਖਰਚ ਸਾਰਾ, ਜਹਾਜ਼ ਵਾਲਿਆਂ ਆਪੇ ਹੀ ਕੀਤਾ।
ਚੰਗਾ ਸਾਥ ਮਿਲਿਆ ਰੋਟੀ ਖਾਣ ਲੱਗਿਆਂ, ਸਮਾਂ ਮਾਸਕੋ ਵਿੱਚ ਵਧੀਆ ਸੀ ਬੀਤਾ।
ਕੁੜੀ ਨਾਰਵੇ ਦੀ ਚੱਲੀ ਇੰਡੀਆ ਨੂੰ, ਰਾਤ ਮਾਸਕੋ ਰਹਿਣ ਨੂੰ ਜੀ ਕੀਤਾ।
ਹੱਸ ਖੇਡ ਕੇ ਰਾਤ ਲੰਘਾਈ ਦੋਹਾਂ, ਜਾਣ ਲੱਗੀ ਨੇ ਬਾਏ-ਬਾਏ ਵੀ ਕੀਤਾ।

ਵੀਹ ਰੂਬਲ ਸਵਰਨੇ ਨੇ ਸੀ ਦਿੱਤੇ, ਰਾਂਝੇ ਸੋਚਿਆ ਮਾਸਕੋ ਖਰਚ ਜਾਵਾਂ।
ਬੋਤਲ ਵਾਈਨ ਦੀ ਲੈ ਲਈ ਮਾਸਕੋ ਤੋਂ, ਸੋਚੇ ਰਾਹ ਦੇ ਵਿੱਚ ਕਿਤੇ ਪੈਗ ਲਾਵਾਂ।
ਜਾਂਦੇ ਰੋਮ ਨੂੰ ਰਸਤੇ ਦੇ ਵਿੱਚ ਖੋਲ੍ਹੀ, ਰਾਂਝੇ ਸੋਚਿਆ ਪੀ ਕੇ ਸੌਂ ਜਾਵਾਂ।
ਨਾਲ ਬੰਗਲਾਦੇਸ਼ੀ ਸੀ ਇੱਕ ਬੈਠਾ, ਕਹਿੰਦਾ ਲਿਆ ਯਾਰਾ! ਮੈਂ ਵੀ ਘੁੱਟ ਲਾਵਾਂ।

ਪਜਾਂ ਸਤਾਂ ਏਜੰਟਾਂ ਨਾਲ ਗਲ ਕੀਤੀ, ਕਸੇ ਕੀਮਤ ਤੇ ਵੀਜ਼ਾ ਲਵਾ ਦਿਓ ਜੀ।
ਹਰ ਹਾਲਤ ਹੀ ਪਹੁੰਚਣਾ ਹੀਰ ਤਾਈਂ, ਕੋਈ ਚੰਗਾ ਜਿਹਾ ਚੱਕਰ ਚਲਾ ਦਿਓ ਜੀ।
ਗਾ ਗੋਰੀ ਲਵੇਰੀ ਗਵਾਚੀ ਮੇਰੀ, ਨਾਲ ਹੋ ਕੇ ਮੈਨੂੰ ਲਭਾ ਦਿਓ ਜੀ।
ਜਿੰਨਾ ਖਰਚ ਆਵੇ ਮੈਂ ਹੁਣੇ ਦੇਵਾਂ, ਇੱਕ ਵਾਰ ਬਸ! ਮੇਲ ਕਰਾ ਦਿਓ ਜੀ।

ਦੋ ਲੱਖ ਰੁਪਇਆ ਏਜੰਟ ਮੰਗਿਆ, ਨਗ਼ਦ ਉਦੋਂ ਹੀ ਰਾਂਝੇ ਫੜਾਇਆ ਜੀ।
ਕਹਿੰਦਾ ਘੰਟੇ ਵਿੱਚ ਕਿਸੇ ਨਾ' ਗੱਲ ਕਰਕੇ, ਬਸ! ਏਦਾਂ ਹੀ ਗਿਆ ਤੇ ਆਇਆ ਜੀ।
ਪਈਆਂ ਸ਼ਾਮਾਂ ਏਜੰਟ ਪਰ ਨਾ ਮੁੜਿਆ, ਸਾਰਾ ਦਿਨ ਉਡੀਕ ਗਵਾਇਆ ਜੀ।
ਕਿਸੇ ਆਣ ਦੱਸਿਆ ਉਹ ਤਾਂ ਫ਼ੁਰਰ ਹੋਇਆ, ਤੈਨੂੰ ਰਾਂਝਿਆ! ਉੱਲੂ ਬਣਾਇਆ ਜੀ।

ਪਹਿਲਾਂ ਕਦੇ ਨਾ ਦੇਈਏ ਏਜੰਟ ਨੂੰ ਕੁੱਝ, ਫਿਰੇ ਤੁਰੇ ਲੋਕਾਂ ਸਮਝਾਇਆ ਸੂ।
ਅਸਾ ਰੋਮ ਤੋਂ ਜਾ ਕੇ ਸਿਪ ਫੜਨਾ, ਵੀਜ਼ਾ ਇਟਲੀ ਦਾ ਅਸੀਂ ਲਵਾਇਆ ਸੂ।
ਸਿਪ ਰੋਮ ਤੋਂ ਵੈਰਾਕਰੂਸ ਜਾਂਦਾ, ਗਲਫ਼ ਮੈਕਸੀਕੋ ਰੂਟ ਬਣਾਇਆ ਸੂ।
ਅੱਗੋਂ ਲੈ ਦੇ ਕੇ ਲੋਕੀਂ ਪਹੁੰਚ ਜਾਂਦੇ, ਜਿਨ੍ਹਾਂ ਐਲ ਏ ਪਹੁੰਚਣਾ ਚਾਹਿਆ ਸੂ।

ਇਟਲੀ ਜਾਣ ਨੂੰ ਹੋਇਆ ਤਿਆਰ ਰਾਂਝਾ, ਕਾਗਜ਼ ਪੱਤਰ ਤਿਆਰ ਕਰਵਾ ਲਿਆ ਜੀ।
ਇੱਕ ਲੱਖ ਦੇ ਵਿੱਚ ਹੀ ਗੱਲ ਬਣ ਗਈ, ਵੀਜ਼ਾ ਇਟਲੀ ਦਾ ਰਾਂਝੇ ਲਵਾ ਲਿਆ ਜੀ।
ਖਤੇ ਪੈਰੂ ਫਿਰ ਐਰੋਫਲੋਟ ਫੜ ਕੇ, ਰਾਂਝਾ ਦਿੱਲੀ ਤੋਂ ਮਾਸਕੋ ਆ ਲਿਆ ਜੀ।
ਰੋਮ ਜਾਣ ਵਾਲੀ ਸੀ ਫਲਾਈਟ ਲੰਘੀ, ਰਾਤੀਂ ਮਾਸਕੋ ਹੀ ਡੇਰਾ ਲਾ ਲਿਆ ਜੀ।

ਖਾਣ-ਪੀਣ ਤੇ ਰਹਿਣ ਦਾ ਖਰਚ ਸਾਰਾ, ਜਹਾਜ਼ ਵਾਲਿਆਂ ਆਪੇ ਹੀ ਕੀਤਾ।
ਚੰਗਾ ਸਾਥ ਮਿਲਿਆ ਰੋਟੀ ਖਾਣ ਲੱਗਿਆਂ, ਸਮਾਂ ਮਾਸਕੋ ਵਿੱਚ ਵਧੀਆ ਸੀ ਬੀਤਾ।
ਕੁੜੀ ਨਾਰਵੇ ਦੀ ਚੱਲੀ ਇੰਡੀਆ ਨੂੰ, ਰਾਤ ਮਾਸਕੋ ਰਹਿਣ ਨੂੰ ਜੀ ਕੀਤਾ।
ਹੱਸ ਖੇਡ ਕੇ ਰਾਤ ਲੰਘਾਈ ਦੋਹਾਂ, ਜਾਣ ਲੱਗੀ ਨੇ ਬਾਏ-ਬਾਏ ਵੀ ਕੀਤਾ।

ਵੀਹ ਰੂਬਲ ਸਵਰਨੇ ਨੇ ਸੀ ਦਿੱਤੇ, ਰਾਂਝੇ ਸੋਚਿਆ ਮਾਸਕੋ ਖਰਚ ਜਾਵਾਂ।
ਬੋਤਲ ਵਾਈਨ ਦੀ ਲੈ ਲਈ ਮਾਸਕੋ ਤੋਂ, ਸੋਚੇ ਰਾਹ ਦੇ ਵਿੱਚ ਕਿਤੇ ਪੈਗ ਲਾਵਾਂ।
ਜਾਂਦੇ ਰੋਮ ਨੂੰ ਰਸਤੇ ਦੇ ਵਿੱਚ ਖੋਲ੍ਹੀ, ਰਾਂਝੇ ਸੋਚਿਆ ਪੀ ਕੇ ਸੌਂ ਜਾਵਾਂ।
ਨਾਲ ਬੰਗਲਾਦੇਸ਼ੀ ਸੀ ਇੱਕ ਬੈਠਾ, ਕਹਿੰਦਾ ਲਿਆ ਯਾਰਾ! ਮੈਂ ਵੀ ਘੁੱਟ ਲਾਵਾਂ।

ਪੰਜਾਂ ਸੱਤਾਂ ਏਜੰਟਾਂ ਨਾਲ ਗੱਲ ਕੀਤੀ, ਕਿਸੇ ਕੀਮਤ ਤੇ ਵੀਜ਼ਾ ਲਵਾ ਦਿਓ ਜੀ।
ਹਰ ਹਾਲਤ ਹੀ ਪਹੁੰਚਣਾ ਹੀਰ ਤਾਈਂ, ਕੋਈ ਚੰਗਾ ਜਿਹਾ ਚੱਕਰ ਚਲਾ ਦਿਓ ਜੀ।
ਗਾ ਗੋਰੀ ਲਵੇਰੀ ਗਵਾਚੀ ਮੇਰੀ, ਨਾਲ ਹੋ ਕੇ ਮੈਨੂੰ ਲਭਾ ਦਿਓ ਜੀ।
ਜਿੰਨਾ ਖਰਚ ਆਵੇ ਮੈਂ ਹੁਣੇ ਦੇਵਾਂ, ਇੱਕ ਵਾਰ ਬਸ! ਮੇਲ ਕਰਾ ਦਿਓ ਜੀ।

ਦੋ ਲੱਖ ਰੁਪਇਆ ਏਜੰਟ ਮੰਗਿਆ, ਨਗ਼ਦ ਉਦੋਂ ਹੀ ਰਾਂਝੇ ਫੜਾਇਆ ਜੀ।
ਕਹਿੰਦਾ ਘੰਟੇ ਵਿੱਚ ਕਿਸੇ ਨਾ' ਗੱਲ ਕਰਕੇ, ਬਸ! ਏਦਾਂ ਹੀ ਗਿਆ ਤੇ ਆਇਆ ਜੀ।
ਪਈਆਂ ਸ਼ਾਮਾਂ ਏਜੰਟ ਪਰ ਨਾ ਮੁੜਿਆ, ਸਾਰਾ ਦਿਨ ਉਡੀਕ ਗਵਾਇਆ ਜੀ।
ਕਿਸੇ ਆਣ ਦੱਸਿਆ ਉਹ ਤਾਂ ਫ਼ੁਰਰ ਹੋਇਆ, ਤੈਨੂੰ ਰਾਂਝਿਆ! ਉੱਲੂ ਬਣਾਇਆ ਜੀ।

ਪਹਿਲਾਂ ਕਦੇ ਨਾ ਦੇਈਏ ਏਜੰਟ ਨੂੰ ਕੁੱਝ, ਫਿਰੇ ਤੁਰੇ ਲੋਕਾਂ ਸਮਝਾਇਆ ਸੂ।
ਅਸਾ ਰੋਮ ਤੋਂ ਜਾ ਕੇ ਸਿਪ ਫੜਨਾ, ਵੀਜ਼ਾ ਇਟਲੀ ਦਾ ਅਸੀਂ ਲਵਾਇਆ ਸੂ।
ਸਿਪ ਰੋਮ ਤੋਂ ਵੈਰਾਕਰੂਸ ਜਾਂਦਾ, ਗਲਫ਼ ਮੈਕਸੀਕੋ ਰੂਟ ਬਣਾਇਆ ਸੂ।
ਅੱਗੋਂ ਲੈ ਦੇ ਕੇ ਲੋਕੀਂ ਪਹੁੰਚ ਜਾਂਦੇ, ਜਿਨ੍ਹਾਂ ਐਲ ਏ ਪਹੁੰਚਣਾ ਚਾਹਿਆ ਸੂ।

ਇਟਲੀ ਜਾਣ ਨੂੰ ਹੋਇਆ ਤਿਆਰ ਰਾਂਝਾ, ਕਾਗਜ਼ ਪੱਤਰ ਤਿਆਰ ਕਰਵਾ ਲਿਆ ਜੀ।
ਇੱਕ ਲੱਖ ਦੇ ਵਿੱਚ ਹੀ ਗੱਲ ਬਣ ਗਈ, ਵੀਜ਼ਾ ਇਟਲੀ ਦਾ ਰਾਂਝੇ ਲਵਾ ਲਿਆ ਜੀ।
ਖਤੇ ਪੈਰੂ ਫਿਰ ਐਰੋਫਲੋਟ ਫੜ ਕੇ, ਰਾਂਝਾ ਦਿੱਲੀ ਤੋਂ ਮਾਸਕੋ ਆ ਲਿਆ ਜੀ।
ਰੋਮ ਜਾਣ ਵਾਲੀ ਸੀ ਫਲਾਈਟ ਲੰਘੀ, ਰਾਤੀਂ ਮਾਸਕੋ ਹੀ ਡੇਰਾ ਲਾ ਲਿਆ ਜੀ।

ਖਾਣ-ਪੀਣ ਤੇ ਰਹਿਣ ਦਾ ਖਰਚ ਸਾਰਾ, ਜਹਾਜ਼ ਵਾਲਿਆਂ ਆਪੇ ਹੀ ਕੀਤਾ।
ਚੰਗਾ ਸਾਥ ਮਿਲਿਆ ਰੋਟੀ ਖਾਣ ਲੱਗਿਆਂ, ਸਮਾਂ ਮਾਸਕੋ ਵਿੱਚ ਵਧੀਆ ਸੀ ਬੀਤਾ।
ਕੁੜੀ ਨਾਰਵੇ ਦੀ ਚੱਲੀ ਇੰਡੀਆ ਨੂੰ, ਰਾਤ ਮਾਸਕੋ ਰਹਿਣ ਨੂੰ ਜੀ ਕੀਤਾ।
ਹੱਸ ਖੇਡ ਕੇ ਰਾਤ ਲੰਘਾਈ ਦੋਹਾਂ, ਜਾਣ ਲੱਗੀ ਨੇ ਬਾਏ-ਬਾਏ ਵੀ ਕੀਤਾ।

ਵੀਹ ਰੂਬਲ ਸਵਰਨੇ ਨੇ ਸੀ ਦਿੱਤੇ, ਰਾਂਝੇ ਸੋਚਿਆ ਮਾਸਕੋ ਖਰਚ ਜਾਵਾਂ।
ਬੋਤਲ ਵਾਈਨ ਦੀ ਲੈ ਲਈ ਮਾਸਕੋ ਤੋਂ, ਸੋਚੇ ਰਾਹ ਦੇ ਵਿੱਚ ਕਿਤੇ ਪੈਗ ਲਾਵਾਂ।
ਜਾਂਦੇ ਰੋਮ ਨੂੰ ਰਸਤੇ ਦੇ ਵਿੱਚ ਖੋਲ੍ਹੀ, ਰਾਂਝੇ ਸੋਚਿਆ ਪੀ ਕੇ ਸੌਂ ਜਾਵਾਂ।
ਨਾਲ ਬੰਗਲਾਦੇਸ਼ੀ ਸੀ ਇੱਕ ਬੈਠਾ, ਕਹਿੰਦਾ ਲਿਆ ਯਾਰਾ! ਮੈਂ ਵੀ ਘੁੱਟ ਲਾਵਾਂ।

ਪੰਜਾਂ ਸੱਤਾਂ ਏਜੰਟਾਂ ਨਾਲ ਗੱਲ ਕੀਤੀ, ਕਿਸੇ ਕੀਮਤ ਤੇ ਵੀਜ਼ਾ ਲਵਾ ਦਿਓ ਜੀ।
ਹਰ ਹਾਲਤ ਹੀ ਪਹੁੰਚਣਾ ਹੀਰ ਤਾਈਂ, ਕੋਈ ਚੰਗਾ ਜਿਹਾ ਚੱਕਰ ਚਲਾ ਦਿਓ ਜੀ।
ਗਾ ਗੋਰੀ ਲਵੇਰੀ ਗਵਾਚੀ ਮੇਰੀ, ਨਾਲ ਹੋ ਕੇ ਮੈਨੂੰ ਲਭਾ ਦਿਓ ਜੀ।
ਜਿੰਨਾ ਖਰਚ ਆਵੇ ਮੈਂ ਹੁਣੇ ਦੇਵਾਂ, ਇੱਕ ਵਾਰ ਬਸ! ਮੇਲ ਕਰਾ ਦਿਓ ਜੀ।

ਦੋ ਲੱਖ ਰੁਪਇਆ ਏਜੰਟ ਮੰਗਿਆ, ਨਗ਼ਦ ਉਦੋਂ ਹੀ ਰਾਂਝੇ ਫੜਾਇਆ ਜੀ।
ਕਹਿੰਦਾ ਘੰਟੇ ਵਿੱਚ ਕਿਸੇ ਨਾ' ਗੱਲ ਕਰਕੇ, ਬਸ! ਏਦਾਂ ਹੀ ਗਿਆ ਤੇ ਆਇਆ ਜੀ।
ਪਈਆਂ ਸ਼ਾਮਾਂ ਏਜੰਟ ਪਰ ਨਾ ਮੁੜਿਆ, ਸਾਰਾ ਦਿਨ ਉਡੀਕ ਗਵਾਇਆ ਜੀ।
ਕਿਸੇ ਆਣ ਦੱਸਿਆ ਉਹ ਤਾਂ ਫ਼ੁਰਰ ਹੋਇਆ, ਤੈਨੂੰ ਰਾਂਝਿਆ! ਉੱਲੂ ਬਣਾਇਆ ਜੀ।

ਪਹਿਲਾਂ ਕਦੇ ਨਾ ਦੇਈਏ ਏਜੰਟ ਨੂੰ ਕੁੱਝ, ਫਿਰੇ ਤੁਰੇ ਲੋਕਾਂ ਸਮਝਾਇਆ ਸੂ।
ਅਸਾ ਰੋਮ ਤੋਂ ਜਾ ਕੇ ਸਿਪ ਫੜਨਾ, ਵੀਜ਼ਾ ਇਟਲੀ ਦਾ ਅਸੀਂ ਲਵਾਇਆ ਸੂ।
ਸਿਪ ਰੋਮ ਤੋਂ ਵੈਰਾਕਰੂਸ ਜਾਂਦਾ, ਗਲਫ਼ ਮੈਕਸੀਕੋ ਰੂਟ ਬਣਾਇਆ ਸੂ।
ਅੱਗੋਂ ਲੈ ਦੇ ਕੇ ਲੋਕੀਂ ਪਹੁੰਚ ਜਾਂਦੇ, ਜਿਨ੍ਹਾਂ ਐਲ ਏ ਪਹੁੰਚਣਾ ਚਾਹਿਆ ਸੂ।

ਇਟਲੀ ਜਾਣ ਨੂੰ ਹੋਇਆ ਤਿਆਰ ਰਾਂਝਾ, ਕਾਗਜ਼ ਪੱਤਰ ਤਿਆਰ ਕਰਵਾ ਲਿਆ ਜੀ।
ਇੱਕ ਲੱਖ ਦੇ ਵਿੱਚ ਹੀ ਗੱਲ ਬਣ ਗਈ, ਵੀਜ਼ਾ ਇਟਲੀ ਦਾ ਰਾਂਝੇ ਲਵਾ ਲਿਆ ਜੀ।
ਖਤੇ ਪੈਰੂ ਫਿਰ ਐਰੋਫਲੋਟ ਫੜ ਕੇ, ਰਾਂਝਾ ਦਿੱਲੀ ਤੋਂ ਮਾਸਕੋ ਆ ਲਿਆ ਜੀ।
ਰੋਮ ਜਾਣ ਵਾਲੀ ਸੀ ਫਲਾਈਟ ਲੰਘੀ, ਰਾਤੀਂ ਮਾਸਕੋ ਹੀ ਡੇਰਾ ਲਾ ਲਿਆ ਜੀ।

ਖਾਣ-ਪੀਣ ਤੇ ਰਹਿਣ ਦਾ ਖਰਚ ਸਾਰਾ, ਜਹਾਜ਼ ਵਾਲਿਆਂ ਆਪੇ ਹੀ ਕੀਤਾ।
ਚੰਗਾ ਸਾਥ ਮਿਲਿਆ ਰੋਟੀ ਖਾਣ ਲੱਗਿਆਂ, ਸਮਾਂ ਮਾਸਕੋ ਵਿੱਚ ਵਧੀਆ ਸੀ ਬੀਤਾ।
ਕੁੜੀ ਨਾਰਵੇ ਦੀ ਚੱਲੀ ਇੰਡੀਆ ਨੂੰ, ਰਾਤ ਮਾਸਕੋ ਰਹਿਣ ਨੂੰ ਜੀ ਕੀਤਾ।
ਹੱਸ ਖੇਡ ਕੇ ਰਾਤ ਲੰਘਾਈ ਦੋਹਾਂ, ਜਾਣ ਲੱਗੀ ਨੇ ਬਾਏ-ਬਾਏ ਵੀ ਕੀਤਾ।

ਵੀਹ ਰੂਬਲ ਸਵਰਨੇ ਨੇ ਸੀ ਦਿੱਤੇ, ਰਾਂਝੇ ਸੋਚਿਆ ਮਾਸਕੋ ਖਰਚ ਜਾਵਾਂ।
ਬੋਤਲ ਵਾਈਨ ਦੀ ਲੈ ਲਈ ਮਾਸਕੋ ਤੋਂ, ਸੋਚੇ ਰਾਹ ਦੇ ਵਿੱਚ ਕਿਤੇ ਪੈਗ ਲਾਵਾਂ।
ਜਾਂਦੇ ਰੋਮ ਨੂੰ ਰਸਤੇ ਦੇ ਵਿੱਚ ਖੋਲ੍ਹੀ, ਰਾਂਝੇ ਸੋਚਿਆ ਪੀ ਕੇ ਸੌਂ ਜਾਵਾਂ।
ਨਾਲ ਬੰਗਲਾਦੇਸ਼ੀ ਸੀ ਇੱਕ ਬੈਠਾ, ਕਹਿੰਦਾ ਲਿਆ ਯਾਰਾ! ਮੈਂ ਵੀ ਘੁੱਟ ਲਾਵਾਂ।

ਦੋ ਹਫ਼ਤਿਆਂ ਤਾਈਂ ਸੀ ਸਿਪ ਮੁਤਨਾ, ਜਿਸ ਸਿਪ 'ਤੇ ਰਾਂਝੇ ਨੇ ਜਾਵਣਾ ਜੀ।
ਲਿਆ ਹੋਟਲ 'ਚ ਕਮਰਾ ਕਿਰਾਏ ਉੱਤੇ, ਭੋਜਨ ਮਿਲੇ ਉੱਥੇ ਮਨ ਭਾਵਣਾ ਜੀ।
ਸੂਟ-ਬੂਟ ਪਾ ਕੇ, ਟਾਈ-ਸ਼ਾਈ ਲਾ ਕੇ, ਜਦੋਂ ਰਾਂਝਣੇ ਨੇ ਗੇੜਾ ਲਾਵਣਾ ਜੀ।
ਨਾਰਾਂ ਸਾਰੀਆਂ ਨੇ ਦਿਲ 'ਤੇ ਹੱਥ ਧਰਨੇ, ਰਾਂਝੇ ਜਿੱਧਰੋਂ ਦੀ ਲੰਘ ਜਾਵਣਾ ਜੀ।

ਆਈ ਸਿਡਨੀ ਤੋਂ ਕੁੜੀ ਇੱਕ ਸ਼ੇਰ ਖਾਤਰ, ਸਾਰੇ ਲੋਕ ਉਸਨੂੰ ਕਹਿੰਦੇ ਪਰੀ ਯਾਰੋ।
ਪਹਿਲੀ ਵਾਰ ਹੀ ਰਾਂਝੇ ਨੂੰ ਓਸ ਡਿੱਠਾ, ਵੇਂਹਦਿਆਂ ਸਾਰ ਹੀ ਰਾਂਝੇ 'ਤੇ ਮਰੀ ਯਾਰੋ।
ਖਾਣਾ ਖਾਣ ਬਹਾਨੇ ਨਾਲ ਲੈ ਗਈ, ਖਾਣਾ ਖਾਂਦਿਆਂ ਪੇਸ਼ਕਸ਼ ਕਰੀ ਯਾਰੋ।
ਕਹਿੰਦੇ ਔਰਤ ਦੀ ਪੇਸ਼ਕਸ਼ ਕੌਣ ਮੋੜੇ, ਰਾਂਝੇ ਰਾਤ ਸੁਹਾਵਣੀ ਕਰੀ ਯਾਰੋ।

ਪਰੀ ਆਖਦੀ ਰਾਂਝਿਆ ਚੱਲ ਸਿਡਨੀ, ਓਥੇ ਬਹੁਤ ਵੱਡਾ ਘਰ-ਬਾਰ ਸਾਡਾ।
ਲੱਖਾਂ ਭੇਡਾਂ ਨੇ ਡੈਡ ਦੇ ਫਾਰਮਾਂ ਵਿੱਚ, ਉੱਨ ਲਾਹੁਣ ਦਾ ਵੱਡਾ ਵਪਾਰ ਸਾਡਾ।
ਹੈ ਪਨੀਰ ਸਾਡਾ ਦੂਰ-ਦੂਰ ਜਾਂਦਾ, ਸਿਰੇ ਸਾਰ ਹੈ ਜੀ ਕਾਰੋਬਾਰ ਸਾਡਾ।
ਸਾਰੀ ਰਾਜਧਾਨੀ ਸਾਨੂੰ ਜਾਣਦੀ ਹੈ, ਕਹਿਣਾ ਮੋੜਦੀ ਨਹੀਂ ਸਰਕਾਰ ਸਾਡਾ।

ਰਾਂਝੇ ਆਖਿਆ ਵੈਂਚੂਰਾ ਮੈਂ ਜਾਣਾ, ਮੇਰਾ ਦਿਲ ਓਥੇ ਦਿਲਦਾਰ ਓਥੇ।
ਮੇਰੀ ਰੂਹ ਓਥੇ ਮੇਰੀ ਜਾਨ ਓਥੇ, ਮੇਰਾ ਪ੍ਰੇਮ ਓਥੇ ਮੇਰਾ ਪਿਆਰ ਓਥੇ।
ਇਵੇਂ ਜਾਪਦਾ ਮੇਰਾ ਸਭ ਕੁੱਝ ਓਥੇ, ਜਿੱਥੇ ਹੀਰ ਮੇਰੀ, ਘਰ-ਬਾਰ ਓਥੇ।
ਇੱਕ ਆਸ਼ਕ ਦਾ ਦਿਲ, ਦਿਲ ਵਿੱਚ ਮੇਰੇ, ਮੇਰਾ ਇਸ਼ਕ ਹੀ ਹੈ ਵਪਾਰ ਓਥੇ।

ਰਾਂਝਾ ਪਹੁੰਚਿਆ ਵੈਰਾਕਰੂਸ ਜਿਸ ਦਿਨ, ਓਸੇ ਦਿਨ ਹੀ ਸਿਪ ਛੱਡ ਆਇਆ ਜੀ।
ਸ਼ਹਿਰ ਸੋਹਣਾ ਸਮੁੰਦਰ ਦੇ ਨਾਲ ਬਣਿਆ, ਟੈਕਸੀ ਵਿੱਚ ਬਹਿ ਕੇ ਗੇੜਾ ਲਾਇਆ ਜੀ।
ਸੌ ਡਾਲਰ ਦੇ ਵਿੱਚ ਹੀ ਸ਼ਹਿਰ ਸਾਰਾ, ਟੈਕਸੀ ਵਾਲੇ ਨੇ ਖੂਬ ਘੁਮਾਇਆ ਜੀ।
ਬੋਲੀ ਕਿਸੇ ਦੀ ਸਮਝ ਨਾ ਆਏ ਲੇਕਿਨ, ਤੁੱਕੇ ਨਾਲ ਹੀ ਕੰਮ ਚਲਾਇਆ ਜੀ।

ਅਗਲੇ ਦਿਨ ਫਿਰ ਲੋਕਲ ਫਲਾਈਟ ਲੈ ਕੇ,ਰਾਂਝਾ ਸ਼ਹਿਰ ਮੈਕਸੀਕੋ ਆਇਆ ਜੀ।
ਦੋ ਦਿੱਲੀਆਂ ਨਾਲੋਂ ਵੀ ਸ਼ਹਿਰ ਵੱਡਾ, ਰਾਂਝੇ ਜਾ ਓਥੇ ਡੇਰਾ ਲਾਇਆ ਜੀ।
ਰਾਜਧਾਨੀ ਇਮਾਰਤ ਹੈ ਬੜੀ ਵੱਡੀ, ਮੋਹਰੇ ਗਾਂਧੀ ਦਾ ਬੁੱਤ ਵੀ ਲਾਇਆ ਜੀ।
ਰੰਗ ਰੂਪ ਸਭ ਦਾ ਹੈ ਪੰਜਾਬ ਵਰਗਾ, ਰਾਂਝੇ 'ਤਾਏ ਕੇ' ਆਖ ਬੁਲਾਇਆ ਜੀ।

دو ہفتیاں تائیں سی سپ مڑنا، جس سپ تے رانجھے نے جاونا جی
لیا ہوٹل چ کمرہ کرائے اتے، بھوجن ملے اتھے من بھاونا جی
سوٹ بوٹ پا کے، ٹائی شائی لا کے، جدوں رانجھنے نے گیڑا لاونا جی
ناراں ساریاں نے دل تے ہتھ دھرنے، رانجھے جدھروں دی لنگھ جاونا جی

آئی سڈنی توں کڑی اک شیر خاطر، سارے لوک اسنوں کہندے پری یارو
پہلی وار ہی رانجھے نوں اوس ڈٹھا، ویہندیاں سار ہی رانجھے تے مری یارو
کھانا کھان بہانے نال لے گئی، کھانا کھاندیاں پیش کش کری یارو
کہندے عورت دی پیش کش کون موڑے، رانجھے رات سہاونی کری یارو

پری آکھدی رانجھیا چل سڈنی، اوتھے بہت وڈا گھر بار ساڈا
لکھاں بھیڈاں نے ڈیڈ دے فارماں وچ، ان لاہن دا وڈا وپار ساڈا
ہے پنیر ساڈا دور دور جاندا، سرے سار ہے جی کاروبار ساڈا
ساری راجدھانی سانوں جاندی ہے، کہنا موڑدی نہیں سرکار ساڈا

رانجھے آکھیا وینچورا میں جانا، میرا دل اوتھے دلدار اوتھے
میری روح اوتھے میری جان اوتھے، میرا پریم اوتھے میرا پیار اوتھے
اویں جاپدا میرا سبھ کجھ اوتھے، جتھے ہیر میری، گھر بار اوتھے
اک عاشق دا دل، دل وچ میرے، میرا عشق ہی ہے وپار اوتھے

رانجھا پہنچیا ویراکروس جس دن، اوسے دن ہی سپ چھڈ آیا جی
شہر سوہنا سمندر دے نال بنیا، ٹیکسی وچ بہہ کے گیڑا لایا جی
سو ڈالر دے وچ ہی شہر سارا، ٹیکسی والے نے خوب گھمایا جی
بولی کسے دی سمجھ نہ آئے لیکن، تکے نال ہی کم چلایا جی

اگلے دن پھر لوکل پھلائیٹ لے کے،رانجھا شہر میکسیکو آیا جی
دو دلیاں نالوں وی شہر وڈا، رانجھے جا اوتھے ڈیرہ لایا جی
راجدھانی عمارت ہے بڑی وڈی، مہرے گاندھی دا بت وی لایا جی
رنگ روپ سبھ دا ہے پنجاب ورگا، رانجھے 'تائے کے' آکھ بلایا جی

ਇੱਕ ਦਮ ਪੰਜਾਬ ਦੇ ਲੋਕ ਲੱਗਦੇ, ਵਾਤਾਵਰਣ ਹੀ ਸਾਰਾ ਪੰਜਾਬ ਵਰਗਾ।
ਨੈਣ ਮਿਰਗ ਵਰਗੇ ਕਾਲੇ ਵਾਲ ਸਭ ਦੇ, ਰੰਗ ਰੰਨਾਂ ਦਾ ਨਿਰਾ ਗੁਲਾਬ ਵਰਗਾ।
ਖਾਂਦੇ ਤਰੀ ਤਰਕਾਰੀ ਕਰਾਰੀ ਲੋਕੀਂ, ਖਾਣਾ ਮਾਲਵੇ, ਮਾਝੇ, ਦੁਆਬ ਵਰਗਾ।
ਭਰਿਆ ਘੁੱਟ ਤਕੀਲੇ ਦਾ ਇਓਂ ਲੱਗਾ, ਪਹਿਲੇ ਤੋੜ ਦੀ ਦੇਸੀ ਸ਼ਰਾਬ ਵਰਗਾ।

ਕਸਰਤ ਕਰਨ ਵਾਲੇ ਕਮਰੇ ਵਿੱਚ ਜਾ ਕੇ, ਸ਼ਾਮੀਂ ਰਾਂਝੇ ਨੇ ਸਿਹਤ ਬਣਾਈ ਨੇ ਜੀ।
ਮਰਦ, ਔਰਤਾਂ ਪੂਲ 'ਚ ਨਹਾਉਣ 'ਕੱਠੇ, ਵਿੱਚ ਰਾਂਝੇ ਵੀ ਟੁੱਭੀ ਲਾਈ ਨੇ ਜੀ।
ਬੋਲੇ ਨਾ ਤਾਂ ਨਿਰੀ ਪੰਜਾਬੀ ਲੱਗੇ, ਪਿੰਡਾ ਗੁੰਦਵਾਂ ਕੁਤੀ ਇੱਕ ਆਈ ਨੇ ਜੀ।
ਰਾਂਝੇ ਸੌਂ ਡਾਲਰ ਉਸਨੂੰ ਦਿੱਤਾ, ਦੋ ਘੰਟੇ ਮਸਾਜ ਕਰਵਾਈ ਨੇ ਜੀ।

ਐਸੀ ਰਾਂਝੇ ਨੇ ਰੇਖ ਵਿੱਚ ਮੇਖ ਗੱਡੀ, ਕਈ ਨਵੀਆਂ ਲਕੀਰਾਂ ਬਣਾ ਲਈਆਂ।
ਅੰਬਰਾਂ ਵਿੱਚ ਸੀ ਭਾਲਦਾ ਹੀਰ ਆਪਣੀ, ਕਈ ਨਵੀਆਂ ਹੀ ਧਰਤੀਆਂ ਗਾਹ ਲਈਆਂ।
ਘਰੋਂ ਉੱਡਿਆ ਸੀ ਆਪਣੇ ਪਿਆਰ ਪਿੱਛੇ, ਕਈ ਨਵੀਆਂ ਉਡਾਰੀਆਂ ਲਾ ਲਈਆਂ।
ਨੁੱਕ-ਨਵੀਆਂ ਕਈ ਕੁਤਤੀਆਂ ਪਾ ਡਿੱਠੀਆਂ, ਜਿੰਨਾ ਹੰਢੀਆਂ, ਓਨਾ ਹੰਢਾ ਲਈਆਂ।

ਰਾਂਝੇ ਜੁਗਤ ਤਰਕੀਬ ਚਲਾਈ ਸਾਰੀ, ਲੋਸ ਏਂਜਲਸ ਸ਼ਹਿਰ ਆਇਆ ਜੀ।
ਫਿਰਦਾ ਭਾਲਦਾ ਆਪਣੀ ਹੀਰ ਤਾਈਂ, ਹੋਰ ਕੁੱਝ ਨਾ ਰਾਂਝੇ ਨੂੰ ਭਾਇਆ ਜੀ।
ਲੱਭਦਾ-ਲੱਭਦਾ ਵੈਂਨਚੂਰਾ ਜਾ ਪਹੁੰਚਾ, ਪਹੁੰਚ ਵੈਂਨਚੂਰਾ ਸਾਹ ਆਇਆ ਜੀ।
ਲੱਭਿਆ ਪਤਾ ਜੋ ਚਿੱਠੀ 'ਤੇ ਸੀ ਲਿਖਿਆ, ਰਾਂਝੇ ਜਾ ਕੁੰਡਾ ਖੜਕਾਇਆ ਜੀ।

ਹੀਰ ਸੋਚਦੀ ਕੌਣ ਹੈ ਅੱਜ ਆਇਆ, ਕਿਸਨੇ ਇਸ ਤਰਾਂ ਬਾਰ ਖੜਕਾਇਆ ਜੀ।
ਕੋਈ ਜਾਪਦਾ ਬਤਾ ਦਲੇਰ ਬੰਦਾ, ਕਿਸੇ ਖ਼ਾਸ ਹੀ ਮਾਰ 'ਤੇ ਆਇਆ ਜੀ।
ਬੂਹਾ ਖੋਲ੍ਹਿਆ ਕੈਦੋਂ ਨੇ ਜਦੋਂ ਜਾ ਕੇ, ਅੰਦਰ ਆਪਣੇ ਆਪ ਵੜ ਆਇਆ ਜੀ।
ਪੈਰੀਂ ਪੈਨਾ ਪਿਤਾ ਜੀ ਆਖ ਕੇ ਤੇ, ਜਾ ਚੂਚਕ ਦੇ ਪੈਰੀਂ ਹੱਥ ਲਾਇਆ ਜੀ।

ਚੂਚਕ ਲਿਆ ਪਛਾਣ ਸੀ ਰਾਂਝਣੇ ਨੂੰ, ਬਾਹੋਂ ਫੜ ਛਾਤੀ ਨਾਲ ਲਾਇਆ ਜੀ।
ਚਾਚਾ ਹੀਰ ਦਾ ਕੈਦੋਂ ਨਾਮ ਮੇਰਾ, ਕੈਦੋਂ ਰਾਂਝੇ ਨਾਲ ਹੱਥ ਮਿਲਾਇਆ ਜੀ।
ਪੁੱਛੀ ਪਿਆਰ ਦੇ ਨਾਲ ਗੱਲਬਾਤ ਸਾਰੀ, ਤੇ ਸਤਿਕਾਰ ਦੇ ਨਾਲ ਬਿਠਾਇਆ ਜੀ।
ਰਾਂਝਾ ਆਖਦਾ ਬਤੀ ਹੀ ਪਿਆਸ ਲੱਗੀ, ਹੱਥੀਂ ਚੂਚਕ ਨੇ ਜੂਸ ਪਿਲਾਇਆ ਜੀ।

ਇਕ ਦਮ ਪੰਜਾਬ ਦੇ ਲੋਕ ਲਗਦੇ، واتاورن ہی سارا پنجاب ورگا
نین مرگ ورگے کالے وال سبھ دے، رنگ رناں دا نرا گلاب ورگا
کھاندے تری ترکاری قراری لوکیں، کھانا مالوے، ماجھے، دواب ورگا
بھریا گھٹ تکیلے دا اؤں لگا، پہلے توڑ دی دیسی شراب ورگا

کسرت کرن والے کمرے وچ جا کے، شامیں رانجھے نے صحت بنائی نے جی
مرد، عورتاں پول چ نہاؤن 'کٹھے، وچ رانجھے وی ٹبھی لائی نے جی
بولے نہ تاں نری پنجابی لگے، پنڈا گندواں کڑی اک آئی نے جی
رانجھے سو ڈالر اسنوں دتا، دو گھنٹے مساج کروائی نے جی

ایسی رانجھے نے ریکھ وچ میخ گڈی، کئی نویاں لکیراں بنا لئیاں
امبراں وچ سی بھالدا ہیر اپنی، کئی نویاں ہی دھرتیاں گاہ لئیاں
گھروں اڈیا سی اپنے پیار پچھے، کئی نویاں اڈاریاں لا لئیاں
نک نوینیاں کئی کڑتیاں پا ڈٹھیاں، جنا ہنڈھیاں، اونا ہنڈھا لئیاں

رانجھے جگت ترکیب چلائی ساری، لوس اینجلس شہر آیا جی
پھردا بھالدا اپنی ہیر تائیں، ہور کجھ نہ رانجھے نوں بھایا جی
لبھدا لبھدا وینچورا جا پہنچا، پہنچ وینچورا ساہ آیا جی
لبھیا پتہ جو چٹھی تے سی لکھیا، رانجھے جا کنڈا کھڑکایا جی

ہیر سوچدی کون ہے اج آیا، کسنے اس طرحاں بار کھڑکایا جی
کوئی جاپدا بڑا دلیر بندہ، کسے خاص ہی مار تے آیا جی
بوہا کھولھیا قیدوں نے جدوں جا کے، اندر اپنے آپ وڑ آیا جی
پیرھیں پینا پتا جی آکھ کے تے، جا چوچک دے پیرھیں ہتھ لایا جی

چوچک لیا پچھان سی رانجھنے نوں، باہوں پھڑ چھاتی نال لایا جی
چاچا ہیر دا قیدوں نام میرا، قیدوں رانجھے نال ہتھ ملایا جی
پچھی پیار دے نال گل بات ساری، تے ستکار دے نال بٹھایا جی
رانجھا آکھدا بڑی ہی پیاس لگی، ہتھیں چوچک نے جوس پلایا جی

ਹੀਰ ਸੁਣੀ ਆਵਾਜ਼ ਜਦ ਰਾਂਝਣੇ ਦੀ, ਭੱਜੀ-ਭੱਜੀ ਚੁਬਾਰੇ 'ਚੋਂ ਆਈ ਨੇ ਜੀ।
ਰਾਂਝਾ ਉੱਠ ਕੇ ਜ਼ਰਾ ਅਗਾਂਹ ਹੋਇਆ, ਦੋਹਾਂ ਧਾਅ ਗਲ਼ਵਕੜੀ ਪਾਈ ਨੇ ਜੀ।
ਧਾਹਾਂ ਮਾਰੀਆਂ ਮੋਢੇ 'ਤੇ ਸਿਰ ਰੱਖ ਕੇ, ਚੀਕ ਅੰਬਰਾਂ ਤੀਕ ਸੁਣਾਈ ਨੇ ਜੀ।
ਪੰਜਾਂ ਪੀਰਾਂ ਦੀ ਧੁਰੋਂ ਆਵਾਜ਼ ਆਈ, ਹੀਰ ਰਾਂਝੇ ਨੂੰ ਸਾਡੀ ਵਧਾਈ ਨੇ ਜੀ।

ਚੂਚਕ ਕੈਦੋਂ ਦੇ ਨਾਲ ਸਲਾਹ ਕਰਦਾ, ਸੋਚ ਸਮਝ ਕੇ ਫੈਸਲਾ ਲੈ ਹੋਣਾ।
ਹੀਰ ਰਾਂਝੇ ਦਾ ਪਿਆਰ ਹੈ ਬੜਾ ਗੂੜਾ, ਨਾ ਇਹ ਮਿਟ ਸਕਣਾ ਨਾ ਸਹਿ ਹੋਣਾ।
ਮੁਤਨਾ ਮੂਲ ਨਾ ਹੀਰ ਨੇ ਰਾਂਝਣੇ ਤੋਂ, ਨਾ ਸਾਥੋਂ ਝੱਲ ਹੋਣਾ ਨਾ ਕੁੱਝ ਕਹਿ ਹੋਣਾ।
ਡੂੰਘੇ ਪਾਣੀ ਵਿੱਚ ਡਿੱਗ ਪਈ ਧੀ ਸਾਡੀ, ਨਾ ਉਸਨੂੰ ਕੱਢ ਹੋਣਾ ਨਾ ਸਾਥੋਂ ਰਹਿ ਹੋਣਾ।

ਫਿਰ ਚੂਚਕ ਤੇ ਕੈਦੋਂ ਦੇ ਨਾਲ ਬਹਿ ਕੇ, ਰਾਂਝੇ ਬੀਅਰ ਬੱਤਾ ਮਾਸਾ ਲਾਇਆ ਜੀ।
ਪੀਜ਼ਾ ਹੱਟ ਤੋਂ ਘਰੋਂ ਹੀ ਕਾਲ ਕਰਕੇ, ਚੂਚਕ ਆਪ ਪੀਜ਼ਾ ਮੰਗਵਾਇਆ ਜੀ।
ਬਹਿ ਕੇ ਮਾਝੇ, ਦੁਆਬੇ ਦੀਆਂ ਕਰਨ ਗੱਲਾਂ, ਨਾਲੇ ਮੱਠਾ-ਮੱਠਾ ਪੈਗ ਲਾਇਆ ਜੀ।
ਰਾਤ ਰਹਿਣ ਦੇ ਵਾਸਤੇ ਰਾਂਝਣੇ ਲਈ, ਕਮਰਾ ਹੋਟਲ ਵਿੱਚ ਬੁੱਕ ਕਰਵਾਇਆ ਜੀ।

ਅਗਲੇ ਦਿਨ ਫਿਰ ਦਫ਼ਤਰ ਦੇ ਵਿੱਚ ਬਹਿ ਕੇ, ਹੀਰ ਰਾਂਝੇ ਨੂੰ ਚੂਚਕ ਸਮਝਾਂਵਦਾ ਜੀ।
ਹੋਟਲ ਪਹੁੰਚ ਕੇ ਰਾਂਝੇ ਨੂੰ ਨਾਲ ਲੈ ਕੇ, ਕੈਦੋਂ ਚੂਚਕ ਦੇ ਦਫ਼ਤਰ ਲਿਆਂਵਦਾ ਜੀ।
ਜੁਗ ਜੁਗ ਜੀਓ! ਤੇ ਮਾਣੋ ਜਵਾਨੀਆਂ ਨੂੰ, ਬੇਟਾ ਆਖ ਕੇ ਚੂਚਕ ਬੁਲਾਂਵਦਾ ਜੀ।
ਪਿਆਰ ਕਰਨਾ ਤਾਂ ਹੱਕ ਹੈ ਹਰ ਕਿਸੇ ਦਾ, ਲੇਕਿਨ ਵਿਰਲਾ ਕੋਈ ਸਿਰੇ ਚੜ੍ਹਾਂਵਦਾ ਜੀ।

ਚੂਚਕ ਆਖਦਾ ਰਾਂਝਿਆ ਸੁਣ ਪੁੱਤਰਾ! ਮੈਨੂੰ ਪਤਾ ਤੂੰ ਹੀਰ ਨੂੰ ਪਿਆਰ ਕਰਦਾਂ।
ਪਿਤਾ ਜੀ ਆਖ ਜਦ ਪੈਰੀਂ ਹੱਥ ਲਾਇਆ, ਇਸ ਤੋਂ ਪਤਾ ਲੱਗਾ ਤੂੰ ਸਤਿਕਾਰ ਕਰਦਾਂ।
ਲੱਗਦੈ ਰੱਬ ਦੀ ਰਜ਼ਾ ਵਿੱਚ ਰਹਿਣ ਵਾਲਾ, ਜ਼ਿਕਰ ਰੱਬ ਦਾ ਤੂੰ ਵਾਰ-ਵਾਰ ਕਰਦਾਂ।
ਪਿਆਰ ਪਰਵਰਦਗਾਰ ਨੇ ਵੀ ਕੀਤਾ, ਕੋਈ ਹਰਜ ਨਹੀਂ ਜੇ ਤੂੰ ਪਿਆਰ ਕਰਦਾਂ।

ਪਿਆਰ ਕਰਨ ਤੋਂ ਮੈਂ ਨਾ ਕਦੇ ਰੋਕਾਂ, ਇੱਕ ਬਾਪ ਦਾ ਬੱਚਿਆਂ ਨਾ' ਵਾਅਦਾ ਜੀ।
ਹਰ ਕਰਮ ਦੇ ਲੇਕਿਨ ਅਸੂਲ ਹੁੰਦੇ, ਪਿਆਰ ਕਰਨ ਦਾ ਵੀ ਹੈ ਕਾਇਦਾ ਜੀ।
ਹੂਤਮੱਤੀ 'ਚ ਪਿਆਰ ਬਦਨਾਮ ਕਰਨਾ, ਨਾ ਕੋਈ ਗੱਲ ਬਣਦੀ ਨਾ ਕੋਈ ਫ਼ਾਇਦਾ ਜੀ।
ਜੇ ਕਰ ਸਾਰਿਆਂ ਦੇ ਦਿਲ ਦੁਖੀ ਹੋ ਗਏ, ਕੀ ਫ਼ਾਇਦਾ ਐਸਾ ਦਿਲ ਲਾਏ ਦਾ ਜੀ।

ہیر سنی آواز جد رانجھنے دی، بھجی بھجی چوبارے 'چوں آئی نے جی
رانجھا اٹھ کے ذرا اگانھ ہویا، دوہاں دھاء گلوکڑی پائی نے جی
دھاہاں ماریاں موڈھے تے سر رکھ کے، چیک امبراں تیک سنائی نے جی
پنجاں پیراں دی دھروں آواز آئی، ہیر رانجھے نوں سائی وڈھائی نے جی

چوچک قیدوں دے نال صلاح کردا، سوچ سمجھ کے فیصلہ لے ہونا
ہیر رانجھے دا پیار ہے بڑا گوڑا، نہ ایہہ مٹ سکنا نہ سہِ ہونا
مڑنا مول نہ ہیر نے رانجھنے توں، نہ ساتھوں جھل ہونا نہ کجھ کہہ ہونا
ڈونگھے پانی وچ ڈگ پئی دھی سائی، نہ اسنوں کڈھ ہونا نہ ساتھوں رہ ہونا

پھر چوچک تے قیدوں دے نال بہہ کے، رانجھے بیٹر بتا ماسہ لایا جی
پیزا ہٹ توں گھروں ہی کال کرکے، چوچک آپ پیزا منگوایا جی
بہہ کے ماجھے، دوآبے دیاں کرن گلاں، نالے مٹھا مٹھا پیگ لایا جی
رات رہن دے واسطے رانجھنے لئی، کمرہ ہوٹل وچ بک کروایا جی

اگلے دن پھر دفتر دے وچ بہہ کے، ہیر رانجھے نوں چوچک سمجھانوندا جی
ہوٹل پہنچ کے رانجھے نوں نال لے کے، قیدوں چوچک دے دفتر لیانوندا جی
جگ جگ جیوا تے مانو جوانیاں نوں، بیٹا آکھ کے چوچک بلانوندا جی
پیار کرنا تاں حق ہے ہر کسے دا، لیکن ورلا کوئی سرے چڑھانوندا جی

چوچک آکھدا رانجھیا سن پترا! مینوں پتہ توں ہیر نوں پیار کردں
پتا جی آکھ جد پیرھیں ہتھ لایا، اس توں پتہ لگا توں ستکار کردں
لگدیں رب دی رضا وچ رہن والا، ذکر رب دا توں وار وار کردں
پیار پروردگار نے وی کیتا، کوئی حرج نہیں جے توں پیار کردں

پیار کرن توں میں نہ کدے روکاں، اک باپ دا بچیاں نہ' وعدہ جی
ہر کرم دے لیکن اصول ہوندے، پیار کرن دا وی ہے قاعدہ جی
ہوڑمتی 'چ پیار بدنام کرنا، نہ کوئی گل بندی نہ کوئی فائدہ جی
جے کر ساریاں دے دل دکھی ہو گئے، کیہ فائدہ ایسا دل لائے دا جی

ਚੂਚਕ ਆਖਿਆ ਰਾਂਝਿਆ ਦੱਸ 'ਕੇਰਾਂ, ਹੀਰ ਲਈ ਕੁਰਬਾਨੀ ਕੋਈ ਕਰ ਸਕਦਾਂ?
ਮੈਨੂੰ ਪਤਾ ਹੈ ਜਰਨਾ ਤਾਂ ਬਹੁਤ ਔਖਾ, ਕੀ ਤੂੰ ਸਾਲ ਦੋ ਸਾਲ ਲਈ ਜਰ ਸਕਦਾਂ?
ਤਰ ਆਇਆਂ ਤੂੰ ਦੁਨੀਆ ਦੇ ਪਾਣੀਆਂ ਨੂੰ, ਕੀ ਥੋੜਾ ਜਿਹਾ ਹੋਰ ਵੀ ਤਰ ਸਕਦਾਂ?
ਤੇਰੇ ਵਾਸਤੇ ਤੈਨੂੰ ਇੱਕ ਕੰਮ ਦੱਸਾਂ, ਮੇਰੇ ਮਗਰ ਲੱਗ ਕੇ ਕੀ ਤੂੰ ਕਰ ਸਕਦਾਂ?

ਰਾਂਝੇ ਆਖਿਆ ਪਰਖ਼ ਕੇ ਦੇਖ 'ਕੇਰਾਂ, ਮੈਂ ਤਾਂ ਹੀਰ ਲਈ ਕੁੱਝ ਵੀ ਕਰ ਸਕਦਾਂ।
ਸਮਾਂ ਬੇਵਫ਼ਾਈ ਨਾ ਕਰੇ ਜੇਕਰ, ਸੌ ਸਾਲ ਵੀ ਸਮੇਂ ਨੂੰ ਜਰ ਸਕਦਾਂ।
ਖੇਡਾਂ ਤਰਨ ਦੀਆਂ ਮਰਨ ਦੀਆਂ ਮੈਂ ਜਾਣਾਂ, ਭਵ ਸਾਗਰ ਹੀਰ ਲਈ ਤਰ ਸਕਦਾਂ।
ਜੀਂਦਾ ਰਹਾਂ ਮੈਂ ਹੀਰ ਲਈ ਉਮਰ ਸਾਰੀ, ਲੋੜ ਪਈ ਤਾਂ ਹੀਰ ਲਈ ਮਰ ਸਕਦਾਂ।

ਕਾਗਜ਼ ਹੀਰ ਦੇ ਬਣਨਗੇ ਸਾਲ ਖੇਡ ਵਿੱਚ, ਓਨਾ ਚਿਰ ਨਾ ਗੱਲ ਕੋਈ ਕਰੀਂ ਰਾਂਝਾ।
ਦਸਤਖ਼ਤ ਕਿਸੇ ਦੇ ਅਸਾਂ ਕਰਵਾਏ ਨੇ ਜੀ, ਤਕੜਾ ਦਿਲ ਕਰਕੇ ਤੂੰ ਜਰੀਂ ਰਾਂਝਾ।
ਪਰਦਾ ਰੱਖਣ ਦੇ ਵਿੱਚ ਹੀ ਜਿੱਤ ਤੇਰੀ, ਬਾਜ਼ੀ ਜਿੱਤੀ-ਜਤਾਈ ਨਾ ਹਰੀਂ ਰਾਂਝਾ।
ਪੋਪਰ ਹੀਰ ਦੇ ਜਦੋਂ ਵੀ ਬਣੇ ਪੱਕੇ, ਬਤੇ ਸ਼ੌਕ ਦੇ ਨਾਲ ਸ਼ਾਦੀ ਕਰੀਂ ਰਾਂਝਾ।

ਤੂੰ ਵੀ ਸੁਣ ਹੀਰੇ ਗੱਲ ਨੂੰ ਲਤ ਬੰਨ ਲੈ! ਮੈਂ ਖੁਦ ਜਾਣਦਾ ਰਾਂਝਾ ਦਿਲਦਾਰ ਤੇਰਾ।
ਬਣ ਜਾਣ ਕਾਗਜ਼ ਤਾਂ ਫਿਰ ਖੁਸ਼ੀ ਕਰ ਲਈਂ, ਕਿਤੇ ਭੱਜਾ ਨਹੀਂ ਜਾਂਦਾ ਇਹ ਪਿਆਰ ਤੇਰਾ।
ਉੱਘ-ਸੁੱਘ ਨਾ ਨਿਕਲੇ ਕਿਸੇ ਤਾਈਂ, ਕਿ ਤੂੰ ਰਾਂਝੇ ਦੀ ਹੈਂ ਰਾਂਝਾ ਯਾਰ ਤੇਰਾ।
ਦਤ ਵੱਟ ਕੇ ਸਾਲ ਦੋ ਸਾਲ ਕੱਢ ਲੈ, ਮੈਂ ਖੁਦ ਆਪ ਵਸਾਊਂ ਘਰ-ਬਾਰ ਤੇਰਾ।

ਓਸੇ ਕਾਲਜ ਤੇ ਓਸੇ ਕਲਾਸ ਦੇ ਵਿੱਚ, ਜਿੱਥੇ ਹੀਰ ਪੜ੍ਹਦੀ ਰਾਂਝਾ ਜਾਣ ਲੱਗਾ।
ਇੱਕ ਕਮਰਾ ਕਿਰਾਏ ਤੇ ਲਿਆ ਉਸਨੇ, ਆਪੇ ਖਾਣ ਤੇ ਆਪੇ ਪਕਾਣ ਲੱਗਾ।
ਰਵੀ ਔਜਲੇ ਨਾਲ ਜਾ ਗੱਲ ਕੀਤੀ, ਸੈਵਨ ਅਲੈਵਨ 'ਤੇ ਰਾਤਾਂ ਲਗਾਣ ਲੱਗਾ।
ਪਿੱਛੋਂ ਘਰਦਿਆਂ ਕੋਲੋਂ ਹੈ ਕੀ ਮੰਗਣਾ, ਆਪਣੇ ਖਰਚ ਜੋਗਾ ਸੀ ਕਮਾਣ ਲੱਗਾ।

ਕਾਲਜ ਵਿੱਚ ਸੀ ਇੱਕ ਦਿਨ ਮਿਲੀ ਸਹਿਤੀ, ਪੁੱਛਣ ਰਾਂਝੇ ਦਾ ਸਾਰਾ ਹਾਲ-ਚਾਲ ਲੱਗੀ।
ਕੁਰਸੀ ਖਿੱਚ ਕੇ ਰਾਂਝੇ ਦੇ ਕੋਲ ਕਰ ਲਈ, ਉਲਟ-ਪੁਲਟ ਜਿਹੇ ਪੁੱਛਣ ਸਵਾਲ ਲੱਗੀ।
ਕਹਿੰਦੀ ਉੱਠ ਕੇ ਜ਼ਰਾ ਕੁ ਖੜਾ ਹੋਵੀਂ, ਜੱਫਾ ਮਾਰ ਕੇ ਛਾਤੀ ਦੇ ਨਾਲ ਲੱਗੀ।
ਤੇਰੇ ਵਰਗਾ ਨਾ ਗੱਭਰੂ ਕੋਈ ਡਿੱਠਾ, ਸਾਰੀ ਉਮਰ ਸੀ ਮੈਨੂੰ ਤਾਂ ਭਾਲ ਲੱਗੀ।

چوچک آکھیا رانجھیا دس 'کیراں، ہیر لئی قربانی کوئی کر سکداں؟
مینوں پتہ ہے جرنا تاں بہت اوکھا، کیہ توں سال دو سال لئی جر سکداں؟
تر آیاں توں دنیا دے پانیاں نوں، کیہ تھوڑا جیہا ہور وی تر سکداں؟
تیرے واسطے تینوں اک کم دساں، میرے مگر لگ کے کیہ توں کر سکداں؟

رانجھے آکھیا پرکھ کے دیکھ 'کیراں، میں تاں ہیر لئی کجھ وی کر سکداں
سماں بے وفائی نہ کرے جیکر، سو سال وی سمیں نوں جر سکداں
کھیڈاں ترن دیاں مرن دیاں میں جاناں، بھو ساگر ہیر لئی تر سکداں
جیندا رہاں میں ہیر لئی عمر ساری، لوڑ پئی تاں ہیر لئی مر سکداں

کاغذ ہیر دے بننگے سال کھنڈ وچ، اونا چر نہ گل کوئی کریں رانجھا
دستخط کسے دے اساں کروائے نے جی، تکڑا دل کرکے توں جریں رانجھا
پردہ رکھن دے وچ ہی جت تیری، بازی جتی جتائیں نہ ہریں رانجھا
پیپر ہیر دے جدوں وی بنے پکے، بڑے شوق دے نال شادی کریں رانجھا

توں وی سن ہیرے گل نوں لڑ بن لے! میں خود جاندا رانجھا دلدار تیرا
بن جان کاغذ تاں پھر خوشی کر لئیں، کتے بھجا نہیں جاندا ایہہ پیار تیرا
اگھ سگھ نہ نکلے کسے تائیں، کہ توں رانجھے دی ہیں رانجھا یار تیرا
دڑ وٹ کے سال دو سال کڈھ لے، میں خود آپ وساؤں گھر بار تیرا

اوسے کالج تے اوسے کلاس دے وچ، جتھے ہیر پڑھدی رانجھا جان لگا
اک کمرہ کرائے تے لیا اسنے، آپے کھان تے آپے پکان لگا
روی اوجلے نال جا گل کیتی، سیون الیون تے راتاں لگان لگا
پچھوں گھردیاں کولوں ہے کیہ منگنا، اپنے خرچ جوگا سی کمان لگا

کالج وچ سی اک دن ملی سہتی، پچھن رانجھے دا سارا حال چال لگی
کرسی کھچ کے رانجھے دے کول کر لئی، الٹ پلٹ جہے پچھن سوال لگی
کہندی اٹھ کے ذرا کو کھڑا ہوویں، جفا مار کے چھاتی دے نال لگی
تیرے ورگا نہ گبھرو کوئی ڈٹھا، ساری عمر سی مینوں تاں بھال لگی

ਰਾਂਝਾ ਆਖਦਾ ਜੱਟਾਂ ਦੀ ਕੁੜੀ ਲੱਗੇਂ, ਚੰਗੀ ਭਲੀ ਪੰਜਾਬੀ ਤੂੰ ਬੋਲਨੀ ਏਂ।
ਪੜ੍ਹਾਂ ਹੋ ਕੇ ਜ਼ਰਾ ਕੁ ਬੈਠ ਕੁੜੀਏ, ਇਹ ਕਸੂਤੀ ਕੜ੍ਹੀ ਕਿਉਂ ਘੋਲਨੀ ਏਂ।
ਲਾਲ੍ਹਾਂ ਸਿੱਟਦੀ ਏਂ ਨਵਾਂ ਦੇਖ ਬੰਦਾ, ਸ਼ਬਦ ਲੱਚਰ, ਅਸ਼ਲੀਲ ਕਿਉਂ ਬੋਲਨੀ ਏਂ।
ਮੇਰੇ ਅੰਦਰ ਹੈ ਸੁਲਘਦੀ ਅੱਗ ਜਿਹਤੀ, ਧੁਖ਼ਦੇ ਕੋਲੇ ਤੂੰ ਕਾਹਤੋਂ ਫਰੋਲਨੀ ਏਂ।

ਅੱਧੀ ਗੱਲ ਦੀ ਤੇਰੀ ਨਾ ਸਮਝ ਲੱਗੀ, ਗੂੜ੍ਹ ਗਿਆਨ ਤੇ ਬਹੁਤਾ ਨਾ ਜਾਣਦੀ ਮੈਂ।
ਖਾਣ-ਪੀਣ ਦਾ ਸ਼ੌਕ ਮੈਂ ਰੱਖਦੀ ਹਾਂ, ਰੱਜ-ਰੱਜ ਰੰਗ ਰਲੀਆਂ ਮਾਣਦੀ ਮੈਂ।
ਏਨਾ ਪਤਾ ਤੂੰ ਮੇਰੀ ਹੀ ਉਮਰ ਦਾ ਹੈਂ, ਮਿਣ ਕੇ ਦੇਖ ਲਾ ਤੂੰ, ਤੇਰੇ ਹਾਣ ਦੀ ਮੈਂ।
ਮੌਜ ਜ਼ਿੰਦਗੀ ਦੀ ਮੈਂ ਤਾਂ ਨਿੱਤ ਲੈਂਦੀ, ਬਹੁਤੀ ਗੁਣਾ ਘਟਾਓ ਨਾ ਜਾਣਦੀ ਮੈਂ।

ਇੱਕ ਰਾਤ ਨੂੰ ਰਾਂਝਾ ਸੀ ਕੰਮ ਕਰਦਾ, ਧੋਂਦਾ ਪਾਰਕਿੰਗ ਝਾੜੂ ਲਗਾਂਵਦਾ ਜੀ।
ਡੱਬੇ ਬੀਅਰ ਦੇ, ਖਾਲੀ ਗਲਾਸ ਚੁੱਕੇ, ਚੁੱਕ ਕੂੜੇ ਦੇ ਡੱਬੇ ਵਿੱਚ ਪਾਂਵਦਾ ਜੀ।
ਸਹਿਤੀ ਬੀਅਰ ਖਰੀਦਣ ਨੂੰ ਆਈ ਓਥੇ, ਰਾਂਝਾ ਵੇਖ ਯਕੀਨ ਨਾ ਆਂਵਦਾ ਜੀ।
ਲੱਗਦਾ ਨਹੀਂ ਕਿ ਕਦੇ ਇਸ ਕੰਮ ਕੀਤਾ, ਕੀ ਕਾਰਣ ਹੈ, ਪੋਚੇ ਲਾਂਵਦਾ ਜੀ।

ਏਨੀ ਦੇਰ ਨੂੰ ਆਪਣਾ ਕੰਮ ਕਰਕੇ, ਰਾਂਝਾ ਤੁਰਿਆ ਕਮਰੇ ਵੱਲ ਜਾਂਵਦਾ ਜੀ।
ਸਹਿਤੀ ਰੋਕ ਕੇ ਕਾਰ ਬਿਠਾ ਲਿਆ ਸੂ, ਕਹਿੰਦੀ ਤੇਰੇ 'ਤੇ ਤਰਸ ਹੈ ਆਂਵਦਾ ਜੀ।
ਸਹਿਤੀ ਆਖਦੀ ਤੇਰੇ ਮੈਂ ਘਰੇ ਜਾਣਾ, ਰਾਂਝਾ ਸਹਿਤੀ ਤੋਂ ਖਹਿੜਾ ਛੁਡਾਂਵਦਾ ਜੀ।
ਕਮਰੇ ਵਿੱਚ ਤਾਂ ਕੁੱਝ ਵੀ ਹੈ ਨਾ ਸੀ, ਸੰਗਦਾ-ਸੰਗਦਾ ਅੰਦਰ ਨੂੰ ਜਾਂਵਦਾ ਜੀ।

ਕੁਰਸੀ ਮੇਜ ਨਾ ਕੋਈ ਨਾ ਮੰਜਾ, ਪੀਹੜੀ, ਕਾਰਪੈਟ ਤੇ ਕੰਬਲ ਵਿਛਾਏ ਰਾਂਝਾ।
ਕਮਰੇ ਵਿੱਚ ਤਾਂ ਹੋਰ ਕੁੱਝ ਵੀ ਨਾ ਸੀ, ਸੋਚੇ ਸਹਿਤੀ ਨੂੰ ਕੀ ਦਿਖਾਏ ਰਾਂਝਾ।
ਸਹਿਤੀ ਅੱਖ ਦੇ ਨਾਲ ਜਾਂ ਅੱਖ ਮੇਲੀ, ਨਿੱਕਾ ਜਿਹਾ ਫਿਰ ਮੂੰਹ ਬਣਾਏ ਰਾਂਝਾ।
ਰਾਂਝਾ ਪੁੱਤ ਜੋ ਦੇਸ਼ ਦੇ ਚੌਧਰੀ ਦਾ, ਦੂਜੇ ਦੇਸ਼ ਵਿੱਚ ਨਜ਼ਰ ਚੁਰਾਏ ਰਾਂਝਾ।

ਆਹ ਤਾਂ ਬਹੁਤ ਵਧੀਆ ਸਹਿਤੀ ਆਖਦੀ ਸੂ, ਬੜੇ ਲੋਕ ਏਸੇ ਤਰ੍ਹਾਂ ਰਹਿਣ ਰਾਂਝਾ।
ਤੇਰੇ ਕੋਲ ਤਾਂ ਕੰਬਲ ਹੈ ਬੜਾ ਵਧੀਆ, ਲੋਕੀਂ ਕਾਰਪੈਟ ਉੱਤੇ ਹੀ ਪੈਣ ਰਾਂਝਾ।
ਆਹ ਲੈ! ਫੜ ਡੱਬਾ, ਆਪਾਂ ਬੀਅਰ ਪੀਈਏ, ਮੈਂ ਤੇ ਕੰਬਲ 'ਤੇ ਲੱਗੀ ਹਾਂ ਬਹਿਣ ਰਾਂਝਾ।
ਤਿੰਨ ਚਾਰ ਡੱਬੇ ਬੀਅਰ ਦੇ ਪੀ ਕੇ, ਸਹਿਤੀ ਆਖਦੀ ਲੱਗੀ ਮੈਂ ਪੈਣ ਰਾਂਝਾ।

رانجھا آکھدا جٹاں دی کڑی لگیں، چنگی بھلی پنجابی توں بولنی ایں
پڑھاں ہو کے ذرا کو بیٹھ کڑیے، ایہہ کسوتی کڑھی کیوں گھولنی ایں
لالاں سٹدی ایں نواں دیکھ بندہ، شبد لچر، اشلیل کیوں بولنی ایں
میرے اندر ہے سلگھدی اگ جیہڑی، دھخدے کولے توں کاہتوں پھرولنی ایں

ادھی گل دی تیری نہ سمجھ لگی، گوڑھ گیان تے بہتا نہ جانی میں
کھان پین دا شوق میں رکھدی ہاں، رج رج رنگ رلیاں مانی میں
اپنا پتہ توں میری ہی عمر دا ہیں، من کے دیکھ لا توں، تیرے ہان دی میں
موج زندگی دی میں تاں نت لیندی، بہتی گنا گھٹاؤ نہ جانی میں

اک رات نوں رانجھا سی کم کردا، دھوندا پارکنگ جھاڑو لگاندا جی
ڈبے بیئر دے، خالی گلاس چکے، چک کوڑے دے ڈبے وچ پاندا جی
سہتی بیئر خریدن نوں آئی اوتھے، رانجھا ویکھ یقین نہ آندا جی
لگدا نہیں کہ کدے اس کم کیتا، کیہ کارن ہے، پوچے لاندا جی

اینی دیر توں اپنا کم کرکے، رانجھا تریا کمرے ول جاندا جی
سہتی روک کے کار بٹھا لیا سو، کہندی تیرے تے ترس ہے آندا جی
سہتی آکھدی تیرے میں گھرے جانا، رانجھا سہتی توں کھہڑا چھڈاندا جی
کمرے وچ تاں کجھ وی ہے نہ سی، سنگدا سنگدا اندر نوں جاندا جی

کرسی میز نہ کوئی نہ منجا، پیہڑی، کارپیٹ تے کمبل وچھائے رانجھا
کمرے وچ تاں ہور کجھ وی نہ سی، سوچے سہتی نوں کیہ دکھائے رانجھا
سہتی اکھ دے نال جاں اکھ میلی، نکا جیہا پھر مُونہہ بنائے رانجھا
رانجھا پت جو دیش دے چودھری دا، دوجے دیش وچ نظر چرائے رانجھا

آہ تاں بہت ودھیا سہتی آکھدی سو، بڑے لوک ایسے طرحاں رہن رانجھا
تیرے کول تاں کمبل ہے بڑا ودھیا، لوکیں کارپیٹ اتے ہی پین رانجھا
آہ لے! پھڑ ڈبہ، آپاں بیئر پیئیے، میں تے کمبل تے لگی ہاں بہن رانجھا
تن چار ڈبے بیئر دے پی کے، سہتی آکھدی لگی میں پین رانجھا

ਰਾਂਝਾ ਆਖਦਾ ਆਪਣੇ ਘਰ ਮੁਤ ਜਾ, ਘਰ ਵਾਲੇ ਉਡੀਕਦੇ ਹੋਣਗੇ ਨੀ।
ਜਿਸਦੀ ਧੀ ਜਵਾਨ ਨਾ ਮੁਤੀ ਰਾਤੀਂ, ਸਾਰੀ ਰਾਤ ਉਹ ਕਿਸ ਤਰ੍ਹਾਂ ਸੌਂਣਗੇ ਨੀ।
ਅਚਨਚੇਤ ਜੇ ਦਾਗ਼ ਲੱਗ ਜਾਏ ਕੋਈ, ਸਾਰੀ ਉਮਰ ਫਿਰ ਕਿਸ ਤਰ੍ਹਾਂ ਧੋਣਗੇ ਨੀ।
ਜੇਕਰ ਆਂਡ-ਗਵਾਂਡ ਨੂੰ ਪਤਾ ਲੱਗੂ, ਘਰ ਦੇ ਮਾਰ ਦੁਹੱਥੜੇ ਰੋਣਗੇ ਨੀ।

ਸਹਿਤੀ ਆਖਦੀ ਸਮਝ ਨਾ ਲੱਗਦੀ ਸੂ, ਕਿਹਤਾ ਹਿਸਾਬ-ਕਿਤਾਬ ਲਗਾਵਣਾ ਏਂ।
ਉਰੇ ਆ ਤੇ ਘੁੱਟ ਪਿਲਾ ਮੈਨੂੰ, ਐਵੇਂ ਪੱਜ-ਪਲੱਜ ਕੀ ਲਾਵਣਾ ਏਂ।
ਆਹ ਰੂੰ ਡੱਬੇ ਨੂੰ ਕੀ ਚੁੰਘੀ ਜਾਵਣਾ ਏਂ, ਘੰਟੇ ਵਿੱਚ ਇਕ ਡੱਬਾ ਮੁਕਾਵਣਾ ਏਂ।
ਉਰ੍ਹੇ ਆਏਂਗਾ ਜਾਂ ਖਿੱਚ ਲਵਾਂ ਤੈਨੂੰ, ਰੱਬ ਤੋਂ ਹੋਰ ਦੱਸ ਕੀ ਰੂੰ ਚਾਵ੍ਹਣਾ ਏਂ।

ਮਿਹਣਾ ਮਰਦਾਂ ਨੂੰ ਛੱਡ ਮੈਦਾਨ ਭੱਜਣਾ, ਰਾਂਝੇ ਭਰ ਗਲਾਸੀ ਇੱਕ ਲਾਈ ਨੇ ਜੀ।
ਰਾਂਝੇ ਆਖਿਆ ਦੇਖ ਹੁਣ ਕਿਵੇਂ ਪੀਵਾਂ, ਇੱਕੋ ਸਾਹ ਗਲਾਸੀ ਮੁਕਾਈ ਨੇ ਜੀ।
ਸਹਿਤੀ ਰਾਂਝੇ ਦੇ ਮੋਢੇ 'ਤੇ ਸਿਰ ਰੱਖਿਆ, ਨਾਲੇ ਘੁੱਟ ਕੇ ਜੱਫੀ ਪਾਈ ਨੇ ਜੀ।
ਸੁੰਨਤਾ! ਗੱਲ ਨੂੰ ਸੁਣੀ ਤਿਆਰ ਹੋ ਕੇ, ਧੱਕੇ ਨਾਲ ਹੀ ਸੇਜ ਹੰਢਾਈ ਨੇ ਜੀ।

ਰਾਂਝੇ ਅਗਲੇ ਦਿਨ ਕੈਦੋਂ ਨੂੰ ਕਾਲ ਕੀਤੀ, ਕੀ ਕੁੱਝ ਕਰਨ ਕੁੜੀਆਂ ਦੁਹਾਈ ਨੇ ਜੀ।
ਸਾਰੀ ਖੋਲ੍ਹ ਕੇ ਰਾਤ ਦੀ ਗੱਲ ਦੱਸੀ, ਕਹਿੰਦਾ ਰਾਤ ਇੱਕ ਭੂਤਨੀ ਆਈ ਨੇ ਜੀ।
ਮੈਂ ਤਾਂ ਡਰਦਾ ਸੀ ਓਸਦੇ ਲੱਛਣਾਂ ਤੋਂ, ਧੱਕੇ ਨਾਲ ਉਸ ਸੇਵਾ ਕਰਵਾਈ ਨੇ ਜੀ।
ਚੰਗੀ ਭਲੀ ਸੀ, ਬੀਅਰ ਜਦ ਪੀਣ ਲੱਗੀ, ਬੀਅਰ ਪੀ ਕੇ ਹੋਸ਼ ਗਵਾਈ ਨੇ ਜੀ।

ਕੈਦੋਂ ਆਖਦਾ ਗੱਲ ਸੁਣ ਰੂੰ ਰਾਂਝਾ, ਤੇਰਾ ਬਤਾ ਹੀ ਕੰਮ ਸੂਤ ਆਇਆ ਨੇ।
ਦੇਖੀਂ ਸਾਲ ਦੋ ਸਾਲ ਦੇ ਵਿੱਚ ਰਾਂਝਾ, ਤੇਰਾ ਹਰਾ ਪੱਤਾ ਘਰ ਆਇਆ ਨੇ।
ਦਸਤਖ਼ਤ ਕਰਨ ਨੂੰ ਰੂੰ ਮਨਾਈ ਉਸਨੂੰ, ਤੇਰਾ ਕੰਮ ਤਾਂ ਕੰਢੇ 'ਤੇ ਆਇਆ ਨੇ।
ਗੱਲ ਕਰੀਂ ਰੂੰ ਰਾਂਝਿਆ! ਓਸ ਵੇਲੇ, ਜਦੋਂ ਉਸਨੇ ਪੈਗ ਇੱਕ ਲਾਇਆ ਨੇ।

ਹਾਲੇ ਮੂੰਹੋਂ ਹੀ ਰਾਂਝੇ ਨੇ ਗੱਲ ਕੱਢੀ, ਸਹਿਤੀ ਓਸੇ ਵੇਲੇ ਭੱਜੀ ਆਈ ਨੇ ਜੀ।
ਓਸੇ ਦਿਨ ਹੀ ਦਸਤਖ਼ਤ ਜਾ ਕੀਤੇ, ਗੱਡੀ ਰਾਂਝੇ ਦੀ ਲੀਹਾਂ 'ਤੇ ਪਾਈ ਨੇ ਜੀ।
ਘੁੰਮਦੇ ਰਹੇ ਦੋਵੇਂ ਉਸ ਦਿਨ ਬੀਚ ਉੱਤੇ, ਅੱਜ ਰਾਂਝੇ ਨੇ ਰੋਟੀ ਖਲਾਈ ਨੇ ਜੀ।
ਟੇਬਲ ਵਾਈਨ ਦੇ ਦੋ ਤਿੰਨ ਪੈਗ ਲਾ ਕੇ, ਸਹਿਤੀ ਧੱਕੀ ਗਲਾਸੀ ਵੀ ਲਾਈ ਨੇ ਜੀ।

رانجھا آکھدا اپنے گھر مڑ جا، گھر والے اڈیکدے ہون گے نی
جسدی دھی جوان نہ مڑی راتیں، ساری رات اوہ کس طرحاں سوننگے نی
اچنچیت جے داغ لگ جائے کوئی، ساری عمر پھر کس طرحاں دھونگے نی
جیکر آنڈ گوانڈ نوں پتہ لگو، گھر دے مار دہتھڑے رونگے نی

سہتی آکھدی سمجھ نہ لگدی سو، کیہڑا حساب کتاب لگاونا ایں
ارے آ تے گھٹ پلا مینوں، ایویں پچ پلچ کیہ لاونا ایں
آہ توں ڈبے نوں کیہ چنگھی جاونا ایں، گھنٹے وچ اک ڈبہ مکاونا ایں
ارھے آکھینگا جاں کھچ لواں تینوں، رب توں ہور دس کیہ توں چاہنا ایں

میہنا مرداں نوں چھڈ میدان بھجنا، رانجھے بھر گلاسی اک لائی نے جی
رانجھے آکھیا دیکھ ہن کویں پیوں، اکو ساہ گلاسی مکائی نے جی
سہتی رانجھے دے موڈھے تے سر رکھیا، نالے گھٹ کے جفی پائی نے جی
سنڑا! گل نوں سنی تیار ہو کے، دھکے نال ہی سیج ہنڈھائی نے جی

رانجھے اگلے دن قیدوں نوں کال کیتی، کیہ کجھ کرن کڑیاں دہائی نے جی
ساری کھولھ کے رات دی گل دسی، کہندا رات اک بھوتنی آئی نے جی
میں تاں ڈردا سی اوسدے لچھناں توں، دھکے نال اس سیوا کروائی نے جی
چنگی بھلی سی، بیئر جد پین لگی، بیئر پی کے ہوش گوائی نے جی

قیدوں آکھدا گل سن توں رانجھا، تیرا بڑا ہی کم سوت آیا نے
دیکھیں سال دو سال دے وچ رانجھا، تیرا ہرا پتہ گھر آیا نے
دستخط کرن نوں توں منائی اسنوں، تیرا کم تاں کنڈھے تے آیا نے
گل کریں توں رانجھیا! اوس ویلے، جدوں اسنے پیگ اک لایا نے

حالے مونہوں ہی رانجھے نے گل کڈھی، سہتی اوسے ویلے بھجی آئی نے جی
اوسے دن ہی دستخط جا کیتے، گڈی رانجھے دی لیہاں تے پائی نے جی
گھمدے رہے دوویں اس دن بیچ اتے، اج رانجھے نے روٹی کھلائی نے جی
ٹیبل وائین دے دو تن پیگ لا کے، سہتی پکی گلاسی وی لائی نے جی

لنگھیا سماں تے پتہ ہی نہ لگا، اک دن سمیں نے رنگ دکھایا جی
ڈبہ کھولھ جد رانجھے نے میل دیکھی، ہرا پتہ اج ڈاک وچ آیا جی
رانجھے یار بیلی سارے کرے کٹھے، بار بی کیو اج بنایا جی
دیر کھوہیے تائیں سی رہے پیندے، پورا جم کے کھشا منایا جی

ٹن ہو کے قیدوں وی گیا اوتھے، اک ہور جا کے پیگ لایا جی
چٹھا کھولھ کے رکھیا اپنا وی، پتہ قیدوں وی اویں بنایا جی
کوئی گل دسے اپنے نال بیتی، کداں جناں نے وقت لنگھایا جی
کسے دسیا کہ ہزاراں ں سال مگروں، چہرہ بچیاں دا نظریں آیا جی

چوچک کول پھر اگلے دن گیا رانجھا، آکھے میں تاں ہن بول پگایا جی
کرو مہر تے ہیر ہن دیو مینوں، اپنی ہیر توں لین میں آیا جی
چوچک آکھدا کھیڑے تاں نہیں مندے، پچھلے مہینے میں بڑا سمجھایا جی
کارڈ ہیر دا آیا ہے کئی چر دا، پر نہ کھیڑیاں سانوں دکھایا جی

اوسے ویلے ہی سہتی نوں کال کرکے، رانجھے کمرے دے وچ بلائیو نے
کارڈ ملن دی خوشی پھر کری دوہاں، کٹھے بیٹھ کے پیگ شیگ لائیو نے
کٹیاں دناں دے بعد اج ملے دووِیں، رج رج کے من پرچائیو نے
تیویں نہ بنی نہ صحیح پھیر کیہ ہے، اپنے پیار نوں نیویں لائیو نے

سہتی آکھدی رانجھیا! یاد رکھیں، میں تاں اپنا فرض نبھا دتا
میرا کجھ وی نہ لکیا وے تیرے کولوں، انگ انگ میں کھولھ وکھا دتا
تیرے میرے وچالے ہے کون نڈھی، جسنے تیرے تے جادو چلا دتا
دسی دل دی گل نہ کدے مینوں، گلیں باتیں توں مینوں ٹرکا دتا

رانجھا آکھدا چوچک نے قسم پائی، تاہیوں تیرے توں گل لکائی نعرے
جسنوں سہتیے! بھابی توں آکھدی ہیں، اہہہ سبھ ہیر دی کری کرائی نعرے
میں امریکہ جے آیا تاں ہیر خاطر، ہیر کھچ کے مینوں لیائی نعرے
میرے آؤن توں پہلاں ہیر دے لئی، ہرے پتے دی گل چلائی نعرے

لنگھیا سماں تے پتہ ہی نہ لگا، اِک دن سمیں نے رنگ دکھایا جی
ڈبہ کھولھ جد رانجھے نے میل دیکھی، ہرا پتہ اج ڈاک وچ آیا جی
رانجھے یار بیلی سارے کرے 'کٹھے، بار بی کیو اج بنایا جی
دیر کھوہیے تائیں سی رہے پیندے، پورا جم کے کھشا منایا جی

ٹُن ہو کے قیدوں وی گیا اوتھے، اک ہور جا کے پیگ لایا جی
چٹھا کھولھ کے رکھیا اپنا وی، پتہ قیدوں وی اویں بنایا جی
کوئی گل دسے اپنے نال بیتی، کداں جناں نے وقت لنگھایا جی
کسے دسیا کہ ہزاراں ں سال مگروں، چہرہ بچیاں دا نظریں آیا جی

چوچک کول پھر اگلے دن گیا رانجھا، آکھے میں تاں ہن بول پگایا جی
کرو مہر تے ہیر ہن دیو مینوں، اپنی ہیر توں لین میں آیا جی
چوچک آکھدا کھیڑے تاں نہیں مندے، پچھلے مہینے میں بڑا سمجھایا جی
کارڈ ہیر دا آیا ہے کئی چر دا، پر نہ کھیڑیاں سانوں دکھایا جی

اوسے ویلے ہی سہتی نوں کال کرکے، رانجھے کمرے دے وچ بلائیو نے
کارڈ ملن دی خوشی پھر کری دوہاں، کٹھے بیٹھ کے پیگ شیگ لائیو نے
کٹیاں دناں دے بعد اج ملے دووِیں، رج رج کے من پرچائیو نے
تیویں نہ بنی نہ صحیح پھیر کیہ ہے، اپنے پیار نوں نیویں لائیو نے

سہتی آکھدی رانجھیا! یاد رکھیں، میں تاں اپنا فرض نبھا دتا
میرا کجھ وی نہ لکیا وے تیرے کولوں، انگ انگ میں کھولھ وکھا دتا
تیرے میرے وچالے ہے کون نڈھی، جسنے تیرے تے جادو چلا دتا
دسی دل دی گل نہ کدے مینوں، گلیں باتیں توں مینوں ٹرکا دتا

رانجھا آکھدا چوچک نے قسم پائی، تاہیوں تیرے توں گل لکائی نعرے
جسنوں سہتیے! بھابی توں آکھدی ہیں، اہہہ سبھ ہیر دی کری کرائی نعرے
میں امریکہ جے آیا تاں ہیر خاطر، ہیر کھچ کے مینوں لیائی نعرے
میرے آؤن توں پہلاں ہیر دے لئی، ہرے پتے دی گل چلائی نعرے

لنگھیا سماں تے پتہ ہی نہ لگا، اِک دن سمیں نے رنگ دکھایا جی
ڈبہ کھولھ جد رانجھے نے میل دیکھی، ہرا پتہ اج ڈاک وچ آیا جی
رانجھے یار بیلی سارے کرے 'کٹھے، بار بی کیو اج بنایا جی
دیر کھوہیے تائیں سی رہے پیندے، پورا جم کے کھشا منایا جی

ٹُن ہو کے قیدوں وی گیا اوتھے، اک ہور جا کے پیگ لایا جی
چٹھا کھولھ کے رکھیا اپنا وی، پتہ قیدوں وی اویں بنایا جی
کوئی گل دسے اپنے نال بیتی، کداں جناں نے وقت لنگھایا جی
کسے دسیا کہ ہزاراں ں سال مگروں، چہرہ بچیاں دا نظریں آیا جی

چوچک کول پھر اگلے دن گیا رانجھا، آکھے میں تاں ہن بول پگایا جی
کرو مہر تے ہیر ہن دیو مینوں، اپنی ہیر توں لین میں آیا جی
چوچک آکھدا کھیڑے تاں نہیں مندے، پچھلے مہینے میں بڑا سمجھایا جی
کارڈ ہیر دا آیا ہے کئی چر دا، پر نہ کھیڑیاں سانوں دکھایا جی

اوسے ویلے ہی سہتی نوں کال کرکے، رانجھے کمرے دے وچ بلائیو نے
کارڈ ملن دی خوشی پھر کری دوہاں، کٹھے بیٹھ کے پیگ شیگ لائیو نے
کٹیاں دناں دے بعد اج ملے دووِیں، رج رج کے من پرچائیو نے
تیویں نہ بنی نہ صحیح پھیر کیہ ہے، اپنے پیار نوں نیویں لائیو نے

سہتی آکھدی رانجھیا! یاد رکھیں، میں تاں اپنا فرض نبھا دتا
میرا کجھ وی نہ لکیا وے تیرے کولوں، انگ انگ میں کھولھ وکھا دتا
تیرے میرے وچالے ہے کون نڈھی، جسنے تیرے تے جادو چلا دتا
دسی دل دی گل نہ کدے مینوں، گلیں باتیں توں مینوں ٹرکا دتا

رانجھا آکھدا چوچک نے قسم پائی، تاہیوں تیرے توں گل لکائی نعرے
جسنوں سہتیے! بھابی توں آکھدی ہیں، اہہہ سبھ ہیر دی کری کرائی نعرے
میں امریکہ جے آیا تاں ہیر خاطر، ہیر کھچ کے مینوں لیائی نعرے
میرے آؤن توں پہلاں ہیر دے لئی، ہرے پتے دی گل چلائی نعرے

ਬਿਨਾ ਸ਼ਰਤ ਮੈਂ ਤੈਨੂੰ ਪਿਆਰ ਕੀਤਾ, ਜੁਗ ਜੁਗ ਜੀਅ ਤੂੰ ਤੇ ਮੇਰਾ ਯਾਰ ਮੀਆਂ।
ਕਰਦਾ ਚਿੱਤ ਜੇ ਰੱਬ ਧਿਆਵਣੇ ਨੂੰ, ਮੈਂ ਤਾਂ ਕਰਦੀ ਸਾਂ ਤੇਰਾ ਦੀਦਾਰ ਮੀਆਂ।
ਅਗਲੇ ਜਨਮ ਵਿੱਚ ਮਿਲਾਂਗੇ ਫੇਰ ਆਪਾਂ, ਤੇਰੇ ਸਿਰ ਹੈ ਮੇਰਾ ਉਧਾਰ ਮੀਆਂ।
ਤੇਰੀ ਹੀਰ ਮੈਂ ਤੈਨੂੰ ਦਿਵਾ ਦਿਆਂਗੀ, ਜਾਂਦੀ ਵਾਰ ਦਾ ਮੇਰਾ ਇਕਰਾਰ ਮੀਆਂ।

ਸਹਿਤੀ ਜਾ ਕੇ ਖੇੜੇ ਨਾਲ ਗੱਲ ਕਰਦੀ, ਕਹਿੰਦੀ ਗੱਲ ਸੁਣ ਲਾ ਕੇ ਕੰਨ ਵੀਰਾ।
ਹੀਰ ਤੇਰੀ ਤਾਂ ਕਦੇ ਨਾ ਹੋ ਸਕਦੀ, ਰਾਂਝੇ ਯਾਰ ਦੀ ਉਹ ਤਾਂ ਹੈ ਰੰਨ ਵੀਰਾ।
ਹੀਰ-ਰਾਂਝਾ ਤਾਂ ਰੂਹ ਕਲਬੂਤ ਪੱਕੇ, ਸਕੇ ਕੋਈ ਨਾ ਓਸ ਨੂੰ ਭੰਨ ਵੀਰਾ।
ਜੇਕਰ ਮਾਸਾ ਵੀ ਗੱਲ ਸੀ ਬਣ ਸਕਦੀ, ਸਾਡੇ ਆਉਂਦੀ ਫਿਰ ਰਾਂਝੇ ਦੀ ਜੰਨ ਵੀਰਾ।

ਮੈਂ ਤੇ ਰਾਂਝੇ ਦੇ ਨਾਲ ਪਿਆਰ ਕੀਤਾ, ਤੂੰ ਤਾਂ ਸਿਰਫ਼ ਬੱਸ ਹੀਰ ਨੂੰ ਚਾਹਿਆ ਨੇ।
ਹਰੇ ਪੱਤੇ ਦਾ ਮਾਣ ਨਾ ਕਰੀਂ ਵੀਰਾ, ਮੈਂ ਵੀ ਰਾਂਝੇ ਦਾ ਪੱਤਾ ਬਣਾਇਆ ਨੇ।
ਦਿਲ ਰਾਂਝੇ ਦਾ ਕਦੇ ਨਾ ਜਿੱਤ ਸਕੀ, ਭਾਵੇਂ ਜਿਸਮ ਨੂੰ ਪੂਰਾ ਹੰਢਾਇਆ ਨੇ।
ਤੂੰ ਤਾਂ ਮਨੋ ਮਨ ਹੀਰ ਨੂੰ ਪਿਆਰ ਕੀਤਾ, ਮੈਂ ਤਾਂ ਸਭ ਕੁੱਝ ਹੀ ਅੱਗੇ ਭਾਹਿਆ ਨੇ।

ਦੋ ਜਿਸਮ ਇੱਕ ਜਾਨ ਨੇ ਹੀਰ ਰਾਂਝਾ, ਰੱਬ ਨੇ ਜੋੜੀ ਇਹ ਆਪ ਬਣਾਈ ਵੀਰਾ।
ਕਿਸੇ ਦੀ ਨਾ ਤਾਕਤ ਜੋ ਬਦਲ ਦੇਵੇ, ਤੇਰੀ ਭੈਣ ਇਹ ਦੇਵੇ ਦੁਹਾਈ ਵੀਰਾ।
ਰਾਂਝਾ ਮਾਸਾ ਵੀ ਨਾ ਮੇਰਾ ਹੋ ਸਕਿਆ, ਮੈਂ ਵਾਹ ਜਹਾਨ ਦੀ ਲਾਈ ਵੀਰਾ।
ਤੂੰ ਉਡੀਕਦਾਂ ਪਿਆਰ ਦੇ ਤੰਗੜਾਂ ਨੂੰ, ਯਾਦ ਰੱਖੀਂ ਮਿਲਣੀ ਨਾ ਰਾਈ ਵੀਰਾ।

ਪੱਤਾ ਹੀਰ ਦਾ ਦੇਹ, ਆਪਣਾ ਕੱਟ ਪੱਤਾ, ਏਸੇ ਵਿੱਚ ਹੀ ਤੇਰੀ ਭਲਾਈ ਵੀਰਾ।
ਬਣਦੀ ਗੱਲ ਤਾਂ ਮੈਂ ਜਾ ਕੇ ਮਿੰਤ ਕਰਦੀ, ਤਰਲਾ ਪਾ ਲਿਆਉਂਦੀ ਭਰਜਾਈ ਵੀਰਾ।
ਤੇਰੀਆਂ ਅੱਖਾਂ ਦਾ ਨਹੀਂ ਇਲਾਜ ਹੋਣਾ, ਪਾਈਂ ਜਿਹੜੀ ਤੂੰ ਮਰਜੀ ਦਵਾਈ ਵੀਰਾ।
ਲਿਆ ਪੱਤਰਾ ਹੀਰ ਨੂੰ ਦੇ ਆਵਾਂ, ਐਵੇਂ ਲਈਂ ਫਿਰਦਾਂ ਦਿਲ ਨੂੰ ਲਾਈ ਵੀਰਾ।

ਸਹਿਤੀ ਹੀਰ ਨੂੰ ਮਿਲਣ ਫਿਰ ਜਾਂਵਦੀ ਹੈ, ਕਹਿੰਦੀ ਜਾ ਕੇ ਤੈਨੂੰ ਵਧਾਈ ਹੀਰੇ।
ਰਾਂਝਾ ਤੇਰਾ ਤਾਂ ਸਦਾ ਤੇਰਾ ਜੇਬ ਵਿੱਚ ਸੀ, ਹਰਾ ਪੱਤਾ ਮੈਂ ਤੇਰਾ ਲਿਆਈ ਹੀਰੇ।
ਮਾਫ਼ੀ ਅੱਜ ਮੈਂ ਤੇਰੇ ਤੋਂ ਮੰਗਣੀ ਆਂ, ਚੰਗਾ ਹੁੰਦਾ ਜੇ ਆਉਂਦਾ ਨਾਲ ਭਾਈ ਹੀਰੇ।
ਜੁਗ ਜੁਗ ਜਵਾਨੀਆਂ ਮਾਣਿਓ ਜੀ! ਜੋੜੀ ਤੁਸਾਂ ਦੀ ਰੱਬ ਬਣਾਈ ਹੀਰੇ।

ਬਿਨਾ ਸ਼ਰਤ ਮੈਂ ਤੈਨੂੰ ਪਿਆਰ ਕੀਤਾ, ਜੁਗ ਜੁਗ ਜੀਅ ਤੂੰ ਤੇ ਮੇਰਾ ਯਾਰ ਮੀਆਂ।
ਕਰਦਾ ਚਿੱਤ ਜੇ ਰੱਬ ਧਿਆਵਣੇ ਨੂੰ, ਮੈਂ ਤਾਂ ਕਰਦੀ ਸਾਂ ਤੇਰਾ ਦੀਦਾਰ ਮੀਆਂ।
ਅਗਲੇ ਜਨਮ ਵਿੱਚ ਮਿਲਾਂਗੇ ਫੇਰ ਆਪਾਂ, ਤੇਰੇ ਸਿਰ ਹੈ ਮੇਰਾ ਉਧਾਰ ਮੀਆਂ।
ਤੇਰੀ ਹੀਰ ਮੈਂ ਤੈਨੂੰ ਦਿਵਾ ਦਿਆਂਗੀ, ਜਾਂਦੀ ਵਾਰ ਦਾ ਮੇਰਾ ਇਕਰਾਰ ਮੀਆਂ।

ਸਹਿਤੀ ਜਾ ਕੇ ਖੇੜੇ ਨਾਲ ਗੱਲ ਕਰਦੀ, ਕਹਿੰਦੀ ਗੱਲ ਸੁਣ ਲਾ ਕੇ ਕੰਨ ਵੀਰਾ।
ਹੀਰ ਤੇਰੀ ਤਾਂ ਕਦੇ ਨਾ ਹੋ ਸਕਦੀ, ਰਾਂਝੇ ਯਾਰ ਦੀ ਉਹ ਤਾਂ ਹੈ ਰੰਨ ਵੀਰਾ।
ਹੀਰ-ਰਾਂਝਾ ਤਾਂ ਰੂਹ ਕਲਬੂਤ ਪੱਕੇ, ਸਕੇ ਕੋਈ ਨਾ ਓਸ ਨੂੰ ਭੰਨ ਵੀਰਾ।
ਜੇਕਰ ਮਾਸਾ ਵੀ ਗੱਲ ਸੀ ਬਣ ਸਕਦੀ, ਸਾਡੇ ਆਉਂਦੀ ਫਿਰ ਰਾਂਝੇ ਦੀ ਜੰਨ ਵੀਰਾ।

ਮੈਂ ਤੇ ਰਾਂਝੇ ਦੇ ਨਾਲ ਪਿਆਰ ਕੀਤਾ, ਤੂੰ ਤਾਂ ਸਿਰਫ਼ ਬੱਸ ਹੀਰ ਨੂੰ ਚਾਹਿਆ ਨੇ।
ਹਰੇ ਪੱਤੇ ਦਾ ਮਾਣ ਨਾ ਕਰੀਂ ਵੀਰਾ, ਮੈਂ ਵੀ ਰਾਂਝੇ ਦਾ ਪੱਤਾ ਬਣਾਇਆ ਨੇ।
ਦਿਲ ਰਾਂਝੇ ਦਾ ਕਦੇ ਨਾ ਜਿੱਤ ਸਕੀ, ਭਾਵੇਂ ਜਿਸਮ ਨੂੰ ਪੂਰਾ ਹੰਢਾਇਆ ਨੇ।
ਤੂੰ ਤਾਂ ਮਨੋ ਮਨ ਹੀਰ ਨੂੰ ਪਿਆਰ ਕੀਤਾ, ਮੈਂ ਤਾਂ ਸਭ ਕੁੱਝ ਹੀ ਅੱਗੇ ਭਾਹਿਆ ਨੇ।

ਦੋ ਜਿਸਮ ਇੱਕ ਜਾਨ ਨੇ ਹੀਰ ਰਾਂਝਾ, ਰੱਬ ਨੇ ਜੋੜੀ ਇਹ ਆਪ ਬਣਾਈ ਵੀਰਾ।
ਕਿਸੇ ਦੀ ਨਾ ਤਾਕਤ ਜੋ ਬਦਲ ਦੇਵੇ, ਤੇਰੀ ਭੈਣ ਇਹ ਦੇਵੇ ਦੁਹਾਈ ਵੀਰਾ।
ਰਾਂਝਾ ਮਾਸਾ ਵੀ ਨਾ ਮੇਰਾ ਹੋ ਸਕਿਆ, ਮੈਂ ਵਾਹ ਜਹਾਨ ਦੀ ਲਾਈ ਵੀਰਾ।
ਤੂੰ ਉਡੀਕਦਾਂ ਪਿਆਰ ਦੇ ਤੰਗੜਾਂ ਨੂੰ, ਯਾਦ ਰੱਖੀਂ ਮਿਲਣੀ ਨਾ ਰਾਈ ਵੀਰਾ।

ਪੱਤਾ ਹੀਰ ਦਾ ਦੇਹ, ਆਪਣਾ ਕੱਟ ਪੱਤਾ, ਏਸੇ ਵਿੱਚ ਹੀ ਤੇਰੀ ਭਲਾਈ ਵੀਰਾ।
ਬਣਦੀ ਗੱਲ ਤਾਂ ਮੈਂ ਜਾ ਕੇ ਮਿੰਤ ਕਰਦੀ, ਤਰਲਾ ਪਾ ਲਿਆਉਂਦੀ ਭਰਜਾਈ ਵੀਰਾ।
ਤੇਰੀਆਂ ਅੱਖਾਂ ਦਾ ਨਹੀਂ ਇਲਾਜ ਹੋਣਾ, ਪਾਈਂ ਜਿਹੜੀ ਤੂੰ ਮਰਜੀ ਦਵਾਈ ਵੀਰਾ।
ਲਿਆ ਪੱਤਰਾ ਹੀਰ ਨੂੰ ਦੇ ਆਵਾਂ, ਐਵੇਂ ਲਈਂ ਫਿਰਦਾਂ ਦਿਲ ਨੂੰ ਲਾਈ ਵੀਰਾ।

ਸਹਿਤੀ ਹੀਰ ਨੂੰ ਮਿਲਣ ਫਿਰ ਜਾਂਵਦੀ ਹੈ, ਕਹਿੰਦੀ ਜਾ ਕੇ ਤੈਨੂੰ ਵਧਾਈ ਹੀਰੇ।
ਰਾਂਝਾ ਤੇਰਾ ਤਾਂ ਸਦਾ ਤੇਰਾ ਜੇਬ ਵਿੱਚ ਸੀ, ਹਰਾ ਪੱਤਾ ਮੈਂ ਤੇਰਾ ਲਿਆਈ ਹੀਰੇ।
ਮਾਫ਼ੀ ਅੱਜ ਮੈਂ ਤੇਰੇ ਤੋਂ ਮੰਗਣੀ ਆਂ, ਚੰਗਾ ਹੁੰਦਾ ਜੇ ਆਉਂਦਾ ਨਾਲ ਭਾਈ ਹੀਰੇ।
ਜੁਗ ਜੁਗ ਜਵਾਨੀਆਂ ਮਾਣਿਓ ਜੀ! ਜੋੜੀ ਤੁਸਾਂ ਦੀ ਰੱਬ ਬਣਾਈ ਹੀਰੇ।

ਬਿਨਾ ਸ਼ਰਤ ਮੈਂ ਤੈਨੂੰ ਪਿਆਰ ਕੀਤਾ, ਜੁਗ ਜੁਗ ਜੀਅ ਤੂੰ ਤੇ ਮੇਰਾ ਯਾਰ ਮੀਆਂ।
ਕਰਦਾ ਚਿੱਤ ਜੇ ਰੱਬ ਧਿਆਵਣੇ ਨੂੰ, ਮੈਂ ਤਾਂ ਕਰਦੀ ਸਾਂ ਤੇਰਾ ਦੀਦਾਰ ਮੀਆਂ।
ਅਗਲੇ ਜਨਮ ਵਿੱਚ ਮਿਲਾਂਗੇ ਫੇਰ ਆਪਾਂ, ਤੇਰੇ ਸਿਰ ਹੈ ਮੇਰਾ ਉਧਾਰ ਮੀਆਂ।
ਤੇਰੀ ਹੀਰ ਮੈਂ ਤੈਨੂੰ ਦਿਵਾ ਦਿਆਂਗੀ, ਜਾਂਦੀ ਵਾਰ ਦਾ ਮੇਰਾ ਇਕਰਾਰ ਮੀਆਂ।

ਸਹਿਤੀ ਜਾ ਕੇ ਖੇੜੇ ਨਾਲ ਗੱਲ ਕਰਦੀ, ਕਹਿੰਦੀ ਗੱਲ ਸੁਣ ਲਾ ਕੇ ਕੰਨ ਵੀਰਾ।
ਹੀਰ ਤੇਰੀ ਤਾਂ ਕਦੇ ਨਾ ਹੋ ਸਕਦੀ, ਰਾਂਝੇ ਯਾਰ ਦੀ ਉਹ ਤਾਂ ਹੈ ਰੰਨ ਵੀਰਾ।
ਹੀਰ-ਰਾਂਝਾ ਤਾਂ ਰੂਹ ਕਲਬੂਤ ਪੱਕੇ, ਸਕੇ ਕੋਈ ਨਾ ਓਸ ਨੂੰ ਭੰਨ ਵੀਰਾ।
ਜੇਕਰ ਮਾਸਾ ਵੀ ਗੱਲ ਸੀ ਬਣ ਸਕਦੀ, ਸਾਡੇ ਆਉਂਦੀ ਫਿਰ ਰਾਂਝੇ ਦੀ ਜੰਨ ਵੀਰਾ।

ਮੈਂ ਤੇ ਰਾਂਝੇ ਦੇ ਨਾਲ ਪਿਆਰ ਕੀਤਾ, ਤੂੰ ਤਾਂ ਸਿਰਫ਼ ਬੱਸ ਹੀਰ ਨੂੰ ਚਾਹਿਆ ਨੇ।
ਹਰੇ ਪੱਤੇ ਦਾ ਮਾਣ ਨਾ ਕਰੀਂ ਵੀਰਾ, ਮੈਂ ਵੀ ਰਾਂਝੇ ਦਾ ਪੱਤਾ ਬਣਾਇਆ ਨੇ।
ਦਿਲ ਰਾਂਝੇ ਦਾ ਕਦੇ ਨਾ ਜਿੱਤ ਸਕੀ, ਭਾਵੇਂ ਜਿਸਮ ਨੂੰ ਪੂਰਾ ਹੰਢਾਇਆ ਨੇ।
ਤੂੰ ਤਾਂ ਮਨੋ ਮਨ ਹੀਰ ਨੂੰ ਪਿਆਰ ਕੀਤਾ, ਮੈਂ ਤਾਂ ਸਭ ਕੁੱਝ ਹੀ ਅੱਗੇ ਭਾਹਿਆ ਨੇ।

ਦੋ ਜਿਸਮ ਇੱਕ ਜਾਨ ਨੇ ਹੀਰ ਰਾਂਝਾ, ਰੱਬ ਨੇ ਜੋੜੀ ਇਹ ਆਪ ਬਣਾਈ ਵੀਰਾ।
ਕਿਸੇ ਦੀ ਨਾ ਤਾਕਤ ਜੋ ਬਦਲ ਦੇਵੇ, ਤੇਰੀ ਭੈਣ ਇਹ ਦੇਵੇ ਦੁਹਾਈ ਵੀਰਾ।
ਰਾਂਝਾ ਮਾਸਾ ਵੀ ਨਾ ਮੇਰਾ ਹੋ ਸਕਿਆ, ਮੈਂ ਵਾਹ ਜਹਾਨ ਦੀ ਲਾਈ ਵੀਰਾ।
ਤੂੰ ਉਡੀਕਦਾਂ ਪਿਆਰ ਦੇ ਤੰਗੜਾਂ ਨੂੰ, ਯਾਦ ਰੱਖੀਂ ਮਿਲਣੀ ਨਾ ਰਾਈ ਵੀਰਾ।

ਪੱਤਾ ਹੀਰ ਦਾ ਦੇਹ, ਆਪਣਾ ਕੱਟ ਪੱਤਾ, ਏਸੇ ਵਿੱਚ ਹੀ ਤੇਰੀ ਭਲਾਈ ਵੀਰਾ।
ਬਣਦੀ ਗੱਲ ਤਾਂ ਮੈਂ ਜਾ ਕੇ ਮਿੰਤ ਕਰਦੀ, ਤਰਲਾ ਪਾ ਲਿਆਉਂਦੀ ਭਰਜਾਈ ਵੀਰਾ।
ਤੇਰੀਆਂ ਅੱਖਾਂ ਦਾ ਨਹੀਂ ਇਲਾਜ ਹੋਣਾ, ਪਾਈਂ ਜਿਹੜੀ ਤੂੰ ਮਰਜੀ ਦਵਾਈ ਵੀਰਾ।
ਲਿਆ ਪੱਤਰਾ ਹੀਰ ਨੂੰ ਦੇ ਆਵਾਂ, ਐਵੇਂ ਲਈਂ ਫਿਰਦਾਂ ਦਿਲ ਨੂੰ ਲਾਈ ਵੀਰਾ।

ਸਹਿਤੀ ਹੀਰ ਨੂੰ ਮਿਲਣ ਫਿਰ ਜਾਂਵਦੀ ਹੈ, ਕਹਿੰਦੀ ਜਾ ਕੇ ਤੈਨੂੰ ਵਧਾਈ ਹੀਰੇ।
ਰਾਂਝਾ ਤੇਰਾ ਤਾਂ ਸਦਾ ਤੇਰਾ ਜੇਬ ਵਿੱਚ ਸੀ, ਹਰਾ ਪੱਤਾ ਮੈਂ ਤੇਰਾ ਲਿਆਈ ਹੀਰੇ।
ਮਾਫ਼ੀ ਅੱਜ ਮੈਂ ਤੇਰੇ ਤੋਂ ਮੰਗਣੀ ਆਂ, ਚੰਗਾ ਹੁੰਦਾ ਜੇ ਆਉਂਦਾ ਨਾਲ ਭਾਈ ਹੀਰੇ।
ਜੁਗ ਜੁਗ ਜਵਾਨੀਆਂ ਮਾਣਿਓ ਜੀ! ਜੋੜੀ ਤੁਸਾਂ ਦੀ ਰੱਬ ਬਣਾਈ ਹੀਰੇ।

ਰਾਂਝਾ ਆਖਦਾ ਹੀਰ ਨੂੰ ਚੱਲ ਚੱਲੀਏ, ਸ਼ਹਿਰ ਵੈਨਚੂਰਾ ਆਪਾਂ ਛੱਡ ਜਾਵਣਾ ਜੀ।
ਕਿਤੇ ਦੂਰ-ਦੁਰੇਡੇ ਹੈ ਚਲੇ ਜਾਣਾ, ਕਿਸੇ ਨਵੇਂ ਥਾਂ ਆਲ੍ਹਣਾ ਪਾਵਣਾ ਜੀ।
ਪੰਜਾਂ ਪੀਰਾਂ ਨੂੰ ਰੋਜ਼ ਧਿਆਵਦਾ ਸਾਂ, ਅੱਜ ਤੋਂ ਬਸ! ਹੁਣ ਤੈਨੂੰ ਧਿਆਵਣਾ ਜੀ।
ਸੁੱਨਤ ਆਖਦਾ ਸੀ ਰਾਂਝੇ ਮਿਲੀਂ ਆ ਕੇ, ਆਪਾਂ ਸੁੱਨਤ ਨੂੰ ਮਿਲਣ ਵੀ ਜਾਵਣਾ ਜੀ।

ਸੁੱਨਤ ਆਖਦਾ ਰਾਂਝੇ ਨੂੰ ਬੈਠ ਕੇ ਹੁਣ, ਮੇਰੀ ਗੱਲ ਦਾ ਕਰੀਂ ਖ਼ਿਆਲ ਪੁੱਤਰਾ।
ਜਿੰਨੇ ਮੋਤ ਮੁਝਿਆ ਤੂੰ ਆਪਣੀ ਜੀਵਨੀ ਦੇ, ਮੇਰੀ ਕਲਮ ਸੀ ਤੇਰੇ ਨਾਲ-ਨਾਲ ਪੁੱਤਰਾ।
ਜੋ ਵੀ ਜੀਵਨ ਦੇ ਵਿੱਚ ਤੈਨੂੰ ਪਿਆ ਕਰਨਾ, ਓਹੀ ਲਿਖਿਆ ਈ ਮੈਂ ਹਾਲ-ਚਾਲ ਪੁੱਤਰਾ।
ਹੀਰ ਸੁੱਨਤ ਮੈਂ ਅੱਜ ਤੈਨੂੰ ਦੇਣ ਲੱਗਾਂ, ਇੱਕ ਗੀਤ ਹੈ ਇਹ ਬੇਮਿਸਾਲ ਪੁੱਤਰਾ।

ਇਸ ਨੂੰ ਜਾ ਕੇ ਕਿਤੇ ਨਾ ਰੱਖ ਦੇਵੀਂ, ਸਾਰੀ ਦੁਨੀਆਂ ਨੂੰ ਗਾ ਕੇ ਸੁਣਾਈਂ ਬੇਟਾ।
ਬੈਂਤਾਂ ਵਾਰਿਸ ਦੇ ਵਾਂਗ ਬਣਾਈਆਂ ਨੇ, ਹੇਕਾਂ ਲਾ ਕੇ ਏਸ ਨੂੰ ਗਾਈਂ ਬੇਟਾ।
ਚਿੰਤਾ ਕਰੀਂ ਨਾ ਅੱਜ ਤੋਂ ਕੋਈ ਰਾਂਝਾ, ਹੀਰ ਗਾਈਂ ਤੇ ਹੀਰ ਹੰਢਾਈਂ ਬੇਟਾ।
ਲੱਖਾਂ ਹੀਰ ਰਾਂਝੇ ਦੁਨੀਆ ਵਿੱਚ ਫਿਰਦੇ, ਸਭ ਨੂੰ ਮੇਰਾ ਪੈਗ਼ਾਮ ਪੜ੍ਹਾਈਂ ਬੇਟਾ।

ਵਾਰਿਸ ਸ਼ਾਹ ਮੀਆਂ! ਤੇਰਾ ਹੁਕਮ ਮੰਨਿਆ, ਨਵੀਂ ਕਥਾ ਇਕ ਜੋੜ ਸੁਣਾਈ ਨੇ ਜੀ।
ਬਲ ਬੁੱਧੀ ਸੀ ਜਿੰਨੀ ਵੀ ਮਿਲੀ ਮੈਨੂੰ, ਜ਼ੋਰ ਲਾਇਆ ਕਹਾਣੀ ਬਣਾਈ ਨੇ ਜੀ।
ਪਾਤਰ ਚਿਤਰਣ ਮੈਂ ਕੀਤਾ ਦਿਮਾਗ਼ ਲਾ ਕੇ, ਕਿਸੇ ਪਾਤਰ 'ਤੇ ਊਜ ਨਾ ਲਾਈ ਨੇ ਜੀ।
ਕਿੱਸਾ ਕਾਵਿ ਸੀ ਪਿੰਜਰੇ 'ਚ ਬੰਦ ਹੋਇਆ, ਅੱਜ ਉਸਦੀ ਰਿਹਾਈ ਕਰਾਈ ਨੇ ਜੀ।
ਵਾਰਿਸ ਸ਼ਾਹ ਮੀਆਂ! ਮੈਨੂੰ ਮਾਫ਼ ਕਰਨਾ, ਇਹ ਤਾਂ ਮਾਫ਼ੀ ਦੀ ਹੀ ਅਰਜ਼ੀ ਪਾਈ ਨੇ ਜੀ।

•••

رانجھا آکھدا ہیر نوں چل چلیے، شہر وینچورا آپاں چھڈ جاونا جی
کتے دور دریڈے ہے چلے جانا، کسے نویں تھاں آلھنا پاونا جی
پنجاں پیراں نوں روز دھیاندا ساں، اج توں بس! بن تینوں دھیاونا جی
سنڑ آکھدا سی رانجھے ملیں آ کے، آپاں سنڑ نوں ملن وی جاونا جی

سنڑ آکھدا رانجھے نوں بیٹھ کے ہن، میری گل دا کریں خیال پترا
جنے موڑ مڑیا توں اپنی جیونی دے، میری قلم سی تیرے نال نال پترا
جو وی جیون دے وچ تینوں پیا کرنا، اوہی لکھیا ای میں حال چال پترا
ہیر سنڑ میں اج تینوں دین لگاں، اک گیت ہے ایہہ بے مثال پترا

اس نوں جا کے کتے نہ رکھ دیویں، ساری دنیاں نوں گا کے سنائیں بیٹا
بینتاں وارث دے وانگ بنائیاں نے، ہیکاں لا کے ایس نوں گائیں بیٹا
چنتا کریں نہ اج توں کوئی رانجھا، ہیر گائیں تے ہیر ہنڈھائیں بیٹا
لکھاں ہیر رانجھے دنیا وچ پھردے، سبھ نوں میرا پیغام پڑھائیں بیٹا

وارث شاہ میاں! تیرا حکم منیا، نویں کتھا اک جوڑ سنائی نے جی
بل بدھی سی جنی وی ملی مینوں، زور لایا کہانی بنائی نے جی
پاتر چترن میں کیتا دماغ لا کے، کسے پاتر تے اوج نہ لائی نے جی
قصہ کاو سی پنجرے چ بند ہویا، اج اسدی رہائی کرائی نے جی
وارث شاہ میاں! مینوں معاف کرنا، ایہہ تاں معافی دی ہی عرضی پائی نے جی

ਸੁੰਨ ਸਿਫਰ

ਸੁੰਨ ਸਿਫਰ ਚੋਂ ਉਪਜਿਆ ਮਿਟ ਗਿਆ ਸਭ ਧੰਦੂਕਾਰ।
ਸੁੰਨ ਦੇ ਵਿਚ ਬਿਰਾਜਮਾਨ ਅੱਲਾ ਵਿਧਾਤਾ ਨਿਰਅੰਕਾਰ।
ਬਰਤਨ ਭਰਿਆ ਸ਼ੁੱਭ ਸ਼ਗਨ ਬੰਦਾ ਭਰਿਆ ਹੈ ਬੇਕਾਰ।
ਧਿਆਨ ਲਗਾਉਣਾ ਕਠਨ ਸੌਖੀ ਹੈ ਚੁੱਕਣੀ ਤਲਵਾਰ।
ਖਾਲੀ ਹੈ ਜੋ ਖਰਾ ਹੈ ਜਿਸਦੇ ਸਿਰ ਨਹੀਂ ਸਿਆਸੀ ਭਾਰ।
ਬਹੁਤੀ ਉੱਚੀ ਪਦਵੀ ਪਾਅ ਕੇ ਬੰਦਾ ਬਣ ਜਾਂਦਾ ਬੇਕਾਰ।
ਸਹਿਜ ਸੰਤੋਖੀ ਸੁਹਜਵਾਨ ਕਰਦਾ ਹੀ ਨਾ ਅੱਤਿਆਚਾਰ।
ਭੱਜ ਨੱਠ ਕਰਦਾ ਆਦਮੀਂ ਆਪੇ ਆਪਣਾ ਕਰੇ ਸ਼ਿਕਾਰ।
ਗੁਣ ਤਾਂ ਖਾਲੀ ਹੋਣ ਵਿਚ ਸੁੰਨਚ ਵਿਚਰ ਰਿਹਾ ਦਾਤਾਰ।
ਸ਼ਕਤੀਵਾਨ ਜੋ ਆਦਮੀਂ ਬਣ ਸਕਦਾ ਉਹ ਗੁਨਹਾਂਗਾਰ।
ਸਭ ਕੁਝ ਛੱਡ ਛਡਾ ਕੇ ਸੁੱਨਤ ਬੈਠਾ ਕਰਦਾ ਸੋਚ ਵਿਚਾਰ।

سنّ صفر

سنّ صفر چوا پچیا مٹ گیا سبھ دھندوکار۔
سنّ دے وچ براجمان اللہ وڈھاتا نرنکار۔
برتن بھریا شبھ شگن بندہ بھریا ہے بے کار۔
دھیان لگانا کٹھن سوکھی ہے چکنی تلوار۔
خالی ہے جو کھرا ہے جسدے سر نہیں سیاسی بھار۔
بہتی اچی پدوی پاء کے بندہ بن جاندا بے کار۔
سہج سنتوکھی سوہجوان کردا ہی نہ اتیاچار۔
بھجّ نٹھّ کردا آدمیں آپے اپنا کرے شکار۔
گن تاں خالی ہون وچ سنچ وچر رہا داتار۔
شکتیوان جو آدمیں بن سکدا اوہ گنہانگار۔
سبھ کجھ چھڈّ چھڈا کے سنڑ بیٹھا کردا سوچ وچار۔

ਤੇਰੀ ਹਾਜ਼ਰੀ

ਬੱਸ ਹਾਜ਼ਰੀ ਤੇਰੀ ਨਾ ਲੱਖੀਂ ਤੇ ਨਾਂ ਹੀ ਹਜ਼ਾਰੀਂ,
ਕੁਝ ਫਰਕ ਨਹੀਂ ਪੈਂਦਾ ਤੂੰ ਕੁਝ ਕਹੇਂ ਜਾਂ ਨਾਂ ਕਹੇਂ।
ਭਰੇ ਮੇਲੇ ਵਿਚ ਵੀ ਤੇਰੀ ਅਣਹੋਂਦ ਜ਼ਰੀ ਨਹੀਂ ਜਾਂਦੀ,
ਜੀਅ ਕਰਦਾ ਹੈ ਕਿ ਤੂੰ ਮੇਰੇ ਅੰਗ ਸੰਗ ਉੱਠੇਂ ਬਹੇਂ।
ਆਦਤ ਬਣੀ ਹੈ ਤੇਰੇ ਚਰਨ ਸ਼ਰਨ ਵਿਚ ਰਹਿਣ ਦੀ,
ਭਾਵੇਂ ਤੂੰ ਮੇਰੀ ਕਿਸੇ ਵੀ ਗੱਲ ਨੂੰ ਸਹੇਂ ਜਾਂ ਨਾਂ ਸਹੇਂ।
ਬਹੁਤ ਲੰਬੇ ਸਫਰ ਵਿਚ ਸਾਥੀ ਰਿਹੇ ਹਾਂ ਉਮਰ ਭਰ,
ਸਾਥ ਬਹੁਤ ਜ਼ਰੂਰੀ ਹੈ, ਭਾਵੇਂ ਤੂੰ ਮੰਨੇ ਜਾਂ ਰੁੱਸੀ ਰਹੇਂ।
ਥੁੜਿਆ ਨਹੀਂ ਕੁਝ ਵੀ, ਨਾ ਤੇਰੇ ਕੋਲੋਂ ਨਾਂ ਮੇਰੇ ਕੋਲੋਂ,
ਪਰ ਚੰਗਾ ਲਗਦਾ ਹੈ ਕਿ ਤੂੰ ਹਾਲ ਚਾਲ ਪੁੱਛ ਲਵੇਂ।
ਮੰਗਿਆ ਵੀ ਨਹੀਂ ਸੀ ਜੋ ਕੁਝ ਮਾਲਕ ਨੇ ਦਿਤਾ ਹੈ,
ਖੁਸ਼ੀਆਂ ਸਾਂਝੀਆਂ ਮਾਂਝੀਆਂ ਰਹਿਣ ਇਹ ਤੂੰ ਵੀ ਕਹੇਂ।
ਗ਼ਮ ਘਟ ਜਾਂਦੇ ਨੇ ਵੰਡਣ ਨਾਲ ਪਰ ਖੁਸ਼ੀ ਵਧਦੀ ਹੈ,
ਮੁਕਦੀ ਗੱਲ ਕਿ ਤੂੰ ਸਾਂਝ ਭਿਆਲੀ ਦੇ ਵਿਚ ਹੀ ਰਹੇਂ।
ਬੱਸ ਹਾਜ਼ਰੀ ਤੇਰੀ ਨਾ ਲੱਖੀਂ ਤੇ ਨਾ ਹੀ ਹਜ਼ਾਰੀਂ,
ਕੁਝ ਫਰਕ ਨਹੀਂ ਪੈਂਦਾ ਤੂੰ ਕੁਝ ਕਹੇਂ ਜਾਂ ਨਾ ਕਹੇਂ॥

تیری حاضری

بسّ حاضری تیری نہ لکھیں تے ناں ہی ہزاریں
کجھ فرق نہیں پیندا توں کجھ کہیں جاں ناں کہیں
بھرے میلے وچ وی تیری انہوند ضری نہیں جاندی
جی کردا ہے کہ توں میرے انگ سنگ اٹھیں بہیں
عادت بنی ہے تیرے چرن شرن وچ رہن دی
بھاویں توں میری کسے وی گلّ نوں سہیں جاں ناں سہیں
بہت لمبے سفر وچ ساتھی رہے ہاں عمر بھر
ساتھ بہت ضروری ہے، بھاویں توں منے جاں رسی رہیں
تھڑیا نہیں کجھ وی، نہ تیرے کولوں ناں میرے کولوں
پر چنگا لگدا ہے کہ توں حال چال پچھ لویں
منگیا وی نہیں سی جو کجھ مالک نے دتا ہے
خوشیاں سانجھیاں مانجھیاں رہن ایہہ توں وی کہیں
غم گھٹ جاندے نے ونڈن نال پر خوشی ودھدی ہے
مکدی گلّ کہ توں سانجھ بھیالی دے وچ ہی رہیں
بسّ حاضری تیری نہ لکھیں تے نہ ہی ہزاریں
کجھ فرق نہیں پیندا توں کجھ کہیں جاں نہ کہیں

ਰਿਸ਼ਤਾ

ਅਕਸਰ ਜਿਸ ਰਿਸ਼ਤੇ ਉੱਪਰ ਨਾ ਬਣ ਸਕਿਆ ਵਿਸ਼ਵਾਸ,
ਉਸ ਰਿਸ਼ਤੇ ਨੇ ਟੁੱਟਣਾ ਹੀ ਸੀ ਗੱਲ ਨਹੀਂ ਹੈ ਖਾਸ।
ਘਰ ਤੇ ਘਰਵਾਲੇ ਬਣਦੇ ਇਕ ਛੱਤ ਹੇਠਾਂ ਇਕ ਸੁਰ ਨਾਲ,
ਸੁਰਤਾਲ ਨਾ ਰਲੇ ਤਾਂ ਹੋਵੇ ਗੀਤ ਦਾ ਸੱਤਿਆਨਾਸ।
ਅਸੀਂ ਬਣਾਇਆ ਹੈ ਜੋ ਉਸਨੇ ਇਕ ਦਿਨ ਤਾਂ ਟੁੱਟਣਾ ਹੈ,
ਜੀਵਨ ਇਕ ਪਰਿਖਿਆ ਹੈ ਕੋਇ ਫੇਲ ਤੇ ਕੋਇ ਪਾਸ।
ਹਰੀ ਟਾਹਣ ਵੀ ਜੇ ਟੁੱਟੇ ਤਾਂ ਅਕਸਰ ਪਾਣੀ ਸਿੰਮਦਾ ਹੈ,
ਉਸਦੀ ਅੱਖ ਭਰ ਆਉ ਜਿਸਨੂੰ ਰਿਸ਼ਤੇ ਦਾ ਅਹਿਸਾਸ।
ਦੋ ਜਿਸਮ ਇਕ ਜਾਨ ਹੋਵੇ ਤਾਂ ਰੱਬ ਵੱਸਦਾ ਹੈ ਉਸ ਘਰ,
ਪਛੂ ਜਾਨਵਰ ਵੀ ਵੈਸੇ ਤਾਂ ਕਰਦੇ ਫਿਰਦੇ ਭੋਗ ਵਿਲਾਸ।
ਜੋ ਹੋਣਾ ਉਹ ਹੋ ਕੇ ਰਹਿਣਾ ਚਿੰਤਾ ਨਾ ਕਰ ਤੂੰ ਸੁੱਨਤਾ,
ਚਿੰਤਾ ਚਿਖਾ ਬਰਾਬਰੀ ਕਰੀਂ ਨਾ ਬਿਲਕੁਲ ਚਿਤ ਉਦਾਸ।
ਸਵਰਗ ਨਰਕ ਅਸੀਂ ਬਣਾਉਂਦੇ ਹਾਂ ਖੁਦ ਆਪਣੇ ਹੱਥੀਂ,
ਆਪ ਮੋਇ ਜੱਗ ਪਰਲੋ ਸਾਡਾ ਕਿਧਰੇ ਹੋਰ ਨਹੀਂ ਵਾਸ।

رشتہ

اکثر جس رشتے اپر نہ بن سکیا وشواش،
اس رشتے نے ٹٹنا ہی سی گلّ نہیں ہے خاص
گھر تے گھروالے بندے اک چھت ہیٹھاں اک سر نال،
سرتال نہ رلے تاں ہووے گیت دا ستیاناس
اسیں بنایا ہے جو اسنے اک دن تاں ٹٹنا ہے،
جیون اک پرکھیا ہے کوئی پھھیل تے کوئی پاس
ہری ٹاہن وی جے ٹٹے تاں اکثر پانی سمدا ہے،
اسدی اکھ بھر آؤ جسنوں رشتے دا احساس
دو جسم اک جان ہووے تاں ربّ وسدا ہے اس گھر،
پچھو جانور وی ویسے تاں کردے پھردے بھوگ ولاس
جو ہونا اوہ ہو کے رہنا چنتا نہ کر توں سنڑا،
چنتا چکھا برابری کریں نہ بالکل چت اداس
سورگ نرک اسیں بناؤندے ہاں خود اپنے ہتھیں،
آپ موئے جگ پرلو ساڈا کدھرے ہور نہیں واس

ਸਿਖੀ ਸਿਖਿਆ ਗੁਰ ਵਿਚਾਰ

ਗੁਰੂ ਨਾਨਕ ਨੇ ਲੋਕ ਬੋਲੀ ਵਿਚ ਧਰਮ ਚਲਾਇਆ ਜੋ,
ਓਸ ਧਰਮ ਨੂੰ ਲੋਕਾਂ ਕੋਲੋਂ ਖੋਹ ਨਾ ਪਾਵੋਗੇ।
ਸਬਰ ਸਹਿਜ ਸੰਤੋਖ ਸਿਖਾਵੇ ਬਾਣੀ ਸਤਿਗੁਰ ਦੀ,
ਸਿਖੀ ਸਿਖਿਆ ਸਿਖ ਧਰਮ ਨੂੰ ਕਿਵੇਂ ਮਿਟਾਵੋਗੇ।
ਤੱਤੀ ਤਵੀ ਤੇ ਬਹਿ ਕੇ ਵੀ ਸਿਮਰਣ ਹੀ ਕਰਦੇ ਸੀ,
ਪੰਚਮ ਪਾਤਸ਼ਾਹ ਵਾਗੂੰ ਕਿਦਾਂ ਸਿਦਕ ਨਿਭਾਵੋਗੇ।
ਸੀਸ ਦਿਤਾ ਸਿਰਤ ਨਾਂ ਛੱਡਿਆ ਤੇਗ ਬਹਾਦਰ ਨੇ,
ਧਰਮ ਦੀ ਖਾਤਰ ਬੰਦ ਬੰਦ ਕਿਸਦਾ ਕਟਵਾਵੋਗੇ।
ਗੀਤ ਅਤੇ ਤਲਵਾਰ ਸਿਖੀ ਵਿਚ ਇਕ ਬਰਾਬਰ ਹੈ,
ਸਿਖ ਬਿਨਾ ਇਹ ਹੋਰ ਕਿਸੇ ਨੂੰ ਕੀ ਸਮਝਾਵੋਗੇ।
ਕੁੱਲ ਪਰਵਾਰ ਵਾਰਕੇ ਵੀ ਜੋ ਸੀ ਤੱਕ ਨਹੀਂ ਕਰਦਾ,
ਹੋਰ ਕੋਇ ਗੋਬਿੰਦ ਸਿੰਘ ਜੇਹਾ ਕਿਵੇਂ ਲਿਆਵੋਗੇ।
ਅੱਜ ਵੀ ਖਾਲਸਾ ਮਜ਼ਲੂਮਾਂ ਦੇ ਹਾਜ਼ਰ ਨਾਜ਼ਰ ਹੈ,
ਬਿਨਾ ਖਾਲਸੇ ਦੇ ਇਹ ਕਾਰਜ ਕਿਵੇਂ ਕਰਾਵੋਗੇ।
ਖੰਡੇ ਦੀ ਗੁੜਤੀ ਚੋਂ ਉਪਜੇ ਗੁਰੂ ਖਾਲਸੇ ਨੂੰ,
ਆਪਣੀ ਰੱਖਿਆ ਕਰਨ ਦੀ ਕੇਹੜੀ ਜਾਚ ਸਿਖਾਵੋਗੇ।
ਹਾਰੀ ਸਾਰੀ ਸਿੰਘਾਂ ਦੇ ਸਾਹਵੇਂ ਨਹੀਂ ਖੜ ਸਕਦਾ,
ਜੋ ਅੜਦਾ ਉਹ ਝੜ ਜਾਂਦਾ ਚੂਰ ਚੂਰ ਹੋ ਜਾਵੋਗੇ।

سِکھی سِکھیا گر وچار

گورو نانک نے لوک بولی وچ دھرم چلایا جو،
اوس دھرم نوں لوکاں کولوں کھوہ نہ پاووگے
صبر سہج سنتوکھ سکھاوے بانی ستگور دی،
سکھی سکھیا سکھ دھرم نوں کویں مٹاووگے
تتی توی تے بہہ کے وی سمرن ہی کردے سی،
پنچم پاتشاہ وانگوں کداں صدق نبھاووگے
سیس دتا سرڑ ناں چھڈیا تیغ بہادر نے،
دھرم دی خاطر بند بند کسدا کٹواووگے
گیت اتے تلوار سکھی وچ اک برابر ہے،
سکھ بنا ایہہ ہور کسے نوں کی سمجھاووگے
کلّ پروار وارکے وی جو سی تکّ نہیں کردا،
ہور کوئی گوبند سنگھ جیہا کویں لیاووگے
اج وی خالصہ مظلوماں دے حاضر ناظر ہے،
بنا خالصے دے ایہہ کارج کویں کراووگے
کھنڈے دی گڑتی چوں اپجے گورو خالصے نوں،
اپنی رکھیا کرن دی کیہڑی جاچ سکھاووگے
ہاری ساری سنگھاں دے سامہوں نہیں کھڑ سکدا،
جو اڑدا اوہ جھڑ جاندا چور چور ہو جاووگے
شیراں دی اس قوم نوں قابو کرنا سوکھا نہیں،
کیہڑا داء چلوگے کیہڑی ویونت بناوو گے

ਸੀਸ ਝੁਕਾ ਲੈਂਦੇ ਹੋ

ਸੁਣਿਆਂ ਹੈ ਤੁਸੀਂ ਕਦੇ ਕਦਾਵੀਂ ਗੀਤ ਗ਼ਜ਼ਲ ਵੀ ਗਾ ਲੈਂਦੇ ਹੋ।
ਕਦੇ ਕਦੇ ਗੁੱਸੇ ਵਿਚ ਆ ਕੇ ਤੁਸੀਂ ਰੱਬ ਦਾ ਨਾਮ ਧਿਆ ਲੈਂਦੇ ਹੋ।
ਗਰਦਨ ਸਿਧੀ ਰੱਖਕੇ ਤੁਰਦਾ, ਇਹ ਤਾਂ ਤੇਰਾ ਨਾਮਕਰਣ ਸੀ।
ਪਰ ਮੰਦਰ ਮਸਜਦ ਗੁਰੂਦੁਆਰੇ ਜਾ ਕੇ ਸੀਸ ਝੁਕਾ ਲੈਂਦੇ ਹੋ।
ਪੈਸਾ ਧੇਲਾ ਕੱਠਿਆਂ ਕਰਦਿਆਂ ਸਾਰੀ ਉਮਰ ਬਿਤਾ ਦਿਤੀ ਜੇ,
ਸੱਚ ਬੋਲਿਆਂ ਨਹੀਂ ਸਰਦਾ ਤਾਂ ਝੂਠ ਦਾ ਤੜਕਾ ਲਾ ਲੈਂਦੇ ਹੋ।
ਘਰ ਪਰਵਾਰ ਆਪਣੇ ਖਾਤਰ ਹਰ ਪੰਗਾ ਲੈਂਦੇ ਹੋ ਹਰ ਦਮ,
ਮਹਿਲ ਮਾੜੀਆਂ ਜੋ ਕੁਝ ਬਣਦਾ ਪੂਰੀ ਵਾਹ ਲਗਾ ਲੈਂਦੇ ਹੋ।
ਹਰ ਸਿਆਣਪ ਸਿਖ ਛੱਡੀ ਹੈ ਸਾਨੀ ਨਾ ਕੋਇ ਤੇਰਾ ਕਿਧਰੇ,
ਸਰਕਾਰੇ ਦਰਬਾਰੇ ਆਪਣੀ ਤੁਸੀਂ ਪੂਰੀ ਧਾਕ ਜਮਾ ਲੈਂਦੇ ਹੋ।
ਕੁੱਲ ਜ਼ਮਾਨਾਂ ਜਿਸਨੂੰ ਜਾਣੇ ਹਰਫਨਮੌਲਾ ਕਹਿੰਦੀ ਦੁਨੀਆਂ,
ਜਿੰਨੀ ਉੱਚੀ ਹੋ ਸਕਦੀ ਹੈ ਤੁਸੀਂ ਆਪਣੀ ਝੰਡੀ ਲਾ ਲੈਂਦੇ ਹੋ।
ਜਿਸ ਦਿਨ ਤੇਰੇ ਆਪਣੇ ਤੈਨੂੰ ਆਪਣਾ ਰੰਗ ਦਿਖਾ ਦੇਂਦੇ ਹਨ।
ਦੁਨੀਆਂ ਤੋਂ ਤਾਂ ਇਕ ਪਾਸੇ ਤੁਸੀਂ ਖੁਦ ਤੋਂ ਮੂੰਹ ਛੁਪਾ ਲੈਂਦੇ ਹੋ।
ਕਦੇ ਕਦੇ ਤੁਸੀਂ ਰੋ ਲੈਂਦੇ ਹੋ ਅਤੇ ਕਦੇ ਕਦੇ ਮੁਸਕਾ ਲੈਂਦੇ ਹੋ।
ਨੱਥ ਪਾ ਕੇ ਰੱਖੀ ਸੀ ਜਿਸਨੇ ਸਮੇਂ ਦੀਆਂ ਵਾਗਾਂ ਸੀ ਹੱਥ ਵਿਚ,
ਜਿਵੇਂ ਸਮੇਂ ਨੇ ਚਾਹਿਆ ਬਸ ਓਦਾਂ ਹੀ ਵਕਤ ਲੰਘਾ ਲੈਂਦੇ ਹੋ।
ਜਿਸ ਤਰਾਂ ਦਾ ਮੇਲਾ ਹੈ ਉਸ ਤਰਾਂ ਦਾ ਸਵਾਂਗ ਬਣਾ ਲੈਂਦੇ ਹੋ।
ਨੱਕ ਥੱਲੇ ਨਹੀਂ ਸੀ ਕੁਝ ਹੁੰਦਾ, ਹੁਣ ਜੋ ਮਿਲਦਾ ਖਾ ਲੈਂਦੇ ਹੋ।
ਕਿਸੇ ਵੀ ਰੰਗ ਦਾ ਮਿਲ ਜਾਵੇ ਓਹੀਓ ਹੀ ਕੁੜਤਾ ਪਾ ਲੈਂਦੇ ਹੋ।
ਝੱਟ ਪੱਟ ਕਰਨਾਂ ਭੁੱਲਕੇ ਹੁਣ ਜਿਓਂ ਲੰਘੇ ਝੱਟ ਲੰਘਾ ਲੈਂਦੇ ਹੋ।
ਹੋਰ ਕਿਸੇ ਨੇ ਕੀ ਸਮਝਾਉਣਾਂ ਤੁਸੀਂ ਖੁਦ ਨੂੰ ਹੀ ਸਮਝਾ ਲੈਂਦੇ ਹੋ।
ਜਿਸ ਤਰਜ਼ ਵਿਚ ਗੀਤ ਸੁਣੇ ਉਸ ਤਾਲ ਚ' ਸਾਜ਼ ਵਜਾ ਲੈਂਦੇ ਹੋ।

سیس جھکا لیندے ہو

سنیاں ہے تسیں کدے کداویں گیت غزل وی گا لیندے ہو
کدے کدے غصے وچ آ کے تسیں ربّ دا نام دھیا لیندے ہو
گردن سدھی رکھ کے تردا، ایہہ تاں تیرا نامکرن سی
پر مندر مسجد گرودوارے جا کے سیس جھکا لیندے ہو
پیسہ دھیلا کٹھیاں کردیاں ساری عمر بتا دتی جے
سچ بولیاں نہیں سردا تاں جھوٹھ دا تڑکا لا لیندے ہو
گھر پروار اپنے خاطر ہر پنگا لیندے ہو ہر دم
محل ماڑیاں جو کجھ بندا پوری واہ لگا لیندے ہو
ہر سیانپ سکھ چھڈی ہے ثانی نہ کوئی تیرا کدھرے
سرکارے دربارے اپنی تسیں پوری دھاک جما لیندے ہو
کُلّ زمانا جسنوں جانے ہرفن مولا کہندی دنیا
جنی اُچی ہو سکدی ہے تسیں آپنی جھنڈی لا لیندے ہو
جس دن تیرے اپنے تینوں اپنا رنگ دکھا دیندے ہن
دنیا توں تاں اک پاسے تسیں خود توں مونہہن چھپا لیندے ہو
کدے کدے تسیں رو لیندے ہو اتے کدے کدے مسکا لیندے ہو
نتھ پا کے رکھی سی جس نے سمیں دیاں واگاں سی ہتھ وچ
جویں سمیں نے چاہیا بس اوداں ہی وقت لنگھا لیندے ہو
جس طرحاں دا میلہ ہے اس طرحاں دا سوانگ بنا لیندے ہو
نکّ تھلے نہیں سی کجھ ہوندا، ہن جو ملدا کھا لیندے ہو
کسے وی رنگ دا مل جاوے اوہیوہی کڑتا پا لیندے ہو
جھٹ پٹ کرناں بھلکے ہن جیوں لنگھے جھٹ لنگھا لیندے ہو
ہور کسے نے کی سمجھاؤناں تسیں خود نوں ہی سمجھا لیندے ہو
جس طرز وچ گیت سنے اس تال چ' ساز وجا لیندے ہو

ਸੁਪਨਾਂ

ਸਾਰੀ ਉਮਰ ਭਾਲਿਆ ਲੇਕਿਨ ਅਜੇ ਤੀਕ ਨਾ ਮਿਲਿਆ
ਸੌਂ ਜਾਂਦਾ ਹਾਂ ਇਸ ਕਰਕੇ ਕਿ ਸੁਪਨਾਂ ਕੋਇ ਆ ਜਾਂਦਾ ਹੈ।
ਬਹੁਤ ਵਾਰ ਕੋਸ਼ਿਸ਼ ਕੀਤੀ ਕਿ ਦਿਲ ਦੀ ਗੱਲ ਸਣਾਵਾਂ,
ਸੁਣਨ ਤੋ ਪਹਿਲਾਂ ਹਰ ਕੋਇ ਆਪਣੀ ਗੱਲ ਸੁਣਾ ਜਾਂਦਾ ਹੈ।
ਮੇਰੇ ਜ਼ਖਮਾਂ ਤੇ ਤਾਂ ਮੱਲ੍ਹਮ ਕਿਸੇ ਨੇ ਕੀ ਲਾਉਣੀ ਹੈ,
ਮੇਰੇ ਬੋਲਣ ਤੋਂ ਪਹਿਲਾਂ ਹੀ ਆਪਣੇ ਜ਼ਖਮ ਦਿਖਾ ਜਾਂਦਾ ਹੈ।
ਰਾਤ ਅੰਧੇਰੀ ਕਲਮਕੱਲਿਆਂ ਦਿਨ ਨਾਲੋਂ ਬੇਹਤਰ ਹੈ,
ਸੁਪਨੇ ਦੇ ਵਿਚ ਆਕੇ ਕੋਇ ਦਿਲ ਵਿਚ ਦੀਪ ਜਗਾ ਜਾਂਦਾ ਹੈ।
ਸੁੱਤਾ ਹੀ ਨਾਂ ਰਹਿ ਜਾਵਾਂ, ਕੋਇ ਸ਼ਾਇਦ ਇਸੇ ਕਰਕੇ,
ਉੱਠ ਸੁੱਨਤਾ ਆਖ ਕੇ ਜੇਹੜਾ ਰਿਸ਼ਤਾ ਇਕ ਨਿਭਾ ਜਾਂਦਾ ਹੈ।
ਪੂਰਬ ਵੱਲੋਂ ਚੜ੍ਹਦਾ ਸੂਰਜ ਪੱਛਿਮ ਵੱਲ ਛਪਿ ਜਾਵੇ,
ਪਿਛੇ ਮੁੜਕੇ ਵੇਂਹਦਾ ਨਹੀਂ ਪਰ ਗੇੜਾ ਰੋਜ਼ ਲਗਾ ਜਾਂਦਾ ਹੈ।
ਨਾਂ ਬੁਝਦੀ ਨਾ ਜਗਦੀ ਚੱਜ ਨਾਂਲ ਕੈਸੀ ਜੀਵਨ ਯੋਤ,
ਸੁਪਨੇ ਸੱਚ ਨਹੀਂ ਹੁੰਦੇ ਕੋਇ ਝੂਠਾ ਲਾਰਾ ਲਾ ਜਾਂਦਾ ਹੈ।
ਬਹੁਤੀ ਬੀਤ ਚੁੱਕੀ ਹੈ ਹੁਣ ਤਾਂ ਥੋੜਸ ਹੀ ਬਾਕੀ ਹੈ,
ਸਮਝਾਂ ਜਾਂ ਨਾਂ ਸਮਝਾਂ ਲੇਕਿਨ ਸਮਾਂ ਰੋਜ਼ ਸਮਝਾ ਜਾਂਦਾ ਹੈ॥

سُپنا

ساری عمر بھالیا لیکن اجے تیک نہ ملیا
سوں جاندا ہاں اس کرکے کہ سپناں کوئی آ جاندا ہے
بہت وار کوشش کیتی کہ دل دی گلّ سناواں
سنن تو پہلاں ہر کوئی اپنی گلّ سنا جاندا ہے
میرے زخماں تے تاں ملھم کسے نے کی لاؤنی ہے
میرے بولن توں پہلاں ہی اپنے زخم دکھا جاندا ہے
رات اندھیری کلم کلیاں دن نالوں بہتر ہے
سپنے دے وچ آکے کوئی دل وچ دیپ جگا جاندا ہے
ستا ہی ناں رہ جاواں، کوئی شاید اسے کرکے
اُٹھ سُنڑا آکھ کے جیہڑا رشتہ اک نبھا جاندا ہے
پورب ولوں چڑھدا سورج پچھم ولّ چھپ جاوے
پچھے مڑکے ویہڑا نہیں پر گیڑا روز لگا جاندا ہے
ناں بجھدی نہ جگدی چجّ نانل کیسی جیون یوت
سپنے سچ نہیں ہوندے کوئی جھوٹھا لارا لا جاندا ہے
بہتی بیت چکی ہے ہن تاں بونس ہی باقی ہے
سمجھاں جاں ناں سمجھاں لیکن سماں روز سمجھا جاندا ہے

ਕੁਝ ਗ਼ਲਤ ਹੈ

ਸ਼ਬਦ ਤਾਂ ਉਹ ਹੀ ਨੇ ਪਰ ਜੇ ਚੁੱਭਦੇ ਨੇ ਕਿਸੇ ਨੂੰ,
ਤਾਂ ਸ਼ਾਇਦ ਤੇਰਾ ਲਫਜ਼ਾਂ ਦਾ ਉਚਾਰਣ ਗ਼ਲਤ ਹੈ।
ਉਪਮਾਂ ਤੇ ਨਿੰਦਿਆ ਲਫਜ਼ ਨਹੀਂ ਕਰਦੇ ਦੋਸਤ,
ਲਫਜ਼ ਉਹ ਹੀ ਨੇ ਬੱਸ ਸਾਡਾ ਉਧਾਰਣ ਗ਼ਲਤ ਹੈ।
ਆਪੋ ਆਪਣੇ ਰੱਬ ਬਣਾ ਕੇ ਬੈਠੀ ਹੈ ਦੁਨੀਆਂ,
ਦੁਨੀਆਂ ਦੀ ਗ਼ਲਤੀ ਹੈ ਨਾ ਕਿ ਨਰਾਇਣ ਗ਼ਲਤ ਹੈ।
ਸੀਤਾ ਦੀ ਪਰੀਖਿਆ ਲੈਣ ਵਾਲਾ ਤਾਂ ਲਿਖਾਰੀ ਹੈ,
ਰਾਮ ਗ਼ਲਤ ਨਹੀਂ ਹੈ ਨਾ ਹੀ ਰਮਾਇਣ ਗ਼ਲਤ ਹੈ।
ਧਰਮ ਕਦੇ ਗ਼ਲਤ ਨਹੀਂ ਹੁੰਦੇ ਧਰਮ ਤਾਂ ਧਰਮ ਹੈ,
ਧਰਮੀਂ ਗ਼ਲਤ ਹੈ ਤਾਂ ਉਸਦਾ ਧਿਆਇਣ ਗ਼ਲਤ ਹੈ।
ਸਿਤਾਰ ਤਾਂ ਉਸ ਤਰਾਂ ਹੀ ਵਜੇਗੀ ਜਿਵੇਂ ਵਜਾਵੋਗੇ,
ਜੇ ਸੁਰ ਠੀਕ ਨਹੀਂ ਹੈ ਤਾਂ ਤੇਰਾ ਵਜਾਇਣ ਗ਼ਲਤ ਹੈ॥

کجھ غلط ہے

شبد تاں اوہ ہی نے پر جے چبھدے نے کسے نوں،
تاں شاید تیرا لفظاں دا اچارن غلط ہے۔
اپماں تے نندیا لپھز نہیں کردے دوست
لفظ اوہ ہی نے بسّ سادّا ادھارن غلط ہے
آپو اپنے ربّ بنا کے بیٹھی ہے دنیا
دنیا دی غلطی ہے نہ کہ نرائن غلط ہے
سیتا دی پریکھیا لین والا تاں لکھاری ہے
رام غلط نہیں ہے نہ ہی رمائن غلط ہے
دھرم کدے غلط نہیں ہندے دھرم تاں دھرم ہے
دھرمیں غلط ہے تاں اسدا دھیائن غلط ہے
ستار تاں اس طرحاں ہی وجھیگی جویں وجاوگے
جے سر ٹھیک نہیں ہے تاں تیرا وجائن غلط ہے

ਮਾਂ

ਸੱਚ ਹੈ ਮਾਂਇ ਰੱਬ ਵਰਗਾ ਹੁੰਦਾ ਹੈ ਮਾਂ ਦਾ ਪਿਆਰ।
ਇਸੇ ਵਾਸਤੇ ਮਾਂ ਤੇ ਰੱਬ ਦਾ ਇਕੋ ਜਿਹਾ ਸਤਿਕਾਰ।
ਰੱਬ ਨੂੰ ਪਤਾ ਸੀ ਇਸੇ ਕਰਕੇ ਮਾਂ ਦੀ ਸਿਰਜਣਾ ਕੀਤੀ,
ਮਾਂ ਬਿਨਾਂ ਨਹੀਂ ਸਿਰਜਿਆ ਜਾਣਾ ਇਹ ਸਾਰਾ ਸੰਸਾਰ।
ਮਾਂ ਬਣਾਕੇ ਰੱਬ ਨੇ ਪਹਿਲਾਂ ਫਿਰ ਇਹ ਜੱਗ ਉਪਾਇਆ,
ਇਸ ਖਾਤਰ ਸਾਰਾ ਜੱਗ ਆਖੇ ਰੱਬ ਹੈ ਦਾਤਾ ਦਾਤਾਰ।
ਪੈਦਾ ਕਰੇ, ਮਾਂ ਪਾਲੇ ਪੋਸੇ ਤੇ ਫਿਕਰ ਕਰੇ ਰੱਬ ਵਾਂਗਰ,
ਮਾਂ ਅਸਥੂਲ ਰੱਬ ਬਣੇ ਨਿਭਾਵੇ ਸੂਖਮ ਦਾ ਕਿਰਦਾਰ।
ਕਰੇ ਕਰਾਵੇ ਰੱਬ ਸਭ ਕੁਝ ਪਰ ਮਾਂ ਦੀ ਕੁੱਖ ਚਾਹੀਦੀ,
ਮਾਂ ਨੂੰ ਸੇਵਾ ਬਖਸ਼ ਕੇ ਬਣਿਆਂ ਰੱਬ ਕਰਤਾ ਕਰਤਾਰ।
ਰੱਬ ਦੀਆਂ ਰੱਬ ਹੀ ਜਾਣੇ ਦੋਹਾਂ ਨੂੰ ਸਜਦਾ ਕਰਦੇ ਹਾਂ,
ਮਾਂ ਨੂੰ ਸਿਰਜ਼ ਕੇ ਅੱਲਾ ਤਾਲਾ ਹੋ ਗਿਆ ਬੇਰੁਜ਼ਗਾਰ।
ਮੌਲਾ ਮੇਹਰ ਕਰੀਂ ਸਾਨੂੰ ਤੇਰੇ ਹੁਕਮ ਚ' ਰਹਿਣਾ ਆਵੇ,
ਸ਼ੁਕਰ ਹੈ ਦਾਤਾ ਜੱਗ ਤੇ ਤੇਰੀ ਕਿਰਪਾ ਅਪਰ ਅਪਾਰ।

ماں

سچ ہے ماتیں ربّ ورگا ہوندا ہے ماں دا پیار
ایسے واسطے ماں تے ربّ دا اکو جیہا ستکار
ربّ نوں پتہ سی اسے کرکے ماں دی سرجنا کیتی
ماں بناں نہیں سرجیا جانا ایہہ سارا سنسار
ماں بناکے ربّ نے پہلاں پھر ایہہ جگ اپایا
اس خاطر سارا جگ آکھے ربّ ہے داتا داتار
پیدا کرے، ماں پالے پوسے تے فکر کرے ربّ وانگر
ماں استھول ربّ بنیں نبھاوے سوکھم دا کردار
کرے کراوے ربّ سبھ کجھ پر ماں دی ککھ چاہیدی
ماں نوں سیوا بخش کے بنیاں ربّ کرتا کرتار
ربّ دیاں ربّ ہی جانے دوہاں نوں سجدہ کردے ہاں
ماں نوں سرج کے اللہ تعالیٰ ہو گیا بے روزگار
مولا مہر کریں سانوں تیرے حکم چ' رہنا آوے
شکر ہے داتا جگ تے تیری کرپا اپر اپار

ਕਿਰਤੀ ਕਿਸਾਨ ਅੰਦੋਲਨ

ਇਹ ਧਰਮੀਂ ਹਨ, ਕਿਰਤੀ ਹਨ ਜੋ ਸਾਰੇ ਰਲ ਬੈਠੇ ਕਿਰਸਾਨ,
ਇਨ੍ਹਾਂ ਨੂੰ ਅੱਤਿਵਾਦੀ ਵੱਖਵਾਦੀ ਕਹਿਣ ਵਾਲੇ ਕੌਣ ਨੇ।
ਜੋਹਤੇ ਜ਼ੁਲਮੀਂ ਨੂੰ ਜ਼ਾਲਮ ਕਹਿਣ ਦੀ ਜ਼ੁਰਤ ਰੱਖਦੇ ਨੇਂ ਲੋਗ
ਇਨ੍ਹਾਂ ਤੇ ਬੇਵਜ੍ਹਾ ਬੇਅਰਥ ਊਜਾਂ ਲਾਉਣ ਵਾਲੇ ਕੌਣ ਨੇਂ।
ਦਸਾਂ ਨੌਹਾਂ ਦੀ ਕਿਰਤ ਕਰਦੇ ਨੇਂ, ਜੋ ਰੱਬ ਦੇ ਆਸਰੇ ਬੈਠੇ,
ਇਹ ਸੱਚੇਪਾਤਸ਼ਾਹ ਦਿਆਂ ਰੰਗਾਂ ਉੱਤੇ ਵਿਸ਼ਵਾਸ਼ ਕਰਦੇ ਨੇ।
ਮਿਟੀ ਨਾਲ ਮਿਟੀ ਹੁੰਦੇ ਵੀ ਰਹਿੰਦੇ ਹੁਕਮ ਦੇ ਅੰਦਰ,
ਕੱਕਰੀ ਰਾਤ ਵਿਚ ਫਸਲਾਂ ਸਿੰਜਦਿਆਂ ਵੀ ਅਰਦਾਸ ਕਰਦੇ ਨੇਂ।
ਖੇਤੀ ਕਿਤਾ ਹੀ ਨਹੀਂ ਇਹ ਤਾਂ ਇਕ ਜੀਵਨ ਜੁਗਤ ਹੈ,
ਖੇਤੀ ਹੀ ਜੱਟ ਦਾ ਧਰਮ ਹੈ ਖੇਤ ਖੇਤੀ ਹੀ ਜੱਟ ਦਾ ਸੰਸਾਰ ਹੈ।
ਖੇਤਾਂ ਵਿਚ ਜੱਟ ਸਰਦਾਰ ਹੈ, ਖੇਤਾਂ ਨਾਲ ਜੱਟ ਦਾ ਪਿਆਰ ਹੈ,
ਆਤਮਨਿਰਭਰ ਸੁਖ ਹੈ, ਖੇਤੀ ਇਕ ਸੱਭਿਆਚਾਰ ਹੈ।
ਜੱਟ ਰਾਮ ਵੀ ਰਹੀਮ ਵੀ, ਕਿਰਤੀ ਕਰਮ ਕਰੀਮ ਵੀ,
ਹਿੰਦੂ ਮੁਸਲਮ ਸਿਖ ਕਰਿਸਚਿਅਨ ਆਖਕੇ ਵੰਡਦੇ ਨੇਂ ਜਿਨ੍ਹਾਂ ਨੂੰ।
ਰੱਬ ਦੇ ਬੰਦੇ ਨੇ ਸਾਰੇ, ਸ਼ੁਕਰ ਕਰਦੇ ਨੇਂ ਇਹ ਹਰ ਪਲ,
ਧਰਮਾਂ ਦੇ ਪਾ ਕੇ ਕਿਆਰੇ ਸਿਆਸਤਦਾਨ ਛੰਡਦੇ ਨੇਂ ਜਿਨ੍ਹਾਂ ਨੂੰ।
ਵੱਟਾਂ ਦਾ ਝਗੜਾ ਹੈ ਜੱਟਾਂ ਦਾ ਧਰਮ ਦਾ ਝਗੜਾ ਨਹੀਂ,
ਮੰਦਰ ਮਸਜਦ ਗੁਰੂਦੁਆਰੇ ਸਭ ਇਕੋ ਜੇਹੇ ਨੇ ਧਰਮਅਸਥਾਨ।
ਜਨਮਦਾਤੀ, ਮਾਤਬੋਲੀ ਤੇ ਤੀਜੀ ਮਾਂ ਜਮੀਨ ਜੱਟ ਦੀ,
ਸਾਂਝੀ ਮਾਂ ਮਿਟੀ ਨੂੰ ਕਿਸ ਤਰਾਂ ਵੰਡ ਸਕਦੇ ਨੇਂ ਸਿਆਸਤਦਾਨ।
ਧਰਤੀ ਅਗਨ ਹਵਾ ਤੇ ਪਾਣੀ ਨਾਲ ਬਣੇ ਹਰ ਇਕ ਆਕਾਰ,
ਜੱਟ ਦੀ ਜੱਦੀ ਜਾਇਦਾਤ ਹਨ ਇਹ ਸਾਰੇ ਚਾਰਾਂ ਦੇ ਚਾਰ।
ਪੈਸਿਆਂ ਨਾਲ ਵਿਓਪਾਰੀ ਜੇਕਰ ਤੱਤ ਜੱਟ ਦੇ ਖੋਹਵੇ,
ਮਰਦਾ ਕੀ ਨਹੀਂ ਕਰਦਾ ਅੱਜ ਜੱਟ ਹੈ ਲੜਨ ਮਰਨ ਨੂੰ ਤਿਆਰ।

کرتی کسان اندولن

ایہہ دھرمیں ہن، کرتی ہن جو سارے رل بیٹھے کرسان،
ایہناں نوں اَت وادی وکھوادی کہن والے کون نیں
جیہڑے زلمیں نوں ظالم کہن دی زرت رکھدے نیں لوگ
ایہناں تے بے وجہ بے ارتھ اوجاں لاؤنن والے کون نیں
دساں نوہاں دی کرت کردے نیں، جو ربّ دے آسرے بیٹھے،
ایہہ سچیپاتشاہ دیاں رنگاں اتے وشواش کردے نیں
مٹی نال مٹی ہندے وی رہندے حکم دے اندر،
ککری رات وچ فصلاں سنجدیاں وی ارداس کردے نیں۔
کھیتی کتا ہی نہیں ایہہ تاں اک جیون جگت ہے
کھیتی ہی جٹّ دا دھرم ہے کھیت کھیتی ہی جٹّ دا سنسار ہے
کھیتاں وچ جٹّ سردار ہے، کھیتاں نال جٹّ دا پیار ہے
آتمنربھر سکھ ہے، کھیتی اک سبھیاچار ہے
جٹّ رام وی رحیم وی، کرتی کرم کریم وی
ہندو مسلم سکھ کرسچئن آکھ کے ونڈدے نیں جنہاں نوں
ربّ دے بندے نے سارے، شکر کردے نیں ایہہ ہر پل،
دھرماں دے پا کے کیارے سیاستدان چھنڈدے نیں جنہاں نوں
وٹاں دا جھگڑا ہے جٹاں دا دھرم دا جھگڑا نہیں،
مندر مسجد گرودوارے سبھ اکو جیہے نے دھرمستھان۔
جنم داتی، مات بولی تے تیجی ماں زمین جٹّ دی
سانجھی ماں مٹی نوں کس طرحاں ونڈ سکدے نیں سیاستدان
دھرتی اگن ہوا تے پانی نال بنے ہر اک آکار
جٹّ دی جدی جائدات ہن ایہہ سارے چاراں دے چار
پیسیاں نال ویوپاری جیکر تتّ جٹّ دے کھوہوے
مردا کیہ نہیں کردا اج جٹّ ہے لڑن مرن نوں تیار

ਘੱਟੋ ਘੱਟ ਕੀਮਤ ਵੀ ਜੇਕਰ ਮੰਗਣਾਂ ਇਕ ਬਗਾਵਤ ਹੈ,
ਤਾਂ ਫਿਰ ਇਸ ਬਗਾਵਤ ਨੂੰ ਸੁੰਨਤ ਕਰਨਾਂ ਚਾਹੁੰਦਾ ਨਮਸਕਾਰ।
ਖਾਲਸਾ ਇਕ ਕੌਮ ਨਹੀਂ ਹੈ ਸਭ ਧਰਮਾਂ ਦਾ ਪਰਚਾ ਹੈ,
ਜ਼ੁਲਮ ਨਾਲ ਟਕਰਾਉਣ ਵਾਸਤੇ ਖਾਲਸਾ ਤਿਆਰ ਬਰ ਤਿਆਰ।
ਕਰਤਾਪੁਰਖ ਵਿਧਾਤੇ ਉੱਪਰ ਬੱਸ ਰੱਖਿਓ ਪੂਰਣ ਵਿਸ਼ਵਾਸ,
ਦੁਨੀਆਂ ਦੀ ਕੇਹਤੀ ਤਾਕਤ ਹੈ ਜੋ ਸੱਚ ਦੇ ਸਾਹਵੇਂ ਖੜ੍ਹ ਜਾਵੇ।
ਡੋਲਣ ਤੋਂ ਹੱਥ ਦੇ ਕੇ ਰੱਖੂ ਦਾਤਾ ਸੱਚ ਦੇ ਪਾਂਧੀਆਂ ਨੂੰ,
ਅਤੀਅਲ ਜੇ ਕਿਤੇ ਅੜ ਜਾਵੇ ਉਹ ਸੱਚ ਦੇ ਸਾਹਮਣੇ ਝੜ ਜਾਵੇ।

گھٹو گھٹ قیمت وی جیکر منگناں اک بغاوت ہے
تاں پھر اس بغاوت نوں سنڑ کرناں چاہندا نمسکار
خالصہ اک قوم نہیں ہے سبھ دھرماں دا پرچہ ہے
ظلم نال ٹکراؤن واسطے خالصہ تیار بر تیار
کرتاپرکھ ودھاتے اپر بسّ رکھیو پورن وشواش
دنیا دی کیہڑی طاقت ہے جو سچ دے ساہویں کھڑ جاوے
ڈولن توں ہتھ دے کے رکھو داتا سچ دے پاندھیاں نوں
اڑیئل جے کتے اڑ جاوے اوہ سچ دے ساہمنے جھڑ جاوے

ਸਪਤਾਹ

ਸੋਮਵਾਰ

ਸੋਮਵਾਰ ਸੰਪੂਰਣ ਸੱਚਖੰਡ ਸਤਿਗੁਰ ਸੁੰਨ ਸਿਰਜਾਂਵਦਿਆਂ,
ਧਰਤ ਅਕਾਸ਼ ਪਤਾਲ ਨਹੀਂ ਸੀ, ਨਾਂ ਕੋ ਆਵਣ ਜਾਂਵਦਿਆਂ।
ਬ੍ਰਹਮਾਂ, ਵਿਸ਼ਨ, ਮਹੇਸ਼ ਨਹੀਂ ਸੀ, ਸ੍ਰਿਸ਼ਟੀ ਦੂਨੀਆਂ ਦੇਸ਼ ਨਹੀਂ ਸੀ,
ਅਲਫ ਨਹੀਂ ਸੀ ਓ ਨਹੀਂ ਸੀ, ਨਾਂ ਕੋ ਪੜ੍ਹਨ ਪੜ੍ਹਾਂਵਦਿਆਂ।
ਪਵਨ ਨਹੀਂ ਸੀ, ਪਾਣੀਂ ਨਹੀਂ ਸੀ, ਖਾਣੀਂ ਨਹੀਂ ਸੀ, ਬਾਣੀਂ ਨਹੀਂ ਸੀ,
ਚਾਰਚਫੇਰੇ ਧੰਦੂਕਾਰਾ, ਸੁੰਨ ਸਮਾਧੀ ਲਾਂਵਦਿਆਂ।
ਚੰਦ ਸੂਰਜ ਦਿਨ ਰਾਤ ਨਹੀਂ ਸੀ, ਨਰਕ ਸੁਰਗ ਦੀ ਬਾਤ ਨਹੀਂ ਸੀ,
ਨਾਂ ਹੀ ਧਰਮ ਨਾਂ ਹੀ ਧਰਮੀ, ਕਰਮੀਂ ਕਰਮ ਕਮਾਂਵਦਿਆਂ।
ਗਿਆਨ ਨਹੀਂ ਸੀ ਗਣਤ ਨਹੀਂ ਸੀ, ਜੱਗ ਤੀਰਥ ਦੀ ਬਣਤ ਨਹੀਂ ਸੀ,
ਨਾਂ ਹੀ ਰਾਜ ਭਾਗ ਨਾਂ ਰਾਜਾ ਬੈਠਾ ਹੁਕਮ ਚਲਾਂਵਦਿਆਂ।
ਨਾਂ ਹੀ ਸ਼ੇਖ ਨਾਂ ਗੁਰ ਗੋਬਿੰਦਾ, ਨਾਂ ਹੀ ਗੋਰਖ ਨਾਂ ਮਾਛਿੰਦਾ,
ਮਾਤ ਪਿਤਾ ਤੱਤ ਧਾਤ ਨਹੀਂ ਸੀ, ਸੋਮਵਾਰ ਸੱਚ ਪਾਂਵਦਿਆਂ।

سپتاہ

سوموار

سوموار سمپورن سچکھنڈ ستگور سنّ سرجاوندیاں
دھرت اکاش پتال نہیں سی، ناں کو آون جاوندیاں
برہماں، وشن، مہیش نہیں سی، سرشٹی دنیاں دیش نہیں سی
الف نہیں سی نہیں سی، ناں کو پڑھن پڑھاوندیاں
پون نہیں سی، پانیں نہیں سی، کھانیں نہیں سی،
بانی نہیں سی، چارچپھیرے دھندوکارا، سنّ سمادھی لاوندیاں
چند سورج دن رات نہیں سی، نرک سرگ دی بات نہیں سی
نہ ہی دھرم نہ ہی دھرمی، کرمیں کرم کماوندیاں
گیان نہیں سی گنت نہیں سی، جگّ تیرتھ دی بنت نہیں سی
ناں ہی راج بھاگ ناں راجا بیٹھا حکم چلاوندیاں
ناں ہی شیخ ناں گر گوبندا، ناں ہی گورکھ ناں ماچھندا
مات پتا تتّ دھات نہیں سی، سوموار سچ پاوندیاں

ਮੰਗਲਵਾਰ

ਤਿਸ ਭਾਵੇ ਤਾਂ ਜਗਤ ਉਪਾਵੇ, ਪੰਜ ਤੱਤ ਆਪੇ ਉਪਜਾਵੇ,
ਖੰਡ ਬ੍ਰਹਿਮੰਡ ਪਾਤਾਲ ਅਰੰਭੇ, ਮਮਤਾ ਮੋਹ ਉਪਜਾਂਵੰਦਿਆਂ।
ਬਣ ਰਾਜਾ ਧਰਤੀ ਤੇ ਆਵੇ, ਰਾਮ ਰਾਜ ਦੀ ਗੱਲ ਚਲਾਵੇ,
ਸਮਰੱਥ ਮੂਰਖ ਰਾਵਣ ਆਪਣੇਂ ਹੱਥੀਂ ਮਾਰ ਮੁਕਾਵੰਦਿਆਂ।
ਆਓ ਸਖੀ ਰਲ ਮੰਗਲ ਗਾਵੇ, ਮੰਗਲਵਾਰ ਸੱਚ ਚਿੱਤ ਲਾਵੇ,
ਸਚਿਆਰੇ ਬਣ ਸਕਦੇ ਸਾਰੇ ਸੱਚਾ ਨਾਮ ਧਿਆਵੰਦਿਆਂ।
ਸੱਚ ਰਸਤੇ ਜੇ ਰਾਮ ਵੀ ਜਾਵੇ, ਰਸਤੇ ਵਿੱਚ ਮੁਸੀਬਤ ਪਾਵੇ,
ਸਾਫ ਸਵਿੱਤਰੀ ਸੀਤਾ ਨੂੰ ਵੀ ਅਗਨ ਪ੍ਰੀਖਿਆ ਲਾਵੰਦਿਆਂ।
ਸੱਚ ਮਾਰਗ ਤਾਂ ਕਠਨ ਬੜਾ ਹੈ, ਹਰ ਰਸਤੇ ਤੇ ਝੂਠ ਖੜ੍ਹਾ ਹੈ,
ਰਾਮ ਨੇ ਵੀ ਬਾਲੀ ਵੱਤ ਕੀਤਾ ਲੁਕਕੇ ਤੀਰ ਚਲਾਵੰਦਿਆਂ।
ਮੰਗਲਵਾਰ ਮਹਾਂਸੁਖ ਪਾਵੇ, ਸੱਚੇ ਨਾਲ ਜੋ ਪ੍ਰੀਤ ਲਗਾਵੇ,
ਪਰ ਬਨਵਾਸ ਵੀ ਕੱਟਣਾਂ ਪੈਂਦਾ ਰਾਮ ਦਾ ਸਾਥ ਨਿਭਾਵੰਦਿਆਂ।

منگلوار

تس بھاوے تاں جگت پاوے، پنج تت آپے اپجاوے
کھنڈ برہمنڈ پاتال ارمبھے، ممتا موہ اپجاوندیاں
بن راجا دھرتی تے آوے، رام راج دی گل چلاوے
سمرتھ مورکھ راون آپنیں ہتھیں مار مکاوندیاں
آؤ سخی رل منگل گاوو، منگلوار سچ چت لاوو
سچیارے بن سکدے سارے سچا نام دھیاوندیاں
سچ رستے جے رام وی جاوے، رستے وچ مصیبت پاوے
صاف سوتری سیتا نوں وی اگن پریکھیا لاوندیاں
سچ مارگ تاں کٹھن بڑا ہے، ہر رستے تے جھوٹھ کھڑا ہے
رام نے وی بالی وتّ کیتا لک کے تیر چلاوندیاں
منگلوار مہا سکھ پاوے، سچے نال جو پریت لگاوے
پر بنواس وی کٹنا پیندا رام دا ساتھ نبھاوندیاں

ਬੁੱਧਵਾਰ

ਬੁੱਧਵਾਰ ਕੰਮ ਸੁੱਧ ਹੋ ਜਾਵੇ, ਜੇ ਜੱਗ ਸੱਚ ਦੀ ਬੋਲੀ ਪਾਵੇ,
ਦੁਖ ਸੁਖ ਤਾਂ ਵਸਤਰ ਨੇਂ ਸਾਡੇ, ਲੰਘਦੀ ਉਮਰ ਹੰਢਾਵੰਦਿਆਂ।
ਪੁੱਤਰ ਮੋਹ ਵਿੱਚ ਅੰਨ੍ਹਾਂ ਹੋਵੇ, ਸਾਰੇ ਪੁੱਤ ਮਰਵਾ ਕੇ ਰੋਵੇ,
ਖਾਲੀ ਹੱਥ ਰਥਵਾਨ ਜੇ ਗੋਬਿੰਦ ਕਿਉਂ ਲਤਨਾ ਘਬਰਾਵੰਦਿਆਂ।
ਸਿੱਧੀ ਉਂਗਲੀ ਘਿਓ ਨਹੀਂ ਕੱਢਦੀ, ਲੋਹੇ ਦੀ ਛੈਣੀਂ ਲੋਹਾ ਵੱਢਦੀ,
ਧਰਮਰਾਜ ਨੇਂ ਝੂਠ ਬੋਲਿਆ ਦਰੋਣਾਂਚਾਰ ਮਰਾਵੰਦਿਆਂ।
ਸਚਿਆਰੇ ਨੇਂ ਸੱਚ ਕਮਾਉਣਾਂ, ਝੂਠ ਨਾਲ ਹੈ ਆਢਾ ਲਾਉਣਾਂ,
ਪੰਚਾਲੀ ਨੂੰ ਕ੍ਰਿਸ਼ਨ ਬਚਾਵੇ ਵਸਤਰਹੀਣ ਹੋ ਜਾਵੰਦਿਆਂ।
ਅੱਧੋ ਅੱਧ ਜਦ ਝੂਠੇ ਸੱਚੇ, ਸਭ ਤੋਂ ਵੱਧ ਚਤਰਿੰਲੀ ਮੱਚੇ,
ਸਭ ਤੋਂ ਵੱਢਾ ਯੁੱਧ ਕਰਵਾਇਆ, ਕਰਣ ਤੋਂ ਸੱਚ ਲੁਕਾਵੰਦਿਆਂ।
ਬੁੱਧਵਾਰ ਕੰਮ ਸੁੱਧ ਹੋ ਗਿਆ, ਸੱਚ ਝੂਠ ਦਾ ਯੁਧ ਹੋ ਗਿਆ,
ਕਰੇ ਕਰਾਵੇ ਕ੍ਰਿਸ਼ਨ ਮੁਰਾਰੀ ਸੱਚ ਤੋਂ ਝੂਠ ਮਰਵਾਵੰਦਿਆਂ।

بدھوار

بدھوار کم سدھ ہو جاوے، جے جگ سچ دی بولی پاوے
دکھ سکھ تاں وستر نیں ساڈے، لنگھدی عمر ہنڈھاوندیاں
پتر موہ وچ انھاں ہووے، سارے پتّ مروا کے روے
خالی ہتھ رتھوان جے گوبند کیوں لڑنا گھبراوندیاں
سدھی انگلی گھِ؟؟ نہیں کڈھدی، لوہے دی چھینیں لوہا وڈھدی
دھرمراج نیں جھوٹھ بولیا دروناچار مراوندیاں
سچیارے نیں سچ کماؤناں، جھوٹھ نال ہے آڈھا لاؤناں
پنچالی نوں کرشن بچاوے وستربین ہو جاوندیاں
ادھو ادھ جد جھوٹھے سچے، سبھ توں ودھ چرگلی مچے
سبھ توں وڈھا یدھ کروا، کرن توں سچ لکاوندیاں
بدھوار کم سدھ ہو گیا، سچ جھوٹھ دا یدھ ہو گیا
کرے کراوے کرشن مراری سچ توں جھوٹھ مرواوندیاں

ਵੀਰਵਾਰ

ਚੌਥਾ ਦਿਨ ਚੌਥਾ ਯੁੱਗ ਆਇਆ ਕਲਯੁਗ ਨੇਂ ਪਰਚਮ ਲਹਿਰਾਇਆ
ਝੂਠ ਨੇਂ ਸੱਚ ਦਾ ਤਖਤ ਹਿਲਾਇਆ ਝੂਠੀ ਜੂਹ ਵਧਾਵੈਦਿਆਂ।
ਵੀਰਵਾਰ ਦਾ ਅਜਬ ਪਸਾਰਾ, ਚਾਰੀਂ ਕੂਟੀਂ ਹੈ ਅੰਧਿਆਰਾ,
ਟਾਵਾਂ ਟਾਵਾਂ ਸੱਚ ਪਰਸਤੀ ਕਿਤੇ ਲੱਭਦਾ ਸੱਚ ਸਮਝਾਵੈਦਿਆਂ।
ਨਾਂ ਅਨਕ ਨਾਨਕ ਪਰਮਾਤਮ, ਦੱਸਿਆ ਸੱਚ ਦਾ ਕੀ ਮਹਾਤਮ,
ਚਾਰ ਉਦਾਸੀਆਂ ਚਾਰ ਦਿਛਾਵਾਂ ਧੁਰ ਕੀ ਬਾਣੀਂ ਗਾਵੈਦਿਆਂ।
ਸ਼ੇਖ ਫਰੀਦ ਨੇਂ ਅਲਖ ਉਚਾਰੀ, ਸੱਚਪ੍ਰਸਤਾਂ ਖੋਲੀ ਪਾਰੀ,
ਨਾਮਦੇਵ ਰਵਿਦਾਸ ਕਬੀਰਾ, ਧੰਨਾਂ ਜੱਟ ਧਿਆਨ ਲਗਾਵੈਦਿਆਂ।
ਤੱਤੀ ਤਵੀ ਤੇ ਗੁਰੂ ਪਿਆਰੇ, ਸੱਚ ਤੇ ਜ਼ੁਲਮ ਕਰਨ ਹਤਿਅਰੇ,
ਚਾਰੇ ਪੁੱਤਰ ਸੱਚ ਨੇ ਵਾਰੇ, ਸਿਰ ਵਾਰ ਕੇ ਧਰਮ ਬਚਾਵੈਦਿਆਂ।
ਸੱਚ ਸੰਜਮ ਸਹਿਜ ਸੰਤੋਖ, ਦਿਨ ਵੀਰਵਾਰ ਹੋ ਰਹੇ ਅਲੋਪ,
ਸੱਚ ਨੂੰ ਸੱਚ ਵੀ ਮੰਨਦੇ ਰਹੇ, ਸਭ ਜ਼ੁਲਮੀਂ ਜ਼ੁਲਮ ਕਮਾਵੈਦਿਆਂ।

ویروار

چوتھا دن چوتھا یگ آں کلیگ نیں پرچم لہرا
جھوٹھ نیں سچ دا تخت ہلا جھوٹھی جوہ ودھاوندیاں
ویروار دا عجب پسارا، چاریں کوئیں ہے اندھیارا
ٹاواں ٹاواں سچ پرستی کتے لبھدا سچ سمجھاوندیاں
ناں انق نانک پرماتم، دسیا سچ دا کیہ مہاتم
چار اداسیاں چار دچھاواں دھر کی بانیں گاوندیاں
شیخ فرید نیں الکھ اچاری، سچپرستاں کھھیلی پاری
نامدیو رویداس کبیرا، دھناں جٹّ دھیان لگاوندیاں
تتی توی تے گورو پیارے، سچ تے ظلم کرن ہتیارے
چارے پتر سچ نے وارے، سر وار کے دھرم بچاوندیاں
سچ سنجم سہج سنتوکھ، دن ویروار ہو رہے الوپ
سچ نوں سچ وی مندے رہے، سبھ ظلمی ظلم کماوندیاں

ਸ਼ੁੱਕਰਵਾਰ

ਸ਼ੁੱਕਰਵਾਰ ਸ਼ੁਕਰ ਬੇਅੰਤਾ, ਰਹਿਮ ਕਰੀਂ ਸਤਿਗੁਰ ਭਗਵੰਤਾ,
ਸ਼ਬਦ ਗੁਰੂ ਦੀ ਉਗਲੀ ਫੜ ਕੇ ਭਵਸਾਗਰ ਲੰਘਜਾਵੰਦਿਆਂ।
ਪੰਚਮ ਗੁਰੂ ਸ਼ਬਦ ਲੜ ਲਾਇਆ, ਭਗਤਾਂ ਤੇ ਭੱਟਾਂ ਹਿੱਸਾ ਪਾਇਆ,
ਸ਼ਬਦ ਗੁਰੂ ਸੰਪੂਰਣ ਸਤਿਗੁਰ ਬੇੜਾ ਪਾਰ ਲੰਘਾਵੰਦਿਆਂ।
ਸਮਰੱਥ ਗੁਰੂ ਸ਼ਬਦ ਅਵਤਾਰਾ, ਪਰਮੇਸ਼ਰ ਪੂਰਣ ਨਿਰੰਕਾਰਾ,
ਸੱਚ ਸ਼ਬਦ ਲੜ ਲੱਗ ਕੇ ਤਰਦੇ, ਜੱਗ ਵਿੱਚ ਸੋਭਾ ਪਾਵੰਦਿਆਂ।
ਸ਼ਬਦਾਂ ਵਿੱਚੋਂ ਰੱਬ ਮਿਲ ਜਾਵੇ, ਗਲਤ ਸ਼ਬਦ ਸਭ ਕੁਝ ਗਵਾਵੇ,
ਸ਼ਬਦ ਬਿਨਾਂ ਤਾਂ ਤਰਕ ਨਹੀਂ, ਸਾਨੂੰ ਇਨਸਾਨ ਕਹਾਂਵਦਿਆਂ।
ਮਾਨਵਤਾ ਦੀ ਸ਼ਬਦ ਹੈ ਸ਼ਕਤੀ, ਸ਼ਬਦਾਂ ਬਿਨ ਕੀ ਕਰੇ ਵਿਅਕਤੀ,
ਸ਼ਬਦਾਂ ਬਿਨ ਨਾਂ ਪਾਰ ਉਤਾਰਾ ਰੱਬ ਨੂੰ ਮੂੰਹ ਦਿਖਾਵੰਦਿਆਂ।
ਪੰਜਵਾਂ ਯੁੱਗ ਸ਼ਬਦਯੁੱਗ ਹੋਸੀ, ਮਨ ਦੀ ਮੈਲ ਸ਼ਬਦ ਨਾਲ ਧੋਸੀ,
ਸ਼ਬਦਯੋਤ ਮਨ ਮੰਦਰ ਅੰਦਰ ਸ਼ਰਧਾ ਸਹਿਤ ਜਗਾਵੰਦਿਆਂ।

شکروار

شکروار شکر ہے انتا، رحم کریں ستگور بھگونتا
شبد گورو دی انگلی پھڑ کے بھوساگر لنگھ جاوندیاں
پنچم گورو شبد لڑ لاا، بھگتاں تے بھٹاں حصہ پا
شبد گورو سمپورن ستگور بیڑا پار لنگھاوندیاں
سمرتھ گورو شبد اوتارا، پرمیشر پورن نرنکارا
سچ شبد لڑ لگ کے تردے، جگ وچ سوبھا پاوندیاں
شبداں وچوں ربّ مل جاوے، غلط شبد سبھ کجھ گواوے،
شبد بناں تاں ترک نہیں، سانوں نسان کہاوندیاں
مانوتا دی شبد ہے شکتی، شبداں بن کی کرے ویکتی
شبداں بن ناں پار اتارا ربّ نوں منہ دکھاوندیاں
پنجواں یگ شبدیگ ہوسی، من دی میل شبد نال دھوسی
شبدیوت من مندر اندر شردھا سہت جگاوندیاں

ਸ਼ਨਿੱਚਰਵਾਰ

ਸ਼ਨੀਂਵਾਰ ਸੋਚ ਨਾਂ ਕਰਨਾਂ ਮਨ ਤਨ ਗੁਰ ਚਰਨਾਂ ਵਿੱਚ ਧਰਨਾਂ
ਸ਼ਨੀਂ ਗ੍ਰੈਹਿ ਵੀ ਸੈਗ ਜਾਊ ਸਚਿਆਰਿਆਂ ਨੂੰ ਅਜਮਾਵੈਂਦਿਆਂ।
ਦਿਨ ਰਾਤ ਹੈ ਹੁਕਮ ਖੁਦਾ ਦਾ, ਬਹੁ ਨਹੀਂ ਲਗਦਾ ਰਾਮ ਰਜ਼ਾ ਦਾ,
ਦੁਖ ਸੁਖ ਤਾਂ ਵਸਤਰ ਸਾਡੇ ਜੋ ਮਿਲਦਾ ਓਹੀ ਹੰਢਾਵੈਂਦਿਆਂ।
ਸੁਣਨਾਂ ਮੰਨਣਾਂ ਗਾਉਣਾਂ ਸਾਡਾ, ਦੁਨੀਆਂ ਦੇ ਵਿੱਚ ਆਉਣਾ ਸਾਡਾ,
ਜੀਣਾਂ ਮਰਨਾਂ ਨਿਰਭਰ ਸਾਡੇ ਸਾਹ ਦੇ ਆਉਂਦੇ ਜਾਂਵੈਂਦਿਆਂ।
ਹੁਕਮੀਂ ਮਾਣਸ ਦੇਹੀ ਪਾਵੇ, ਹੁਕਮੀਂ ਉੱਤਮ ਨੀਚ ਕਹਾਵੇ,
ਹੁਕਮ ਬਿਨਾਂ ਪੱਤਾ ਨਹੀਂ ਹਿੱਲਦਾ, ਸਭ ਹੁਕਮੀਂ ਹੁਕਮ ਚਲਾਵੈਂਦਿਆਂ।
ਰਾਮ ਰਜ਼ਾ ਵਿੱਚ ਰਹਿਣਾਂ ਆਵੇ, ਹੁਕਮੀਂ ਦੁਖ ਸੁਖ ਸਹਿਣਾਂ ਆਵੇ,
ਦਿਨ ਹਫਤੇ, ਸਾਲ ਸਦੀਆਂ ਯੁੱਗ ਲੰਘਦੇ ਗੁਣ ਗਾਵੈਂਦਿਆਂ।
ਸ਼ਨੀਂਵਾਰ ਜੋ ਜੋ ਸਚਿਆਰਾ, ਪਰਮ ਪੁਰਖ ਨੂੰ ਉਹ ਹੀ ਪਿਆਰਾ,
ਝੂਠ ਤੋਂ ਸੁਟਕਾਰਾ ਮਿਲਦਾ ਹੈ, ਸੱਚ ਨਾਲ ਲਿਵ ਲਾਵੈਂਦਿਆਂ।

شنچروار

شنیوار سوچ ناں کرناں من تن گر چرناں وچ دھرناں
شنیں گریہ وی سنگ جاؤ سچیاریاں نوں اجماوندیاں۔
دن رات ہے حکم خدا دا، تھہو نہیں لگدا رام رضا دا،
دکھ سکھ تاں وستر ساڈے جو ملدا ؟؟ہی ہنڈھاوندیاں
سنناں منناں گاؤناں ساڈا، دنیاں دے وچ آؤنا ساڈا
جیناں مرناں نربھر ساڈے ساہ دے آؤندے جاوندیاں
ہکمیں مانس دیہی پاوے، ہکمیں تم نیچ کہاوے
حکم بناں پتہ نہیں ہلدا، سبھ ہکمیں حکم چلاوندیاں
رام رضا وچ رہناں آوے، ہکمیں دکھ سکھ سہناں آوے
دن ہفتے، سال صدیاں یگ لنگھدے گن گاوندیاں
شنیوار جو جو سچیارا، پرم پرکھ نوں اوہ ہی پیارا
جھوٹھ توں شٹکارا ملدا ہے، سچ نال لو لاوندیاں

ਆਦਤਵਾਰ

ਸੱਚ ਜੇਕਰ ਆਦਤ ਬਣ ਜਾਵੇ, ਹਰ ਪ੍ਰਾਣੀ ਜੇ ਨਾਮ ਧਿਆਵੇ,
ਸੱਚ ਖੰਡ ਬਣ ਜਾਵੇ ਦੁਨੀਆਂ ਮਾਨਵਤਾ ਅਪਣਾਵੰਦਿਆਂ।
ਕਰਮ ਖੰਡ ਵੀ ਕਰਮ ਹੈ ਸਾਡਾ, ਸੁਥਰੀ ਕਿਰਤ ਧਰਮ ਹੈ ਸਾਡਾ,
ਸੁਥਰੇ ਅਖਵਾਉਂਦੇ ਜੋ ਦਿਸਦੇ ਸੁਥਰੇ ਰਸਤੇ ਜਾਂਵੰਦਿਆਂ।
ਗਿਆਨ ਪਰਾਪਤ ਵੀ ਕਰਨਾਂ ਹੈ, ਖਾਲੀ ਬਰਤਨ ਵੀ ਭਰਨਾਂ ਹੈ,
ਭਰਿਆ ਕਦੇ ਨਾਂ ਡੋਲੇ, ਦੇਖੋ ਖਾਲੀ ਨੂੰ ਟਣਕਾਵੰਦਿਆਂ।
ਧਰਮ ਖੰਡ ਵਿੱਚ ਧਰਮੀਂ ਹੋਵੋ, ਧਰਮ ਨੂੰ ਜੀਵਨ ਵਿੱਚ ਪ੍ਰੋਵੋ,
ਪਰ ਧਰਮੀਂ ਦਾ ਹੰਕਾਰ ਰੁਕਾਵਟ, ਧੁਰ ਟਿਕਾਣੇਂ ਲਾਵੰਦਿਆਂ।
ਪੰਜ ਤੱਤ ਪੰਜੇ ਪਰਮੇਸਰ, ਦਿਵਸ ਰਾਤ ਸਭ ਬ੍ਰਹਮ ਮਹੇਸਰ,
ਰਚਨਾਂ ਸਾਰੀ ਸਹਿਰ ਮੇਲਾ ਜੱਗ ਜਾਦੂਗਰੀ ਦਿਖਾਵੰਦਿਆਂ।
ਸੱਤ ਰੰਗ ਸਪਤਾਹ ਹੈ ਸਾਰਾ, ਸੱਤ ਸੁਰਾਂ ਦਾ ਸਗਲ ਪਸਾਰਾ,
ਸੱਤ ਸਮੁੰਦਰ ਸੱਤ ਅਸਮਾਨ, ਸ਼ਬਦ ਗੁਰੂ ਸਮਝਾਵੰਦਿਆਂ॥

عادت وار

سچ جیکر عادت بن جاوے، ہر پرانی جے نام دھیاوے
سچ کھنڈ بن جاوے دنیاں مانوتا اپناوندیاں
کرم کھنڈ وی کرم ہے ساڈا، ستھری کرت دھرم ہے ساڈا،
ستھرے اکھواؤندے جو دسدے ستھرے رستے جاوندیاں
گیان پراپت وی کرناں ہے، خالی برتن وی بھرناں ہے
بھریا کدے ناں ڈولے، دیکھو خالی نوں ٹنکاوندیاں
دھرم کھنڈ وچ دھرمیں ہووو، دھرم نوں جیون وچ پرووو
پر دھرمیں دا ہنکار رکاوٹ، دھر ٹکانیں لاوندیاں
پنج تتّ پنجے پرمیسر، دوس رات سبھ برہم مہیسر
رچناں ساری سحر میلہ جگّ جادوگری دکھاوندیاں
ستّ رنگ سپتاہ ہے سارا، ستّ سراں دا سگل پسارا،
ستّ سمندر ستّ اسمان، شبد گورو سمجھاوندیاں

ਨਜ਼ਰੀਆ

ਦੁਨੀਆਂ ਵਰਗੀ ਹੈ ਨਜ਼ਰ ਤੇਰੀ ਖੈਰ ਸੱਲਾ,
ਲੇਕਿਨ ਤੇਰਾ ਨਜ਼ਰੀਆ ਸਾਨੂੰ ਸਮਝ ਨਹੀਂ ਆਇਆ।
ਭੁੱਖੀਆਂ ਨਜ਼ਰਾਂ ਵਾਸਤੇ ਚੋਗਾ ਤੂੰ ਲੱਭ ਰਿਹੈਂ,
ਬਦਲੇ ਚ' ਕੀ ਹੈ ਦੇਣ ਨੂੰ ਉਹ ਦਿਸ ਨਹੀਂ ਪਾਇਆ।
ਮੇਰਾ ਇਹ ਸੁਰ ਤਾਲ ਤੇਰੇ ਦਿਲ ਨਹੀਂ ਲੱਗਿਆ,
ਜਿਸ ਤਰਾਂ ਦੇ ਸਾਜ ਸੀ ਮੈਂ ਉਸ ਤਰਾਂ ਗਾਇਆ।
ਵਧੀਆ ਸੋਂਦਾ ਭਾਲਦਾ ਲਗਦਾ ਹੈਂ ਤੂੰ ਮੈਨੂੰ,
ਕਿਸ ਕੀਮਤ ਤੇ ਮਿਲੇਗਾ ਤੂੰ ਹਿਸਾਬ ਨਹੀਂ ਲਾਇਆ।
ਮੇਰੇ ਤੋਂ ਜੋ ਪੁੱਛਦਾ ਹੈਂ ਉਹ ਖੁਦ ਕੋਲੋਂ ਵੀ ਤਾਂ ਪੁੱਛ,
ਗ਼ਲਤ ਥਾਂਹ ਤੇ ਹਾਂ ਜੇ ਮੈਂ ਤਾਂ ਤੂੰ ਕਿਉਂ ਆਇਆ।
ਮੇਰੀ ਗੱਲ ਸੁਣਕੇ ਜੇ ਤੈਨੂੰ ਸੰਗ ਆਉਂਦੀ ਹੈ,
ਬਹੁਤਾ ਸੰਗਾਊ ਹੈਂ ਤਾਂ ਫਿਰ ਦੱਸ ਲੈਣ ਕੀ ਆਇਆਂ।
ਤਰਸ ਆਉਂਦਾ ਹੈ ਜੇ ਤੈਨੂੰ ਮੇਰੀ ਹਾਲਤ ਤੇ,
ਦਲਦਲ ਚੋਂ ਮੈਨੂੰ ਬਾਹਰ ਕਿਉਂ ਤੂੰ ਕੱਢ ਨਹੀਂ ਪਾਇਆ।
ਤਾਜ਼ੇ ਤਰੀਮ ਫੁੱਲ ਸੁੰਘਣ ਦਾ ਤੂੰ ਸ਼ੌਕੀ ਹੈਂ,
ਦੱਸ ਕਿਸ ਕੀਮਤ ਤੇ ਲਵੇਂਗਾ ਇਕ ਫੁੱਲ ਕਮਲਾਇਆ।
ਬੰਦਿਆਂ ਵਾਂਗੂੰ ਬੋਲ ਜੇ ਕੀਮਤ ਲਗਾਉਣੀ ਹੈ,
ਕਿਉਂ ਦੇਖਦਾਂ ਉਸਨੂੰ ਜੋ ਦਿਲ ਨੂੰ ਹੀ ਨਹੀਂ ਭਾਇਆ।
ਚੱਕਰਵਿਊ ਤੇਰਾ ਹੈ ਤੂੰ ਖੁਦ ਆਪ ਫਸਿਆ ਹੈਂ,
ਨਿਸਚਤ ਹੈ ਤੇਰੀ ਮੌਤ ਜੇ ਤੂੰ ਬਾਹਰ ਨਾ ਆਇਆ।

نظریہ

دنیاں ورگی ہے نظر تیری خیر سلاّ،
لیکن تیرا نظریہ سانوں سمجھ نہیں آیا
بھکھیاں نظراں واسطے چوغا توں لبھّ رہیں
بدلے چ' کی ہے دین نوں اوہ دس نہیں پایا
میرا ایہہ سر تال تیرے دل نہیں لگیا
جس طرحاں دے ساز سی میں اس طرحاں گایا
ودھیا سودا بھالدا لگدا ہیں توں مینوں
کس قیمت تے ملیگا توں حساب نہیں لایا
میرے توں جو پچھدا ہیں اوہ خود کولوں وی تاں پچھ
غلط تھانہ تے ہاں جے میں تاں توں کیوں آیا
میری گلّ سنکے جے تینوں سنگ آؤندی ہے
بہتا سنگاؤ ہیں تاں پھر دسّ لین کیہ آیاں
ترس آؤندا ہے جے تینوں میری حالت تے
دلدل چوں مینوں باہر کیوں توں کڈھ نہیں پایا
تازے ترہم پھلّ سنگھن دا توں شونقی ہیں
دسّ کس قیمت تے لوینگا اک پھلّ کملایا
بندیاں وانگوں بولّ جے قیمت لگاؤنی ہے
کیوں دیکھداں اسنوں جو دل نوں ہی نہیں بھایا
چکرویو تیرا ہے توں خود آپ پھسیا ہیں
نسچت ہے تیری موت جے توں باہر ناں آیا

ਪੰਜਾਬ ਦੇਸ਼

ਇਹ ਲਗਭਗ ਇਕ ਸਦੀ ਦੀ ਗੱਲ ਹੈ,
ਇਹ ਸਾਡਾ ਕੰਨੀਂ ਸੁਣਿਆਂ ਕੱਲ੍ਹ ਹੈ।
ਜਦ ਦੇਸ਼ਾਂ ਨੂੰ ਭਾਸ਼ਾ ਕਰਕੇ ਮਿਣਿਆਂ ਕਰਦੇ ਸੀ।
ਪੰਜਾਬ ਨੂੰ ਵੀਹ ਵੱਢਿਆਂ ਦੇਸ਼ਾਂ ਵਿਚ ਗਿਣਿਆਂ ਕਰਦੇ ਸੀ।
ਸੁਣੇ ਪੰਜਾਬੀ ਦੁਆਬ ਤੇ ਪੰਜਾਬੀ ਬਾਰਾ,
ਸੀ ਪੰਜਾਬ ਤੋਂ ਵੱਢੇ ਕੁੱਲ ਮੁਲਕ ਅਠਾਰਾਂ,
ਰਵਿਦਾਸ ਫਰੀਦ ਕਬੀਰ ਪੰਜਾਬੀ ਦੇ ਵਿਚ ਬਾਣੀਂ ਲਿਖਦੇ ਸੀ।
ਗੁਰੂਆਂ ਭਗਤਾਂ ਰਾਗੀਆਂ ਭੱਟਾਂ ਵਾਂਗ ਪੰਜਾਬੀ ਦਿਸਦੇ ਸੀ।
ਸੁਣਿਆਂ ਸਪਤਸਿੰਧੂ ਵਿਚ ਸੀ ਸੱਤ ਨਦੀਆਂ,
ਮਧੁਰ ਦੇਸ਼ ਕਹਿੰਦੇ ਰਹੇ ਪੰਜਾਬ ਨੂੰ ਸਦੀਆਂ,
ਵਹੀਕ ਦੇਸ਼ ਵੀ ਨਾਂ ਸੀ ਲੋਕ ਪੰਜਾਬੀ ਖੇਤੀ ਕਰਦੇ ਸੀ।
ਸਿਕੰਦਰ ਵਰਗਿਆਂ ਧਾੜਵੀਆਂ ਤੋਂ ਵੀ ਨਾ ਡਰਦੇ ਸੀ।
ਦੇਵਨਾਗਰੀ ਸ਼ਾਹਮੁਖੀ ਦੋਵੇਂ ਲਿਪੀਆਂ ਸੀ ਪੰਜਾਬੀ,
ਹਿੰਦੂ ਮੁਸਲਿਮ ਦਾ ਆਪਸੀ ਵੈਰ ਜੋ ਕਰੇ ਖਰਾਬੀ,
ਸਾਂਝੀ ਲਿੱਪੀ ਗੁਰਮੁਖੀ ਤਾਂ ਹੀ ਸਤਿਗੁਰਾਂ ਬਣਾਵੀ ਸੀ।
ਹਿੰਦੂ ਮੁਸਲਮ ਨੂੰ ਇਕ ਸਾਂਝੀ ਗੱਲ ਸੁਣਾਵੀ ਸੀ।
ਪੰਜਾਬ ਦੇਸ਼ ਦੀਆਂ ਵੰਡੀਆਂ ਪਾਅ ਕੇ,
ਦੋ ਤਿੰਨ ਚਾਰ ਪੰਜਾਬ ਬਣਾਅ ਕੇ,
ਹਿੰਦੂ ਮੁਸਲਮ ਸਿਖ ਨਹੀਂ ਦੋਸ਼ੀ,
ਸੁੱਨਤਾ ਸਿਰਫ ਸਿਆਸਤ ਹੋਛੀ,
ਪੰਜਾਬ ਦੇਸ਼ ਨੂੰ ਖਤਮ ਕਰਨ ਦਾ ਜ਼ੋਰ ਲਗਾਉਂਦੇ ਨੇ।
ਭਾਸ਼ਾ ਦਾ ਕੀ ਦੋਸ਼ ਹੈ, ਸਾਡੀ ਮਾਂ ਬੋਲੀ ਝਟਕਾਉਂਦੇ ਨੇ॥

نجاب دیش

ایہہ لگ بھگ اک صدی دی گلّ ہے
ایہہ ساڈا کنیں سنیاں کل ہے
جد دیشاں نوں بھاشا کرکے منیاں کردے سی
پنجاب نوں ویہہ وڈھیاں دیشاں وچ گنیاں کردے سی
سنے پنجابی دواب تے پنجابی بارا
سی پنجاب توں وڈھے کلّ ملک اٹھاراں
رویداس فرید کبیر پنجابی دے وچ بانیں لکھدے سی
گروآں بھگتاں راگیاں بھٹاں وانگ پنجابی دسدے سی
سنیاں سپتسندھو وچ سی ستّ ندیاں
مدھر دیش کہندے رہے پنجاب نوں صدیاں
وہیک دیش وی ناں سی لوک پنجابی کھیتی کردے سی
سکندر ورگیاں دھاڑویاں توں وی نہ ڈردے سی
دیوناگری شاہمکھی دوویں لپیاں سی پنجابی
ہندو مسلم دا آپسی ویر جو کرے خرابی
سانجھی لپی گورمکھی تاں ہی ستگوراں بناوی سی
ہندو مسلم نوں اک سانجھی گلّ سناوی سی
پنجاب دیش دیاں ونڈیاں پاء کے
دو تنّ چار پنجاب بناء کے
ہندو مسلم سکھ نہیں دوشی
سڑا صرف سیاست ہوچھی
پنجاب دیش نوں ختم کرن دا زور لگاؤندے نیں
بھاشا دا کیہ دوش ہے، ساڈی ماں بولی جھٹکاؤندے نیں

ਇਨਸਾਨੀਅਤ

ਇਨਸਾਨੀਅਤ ਹੀ ਅਸਲ ਵਿਚ ਇਨਸਾਨ ਦੀ ਪਹਿਚਾਨ ਹੈ,
ਸਹਿਜ ਸੰਤੋਖ ਹੈ ਜਿਸ ਵਿਚ ਜਿੰਨਾਂ ਓਨਾਂ ਹੀ ਉਹ ਇਨਸਾਨ ਹੈ।
ਖਾਣਾ ਪੀਣਾ ਤੇ ਸੌਂ ਜਾਣਾ ਇਹ ਤਾਂ ਸਭ ਪਛੂ ਪੰਛੀ ਵੀ ਕਰਦੇ,
ਸਭ ਬੱਚੇ ਵੀ ਪੈਦਾ ਕਰਦੇ ਭਾਵੇਂ ਆਦਮੀ ਹੈ ਜਾਂ ਫਿਰ ਹੈਵਾਨ ਹੈ।
ਅਵਤਾਰ ਦੇਵਤੇ ਗਿਣੇ ਜਾਂਦੇ ਸੀ ਜੱਗ ਨੂੰ ਜੇਹੜੇ ਸੁਖ ਦੇਂਦੇ ਸੀ,
ਜੋ ਸਭ ਨੂੰ ਸਭ ਕੁਝ ਦੇਣ ਵਾਲਾ ਹੈ ਬਸ ਓਹੀ ਤਾਂ ਭਗਵਾਨ ਹੈ।
ਅਰਬਾਂ ਖਰਬਾਂ ਜੋੜਨ ਵਾਲਾ ਲਾਜ਼ਮੀਂ ਨਹੀਂ ਅਮੀਰ ਵੀ ਹੋਵੇ,
ਜੋ ਘਾਲ ਖਾਵੇ ਕੁਝ ਹੱਥੋਂ ਦੇਵੇ ਸੁੱਨਤਾ ਉਹੀ ਸਖਸ਼ ਧਨਵਾਨ ਹੈ।
ਸੁਖ ਨਹੀਂ ਦੇ ਸਕਦਾ ਪਰਜਾ ਨੂੰ ਉਹ ਰਾਜਾ ਕਾਹਦਾ ਰਾਜਾ ਹੈ,
ਜਿਸਨੂੰ ਸੀਸਾਂ ਦੇਂਦੇ ਸਾਰੇ ਉਹ ਸ਼ਾਸ਼ਕ ਸਭ ਤੋਂ ਵੱਧ ਬਲਵਾਨ ਹੈ।
ਸਾਹ ਸੁਕਾਵੇ ਜੇਹੜਾ ਹਰ ਦਮ ਜੀਣਾਂ ਮੁਛਕਿਲ ਕਰਦਾ ਹੈ ਜੋ,
ਉਹ ਨਾ ਹੁੰਦਾ ਤਾਂ ਚੰਗੀ ਗੱਲ ਸੀ ਜਿਸ ਵਿਚ ਵੱਸਦਾ ਸ਼ੈਤਾਨ ਹੈ।
ਜਿਸਦੀ ਵੰਝਲੀ ਤੇ ਰਾਧਾ ਨੱਚੇ ਕਿਸ਼ਨ ਮੁਰਾਰੀ ਉਸਨੂੰ ਕਹਿੰਦੇ,
ਜਿਸਤੋਂ ਹਰ ਇਕ ਨੂੰ ਡਰ ਆਵੇ ਉਹ ਦੱਸ ਕਾਹਦਾ ਕਾਹਨ ਹੈ।
ਜੇ ਰੱਬ ਨੇਂ ਤਾਕਤ ਬਖਸ਼ੀ ਹੈ ਦੁਰਉਪਯੋਗ ਨਾ ਕਰ ਤੂੰ ਉਸਦਾ,
ਸਰਾਪ ਬਣੇ ਜਿਸ ਸਖਸ਼ ਦੀ ਸ਼ਕਤੀ ਉਹ ਦੁਰਯੋਧਨ ਸ਼ਾਨ ਹੈ।

انسانیت

انسانیت ہی اصل وچ انسان دی پہچان ہے
سہج سنتوکھ ہے جس وچ جناں اوناں ہی اوہ انسان ہے
کھانا پینا تے سوں جانا ایہہ تاں سبھ پچھو پنچھی وی کردے
سبھ بچے وی پیدا کردے بھاویں آدمیں ہے جاں پھر حیوان ہے
اوتار دیوتے گنے جاندے سی جگ نوں جیہڑے سکھ دیندے سی
جو سبھ نوں سبھ کجھ دین والا ہے بس ایہو ای تاں بھگوان ہے
اربں کھربں جوڑن والا لازمیں نہیں امیر وی ہووے
جو گھال کھاوے کجھ ہتھوں دیوے سنڑا اوہی شخص دھن وان ہے
سکھ نہیں دے سکدا پرجا نوں اوہ راجا کاہدا راجا ہے
جستوں سیساں دیندے سارے اوہ شاشک سبھ توں ودھ بلوان ہے
ساہ سکاوے جیہڑا ہر دم جیناں مچھکل کردا ہے جو
اوہ نہ ہندا تاں چنگی گلّ سی جس وچ وسدا شیطان ہے
جسدی ونجھلی تے رادھا نچے کشن مراری اسنوں کہندے
جستوں ہر اک نوں ڈر آوے اوہ دسّ کاہدا کاہن ہے
جے ربّ نیں طاقت بخشی ہے دراپیوگ نہ کر توں اسدا
سراپ بنے جس سکھش دی شکتی اوہ دریودھن شانن ہے

ਪੁੱਠੇ ਰਾਹ

ਮੈਨੂੰ ਪਤਾ ਹੈ ਬੰਦਿਆਂ ਵਾਲੀ ਗੱਲ ਤੂੰ ਕਦੇ ਵੀ ਕਰਨੀ ਨਹੀਂ,
ਇਹ ਵੀ ਪਤਾ ਤੂੰ ਬੰਦਿਆਂ ਵਾਂਗੂੰ ਬੰਦਿਆਂ ਦੇ ਵਿਚ ਬਹਿਣਾ ਨਹੀਂ।
ਸਾਰੀ ਉਮਰ ਤੂੰ ਆਪਣਿਆਂ ਦੇ ਨਾਲ ਨਾ ਰਲਕੇ ਚੱਲ ਸਕਿਆ,
ਹਰ ਇਕ ਨਾਲ ਵਿਰੋਧ ਕਰਨ ਦਾ ਤੇਰਾ ਤਾਪ ਲਹਿਣਾ ਨਹੀਂ।
ਤੇਰੇ ਸਾਰੇ ਭੈਣ ਭਰਾਤਾ ਕੌਮ ਤੇਰੀ ਹੈ ਕੀਰਨੇ ਪਉਂਦੇ ਮੋਇਆਂ ਤੇ,
ਤੂੰ ਸਿਵਿਆਂ ਨੂੰ ਤੱਕਣਾ ਨਹੀਂ ਕਾਤਲ ਨੂੰ ਦੋਸ਼ੀ ਕਹਿਣਾ ਨਹੀਂ।
ਤੇਰੀ ਮਿਟੀ ਵਿਚੋਂ ਮੈਨੂੰ ਮੇਰੀ ਖੁਸ਼ਬੂ ਨਹੀਂ ਆਉਂਦੀ ਮਿਤਰਾ,
ਵੱਖਰੀ ਹੈ ਤੇਰੀ ਦੁਨੀਆਂ ਤੂੰ ਮੇਰੇ ਅੰਗ ਸੰਗ ਕਦੇ ਰਹਿਣਾ ਹੀ ਨਹੀਂ।
ਅਸੀਂ ਤਾਂ ਰਲ ਮਿਲ ਕੇ ਸਾਰੇ ਦੁਖ ਸੁਖ ਵੰਡਦੇ ਹਾਂ ਬਹਿਕੇ,
ਪਰ ਤੇਰੇ ਉਠ ਦੇ ਪੱਦ ਮੁਛਕ ਨੂੰ ਕਿਸੇ ਨੂੰ ਸਹਿਣਾ ਪੈਣਾ ਹੀ ਨਹੀਂ।
ਵਿਰੋਧ ਕਰਨ ਦੀ ਤੇਰੀ ਇਹ ਗ਼ਲਤੀ ਨਹੀ ਤੇਰੀ ਆਦਤ ਹੈ,
ਪੁੱਠਿਆਂ ਵੀ ਇਕ ਦਿਨ ਮਰਨਾ, ਜੱਗ ਤੇ ਕਿਸੇ ਨੇ ਰਹਿਣਾ ਨਹੀਂ।

پُٹھے راہ

مینوں پتہ ہے بندیاں والی گلّ توں کدے وی کرنی نہیں
ایہہ وی پتہ توں بندیاں وانگوں بندیاں دے وچ بہنا نہیں
ساری عمر توں آپنیاں دے نال نہ رل کے چل سکیا
ہر اک نال ورودھ کرن دا تیرا تاپ لہناں نہیں
تیرے سارے بھین بھراتا قومَ تیری ہے کیرنے پؤندے مویاں تے
توں سویاں نوں تکنا نہیں قاتل نوں دوشی کہناں نہیں
تیری مٹی وچوں مینوں میری خوشبو نہیں آندی مترا
وکھری ہے تیری دنیاں توں میرے انگ سنگ کدے رہناں ہی نہیں
اسیں تاں رل مل کے سارے دکھ سکھ ونڈدے ہاں بہہ کے
پر تیرے اوٹھ دے پدّ مچھک نوں کسے نوں سہناں پینا ہی نہیں
ورودھ کرن دی تیری ایہہ غلطی نہی تیری عادت ہے
پٹھیاں وی اک دن مرنا، جگ تے کسے نے رہناں نہیں

ਸੂਰਜ

ਸੂਰਜ ਦੇ ਸੇਕ ਨਾਲ ਹੀ ਤਾਂ ਸਾਰਾ ਜਨ ਜੀਵਨ ਚੱਲਦਾ ਹੈ,
ਪਰ ਜੇ ਤੂੰ ਸੂਰਜ ਫੜ੍ਹਨਾਂ ਚਾਹਿਆ ਤਾਂ ਤੇਰਾ ਹੱਥ ਸੜ ਜਾਵੇਗਾ।
ਮਿਟੀ ਦੇ ਨਾਲ ਮਿਟੀ ਹੋ ਕੇ ਜੋ ਜੱਗ ਦਾ ਢਿਡ ਭਰੇ ਕਿਰਸਾਨ,
ਮਿਟੀ ਦਾ ਪੁਤਲਾ ਮਿਟੀ ਖਾਤਰ ਕਿਸੇ ਨਾਲ ਵੀ ਲੜ ਜਾਵੇਗਾ।
ਪੋਹ ਦੇ ਕੱਕਰ, ਹਾੜ ਦੀ ਗ਼ਰਮੀਂ ਜਿਸਨੂੰ ਝੱਲਣੀ ਆਉਂਦੀ,
ਅੱਥਰੂ ਗੈਸ ਪਾਣੀ ਦੀ ਬਾਛੜ ਅੱਗੇ ਹਿਕ ਤਾਣ ਕੇ ਖੜ ਜਾਵੇਗਾ।
ਖੁੱਡਾਂ ਦੇ ਵਿਚ ਰਹਿੰਦੇ ਭਾਵੇਂ ਵੇਖਣ ਨੂੰ ਸੋਹਣੇਂ ਲਗਦੇ ਜੋ,
ਪਰ ਪਾਣੀਂ ਵੀ ਨਹੀਂ ਮੰਗਦਾ ਉਹ ਜਿਸਦੇ ਕੋਬਰਾ ਸੱਪ ਲੜ ਜਾਵੇਗਾ।
ਦੀਵੇ ਵੀ ਬਣਾਉਂਦੇ ਜੇਹੜੇ ਉਹ ਦੀਵੇ ਦਾ ਮੁੱਲ ਖੁਦ ਰੱਖਦੇ ਨੇ,
ਵਾਜਬ ਮੁੱਲ ਮੰਗਣ ਦੇ ਖਾਤਰ ਕਦੇ ਕਿਸਾਨ ਵੀ ਅੜ ਜਾਵੇਗਾ।
ਲੰਗਰ ਲਾਉਂਦੇ ਕੀਰਤਨ ਗਾਉਂਦੇ ਰੱਬ ਰੱਬ ਕਰਦੇ ਜੋ ਬੈਠੇ,
ਉਛਲਿਆ ਸਾਂਭ ਨਹੀਂ ਹੋਣਾਂ ਜਦ ਸਬਰ ਪਿਆਲਾ ਭਰ ਜਾਵੇਗਾ।
ਗਲਤ ਜਗ੍ਹਾ ਤੇ ਹੱਥ ਪਾ ਬੈਠੀ ਹਾਲੇ ਵੀ ਸੰਭਲ ਸਰਕਾਰੇ,
ਹਨ੍ਹੇਰੀ ਵਗੀ ਤੂਫਾਨ ਜੇ ਆਇਆ ਤਾਂ ਹਰ ਕਾਕੜਾ ਝੜ ਜਾਵੇਗਾ।
ਸੱਚ ਦੱਸਣ ਦਾ ਡਰ ਨਹੀਂ ਹੁੰਦਾ ਖਬਰਦਾਰ ਕਰਦਾ ਹਾਂ ਮੈਂ ਤਾਂ,
ਝੱਲ ਲਵਾਂਗੇ ਫਤਵਾ ਵੀ ਜੇਕਰ ਸੁੱਨਤ ਦੇ ਸਿਰ ਮੜ੍ਹ ਜਾਵੇਗਾ।

سورج

سورج دے سیک نال ہی تاں سارا جن جیون چلدا ہے،
پر جے توں سورج پھڑھناں چاہیا تاں تیرا ہتھ سڑ جاوے گا۔
مٹی دے نال مٹی ہو کے جو جگ دا ڈھڈ بھرے کرسان،
مٹی دا پتلا مٹی خاطر کسے نال وی لڑ جاوے گا
پوہ دے ککر، ہاڑ دی غرمیں جسنوں جھلنی آؤندی،
اتھرو گیس پانی دی باچھڑ اگے ہک تان کے کھڑ جاوے گا
کھڈاں دے وچ رہندے بھاویں ویکھن نوں سوہنیں لگدے جو،
پر پانیں وی نہیں منگدا اوہ جسدے کوبرا سپّ لڑ جاوے گا
دیوے وی بناؤندے جیہڑے اوہ دیوے دا ملّ خود رکھدے نیں
واجب ملّ منگن دے خاطر کدے کسان وی اڑ جاوے گا۔
لنگر لاؤندے کیرتن گاؤندے ربّ ربّ کردے جو بیٹھے،
اچھلیا سانبھ نہیں ہوناں جد صبر پیالہ بھر جاوے گا
غلط جگہ تے ہتھ پا بیٹھی حالے وی سنبھل سرکارے،
ہنھیری وگی طوفان جے آیا تاں ہر کاکڑا جھڑ جاوے گا
سچ دسن دا ڈر نہیں ہوندا خبردار کردا ہاں میں تاں،
جھلّ لواں گے فتویٰ وی جیکر سنڑ دے سر مڑھ جاوے گا۔

ਪੰਜਾਬੀ

ਕੱਲਾ ਕੱਲਾ ਪੰਜਾਬੀ ਹੈ ਸੈਂਕੜਿਆਂ ਤੇ ਹਾਵੀ ਪਰ
ਧਰਮ ਦਾ ਪਰਚਾ ਪੈ ਜਾਵੇ ਤਾਂ ਸੀਸ ਵੀ ਇਹ ਕਟਵਾ ਲੈਂਦੇ ਨੇ।
ਧਰਮ ਹਾਰਨਾਂ ਸਿਖਿਆ ਹੀ ਨਹੀਂ ਮਰ ਜਾਣਾਂ ਮਨਜ਼ੂਰ,
ਹੱਸਦੇ ਹੱਸਦੇ ਇਹ ਪੰਜਾਬੀ ਖੋਪਤੀਆਂ ਲਵਹਾ ਲੈਂਦੇ ਨੇ।
ਦਸਮ ਪਿਤਾ ਦੀ ਗੁੜ੍ਹਤੀ ਕਰਕੇ ਦੇਸ਼ ਭਗਤ ਹਨ ਸਾਰੇ ਪਰ
ਜੇ ਅੱਤਿ ਕਰੇ ਦੁਸ਼ਮਣ ਤਾਂ ਉਸਨੂੰ ਲੰਮਾਂ ਪਾ ਲੈਂਦੇ ਨੇ।
ਗਰੀਬ ਅਤੇ ਕਮਜ਼ੋਰ ਦੀ ਇਨਾਂਨੂੰ ਬਾਂਹ ਫੜਨੀ ਆਉਂਦੀ ਹੈ,
ਵੱਢੇ ਫੱਨੂੰਖਾਹਾਂ ਨੂੰ ਵੀ ਨਾਨੀ ਯਾਦ ਕਰਵਾ ਲੈਂਦੇ ਨੇ।
ਕਿਰਤ ਕਰਨ ਤੇ ਵੰਡ ਸ਼ਕਣ ਦੀ ਗੁਰਮੱਤ ਸਿਖੀ ਸਭਨੇ,
ਪਰ ਜੇ ਖੋਹਣ ਪਵੇ ਜੇ ਮੂਰਖ ਉਸਨੂੰ ਵੀ ਸਮਝਾ ਲੈਂਦੇ ਨੇ।
ਅੱਬਰੇ ਘੋੜੇ ਕਾਬੂ ਕਰਨੇ ਸੌਕ ਹੈ ਹਰ ਗ਼ੱਭਰੂ ਦਾ,
ਪੰਜਾਬ ਦੇ ਜੰਮੇ ਅੱਬਰਿਆਂ ਤੱਤਿਆਂ ਸਭ ਤੇ ਕਾਠੀ ਪਾ ਲੈਂਦੇ ਨੇ।
ਸਬਰ ਅਤੇ ਸੰਤੋਖ ਨਾਲ ਇਹ ਵਾਹੇਗੁਰੂ ਵਾਹੇਗੁਰੂ ਕਰਦੇ,
ਪਰ ਸਮਾਂ ਪੈਣਤੇ ਨਿਕੇ ਵੱਢੇ ਸਭਨੂੰ ਸ਼ੇਰ ਬਣਾ ਲੈਂਦੇ ਨੇ।
ਨਿਵੇਂ ਸੋ ਗਓਰਾ ਹੋਇ ਇਹ ਸਿਖਿਆ ਅਤੇ ਸਿਖਾਇਆ,
ਅੱਤਿ ਖੁਦਾ ਦਾ ਵੈਰ ਹੁੰਦਾ ਹੈ ਇਹ ਵੀ ਸਾਰੇ ਗਾ ਲੈਂਦੇ ਨੇ।

پنجابی

کلا کلا پنجابی ہے سینکڑیاں تے حاوی پر
دھرم دا پرچہ پے جاوے تاں سیس وی ایہہ کٹوا لیندے نیں
دھرم ہارناں سکھیا ہی نہیں مر جاناں منظور
ہسدے ہسدے ایہہ پنجابی کھوپڑیاں لوہا لیندے نیں
دسم پتا دی گڑھتی کرکے دیش بھگت ہن سارے پر
جے اتِ کرے دشمن تاں اسنوں لماں پا لیندے نیں
غریب اتے کمزور دی انانںوں بانہہ پھڑنی آؤندی ہے
وڈھے پھنے خاباں نوں وی نانی یاد کروا لیندے نیں
کرت کرن تے ونڈ شکن دی گرمتّ سکھی سبھنے
پر جے کھوہن پوے جے مورکھ اسنوں وی سمجھا لیندے نیں
اتھرے گھوڑے قابو کرنے شوق ہے ہر گبھرو دا،
پنجاب دے جمیں اتھریاں تتیاں سبھ تے کاٹھی پا لیندے نیں
صبر اتے سنتوکھ نال ایہہ واہیگرو واہیگرو کردے
پر سماں پینتے نکے وڈھے سبھنوں شیر بنا لیندے نیں
نویں سو گ؟؟را ہوئ ایہہ سکھیا اتے سکھایا،
اتِ خدا دا ویر ہندا ہے ایہہ وی سارے گا لیندے نیں

ਭਾਰਤ ਦੇਸ਼

ਜਨਮਭੂਮੀਂ ਧਰਮਾਂ ਦੀ ਸੁਣਿਆਂ ਸੀ ਭਾਰਤ, ਇਹ ਵੇਦਾਂ ਕਤੇਬਾਂ ਗ੍ਰੰਥਾਂ ਦੀ ਧਰਤੀ।
ਮਰਿਯਾਦਾ ਪਰਸ਼ੋਤਮ, ਅੱਲਾ ਰਹੀਮ ਇਹ ਰਿਸ਼ੀਆਂ ਮੁਨੀਆਂ ਤੇ ਸੰਤਾਂ ਦੀ ਧਰਤੀ।
ਇਹ ਬੁੱਧਾਂ, ਮਹਾਂਵੀਰਾਂ, ਸਾਧੂ ਫਕੀਰਾਂ, ਇਹ ਵਿਸ਼ਨੂੰ ਮਹੇਸ਼ਾਂ ਤੇ ਮਹੰਤਾਂ ਦੀ ਧਰਤੀ।
ਸਭ ਧਰਮੀਂ ਕਰਮੀਂ ਸਭੈ ਮਾਰਗ ਦਰਸ਼ਕ ਦੁਨੀਆਂ ਦੇ ਵਾਲੀ ਫਿਰ ਆਇਓ ਜ਼ਰਾ।
ਨਗਨ ਹੋਵੇ ਨਿਤ ਦਿਨ ਦਰੋਪਤ ਸਭਾਹ ਵਿਚ ਹੱਥ ਦੇ ਕੇ ਉਸਨੂੰ ਬਚਾਇਓ ਜ਼ਰਾ।
ਦਰਿਆਵਾਂ ਕੰਢੇ ਧਰਮ ਜਨਮੇਂ ਜਿਥੇ ਇਹ ਗੰਗਾ ਸਿੰਧ ਰਾਵੀ ਬਿਆਸ ਦੀ ਧਰਤੀ
ਇਹ ਸਤਿਯੁਗ ਤ੍ਰੇਤੇ ਦੁਆਪਰ ਤੇ ਕਲਯੁਗ ਚੌਹਾਂ ਯੁੱਗਾਂ ਦੇ ਵਿਸ਼ਵਾਸ ਦੀ ਧਰਤੀ।
ਧਰਮਯੁਧ ਮਹਾਂਭਾਰਤ ਹੋਇ ਜਿਸ ਥਾਂਹਤੇ ਇਹ ਰਾਮ ਦੇ ਕੱਟੇ ਬਨਵਾਸ ਦੀ ਧਰਤੀ।
ਰਾਵਣ ਦੁਰਯੋਧਨ ਅੰਨ੍ਹੇ ਧਰਿਤਰਾਸ਼ਟਰ ਬਹੁਤ ਰਾਜੇ ਬਣ ਗਇ ਹਟਾਇਓ ਜ਼ਰਾ।
ਹਰਣ ਹੋਵੇ ਸੀਤਾ ਬਿਨਾ ਨਾਗੇ ਹਰ ਦਿਨ, ਜੇ ਹੈ ਕਿਧਰੇ ਚੰਡੀ ਤਾਂ ਘਲਾਇਓ ਜ਼ਰਾ।
ਅਹਿੰਸਾ ਦੀਆਂ ਮਾਰਨ ਫੜ੍ਹਾਂ ਸਾਡੇ ਲੀਡਰ ਕਹਿੰਦੇ ਭਾਰਤ ਸਭ ਜ਼ਾਤਾਂ ਦੀ ਧਰਤੀ
ਜ਼ੁਲਮਾਂ ਦੀ ਅੱਤਿ ਨੂੰ ਖਤਮ ਕਰਨ ਖਾਤਰ, ਭਾਰਤ ਕਰਿਸ਼ਮੇਂ ਕਰਾਮਾਤਾਂ ਦੀ ਧਰਤੀ।
ਵਰਣ ਚਾਰ ਹੋਇ ਸਿਰਫ ਜਗਤ ਅੰਦਰ ਇਹ ਚੌਹਾਂ ਦੇ ਪਿਤਰਾਂ ਭਰਾਤਾਂ ਦੀ ਧਰਤੀ।
ਧਰਮ ਝਗੜਦੇ ਨੇ ਵਰਣ ਝਗੜਦੇ ਹਨ, ਇਹ ਜਾਤਾਂ ਦਾ ਝਗੜਾ ਮਿਟਾਇਓ ਜ਼ਰਾ।
ਜੋ ਧਰਤੀ ਵਿਚ ਧੱਕੇ ਦੁਰਯੋਧਨਾ ਨੂੰ ਭੀਮਸੈਨ ਇਕ ਵਾਰੀ ਫਿਰ ਲਿਆਇਓ ਜ਼ਰਾ।
ਕੁਝ ਨਹੀਂ ਜੇ ਕਰਨਾਂ ਤਾਂ ਛਾਤੀ ਨਾ ਠੋਕੋ, ਧਰਤੀ ਦੇ ਪੁੱਤ ਆਪੇ ਪਾਲੂ ਇਹ ਧਰਤੀ।
ਕਾਇਦੇ ਕਾਨੂੰਨਾਂ ਦਾ ਹੱਥ ਠੋਕਾ ਛੱਡੋ, ਤਕਦੀਰਾਂ ਖੁਦ ਹੀ ਬਣਾ ਲਊ ਇਹ ਧਰਤੀ।
ਉਹ ਕਾਹਦਾ ਰਾਜਾ ਜੋ ਮਾਂ ਵੇਚ ਦੇਵੇ, ਕਪੁੱਤਾਂ ਬਿਨਾਂ ਕੰਮ ਚਲਾ ਲਊ ਇਹ ਧਰਤੀ।
ਸਿਆਸਤ ਨਾਂ ਜਾਣੇ ਜੋ ਮਾਂ ਮਮਤਾ ਕੀ ਹੈ, ਕਾਲਜਾ ਮਾਂ ਦਾ ਉਸਨੂੰ ਦਿਖਾਇਓ ਜ਼ਰਾ।
ਪੁੱਤਾਂ ਦੀਆਂ ਲਾਛਾਂ ਮਾਂ ਤੋਂ ਚੁੱਕ ਨਾ ਹੋਵਣ, ਮਾਂ ਰੋਂਦੀ ਦੀਆਂ ਚੀਕਾਂ ਸੁਣਾਇਓ ਜ਼ਰਾ।

بھارت دیش

جنم بھومیں دھرماں دی سنیاں سی بھارت، ایہہ ویداں کتیباں گرنتھاں دی دھرتی
مریادا پرشوتم، اللہ رحیم ایہہ رشیاں منیاں تے سنتاں دی دھرتی
ایہہ بدھاں، مہاویراں، سادھو فقیراں، ایہہ وشنوں مہیشاں تے مہنتاں دی دھرتی۔
سبھ دھرمیں کرمیں سبے مارگ درشک دنیاں دے والی پھر آؤ ذرا
نگن ہووے نت دن درویت سبھاہ وچ ہتھ دے کے اسنوں بچاؤ ذرا
دریاواں کنڈھے دھرم جنمیں جتھے ایہہ گنگا سندھ راوی بیاس دی دھرتی
ایہہ ستیگ تریتے دواپر تے کلیگ چوہاں یگاں دے وشواس دی دھرتی
دھرم یدھ مہابھارت ہوئی جس تھاں تے ایہہ رام دے کٹے بنواس دی دھرتی
راون دریودھن انھے دھرتراشٹر بہت راجے بن گئی بتاؤ ذرا۔
ہرن ہووے سیتا بنا ناغے ہر دن، جے ہے کدھرے چنڈی تاں گھلاؤ ذرا۔
اہنسا دیاں مارن پھڑھاں ساڈے لیڈر کہندے بھارت سبھ ذاتاں دی دھرتی
ظلماں دی اتِ نوں ختم کرن خاطر، بھارت کرشمیں کراماتاں دی دھرتی
ورن چار ہوئی صرف جگت اندر ایہہ چوہاں دے پتراں بھراتاں دی دھرتی
دھرم جھگڑدے نے ورن جھگڑدے ہن، ایہہ جاتاں دا جھگڑا مٹاؤ ذرا۔
جو دھرتی وچ دھکے دریودھنا نوں بھیمسین اک واری پھر لیاؤ ذرا
کجھ نہیں جے کرناں تاں چھاتی نہ ٹھوکو، دھرتی دے پتّ آپے پالو ایہہ دھرتی
قاعدے قنوناں دا ہتھ ٹھوکا چھڈو، تقدیراں خود ہی بنا لؤ ایہہ دھرتی۔
اوہ کاہدا راجا جو ماں ویچ دیوے، کپتاں بناں کم چلا لؤ ایہہ دھرتی
سیاست ناں جانے جو ماں ممتا کی ہے، کالجا ماں دا اسنوں دکھاؤ ذرا
پتاں دیاں لاچھاں ماں توں چکّ نہ ہوون، ماں روندی دیاں چیکاں سناؤ ذرا



ਭਗਤ ਸਿੰਘ

ਤੇਰੀ ਸੋਚ ਨੂੰ ਸਜਦਾ ਭਗਤ ਸਿਹਾਂ, ਤੇਰੀ ਸੋਚ ਸੀ ਇਕ ਸ਼ਮਸ਼ੀਰ।
ਦਸਮ ਪਿਤਾ ਦੀ ਗੁੜ੍ਹਤੀ ਜਿਸ ਵਿਚ, ਤੇ ਵਿਚ ਨਾਨਕ ਦੀ ਤਾਸੀਰ।
ਨਾ ਅੱਜ ਨਾ ਤੈਨੂੰ ਜੀਂਦਿਆਂ ਜੀਅ, ਸਿਆਸਤ ਨੇ ਕਦੇ ਪਛਾਣਿਆਂ।
ਅੱਜ ਤੀਕ ਤਾਂ ਗਾਂਧੀਵਾਦੀਆਂ ਨੇ ਤੈਨੂੰ ਬੱਸ ਪੁਣਿਆਂ ਤੇ ਛਾਣਿਆਂ।
ਗਾਂਧੀਵਾਦ ਨਾਂ ਜਿਤਦਾ ਜੇ ਹੁੰਦੇ ਨਾ ਭਗਤ ਸਿੰਘ ਵਰਗੇ ਸਰਦਾਰ।
ਸ਼ਾਂਤੀ ਨਾਲ ਨਾ ਮਿਲੀ ਆਜ਼ਾਦੀ, ਨਾ ਹੋਇ ਅੰਗ੍ਰੇਜ਼ ਸਮੁੰਦਰੋਂ ਪਾਰ।
ਹੱਥਾਂ ਬਾਝੁ ਕਰਾਰਿਆਂ ਨਾਂ ਸੁੱਨਤਾ ਕਦੇ ਬਣਦੇ ਵੈਰੀ ਕਿਸੇ ਦੇ ਮਿਤ।
ਜੇ ਤੁਸੀਂ ਨਾ ਹੁੰਦੇ ਭਗਤ ਸਿਹਾਂ, ਤਾਂ ਕਦੇ ਵੀ ਅੰਗ੍ਰੇਜ਼ ਨਾ ਹੁੰਦੇ ਚਿਤ।
ਸਿਆਸਤ ਨੇ ਨਾਮਨਾਂ ਖੱਟਿਆ ਲੇਕਿਨ ਪਰ ਗਬੱਰੂ ਹੋਇ ਕੁਰਬਾਨ।
ਅੱਜ ਤੀਕਰ ਪਰ ਭਗਤ ਸਿੰਘ ਨੂੰ ਨਾ ਮਿਲਿਆ ਇਕ ਸ਼ਹੀਦੀ ਨਾਮ।
ਅੱਜ ਵੀ ਸਿਆਸਤ ਭਗਤ ਸਿੰਘਾਂ ਨੂੰ ਫਾਂਸੀਆਂ ਉੱਪਰ ਚਾੜ੍ਹ ਰਹੀ ਹੈ।
ਜਵਾਨੀ ਖੁਦ ਮਰਵਾਉਂਦੀ ਸਿਆਸਤ, ਸਿਆਸੀ ਫੁਲਕੇ ਰਾੜ੍ਹ ਰਹੀ ਹੈ।



بھگت سنگھ

تیری سوچ نوں سزدا بھگت سیہاں، تیری سوچ سی اک شمشیر
دسم پتا دی گڑھتی جس وچ، تے وچ نانک دی تاثیر
نہ اج نہ تینوں جیندیاں جی، سیاست نے کدے پچھانیا
اج تیک تاں گاندھیوادیاں نے تینوں بس پنیاں تے چھانیا
گاندھی واد ناں جتدا جے بندے نہ بھگت سنگھ ورگے سردار۔
شانتی نال نہ ملی آزادی، نہ ہوئ انگریز سمندروں پار
ہتھاں باجھ کراریاں ناں سُنڑا کدے بندے ویری کسے دے مت
جے تسیں نہ بندے بھگت سیہاں، تاں کدے وی انگریز ناں ہوندے چت
سیاست نے نامناں کھٹیا لیکن پر گبھرو ہوئے قربان
اج تیکر پر بھگت سنگھ نوں نہ ملیا اِک شہیدی نام
اج وی سیاست بھگت سنگھاں نوں پھانسیاں اپر چاڑھ رہی ہے
جوانی خود مرواؤندی سیاست، سیاسی پھلکے راڑھ رہی ہے

ਸੱਚ ਝੂਠ

ਸੱਚ ਤਾਂ ਇਕੋ ਇਕ ਹੈ ਸਚਮੁਚ, ਝੂਠ ਬਿਅੰਤ ਅਨੰਤ,
ਸਵੈਭੰਗ ਕਰਤਾਪੁਰਖ ਹੈ ਝੂਠ ਜਨਮਦੇ ਜੀਵ ਜੰਤ।
ਨ੍ਹੇਰਾ ਉਹ ਪਹਿਚਾਨਦਾ ਜਿਸਨੂ ਚਾਨਣ ਦਾ ਅਹਿਸਾਸ,
ਉਹੀ ਆਨੰਦਤ ਹੋਣਗੇ ਜਿਨ੍ਹਾਂ ਨੂੰ ਲੱਗੀ ਪਿਆਸ।
ਜਿਸਨੂੰ ਖੁਸ਼ੀ ਮਿਲੀ ਨਹੀਂ ਤਾਂ ਗ਼ਮ ਦੀ ਕੀ ਪਹਚਾਣ,
ਉਹ ਕੀ ਗ਼ਮ ਦਾ ਜਾਣਦਾ ਜੋ ਖੁਸ਼ੀ ਤੋਂ ਹੈ ਅਣਜਾਣ।
ਆਸਤਕ ਜਿਸਨੂੰ ਆਸ ਹੈ ਨਾਸਤਕ ਸਦਾ ਨਿਰਆਸ,
ਉਹ ਬੱਝਦਾ ਹੈ ਨਾਂਹ ਨਾਲ ਜਿਸਨੂੰ ਨਹੀਂ ਵਿਸ਼ਵਾਸ।
ਉਹ ਕਿਉਂ ਨਫਰਤ ਕਰੇਗਾ ਜੋ ਜਾਣੇ ਪ੍ਰੇਮ ਪਿਆਰ
ਪਰ ਘਿਰਣਾ ਅਤੇ ਪ੍ਰੇਮ ਪਿਆਰ ਸਭ ਕਰੀ ਫਿਰੇ ਸੰਸਾਰ।
ਅਰਥ ਵਿਅਰਥ ਦੇ ਫਰਕ ਨੂੰ ਜਾਣੇ ਸਭ ਸੰਸਾਰ,
ਸਾਂਭਣ ਵਸਤੂ ਕੰਮ ਦੀ ਵਿਅਰਥ ਨੂੰ ਸੁੱਟਣ ਬਾਹਰਵਾਰ।
ਨਰਕ ਹੈ ਤਾਂ ਸਵਰਗ ਵੀ ਬਣ ਸਕਦਾ ਹੈ ਸੰਸਾਰ,
ਘਿਰਣਾ ਛੱਡਕੇ ਲੋਕ ਸਭ ਕਰਨ ਲੱਗਣ ਜੇ ਪਿਆਰ।
ਸਨਿਆਸੀ ਜੋ ਰੁਕ ਗਿਆ ਭਗਤ ਨਾ ਛੱਡੇ ਆਸ,
ਰੁਕਿਆ ਨਹੀਂ ਪਰਾਪਤੀ ਤੁਰ ਖੁਦ ਤੇ ਕਰਕੇ ਵਿਸ਼ਵਾਸ।
ਜੋ ਜੰਮਿਆਂ ਉਹ ਮਰੇਗਾ ਜੀਵਨ ਬਿਨ ਨਹੀਂ ਮੌਤ,
ਤੇਲ ਮੁੱਕਣ ਨਾਲ ਦੀਪ ਦੀ ਬੁਝ ਜਾਵੇ ਹਰ ਇਕ ਜੋਤ।
ਚੜਦਾ ਹੈ ਤਾਂ ਡੁੱਬਦਾ ਹਰ ਸੂਰਜ ਦਿਨ ਤੇ ਰਾਤ,
ਚੜਨ ਬਿਨਾਂ ਜੋ ਡੁੱਬ ਸਕੇ ਇਹ ਕਿਸੇ ਦੀ ਨਹੀਂ ਉਕਾਤ।
ਕਦੇ ਤਰਨ ਬਿਨਾ ਨਾ ਡੁੱਬਦਾ ਡੁਬਦੇ ਤਾਰੂ ਲੋਕ,
ਡੁੱਬ ਜਾਣਾ ਜਿਨ ਡੁੱਬਣਾ ਉਸਨੂੰ ਕੋਇ ਨਾ ਸਕਦਾ ਰੋਕ।
ਗਿਆਨ ਹੈ ਜੇ ਅਗਿਆਨ ਹੈ ਬਿਨਾ ਵਝਾ ਨਾ ਕੋਇ,
ਅਗਿਆਨ ਮੇਟਣ ਵਾਸਤੇ ਗਿਆਨ ਪਰਾਪਤ ਹੋਇ।
ਨਾ ਹੁੰਦਾ ਇਤਹਾਸ ਜੇ ਤਾਂ ਨਾ ਹੁੰਦਾ ਕੋਇ ਅਤੀਤ,
ਬਣਦਾ ਨਾ ਜੇ ਕੁਝ ਵੀ ਤਾਂ ਕਿੰਝ ਸਕਦਾ ਸੀ ਉਹ ਬੀਤ।
ਸੰਵਾਦ ਦੀ ਕਿਸ ਨੂੰ ਲੋੜ ਸੀ ਜੇ ਨਾ ਹੁੰਦਾ ਕਿਤੇ ਵਿਵਾਦ,
ਇਕ ਦੂਜੇ ਕਾਰਣ ਬਣੇ ਕੌੜੇ ਮਿਠੇ ਸਭ ਸਵਾਦ।
ਅਸ਼ਾਂਤ ਨਾ ਮਿਟਦਾ ਸ਼ਾਂਤ ਬਿਨ ਦੋ ਪਾਸੇ ਸ਼ਾਂਤ ਅਸ਼
ਬੱਸ ਕਰ ਸੁੱਨੜਾ ਮੁੱਕਣੇ ਨਹੀਂ ਬਾਤਾਂ ਤੇ ਬਿਰਤਾਂਤ।

سچ جھوٹھ

سچ تاں اکو اک ہے سچ مچ، جھوٹھ ہے انت اننت
سوے بھنگ کرتاپرکھ ہے جھوٹھ جنمدے جیو جنت
نھیرا اوہ پہچاندا جسنو چانن دا احساس
اوہی آنندت ہون گے جیہناں نوں لگی پیاس
جسنوں خوشی ملی نہیں تاں غم دی کی پہچان
اوہ کیہ غم دا جاندا جو خوشی توں ہے انجان
آستک جسنوں آس ہے ناستک سدا نرآس
اوہ بجھدا ہے نانہہ نال جسنوں نہیں وشواش
اوہ کیوں نفرت کریگا جو جانے پریم پیار
پر گھرنا اتے پریم پیار سبھ کری پھرے سنسار
ارتھ وارتھ دے فرق نوں جانے سبھ سنسار
سانبھن وستو کم دی وارتھ نوں سٹن باہروار
نرک ہے تاں سورگ وی بن سکدا ہے سنسار
گھرنا چھڈکے لوک سبھ کرن لگن جے پیار
سنیاسی جو رک گیا بھگت نہ چھڈے آس
رکیاں نہیں پراپتی تر خود تے کرکے وشواش
جو جمیاں اوہ مرے گا جیون بن نہیں موت
تیل مکن نال دیپ دی بجھ جاوے ہر اک یوت
چڑھدا ہے تاں ڈبدا ہر سورج دن تے رات
چڑن بناں جو ڈبّ سکے ایہہ کسے دی نہیں اوقات
کدے ترن بنا نہ ڈبدا ڈبدے تارو لوک
ڈبّ جانا جن ڈبنا اسنوں کوئی نہ سکدا روک
گیان ہے جے اگیان ہے بنا وجھا نہ کوئی
اگیان میٹن واسطے گیان پراپت ہوئی
نہ ہوندا اتہاس جے تاں نہ ہوندا کوئی اتیت
بندا نہ جے کجھ وی تاں کنجھ سکدا سی اوہ بیت۔
سنواد دی کس نوں لوڑ سی جے نہ بندا کتے ووِاد
اک دوجے کارن بنے کوڑے مٹھے سبھ سواد
اشانت نہ مٹدا شانت بن دو پاسے شانت اشانت
بسّ کر سُنڑا مکنے نہیں باتاں تے برتانت

ਧਰਮ ਕਰਮ

ਧਰਮ ਕਦੇ ਕਿਰਿਆ ਨਹੀਂ ਹੁੰਦੀ, ਧਰਮ ਤਾਂ ਇਕ ਧਿਆਨ ਹੈ।
ਕਰਮ ਕਾਂਡ ਜੋ ਬੰਦਾ ਕਰਦਾ, ਉਹ ਸਭ ਬੰਦੇ ਦਾ ਵਿਗਿਆਨ ਹੈ।
ਚੰਗਾ ਨਾਮ ਕਮਾਉਣ ਵਾਸਤੇ ਹਰ ਇਕ ਬੰਦੇ ਦਾ ਜੀ ਕਰਦਾ ਹੈ।
ਉਹ ਹੀ ਹੈ ਪਹਿਚਾਣ ਬੰਦੇ ਦੀ, ਜੀਵਨ ਵਿਚ ਉਹ ਕੀ ਕਰਦਾ ਹੈ।
ਵੱਢੇ ਛੋਟੇ ਰੁਤਬੇ ਦਾ ਲੇਕਿਨ ਨਹੀਂ ਧਰਮ ਨਾਲ ਕੁਝ ਲੈਣਾ ਦੇਣਾ,
ਕਿਸ ਕੁਰਸੀ ਤੇ ਬੈਠਾ ਬੰਦਾ ਉਹ ਤਾਂ ਬੰਦੇ ਦਾ ਇਕ ਅਭਿਮਾਨ ਹੈ।
ਦੁਨੀਆਂ ਨੂੰ ਬੰਦਾ ਸਮਝਾਉਂਦਾ ਕਿ ਗ਼ਲਤ ਕੰਮ ਚੰਗਾ ਨਹੀਂ ਹੁੰਦਾ,
ਵਾਹ ਲੱਗੇ ਤਾਂ ਖ਼ੁਦ ਸਭ ਕੁਝ ਕਰਦਾ, ਹਰ ਬੰਦਾ ਇਕ ਸ਼ੈਤਾਨ ਹੈ।
ਬੰਦਾ ਧਰਮੀ ਬਣ ਬਣ ਬਹਿੰਦਾ, ਲੋਕੋਂ ਲੱਜੋਂ ਸਭ ਕੁਝ ਹੀ ਸਹਿੰਦਾ,
ਪੂਰੇ ਪੈਰ ਜਮਾਉਂਦਾ ਬੰਦਾ ਜਾਣਦਿਆਂ ਕਿ ਉਹ ਇਕ ਮਹਿਮਾਨ ਹੈ।

دھرم کرم

دھرم کدے کریا نہیں ہوندی، دھرم تاں اک دھیان ہے
کرم کانڈ جو بندہ کردا، اوہ سبھ بندے دا وگیان ہے
چنگا نام کماؤن واسطے ہر اک بندے دا جی کردا ہے
اوہ ہی ہے پہچان بندے دی، جیون وچ اوہ کیہ کردا ہے
وڈھے چھوٹے رتبے دا لیکن نہیں دھرم نال کجھ لیناں دینا
کس کرسی تے بیٹھا بندہ اوہ تاں بندے دا اک ابھیمان ہے
دنیا نوں بندہ سمجھاؤندا کہ غلط کم چنگا نہیں ہوندا
واہ لگے تاں خود سبھ کجھ کردا، ہر بندہ اک شیطان ہے
بندہ دھرمی بن بن بہندا، لوکوں لجوں سبھ کجھ ہی سہندا،
پورے پیر جماؤندا بندہ جاندیاں کہ اوہ اک مہمان ہے

ਭੁੱਖ

ਜੰਮਦਿਆਂ ਹੀ ਭੁੱਖ ਲੱਗਦੀ ਰੋਂਦੇ ਦੁਨੀਆਂ ਵਿਚ ਆਇਦਾ।
ਸਭ ਤੋਂ ਪਹਿਲੀ ਖੋਜ ਜੀਵ ਦੀ ਭੁੱਖ ਨੂੰ ਕਿਵੇਂ ਮਿਟਾਇਦਾ।
ਜੰਮਦਿਆਂ ਹੀ ਸੋਝੀ ਹੁੰਦੀ ਮਾਂ ਦਾ ਦੁੱਧ ਕੀਕਣ ਲੱਭਣਾ ਹੈ,
ਕਿਸੇ ਕੋਲੋਂ ਨਹੀਂ ਸਿਖਣਾਂ ਪੈਂਦਾ ਭੋਜਨ ਕਿਸ ਵਿਧ ਖਾਇਦਾ।
ਹਰ ਕੋਇ ਭੋਜਨ ਛਕ ਲੈਂਦਾ ਹੈ ਬਹੁਤਾ ਸਮਾਂ ਨਹੀਂ ਲਗਦਾ,
ਛਕਣ ਤੋਂ ਵੱਧ ਸਮਾਂ ਲਗਦਾ ਹੈ ਭੋਜਨ ਨੂੰ ਜਦੋਂ ਬਣਾਇਦਾ।
ਜਿਸਦੇ ਘਰ ਵਿਚ ਹੈ ਸਮੱਘਰੀ ਖਾਅ ਪਕਾਅ ਲੈਂਦੇ ਨੇ ਸਾਰੇ,
ਲੇਕਿਨ ਬਹੁਤ ਸਮਾਂ ਲਗਦਾ ਹੈ ਭੋਜਨ ਨੂੰ ਜਦੋਂ ਕਮਾਇਦਾ।
ਮੇਹਨਤ ਦੇ ਪੈਸੇ ਨਾਲ ਲੋਕੀਂ ਦਾਣਾ ਪਾਣੀਂ ਲੈ ਆਉਂਦੇ ਨੇ,
ਲੇਕਿਨ ਕਿਰਸਾਣ ਹੀ ਜਾਣੇ ਫਸਲਾਂ ਨੂੰ ਕਿਵੇਂ ਉਗਾਇਦਾ।
ਵਾਹ ਸੰਵਾਰ ਕੇ ਖੇਤ ਨੂੰ ਸੁੱਨੜਾ ਵੱਤਰ ਸਿਰ ਬੀਅ ਪਾਇਦਾ।
ਫਸਲਾਂ ਨੂੰ ਕਿੰਝ ਗੋਡਣਾਂ ਸਿੰਜਣਾਂ ਝੱਟ ਨਹੀਂ ਸਿਖ ਜਾਇਦਾ।
ਕਰੁੱਤਾ ਬੀਜ ਬੀਜੇ ਨਾ ਜਨਮੇਂ ਰੁੱਤ ਰੁੱਤ ਦਾ ਬੀਅ ਪਾਇਦਾ।
ਬੀਜਣਾ ਵੱਢਣਾ ਗਾਹੁਣਾ ਤਾਂ ਸਮੇਂ ਨਾਲ ਜਾਣੇ ਕਿਰਸਾਣ,
ਹਰ ਦਿਨ ਦੋ ਤਿੰਨ ਵਾਰ ਭੋਜਨ ਸਾਰੀ ਉਮਰ ਹੀ ਖਾਇਦਾ।
ਭੁੱਖ ਦੇ ਦੁੱਖ ਰੋਂਦੇ ਨੇ ਸਾਰੇ ਭੁੱਖ ਜਰਨੀ ਬਹੁਤ ਮੁਛਕਿਲ ਹੈ,
ਰੋਂਦਿਆਂ ਜੱਗ ਵਿਚ ਆਇ ਸਾਰੇ ਰੋਂਦਾ ਜੱਗ ਛੱਡ ਜਾਇਦਾ।

بُھکھ

جمدیاں ہی بھکھ لگدی روندے دنیا وچ آئیدا۔
سبھ توں پہلی کھوج جیو دی بھکھ نوں کویں مٹائیدا۔
جمدیاں ہی سوجھی ہوندی ماں دا دودھ کیکن لبھنا ہے،
کسے کولوں نہیں سکھناں پیندا بھوجن کس ودھ کھائیدا
ہر کوئی بھوجن چھک لیندا ہے بہتا سماں نہیں لگدا
چھکن توں ودھ سماں لگدا ہے بھوجن نوں جدوں بنائیدا
جسدے گھر وچ ہے سمگھری کھاء پکاء لیندے نیں سارے
لیکن بہت سماں لگدا ہے بھوجن نوں جدوں کمائیدا
محنت دے پیسے نال لوکیں دانہ پانیں لے آؤندے نیں
لیکن کرسان ہی جانے فصلاں نوں کویں اگائیدا
واہ سنوار کے کھیت نوں ستڑا وتر سر ہی پائیدا
فصلاں نوں کنج گوڈناں سنجناں جھتّ نہیں سکھ جائیدا
کرتا بیج بیجے نہ جنسے رتّ رتّ دا ہی پائیدا
بیجنا وڈھنا گاہنا تاں سمیں نال جانے کرسان
ہر دن دو تنّ وار بھوجن ساری عمر ہی کھائیدا۔
بھکھ دے دکھ روندے نیں سارے بھکھ جرنی بہت مچھکل ہے،
روندیاں جگّ وچ آئے سارے روندا جگّ چھڈّ جائیدا

ਜੱਗ ਵਿਰੋਧੀ

ਜਦ ਚਾਰਚੁਫੇਰਾ ਰੋਂਦਾ ਹੈ ਤਾਂ ਅੱਖ ਭਰ ਆਉਂਦੀ ਮੇਰੀ ਵੀ,
ਰੋਣ ਵਾਲੇ ਸਭ ਦੋਸ਼ੀ ਨੇ ਸਿਰ ਫਿਰਿਆ ਹੀ ਕਹਿ ਸਕਦਾ।
ਉਹ ਹੀ ਦਰਦ ਵੰਡਾ ਸਕਦਾ ਜਿਸ ਦਿਲ ਵਿਚ ਹਮਦਰਦੀ ਹੈ,
ਜੋ ਜੱਜ ਬਣ ਬਣ ਕੇ ਬਹਿੰਦਾ ਉਹ ਸਭ ਨੂੰ ਦੋਸ਼ੀ ਕਹਿ ਸਕਦਾ।
ਖਾਹ ਮਖਾਹ ਦੀ ਟੀਕਾ ਟਿਪਣੀ ਕਰਨ ਦੀ ਆਦਤ ਹੈ ਜਿਸਦੀ,
ਉਸਨੂੰ ਜੱਗ ਵਿਰੋਧੀ ਬੋਲਣਾ, ਇਕ ਦਿਨ ਮਹਿੰਗਾ ਪੈ ਸਕਦਾ।
ਜੋ ਸਭ ਨੂੰ ਸਸਤੇ ਕਹਿੰਦਾ ਹੈ ਉਸਦੀ ਵੀ ਕੀਮਤ ਨਹੀਂ ਹੁੰਦੀ,
ਖਰਦਿਮਾਗ ਉਹ ਭੜੂਆ ਚੁੱਪ ਕਰਕੇ ਕਿਉਂ ਨਹੀਂ ਬਹਿ ਸਕਦਾ।
ਜਿਸ ਦੁਨੀਆਂ ਵਿਚ ਰਹਿੰਦੇ ਹੋ ਉਸ ਵਿਚ ਹੀ ਜੀਣਾ ਪੈਣਾ ਹੈ,
ਜੱਗ ਵਿਰੋਧੀ ਜੋ ਬਣਦਾ ਉਹ ਦੁਨੀਆਂ ਵਿਚ ਕਿੰਝ ਰਹਿ ਸਕਦਾ।
ਸਾਰੇ ਦੇਸ਼ ਦੇ ਲੋਕ ਹਿਤ ਨਾਲ ਜਿਸਦੀ ਸਾਂਝ ਭਿਆਲੀ ਨਹੀਂ,
ਹੋਰ ਤਾਂ ਉਸਨੇ ਕੀ ਕਰ ਸਕਣਾ ਸੁੱਨਤ ਨਾਲ ਪੰਗੇ ਲੈ ਸਕਦਾ।

جگ ورودھی

جد چارچپھیرا روندا ہے تاں اکھ بھر آؤندی میری وی
رون والے سبھ دوشی نے سر پھریا ہی کہہ سکدا
اوہ ہی درد ونڈا سکدا جس دل وچ ہمدردی ہے
جو جج بن بن کے بہندا اوہ سبھ نوں دوشی کہہ سکدا
خواہ مخواہ دی ٹیکا ٹپنی کرن دی عادت ہے جسدی
اسنوں جگ ورودھی بولنا، اک دن مہنگا پے سکدا
جو سبھ نوں سستے کہندا ہے اسدی وی قیمت نہیں ہوندی
خردماغ اوہ بھڑوآ چپ کرکے کیوں نہیں بہہ سکدا
جس دنیاں وچ رہندے ہو اس وچ ہی جیناں پینا ہے
جگ ورودھی جو بندا اوہ دنیاں وچ کنج رہ سکدا
سارے دیش دے لوک ہت نال جسدی سانجھ بھیالی نہیں
ہور تاں اُس نے کیہ کر سکنا سُنڑ نال پنگے لے سکدا

ਇਕੋ ਇਕ

ਇਕ ਹੈ ਸੀ, ਇਕ ਹਰ ਪਲ ਵਰਤੇ, ਸਦਾ ਸਦਾ ਇਕ ਇਕਓਂਕਾਰ।
ਸਹਿਜ ਸਮਾਧੀ ਸੁੰਨ ਸਾਨ ਸਭ ਸਿਰਫ ਇਕੋ ਇਕ ਪਰਵਦਗਾਰ।
ਹੁਕਮ ਅੰਦਰ ਸਭ ਕਰੇ ਕਰਾਇ, ਕਰਤਾ ਕਰਮ ਕਰਣ ਕਰਤਾਰ।
ਪਵਣ ਪਾਣੀ ਬੈਸੰਤਰ ਨਹੀਂ ਸੀ, ਧਰਮੀਂ ਧਵਲ ਨਾਂ ਧਰਤੀ ਭਾਰ।
ਬ੍ਰਹਮਾਂ ਵਿਸ਼ਨ ਮਹੇਸ਼ ਨਾ ਕੋਇ, ਸਿਰਫ ਸਵੈਭੰਗ ਨਿਰਅੰਗਕਾਰ।
ਨਾ ਅੰਡਜ਼ ਨਾ ਜੇਰਜ਼ ਉਤਭਜ ਨਾ ਸੇਤਜ਼ ਨਾ ਪਰਗਟ ਅਵਤਾਰ।
ਆਉਣ ਜਾਣ ਵਾਲਾ ਨਾ ਕੋਇ, ਨਾ ਕੋਇ ਖਣਜ ਨਾਂ ਮੰਡਲ ਸਾਰ।
ਨਾ ਸ਼ਕਤੀ ਨਾ ਵਿਅਕਤੀ ਕੋਇ, ਨਾ ਕੋਇ ਬੋਲੀ ਨਾ ਬੋਲਣਹਾਰ।
ਨਾ ਕੋਇ ਦਿਸ਼ਾ ਦਸੰਤਰ ਕਿਧਰੇ, ਨਾ ਕਇ ਅੰਤ ਆਰ ਨਾ ਪਾਰ।
ਨਾ ਕੋਇ ਯੋਗੀ ਨਾ ਸਨਿਆਸੀ, ਨਾ ਹੀ ਸ੍ਰਸ਼ਿਟੀ ਨਾ ਹੀ ਸੰਸਾਰ।
ਇਕ ਦੇ ਤੇਜ ਤਪਸ਼ ਦੇ ਕਰਕੇ, ਹਵਾ ਪਾਣੀਂ ਧਰਤੀ ਤੇ ਆਕਾਰ।
ਸਾਜ ਸਮੱਘਰੀ ਕੁਦਰਤ ਸਾਜੀ, ਖੰਡ ਬ੍ਰਹਿਮੰਡ ਅਪਰ ਆਪਾਰ।
ਜੀਵ ਜੰਤ ਨੂੰ ਜੀਵਨ ਮਿਲਿਆ, ਜਲ ਥਲ ਤੇ ਆਕਾਸ਼ ਆਧਾਰ।
ਪਾਣੀ ਨਾਲ ਬਨਸਪਤ ਉਪਜੀ, ਪੱਤੇ ਫੁੱਲ ਫਲ ਬੀਜ ਤਿਆਰ।
ਜਲ ਜੀਵਨ ਥਲ ਜੀਵਨ ਵੱਖ ਵੱਖ, ਪਰਿੰਦੇ ਉਡੇ ਉਡਾਰੀ ਮਾਰ।
ਜੰਗਲ ਬੇਲੇ ਤੇ ਬਣ ਦੇ ਵਾਸੀ, ਆਪੋ ਆਪਣਾ ਕਰਨ ਵਿਕਾਰ।
ਬੰਦਾ ਵੀ ਪਹਿਲਾਂ ਬਣਵਾਸੀ, ਹਾਥੀਆਂ ਘੋੜਿਆਂ ਤੇ ਅਸਵਾਰ।
ਸਿਖਦਾ ਸਿਖਦਾ ਸਿਖ ਗਿਆ, ਸਭ ਕੁਝ ਕਰਨਾ ਵਣਜ ਵਪਾਰ।
ਸ਼ਬਦਾਂ ਦੀ ਸ਼ਕਤੀ ਨਾਲ ਬੰਦਾ, ਸਭਨਾ ਜੀਵਾਂ ਦਾ ਹੈ ਸਰਦਾਰ।
ਸਭ ਜੀਵਾਂ ਤੋਂ ਵੱਧ ਕਰ ਸਕਦਾ, ਕੁੱਲ ਸੰਸਾਰ ਨੂੰ ਪ੍ਰੇਮ ਪਿਆਰ।
ਉਡਦੇ ਨੂੰ ਉਡਦਾ ਮਿਲ ਸਕਦਾ, ਜਲ ਥਲ ਵਾਸੀ ਵੱਖਰੇ ਯਾਰ।
ਇਕ ਦੇ ਹੁਕਮ ਚ ਸਾਰੀ ਸ੍ਰਸ਼ਿਟੀ, ਇਕ ਕਰਤਾ ਇਕੋ ਕਰਤਾਰ।
ਹਰ ਇਕ ਜੀਵ ਇਕੋ ਦੀ ਕ੍ਰਿਪਾ, ਇਕੋ ਕਰਨ ਕਰਾਵਨਹਾਰ।

اِکو اِک

اِک ہے سی، اک ہر پل ورتے، سدا سدا اک اوَنکار
سہج سمادھی سنّ سان سبھ صرف اکو اک پرودگار
حکم اندر سبھ کرے کرائی، کرتا کرم کرن کرتار
پون پانی بیسنتر نہیں سی، دھرمیں دھول ناں دھرتی بھار
برہماں وشن مہیش نہ کوئی، صرف سوے بھنگ نرنککار
نہ انڈج نہ جیرز اتبھج نہ سیتز نہ پرگٹ اوتار
آؤن جان والا نہ کوئی، نہ کوئی کھنج ناں منڈل سار
نہ شکتی نہ ویکتی کوئی، نہ کوئی بولی نہ بولن ہار
نہ کوئی دشا دسنتر کدھرے، نہ کئی انت آر نہ پار
نہ کوئی یوگی نہ سنیاسی، نہ ہی سرشٹی نہ ہی سنسار
اک دے تیز تپش دے کرکے، ہوا پانیں دھرتی تے آکار
ساج سمگھری قدرت ساجی، کھنڈ برہمنڈ اپر اپار
جیو جنت نوں جیون ملیا، جل تھل تے آکاش آدھار
پانی نال بنسپت اپجی، پتے پھلّ پھل بیج تیار
جل جیون تھل جیون وکھ وکھ، پرندے ڈے اڈاری مار
جنگل بیلے تے بن دے واسی، آپو اپنا کرن وکار
بندہ وی پہلاں بنواسی، ہاتھیاں گھوڑیاں تے اسوار
سِکھدا سِکھدا سِکھ گیا، سبھ کجھ کرنا ونج وپار
شبداں دی شکتی نال بندہ، سبھنا جیواں دا ہے سردار
سبھ جیواں توں ودھ کر سکدا، کلّ سنسار نوں پریم پیار
اڈدے نوں اڈدا مل سکدا، جل تھل واسی وکھرے یار
اک دے حکم چ ساری سرشٹی، اک کرتا اکو کرتار۔
ہر اِک جیو اِکو دی کرپا، اکو کرن کراون ہار

ਖੁੱਲ ਕੇ ਹਾਲ ਸੁਣਾ ਸੱਜਣਾਂ

ਜੋ ਆਸਮਾਨ ਤੇ ਸੂਰਜ ਹੈ ਉਹ ਤੇਰਾ ਵੀ ਹੈ ਮੇਰਾ ਵੀ,
ਪੂਰੇ ਹੱਕ ਨਾਲ ਗਰਮ ਰੁੱਤ ਨੂੰ ਮੌਜਾਂ ਨਾਲ ਹੰਢਾਅ ਸਜਣਾ।
ਸੁਪਨਾਂ ਨਹੀਂ ਇਹ ਸੱਚ ਹੈ ਇਹ ਪਲ ਤੇਰਾ ਵੀ ਹੈ ਮੇਰਾ ਵੀ,
ਆ ਸੰਗਣ ਦੀ ਲੋੜ ਨਹੀਂ ਖੁਸ਼ ਹੋ ਕੇ ਅਪਣਾ ਸੱਜਣਾਂ।
ਰੀਝਾਂ ਨੂੰ ਪਿੰਜਰੇ ਵਿਚ ਪਾ ਕੇ ਕੁਝ ਵੀ ਨਹੀਂ ਮਿਲਣਾਂ ਤੈਨੂੰ,
ਉੱਡ ਜਿੰਨਾਂ ਉੱਚਾ ਉਡ ਸਕਦੈਂ ਤੂੰ ਨਾਂ ਸੰਗੀ ਜਾਹ ਸਜਣਾਂ।
ਸੱਚ ਹੈ ਸੂਰਜ ਡੁੱਬਦਾ ਹੈ ਪਰ ਸੂਰਜ ਚੜ੍ਹਦਾ ਵੀ ਤਾਂ ਹੈ
ਫੁੱਲਾਂ ਵਾਂਗਰ ਖਿੜਿਆ ਕਰ ਨਾ ਬਿਨਾ ਵਜ੍ਹਾ ਮੁਰਝਾ ਸਜਣਾ।
ਦਿਲ ਵਿਚ ਚਾਅ ਪੈਦਾ ਹੋਣੇ ਇਕ ਕੁਦਰਤੀ ਕਿਰਿਆ ਹੈ,
ਇਸ ਦੁਨੀਆਂ ਦੇ ਲੋਕੋਂ ਲੱਜੋਂ ਨਾਂ ਚਾਵਾਂ ਨੂੰ ਝਟਕਾ ਸੱਜਣਾ।
ਹਰ ਦਿਲ ਦੇ ਵਿਚ ਤਰੰਨਮ ਹੈ ਸਭ ਕਾਇਨਾਤ ਸੰਗੀਤ ਭਰੀ,
ਜੋ ਤੇਰੇ ਅੰਦਰ ਗੀਤ ਗਜ਼ਲ ਤੂੰ ਉੱਚੀ ਉੱਚੀ ਗਾ ਸੱਜਣਾ।
ਅੰਦਰੇ ਅੰਦਰ ਘੁਟ ਘੁਟ ਕੇ ਦਰਦ ਛੁਪਾ ਕੇ ਕੀ ਲੈਣਾਂ,
ਓਇ ਛੱਡ ਪਰੇ ਨਾ ਜਕਿਆ ਕਰ ਖੁੱਲ ਕੇ ਹਾਲ ਸੁਣਾ ਸੱਜਣਾਂ।
ਹੱਸਦਿਆ ਨਾਲ ਦੁਨੀਆਂ ਹੱਸਦੀ ਹੈ ਰੋਣਾਂ ਕੱਲਿਆਂ ਪੈਂਦਾ ਹੈ,
ਆ ਖੁਸ਼ ਹੋ ਕੇ ਦੱਸ ਜ਼ਰਾ ਤੇ ਸਾਨੂੰ ਨਾਲ ਹਸਾ ਸੱਜਣਾਂ।

کُھل کے حال سُنا سجنا

جو آسمان تے سورج ہے اوہ تیرا وی ہے میرا وی
پورے حق نال غرم رتّ نوں موجاں نال ہنڈھاء سجنا
سپناں نہیں ایہہ سچ ہے ایہہ پل تیرا وی ہے میرا وی،
آ سنگن دی لوڑ نہیں خوش ہو کے اپنا سجنا
ریجھاں نوں پنجرے وچ پا کے کجھ وی نہیں ملناں تینوں
اڈّ جناں اچا اڈ سکدیں توں ناں سنگی جاہ سجناں
سچ ہے سورز ڈبدا ہے پر سورز چڑھدا وی تاں ہے
پھلاں وانگر کھڑیا کر نہ بنا وجہ مرجھا سجنا
دل وچ چاء پیدا ہونے اک قدرتی کریا ہے،
اس دنیا دے لوکو لجوں ناں چاواں نوں جھٹکا سجنا
ہر دل دے وچ ترنم ہے سبھ کائنات سنگیت بھری
جو تیرے اندر گیت غزل توں اُچی اُچی گا سجنا
اندرے اندر گھٹ گھٹ کے درد چھپا کے کی لیناں،
اوئے چھڈّ پرے نہ جکیا کر کھل کے حال سنا سجنا
ہسدیا نال دنیا ہسدی ہے روناں کلیاں پیندا ہے
آ خوش ہو کے دسّ ذرا تے سانوں نال ہسّا سجنا

ਰਾਮ ਰਸ

ਦੁਨੀਆਂ ਵਿਚ ਛਾਇਦ ਕੋਇ ਨਹੀਂ ਜਿਸ ਰਾਮ ਰਸ ਪੀਣਾਂ ਨਹੀਂ ਚਾਹਿਆ।
ਰਾਮ ਰਸ ਤਾਂ ਵਰਸ ਰਿਹਾ ਪਰ ਵਿਰਲੇ ਵਿਰਲੇ ਨੂੰ ਹੀ ਨਜ਼ਰੀਂ ਆਇਆ।
ਜੋ ਬੀਤ ਗਿਆ ਸੋ ਬੀਤ ਗਿਆ, ਮਰ ਮੁੱਕਿਆਂ ਨੇ ਵਾਪਿਸ ਨਹੀਂ ਆਉਣਾਂ,
ਜੇਹੜਾ ਵਾਪਿਸ ਆ ਨਹੀਂ ਸਕਦਾ, ਦੱਸੋ ਫਿਰ ਉਸਨੂੰ ਕੀਕਣ ਧਿਆਉਣਾਂ।
ਮਨ ਤਾਂ ਹਰ ਇਨਸਾਨ ਦਾ ਜੋ ਨਹੀਂ ਬਣ ਸਕਿਆ ਉਹ ਬਣਨਾਂ ਚਾਹਵੇ।
ਜੋ ਘਤਿਆ ਭੰਨਿਆਂ ਜਾ ਚੁੱਕਿਆ, ਭਲਾ ਉਹ ਕਾਹਤੋਂ ਕੋਇ ਬਣਨਾਂ ਚਾਹੇ।
ਜੀਵਤ ਮਨ ਵਿਚ ਫੁਰਨੇ ਫੁਰਦੇ, ਹਰ ਮਨ ਭਵਿਖ ਖਾਤਰ ਵਿਉਂਤ ਬਣਾਵੇ।
ਸੁਪਨੇ ਵਿਚ ਕਿਤੇ ਮਰਿਆ ਦਿਸੇ ਤਾਂ ਡਰਕੇ ਤੇ ਤ੍ਰਭਕ ਕੇ ਨੀਂਦ ਖੁੱਲ ਜਾਵੇ।
ਕਬਰਾਂ ਪੁੱਟਣ ਦਾ ਕੀ ਫਇਦਾ, ਤੇ ਅਗਾਂਹ ਕੀ ਹੋਣਾਂ ਭਲਾ ਕੇਹੜਾ ਜਾਣੇ।
ਅਗਲਾ ਸਾਹ ਆਵੇ ਨਾਂ ਆਵੇ, ਸਭਨੇ ਸਚ ਸੁਣਿਆਂ ਜੋ ਕਹਿਣ ਸਿਆਣੇ।
ਤਾਂ ਫਿਰ ਜੋ ਅੱਜ ਬੀਤ ਰਿਹਾ ਹੈ, ਇਸ ਅੱਜ ਨੂੰ ਕਿਉਂ ਨਾਂ ਜਿਊਣਾਂ ਸਿਖੀਇ।
ਪੂਰਣ ਵਿਸ਼ਵਾਸ਼ ਰਾਮ ਤੇ ਕਰਕੇ, ਕਿਉਂ ਨਾਂ ਰੱਬ ਵਰਗੇ ਸਭ ਹੀ ਦਿਖੀਇ।
ਰਾਮ ਰਸ ਦੀ ਅੰਮ੍ਰਤਧਾਰਾ ਸਤਿਨਾਮ ਹਰ ਪਲ ਹਰ ਥਾਂਹ ਵਰਸ ਰਹੀ ਹੈ।
ਕਰਤਾ ਕਰਮ ਕਰਣ ਸਭ ਰਾਮ ਹੈ ਜਿਸ ਰਾਮ ਨੂੰ ਦੁਨੀਆਂ ਤਰਸ ਰਹੀ ਹੈ।
ਰਾਮ ਰਸ ਕੋਇ ਵਿਅਕਤੀ ਨਹੀਂ ਹੈ, ਵਿਅਕਤੀ ਦਾ ਰਸ ਤਾਂ ਰੱਤ ਹੁੰਦੀ ਹੈ।
ਰਾਮ ਜੇ ਦਸ਼ਰਥ ਦਾ ਪੁੱਤਰ ਹੈ ਤਾ ਸੁੱਨਤਾ ਮਰਕੇ ਰਾਮ ਦੀ ਗਤਿ ਹੁੰਦੀ ਹੈ।

رام رس

دنیا وچ شائد کوئی نہیں جس رام رس پیناں نہیں چاہیا
رام رس تاں ورس ریا پر ورلے ورلے نوں ہی نظریں آیا
جو بیت گیا سو بیت گیا، مر مکیاں نے واپس نہیں آؤناں
جیہڑا واپس آ نہیں سکدا، دسو پھر اسنوں کیکن دھیاؤناں
من تاں ہر انسان دا جو نہیں بن سکیا اوہ بننا چاہوے
جو گھڑیا بھنیاں جا چکیا، بھلا اوہ کاہتوں کوئی بننا چاہے
جیوتّ من وچ پھرتے پھردے، ہر من بھوکھ خاطر ویونت بناوے
سپنے وچ کتے مریا دسے تاں ڈرکے تے تربھک کے نیند کھل جاوے
قبراں پٹن دا کیہ فیدا، تے اگانہہ کیہ ہوناں بھلا کیہڑا جانے
اگلا ساہ آوے ناں آوے، سبھنے سچ سنیاں جو کہن سیانے
تاں پھر جو اج بیت ریا ہے، اس اج نوں کیوں ناں جیونا سکھیئے
پورن وشواش رام تے کرکے، کیوں ناں ربّ ورگے سبھ ہی دکھیے
رام رس دی امرت دھارا ستنام ہر پل ہر تھانہ ورس ریی ہے
کرتا کرم کرن سبھ رام ہے جس رام نوں دنیا ترس ریی ہے
رام رس کوئی ویکتی نہیں ہے، ویکتی دا رس تاں رتّ ہندی ہے
رام جے دشرتھ دا پتر ہے تا سُنڑا مرکے رام دی گتِ ہوندی ہے

ਸਿਤਾਰ

ਸਾਡੇ ਚੋਗੇ ਦੀ ਭੁੱਖ ਨਹੀਂ ਰਹੀ ਤੈਨੂੰ ਸਾਡੇ ਵੱਲ ਤਾਹੀਓਂ ਤੇਰੀ ਪਰਵਾਜ਼ ਨਹੀਂ।
ਅਹਿਮੀਅਤ ਹੀ ਨਹੀਂ ਰਹੀ ਸਾਡੀ ਤੈਨੂੰ, ਇਸ ਕਰਕੇ ਤੂੰ ਸਾਡੇ ਨਾ ਨਾਰਾਜ਼ ਨਹੀਂ।
ਤੇਰੀ ਵੱਡਿਆਂ ਲੋਕਾਂ ਵਿਚ ਉਠਣੀਂ ਬਹਿਣੀ, ਤਾਹੀਓਂ ਸਾਡੇ ਉਪਰ ਤੈਨੂੰ ਨਾਜ਼ ਨਹੀਂ।
ਮੈਂ ਤਾਂ ਅਜੇ ਵੀ ਗੀਤ ਪ੍ਰੇਮ ਦੇ ਗਾਉਂਦਾ ਹਾਂ,ਪਰ ਤੈਨੂੰ ਮੇਰੀ ਸੁਣਦੀ ਆਵਾਜ਼ ਨਹੀਂ।
ਮੇਰੇ ਵੱਸ ਨਹੀਂ ਹੈ ਉੱਚੇ ਉਡ ਸਕਣਾ, ਤੈਨੂੰ ਛੂਹ ਨਹੀਂ ਸਕਦਾ ਮੈਂ ਤਾਂ ਬਾਜ਼ ਨਹੀਂ।
ਦਿਲ ਖਾਖਾਕੇ ਵੀ ਦਿਲ ਭਰ ਜਾਂਦਾ, ਛਿਕਰੇ ਦੀ ਅਸਲੀਅਤ ਹੈ ਇਹ ਰਾਜ਼ ਨਹੀਂ।
ਲੈਣਾ ਦੇਣਾ ਤੇਰਾ ਮੇਰਾ ਚਲਦਾ ਸੀ, ਅਸਲ ਦੀ ਆਸ ਸਿਗੀ ਸਾਨੂੰ ਵਿਆਜ਼ ਨਹੀਂ।
ਕਦੇ ਸਿਤਾਰ ਛੇੜਣ ਦੇ ਬਿਨ ਨਾਂ ਬੋਲੇ, ਬਿਨਾ ਛੇੜਿਆਂ ਬੋਲਣ ਵਾਲਾ ਸਾਜ਼ ਨਹੀਂ।

ستار

ساڈے چوغے دی بھکھ نہیں رہی تینوں ساڈے ولّ تاہیؤں تیری پرواز نہیں
اہمیت ہی نہیں رہی ساڈی تینوں، اس کرکے توں ساڈے نہ ناراض نہیں
تیری وڈیاں لوکاں وچ اٹھنیں بہنی، تاہی؟؟ں ساڈے اپر تینوں ناز نہیں
میں تاں اجے وی گیت پریم دے گاؤندا ہاں،پر تینوں میری سندی آواز نہیں
میرے وسّ نہیں ہے اچے اڈ سکنا، تینوں چھوہ نہیں سکدا میں تاں باز نہیں
دل کھاکھاکے وی دل بھر جاندا، چھکرے دی اصلیت ہے ایہہ راز نہیں
لینا دینا تیرا میرا چلدا سی، اصل دی آس سگی سانوں وياج نہیں
کدے ستار چھیڑن دے بن ناں بولے، بنا چھیڑیاں بولن والا ساز نہیں

ਬਾਬਿਆਂ ਪੁੱਤ ਮਰਵਾ ਦਿਤੇ

ਤੁਸੀਂ ਜਾਣ ਬੁੱਝ ਕੇ ਬਾਬਿਓ ਆਪਣੇ ਪੁੱਤ ਪੋਤੇ ਮਰਵਾ ਦਿਤੇ
ਤੁਸੀਂ ਪੁੱਤ ਮਰਵਾ ਕੇ ਕੀ ਖੱਟ ਲਿਆ ਕਾਹਤੋਂ ਬਲੀ ਚੜ੍ਹਾ ਦਿਤੇ।
ਪੁੱਤ ਸੱਚ ਮੁੱਚ ਹੀ ਨਕੰਮੇ ਸੀ ਜਾਂ ਸ਼ਹੀਦ ਕਰਨ ਨੂੰ ਜੰਮੇ ਸੀ
ਕੱਚੀਆਂ ਉਮਰਾਂ ਵਿਚ ਮਰਵਾ ਕੇ ਸ਼ਹੀਦਾਂ ਦੀ ਕੌਮ ਬਣਾ ਦਿਤੇ।
ਭਗਤ ਸਿੰਘ ਬਾਪੂ ਕਹਿੰਦਾ ਸੀ ਮਿਲਦਾ ਤਾਂ ਪੈਰੀਂ ਪੈਂਦਾ ਸੀ,
ਤੁਸੀਂ ਪੁੱਤ ਨਹੀਂ ਜਾਣੇ ਬੜੇ ਭਗਤ ਸਿੰਘ ਸੂਲੀ ਤੇ ਚੜ੍ਹਵਾ ਦਿਤੇ।
ਸੰਨ ਸੰਤਾਲੀ ਦਾ ਮਸਲਾ ਤਾਂ ਨਹਿਰੂ ਅਤੇ ਜਨਾਂਹ ਵਿਚ ਸੀ,
ਲੇਕਿਨ ਬਾਡਰ ਦੇ ਦੋਹੀਂ ਪਾਸੀਂ ਤੁਸੀਂ ਪੰਜਾਬੀ ਪੁੱਤ ਮਰਵਾ ਦਿਤੇ।
ਪੰਜਾਬ ਅਤੇ ਹਰਿਆਣਾ ਤਾਂ ਸਦੀਆਂ ਤੋਂ ਇਕ ਪੰਜਾਬ ਹੀ ਸੀ,
ਵੰਡੀਆਂ ਪਾ ਕੇ ਅਤੇ ਵੱਖ ਕਰਕੇ ਸਿਰ ਵਢਵੇਂ ਵੈਰ ਪਵਾ ਦਿਤੇ।
ਸੰਨ ਚਰਾਸੀ ਵਿਚ ਬਾਬੇ ਆਪਣੇ ਪੁੱਤਰਾਂ ਨਾ ਖੜ੍ਹ ਸਕਦੇ ਸੀ,
ਅੱਤਿਵਾਦੀ ਵੱਖਵਾਦੀ ਕਹਿ ਕੇ ਤੁਸੀਂ ਜੇਲ੍ਹਾਂ ਵਿਚ ਸੁਟਵਾ ਦਿਤੇ।
ਅੱਜ ਕਿਰਸਾਣੀ ਦਾ ਮਸਲਾ ਹੈ ਤਾਂ ਪੁੱਤ ਤੁਹਾਡੇ ਨਾਲ ਖੜ੍ਹੇ,
ਤੁਸੀਂ ਨਾਂਅ ਲੈ ਲੈ ਕੇ ਆਪਣੇ ਪੁੱਤਰਾਂ ਦੇ ਹੀ ਵਰੰਟ ਕਢਵਾ ਦਿਤੇ।
ਜੇ ਦਿਲੀ ਜਾ ਕੇ ਬੈਠੇ ਹੋ ਤਾਂ ਆਪਣੇ ਪੁੱਤਰਾਂ ਕਰਕੇ ਬੈਠੇ ਹੋ,
ਤੁਸੀਂ ਮੰਨੋ ਜਾਂ ਫਿਰ ਨਾਂ ਮੰਨੋ ਪੁੱਤਰਾਂ ਨੇ ਤਾਂ ਫਰਜ਼ ਨਿਭਾਅ ਦਿਤੇ।

بابیاں پُتّ مروا دتے

تسیں جان بجھ کے بابِ؟؟ اپنے پتّ پوتے مروا دتے
تسیں پتّ مروا کے کی کھٹّ لیا کاہتوں بلی چڑھا دتے
پتّ سچ مچّ ہی نکمیں سی جاں شہید کرن نوں جمے سی
کچیاں عمراں وچ مروا کے شہیداں دی قوم بنا دتے
بھگت سنگھ باپو کہندا سی ملدا تاں پیریں پیندا سی
تسیں پتّ نہیں جانے بڑے بھگت سنگھ سولی تے چڑھوا دتے
سنّ سنتالی دا مسئلہ تاں نہرو اتے جناح وچ سی
لیکن باڈر دے دوہیں پاسیں تسیں پنجابی پتّ مروا دتے
پنجاب اتے ہریانہ تاں صدیاں توں اک پنجاب ہی سی
ونڈیاں پا کے اتے وکھ کرکے سر وڈھویں ویر پوا دتے
سنّ چراسی وچ بابے اپنے پتراں نہ کھڑ سکدے سی
اتوادی وکھوادی کہہ کے تسیں جھیلاں وچ سٹوا دتے۔
اج کرسانی دا مسئلہ ہے تاں پتّ تہاڈے نال کھڑے
تسیں نام لے لے کے اپنے پتراں دے ہی ورنٹ کڈھوا دتے
جے دلی جا کے بیٹھے ہو تاں اپنے پتراں کرکے بیٹھے ہو
تسیں منوں جاں پھر ناں منوں پتراں نے تاں فرض نبھاء دتے

ਸਜ਼ਾ ਸੁਣਾ ਦਿਤੀਆਂ

ਸਾਡੀ ਜੇ ਕਿਤੇ ਗ਼ਲਤੀ ਸੀ ਤਾਂ ਬਣਦੀ ਸਜ਼ਾ ਸਾਨੂੰ ਮਿਲਦੀ,
ਪਰ ਦੁਨੀਆਂ ਨੇਂ ਯਾਰੋ ਸਾਡੀਆਂ ਰੀਝਾਂ ਹੀ ਝਟਕਾ ਦਿਤੀਆਂ।
ਜੋ ਕਦੇ ਗ਼ਲਤੀ ਨਹੀਂ ਕਰਦਾ ਉਹ ਅੱਲਾ ਤਾਲਾ ਹੋ ਸਕਦਾ,
ਭੁੱਲਣਹਾਰ ਸੁੱਨਤ ਦੀਆਂ ਕਾਹਤੋਂ ਰੀਝਾਂ ਪਿੰਜਰੇ ਪਾ ਦਿਤੀਆਂ।
ਅਸੀਂ ਤਾਂ ਹਾਂ ਇਕ ਆਮ ਆਦਮੀ ਜੀਸਸ ਜਾਂ ਸੁਕਰਾਤ ਨਹੀਂ,
ਜ਼ਹਿਰ ਪਿਆਲੇ ਤੇ ਸੂਲੀ ਦੀਆਂ ਕਾਹਤੋਂ ਸਜ਼ਾ ਸੁਣਾ ਦਿਤੀਆਂ।
ਇਕ ਸਿਰ ਵਾਲੇ ਲੋਕਾਂ ਵਰਗੇ ਅਸੀਂ ਦਹਿਸਿਰੇ ਰਾਵਣ ਨਹੀਂ,
ਸਾਡੇ ਦਿਲ ਦੀਆਂ ਰਾਜਧਾਨੀਆਂ ਕਾਹਤੋਂ ਦੱਸੋ ਢਾਹ ਦਿਤੀਆਂ।
ਸਬਜ਼ਬਾਗ ਦੁਨੀਆਂ ਦੇ ਦੇਖਣ ਨੂੰ ਕਿਸਦਾ ਨਹੀਂ ਦਿਲ ਕਰਦਾ,
ਦੁਨੀਆਂ ਵਾਂਗ ਤੁਰਦਿਆਂ ਦੇ ਕਿਉਂ ਪੈਰੀਂ ਬੇੜੀਆਂ ਲਾ ਦਿਤੀਆਂ।
ਹਰਇਕ ਪੂਰਣ ਭਗਤ ਨਹੀਂ ਮੈਂ ਤਾਂ ਲੂਣਾਂ ਦੇ ਆਖੇ ਲੱਗ ਜਾਂਦਾ,
ਸਲਵਾਨ ਕਿੰਨਾ ਕੁ ਸਹੀ ਸੀ ਜਿਸ ਪੁੱਤ ਨੂੰ ਸਜ਼ਾ ਸੁਣਾ ਦਿਤੀਆਂ।
ਦਿਲ ਦੀਆਂ ਰੀਝਾਂ ਪੂਰਨੀਆਂ ਕਿਸੇ ਹਾਰੀ ਸਾਰੀ ਦਾ ਕੰਮ ਨਹੀਂ,
ਦਿਲ ਨੇਂ ਮੱਝਾਂ ਚਰਵਾ ਜੱਟ ਦੇ ਕੰਨਾਂ ਵਿਚ ਮੁੰਦਰਾਂ ਪਾ ਦਿਤੀਆਂ।

سزا سُنا دِتیاں

ساڈی جے کتے غلطی سی تاں بندی سزا سانوں ملدی
پر دنیاں نیں یارو ساڈیاں ریجھاں ہی جھٹکا دتیاں
جو کدے غلطی نہیں کردا اوہ اللہ تالا ہو سکدا
بھلنہار ستّر دیاں کاہتوں ریجھاں پنجرے پا دتیاں
اسیں تاں ہاں اک عامَ آدمیں جیسس جاں سقراط نہیں
زہر پیالے تے سولی دیاں کاہتوں سزا سنا دتیاں
اک سر والے لوکاں ورگے اسیں دہسرے راون نہیں
ساڈے دل دیاں راجدھانیاں کاہتوں دسو ڈھاہ دتیاں
سبزباگ دنیاں دے دیکھن نوں کسدا نہیں دل کردا
دنیاں وانگ تردیاں دے کیوں پیریں بیڑیاں لا دتیاں
ہر اک پورن بھگت نہیں میں تاں لوناں دے آکھے لگّ جاندا
سلوان کنا کو صحیح سی جس پتّ نوں سزا سنا دتیاں
دل دیاں ریجھاں پورنیاں کسے ہاری ساری دا کم نہیں
دل نیں مجھاں چروا جتّ دے کناں وچ مندراں پا دتیاں

ਹੋਊ ਦੂਰ ਅੰਧੇਰਾ

ਜਿਓਂ ਜਿਓਂ ਰਾਤਾਂ ਕਾਲੀਆਂ ਹੋਇਆਂ ਭੂਤਰ ਗਿਆ ਹਨ੍ਹੇਰਾ।
ਸੂਰਜ ਹਰ ਹਾਲਤ ਵਿਚ ਚੜ੍ਹਨਾਂ ਹੋਊ ਜ਼ਰੂਰ ਸਵੇਰਾ।
ਅੱਤਿ ਖ਼ੁਦਾ ਦਾ ਵੈਰ ਹੁੰਦਾ ਹੈ ਸਮਝਣ ਨਾਂ ਹਤਿਆਰੇ,
ਹਾਜ਼ਰ ਨਾਜ਼ਰ ਹਰ ਪਲ ਸਾਡੇ ਅੰਗ ਸੰਗ ਸਤਿਗੁਰ ਮੇਰਾ।
ਰਾਜੇ ਰਾਵਣ ਬਣ ਜਾਵਣ ਜਦ ਸਭਾਪਤੀ ਦੁਰਯੋਧਨ ਹੈ,
ਸੀਤਾ ਹਰਣ ਹੁੰਦੀ ਦਰਬਾਰ ਚ' ਪੰਚਾਲੀ ਨੂੰ ਪੈਂਦਾ ਘੇਰਾ।
ਅਭਿਮਨਯੂ ਮਰ ਵੀ ਜਾਂਦੇ ਨੇ ਚੱਕਰਵਿਊ ਵਿਚ ਫਸਕੇ,
ਪਰ ਮਰਕੇ ਵੀ ਉਹ ਨਹੀਂ ਮਰਦੇ ਜੋ ਰੱਖਦੇ ਤਕੜਾ ਜੇਰਾ।
ਅਤਿਆਚਾਰ ਵਿਰੁੱਧ ਜੇਕਰ ਤੂੰ ਬੋਲਣ ਤੋਂ ਡਰਦਾ ਹੈਂ,
ਸਮਝ ਨਹੀਂ ਆਉਂਦੀ ਕਮਜੋਰ ਸ਼ੀ ਫਿਰ ਕੀ ਨਾਂ ਰੱਖਾਂ ਤੇਰਾ।
ਮੌਤ ਵੀ ਸੱਚ ਹੈ ਇਸ ਦੁਨੀਆਂ ਵਿਚ ਸਭਨੇ ਹੀ ਮਰ ਜਾਣਾ,
ਇਹ ਵੀ ਸੱਚ ਹੈ ਸੂਰਜ ਚੜ੍ਹਣ ਤੇ ਹੋਊ ਦੂਰ ਅੰਧੇਰਾ।

ہوؤُ دور اندھیرا

جیوں جیوں راتاں کالیاں ہویاں بھوتر گیا ہنھیرا۔
سورج ہر حالت وچ چڑھناں ہوؤُ ضرور سویرا۔
اتِ خدا دا ویر ہندا ہے سمجھن ناں ہتیارے،
حاضر ناظر ہر پل ساڈے انگ سنگ ستگور میرا۔
راجے راون بن جاون جد سبھاپتی دریودھن ہے،
سیتا ہرن ہندی دربار چ' پنچالی نوں پیندا گھیرا۔
ابھمنیوں مر وی جاندے نے چکرویو وچ پھسکے،
پر مرکے وی اوہ نہیں مردے جو رکھدے تکڑا جیرا۔
اتیاچار ورودھ جیکر توں بولن توں ڈردا ہیں،
سمجھ نہیں آؤندی کمزور شری پھر کیہ ناں رکھاں تیرا۔
موت وی سچ ہے اس دنیاں وچ سبھنے ہی مر جانا،
ایہہ وی سچ ہے سورج چڑھن تے ہوؤُ دور اندھیرا۔

ਪੱਤਰਕਾਰ

ਪੱਤਰਕਾਰ ਤਾਂ ਉਹ ਹੁੰਦਾ ਹੈ ਜੋ ਸੱਚ ਬਾਹਰ ਲਿਆਵੇ,
ਲੱਖ ਲਾਹਨਤ ਉਸ ਕਲਮ ਦੇ ਜੇਹੜੀ ਸੱਚ ਤੇ ਪਰਦਾ ਪਾਵੇ।
ਝੂਠ ਬੋਲਣ ਤੇ ਜਿਸ ਤੋਤੇ ਨੂੰ ਰੱਜਵੀਂ ਚੂਰੀ ਮਿਲਦੀ ਹੈ,
ਉਸ ਤੋਤੇ ਦਾ ਹੱਕ ਨਹੀਂ ਬਣਦਾ ਕਿ ਉਹ ਪੱਤਰਕਾਰ ਕਹਾਵੇ।
ਨੈਸ਼ਨਲ ਮੀਡੀਆ ਨਹੀਂ ਉਹ ਤਾਂ ਸਰਕਾਰੀ ਤੋਤੇ ਹਨ,
ਭੌਂਕਣ ਦੀ ਖੁੱਲ ਉਸਨੂੰ ਜੋ ਸਰਕਾਰੀ ਪਟਾ ਗਲ ਵਿਚ ਪਾਵੇ।
ਵੱਢੇ ਵੱਢੇ ਖਿਡਾਰੀ, ਗਾਇਕ, ਬਾਲੀਵੁਡ ਦੇ ਅਭਿਨੇਤਾ,
ਸਭ ਤੋਂ ਝੂਠ ਬੁਲਵਾ ਕੇ ਜਾਨੇ ਪਤਾ ਨਹੀਂ ਕੀ ਕਹਿਣਾ ਚਾਹਵੇ।
ਪਰਧਾਨਮੰਤਰੀ ਤਾਂ ਦੇਸ਼ ਦਾ ਚੇਹਰਾ ਹੋਇਆ ਕਰਦਾ,
ਸੱਚ ਤੋਂ ਲੁਕਿਆ ਫਿਰਦਾ ਮੰਤਰੀ ਸੱਚ ਨੂੰ ਕੋਹਤਾ ਮੂੰਹ ਦਿਖਾਵੇ।
ਚਿਟੇ ਝੂਠ ਨੂੰ ਸੱਚ ਕਹਿਣ ਨਾਲ ਸੱਚ ਤਾਂ ਨਹੀਂ ਬਣਦਾ,
ਭਾਵੇਂ ਅਰਨਬ ਪਾਤਰਾ ਅੰਜਨਾਂ ਅੰਮਿਤ ਸਭ ਤੋਂ ਝੂਠ ਬੁਲਾਵੇ।
ਰਾਵੀਸ਼ ਅਜੇ ਤੱਕ ਹਿੱਕ ਤਾਣਕੇ ਸੱਚ ਦੇ ਨਾਲ ਖੜ੍ਹਾ ਹੈ,
ਸੱਚ ਨੂੰ ਬਾਹਰ ਲਿਆਉਣ ਵਾਸਤੇ ਉਹ ਤਾਂ ਪੂਰੀ ਵਾਹ ਲਾਵੇ।
ਝੂਠ ਨੂੰ ਝੂਠ ਕਹਿਣ ਦੀ ਜੇਕਰ ਹਿੰਮਤ ਨਹੀਂ ਕਿਸੇ ਦੀ,
ਉਸ ਉੱਲੂ ਦੇ ਚਰਖੇ ਗੱਦਾਰ ਚਬਲ ਨੂੰ ਸੁੱਨਤ ਕਿੰਝ ਸਮਝਾਵੇ।

پترکار

پترکار تاں اوہ ہوندا ہے جو سچ باہر لیاوے،
لکھ لعنت اس قلم دے جیہڑی سچ تے پردہ پاوے۔
جھوٹھ بولن تے جس طوطے نوں رجویں چوری ملدی ہے،
اس طوطے دا حق نہیں بندا کہ اوہ پترکار کہاوے۔
نیشنل میڈیا نہیں اوہ تاں سرکاری طوطے ہن،
بھونکن دی کھل اسنوں جو سرکاری پٹا گل وچ پاوے۔
وڈھے وڈھے کھڈاری، گائک، بالیوڈ دے ابھنیتا،
سبھ توں جھوٹھ بلوا کے جانے پتہ نہیں کیہ کہنا چاہوے۔
پردھان منتری تاں دیش دا چہرا ہویا کردا،
سچ توں لکیا پھردا منتری سچ نوں کیہڑا مونہہ دکھاوے۔
چٹے جھوٹھ نوں سچ کہن نال سچ تاں نہیں بندا،
بھاویں ارنب پاترا انجناں امت سبھ توں جھوٹھ بلاوے۔
راویش اجے تکّ ہکّ تانکے سچ دے نال کھڑا ہے،
سچ نوں باہر لیاؤن واسطے اوہ تاں پوری واہ لاوے۔
جھوٹھ نوں جھوٹھ کہن دی جیکر ہمت نہیں کسے دی،
اس الو دے چرخے غدار چبل نوں سٹ کنجھ سمجھاوے۔

ਅਣਦੇਖਿਆ ਅਣਸੁਣਿਆਂ

ਜੋ ਹੋ ਰਿਹਾ ਦੇਖਿਆ ਨਹੀਂ ਜਾਂਦਾ, ਅਜੇ ਕੀ ਕੀ ਹੋਰ ਦਿਖਾਵੋਗੇ।
ਜਰਨੈਲੀ ਸੜਕਾਂ ਉੱਪਰ ਹੁਣ, ਸਰੀਇ ਦੀ ਪਨੀਰੀ ਲਵਾਵੋਗੇ।
ਇਤਨੀ ਉਮੀਦ ਨਹੀਂ ਸੀ ਕਿ ਨਫਰਤ ਹੱਦਾਂ ਹੀ ਟੱਪ ਜਾਊਗੀ,
ਦਿਲੀ ਵਿਚ ਚਲਦੇ ਲੰਗਰਾਂ ਦੇ ਪਾਣੀ ਨੂੰ ਵੀ ਬੰਦ ਕਰਵਾਵੋਗੇ।
ਜਿਨ੍ਹਾਂ ਨੇ ਅੱਗ ਬੁਝਾਉਣੀ ਸੀ, ਉਹਨੀ ਹੱਥੀਂ ਭਾਂਬੜ ਬਾਲ ਰਹੇ,
ਸਾਤ ਫੂਕ ਕੇ ਦੇਸ਼ ਨੂੰ ਫਿਰ ਤੁਸੀਂ ਕੁਰਸੀ ਕਿਸ ਜਗ੍ਹਾ ਡਾਹਵੋਗੇ।
ਰੁੱਸਿਆਂ ਨੂੰ ਮਨਾਉਣਾਂ ਨਹੀਂ ਆਉਂਦਾ ਤਾਂ ਜਾਣ ਬੁੱਝਕੇ ਮਾਰੋ ਨਾ,
ਇਹ ਜਿਉਂਦੇ ਨਹੀਂ ਜਾਂਦੇ ਜੇ ਤਾਂ ਮਰਿਆਂ ਨੂੰ ਕੀਕਣ ਤੁਰਾਵੋਗੇ।
ਸਰਕਾਰ ਹਿਫਾਜ਼ਤ ਕਰਦੀ ਹੈ ਹਰ ਹਬੀ ਨਬੀ ਤੋਂ ਦੁਨੀਆਂ ਦੀ,
ਜਨ ਅੰਦੋਲਨ ਰੋਕਣ ਖਾਤਰ ਤੁਸੀਂ ਕਿਸ ਹੱਦ ਤੀਕਰ ਜਾਵੋਗੇ।
ਤੁਸੀਂ ਮਾਓਵਾਦੀ ਪਾਕਿਸਤਾਨੀ ਖਾਲਸਤਾਨੀ ਵੀ ਆਖ ਲਿਆ,
ਯਕੀਨ ਹੀ ਨਹੀਂ ਆਉਂਦਾ ਸੁਣਕੇ, ਹੁਣ ਕੀ ਕੀ ਹੋਰ ਸੁਣਾਵੋਗੇ।
ਰੱਬ ਤੇ ਕਬਜ਼ਾ ਕਰਦੇ ਹੋ ਪਰ ਰੱਬ ਰੱਬ ਕਰਨਾ ਨਹੀਂ ਆਉਂਦਾ,
ਕਿੰਨਾਂ ਚਿਰ ਹਿੰਦੂ ਮੁਸਲਮ ਸਿਖਾਂ ਨੂੰ ਆਪਸ ਵਿਚ ਲੜਾਵੋਗੇ।
ਜੋ ਕੁਫਰ ਤੋਲਦਾ ਕਾਫਰ ਹੈ, ਕਦੇ ਸੱਚ ਸਾੜਿਆ ਨਹੀਂ ਜਾਂਦਾ,
ਰਾਮ ਰਹੀਮ ਖੁਦਾ ਸਤਿਗੁਰ ਵਿਚ ਵੰਡੀਆਂ ਕਿਤਰਾਂ ਪਾਵੋਗੇ।
ਜੋ ਅੱਜ ਹੋ ਰਿਹਾ ਭਾਰਤ ਵਿਚ ਕਦੇ ਨਾਂ ਦੇਖਿਆ ਨਾ ਸੁਣਿਆਂ,
ਦੁਨੀਆਂ ਵਿਚ ਤੁਸੀਂ ਪਤੰਦਰੋ ਇਕ ਨਵਾਂ ਇਤਹਾਸ ਰਚਾਵੋਗੇ।

اَن دیکھیا ان سُنیا

جو ہو رہیا دیکھیا نہیں جاندا، اجے کیہ کیہ ہور دکھاووگے۔
جرنیلی سڑکاں اپر ہن، سریئ دی پنیری لواووگے۔
اتنی امید نہیں سی کہ نفرت حداں ہی ٹپّ جاؤگی،
دلی وچ چلدے لنگراں دے پانی نوں وی بند کرواووگے۔
جیہناں نے اگّ بجھاؤنی سی، اہہی ہتھیں بھامبڑ بال رہے،
ساڑ پھوک کے دیش نوں پھر تسیں کرسی کس جگہ ڈاہووگے۔
رسیاں نوں مناؤناں نہیں آؤندا تاں جان بجھکے مارو نہ،
ایہہ جؤندے نہیں جاندے جے تاں مریاں نوں کیکن تراووگے۔
سرکار حفاظت کردی ہے ہر ہبی نبی توں دنیاں دی،
جن اندولن روکن خاطر تسیں کس حد تیکر جاووگے۔
تسیں ماؤ وادی پاکستانی خالصتانی وی آکھ لیا،
یقین ہی نہیں آؤندا سن کے، ہن کیہ کیہ ہور سناووگے۔
ربّ تے قبضہ کردے ہو پر ربّ ربّ کرنا نہیں آؤندا،
کناں چر ہندو مسلم سکھاں نوں آپس وچ لڑاووگے۔
جو کفر تولدا کافر ہے، کدے سچ ساڑیا نہیں جاندا،
رام رحیم خدا ستگور وچ ونڈیاں کتراں پاووگے۔
جو اج ہو رہیا بھارت وچ کدے ناں دیکھیا نہ سنیا،
دنیا وچ تسیں پتندرو اک نواں اتہاس رچاووگے۔

ਨੰਗੇ ਪੈਰੀਂ ਜਾਣ ਵਾਲਿਆ

ਵੇ ਨੰਗੇ ਪੈਰੀਂ ਜਾਣ ਵਾਲਿਆ, ਮਉਜੇ ਮਿਲਦੇ ਤਾਂ ਪੈਰਾਂ ਵਿਚ ਪਾ ਲੈ।
ਜੇ ਖਾਸ ਨਹੀਂ ਤਾਂ ਆਮ ਹੀ ਸਹੀ, ਜਿੰਨੇ ਹੰਢਦੇ ਓਨੇ ਹੀ ਹੰਢਾਅ ਲੈ।
ਦੁਨੀਆਂ ਤਾਂ ਪਰੇ ਤੋਂ ਪਰੇ, ਚੰਗੇ ਮੰਦੇ ਸਾਰੇ ਦੁਨੀਆਂ ਕਹਾਉਂਦੇ ਸੱਜਣਾਂ,
ਵਧੀਆ ਕੀ ਭਾਲਦਾ ਫਿਰੇਂ, ਜੋ ਉਡੀਕਦਾ ਉਹਨੂੰ ਹੀ ਗਲ ਲਾਅ ਲੈ।
ਸਿਧ ਪੀਰ ਤਾਂ ਹੋਣਗੇ ਜਹਾਨ ਚ' ਘਰ ਜੋਗੜਾ ਤਾਂ ਰਾਹ ਤੇਰਾ ਦੇਖਦਾ,
ਉਪਰੇ ਕਰੋਤਾਂ ਹੀ ਫਿਰਨ, ਜੇਹੜਾ ਹਾਜ਼ਰ ਹੈ ਉਹ ਆਪਣਾ ਬਣਾ ਲੈ।
ਸੋਹਣਾ ਤਾਂ ਸਪੋਲੀਆ ਵੀ ਹੁੰਦਾ, ਪਰ ਪਤਾ ਨਹੀਂ ਕਦੋਂ ਡੰਗ ਮਾਰਨਾਂ,
ਜੋ ਰੁੱਖਾ ਮਿਸਾ ਮਿਲਣ ਡਿਹਾ, ਭੁੱਖ ਮੇਟਲਾ ਵੇ ਰੁੱਖਾ ਮਿਸਾ ਖਾਅ ਲੈ।
ਕਲਮ ਨੇ ਹੀ ਲਿਖਣਾਂ, ਸਿਰ ਕਲਮ ਕਰਾ ਕੇ ਹੀ ਤਾਂ ਬਣਦੀ ਕਲਮ,
ਸਿੰਬਲ ਦੇ ਫਲ ਫੁੱਲ ਫਿੱਕੇ ਹੁੰਦੇ ਨੇ, ਮੇਰੇ ਕੋਲੋਂ ਜਿਥੇ ਮਰਜ਼ੀ ਲਿਖਾ ਲੈ।
ਵੇ ਨੰਗੇ ਪੈਰੀਂ ਜਾਣ ਵਾਲਿਆ, ਮਉਜੇ ਮਿਲਦੇ ਤਾਂ ਪੈਰਾਂ ਵਿਚ ਪਾਅ ਲੈ।

ننگے پیریں جان والیا

وے ننگے پیریں جان والیا، موزے ملدے تاں پیراں وچ پا لے
جے خاص نہیں تاں عامَ ہی صحیح، جنے ہنڈھدے اونے ہی ہنڈھاء لے۔
دنیا تاں پرے توں پرے، چنگے مندے سارے دنیاں کہاؤندے سجناں
ودھیا کیہ بھالدا پھریں، جو اڈیکدا اوہنوں ہی گل لاء لے۔
سدھ پیر تاں ہونگے جہان چ' گھر جوگڑا تاں راہ تیرا دیکھدا،
اوپرے کروڑاں ہی پھرن، جیہڑا حاضر ہے اوہ اپنا بنا لے۔
سوہنا تاں سپولیا وی ہندا، پر پتہ نہیں کدوں ڈنگ مارناں،
جو رُکھا مِسا ملن ڈیہا، بھکھ میٹلا وے رکھا مسا کھاء لے۔
قلم نے ہی لکھناں، سر قلم کرا کے ہی تاں بندی قلم،
سنبھل دے پھل پھلّ پھکے ہوندے نیں، میرے کولوں جتھے مرضی لکھا لے۔
وے ننگے پیریں جان والیا، موزے ملدے تاں پیراں وچ پاء لے۔

ਅੰਦੋਲਨ

ਉਹ ਛੋਟਾ ਮੋਟਾ ਅੰਦੋਲਨ ਨਹੀਂ ਹੋ ਸਕਦਾ,
ਜਿਸਤੋਂ ਡਰਦਿਆਂ ਸਰਕਾਰਾਂ ਨੂੰ ਝੂਠ ਬੋਲਣਾ ਪੈ ਜਾਵੇ।
ਕੱਟੜਵਾਦੀ ਅੱਤਵਾਦੀ ਡਿਕਟੇਟਰ ਨੂੰ,
ਝੂਠ ਲਕੋਣ ਵਾਸਤੇ ਸਭ ਪੱਤਰਕਾਰਾਂ ਨੂੰ ਖਰੀਦਣਾ ਪੈ ਜਾਵੇ।
ਸਮਰੱਥ ਗੁਰੂ ਦਾ ਹੱਥ ਸਿਰ ਤੇ ਧਰਿਆ ਹੋਣੈਂ,
ਪੋਹ ਮਾਘ ਦੀਆਂ ਰਾਤਾਂ ਨੂੰ ਸਿਰ ਉੱਪਰ ਜ਼ਰਿਆ ਹੋਣੈਂ।
ਨਹੀਂ ਤਾਂ ਬਹੁਤ ਮੁਸ਼ਕਿਲ ਹੁੰਦਾ ਹੈ, ਵਰ੍ਹਦੇ ਕੱਕਰ ਦੇ ਵਿਚ
ਸਾਰਾ ਟੱਬਰ ਆਣ ਸੜਕ ਤੇ ਬਹਿ ਜਾਵੇ।
ਜੋ ਜ਼ਾਤਾਂ ਨੂੰ ਉਕਸਾਉਂਦਾ ਹੈ, ਧਰਮਾਂ ਵਿਚ ਪੇਚਾ ਪਾਉਂਦਾ ਹੈ,
ਜੋ ਕੁਰਸੀ ਖਾਤਰ ਸਭਨੂੰ ਲੜਾਉਂਦਾ ਹੈ।
ਕਾਠ ਦੀ ਹਾਂਡੀ ਕਿੰਨਾਂ ਚਿਕਰ ਉਬਲੇਗੀ,
ਕੱਚੀਆਂ ਇਟਾਂ ਕੱਕੀ ਰੇਤ ਦਾ ਹਰ ਇਕ ਮੰਦਰ ਢਹਿ ਜਾਵੇ।
ਆਂਢ ਗੁਆਂਢ ਦੇਸ਼ਾਂ ਨੂੰ ਦੋਸ਼ੀ ਕਹਿੰਦੇ ਜੋ,
ਪੈਰਦੇ ਥੱਲੇ ਬਟੇਰਾ ਆਇਆ ਸ਼ਿਕਾਰੀ ਬਣ ਬਣ ਬਹਿੰਦੇ ਜੋ।
ਜਿਸ ਸਰਕਾਰ ਚ' ਇਕ ਵੀ ਜੀਅ ਨਹੀਂ ਦਿਸਦਾ,
ਜੋ ਜੰਗ ਲੱਗਣ ਤੇ ਛਾਤੀ ਉੱਪਰ ਗੋਲੀ ਸਹਿ ਜਾਵੇ।
ਅੱਜ ਨਹੀਂ ਤਾਂ ਕੱਲ ਜ਼ਿਦ ਛੱਡਣੀਂ ਪੈਣੀਂ ਹੈ,
ਭਾਰਤ ਸਰਕਾਰੇ ਸੱਚ ਦੇ ਅੱਗੇ ਝੂਠ ਦੀ ਟੀਸੀ ਢਹਿਣੀਂ ਹੈ।
ਇਹ ਸੱਤਿਵਾਦੀ ਸੰਤੋਖੀ ਨੇ ਕਮਜ਼ੋਰ ਨਹੀਂ ਨੇ,
ਉੱਗ੍ਰ ਦਾ ਚੱਕ ਫਿਰ ਦਿਸਦਾ ਜਿਸ ਦਿਨ ਪੰਗਾ ਪੈ ਜਾਵੇ।
ਜੋ ਖੁਦ ਸਰਕਾਰ ਹੀ ਅੱਗ ਲਾਵੇ, ਉਸਨੂੰ ਦੱਸੋ ਕੌਣ ਬੁਝਾਵੇ,
ਭਲਾ ਕਿਉਂ ਹਰ ਕਿਰਸਾਨ ਹੀ ਮਰ ਜਾਵੇ।
ਸੁਣਨ ਵਾਲਾ ਹੋਵੇ ਤਾਂ ਬੰਦਾ ਗੱਲ ਕਰੇ,
ਦਿਲੀ ਦੀ ਅੱਨ੍ਹੀਂ ਬੋਲੀ ਸਰਕਾਰ ਨੂੰ ਦੱਸੋ ਸੁੱਨਤ ਕਿੰਝ ਸਮਝਾਵੇ।

اندولن

اوہ چھوٹا موٹا اندولن نہیں ہو سکدا،
جس توں ڈردیاں سرکاراں نوں جھوٹھ بولنا پے جاوے۔
کٹڑ وادی ات وادی ڈکٹیٹر نوں،
جھوٹھ لکون واسطے سبھ پترکاراں نوں خریدنا پے جاوے۔
سمرتھ گورو دا ہتھ سر تے دھریا ہونیں،
پوہ مھاگھ دیاں راتاں نوں سر اپر جریا ہونیں۔
نہیں تاں بہت مشکل ہندا ہے، ورھدے ککر دے وچ
سارا ٹبر آن سڑک تے بہہ جاوے۔
جو ذاتاں نوں اکساؤندا ہے، دھرماں وچ پیچہ پاؤندا ہے،
جو کرسی خاطر سبھنوں لڑاؤندا ہے۔
کاٹھ دی ہانڈی کنان چکر ابلے گی،
کچیاں اٹاں ککی ریت دا ہر اک مندر ڈھیہہ جاوے۔
آنڈھ گوانڈھ دیشاں نوں دوشی کہندے جو،
پیردے تھلے بٹیرا آیا شکاری بن بن بہندے جو۔
جس سرکار چ' اک وی جی نہیں دسدا،
جو جنگ لگن تے چھاتی اپر گولی سہ جاوے۔
اج نہیں تاں کلّ ضد چھڈنیں پینیں ہے،
بھارت سرکارے سچ دے اگے جھوٹھ دی ٹیسی ڈھہنیں ہے۔
ایہہ ستوادی سنتوکھی نے کمزور نہیں نیں،
اگو دا چکّ پھر دسدا جس دن پنگا پے جاوے۔
جو خود سرکار ہی اگّ لاوے، اسنوں دسو کون بجھاوے،
بھلا کیوں ہر کرسان ہی مر جاوے۔
سنن والا ہووے تاں بندہ گلّ کرے،
دلی دی انھیں بولی سرکار نوں دسو سنڑ کنج سمجھاوے۔

ਮੌਲਾ ਮੇਹਰ ਕਰੀਂ

ਸਰਕਾਰੀ ਚੀਜ਼ਾਂ ਵਸਤਾਂ ਦਾ ਜੇਕਰ ਨੁਕਸਾਨ ਕਿਸੇ ਤੋਂ ਹੋ ਜਾਵੇ,
ਭਾਰਤ ਦੀ ਸਰਕਾਰ ਉਸਨੂੰ ਜੇਲ ਭੇਜਣਾਂ ਚਾਹਵੇ।
ਪਰ ਜੋ ਸਰਕਾਰ ਦੇਸ਼ ਦੀ ਹਰ ਇਕ ਵਸਤੂ ਵੇਚ ਰਹੀ ਹੈ,
ਉਸ ਸਰਕਾਰ ਨੂੰ ਭਲਾ ਅਦਾਲਤ ਕਿਉਂ ਨਾ ਫਾਹੇ ਲਾਵੇ।
ਭਾਰਤ ਦੇ ਤਰੰਗੇ ਝੰਡੇ ਨੂੰ ਜੋ ਮੰਨਦੇ ਨਹੀਂ ਸੀ ਭਗਵੇਂ ਲੋਕ,
ਉਹ ਕੱਟੜਵਾਦੀ ਪਾਰਟੀ ਤਰੰਗੇ ਦਾ ਸਤਿਕਾਰ ਸਿਖਾਵੇ।
ਮੁਗਲਾਂ ਤੋਂ ਅੰਗ੍ਰੇਜ਼ਾਂ ਤੋਂ ਜੇਹੜੇ ਕਦੇ ਆਜ਼ਾਦ ਨਾਂ ਹੋ ਸਕਦੇ,
ਦੋਸ਼ ਦੇਣ ਉਸ ਕੌਮ ਨੂੰ ਜਿਹੜੀ ਸਭ ਦੀ ਜਾਨ ਬਚਾਵੇ।
ਸਾਰੇ ਦੇਸ਼ ਦਾ ਪੇਟ ਪਾਲਦੇ ਅੰਨ ਉਗਾਉਂਦੇ ਜੋ ਕਿਰਸਾਣ,
ਪੀਣ ਦੇ ਪਾਣੀ ਕੱਟੇ ਜਾਣ ਤੇ ਉਹਨਾਂ ਨੂੰ ਰੋਣਾ ਪੈ ਜਾਵੇ।
ਬਾਡਰ ਤੇ ਜੇ ਕਿਰਸਾਣ ਦਾ ਪੁੱਤ ਲੜਦਾ ਲੜਦਾ ਮਰਦਾ,
ਕਿਰਸਾਨ ਦੇ ਪੁੱਤ ਦੀ ਲਾਸ਼ ਤਰੰਗੇ ਵਿਚ ਲਿਪੇਟੀ ਆਵੇ।
ਭਗਤ ਸਿੰਘ ਨੂੰ ਅਜੇ ਤੀਕ ਸਰਕਾਰ ਸ਼ਹੀਦ ਨਹੀਂ ਮੰਨਦੀ,
ਭਾਰਤ ਦੀ ਸਰਕਾਰ ਨੂੰ ਕੇਹੜਾ ਜਾਕੇ ਗੱਲ ਸਮਝਾਵੇ।
ਰਾਸ਼ਟਰਵਾਦ ਸਿਖਾਉਂਦੇ ਫਿਰਦੇ ਜਿਨ੍ਹਾਂ ਚੂਹੀ ਵੀ ਨਹੀਂ ਮਾਰੀ,
ਜੱਟ ਤਾਂ ਮਰਦਾ ਮਰਦਾ ਵੀ ਪੰਜਾਂ ਸੱਤਾਂ ਨੂੰ ਝਟਕਾਵੇ।
ਧਰਮ ਤੇ ਕਾਬਜ਼ ਕੱਟਤਵਾਦੀ ਅੱਤਵਾਦੀ ਨੇ ਸਭ ਦੇ ਸਭ,
ਰਾਜ ਭਾਗ ਦੇ ਨਸ਼ੇ ਚ' ਇਹਨਾਂ ਨੂੰ ਕੁਝ ਸਮਝ ਨਾਂ ਆਵੇ।
ਮੇਹਰ ਕਰੀਂ ਮੌਲਾ ਤੂੰ ਸਾਡੇ ਅੰਗ ਸੰਗ ਹੈਂ ਹਰ ਇਕ ਪਲ,
ਜੋ ਜਰਨ ਦੀ ਗੁਤਤੀ ਦਿਤੀ ਹੈ ਕਿਤੇ ਸਾਨੂੰ ਨਾ ਭੁੱਲ ਜਾਵੇ।

مولا مہر کریں

سرکاری چیزاں وستاں دا جیکر نقصان کسے توں ہو جاوے،
بھارت دی سرکار اسنوں جھیل بھیجناں چاہوے۔
پر جو سرکار دیش دی ہر اک وستو ویچ رہی ہے،
اس سرکار نوں بھلا عدالت کیوں نہ پھاہے لاوے۔
بھارت دے ترنگے جھنڈے نوں جو مندے نہیں سی بھگویں لوک،
اوہ کٹّر وادی پارٹی ترنگے دا ستکار سکھاوے۔
مغلاں توں انگریزاں توں جیہڑے کدے آزاد ناں ہو سکدے،
دوش دین اس قوم نوں جہڑی سبھ دی جان بچاوے۔
سارے دیش دا پیٹ پالدے انّ اگاؤندے جو کرسان،
پین دے پانی کٹے جان تے اوہناں نوں رونا پے جاوے۔
باڈر تے جے کرسان دا پتّ لڑدا لڑدا مردا،
کرسان دے پتّ دی لاش ترنگے وچ لپیٹی آوے۔
بھگت سنگھ نوں اجے تیک سرکار شہید نہیں مندی،
بھارت دی سرکار نوں کیہڑا جاکے گلّ سمجھاوے۔
راشٹرواد سکھاؤندے پھردے جنہاں چوہی وی نہیں ماری،
جتّ تاں مردا مردا وی پنجاں ستاں نوں جھٹکاوے۔
دھرم تے قابض کٹرّوادی ات وادی نیں سبھ دے سبھ،
راج بھاگ دے نشے چ' ایہناں نوں کجھ سمجھ ناں آوے۔
مہر کریں مولا توں ساڈے انگ سنگ ہیں ہر اک پل،
جو جرن دی گڑتی دتی ہے کتے سانوں نہ بھلّ جاوے۔

ਹੇ ਰਾਮ

ਰਾਮ ਦੀ ਕਥਾ ਸੁਣਾਵੈਦਿਆ ਤੈਨੂੰ ਰਾਮ ਕਹਿਣ ਨਾ ਆਇਆ,
ਜੇ ਤੂੰ ਰਾਮ ਬਣਾ ਸਕਦੈਂ ਫਿਰ ਰਾਮ ਨੇ ਕੀ ਬਣਾਇਆ।
ਬ੍ਰਹਮਾਂ, ਵਿਸ਼ਨ, ਮਹੇਸ਼ ਨੂੰ ਸਿਰਜਣ ਦੇ ਕਾਬਲ ਹੈਂ ਜੇਕਰ ਤੂੰ,
ਫਿਰ ਦੁਨੀਆਂ ਨੂੰ ਤੂੰ ਕਾਹਤੋਂ ਗਦੀ ਗੇਤ ਵਿਚ ਪਾਇਆ।
ਤੇਰੇ ਆਪਣੇ ਜੀਵਨ ਚੋਂ ਕਿਤੇ ਰਾਮ ਨਜ਼ਰ ਤਾਂ ਆਉਂਦਾ ਨਹੀਂ,
ਰਾਮ ਰੰਗ ਲਗਦਾ ਸੀ ਤਾਂ ਆਪਣੇ ਵਿਚ ਨਾ ਲਾਇਆ।
ਰਾਮ ਖਡੌਣਾਂ ਨਹੀਂ ਬੰਦਿਆ ਤੂੰ ਮਨ ਮਰਜ਼ੀ ਨਾਲ ਖੇਡ ਸਕੇਂ,
ਸਾਰੀ ਖੇਡ ਹੀ ਜਿਸਦੀ ਹੈ ਤੂੰ ਉਸਨੂੰ ਹੀ ਖੇਡ ਬਣਾਇਆ।
ਜੇਸ ਤਰਾਂ ਦਾ ਤੂੰ ਚਾਹੁੰਦੈਂ ਰੱਬ ਨੂੰ ਓਸ ਤਰਾਂ ਦਾ ਘੜ ਸਕਦੈਂ,
ਖੁਦਨੂੰ ਤਾਂ ਸਾਜ ਨਹੀਂ ਸਕਦਾ ਰੱਬ ਕੀਕਣ ਤੂੰ ਸਜਾਇਆ।
ਰਾਮ ਕਬੀਰਾ ਇਕ ਹੋ ਸਕਦਾ ਤੂੰ ਵੀ ਕਿਉਂ ਨਹੀਂ ਹੋ ਜਾਂਦਾ,
ਜੋ ਤੈਥੋਂ ਪੜ੍ਹ ਨਾ ਹੋ ਸਕਿਆ ਦੁਨੀਆਂ ਨੂੰ ਪਾਠ ਪੜ੍ਹਾਇਆ।
ਤੂੰ ਝੱਖ ਮਾਰਦਾ ਫਿਰਦੈਂ ਬੰਦਿਆ ਰਾਮ ਦੀ ਸਮਝ ਨਹੀਂ ਤੈਨੂੰ,
ਜੋ ਖੁਦ ਨੂੰ ਸਮਝ ਨਹੀਂ ਲੱਗਾ ਕਿਸੇ ਨੂੰ ਕੀ ਸਮਝਾਇਆ।
ਰਾਮ ਦੀਆਂ ਤਾਂ ਰਾਮ ਹੀ ਜਾਣੇਂ ਜਪ ਸਕਦੈਂ ਤਾਂ ਜਪ ਹੇ ਰਾਮ,
ਆਪਣੇ ਚੱਕਰਵਿਊ ਚੋਂ ਬੰਦਾ ਕਦੇ ਨਿਕਲ ਨਾ ਪਾਇਆ।

ہے رام

رام دی کتھا سناوندیا تینوں رام کہن نہ آیا،
جے توں رام بنا سکدیں پھر رام نے کی بنایا۔
برہماں، وشن، مہیش نوں سرجن دے قابل ہیں جیکر توں،
پھر دنیاں نوں توں کاہتوں گدی گیڑ وچ پایا۔
تیرے اپنے جیون چوں کتے رام نظر تاں آؤندا نہیں،
رام رنگ لگدا سی تاں اپنے وچ نہ لایا۔
رام کھڈونناں نہیں بندیا توں من مرضی نال کھیڈ سکیں،
ساری کھیڈ ہی جسدی ہے توں اسنوں ہی کھیڈ بنایا۔
جیس طرحاں دا توں چاہوندیں ربّ نوں ؟؟س طرحاں دا گھڑ سکدیں،
خود نوں تاں ساج نہیں سکدا ربّ کیکن توں سجایا۔
رام کبیرا اک ہو سکدا توں وی کیوں نہیں ہو جاندا،
جو تیتھوں پڑھ نہ ہو سکیا دنیاں نوں پاٹھ پڑھایا۔
توں جھکھ ماردا پھردیں بندیا رام دی سمجھ نہیں تینوں،
جو خود نوں سمجھ نہیں لگا کسے نوں کیہ سمجھایا۔
رام دیاں تاں رام ہی جانیں جپ سکدیں تاں جپ ہے رام،
اپنے چکرویو چوں بندہ کدے نکل نہ پایا۔

ਤੂੰ ਕੌਣ ਹੈਂ

ਜੇ ਤੂੰ ਜ਼ੁਲਮੀਂ ਨੂੰ ਜ਼ਾਲਮ ਕਹਿਣ ਦੀ ਜ਼ੁਰਤ ਨਹੀਂ ਰੱਖਦਾ ਤਾਂ ਤੂੰ ਸਿਖ ਨਹੀਂ ਕੁਝ ਹੋਰ ਹੈਂ।
ਜੇ ਤੂੰ ਚੋਰਾਂ ਵਿਚ ਉਠਦਾ ਬੈਠਦਾ ਹੈਂ, ਗ਼ਲਤ ਨਹੀਂ ਕਹਿੰਦਾ ਤਾਂ ਤੂੰ ਵੀ ਪੱਕਾ ਵੱਢਾ ਚੋਰ ਹੈਂ।
ਜੇ ਤੈਨੂੰ ਰਾਮ ਤੇ ਰਹੀਮ ਇਕ ਦੂਜੇ ਦੇ ਦੁਸ਼ਮਣ ਲਗਦੇ ਹਨ ਤਾਂ ਤੂੰ ਬਹੁਤ ਚਿਤ ਕਠੋਰ ਹੈਂ।
ਜੇ ਤੈਨੂੰ ਧਰਮਾਂ ਅਤੇ ਜ਼ਾਤਾਂ ਵਿਚ ਵਿਰੋਧ ਦਿਸਦਾ ਹੈ ਤਾਂ ਤੂੰ ਧਰਮੀਂ ਨਹੀਂ ਇਕ ਬਦਖੋਰ ਹੈਂ।
ਜੇ ਤੂੰ ਸੰਗੀਤ ਦਾ ਵਿਰੋਧ ਕਰਦਾ ਹੈਂ ਤਾਂ ਫਿਰ ਨਹੀਂ ਪੜ੍ਹੇ ਗੁਰਬਾਣੀ ਦੇ ਸਾਰੇ ਇਕਤੀ ਰਾਗ।
ਜੇ ਤੂੰ ਮਚਲਾ ਹੈਂ ਤਾਂ ਖੈਰਸੱਲਾ ਪਰ ਜੇ ਤੂੰ ਸੁੱਤਾ ਪਿਆ ਹੈਂ ਤਾਂ ਆਪਣੀ ਨੀਂਦ ਚੋਂ ਸਿਖਾ ਜਾਗ।
ਜੇ ਤੂੰ ਅੰਮ੍ਰਤ ਵੇਲੇ ਉਠ ਸਵਾਂਸ ਬ੍ਰੂੰਦਾ ਵਾਸਤੇ ਅਰਦਾਸ ਨਹੀਂ ਕਰਦਾ ਤੂੰ ਬਬੀਹਾ ਨਹੀਂ ਹੈਂ।
ਜੇ ਤੂੰ ਆਪਣੀਂ ਜ਼ਿਦ ਠੋਸਣਾ ਚਾਹੁੰਦਾ ਹੈਂ ਦੁਨੀਆਂ ਤੇ ਤਾਂ ਤੂੰ ਜ਼ਾਬਰ ਹੈਂ ਤੂੰ ਮਸੀਹਾ ਨਹੀਂ ਹੈਂ।
ਜੇ ਤੇਰੀ ਪੱਤਰਕਾਰਤਾ ਵਿਚ ਖੋਟ ਹੈ, ਝੂਠ ਹੈ ਤਾਂ ਤੂੰ ਕਦਾਚਿਤ ਨਹੀਂ ਹੈਂ' ਵਧੀਆ ਪੱਤਰਕਾਰ।
ਜੇ ਤੂੰ ਸੱਚ ਦਾ ਕਤਲ ਕਰਨ ਵਾਲਾ ਹੈਂ' ਤਾਂ ਕਾਤਿਲ ਹੈਂ' ਨਾ ਤੂੰ ਫਿਰ ਸਿਖ ਹੈਂ' ਤੇ ਨਾ ਸਰਦਾਰ।
ਜੇ ਤੂੰ ਵੇਦਾਂ ਪ੍ਰਾਕਿਰਤਾਂ, ਪੁਰਾਣਾ ਉਪਨਿਸਦਾਂ ਸ਼ਾਸਤਰਾਂ ਦਾ ਸਮਝਦਾ ਹੈਂ ਖੁਦ ਨੂੰ ਅਧਿਕਾਰੀ।
ਜੇ ਤੈਨੂੰ ਰੋਗ ਲੱਗਾ, ਕਿਸੇ ਦਾ ਦੋਸ਼ ਨਹੀਂ ਇਸ ਵਿਚ ਇਹ ਤੇਰੀ ਆਪਣੀ ਮਾਨਸਿਕ ਬੀਮਾਰੀ।
ਜੇ ਤੂੰ ਬੁੱਧੂ ਦੀ ਸੰਤਾਨ ਨੂੰ ਸਿਖ ਨਹੀਂ ਗਿਣਦਾ ਤਾਂ ਗਿਣਤੀ ਤੇਰੀ ਗ਼ਲਤ ਹੈ ਯਕੀਨ ਕਰ ਮੇਰਾ।
ਜੇ ਤੂੰ ਚੰਦੂ ਅਤੇ ਗੰਗੂ ਨੂੰ ਧਾਰਮਿਕ ਗਿਣਦਾ ਤਾਂ ਧਰਮ ਨਾਲ ਬਿਲਕੁਲ ਰਿਸ਼ਤਾ ਨਹੀਂ ਤੇਰਾ।
ਜੇ ਤੂੰ ਹਿੰਦੂ ਮੁਸਲਿਮ ਸਿਖ ਇਸਾਇਆਂ ਵਿਚ ਅਜੇ ਤੱਕ ਪਾ ਰਿਹਾ ਆਪਣੇ ਧਾਰਮਕ ਕਿਆਰੇ।
ਜੇ ਤੂੰ ਬਾਜ਼ ਨਹੀਂ ਆਉਂਦਾ ਤਾਂ ਗਿਣਤੀ ਦੇ ਬਚੇ ਨੇ ਦਿਨ, ਤੇਰੇ ਸਾਹਮਣੇ ਫੈਸਲੇ ਹੋਣਗੇ ਸਾਰੇ।
ਜੇ ਤੂੰ ਭਲਾ ਚਾਹੁੰਦਾ ਹੈਂ ਤਾਂ ਬੰਦਾ ਬਣਕੇ ਬੰਦਿਆਂ ਵਾਲੇ ਕੰਮ ਕਰ ਤੇ ਉਸ ਪਰਮਾਤਮਾ ਤੋਂ ਡਰ।
ਜੇ ਤੂੰ ਸਿਖ ਹੈਂ ਤਾਂ ਸਿਦਕ ਰੱਖ ਸਬਰ ਸੰਤੋਖ ਕਰਕੇ ਜਿੰਨਾ ਹੈ ਸਕਦਾ ਤੂੰ ਉਨਾਂ ਵਿਸ਼ਵਾਸ ਕਰ॥

تُوں کون ہیں

جے توں ظلمیں نوں ظالم کہن دی جُرت نہیں رکھدا تاں توں سکھ نہیں کجھ ہور ہیں
جے توں چوراں وچ اٹھدا بیٹھدا ہیں، غلط نہیں کہندا تاں توں وی پکا وڈھا چور ہیں
جے تینوں رام تے رحیم اک دوجے دے دشمن لگدے ہن تاں توں بہت چت کٹھور ہیں
جے تینوں دھرماں اتے ذاتاں وچ ورودھ دسدا ہے تاں توں دھرمیں نہیں اک بدخور ہیں
جے توں سنگیت دا ورودھ کردا ہیں تاں پھر نہیں پڑھے گربانیں دے سارے اکتی راگ
جے توں مچلا ہیں تاں کھیرسلا پر جے توں ستا پیا ہیں تاں اپنی نیند چوں سکھا جاگ
جے توں امرت ویلے اٹھ سوانت بوندان واسطے ارداس نہیں کردا توں بیبہا نہیں ہیں
جے توں اپنی ضد ٹھوسنا چاہندا ہیں دنیاں تے تاں توں زابر ہیں توں مسیحا نہیں ہیں
جے تیری پترکارتا وچ کھوٹ ہے، جھوٹھ ہے تاں توں کداچت نہیں ہیں ودھیا پترکار
جے توں سچ دا قتل کرن والا ہیں تاں قاتل ہیں ناں توں پھر سکھ ہیں تے ناں سردار
جے توں ویداں پراکرتاں، پرانان اپنشداں شاستراں دا سمجھدا ہیں خود نوں ادھیکاری
جے تینوں روگ لگا، کسے دا دوش نہیں اس وچ ایہہ تیری اپنی مانسک بیماری
جے توں بدھو دی سنتان نوں سکھ نہیں گندا تاں گنتی تیری غلط ہے یقین کر میرا
جے توں چندو اتے گنگو نوں دھارمک گندان تاں دھرم نال بالکل رشتہ نہیں تیرا
جے توں ہندو مسلم سکھ عسائیاں وچ اجے تکَ پا رہیا اپنے دھارمک کیارے
جے توں باج نہیں آؤندا تاں گنتی دے بچے نے دن، تیرے سامہنے فیصلے ہون گے سارے
جے توں بھلا چاہندا ہیں تاں بندہ بنکے بندیاں والے کم کر تے اس پرماتماں توں ڈر
جے توں سکھ ہیں تاں صدق رکھ صبر سنتوکھ کرکے جِنا ہو سکدا توں اوناں وشواش کر..

ਕਿਰਤੀ ਕਿਸਾਨ ਅੰਦੋਲਨ

ਇਹ ਧਰਮੀਂ ਹਨ, ਕਿਰਤੀ ਹਨ ਜੋ ਸਾਰੇ ਰਲ ਬੈਠੇ ਕਿਰਸਾਨ,
ਇਨ੍ਹਾਂ ਨੂੰ ਅੱਤਿਵਾਦੀ ਵੱਖਵਾਦੀ ਕਹਿਣ ਵਾਲੇ ਕੌਣ ਨੇ।
ਜੋਹੜੇ ਜ਼ੁਲਮੀਂ ਨੂੰ ਜ਼ਾਲਮ ਕਹਿਣ ਦੀ ਜ਼ੁਰਤ ਰੱਖਦੇ ਨੇਂ ਲੋਗ
ਇਨ੍ਹਾਂ ਤੇ ਬੇਵਜ੍ਹਾ ਬੇਅਰਥ ਊਜਾਂ ਲਾਉਂਣ ਵਾਲੇ ਕੌਣ ਨੇਂ।
ਦਸਾਂ ਨੌਹਾਂ ਦੀ ਕਿਰਤ ਕਰਦੇ ਨੇਂ, ਜੋ ਰੱਬ ਦੇ ਆਸਰੇ ਬੈਠੇ,
ਇਹ ਸੱਚੇਪਾਤਸ਼ਾਹ ਦਿਆਂ ਰੰਗਾਂ ਉੱਤੇ ਵਿਸ਼ਵਾਸ਼ ਕਰਦੇ ਨੇ।
ਮਿਟੀ ਨਾਲ ਮਿਟੀ ਹੁੰਦੇ ਵੀ ਰਹਿੰਦੇ ਹੁਕਮ ਦੇ ਅੰਦਰ,
ਕੱਕਰੀ ਰਾਤ ਵਿਚ ਫਸਲਾਂ ਸਿੰਜਦਿਆਂ ਵੀ ਅਰਦਾਸ ਕਰਦੇ ਨੇਂ।
ਖੇਤੀ ਕਿਤਾ ਹੀ ਨਹੀਂ ਇਹ ਤਾਂ ਇਕ ਜੀਵਨ ਜੁਗਤ ਹੈ,
ਖੇਤੀ ਹੀ ਜੱਟ ਦਾ ਧਰਮ ਹੈ ਖੇਤ ਖੇਤੀ ਹੀ ਜੱਟ ਦਾ ਸੰਸਾਰ ਹੈ।
ਖੇਤਾਂ ਵਿਚ ਜੱਟ ਸਰਦਾਰ ਹੈ, ਖੇਤਾਂ ਨਾਲ ਜੱਟ ਦਾ ਪਿਆਰ ਹੈ,
ਆਤਮਨਿਰਭਰ ਸੁਖ ਹੈ, ਖੇਤੀ ਇਕ ਸੱਭਿਆਚਾਰ ਹੈ।
ਜੱਟ ਰਾਮ ਵੀ ਰਹੀਮ ਵੀ, ਕਿਰਤੀ ਕਰਮ ਕਰੀਮ ਵੀ,
ਹਿੰਦੂ ਮੁਸਲਮ ਸਿਖ ਕਰਿਸਚਿਅਨ ਆਖਕੇ ਵੰਡਦੇ ਨੇਂ ਜਿਨ੍ਹਾਂ ਨੂੰ।
ਰੱਬ ਦੇ ਬੰਦੇ ਨੇ ਸਾਰੇ, ਸ਼ੁਕਰ ਕਰਦੇ ਨੇਂ ਇਹ ਹਰ ਪਲ,
ਧਰਮਾਂ ਦੇ ਪਾ ਕੇ ਕਿਆਰੇ ਸਿਆਸਤਦਾਨ ਛੰਡਦੇ ਨੇਂ ਜਿਨ੍ਹਾਂ ਨੂੰ।
ਵੱਟਾਂ ਦਾ ਝਗੜਾ ਹੈ ਜੱਟਾਂ ਦਾ ਧਰਮ ਦਾ ਝਗੜਾ ਨਹੀਂ,
ਮੰਦਰ ਮਸਜਦ ਗੁਰੂਦੁਆਰੇ ਸਭ ਇਕੋ ਜੇਹੇ ਨੇ ਧਰਮਅਸਥਾਨ।
ਜਨਮਦਾਤੀ, ਮਾਤਬੋਲੀ ਤੇ ਤੀਜੀ ਮਾਂ ਜਮੀਨ ਜੱਟ ਦੀ,
ਸਾਂਝੀ ਮਾਂ ਮਿਟੀ ਨੂੰ ਕਿਸ ਤਰਾਂ ਵੰਡ ਸਕਦੇ ਨੇਂ ਸਿਆਸਤਦਾਨ।
ਧਰਤੀ ਅਗਨ ਹਵਾ ਤੇ ਪਾਣੀ ਨਾਲ ਬਣੇ ਹਰ ਇਕ ਆਕਾਰ,
ਜੱਟ ਦੀ ਜੱਦੀ ਜਾਇਦਾਤ ਹਨ ਇਹ ਸਾਰੇ ਚਾਰਾਂ ਦੇ ਚਾਰ।
ਪੈਸਿਆਂ ਨਾਲ ਵਿਓਪਾਰੀ ਜੇਕਰ ਤੱਤ ਜੱਟ ਦੇ ਖੋਹਵੇ,
ਮਰਦਾ ਕੀ ਨਹੀਂ ਕਰਦਾ ਅੱਜ ਜੱਟ ਹੈ ਲੜਨ ਮਰਨ ਨੂੰ ਤਿਆਰ।
ਘੱਟੋ ਘੱਟ ਕੀਮਤ ਵੀ ਜੇਕਰ ਮੰਗਣਾ ਇਕ ਬਗਾਵਤ ਹੈ,
ਤਾਂ ਫਿਰ ਇਸ ਬਗਾਵਤ ਨੂੰ ਸੁੱਨਣ ਕਰਨਾਂ ਚਾਹੁੰਦਾ ਨਮਸਕਾਰ।
ਖਾਲਸਾ ਇਕ ਕੌਮ ਨਹੀਂ ਹੈ ਸਭ ਧਰਮਾਂ ਦਾ ਪਰਚਾ ਹੈ,
ਜ਼ੁਲਮ ਨਾਲ ਟਕਰਾਉਣ ਵਾਸਤੇ ਖਾਲਸਾ ਤਿਆਰ ਬਰ ਤਿਆਰ।
ਕਰਤਾਪੁਰਖ ਵਿਧਾਤੇ ਉੱਪਰ ਬੱਸ ਰੱਖਿਓ ਪੂਰਣ ਵਿਸ਼ਵਾਸ,
ਦੁਨੀਆਂ ਦੀ ਕੇਹੜੀ ਤਾਕਤ ਹੈ ਜੋ ਸੱਚ ਦੇ ਸਾਹਵੇਂ ਖੜ੍ਹ ਜਾਵੇ।
ਡੋਲਣ ਤੋਂ ਹੱਥ ਦੇ ਕੇ ਰੱਖੂ ਦਾਤਾ ਸੱਚ ਦੇ ਪਾਂਧੀਆਂ ਨੂੰ,
ਅੜੀਅਲ ਜੇ ਕਿਤੇ ਅੜ ਜਾਵੇ ਉਹ ਸੱਚ ਦੇ ਸਾਹਮਣੇ ਝੜ ਜਾਵੇ।

کرتی کسان اندولن

ایہہ دھرمیں ہن، کرتی ہن جو سارے رل بیٹھے کرسان،
ایہناں نوں ات وادی وکھ وادی کہن والے کون نیں
جیہڑے ظلمی نوں ظالم کہن دی جُرت رکھدے نیں لوگ
ایہناں تے بے وجہ بے ارتھ اوجاں لاؤن والے کون نیں
دساں نوہاں دی کرت کردے نیں، جو ربّ دے آسرے بیٹھے
ایہہ سچے پاتشاہ دیاں رنگاں اتے وشواش کردے نیں
مٹی نال مٹی بندے وی رہندے حکم دے اندر
ککری رات وچ فصلاں سنجدیاں وی ارداس کردے نیں
کھیتی کتا ہی نہیں ایہہ تاں اک جیون جگت ہے،
کھیتی ہی جٹّ دا دھرم ہے کھیت کھیتی ہی جٹّ دا سنسار ہے۔
کھیتاں وچ جٹّ سردار ہے، کھیتاں نال جٹّ دا پیار ہے،
آتم نربھر سکھ ہے، کھیتی اک سبھیاچار ہے۔
جٹّ رام وی رحیم وی، کرتی کرم کریم وی،
ہندو مسلم سکھ کرسچئن آکھکے ونڈدے نیں جنہاں نوں۔
ربّ دے بندے نے سارے، شکر کردے نیں ایہہ ہر پل،
دھرماں دے پا کے کیارے سیاستدان چھنڈدے نیں جیہناں نوں
وٹاں دا جھگڑا ہے جٹاں دا دھرم دا جھگڑا نہیں
مندر مسجد گرودوارے سبھ اکو جیہے نے دھرم ستھان
جنم داتی، ماتبولی تے تیجی ماں زمین جٹّ دی،
سانجھی ماں مٹی نوں کس طرحاں ونڈ سکدے نیں سیاستدان۔
دھرتی اگن ہوا تے پانی نال بنے ہر اک آکار،
جٹّ دی جدی جائیدات ہن ایہہ سارے چاراں دے چار۔
پیسیاں نال ویپاری جیکر تتّ جٹّ دے کھوہوے،
مردا کیہ نہیں کردا اج جٹّ ہے لڑن مرن نوں تیار
گھٹو گھٹّ قیمت وی جیکر منگناں اک بغاوت ہے،
تاں پھر اس بغاوت نوں سنڑ کرناں چاہندا نمسکار۔
خالصہ اک قوم نہیں ہے سبھ دھرماں دا پرچہ ہے،
ظلم نال ٹکراؤن واسطے خالصہ تیار بر تیار۔
کرتاپرکھ ودھاتے اپر بسّ رکھ؟؟ پورن وشواش،
دنیا دی کیہڑی طاقت ہے جو سچ دے ساہویں کھڑ جاوے۔
ڈولن توں ہتھ دے کے رکھو داتا سچ دے پاندھیاں نوں،
اڑیئل جے کتے اڑ جاوے اوہ سچ دے ساہمنے جھڑ جاوے۔

ਖਾਲਸਾ ਤਿਆਰ ਬਰ ਤਿਆਰ

ਸਿਖ ਬਖ਼ੀਹਾ ਬਾਣੀਂ ਗਾਵੇ ਤੁਤਕੇ ਉੱਠ ਕੇ ਹੋ ਕੇ ਤਿਆਰ,
ਹਾਜ਼ਰ ਨਾਜ਼ਰ ਗੁਰੂ ਹੈ ਬਾਣੀ ਗੁਰਬਾਣੀ ਹੈ ਪਰਵਦਗਾਰ।
ਗੀਤ ਇਲਾਹੀ ਹੈ ਗੁਰਬਾਣੀ ਕਰਤਾਰ ਕਹੋ ਜਾਂ ਨਿਰੰਕਾਰ,
ਸਰਬ ਸੁਖਾਂ ਦੀ ਖਾਣੀਂ ਬਾਣੀ ਸਿਖ ਦਾ ਹੈ ਦਾਤਾ ਦਾਤਾਰ।
ਸਿਖ ਵੇਦੀ ਗੁਰੂ ਨਾਨਕ ਆਖੇ, ਚਾਰੋਂ ਵੇਦ ਹੋਇ ਸਚਿਆਰ,
ਜਿਥੇ ਵੇਦ ਪੁਰਾਣ ਹਾਰੇ, ਓਥੇ ਸੁੰਞੀ ਖਿਚ ਲੈਂਦੇ ਤਲਵਾਰ।
ਸ਼ਸਤਰ ਸ਼ਾਸਤਰ ਧਰਮ ਹੈ, ਫਰਕ ਨਹੀਂ ਦੋਹਾਂ ਵਿਚਕਾਰ,
ਸਮਝ ਨਹੀਂ ਲੱਗਾ ਦੁਨੀਆਂ ਨੂੰ ਸਿਖ ਸਿਖੀ ਦਾ ਕਿਰਦਾਰ।
ਗੁਰਬਾਣੀ ਹੈ ਸਰਬਧਰਮ, ਹਿੰਦੂ ਮੁਸਲਮ ਸਾਂਝਾ ਪਿਆਰ,
ਜੰਮਣ ਮਰਨ ਹੁਕਮ ਦੇ ਵਿਚ ਹੈ, ਭਾਣੇਂ ਦੇ ਵਿਚ ਹੈ ਸੰਸਾਰ।
ਜੀਵਨ ਧਰਮਯੁੱਧ ਹੈ ਸਿਖ ਦਾ ਇਕ ਸਮਾਨ ਜਿਤ ਤੇ ਹਾਰ,
ਹਰ ਮੈਦਾਨ ਫਤਿਹ ਸਿਖ ਦੀ ਫਰਕ ਨਹੀਂ ਆਰ ਜਾਂ ਪਾਰ।
ਦਸਮ ਪਿਤਾ ਦਾ ਹਰ ਪੁੱਤ ਰਾਜਾ ਹਰ ਸਿਖ ਪੂਰਣ ਸਰਦਾਰ,
ਮੌਤ ਵੀ ਘੋਤੀ ਬਣੇਂ ਜਿਨ੍ਹਾਂਦੀ ਵੱਖਰੇ ਨੇ ਇਹ ਘੋਤਸਵਾਰ।
ਹੱਕਾਂ ਦੀ ਉਗਰਾਹੀ ਕਰਦੇ ਝੂਠ ਦਾ ਨਹੀਂ ਕਰਦੇ ਵਿਓਪਾਰ,
ਜੋ ਅੜਦਾ ਸੋ ਝੜ ਜਾਂਦਾ ਹੈ ਅੜੀ ਕਰੂ ਕੇਹੜੀ ਸਰਕਾਰ।
ਦੁਖ ਸੁਖ ਦੇਵੇਂ ਕੱਪੜੇ ਜਿਸਦੇ ਪਾਉਂਦਾ ਲਾਹੁੰਦਾ ਨਾਲ ਪਿਆਰ,
ਰੁੱਤਾਂ ਆਉਂਦੀਆਂ ਜਾਂਦੀਆਂ ਪਰ ਸਿਖ ਹੈ ਸਦਾ ਬਹਾਰ।
ਸਿਖ ਖਤਰੇ ਤੋਂ ਨਹੀਂ ਘਬਰਾਉਂਦਾ ਹਰ ਵੈਰੀ ਨੂੰ ਦੇਵੇ ਲਲਕਾਰ,
ਕਮਰਕੱਸਾ ਬੰਨਿਆਂ ਖਾਲਸਾ ਤਿਆਰ ਬਰ ਤਿਆਰ।
ਸਿਖਾਂ ਦੇ ਨਾਲ ਪੰਚਾ ਪਾ ਕੇ, ਕਿਨਾਂ ਚਿਰ ਕੱਢੂ ਸਰਕਾਰ,
ਜੱਟ ਬੁੱਧੀ ਹੈ ਸਾਡੀ ਭਾਵੇਂ ਪਰ ਹਰ ਮਦਾਨ ਸਾਡੀ ਜੈ ਜੈ ਕਾਰ।

خالصہ تیار بر تیار

سکھ بیبہا بانیں گاوے تھڑکے اٹھ کے ہو کے تیار،
حاضر ناظر گورو ہے بانی گربانی ہے پرودگار۔
گیت الٰہی ہے گربانی کرتار کہو جاں نرنکار،
سرب سکھاں دی کھانیں بانی سکھ دا ہے داتا داتار۔
سکھ ویدی گورو نانک آکھے، چاروں وید ہوئِ سچیار،
جتھے وید پران ہارے، اوتھے سھوڈھی کھچ لیندے تلوار۔
شستر شاستر دھرم ہے، فرق نہیں دوہاں وچکار،
سمجھ نہیں لگا دنیاں نوں سکھ سکھی دا کردار۔
گربانیں ہے سربدھرم، ہندو مسلم سانجھا پیار،
جمن مرن حکم دے وچ ہے، بھانیں دے وچ ہے سنسار۔
جیون ہرم یدھ ہے سکھ دا اک سامان جت تے ہار،
ہر میدان فتح سکھ دی فرق نہیں آر جاں پار۔
دسم پتا دا ہر پتّ راجا ہر سکھ پورن سردار،
موت وی گھوڑی بنیں جنھاندی وکھرے نے ایہہ گھوڑسوار۔
حقاں دی اگراہی کردے جھوٹھ دا نہیں کردے وِ؟؟پار،
جو اڑدا سو جھڑ جاندا ہے اڑی کرو کیہڑی سرکار۔
دکھ سکھ دیویں کپڑے جسدے پاؤندا لاہندا نال پیار،
رتاں آؤندیاں جاندیاں پر سکھ ہے سدا بہار۔
سکھ خطرے توں نہیں گھبراؤندا ہر ویری نوں دیوے للکار،
کمرکسا بنیاں خالصہ تیار بر تیار۔
سکھاں دے نال پیچہ پا کے، کناں چر کڈھو سرکار،
جتّ بدھی ہے ساڈی بھاویں پر ہر مدان ساڈی جے جے کار۔

ਜੈ ਜਵਾਨ ਜੈ ਕਿਸਾਨ

ਰਾਸ਼ਟਰਵਾਦੀ ਨਾਹਰਾ ਹੈ ਇਹ, ਜੈ ਜਵਾਨ ਜੈ ਕਿਸਾਨ,
ਹਰ ਭਾਰਤੀ ਗਾਉਂਦਾ ਫਿਰਦਾ ਮੇਰਾ ਭਾਰਤ ਦੇਸ਼ ਮਹਾਨ।
ਗੁਰੂ ਖਾਲਸਾ ਅੱਜ ਹਿੰਦੂਆਂ ਨੂੰ ਦੁਸ਼ਮਣ ਲੱਗ ਰਿਹਾ ਹੈ,
ਗੁਰੂ ਗੋਬਿੰਦ ਸਿੰਘ ਜੇ ਨਾ ਹੁੰਦੇ ਹਰ ਹਿੰਦੂ ਸੀ ਮੁਸਲਮਾਨ।
ਕਦੇ ਆਜ਼ਾਦੀ ਹੀ ਨਾ ਮਿਲਦੀ ਰਹਿੰਦੀ ਸਦਾ ਗੁਲਾਮੀ,
ਸਿਖ ਕੌਮ ਜੇ ਬਾਂਹ ਨਾ ਫੜਦੀ ਜੇਕਰ ਨਾ ਦਿੰਦੀ ਬਲੀਦਾਨ।
ਹਿੰਦੂਆਂ ਦੀ ਹਰ ਇਕ ਧੀ ਨੂੰ ਚੁੱਕ ਗਜਨਵੀ ਲੈ ਜਾਂਦੇ,
ਪੰਜਾਬ ਚੋਂ ਲੰਘਣ ਲੱਗਿਆਂ ਜੋ ਸਿਖ ਨਾ ਲੈਂਦੇ ਇਮਤਿਹਾਨ।
ਗੁਰਬਾਣੀ ਵਿਚ ਨਾਨਕ ਨੇ ਹਿੰਦੂ ਧਰਮ ਨੂੰ ਸਾਂਭ ਲਿਆ,
ਵੇਦ ਪੁਰਾਣ ਉਪਨਿਸ਼ਦ ਸਾਰੇ ਹੀ ਠੱਪ ਗਿਆ ਸੀ ਕੁਰਾਨ।
ਹਿੰਦੂ ਰਾਸ਼ਟਰਵਾਦੀ ਨੇ ਸਭ ਜੋਹੜੇ ਆਖਣ ਹਿੰਦੁਸਤਾਨ,
ਸਿਖ ਕਿਵੇਂ ਅੱਤਿਵਾਦੀ ਹੋਇਆ ਜੋ ਕਹਿ ਬੈਠੇ ਖਾਲਸਤਾਨ।
ਦੇਸ਼ ਭਗਤ ਪੰਜਾਬੀ ਫੌਜਾਂ ਵਿਚ ਭਰਤੀ ਹੋ ਕੇ ਲੜਦੇ ਮਰਦੇ,
ਕਦੇ ਵੀ ਹਿੰਦੂ ਜੰਗ ਨਾ ਜਿਤਦੇ ਜੇ ਨਾ ਹੁੰਦੇ ਸਿਖ ਜਵਾਨ।
ਧਰਮ ਕਰਮ ਸਬਰ ਸੰਤੋਖ ਸਹਿਜ ਸਿਮਰਣ ਜੋ ਦੱਸੇ,
ਦੱਸੋ ਕੌਣ ਹੋਇਆ ਦੁਨੀਆਂ ਵਿਚ ਨਾਨਕ ਤੋਂ ਵੱਢਾ ਵਿਦਵਾਨ।
ਹਲ ਵਾਹਿਆ ਪਾਣੀਂ ਵੀ ਲਾਇਆ ਹੱਥੀਂ ਖੇਤੀ ਕੀਤੀ,
ਕਿਰਤ ਕਰਨ ਦੀ ਜਾਚ ਸਿਖਾਵੇ ਨਾਨਕ ਖੁਦ ਬਣਕੇ ਕਿਰਸਾਨ।
ਦੁਨੀਆਂ ਨੂੰ ਭੋਜਨ ਦੇਵੇ ਜੋ ਅੰਨਦਾਤਾ ਕਹਿੰਦੇ ਉਸਨੂੰ,
ਅੱਜ ਦੇ ਰਾਜੇ ਜ਼ਿਦ ਕਰਦੇ ਸੋਚਣ ਕਿਰਸਾਨੀ ਦੀ ਬਲੀ ਚੜ੍ਹਾਣ।
ਪਾਪਾਂ ਦਾ ਇਹ ਮਟਕਾ ਭਰ ਕੇ ਫਟਣ ਕਿਨਾਰੇ ਪਹੁੰਚ ਗਿਆ,
ਪਰ ਝੂਠੇ ਮੂਠੇ ਨਾਹਰੇ ਲਾਉਂਦੇ ਜੈ ਜਵਾਨ ਜੈ ਕਿਸਾਨ।
ਕਿਰਸਾਣੀ ਜੇ ਮਾਰ ਮੁਕਾਤੀ ਤਾਂ ਸਭ ਨੇ ਹੀ ਮਰ ਜਾਣਾਂ,
ਜੇ ਸੂਰਜ ਠੰਢਾ ਹੋ ਗਿਆ ਤਾਂ ਇਕ ਨਹੀਂ ਬਚਣਾਂ ਇਨਸਾਨ।

جے جوان جے کسان

راشٹروادی نعرہ ہے ایہہ، جے جوان جے کسان،
ہر بھارتی گاؤندا پھردا میرا بھارت دیش مہان۔
گورو خالصہ اج ہندواں نوں دشمن لگّ رہا ہے،
گورو گوبند سنگھ جے ناں ہندے ہر ہندو سی مسلمان۔
کدے آزادی ہی ناں ملدی رہندی سدا گلامیں،
سکھ قوم جے بانہہ ناں پھڑدی جیکر نہ دندی بلیدان۔
ہندواں دی ہر اک دھی نوں چکّ غزنوی لے جاندے،
پنجاب چوں لنگھن لگیاں جے سکھ نہ لیندے امتحان۔
گربانیں وچ نانک نے ہندو دھرم نوں سانبھ لیا،
وید پران اپنشد سارے ہی ٹھپّ گیا سی قرآن۔
ہندو راشٹروادی نے سبھ جیہڑے آکھن ہندوستان،
سکھ کویں اتوادی ہویا جو کہہ بیٹھے کھالستان۔
دیش بھگت پنجابی فوجاں وچ بھرتی ہو کے لڑدے مردے،
کدے وی ہندو جنگ ناں جتدے جے ناں ہندے سکھ جوان۔
دھرم کرم صبر سنتوکھ سہج سمرن جو دسے،
دسو کون ہویا دنیاں وچ نانک توں وڈّھا ودوان۔
حل واہیا پانیں وی لایا ہتھیں کھیتی کیتی،
کرت کرن دی جاچ سکھاوے نانک خود بنکے کرسان۔
دنیاں نوں بھوجن دیوے جو انداتا کہندے اسنوں،
اج دے راجے ضد کردے سوچن کرسانی دی بلی چڑھان۔
پاپاں دا ایہہ مٹکا بھر کے پھٹن کنارے پہنچ گیا،
پر جھوٹھے موٹھے نعرے لاؤندے جے جوان جے کسان۔
کرسانی جے مار مکاتی ناں سبھ نے ہی مر جاناں،
جے سورز ٹھنڈھا ہو گیا ناں اک نہیں بچناں انسان۔

ਗੁਰਪੁਰਬ

ਦਿਲੀ ਦੀਆਂ ਸੜਕਾਂ ਤੇ ਬਹਿਕੇ, ਇਸ ਵਾਰੀ ਗੁਰਪੁਰਬ ਮਨਾਇਆ।
ਇਟਾਂ ਚਿਣਕੇ ਚੁੱਲਿਆਂ ਉੱਤੇ ਅੰਨਪਾਣੀ ਸਭ ਰਲਕੇ ਬਣਵਾਇਆ।
ਗੁਰੂ ਕਾ ਲੰਗਰ ਸੀ ਜੋ ਛਕਿਆ ਪੁਲਸੀਆਂ ਨੂੰ ਵੀ ਨਾਲ ਛਕਾਇਆ।
ਜੀ ਟੀ ਰੋਡ ਤੇ ਕੀਰਤਨ ਕੀਤਾ ਸ਼ਬਦ ਗੁਰੂ ਦਾ ਬਹਿ ਕੇ ਗਾਇਆ।
ਰੱਬ ਰੱਬ ਕਰਦਿਆਂ ਰਾਤਾਂ ਲੰਘੀਆਂ ਦਿਨਾਂ ਨੂੰ ਭਾਣੇ ਵਿਚ ਲੰਘਾਇਆ।
ਸਾਰੇ ਦੇਸ਼ ਦੇ ਅੰਨਦਾਤੇ ਨੂੰ ਸਰਕਾਰ ਨੇ ਕਿਸ ਚੱਕਰ ਵਿਚ ਪਾਇਆ।
ਸਮਝ ਨਹੀਂ ਖੇਤੀ ਦੀ ਬਿਲਕੁਲ ਜਿਨ੍ਹਾਂ ਖੇਤੀ ਦਾ ਕਾਨੂੰਨ ਬਣਾਇਆ।
ਜੱਟ ਕੋਲੋਂ ਖੋਹ ਕੇ ਸਭ ਮੁਨਾਫਾ ਸ਼ਾਹੂਕਾਰਾਂ ਦੀ ਝੋਲੀ ਵਿਚ ਪਾਇਆ।
ਦੁਖ ਸੁਖ ਦੇ ਸਾਥੀ ਆੜਤੀਆਂ ਨੂੰ ਪਤਾ ਨਹੀਂ ਕਿਉਂ ਪਾਸੇ ਲਾਇਆ।
ਘੱਟੋ ਘੱਟ ਕੀਮਤ ਦਾ ਇਸ ਕਾਨੂੰਨ ਚ' ਕਿਧਰੇ ਜ਼ਿਕਰ ਨਾ ਆਇਆ।
ਜੱਟ ਕਚੈਹਰੀ ਨਹੀਂ ਜਾ ਸਕਦਾ ਕਿਸ ਕਾਨੂੰਨ ਅਧੀਨ ਲਿਖਵਾਇਆ।
ਜੇ ਸਰਕਾਰ ਖਰੀਦ ਨਹੀਂ ਕਰਦੀ ਤਾਂ ਲੜ ਪੱਲਾ ਨਾਂ ਕਿਸੇ ਫੜਾਇਆ।
ਸੱਟ ਵੱਜੀ ਤਾਂਹੀ ਰੋਣ ਨਕਿਲਿਆ ਹਾਰਕੇ ਜੱਟ ਦਿਲੀ ਵੱਲ ਧਾਇਆ।
ਆਪਣੇ ਦੇਸ਼ ਦੀ ਰਾਜਧਾਨੀ ਦਾ ਜ਼ਾਲਮ ਸਰਕਾਰ ਰਾਹ ਰੁਕਵਾਇਆ।
ਛੱਡੇ ਅੱਥਰੂ ਗੈਸ ਦੇ ਗੋਲੇ ਜਲ ਤੋਪਾਂ ਨਾਲ ਠੰਢਾ ਪਾਣੀ ਵਰ੍ਹਾਇਆ।
ਲਾਠੀ ਚਾਰਜ਼ ਕਰਕੇ ਸਭ ਤੇ ਜਿਮੀਂਦਾਰਾਂ ਦਾ ਸਿਦਕ ਅਜ਼ਮਾਇਆ।
ਦੁਨੀਆਂ ਸਭ ਹੈਰਾਨ ਹੈ ਜੱਟ ਨੂੰ ਅਜੇ ਤੀਕਰ ਗੁੱਸਾ ਨਹੀਂ ਆਇਆ।
ਦਿਲੀ ਦੀ ਸਰਕਾਰੇ ਫਿਰ ਨਾਂ ਆਖਿਓ ਕਿਸੇ ਨੇਂ ਨਹੀਂ ਸਮਝਾਇਆ।
ਭਾਜੀ ਮੁੜ੍ਹਗੀ ਪੂਰੀ ਗ਼ਲਤ ਜਗ੍ਹਾ ਤੇ ਗਿਆ ਤੁਹਾਥੋਂ ਹੱਥ ਪਾਇਆ।
ਜੱਟਾਂ ਦਿਆਂ ਰਾਹਾਂ ਵਿਚ ਵੱਟਾਂ ਪਾਉਣ ਦਾ ਜੋ ਤੁਸੀਂ ਮਤਾ ਪਕਾਇਆ।
ਫਿਰ ਉਦੋਂ ਪਤਾ ਲੱਗਣਾ ਸਰਕਾਰੇ ਜਦ ਤੁਹਾਨੂੰ ਵੱਟੇ ਵੱਟ ਪਾਇਆ।

گُر پُرب

دلی دیاں سڑکاں تے بہکے، اس واری گرپرب منایا۔
اٹاں چنکے چلیاں اتے انپانی سبھ رل کے بنوایا۔
گورو کا لنگر سی جو چھکیاں پلسیاں نوں وی نال چھکایا۔
جی ٹی روڑ تے کیرتن کیتا شبد گورو دا بہہ کے گایا۔
ربّ ربّ کردیاں راتاں لنگھیاں دناں نوں بھانیں وچ لنگھایا۔
سارے دیش دے اندااتے نوں سرکار نے کس چکر وچ پایا۔
سمجھ نہیں کھیتی دی بالکل جنھاں کھیتی دا قانون بنایا۔
جٹّ کولوں کھوہ کے سبھ منافع شاہوکاراں دی جھولی وچ پایا۔
دکھ سکھ دے ساتھی آڑتیاں نوں پتہ نہیں کیوں پاسے لایا۔
گھٹو گھٹّ قیمت دا اس قانون چ' کدھرے ذکر ناں آیا۔
جٹّ کچیہری نہیں جا سکدا کس قانون ادھین لکھوایا۔
جے سرکار خرید نہیں کردی تاں لڑ پلہ ناں کسے پھڑایا۔
سٹّ وجی تانہی رون نکلیا ہارکے جٹّ دلی ول دھایا۔
اپنے دیش دی راجدھانی دا ظالم سرکار راہ رکوایا۔
چھڈے اتھرو گیس دے گولے جل توپاں نال ٹھنڈھا پانی ورھایا۔
لاٹھی چارز کرکے سبھ تے ذمینداراں دا صدق ازمایا۔
دنیاں سبھ حیران ہے جٹّ نوں اجے تیکر غصہ نہیں آیا۔
دلی دی سرکارے پھر ناں آکھیا کسے نیں نہیں سمجھایا۔
بھاجی مڑوگی پوری غلط جگہ تے گیا تہاتھوں ہتھ پایا۔
جٹاں دیاں راہاں وچ وٹاں پاؤن دا جو تسیں متا پکایا۔
پھر ادوں پتہ لگناں سرکارے جد تہانوں وٹے وٹّ پایا۔

ਇਲਫਾਜ਼

ਜਿਸ ਗੱਲ ਦੀ ਖੁੱਲ ਕੇ ਦੰਦ ਕਥਿਆ ਹੋ ਚੁੱਕੀ,
ਉਹ ਤਾਂ ਹੁਣ ਕਹਾਣੀ ਹੈ, ਉਹ ਰਾਜ਼ ਨਹੀਂ ਹੈ।
ਜਿਸ ਤੁੰਬੀ ਦੀ ਤਾਰ ਥਿਆਉਂਦੀ ਨਹੀਂ ਕਿਧਰੇ,
ਹੋਰ ਜੋ ਮਰਜ਼ੀ ਹੋ ਸਕਦਾ ਉਹ ਸਾਜ਼ ਨਹੀਂ ਹੈ।
ਮੌਤ ਬਾਅਦ ਤਾਂ ਮੂੰਡਿਆਂ ਤੇ ਚੜ੍ਹ ਜਾਂਦੇ ਲੋਕ,
ਜਿਉਂਦੇ ਦੀ ਗੱਲ ਸੁਣਨ ਦਾ ਰਿਵਾਜ਼ ਨਹੀਂ ਹੈ।
ਉਮਰ ਬਿਤਾਤੀ ਘਰ ਪਰਵਾਰ ਬਣਾਵੰਦਿਆਂ,
ਤੇਰੇ ਨਾਂ ਦੀ ਉਸ ਘਰ ਵਿਚ ਆਵਾਜ਼ ਨਹੀਂ ਹੈ।
ਉਡਿਆ ਫਿਰਦਾ ਸੀ ਤੂੰ ਸੱਤ ਅਸਮਾਨਾਂ ਵਿਚ,
ਖੰਬਾਂ ਦੇ ਬਾਹਜੋਂ ਅੱਜ ਤੇਰੀ ਪਰਵਾਜ਼ ਨਹੀਂ ਹੈ।
ਝਗੜੇ ਨੋਕਾ ਟੋਕੀ ਖਤਮ ਹੋਇਆ ਸਭ ਕੁਝ,
ਅੱਜ ਤੇਰੇ ਨਾਲ ਟੱਬਰ ਹੁਣ ਨਾਰਾਜ਼ ਨਹੀਂ ਹੈ।
ਇਕ ਦਿਨ ਸਿਰ ਤੇ ਚੁੱਕੀ ਫਿਰਦਾ ਸੀ ਜੇਹੜਾ,
ਉਸ ਦੀ ਕੀ ਪਹਿਚਾਣ ਜਿਸਤੇ ਤਾਜ ਨਹੀਂ ਹੈ।
ਤੂੰ ਤਾਂ ਸੁੱਨਤਾ ਭਾਸ਼ਣ ਲੈਕਚਰ ਕਰਦਾ ਸੀ,
ਬੋਲਣ ਨੂੰ ਤੇਰੇ ਮੂੰਹ ਵਿਚ ਇਲਫਾਜ਼ ਨਹੀਂ ਹੈ।

الفاظ

جس گلّ دی کھل کے دند کتھیا ہو چکی،
اوہ تاں ہن کہانیں ہے، اوہ راز نہیں ہے۔
جس تومبی دی تار تھیاؤندی نہیں کدھرے،
ہور جو مرضی ہو سکدا اوہ ساز نہیں ہے۔
موت بعد تاں مھوڑیاں تے چڑھ جاندے لوک،
جیوندے دی گلّ سنن دا رواج نہیں ہے۔
عمر بتاتی گھر پروار بناوندیاں،
تیرے ناں دی اس گھر وچ آواز نہیں ہے۔
اڈیا پھردا سی توں ستّ اسماناں وچ،
کھھمباں دے باہجوں اج تیری پرواز نہیں ہے۔
جھگڑے نوکا ٹوکی ختم ہویا سبھ کجھ،
اج تیرے نالّ ٹبر ہن ناراض نہیں ہے۔
اک دن سر تے چکی پھردا سی جیہڑا،
اس دی کی پہچان جستے تاج نہیں ہے۔
توں تاں ستّرا بھاشن لکچر کردا سی،
بولن توں تیرے موتہہ وچ الفاظ نہیں ہے۔

ਮਾਂਗਨ ਨੀਕਾ

ਹਰ ਜੱਸ ਮੰਗਣਾਂ ਆ ਜਾਵੇ ਤਾਂ ਹਰੀ ਵੀ ਨਾਲ ਮਿਲੇਗਾ।
ਕਿਰਨ ਪਹੁੰਚਦੀ ਹੈ ਜਿਸ ਥਾਂਹ, ਸੂਰਜ ਵੀ ਨਾਲ ਚਲੇਗਾ।
ਤੜਕੇ ਉਠ ਅਰਦਾਸ ਕਰ ਅੰਮਰਤ ਵੇਲੇ ਕਰ ਇਸਨਾਨ।
ਪਤ ਤਾਂ ਤਾਹੀਉਂ ਰਹੇਗੀ ਜੇ ਖੁਦ ਰੱਖੇ ਨਿਜਪਤ ਭਗਵਾਨ।
ਭਿਖਿਆ ਮੰਗਣੀਂ ਸਿਖਣੀਂ ਹੈ ਤਾਂ ਪਹਿਲਾਂ ਮੈਂ ਪੁੰਨ ਕਰਦੇ।
ਤੇਰਾ ਤੇਰਾ ਮੰਨਣਾਂ ਹੈ ਤਾਂ ਫਿਰ ਸਿਰ ਚਰਨਾਂ ਵਿਚ ਧਰਦੇ।
ਸੱਤਿਨਾਮ ਕਹਿ ਕੇ ਲੈਅ ਲਾ ਜੋ ਕੁਝ ਵੀ ਤੈਨੂ ਮਿਲ ਜਾਵੇ।
ਬਾਰਸ਼ ਪੈਂਦੀ ਰਹੇ ਜੇਕਰ ਫੁੱਲ ਬੰਜਰ ਵਿਚ ਵੀ ਖਿਲ ਜਾਵੇ।
ਵੱਤ ਸਿਰ ਬੀਜੋਗੇ ਤਾਂ ਜੰਮੂ ਕਰੁੱਤਾ ਬੀਜ ਕਦੇ ਨਹੀਂ ਜੰਮਦਾ।
ਸਮੇਂ ਸਿਰ ਨਾ ਬੀਜਿਆ ਤਾਂ ਨਹੀਂ ਰਹਿੰਦਾ ਕਿਸੇ ਵੀ ਕੰਮਦਾ।
ਫਸਲ ਸਿੰਜਣ ਨੂੰ ਪਾਉਣੇਂ ਪੈਣਗੇ ਵਿਧੀ ਵਿਧਾਨ ਕਿਆਰੇ।
ਜੇਕਰ ਮੰਗਣਾਂ ਸਿਖ ਲਿਆ ਤਾਂ ਫਿਰ ਸਾਰੀ ਉਮਰ ਨਜ਼ਾਰੇ।
ਤਹਿ ਦਿਲ ਤੋਂ ਅਰਦਾਸ ਕਰਾਂ ਮੰਗਣ ਦਾ ਵੱਲ ਸਿਖਾ ਜਾਵੀਂ।
ਦੱਸਣਾਂ ਵਿਚ ਹਰ ਮਿਲ ਜਾਣਾਂ, ਨਾਮ ਦੀ ਭਿਖਿਆ ਪਾ ਜਾਵੀਂ।

مانگن نیکا

ہر جسَ منگناں آ جاوے تاں ہری وی نال ملے گا
کرن پہنچدی ہے جس تھانہ، سورج وی نال چلے گا
تڑکے اٹھ ارداس کر امرت ویلے کر اسنان
پت تاں تاہیوں رہیگی جے خود رکھے نجپت بھگوان
بھکھیا منگنیں سکھنیں ہے تاں پہلاں میں پنّ کردے
تیرا تیرا منناں ہے تاں پھر سر چرناں وچ دھردے
ستنام کہہ کے لے لا جو کجھ وی تینو مل جاوے
بارش پیندی رہے جیکر پھلّ بنجر وچ وی کھل جاوے
وتّ سر بیجوگے تاں جموں کرتا بیج کدے نہیں جمدا
سمیں سر نہ بیجیا تاں نہیں رہندا کسے وی کمدا
فصل سنجن نوں پاؤنیں پینگے ودھی ودھان کیارے
جیکر منگناں سکھ لیا تاں پھر ساری عمر نظارے
تہہ دل توں ارداس کراں منگن دا ولّ سکھا جاویں
دشناں وچ ہر مل جاناں، نام دی بھکھیا پا جاویں

ਅਗਨੀ ਪ੍ਰੀਕਸ਼ਾ

ਮੇਰੀ ਅਗਨੀ ਪ੍ਰੀਕਸ਼ਾ ਲੈਣ ਵਾਲਿਆ, ਮੈਂ ਤੇਰੇ ਖਾਤਰ ਵਣਾਂ ਚ ਝੱਖ ਮਾਰਦੀ ਰਹੀ।
ਤੇਰੇ ਨਾਮ ਨੂੰ ਨਾ ਲੀਕ ਲੱਗ ਜਾਵੇ ਕਿਧਰੇ, ਦਹਿਸਿਰੇ ਰਾਵਣਾਂ ਨੂੰ ਫਟਕਾਰਦੀ ਰਹੀ।
ਤੂੰ ਧਰਮਰਾਜ ਬਣ ਖੇਡਾਂ ਖੇਡਦਾ ਰਿਹਾ, ਮੈਂ ਦਰੋਪਤੀ ਸੀ ਤਾਹੀਓਂ ਤਾਂ ਮੈਂ ਹਾਰਦੀ ਰਹੀ।
ਵੇ ਮੈਂ ਕੁੰਤੀ ਦੀ ਵੰਡ ਮੰਨੀ ਸਾਰੀ ਉਮਰਾ, ਪੰਜਾਂ ਪਾਂਡਵਾਂ ਨੂੰ ਕੱਲੀ ਹੀ ਸਹਾਰਦੀ ਰਹੀ।
ਵੇ ਤੂੰ ਮੱਝਾਂ ਚਾਰੀਆਂ ਦਾ ਫਿਰੇਂ ਕਰਦਾ ਹਸਾਨ, ਤੇਰੇ ਵਾਸਤੇ ਮੈਂ ਕੌਰਮੋਂ ਨੂੰ ਚਾਰਦੀ ਰਹੀ।
ਤੇਰੀ ਗੱਲ ਤੇ ਯਕੀਨ ਕਰ ਬੈਠੀ ਇਕ ਰਾਤ, ਮਾਰੂਥਲਾ ਵਿਚ ਨੰਗੇ ਪੈਰ ਸਾੜਦੀ ਰਹੀ।
ਮੈਂ ਅੱਗ ਹਾਂ ਤਾਂ ਸੜਨਾਂ ਤਾਂ ਪਵੇਗਾ ਹੀ ਮੈਨੂੰ, ਭਾਣਾ ਮੰਨ ਕੇ ਮੈਂ ਸੋਚਦੀ ਵਿਚਾਰਦੀ ਰਹੀ।
ਪਰ ਅੱਗ ਜੇ ਨਾ ਹੁੰਦੀ ਤੂੰ ਵੀ ਨਹੀਂ ਸਿਗਾ ਹੋਣਾਂ, ਤੇਰੇ ਵਾਸਤੇ ਮੈਂ ਅੱਗ ਨੂੰ ਸ਼ਿੰਗਾਰਦੀ ਰਹੀ।
ਵਹਿੰਦਾ ਰਿਹਾ ਦਰਿਆ ਦੋਵੇਂ ਕੰਢੇ ਦਰਿਆ ਦੇ, ਮੈਂ ਧਰਤੀ ਨਾ ਆਰ ਦੀ ਨਾ ਪਾਰ ਦੀ ਰਹੀ।
ਮੈਨੂੰ ਦੱਸ ਤਾਂ ਤੂੰ ਦਿੰਦਾ ਕਿ ਖਤਾ ਕੀ ਮੈਂ ਕੀਤੀ, ਤੇਰੀ ਬਣ ਕੇ ਮੈਂ ਉਮਰ ਗੁਜ਼ਾਰਦੀ ਰਹੀ।
ਤੂੰ ਹੈਂ ਰਾਮ ਤੂੰ ਹੈਂ ਰਾਜਾ ਤੂੰ ਧਰਮਰਾਜ ਵੀ ਹੈਂ, ਤੇਰੀ ਜਨਨੀ ਨੂੰ ਦੁਨੀਆਂ ਦੁਰਕਾਰਦੀ ਰਹੀ।
ਮੇਰੀ ਅਗਨੀ ਪ੍ਰੀਕਸ਼ਾ ਲੈਣ ਵਾਲਿਆ, ਮੈਂ ਤੇਰੇ ਖਾਤਰ ਵਣਾਂ ਚ ਝੱਖ ਮਾਰਦੀ ਰਹੀ।

اگنی پریکشا

میری اگنی پریکشا لین والیا، میں تیرے خاطر وناں چ جھکھ ماردی رہی۔
تیرے نام نوں ناں لیک لگّ جاوے کدھرے، دہسرے راوناں نوں پھٹکاردی رہی۔
توں دھرمراج بن کھیڈاں کھیڈدا رہا، میں دروپتی سی تاہیوں تاں میں ہاردی رہی۔
وے میں کنتی دی ونڈ منی ساری عمرہ، پنجاں پانڈواں نوں کلی ہی سنبھاردی رہی۔
وے توں مجھاں چاریاں دا پھریں کردا ہسانن، تیرے واسطے میں کوڑمیں نوں چاردی رہی۔
تیری گلّ تے یقین کر بیٹھی اک رات، ماروتھلاں وچ ننگے پیر ساڑدی رہی۔
میں اگّ ہاں تاں سڑناں تاں پوے گا ہی مینوں، بھاناں منّ کے میں سوچدی وچاردی رہی۔
پر اگّ جے ناں ہندی توں وی نہیں سگا ہوناں، تیرے واسطے میں اگّ نوں شنگاردی رہی۔
وہندا رہا دریا دوویں کنڈھے دریا دے، میں دھرتی ناں آر دی ناں پار دی رہی۔
مینوں دسّ تاں توں دندا کہ خطا کی میں کیتی، تیری بن کے میں عمر گزاردی رہی۔
توں ہیں رام توں ہیں راجا توں دھرمراج وی ہیں، تیری جنیں نوں دنیا درکاردی رہی۔
میری اگنی پریکشا لین والیا، میں تیرے خاطر وناں چ جھکھ ماردی رہی۔

ਸ਼ਬਦ ਗੁਰੂ

ਹੁੰਦਾ ਸ਼ਬਦ ਗੁਰੂ ਨਾ ਪਰਕਾਸ਼ ਜੇਕਰ, ਸਾਰੀ ਦੁਨੀਆਂ ਦੇ ਲੋਕ ਨਮਾਜ਼ ਪੜ੍ਹਦੇ।
ਆਇਤਾਂ ਉੱਨੀਆਂ ਤੇ ਵੰਡਦੇ ਕੁਰਾਨ ਦੀਆਂ, ਵੇਦ ਅਤੇ ਪੁਰਾਣ ਨਾ ਕਿਤੇ ਖੜ੍ਹਦੇ।
ਰਾਮ ਰਾਮ ਨਾ ਜਪਦਾ ਸੰਸਾਰ ਜੇਕਰ, ਬਾਣੀ ਵਿਚ ਨਾ ਗੁਰੂ ਰਾਮ ਨਾਮ ਜੜਦੇ।
ਗੁਰਬਾਣੀ ਵਿਚ ਅੱਲਾ ਤੇ ਰਾਮ ਵੀ ਹੈ, ਦੱਸੋ ਕੌਣ ਲੜਦਾ ਤੇ ਕਿਸ ਨਾਲ ਲੜਦੇ।
ਰਾਮ ਬਾਣੀ ਹੈ ਤੇ ਬਾਣੀ ਰਾਮ ਹੈ ਜੀ, ਬਾਣੀ ਦੱਸਦੀ ਹੈ ਰਾਮ ਰਾਮ ਕਿਵੇਂ ਕਰਨਾ।
ਤੱਤੀ ਤਵੀ ਦਾ ਤੇ ਤੱਤੀ ਰੇਤ ਸਿਰ ਤੇ, ਰਾਮ ਰਾਮ ਕਰਦਿਆਂ ਸੇਕ ਕਿਵੇਂ ਜਰਨਾ।
ਸੀਸ ਵਾਰਕੇ ਕਿਸ ਤਰਾਂ ਧਰਮ ਬਚਦੇ, ਲਵਹਾ ਖੋਪੜੀ ਚਰਖੜੀ ਕਿਵੇਂ ਚੜ੍ਹਨਾ।
ਚਾਰੇ ਪੁੱਤ ਵਾਰੇ ਮਾਤਾ ਪਿਤਾ ਵਾਰੇ, ਚਰਨ ਸ਼ਰਨ ਵਿਚ ਰਾਮ ਦੇ ਹੈ ਕਿਵੇਂ ਖੜ੍ਹਨਾ।
ਨਹੀਂ ਤੇਤੀ ਕਰੋੜ ਚੋਂ ਇਕ ਨਾਨਕ, ਗੁਰੂ ਅੰਗਦ, ਗੁਰੂ ਅਰਜਣ ਨਹੀਂ ਦੇਵ ਲੋਕੋ।
ਨਾਮ ਬਦਲਨਾ ਗੁਰਾਂ ਨੂੰ ਦੇਵ ਕਹਿਣਾਂ, ਇਹ ਨਹੀਂ ਕਦਾਚਿਤ ਗੁਰੂ ਦੀ ਸੇਵ ਲੋਕੋ।
ਨਾ ਅਨਕ ਹੈ ਨਾਨਕ ਤਾਂ ਇਕ ਹੀ ਹੈ, ਰਾਮ ਕਹੋ ਜਾਂ ਕਾਦਰ ਕਰੀਮ ਕਹਿ ਲਓ।
ਦਸ ਰੂਪ ਸਰੂਪ ਪਰ ਇਕੋ ਇਕ ਨਾਨਕ, ਸ਼ਬਦ ਗੁਰੂ ਨੂੰ ਰਾਮ ਰਹੀਮ ਕਹਿ ਲਓ।

شبد گورو

ہوندا شبد گورو نہ پرکاش جیکر، ساری دنیا دے لوک نماز پڑھدے
آئتاں انیاں تے ونڈدے قرآن دیاں، وید اتے پران نہ کتے کھڑدے
رام رام نہ جپدا سنسار جیکر، بانی وچ نہ گورو رام نام جڑدے
گربانی وچ اللہ تے رام وی ہے، دسو کون لڑدا تے کس نال لڑدے
رام بانی ہے تے بانی رام ہے جی، بانیں دسدی ہے رام رام کیویں کرنا
تتی توی دا تے تتی ریت سر تے، رام رام کردیاں سیک کویں جرنا
سیس وارکے کس طرحاں دھرم بچدے، لوہا کھوپڑی چرکھڑی کویں چڑھنا
چارے پٹ وارے ماتا پتا وارے، چرن شرن وچ رام دے ہے کویں کھڑھنا
نہیں تیتی کروڑ چوں اک نانک، گورو انگد، گورو ارجن نہیں دیوَ لوکو
نام بدلنا گراں نوں دیوَ کہناں، ایہہ نہیں کداچت گورو دی سیوَ لوکو
نہ انق ہے نانک تاں اک ہی ہے، رام کہو جاں قادر کریم کہہ لئو
دس روپ سروپ پر اکو اک نانک، شبد گورو نوں رام رحیم کہہ لئو

ਦਰਦ

ਦਿਲ ਦੀ ਸਾਰੀ ਗੱਲ ਸ਼ਬਦਾਂ ਵਿਚ ਕਿਵੇਂ ਹੋਵੇ,
ਸ਼ਬਦ ਨਹੀਂ ਜਾਂਦੇ ਦਰਦ ਜਿਸ ਪਾਰ ਜਾਂਦੇ ਨੇਂ।
ਠੀਕ ਹੈ ਕਿ ਰਿਸ਼ਤਿਆਂ ਵਿਚ ਬਹਿਸ ਜਦ ਹੁੰਦੀ,
ਸ਼ਬਦ ਜਿਤ ਜਾਂਦੇ ਤੇ ਰਿਸ਼ਤੇ ਹਾਰ ਜਾਂਦੇ ਨੇਂ।
ਸਮਝ ਹੈ ਸਭ ਨੂੰ ਕਿ ਕੁਝ ਵੀ ਨਾਲ ਨਹੀਂ ਜਾਣਾਂ,
ਆਖਰੀ ਦਮ ਤੀਕ ਪਰ ਵਿਓਪਾਰ ਜਾਂਦੇ ਨੇਂ।
ਪੰਜਾਂ ਦੂਤਾਂ ਤੋਂ ਭਲਾ ਕੋਹਤਾ ਨਹੀਂ ਵਾਕਿਫ,
ਲੇਕਿਨ ਫਿਰ ਵੀ ਪੰਜੇ ਦੁਸ਼ਟ ਬਾਜ਼ੀ ਮਾਰ ਜਾਂਦੇ ਨੇਂ।

درد

دل دی ساری گلّ شبداں وچ کویں ہووے،
شبد نہیں جاندے درد جس پار جاندے نیں۔
ٹھیک ہے کہ رشتیاں وچ بحث جد ہوندی،
شبد جت جاندے تے رشتے ہار جاندے نیں۔
سمجھ ہے سبھ نوں کہ کجھ وی نال نہیں جانا،
آخری دم تیک پر وِیوپار جاندے نیں
پنجاں دوتاں توں بھلا کیہڑا نہیں واقف،
لیکن پھر وی پنجے دشٹ بازی مار جاندے نیں۔

ਬਹਾਨਾਂ

ਤੈਨੂੰ ਪਤਾ ਹੈ ਮੈਂ ਮਰਜ਼ ਤੇਰੀ ਠੀਕ ਕਰ ਸਕਦਾਂ,
ਚਲੋ ਇਸੇ ਬਹਾਨੇ ਤੂੰ ਮੈਨੂੰ ਆਪਣਾਂ ਤਾਂ ਕਹਿੰਦਾ ਹੈਂ।
ਬਹੁਤ ਚਿਰ ਦਾ ਤੂੰ ਵੀ ਮੈਨੂੰ ਛੱਡ ਕੇ ਤੁਰ ਜਾਂਦਾ,
ਲੇਕਿਨ ਰੱਬ ਦੀ ਮਰਜ਼ੀ ਤੂੰ ਜ਼ਰਾ ਬੀਮਾਰ ਰਹਿੰਦਾ ਹੈਂ।
ਚੰਗਾ ਲਗਦਾ ਮੈਂ ਕਿਸੇਦੇ ਕੰਮ ਤਾਂ ਆ ਸਕਦਾਂ,
ਸੰਤੁਸ਼ਟੀ ਵੀ ਮਿਲਦੀ ਹੈ ਤੂੰ ਲਾਗੇ ਉੱਠਦਾ ਬਹਿੰਦਾ ਹੈਂ।
ਹੋਰ ਤਾਂ ਮੇਰੇ ਨਾਂ ਅੱਜ ਤੱਕ ਨਿਭ ਨਹੀਂ ਸਕਿਆ,
ਤੇਰਾ ਧੰਨਵਾਦ ਹੈ ਕਿ ਤੂੰ ਮੈਨੂੰ ਅੱਜ ਤੀਕ ਸਹਿੰਦਾ ਹੈਂ।

بہانا

تینوں پتہ ہے میں مرض تیری ٹھیک کر سکداں
چلو اسے بہانیں توں مینوں آپناں تاں کہندا ہیں
بہت چر دا توں وی مینوں چھڈ کے تر جاندا
لیکن ربّ دی مرضی توں ذرا بیمار رہندا ہیں
چنگا لگدا میں کسیدے کم تاں آ سکداں
سنتشٹی وی ملدی ہے توں لاگے اٹھدا بہندا ہیں
ہور تاں میرے ناں اج تکّ نبھ نہیں سکیا
تیرا دھنواد ہے کہ توں مینوں اج تیک سہندا ہیں

ਕਿਰਤੀ

ਲੱਖਾਂ ਫੁੱਲ ਖਿੜੇ ਜੇ ਇਕ ਬਗੀਚੇ ਵਿਚ,
ਹਰ ਫੁੱਲ ਦੇ ਵਿਚ ਇਕੋ ਜਿਹੀ ਖੁਸ਼ਬੋ ਹੁੰਦੀ ਹੈ।
ਤੇਰੇ ਮਨ ਦੀ ਗੱਲ ਜੇ ਦੇਸ਼ ਪ੍ਰੇਮ ਹੁੰਦੀ ਹੈ,
ਮੇਰੇ ਮਨ ਦੀ ਗੱਲ ਕਿਉਂ ਦੇਸ਼ ਧਰੋਅ ਹੁੰਦੀ ਹੈ।
ਤੇਰਾ ਅਰਬਾਂ ਖਰਬਾਂ ਕੱਠਿਆਂ ਕਰ ਲੈਣਾਂ,
ਅਰਬਾਂਪਤੀਆਂ ਮਿਤਰਾਂ ਨੂੰ ਖੁਸ਼ ਕਰ ਲੈਣਾਂ।
ਸਿਰ ਧੜ ਦੀ ਬਾਜੀ ਜਿਸਦੀ ਰੋਟੀ ਖਾਤਰ,
ਉਸਦੀ ਮੇਹਨਤ ਵਿਚ ਵਿਦੇਸ਼ਾਂ ਢੋਅ ਹੁੰਦੀ ਹੈ।
ਦੇਸ਼ ਦੀ ਰਾਖੀ ਕਿਰਤੀਆਂ ਦੇ ਪੁੱਤ ਕਰਦੇ ਨੇ,
ਹਰ ਕੁਰਬਾਨੀ ਕਿਰਤੀ ਹੀ ਤਾਂ ਕਰਦੇ ਨੇ।
ਕਿਰਤੀ ਮਰੇ ਤਾਂ ਸਾਰਿਆਂ ਭੁੱਖੇ ਮਰ ਜਾਣਾਂ,
ਹਰ ਰੋਟੀ ਵਿਚ ਹੀ ਕਿਰਤੀ ਦੀ ਛੋਹ ਹੁੰਦੀ ਹੈ।

کِرتی

لکھاں پھلّ کھڑے جے اک بغیچے وچ
ہر پھلّ دے وچ اکو جہی خوشبو ہوندی ہے
تیرے من دی گلّ جے دیش پریم ہوندی ہے
میرے من دی گلّ کیوں دیش دھروء ہوندی ہے
تیرا اربں کھربں کٹھیاں کر لیناں
اربں پتیاں متراں نوں خوش کر لیناں
سر دھڑ دی بازی جسدی روٹی خاطر
اسدی محنت وچ ودیشاں ڈھوء ہوندی ہے
دیش دی راکھی کرتیاں دے پتّ کردے نیں
ہر قربانی کرتی ہی تاں کردے نیں
کِرتی مرے تاں ساریاں بھُکھے مر جاناں
ہر روٹی وچ ہی کرتی دی چھوہ ہوندی ہے

ਸਰਕਾਰ ਆਜ਼ਾਦ ਹੈ

ਧੂਮ ਧਾਮ ਨਾਲ ਆਜ਼ਾਦੀ ਮਨਾਵੇਗੀ, ਸਰਕਾਰ ਆਜ਼ਾਦ ਹੈ।
ਆਪਣੀਂ ਮਰਜ਼ੀ ਦੇ ਕਾਨੂੰਨ ਬਣਾਵੇਗੀ, ਸਰਕਾਰ ਆਜ਼ਾਦ ਹੈ।
ਸਭ ਰਸਤੇ ਰੋਕੇ ਜਾਣਗੇ ਨਾਕੇ ਲਾਵੇਗੀ, ਸਰਕਾਰ ਆਜ਼ਾਦ ਹੈ।
ਹਰ ਰਾਹੀ ਨੂੰ ਪੂਰਾ ਨਾਨੂਨ ਪੜ੍ਹਾਵੇਗੀ, ਸਰਕਾਰ ਆਜ਼ਾਦ ਹੈ।
ਜੰਤਾ ਨੂੰ ਆਪਣੀਂ ਤਾਕਤ ਦਿਖਾਵੇਗੀ, ਸਰਕਾਰ ਆਜ਼ਾਦ ਹੈ।
ਹਰ ਵਿਰੋਧੀ ਦਾ ਮੂੰਹ ਬੰਦ ਕਰਵਾਵੇਗੀ, ਸਰਕਾਰ ਆਜ਼ਾਦ ਹੈ।
ਸ਼ਕਾਇਤ ਬਿਲਕੁਲ ਸੁਣੀਂ ਨਾਂ ਜਾਵੇਗੀ, ਸਰਕਾਰ ਆਜ਼ਾਦ ਹੈ।
ਸਾਰੀ ਜੰਤਾ ਨੂੰ ਪੂਰਾ ਗੁਲਾਮ ਬਣਾਵੇਗੀ, ਸਰਕਾਰ ਆਜ਼ਾਦ ਹੈ।
ਰਸਤਾ ਨਹੀਂ ਬੱਸ ਅੱਖਾਂ ਹੀ ਦਿਖਾਵੇਗੀ, ਸਰਕਾਰ ਆਜ਼ਾਦ ਹੈ।
ਭੁੱਖੇ ਭਾਣੇ ਮਜ਼ਦੂਰ ਪੈਦਲ ਚਲਾਵੇਗੀ, ਸਰਕਾਰ ਆਜ਼ਾਦ ਹੈ।
ਨਛਿਆਂ ਤੋਂ ਰੱਜ ਰੱਜ ਪੈਸਾ ਕਮਾਵੇਗੀ, ਸਰਕਾਰ ਆਜ਼ਾਦ ਹੈ।
ਆਪਣੀ ਮਰਜ਼ੀ ਦੀ ਭਾਸ਼ਾ ਪੜ੍ਹਾਵੇਗੀ, ਸਰਕਾਰ ਆਜ਼ਾਦ ਹੈ।
ਆਪਣੀਂ ਮਰਜ਼ੀ ਨਾਲ ਟੈਕਸ ਲਾਵੇਗੀ, ਸਰਕਾਰ ਆਜ਼ਾਦ ਹੈ।
ਸ਼ਾਹੂਕਾਰਾਂ ਦੀਆਂ ਬੈਂਕਾਂ ਹੋਰ ਭਰਾਵੇਗੀ, ਸਰਕਾਰ ਆਜ਼ਾਦ ਹੈ।
ਜਿੰਨਾਂ ਮਰਜ਼ੀ ਧੰਨਮਾਲ ਨੂੰ ਲੁਕਾਵੇਗੀ, ਸਰਕਾਰ ਆਜ਼ਾਦ ਹੈ।
ਜਿਸਤੇ ਮਰਜ਼ੀ ਸਰਕਾਰ ਊਜਾਂ ਲਾਵੇਗੀ, ਸਰਕਾਰ ਆਜ਼ਾਦ ਹੈ।
ਮਰਜ਼ੀ ਨਾਲ ਅੰਦਰ ਕਰੇਗੀ ਛਡਾਵੇਗੀ, ਸਰਕਾਰ ਆਜ਼ਾਦ ਹੈ।
ਜੇਹੜੀ ਮਰਜ਼ੀ ਸੜ੍ਹਕ ਖੁਦ ਪਟਵਾਵੇਗੀ, ਸਰਕਾਰ ਆਜ਼ਾਦ ਹੈ।
ਸੜਕਾਂ ਉੱਤੇ ਲੋਹੇ ਦੀ ਪਨੀਰੀ ਲਾਵੇਗੀ, ਸਰਕਾਰ ਆਜ਼ਾਦ ਹੈ।
ਪਬਲਕ ਨੂੰ ਚੱਕਰਵਿਯੂ ਵਿਚ ਫਸਾਵੇਗੀ, ਸਰਕਾਰ ਆਜ਼ਾਦ ਹੈ।
ਹਰ ਇਕ ਸ਼ਹਿਰੀ ਨੂੰ ਗੁਲਾਮ ਬਣਾਵੇਗੀ, ਸਰਕਾਰ ਆਜ਼ਾਦ ਹੈ।
ਦਫਤਰਾਂ ਤੇ ਕਾਰਾਂ ਤੇ ਵੀ ਝੰਡੇ ਝਲਾਵੇਗੀ, ਸਰਕਾਰ ਆਜ਼ਾਦ ਹੈ।
ਗੁਲਾਮਾਂ ਤੋਂ ਆਜ਼ਾਦੀ ਨਾਹਰੇ ਲਵਾਵੇਗੀ, ਸਰਕਾਰ ਆਜ਼ਾਦ ਹੈ।
ਸਰਕਾਰ ਕੱਲ ਨੂ ਆਜ਼ਾਦੀ ਮਨਾਵੇਗੀ, ਸਰਕਾਰ ਆਜ਼ਾਦ ਹੈ॥

سرکار آزاد ہے

دھوم دھام نال آزادی مناوے گی، سرکار آزاد ہے
آپنی مرضی دے قانون بناویگی، سرکار آزاد ہے
سبھ رستے روکے جان گے ناکے لاوے گی، سرکار آزاد ہے۔
ہر راہی نوں پورا ناؤں پڑھاوے گی، سرکار آزاد ہے
جنتا نوں آپنی طاقت دکھاوے گی، سرکار آزاد ہے
ہر ورودھی دا مونہہ بند کرواوے گی، سرکار آزاد ہے
شکائت بالکل سنیں ناں جاوے گی، سرکار آزاد ہے
ساری جنتا نوں پورا غلام بناوے گی، سرکار آزاد ہے
رستہ نہیں بسّ اکھاں ہی دکھاوے گی، سرکار آزاد ہے
بھکھے بھانے مزدور پیدل چلاوے گی، سرکار آزاد ہے
نچھیاں توں رجّ رجّ پیسہ کماوے گی، سرکار آزاد ہے
اپنی مرضی دی بھاشا پڑھاوے گی، سرکار آزاد ہے
آپنی مرضی نال ٹیکس لاوے گی، سرکار آزاد ہے
شاہوکاراں دیاں بینکاں ہور بھراوے گی، سرکار آزاد ہے
جناں مرضی دھمال نوں لکاوے گی، سرکار آزاد ہے
جس تے مرضی سرکار اوجاں لاوے گی، سرکار آزاد ہے
مرضی نال اندر کرے گی چھڈاوے گی، سرکار آزاد ہے
جیہڑی مرضی سڑھک خود پٹواوے گی، سرکار آزاد ہے
سڑکاں اتے لوہے دی پنیری لاوے گی، سرکار آزاد ہے
پبلک نوں چکرویو وچ پھساوے گی، سرکار آزاد ہے
ہر اک شہری نوں غلام بناوے گی، سرکار آزاد ہے
دفتراں تے کاراں تے وی جھنڈے جھلاوے گی، سرکار آزاد ہے
غلاماں توں آزادی نعرے لواوے گی، سرکار آزاد ہے
سرکار کلّ نوں آزادی مناوے گی، سرکار آزاد ہے۔۔

ਸੱਚ ਨੂੰ ਫਾਂਸੀ

ਸੱਚ ਨੂੰ ਵੀ ਫਾਂਸੀ ਲੱਗ ਜਾਂਦੀ ਹੈ ਕਦੇ ਕਦੇ ਤਾਂ ਦਰ ਅਸਲ।
ਝੂਠ ਮੁਕਦਮੇਂ ਜਿਤ ਜਾਂਦੇ ਨੇ ਜਦ ਹਾਵੀ ਹੋ ਜਾਂਦੇ ਵਲ ਛਲ।
ਸੱਚੇ ਮਾਰਗ ਚੱਲਦਿਆਂ ਵੀ ਤਾਂ ਆ ਸਕਦਾ ਹੈ ਕਦੇ ਤੂਫਾਨ।
ਹਰ ਵਾਰੀ ਤਾਂ ਸੱਚ ਦੀ ਉਸਤਤਿ ਨਹੀਂ ਕਰਦਾ ਇਹ ਜਹਾਨ।
ਸੱਚ ਤਾਂ ਸੱਚ ਹੀ ਹੁੰਦਾ ਹੈ ਇਹ ਵੀ ਗੱਲ ਮੰਨਦੀ ਹੈ ਦੁਨੀਆਂ।
ਪਰ ਝੂਠ ਨੂੰ ਸੱਚਾ ਸਾਬਤ ਕਰਦੀਆਂ ਗੱਲਾਂ ਵੀ ਨੇਂ ਸੁਣੀਆਂ।
ਪਿਓ ਦਾਦੇ ਤਾਂ ਹੋ ਸਕਦਾ ਹੈ ਕਿਸੇ ਦੇ ਸਨ ਰਾਜੇ ਮਹਾਂਰਾਜੇ।
ਰਾਜਿਆਂ ਦੇ ਵੀ ਪੁੱਤ ਪੋਤਰੇ ਇੰਝ ਲਗਦੇ ਜਿਵੇਂ ਮੁਰਦੇ ਤਾਜੇ।
ਹੈ ਸੀ ਹੋ ਸੀ ਇਕੋ ਹੀ ਹੈ ਇਸ ਦੁਨੀਆਂ ਵਿਚ ਸੰਪੂਰਣ ਸੱਚ।
ਬਾਕੀ ਤਾਂ ਸਭ ਕੱਚੇ ਪਿਲੇ ਬਹੁਤੀ ਦੁਨੀਆਂ ਹੈ ਕੱਚ ਮਕੱਚ।
ਸੱਚ ਨੂੰ ਫਾਹੇ ਲਾ ਕੇ ਜਦ ਇਹ ਦੁਨੀਆਂ ਖੁਸ਼ੀ ਮਨਾਉਂਦੀ ਹੈ।
ਓਸ ਵੇਲੇ ਇਸ ਦੁਨੀਆਂ ਦੀ ਫਿਤਰਤ ਸਮਝ ਨਾਂ ਆਉਂਦੀ ਹੈ।
ਆਪਣੇਂ ਦੁੱਖ ਨਿਵਾਰਣ ਖਾਤਰ ਦੁਨੀਆਂ ਰੱਬ ਧਿਆਉਂਦੀ ਹੈ।
ਧਰਮਾਂ ਕਰਮਾਂ ਦੀ ਬੁੱਕਲ ਮਾਰਕੇ ਕ੍ਰੋੜੇ ਕੁਫਰ ਕਮਾਉਂਦੀ ਹੈ।

سچ نوں پھانسی

سچ نوں وی پھانسی لگ جاندی ہے کدے کدے تاں در اصل۔
جھوٹھ مکدمیں جت جاندے نے جد حاوی ہو جاندے ول چھل۔
سچے مارگ چلدیاں وی تاں آ سکدا ہے کدے طوفان۔
ہر واری تاں سچ دی استتِ نہیں کردا ایہہ جہان۔
سچ تاں سچ ہی ہندا ہے ایہہ وی گلّ مندی ہے دنیاں۔
پر جھوٹھ نوں سچا ثابت کردیاں گلاں وی نیں سنیاں۔
پ!؟ دادے تاں ہو سکدا ہے کسے دے سن راجے مہانراجے۔
راجیاں دے وی پتّ پوترے انجھ لگدے جویں مردے تازے۔
ہے سی ہو سی اکو ہی ہے اس دنیاں وچ سمپورن سچ۔
باقی تاں سبھ کچے پلے بہتی دنیاں ہے کچّ مکچّ۔
سچ نوں پھاہے لا کے جد ایہہ دنیاں خوشی مناؤندی ہے۔
؟؟س ویلے اس دنیاں دی فطرت سمجھ ناں آؤندی ہے۔
آپنیں دکھ نوارن خاطر دنیاں ربّ دھیاؤندی ہے۔
دھرماں کرماں دی بکل مارکے کھوجھے کفر کماؤندی ہے۔

ਰੁੱਤ ਰੁੱਤ ਦੇ ਮੇਵੇ

ਕਦੇ ਦੋਸਤਾਂ ਮਿਤਰਾਂ ਦੇ ਨਾਲ ਹੱਸਿਆ ਖੇਡਿਆ ਕਰਦੇ ਸੀ,
ਆਪਣਾਂ ਆਪਣਾਂ ਲਗਦਾ ਸੀ ਆਪਣਾਂ ਆਪ ਅਤੇ ਸੰਸਾਰ।
ਆਪਣੇ ਹਾਣੀਆਂ ਦੇ ਵਿਚੋਂ ਕਦੇ ਹਾਣ ਭਾਲਿਆ ਕਰਦੇ ਸੀ,
ਹਾਨਣ ਦੇ ਮਿਲਦਿਆਂ ਸਾਰ ਹੀ ਜਾਂਦੇ ਰਹੇ ਸਭ ਬੇਲੀ ਯਾਰ।
ਮਾਤਾ ਪਿਤਾ ਭਰਾ ਭੈਣਾਂ ਸਭ ਰਿਸ਼ਤੇ ਬਹੁਤ ਕਰੀਬੀ ਸਨ,
ਲਾਵਾਂ ਲੈਂਦੇ ਸਾਰ ਹੀ ਬਸ ਇਕ ਥਾਂ ਸੀਮਤ ਹੋ ਗਿਆ ਪਿਆਰ।
ਪੁੱਤਰ ਪੈਦਾ ਹੁੰਦਿਆਂ ਸਾਰ ਪਿਆਰ ਵੀ ਸਾਰਾ ਖੁੱਸ ਗਿਆ,
ਬਸ ਵੇਖਣ ਸੁਣਨ ਵਾਲੇ ਨੂੰ ਹੀ ਲਗਦੇ ਸੀ ਘਰ ਦੇ ਸਰਦਾਰ।
ਪੁੱਤਰਾਂ ਗੱਭਰੂ ਹੁੰਦਿਆਂ ਸਾਰ ਹੀ ਕਾਰੋਬਾਰ ਸੰਭਾਲ ਲਿਆ,
ਸੌ ਬੰਦੇ ਧੰਦੇ ਲਾਉਣ ਵਾਲਾ ਬਣਕੇ ਰਹਿ ਗਿਆ ਇਕ ਬੇਕਾਰ।
ਪੂਰੀ ਭੱਜ ਨੱਠ ਕਰ ਲੈਂਦਾ ਸੀ ਜੋ ਡੰਡ ਬੈਠਕਾਂ ਲਾਉਂਦਾ ਸੀ,
ਉਸਦੀਆਂ ਲੱਤਾਂ ਬਾਹਵਾਂ ਹੀ ਨਹੀਂ ਹੁਣ ਤਾਂ ਚੁੱਕਦੀਆਂ ਭਾਰ।
ਰੁੱਤ ਰੁੱਤ ਦੇ ਮੇਵੇ ਨੇ ਮਿਤਰਾ ਸਮੇਂ ਸਮੇਂ ਸਮਰੱਥ ਸਭ ਕੁਝ,
ਰੱਬ ਰੱਬ ਕਰਿਆ ਕਰ ਸੁੱਨਤਾ ਹੁਣ ਕਰ ਇਸ਼ਨਾਨੇ ਤੜਕਸਾਰ।

رتّ رتّ دے میوے

کدے دوستاں متراں دے نال ہسیا کھیڈیا کردے سی،
آپناں آپناں لگدا سی آپناں آپ اتے سنسار۔
اپنے ہانیاں دے وچوں کدے ہان بھالیا کردے سی،
ہانن دے ملدیاں سار ہی جاندے رہے سبھ بیلی یار۔
ماتا پتا بھرا بھیناں سبھ رشتے بہت قریبی سن،
لاواں لیندے سار ہی بس اک تھاں سیمت ہو گیا پیار۔
پتر پیدا ہندیاں سار پیار وی سارا کھسّ گیا،
بس ویکھن سنن والے نوں ہی لگدے سی گھر دے سردار۔
پتراں گبھرو ہندیاں سار ہی کاروبار سنبھال لیا،
سو بندے دھندے لاؤن والا بنکے رہ گیا اک بے کار۔
پوری بھجّ نٹھّ کر لیندا سی جو ڈنڈ بیٹھکاں لاؤندا سی،
اسدیاں لتاں باہواں ہی نہیں ہن تاں چکدیاں بھار۔
رتّ رتّ دے میوے نے مترا سمیں سمیں سمرتھّ سبھ کجھ،
ربّ ربّ کریا کر ستڑا ہن کر اشنانے تڑکسار۔

ਮਾਂ ਮਛੋਹਰ

ਬਹੁਤ ਚਿਰਾਂ ਦੀ ਮਰ ਮੁੱਕੀ ਮਾਂ ਜਿਸਨੇ ਮੈਨੂੰ ਜਾਇਆ ਸੀ,
ਉਸਦੇ ਦਰਸ਼ਣ ਹੋ ਨਹੀਂ ਸਕਦੇ ਜਿਸਨੇਂ ਜਗਤ ਦਿਖਾਇਆ ਸੀ।
ਪੰਜਾਬ ਦੀ ਜਮਪਲ ਜੱਟੀ ਸੀ ਉਸਦਾ ਸਭਕੁਝ ਪੰਜਾਬੀ ਸੀ,
ਪੰਜਾਬੀ ਵਿਚ ਲੋਰੀਆਂ ਦੇ ਕੇ ਮੈਨੂੰ ਮਾਂ ਨੇਂ ਰੋਜ਼ ਸਵਾਇਆ ਸੀ।
ਮੇਰੀ ਦੂਜੀ ਮਾਂ ਧਰਤੀ ਪੰਜਾਬੀ ਮਰਦੀ ਜਾਂਦੀ ਹੈ ਉਹ ਵੀ,
ਰਿਸ਼ੀਆਂ ਮੁਨੀਆਂ ਦੀ ਧਰਤੀ ਨੇ ਦੱਸੋ ਕਿਸੇਦਾ ਕੀ ਗਵਾਇਆ ਸੀ।
ਚਾਰੋਂ ਵੇਦ, ਗੀਤਾ, ਰਾਮਾਇਣ ਪੰਜਾਬ ਦੀ ਧਰਤੀ ਤੇ ਜਨਮੇਂ,
ਲੀਰਾਂ ਲੀਰਾਂ ਧਰਤੀ ਕਰਤੀ ਜਿਸਨੇਂ ਹਰ ਧਰਮ ਚਲਾਇਆ ਸੀ।
ਮੇਰੀ ਤੀਸਰੀ ਮਾਂ ਬੋਲੀ ਪੰਜਾਬੀ ਨੂੰ ਖਤਮ ਕਰਨ ਵਾਸਤੇ,
ਖਵਰੇ ਕਾਹਤੋਂ ਸਰਕਾਰੇ ਦਰਬਾਰੇ ਸਭ ਨੇ ਪੂਰਾ ਜ਼ੋਰ ਲਾਇਆ ਸੀ।
ਦਿਲੀਓਂ ਚੰਬਾ, ਜੰਮੂਓਂ ਅਟਕ, ਗੰਗਾਨਗਰ ਤੋਂ ਦਿਲੀ ਤੱਕ,
ਸਭ ਪੰਜਾਬੀ ਬੋਲਦੇ ਨੇ ਲੇਕਿਨ ਸਭ ਨੇ ਹੀ ਝੂਠ ਲਖਾਇਆ ਸੀ।
ਤਿੰਨ ਮਾਂਵਾਂ ਸੀ ਮੇਰੀਆਂ ਪਰ ਮੈਂ ਮਾਂ ਮਛੋਹਰ ਬਣਿਆਂ ਬੈਠਾਂ,
ਜਿਨ੍ਹਾਂ ਨੂੰ ਆਪਣੇ ਗਿਣਦੇ ਸਾਂ ਉਨ੍ਹਾਂ ਨੇ ਹੀ ਪੜ੍ਹਨੇ ਪਾਇਆ ਸੀ।
ਕਿਸੇ ਨੇਂ ਤੈਨੂੰ ਨਾਂ ਪੜਣਾਂ ਹੈ ਨਾਂ ਹੀ ਸੁਣਨਾਂ ਹੈ ਸੁੱਨੜਾ,
ਪਰ ਸਿਰ ਉਠਾ ਕੇ ਕਹਿ ਸਕਦਾਂ ਤੂੰ ਪੁੱਤ ਦਾ ਧਰਮ ਨਿਭਾਇਆ ਸੀ।

ماں مچھوہر

بہت چراں دی مر مکی ماں جسنے مینوں جایا سی
اسدے درشن ہو نہیں سکدے جسنیں جگت دکھایا سی
پنجاب دی جمپل جٹی سی اسدا سبھ کجھ پنجابی سی
پنجابی وچ لوریاں دے کے مینوں ماں نیں روز سوانیاں سی
میری دوجی ماں دھرتی پنجابی مردی جاندی ہے اوہ وی
رشیاں منیاں دی دھرتی نے دسو کسیدا کی گوایا سی
چاروں وید، گیتا، رامائن پنجاب دی دھرتی تے جنمی
لیراں لیراں دھرتی کرتی جسنیں ہر دھرم چلایا سی
میری تیسری ماں بولی پنجابی نوں ختم کرن واسطے
خورے کاہتوں سرکارے دربارے سبھ نے پورا زور لایا سی
دلیوں چمبا، جموں آں اٹک، گنگانگر توں دلی تک
سبھ پنجابی بولدے نے لیکن سبھ نے ہی جھوٹھ لکھایا سی
تنّ ماواں سی میریاں پر میں ماں مچھوہر بنیاں بیٹھاں
جیہناں نوں اپنے گندے ساں اونہاں نے ہی پڑھنے پایا سی
کسے نیں تینوں ناں پڑناں ہے ناں ہی سننا ں ہے سڑا
پر سر اٹھا کے کہہ سکداں توں پتّ دا دھرم نبھایا سی

ਪਰਦਾ ਰਿਹਾ

ਤੈਨੂੰ ਕਮਜ਼ੋਰ ਸਮਝ ਕੇ ਮੈਂ ਤੇਰੇ ਤੋਂ ਹਰਦਾ ਰਿਹਾ।
ਤੈਨੂੰ ਜ਼ਰੂਰਤ ਹੈ ਮੇਰੀ ਬਸ ਇਹ ਫਿਕਰ ਕਰਦਾ ਰਿਹਾ।
ਪਰ ਤੂੰ ਬਹੁਤ ਮਜ਼ਬੂਤ ਹੈਂ ਬਹੁਤ ਪੁੱਛ ਗਿਛ ਹੈ ਤੇਰੀ,
ਤੈਨੂੰ ਨਿਘ ਪੂਰਾ ਮਿਲੇ ਮੈਂ ਇਸ ਵਜ੍ਹਾ ਠਰਦਾ ਰਿਹਾ।
ਤੇਰੀ ਆਪਣੀਂ ਸਲਤਨਤ ਹੈ, ਦੂਰ ਤੀਕਰ ਪਹੁੰਚ ਹੈ,
ਤੇਰੀ ਹਿਫਾਜ਼ਤ ਵਾਸਤੇ ਮਰ ਮਰ ਕੇ ਵੀ ਮਰਦਾ ਰਿਹਾ।
ਬਹੁਤ ਲੋਕਾਂ ਦੇ ਕਾਰੋਬਾਰ ਚਲਦੇ ਨੇ ਤੇਰੇ ਆਸਰੇ,
ਮੈਂ ਨਿਆਸਰਾ ਤਾਂ ਬਿਲਕੁਲ ਖਾਹਮਖਾਹ ਡਰਦਾ ਰਿਹਾ।
ਤੇਰੀ ਸ਼ਕਤੀ ਦੇਖ ਕੇ ਕਮਜ਼ੋਰ ਸੁੰਨਤ ਸੋਚੀਂ ਪੈ ਗਿਆ,
ਮੇਰੀਆਂ ਅੱਖਾਂ ਤੇ ਸਾਰੀ ਉਮਰ ਕਿਉਂ ਪਰਦਾ ਰਿਹਾ।

پردہ رہیا

تینوں کمزور سمجھ کے میں تیرے توں ہردا رہیا
تینوں ضرورت ہے میری بس ایہہ فکر کردا رہیا
پر توں بہت مضبوط ہیں بہت پچھ گچھ ہے تیری
تینوں نگھ پورا ملے میں اس وجہ ٹھہردا رہیا
تیری آپنیں سلطنت ہے، دور تیکر پہنچ ہے
تیری حفاظت واسطے مر مر کے وی مردا رہیا
بہت لوکاں دے کاروبار چلدے نے تیرے آسرے
میں نیاسرا تاں بالکل خواہ مخواہ ڈردا رہیا
تیری شکتی ویکھ کے کمزور سنڑ سوچیں پے گیا
میریاں اکھاں تے ساری عمر کیوں پردہ رہیا

ਥੱਕ ਗਿਆ ਹਾਂ

ਜਿਸ ਤਰਾਂ ਦਾ ਹਾਂ ਮੈ ਰੁੱਖਾ ਮਿਸਾ ਓਸੇ ਤਰਾਂ ਦਾ ਰਹਿਣ ਦਿਓ,
ਮੈਨੂੰ ਬੁਣਨ ਉਧੇੜਨ ਦੇ ਵਿਚ ਕਾਹਤੋਂ ਸਮਾਂ ਗਵਾਉਂਦੇ ਹੋ।
ਰਚ ਗਿਆ ਹੁੰਦਾ ਹੁਣ ਤੀਕਰ ਜੋ ਰਚ ਸਕਦਾ ਸੀ ਮੇਰੇ ਵਿਚ,
ਪੱਥਰ ਵੀ ਤੁਸੀਂ ਬਾਇਆ ਹੁਣ ਪੱਥਰ ਤੇ ਪਾਣੀ ਪਾਉਂਦੇ ਹੋ।
ਜੇ ਹੋ ਸਕਦਾ ਹੁੰਦਾ ਤਾਂ ਹੁਣ ਤੱਕ ਬਦਲ ਗਿਆ ਹੁੰਦਾ,
ਨਿਤ ਨਵਾਂ ਪਾਠ ਪੜਾਉਣ ਦੇ ਖਾਤਰ ਨਵੀਂ ਕਲਾਸ ਲਗਾਉਂਦੇ ਹੋ।
ਤੋੜ ਦਿਓਗੇ ਟੁੱਟ ਜਾਵਾਂਗਾ ਇਸਤੋਂ ਵੱਧ ਕੀ ਹੋਰ ਲਿਫਾਂ,
ਕੱਕੀ ਰੇਤ ਬਚੀ ਦਰਿਆ ਦੀ, ਇਸਦਾ ਕੀ ਮਹਿਲ ਬਣਾਉਂਦੇ ਹੋ।
ਭਾਵੇਂ ਸੁੱਕੀ ਖੜੀ ਹੋਵੇ ਪਰ ਰੀਸਾਂ ਨਹੀਂ ਝਨਾਬ ਦੀਆਂ,
ਕੱਚਿਆਂ ਪੱਕਿਆਂ ਦੀ ਲੋੜ ਨਹੀਂ ਫਿਰ ਕਾਹਤੋਂ ਗੱਲ ਵਧਾਉਂਦੇ ਹੋ।
ਥੱਕ ਗਿਆ ਹਾਂ ਤੁਰ ਤੁਰ ਕੇ ਹੁਣ ਹੋਰ ਨਾ ਖੱਜਲ ਖੁਆਰ ਕਰੋ,
ਕਿਉਂ ਬੁੱਡੇ ਠੇਰੇ ਸੁੱਨਤ ਨੂੰ ਨਵਿਆਂ ਰਾਹਾਂ ਤੇ ਪਾਉਂਦੇ ਹੋ।
ਰੱਬ ਤੋਂ ਡਰਨ ਵਾਲਾ ਤਾਂ ਹਾਂ ਮੈਂ ਲੇਕਿਨ ਮੈਂ ਮਨਸੂਰ ਨਹੀਂ,
ਪਰ ਇਹ ਜ਼ਹਿਰ ਪਿਆਲਾ ਫਿਰ ਕਿਉਂ ਮੇਰੇ ਮੂੰਹ ਲਾਉਂਦੇ ਹੋ।
ਕੱਲੇ ਬਹਿ ਕੇ ਰੋਣ ਨੂੰ ਦੱਸੋ ਕਿਸਦਾ ਦਿਲ ਕਰਦਾ ਹੈ,
ਕਾਹਤੋਂ ਹੋਰ ਤੋਹਮਤਾਂ ਲਾ ਲਾ ਕੇ ਇਕ ਸਤੇ ਨੂੰ ਹੋਰ ਸਤਾਉਂਦੇ ਹੋ।

تھکّ گیا ہاں

جس طرحاں دا ہاں میں رکھیا مسا اوسے طرحاں دا رہن دیو
میتوں بنن ادھیڑن دے وچ کاہتوں سماں گواؤندے ہو
رچ گیا ہندا ہن تیکر جو رچ سکدا سی میرے وچ
پتھر وی تسیں بایا ہن پتھر تے پانیں پاؤندے ہو
جے ہو سکدا ہوندا تاں ہن تکّ بدل گیا ہوندا
نت نواں پاٹھ پڑھاؤن دے خاطر نویں کلاس لگاؤندے ہو
توڑ دیو گے ٹٹّ جاواں گا اس توں ودھ کیہ ہور لپھاں
ککی ریت بچی دریا دی، اسدا کیہ محل بناؤندے ہو
بھاویں سکی کھڑی ہووے پر ریساں نہیں چناہاب دیاں
کچیاں پکیاں دی لوڑ نہیں پھر کاہتوں گلّ ودھاؤندے ہو
تھکّ گیا ہاں تر تر کے ہن ہور نہ کھجل خوار کرو
کیوں بڈے ٹھیرے ستّ نوں نویاں راہاں تے پاؤندے ہو
ربّ توں ڈرن والا تاں ہاں میں لیکن میں منصور نہیں
پر ایہہ زہر پیالہ پھر کیوں میرے مونہہ لاؤندے ہو
کلے بہہ کے رون نوں دسو کس دا دل کردا ہے
کاہتوں ہور تہمتاں لا لا کے اک سَتے نوں ہور ستاؤندے ہو

ਤੇਰਾ ਰੁੱਸਣਾ

ਮਹਾਂਬਲੀ ਦੁਨੀਆਂ ਦੇ ਜਿਸ ਧਨੁਸ਼ ਨੂੰ ਚੁੱਕ ਨਹੀਂ ਸੀ ਸਕਦੇ,
ਜਾਨਕੀ ਸੀਤਾ ਉਸ ਧਨੁਸ਼ ਨੂੰ ਨਿਤ ਦਿਨ ਚੁੱਕਦੀ ਧਰਦੀ ਸੀ।
ਸ਼ੇਰ ਗਰਜਦਾ ਸੁਣਕੇ ਡਰਦੇ ਜਾਨ ਲੁਕਾਉਂਦੇ ਫਿਰਦੇ ਲੋਕ,
ਪਰ ਮੈਂ ਤਾਂ ਪੜਿਆ ਸੁਣਿਆਂ ਦੁਰਗਾ ਸ਼ੇਰ ਸਵਾਰੀ ਕਰਦੀ ਸੀ।
ਰਾਧਾ ਦਾ ਨਾਂਮ ਕਰਿਸ਼ਨ ਤੋਂ ਪਹਿਲਾਂ ਹੀ ਲਿਖਿਆ ਜਾਂਦਾ ਹੈ,
ਅਓਰਤ ਜਾਤ ਦਾ ਧੁਰ ਤੋਂ ਲੈ ਕੇ ਦੁਨੀਆਂ ਪਾਣੀਂ ਭਰਦੀ ਸੀ।
ਰੁੱਸਣਾਂ ਮੰਨਣਾਂ ਮਨਾਉਣਾਂ ਤਾਂ ਸਦੀਆਂ ਤੋਂ ਚੱਲਦਾ ਆਇਆ
ਫਿਕਰ ਕਰਨ ਦੀ ਲੋੜ ਨਹੀਂ ਰਾਧਾ ਵੀ ਰੁੱਸਿਆ ਕਰਦੀ ਸੀ।

تیرا رسنا

مہابلی دنیاں دے جس دھنش نوں چکّ نہیں سی سکدے
جانکی سیتا اس دھنش نوں نت دن چکدی دھردی سی
شیر گرجدا سُن کے ڈردے جان لکاؤندے پھردے لوک
پر میں تاں پڑیا سنیاں درگا شیر سواری کردی سی
رادھا دا نام کرشن توں پہلاں ہی لکھیا جاندا ہے
عورت جات دا دھر توں لے کے دنیاں پانی بھردی سی
رسناں منناں مناؤناں تاں صدیاں توں چلدا آیا
فکر کرن دی لوڑ نہیں رادھا وی رسیا کردی سی

ਰਾਜਾ ਪਰਜਾ

ਰਾਜਿਆ ਵੇ ਰਾਜ ਕਰੇਂਦਿਆ, ਤੂੰ ਆਰ ਅਸੀਂ ਇਸ ਪਾਰ।
ਅਸੀਂ ਤੇਰੀ ਪਰਜਾ ਭਇ ਤੂੰ ਸਾਡੀ ਸਰਕਾਰ।
ਤੂੰ ਹਾਕਮ ਹੈਂ ਹੁਕਮ ਕਰ ਹੁਕਮ ਤੇਰਾ ਮਨਜ਼ੂਰ,
ਕਾਇਦੇ ਤੇ ਕਾਨੂੰਨ ਬਿਨ ਕੋਇ ਪਹੁੰਚ ਨਾਂ ਸਕਦਾ ਦੂਰ।
ਸਹੀ ਰਸਤੇ ਤੇ ਜਾਣ ਵਾਸਤੇ ਰਾਜੇ ਘੜਨ ਅਸੂਲ,
ਵਿਧੀ ਵਿਧਾਂਨ ਜੋ ਬਣ ਗਿਆ ਪਰਜਾ ਕਰੇ ਕਬੂਲ।
ਦੇਸ਼ ਤਰੱਕੀਆਂ ਜੇ ਕਰੇ ਤਾਂ ਪਰਜਾ ਨੂੰ ਕੀ ਰੋਸ,
ਭਟਕੇ ਰਾਜੇ ਨਾਲ ਸਭ ਪਰਜਾ, ਬਿਨਾਂ ਕਿਸੇ ਅਫਸੋਸ।
ਹੱਕ ਤੇ ਫਰਜ਼ ਬਰਾਬਰ ਹੁੰਦੇ, ਇਹ ਵੀ ਗੱਲ ਸਹੀ,
ਰਾਜਾ ਧਰਮੀਂ ਨਹੀਂ ਤਾਂ ਭੁਗਤੂ ਧਰਮਰਾਜ ਦੀ ਵਹੀ।
ਮਰਿਯਾਦਾ ਵਿਚ ਰਹੇ ਸੀ ਰਾਮ ਆਪਣੇ ਦਰਬਾਰ,
ਤਾਂ ਹੀ ਰਾਜੇ ਰਾਮ ਨੂੰ ਦੁਨੀਆਂ ਮੰਨਦੀ ਹੈ ਅਵਤਾਰ।
ਦੁਰਯੋਧਨ ਹਨ ਰਾਜੇ ਜੇਹਤੇ ਕਰਨ ਪਰਜਾ ਦਾ ਘਾਣ,
ਅੱਤਿ ਖੁਦਾ ਦਾ ਵੈਰ ਹੈ, ਇਹ ਵੀ ਸੱਚ ਫੁਰਮਾਣ।
ਪਰਜਾ ਹੈ ਤਾਂ ਰਾਜ ਹੈ, ਪਰਜਾ ਬਿਨ ਰਾਜ ਨਾ ਕੋਇ,
ਰਾਜਾ ਕੱਲਾ ਕੀ ਕਰੂ ਜੇ ਪਰਜਾ ਹੀ ਸਭ ਨਤੋਇ।
ਪਰਜਾ ਵੱਲ ਵੀ ਵੇਖ ਰਾਜਿਆ, ਚੰਗਾ ਨਹੀਂ ਹੰਕਾਰ,
ਦਸਾਂ ਸਿਰਾਂ ਵਾਲੇ ਵੀ ਜਾਸਣ ਤੂੰ ਕਿਸ ਪਾਣੀਂਹਾਰ।
ਕੈਸਾ ਇਹ ਦਰਿਆ ਹੈ ਰਾਜੇ ਅਤੇ ਪਰਜਾ ਵਿਚਕਾਰ,
ਨਫਰਤ ਦਾ ਹੜ੍ਹ ਆ ਗਿਆ ਕਿਦਾਂ ਲੰਘਸੀ ਪਾਰ।
ਰਾਜਿਆ ਵੇ ਅਰਦਾਸ ਕਰ, ਪਰਜਾ ਸਾਰੀ ਤਿਆਰ,
ਸਾਰੀ ਪਰਜਾ ਨਾਲ ਜੇ ਰਾਜੇ ਦਾ ਹੋ ਜਾਇ ਪਿਆਰ।
ਰਾਜਿਆ ਵੇ ਰਾਜ ਕਰੇਂਦਿਆ, ਤੂੰ ਆਰ ਅਸੀਂ ਇਸ ਪਾਰ।
ਅਸੀਂ ਤੇਰੀ ਪਰਜਾ ਭਇ ਤੂੰ ਸਾਡੀ ਸਰਕਾਰ।

راجا پرجا

راجیا وے راج کریندیا، توں آر اسیں اس پار
اسیں تیری پرجا بھاء توں ساڈی سرکار
توں حاکم ہیں حکم کر حکم تیرا منظور،
قاعدے تے قانون بن کوئی پہنچ ناں سکدا دور۔
صحیح رستے تے جان واسطے راجے گھڑن اصول،
ودھی ودھانن جو بن گیا پرزا کرے قبول۔
دیش ترقیاں جے کرے تاں پرزا نوں کی روس،
ڈکے راجے نال سبھ پرزا، بناں کسے افسوس۔
حق تے فرض برابر ہندے، ایہہ وی گلّ صحیح،
راجا دھرمیں نہیں تاں بھگتو دھرمراج دی وہی۔
مریادا وچ رہے سی رام اپنے دربار،
تاں ہی راجے رام نوں دنیاں مندی ہے اوتار۔
دریودھن بن راجے جیہڑے کرن پرزا دا گھان،
اتِ خدا دا ویر ہے، ایہہ وی سچ فرمان۔
پرزا ہے تاں راج ہے، پرزا بن راج نہ کوئی،
راجا کلا کی کرو جے پرزا ہی سبھ نڑوئی۔
پرزا ولّ وی ویکھ راجیا، چنگا نہیں ہنکار،
دساں سراں والے وی جاسن توں کس پانینہار۔
کیسا ایہہ دریا ہے راجے اتے پرزا وچکار،
نفرت دا ہڑ آ گیا کداں لنگھسی پار۔
راجیا وے ارداس کر، پرزا ساری تیار،
ساری پرزا نال جے راجے دا ہو جائ پیار۔
راجیا وے راج کریندیا، توں آر اسیں اس پار۔
اسیں تیری پرجا بھاء توں ساڈی سرکار۔

ਦੁਨੀਆਂ ਝੂਠ ਬੋਲਦੀ ਹੈ

ਤੂੰ ਸੱਚ ਮੰਨਣਾਂ ਤਾਂ ਮੰਨੀਂ ਜਾਹ, ਮੈਨੂੰ ਕੀ ਜਾਹ ਖਸਮਾਂ ਨੂੰ ਖਾਹ,
ਪਰ ਜਦ ਇਤਹਾਸ ਦੀ ਗੱਲ ਕਰਦੀ, ਦੁਨੀਆਂ ਝੂਠ ਬੋਲਦੀ ਹੈ।
ਪੰਜ ਸੌ ਸਾਲ ਪਹਿਲਾਂ ਫੁਰਮਾਇਆ, ਪੰਦਰਾਂ ਸੌ ਵਿਚ ਝੂਠ ਰਲਾਇਆ,
ਇਤਹਾਸ ਤੇ ਕਬਜ਼ਾ ਕਰਕੇ ਦੁਨੀਆਂ ਕੁਫਰ ਤੋਲਦੀ ਹੈ।
ਖਾਰਾ ਹੁੰਦਾ ਸਮੁੰਦਰੀ ਪਾਣੀਂ, ਨਹੀਂ ਗ਼ੀਕ ਤੋਂ ਤੁਰੀ ਕਹਾਣੀਂ,
ਇਹ ਦੁਨੀਆਂ ਦਰਿਆਵਾਂ ਤੇ ਜਨਮੀਂ ਉਸਨੂੰ ਸਾਗਰ ਚ' ਟੋਲਦੀ ਹੈ।
ਕੁਝ ਨਾਂ ਜੰਮੇਂ ਪਹਾੜ ਦੀ ਟੀਸੀ, ਰੁੱਖ ਬੂਟਾ ਵੀ ਨਾਂ ਲੱਭੀਸੀ,
ਬਰਫ ਨਾਂ ਜੰਮਿਆਂ ਮੁਲਕਾਂ ਦੇ ਵਿਚ ਕਿਉਂ ਦੁਨੀਆਂ ਜੂਨ ਰੋਲਦੀ ਹੈ।
ਨਾਂ ਹੀ ਮਾਰੂਥਲ ਉਪਜਾਊ, ਬੰਦਾ ਪਾਣੀਂ ਕਿਥੋਂ ਲਿਆਊ,
ਅਫਰੀਕਾ ਵਿਚ ਜਨਮੀਂ ਦੁਨੀਆਂ ਮੰਨਕੇ ਇਹ ਕੋਹਤੀ ਕੜ੍ਹੀ ਘੋਲਦੀ ਹੈ।
ਮਿਠਾ ਹੈ ਦਰਿਆਵੀ ਪਾਣੀ, ਮੈਂ ਇਹ ਜੋਤੀ ਨਹੀਂ ਕਹਾਣੀ,
ਦੁਨੀਆਂ ਦਾ ਜਨਮ ਪੰਜਾਬ ਵਿਚ ਮੰਨਣ ਤੋਂ ਦੁਨੀਆਂ ਕਿਉਂ ਡੋਲਦੀ ਹੈ।
ਅੱਖਰ ਲਿਖਣ ਦਾ ਵਿਧੀ ਵਿਧਾਨ, ਇਹ ਵੀ ਪੰਜਾਬੀ ਹੈ ਗਿਆਨ,
ਮੁਢਲੀ ਭਾਸ਼ਾ ਸੀ ਪੰਜਾਬੀ, ਸੰਸਕਰਿਤ ਇਸਦਾ ਭੇਦ ਖੋਲਦੀ ਹੈ।
ਰਿਗਵੇਦ ਹੈ ਪਹਿਲਾ ਗ੍ਰੰਥ, ਬਾਕੀ ਮਗਰੋਂ ਲਿਖੇ ਛੜਯੰਤ,
ਲਿਖੇ ਪੰਜਾਬ ਚ' ਚਾਰੋਂ ਵੇਦ ਮਹਾਂਭਾਰਤ ਰਾਮਾਇਣ ਦੀ ਕਥਾ ਬੋਲਦੀ ਹੈ।
ਤੂੰ ਸੱਚ ਮੰਨਣਾਂ ਤਾਂ ਮੰਨੀਂ ਜਾਹ, ਮੈਨੂੰ ਕੀ ਜਾਹ ਖਸਮਾਂ ਨੂੰ ਖਾਹ,
ਪਰ ਜਦ ਇਤਹਾਸ ਦੀ ਗੱਲ ਕਰਦੀ, ਦਨੀਆਂ ਝੂਠ ਬੋਲਦੀ ਹੈ॥

دُنیا جُھوٹھ بولدی ہے

توں سچ منّنا تاں منی جا، مینوں کیہ جا کھسماں نوں کھا
پر جد اتہاس دی گلّ کردی، دنیاں جھوٹھ بولدی ہے
پنج سو سال پہلاں فرمایا، پندراں سو وچ جھوٹھ رلایا
اتہاس تے قبضہ کرکے دنیاں کفر تولدی ہے
کھارا ہوندا سمندری پانی، نہیں گریک توں تری کہانی
ایہہ دنیا دریاواں تے جنمیں اسنوں ساگر چ' ٹھولدی ہے
کجھ ناں جمیں پہاڑ دی ٹیسی، رکھ بوٹا وی ناں لبھیسی،
برف ناں جمیاں ملکاں دے وچ کیوں دنیاں جون رولدی ہے
ناں ہی ماروتھل اپجاؤ، بندہ پانیں کتھوں لیاؤ
افریقہ وچ جنمیں دنیاں منکے ایہہ کیہڑی کڑھی گھولدی ہے
مٹھا ہے دریاوی پانی، میں ایہہ جوڑی نہیں کہانی
دنیا دا جنم پنجاب وچ منن توں دنیاں کیوں ڈولدی ہے۔
اکھر لکھن دا ودھی ودھان، ایہہ وی پنجابی ہے گیان
مڈھلی بھاشا سی پنجابی، سنسکرت اسدا بھید کھولدی ہے
رگ وید ہے پہلا گرنتھ، باقی مگروں لکھے چھڑینت
لکھے پنجاب چ' چاروں وید مہابھارت رامائن دی کتھا بولدی ہے
توں سچ منّنا تاں منی جا، مینوں کیہ جاہ کھسماں نوں کھا
پر جد اتہاس دی گلّ کردی، دنیاں جھوٹھ بولدی ہے۔۔

ਲੁੰਬੜ

ਦੁਨੀਆਂ ਨੂੰ ਮੱਤਾਂ ਦੇਂਦੇ ਦੋ ਲੁੰਬੜ ਵਾਰੋ ਵਾਰੀ।
ਦੋਵੇਂ ਨਿੱਤ ਬਹਿੰਦੇ ਸ਼ਿਸਤ ਲਗਾ ਕੇ ਦੋਵੇਂ ਬੜੇ ਸ਼ਿਕਾਰੀ।
ਕੌਨੇ ਕੌਨੇ ਤੋਂ ਵਾਕਿਫ ਉਹ ਸਾਰੀ ਜੂਹ ਦੇ ਜਾਣੀਂ,
ਕਰਦੇ ਫਿਰਦੇ ਉਹ ਗਰਦਾਉਰੀ ਦੋਵੇ ਹੀ ਪਟਵਾਰੀ।
ਇਕ ਦੂਜੇ ਤੋਂ ਬਚਕੇ ਰਹਿੰਦੇ ਇਕ ਦੂਜੇ ਤੋਂ ਜਾਣੂੰ,
ਹਾਥੀ ਦੇ ਦੰਦਾਂ ਵਰਗੀ ਪਰ ਦੋਹਾਂ ਦੇ ਵਿਚਲੀ ਯਾਰੀ।
ਸਾਰਾ ਪਿੰਡ ਲੜਾ ਕੇ ਰੱਖਦੇ ਦੋਹਾਂ ਧਿਰਾਂ ਚ' ਦੋਵੇਂ,
ਸਾਰਾ ਪਿੰਡ ਡਾਂਗੋਸੋਟੀ ਉਹ ਦੋਵੇਂ ਕਰਨ ਸਰਦਾਰੀ।
ਕਦੇ ਧਰਮ ਦਾ ਪੰਗਾ ਪਾ ਚੋਣਾਂ ਜਿਤ ਜਾਂਦੇ ਨੇਂ,
ਬਿਨਾਂ ਪਾਣੀਂ ਤੋਂ ਪਾਣੀਂ ਦੇ ਵਿਚ ਕਦੇ ਲਗਾਉਂਦੇ ਤਾਰੀ।
ਅੰਨਦਾਤਾ ਕਿਰਸਾਣ ਤੇ ਕਿਰਤੀ ਦੋਵੇਂ ਹਾਰੇ ਬੈਠੇ,
ਲੇਕਿਨ ਲੁੰਬੜ ਤਾਂ ਜਿਤ ਜਾਂਦੇ ਦੋਵੇਂ ਹੀ ਵਾਰੋ ਵਾਰੀ।
ਜੱਗ ਦੀ ਜਨਮ ਭੂਮੀਂ ਨੂੰ ਦੇਖੋ ਲੀਰੋ ਲੀਰੀ ਕੀਤਾ,
ਜੋ ਪਾਣੀਆਂ ਦੀ ਧਰਤੀ ਸੀ ਪਿਆਸੀ ਅੱਜ ਵਿਚਾਰੀ।
ਕੀ ਭੁੱਲ ਸਾਡੇ ਤੋਂ ਹੋਗੀ ਕਾਹਦੀ ਸਜ਼ਾ ਮਿਲੀ ਹੈ,
ਬੜੀ ਬਹਾਦਰ ਕੌਮ ਹੈ ਜੇਹੜੀ ਝੱਲੇ ਖੱਜਲ ਖੁਆਰੀ।
ਜੰਮਣਵਾਲੀ ਮਾਂ ਧਰਤੀ ਤੇ ਸਾਡੀ ਮਾਂ ਬੋਲੀ ਨੂੰ,
ਗੈਰਾਂ ਦੇ ਆਖੇ ਲੱਗਕੇ ਇਹ ਦੋਵੇਂ ਬੈਠੇ ਅੱਜ ਵਿਸਾਰੀ।
ਸਿਰ ਉਠਦਾ ਹੈ ਜੇਹੜਾ ਉਸਨੂੰ ਓਥੇ ਕਾਬੂ ਕਰਦੇ,
ਦੋਵੇਂ ਹੀ ਲੁੰਬੜ ਰਲਕੇ ਉਸਤੇ ਫੌਜ ਚੜ੍ਹਾਉਂਦੇ ਭਾਰੀ।
ਲੱਜਵਲੱਜਾ ਜੋਕਰ ਆਪਣੇ ਅੰਦਰ ਵੜਿਆ ਬੈਠਾ,
ਦੇਸ਼ ਧਰ੍ਹੋ ਉਸਨੂੰ ਕਹਿੰਦੇ ਜਿਸਨੂੰ ਮਾਂ ਬੜੀ ਪਿਆਰੀ।
ਆਓ ਰਲ ਮਿਲ ਸਾਰੇ ਦੋਵੇਂ ਲੁੰਬੜ ਸਿਰ ਤੋਂ ਲਾਹੋ,
ਨਹੀਂ ਤਾਂ ਸਾਨੂੰ ਭਰਨੀਂ ਪੈਣੀਂ ਇਸਦੀ ਕੀਮਤ ਭਾਰੀ।
ਤਕੜੇ ਹੋ ਕੇ ਤੁਰਨਾਂ ਪੈਣਾਂ ਸਭ ਨੂੰ ਕੱਠੇ ਹੋ ਕੇ,
ਨਹੀਂ ਤਾਂ ਲੁੰਬੜ ਤਾਂ ਕਰਦੇ ਨੇ ਹੁਣੇ ਹੀ ਅਗਲੀ ਤਿਆਰੀ।
ਸੁੱਨਤ ਦੇ ਜ਼ੁੰਮੇਂ ਵੀ ਜੇਹੜਾ ਕੰਮ ਤੁਸੀਂ ਲਾਵੋਗੇ,
ਜਾਨ ਵਾਰਦੂ ਪਰ ਉਸਨੇ ਪਿਛੇ ਨਹੀਂ ਹਟਣਾਂ ਇਸ ਵਾਰੀ।

لُومبڑ

دُنیا نوں متاں دیندے دو لومبڑ وارو واری
دوویں نت بہندے شست لگا کے دوویں بڑے شکاری
کونے کونے توں واقف اوہ ساری جوہ دے جانیں
کردے پھردے اوہ گرداؤری دووے ہی پٹواری
اک دوجے توں بچکے رہندے اک دوجے توں جانوں
ہاتھی دے دنداں ورگی پر دوہاں دے وچلی یاری
سارا پنڈ لڑا کے رکھدے دوہاں دھراں چ دوویں
سارا پنڈ ڈانگوسوٹی اوہ دوویں کرن سرداری
کدے دھرم دا پنگا پا چوناں جت جاندے نیں
بناں پانی توں پانی دے وچ کدے لگاؤندے تاری
ان داتا کرسان تے کرتی دوویں ہارے بیٹھے
لیکن لومبڑ تاں جت جاندے دوویں ہی وارو واری
جگ دی جنم بھومی نوں دیکھو لیرو لیری کیتا
جو پانیاں دی دھرتی سی پیاسی اج وچاری
کیہ بھلّ ساڈے توں ہوگی کاہدی سزا ملی ہے
بڑی بہادر قوم ہے جیہڑی جھلے کھجل خواری
جمن والی ماں دھرتی تے ساڈی ماں بولی نوں
غیراں دے آکھے لگ کے ایہہ دوویں بیٹھے اج وساری
سر ٹھدا ہے جیہڑا اسنوں اوتھے قابو کردے
دوویں ہی لومبڑ رل کے استے فوج چڑھاؤندے بھاری
لجولجا جیکر اپنے اندر وڑیا بیٹھا
دیش دھرو اسنوں کہندے جسنوں ماں بڑی پیاری
آؤ رل مل سارے دوویں لومبڑ سر توں لاہو
نہیں تاں سانوں بھرنی پینیں اسدی قیمت بھاری
تکڑے ہو کے ترناں پیناں سبھ نوں کٹھے ہو کے
نہیں تاں لومبڑ تاں کردے نے ہنے ہی اگلی تیاری
سُنڑ دے زمیں وی جیہڑا کم تسیں لاووگے
جان واردو پر اسنے پچھے نہیں ہٹناں اس واری

ਸਬਜ਼ਬਾਗ

ਦੁਨੀਆਂ ਨੇਂ ਮੈਨੂੰ ਮੇਲਾ ਕਰ ਛੱਡਿਆ ਸੀ,
ਮੈਂ ਮੇਲ ਧੋਂਦਿਆਂ ਆਪਣਾ ਆਪ ਨਖਿਾਰ ਲਿਆ।
ਦੁਨੀਆਂ ਨੂੰ ਆਪਣੀ ਕਹਿਣਾਂ ਚਾਹੁੰਦਾ ਸਾਂ,
ਕੋਇ ਨਾ ਲੱਭਾ ਆਪਣਾਂ, ਕੱਲਿਆਂ ਸਾਰ ਲਿਆ।
ਮੇਰਾ ਆਪਣਾਪਣ ਹੀ ਤਾਂ ਮੇਰਾ ਹੈ ਬਸ ਕੁਝ,
ਕੱਲਿਆਂ ਬਹਿ ਕੇ ਮੈਂ ਇਹ ਸੋਚ ਵਿਚਾਰ ਲਿਆ।
ਦਰਦ ਨਾਂ ਦੇਂਦੀ ਦੁਨੀਆਂ ਤਾਂ ਛੱਕ ਰਹਿਣਾਂ ਸੀ,
ਚੰਗਾ ਹੋਇਆ ਸਬ਼ਜ਼ਬਾਗ ਝੱਖ ਮਾਰ ਲਿਆ।

سبز باغ

دنیا نے مینوں مَیلا کر چھڈیا سی
میں میل دھوندیاں اپنا آپ نکھار لیا
دنیا نوں اپنی کہناں چاہندا ساں
کوئی نہ لبھا آپناں، کلیاں سار لیا
میرا آپناپن ہی تاں میرا ہے بس کجھ
کلیاں بہہ کے میں ایہہ سوچ وچار لیا
درد ناں دیندی دنیاں تاں چھکّ رہناں سی
چنگا ہویا سبز باغ جھکھّ مار لیا

ਸੰਤਾਪ

ਸਾਨੂੰ ਮੰਨੂੰ ਨੇਂ ਕੀ ਵੱਢਣਾ ਅਸੀਂ ਆਪਣੇ ਕਾਤਲ ਆਪ।
ਅਸੀਂ ਸਿਖਦੇ ਨਹੀਂ ਸਿਖਾਲਦੇ, ਸਭ ਇਕ ਦੂਜੇ ਦੇ ਬਾਪ।
ਦੇਸ਼ ਭਗਤ ਹੈ ਕੌਮ ਇਹ ਸਾਡੀ, ਹੋ ਜਾਂਦੇ ਝੱਟ ਕੁਰਬਾਨ,
ਅਸੀਂ ਖੁਦ ਨੂੰ ਨਹੀਂ ਪਹਿਚਾਣਿਆਂ ਤਾਂ ਭੋਗ ਰਹੇ ਸੰਤਾਪ।

سنتاپ

سانوں منوں نیں کی وڈھناں اسیں اپنے قاتل آپ
اسیں سکھدے نہیں سکھالدے، سبھ اک دوجے دے باپ
دیش بھگت ہے قوم ایہہ ساڈی، ہو جاندے جھٹ قربان
اسیں خود نوں نہیں پہچانیاں تاں بھوگ رہے سنتاپ

ساکہ نیلا تارہ

جس دیش دیاں صفتاں کردیاں جھیبھ نہیں تھکدی ساڈی
اوس دیش دی فوج ہی جیکر سانوں مارن آوے
ہرمندر دے اندر لکھاں واہیگرو واہیگرو کردے پریمی
توپاں تے بندوقاں دے نال ساری سنگت مار مکاوے
"ہرمندر تسنوں آکھیئے جتھوں ہر جاتا" ہری رام
اس مندر تے ساڈی فوج وڈھیاں ٹینکاں آن چڑھاوے
جو جو بھانا ورتیا اس دن خون وچ ہے سکھاں دے
کیہ اس دیش دے واسی ہاں اسیں کسینوں سمجھ نہ آوے
نویں گلّ نہیں ہے کہ اسیں ہوئِ ودیشی پہلی واری
ربّ جانے سکھ قوم کیوں نہیں کرکے رکھدی تیاری
بھلیا ہویا دیش بھگت گورو گوبند سنگھ نوں کہندے
جیہناں دا دھرم بچاؤن نوں گورو وڈھی قیمت تاری
نہ ہوندے جے گوبند سنگھ تاں ہندو کوئِ نہ ہوندا
تیغ بہادر ہند دی چادر قربانی دتی بہت نیاری
رام رام کردے پھردے پر رام پچھان نہیں سکدے
نانک دے سانجھے دھرم نوں جھلنی پیندی ہے کھجل خواری
اسیں گلاں بہت ہی کردے ہاں پر گلاں تکّ سیمت
گلیں یوگ نہیں ہوندا حق ملدا ہے تلوار نال
دشٹاں نال نہیں یاری تاں نبھدی یار نال
ہتھیار چکنا دھرم ہے جے گلّ نہ بندی پیار نال
منگیاں کنے نہیں دیناں سبھ گلّ کردے ہنکار نال
حق آپناں لے سکدے خود اپنے اختیار نال
جے ساودھان ناں ہوئی تاں ہر وار ہی کٹّ کھاواں گے
گلّ کریئے سنیئں منیئں گلّ بنیں ادھیکار نال

ਸਾਕਾ ਨੀਲਾ ਤਾਰਾ

ਜਿਸ ਦੇਸ਼ ਦੀਆਂ ਸਿਫਤਾਂ ਕਰਦਿਆਂ ਜੀਭ ਨਹੀਂ ਥੱਕਦੀ ਸਾਡੀ,
ਉਸ ਦੇਸ਼ ਦੀ ਫੌਜ ਹੀ ਜੇਕਰ ਸਾਨੂੰ ਮਾਰਨ ਆਵੇ।
ਹਰਿਮੰਦਰ ਦੇ ਅੰਦਰ ਲੱਖਾਂ ਵਾਹੇਗੁਰੂ ਵਾਹੇਗੁਰੂ ਕਰਦੇ ਪ੍ਰੇਮੀ,
ਤੋਪਾਂ ਤੇ ਬੰਦੂਕਾਂ ਦੇ ਨਾਲ ਸਾਰੀ ਸੰਗਤ ਮਾਰ ਮੁਕਾਵੇ।
''ਹਰਿਮੰਦਰ ਤਿਸਨੂੰ ਆਖੀਇ ਜਿਥੋਂ ਹਰ ਜਾਤਾ'' ਹਰੀ ਰਾਮ,
ਉਸ ਮੰਦਰ ਤੇ ਸਾਡੀ ਫੌਜ ਵੱਢੀਆਂ ਟੈਂਕਾਂ ਆਣ ਚੜ੍ਹਾਵੇ।
ਜੋ ਜੋ ਭਾਣਾਂ ਵਰਤਿਆ ਉਸ ਦਿਨ ਖ਼ੂਨ ਵਿਚ ਹੈ ਸਿਖਾਂ ਦੇ,
ਕੀ ਇਸ ਦੇਸ਼ ਦੇ ਵਾਸੀ ਹਾਂ ਅਸੀਂ ਕਿਸੇਨੂੰ ਸਮਝ ਨਾ ਆਵੇ।
ਨਵੀਂ ਗੱਲ ਨਹੀਂ ਹੈ ਕਿ ਅਸੀਂ ਹੋਇ ਵਿਦੇਸ਼ੀ ਪਹਿਲੀ ਵਾਰੀ,
ਰੱਬ ਜਾਣੇ ਸਿਖ ਕੌਮ ਕਿਉਂ ਨਹੀਂ ਕਰਕੇ ਰੱਖਦੀ ਤਿਆਰੀ।
ਭੁੱਲਿਆ ਹੋਇਆ ਦੇਸ਼ ਭਗਤ ਗੁਰੂ ਗੋਬਿੰਦ ਸਿੰਘ ਨੂੰ ਕਹਿੰਦੇ,
ਜਿਨ੍ਹਾਂ ਦਾ ਧਰਮ ਬਚਾਉਣ ਨੂੰ ਗੁਰੂ ਵੱਢੀ ਕੀਮਤ ਤਾਰੀ।
ਨਾਂ ਹੁੰਦੇ ਜੇ ਗੋਬਿੰਦ ਸਿੰਘ ਤਾਂ ਹਿੰਦੂ ਕੋਇ ਨਾ ਹੁੰਦਾ,
ਤੇਗ ਬਹਾਦਰ ਹਿੰਦ ਦੀ ਚਾਦਰ ਕੁਰਬਾਨੀ ਦਿਤੀ ਬਹੁਤ ਨਿਆਰੀ।
ਰਾਮ ਰਾਮ ਕਰਦੇ ਫਿਰਦੇ ਪਰ ਰਾਮ ਪਛਾਣ ਨਹੀਂ ਸਕਦੇ,
ਨਾਨਕ ਦੇ ਸਾਂਝੇ ਧਰਮ ਨੂੰ ਝੱਲਣੀ ਪੈਂਦੀ ਹੈ ਖੱਜਲ ਖੁਆਰੀ।
ਅਸੀਂ ਗੱਲਾਂ ਬਹੁਤ ਹੀ ਕਰਦੇ ਹਾਂ ਪਰ ਗੱਲਾਂ ਤੱਕ ਸੀਮਤ,
ਗੱਲੀਂ ਯੋਗ ਨਹੀਂ ਹੁੰਦਾ ਹੱਕ ਮਿਲਦਾ ਹੈ ਤਲਵਾਰ ਨਾਲ।
ਦੁਸ਼ਟਾਂ ਨਾਲ ਨਹੀਂ ਯਾਰੀ ਤਾਂ ਨਿਭਦੀ ਯਾਰ ਨਾਲ,
ਹਥਿਆਰ ਚੁੱਕਣਾਂ ਧਰਮ ਹੈ ਜੇ ਗੱਲ ਨਾ ਬਣਦੀ ਪਿਆਰ ਨਾਲ।
ਮੰਗਿਆਂ ਕਿਨੇ ਨਹੀਂ ਦੇਣਾਂ ਸਭ ਗੱਲ ਕਰਦੇ ਹੰਕਾਰ ਨਾਲ,
ਹੱਕ ਆਪਣਾਂ ਲੈ ਸਕਦੇ ਖੁਦ ਆਪਣੇ ਅਖਤਿਆਰ ਨਾਲ।
ਜੇ ਸਾਵਧਾਨ ਨਾਂ ਹੋਇ ਤਾਂ ਹਰ ਵਾਰ ਹੀ ਕੁੱਟ ਖਾਵਾਂਗੇ,
ਗੱਲ ਕਰੀਇ ਸੁਣੀਇਂ ਮੰਨੀਇਂ ਗੱਲ ਬਣਨੀ ਅਧਿਕਾਰ ਨਾਲ।

ਅੱਜ ਖੁੱਲ ਕੇ ਗੱਲ ਕਰ ਸੁੱਨਤਾ ਦੇਖੀਂ ਡਰਕੇ ਨਾ ਬਹਿ ਜਾਵੀਂ,
ਦਿਲ ਦੀ ਭਾਫ ਕੱਢ ਲਾ ਅੱਜ ਤੂੰ ਸੱਚੋ ਸੱਚ ਗੱਲ ਸਣਾਂਵੀਂ।
ਨਾਨਕ, ਅੰਗਦ, ਅਰਜਣ ਨੂੰ ਹਿੰਦੂਆਂ ਨੇ ਦੇਵ ਬਣਾ ਦਿਤਾ,
''ਗੁਰ ਜੇਵਡ ਨਹੀਂ ਕੋ ਦੇਵ'' ਪਰ ਦੇਵ ਤਖੱਲਸ ਲਾਅ ਦਿਤਾ।
ਸਾਬਤ ਸੂਰਤ ਗੋਬਿੰਦ ਸਿੰਘ ਦੀ ਦਾੜ੍ਹੀ ਦੇ ਖਤ ਕੱਢਦੇ ਲੋਕ,
ਦਾੜ੍ਹਾ ਗੁਰੂ ਦਾ ਕੱਟ ਵੱਢ ਕਰਕੇ ਘਰ ਘਰ ਦੇ ਵਿਚ ਲਾ ਦਿਤਾ।
ਨਾ ਕਿਸੇ ਤਖਤ ਨਾ ਜਥੇਦਾਰ ਨੇਂ ਅੱਜ ਤੱਕ ਗੱਲ ਚਿਤਾਰੀ,
ਕਿਦਾਂ ਕਹਿ ਸਕਦੇ ਇਹ ਸਭ ਕਿ ਸਿਖੀ ਸਾਨੂੰ ਬਹੁਤ ਪਿਆਰੀ।

اج کھل کے گلّ کر ستڑا دیکھیں ڈرکے نہ بہہ جاویں
دل دی بھاپھ کڈھ لا اج توں سچو سچ گلّ سناویں
نانک، انگد، ارجن نوں ہندواں نے دیوَ بنا دتا
"گر جیوڈ نہیں کو دیوَ" پر دیوَ تخلص لاء دت۔
ثابت صورتَ گوبند سنگھ دی داڑھی دے خط کڈھدے لوک
داڑھا گورو دا کٹّ وڈھ کرکے گھر گھر دے وچ لا دتا
نہ کسے تخت نہ جتھیدار نیں اج تکّ گلّ چتاری
کداں کہہ سکدے ایہہ سبھ کہ سکھی سانوں بہت پیاری

ਤੇਰਾ ਰੁੱਸਣਾ

ਮਹਾਂਬਲੀ ਦੁਨੀਆਂ ਦੇ ਜਿਸ ਧਨੁਸ਼ ਨੂੰ ਚੁੱਕ ਨਹੀਂ ਸੀ ਸਕਦੇ,
ਜਾਨਕੀ ਸੀਤਾ ਉਸ ਧਨੁਸ਼ ਨੂੰ ਨਿਤ ਦਿਨ ਚੁੱਕਦੀ ਧਰਦੀ ਸੀ।
ਸ਼ੇਰ ਗਰਜਦਾ ਸੁਣਕੇ ਡਰਦੇ ਜਾਨ ਲੁਕਾਉਂਦੇ ਫਿਰਦੇ ਲੋਕ,
ਪਰ ਮੈਂ ਤਾਂ ਪੜਿਆ ਸੁਣਿਆਂ ਦੁਰਗਾ ਸ਼ੇਰ ਸਵਾਰੀ ਕਰਦੀ ਸੀ।
ਰਾਧਾ ਦਾ ਨਾਂਮ ਕਰਿਸ਼ਨ ਤੋਂ ਪਹਿਲਾਂ ਹੀ ਲਿਖਿਆ ਜਾਂਦਾ ਹੈ,
ਅਓਰਤ ਜਾਤ ਦਾ ਧੁਰ ਤੋਂ ਲੈ ਕੇ ਦੁਨੀਆਂ ਪਾਣੀਂ ਭਰਦੀ ਸੀ।
ਰੁੱਸਣਾਂ ਮੰਨਣਾਂ ਮਨਾਉਣਾਂ ਤਾਂ ਸਦੀਆਂ ਤੋਂ ਚੱਲਦਾ ਆਇਆ
ਫਿਕਰ ਕਰਨ ਦੀ ਲੋੜ ਨਹੀਂ ਰਾਧਾ ਵੀ ਰੁੱਸਿਆ ਕਰਦੀ ਸੀ।

تیرا رسنا

مہابلی دنیاں دے جس دھنش نوں چکّ نہیں سی سکدے
جانکی سیتا اس دھنش نوں نت دن چکدی دھردی سی
شیر گرجدا سُن کے ڈردے جان لکاؤندے پھردے لوک
پر میں تاں پڑیا سنیاں درگا شیر سواری کردی سی
رادھا دا نام کرشن توں پہلاں ہی لکھیا جاندا ہے
عورت جات دا دھر توں لے کے دنیاں پانی بھردی سی
رسناں منناں مناؤناں تاں صدیاں توں چلدا آیا
فکر کرن دی لوڑ نہیں رادھا وی رسیا کردی سی

ਰਾਜਾ ਪਰਜਾ

ਰਾਜਿਆ ਵੇ ਰਾਜ ਕਰੇਂਦਿਆ, ਤੂੰ ਆਰ ਅਸੀਂ ਇਸ ਪਾਰ।
ਅਸੀਂ ਤੇਰੀ ਪਰਜ਼ਾ ਭਇ ਤੂੰ ਸਾਡੀ ਸਰਕਾਰ।
ਤੂੰ ਹਾਕਮ ਹੈਂ ਹੁਕਮ ਕਰ ਹੁਕਮ ਤੇਰਾ ਮਨਜ਼ੂਰ,
ਕਾਇਦੇ ਤੇ ਕਾਨੂੰਨ ਬਿਨ ਕੋਇ ਪਹੁੰਚ ਨਾਂ ਸਕਦਾ ਦੂਰ।
ਸਹੀ ਰਸਤੇ ਤੇ ਜਾਣ ਵਾਸਤੇ ਰਾਜੇ ਘੜਨ ਅਸੂਲ,
ਵਿਧੀ ਵਿਧਾਂਨ ਜੋ ਬਣ ਗਿਆ ਪਰਜ਼ਾ ਕਰੇ ਕਬੂਲ।
ਦੇਸ਼ ਤਰੱਕੀਆਂ ਜੇ ਕਰੇ ਤਾਂ ਪਰਜ਼ਾ ਨੂੰ ਕੀ ਰੋਸ,
ਡਟਕੇ ਰਾਜੇ ਨਾਲ ਸਭ ਪਰਜ਼ਾ, ਬਿਨਾਂ ਕਿਸੇ ਅਫਸੋਸ।
ਹੱਕ ਤੇ ਫਰਜ਼ ਬਰਾਬਰ ਹੁੰਦੇ, ਇਹ ਵੀ ਗੱਲ ਸਹੀ,
ਰਾਜਾ ਧਰਮੀਂ ਨਹੀਂ ਤਾਂ ਭੁਗਤੂ ਧਰਮਰਾਜ ਦੀ ਵਹੀ।
ਮਰਿਯਾਦਾ ਵਿਚ ਰਹੇ ਸੀ ਰਾਮ ਆਪਣੇ ਦਰਬਾਰ,
ਤਾਂ ਹੀ ਰਾਜੇ ਰਾਮ ਨੂੰ ਦੁਨੀਆਂ ਮੰਨਦੀ ਹੈ ਅਵਤਾਰ।
ਦੁਰਯੋਧਨ ਹਨ ਰਾਜੇ ਜੇਹੜੇ ਕਰਨ ਪਰਜ਼ਾ ਦਾ ਘਾਣ,
ਅੱਤਿ ਖੁਦਾ ਦਾ ਵੈਰ ਹੈ, ਇਹ ਵੀ ਸੱਚ ਫੁਰਮਾਣ।
ਪਰਜ਼ਾ ਹੈ ਤਾਂ ਰਾਜ ਹੈ, ਪਰਜ਼ਾ ਬਿਨ ਰਾਜ ਨਾ ਕੋਇ,
ਰਾਜਾ ਕੱਲਾ ਕੀ ਕਰੂ ਜੇ ਪਰਜ਼ਾ ਹੀ ਸਭ ਨਤੋਇ।
ਪਰਜ਼ਾ ਵੱਲ ਵੀ ਵੇਖ ਰਾਜਿਆ, ਚੰਗਾ ਨਹੀਂ ਹੰਕਾਰ,
ਦਸਾਂ ਸਿਰਾਂ ਵਾਲੇ ਵੀ ਜਾਸਣ ਤੂੰ ਕਿਸ ਪਾਣੀਂਹਾਰ।
ਕੈਸਾ ਇਹ ਦਰਿਆ ਹੈ ਰਾਜੇ ਅਤੇ ਪਰਜ਼ਾ ਵਿਚਕਾਰ,
ਨਫਰਤ ਦਾ ਹੜ੍ਹ ਆ ਗਿਆ ਕਿਦਾਂ ਲੰਘਸੀ ਪਾਰ।
ਰਾਜਿਆ ਵੇ ਅਰਦਾਸ ਕਰ, ਪਰਜ਼ਾ ਸਾਰੀ ਤਿਆਰ,
ਸਾਰੀ ਪਰਜ਼ਾ ਨਾਲ ਜੇ ਰਾਜੇ ਦਾ ਹੋ ਜਾਇ ਪਿਆਰ।
ਰਾਜਿਆ ਵੇ ਰਾਜ ਕਰੇਂਦਿਆ, ਤੂੰ ਆਰ ਅਸੀਂ ਇਸ ਪਾਰ।
ਅਸੀਂ ਤੇਰੀ ਪਰਜ਼ਾ ਭਇ ਤੂੰ ਸਾਡੀ ਸਰਕਾਰ।

راجا پرجا

راجیا وے راج کریندیا، توں آر اسیں اس پار
اسیں تیری پرجا بھاء توں ساڈی سرکار
توں حاکم ہیں حکم کر حکم تیرا منظور،
قاعدے تے قانون بن کوئِ پہنچ ناں سکدا دور۔
صحیح رستے تے جان واسطے راجے گھڑن اصول،
ودھی ودھانن جو بن گیا پرزا کرے قبول۔
دیش ترقیاں جے کرے تاں پرزا نوں کی روس،
ڈٹکے راجے نال سبھ پرزا، بناں کسے افسوس۔
حق تے فرض برابر ہندے، ایہہ وی گلّ صحیح،
راجا دھرمیں نہیں تاں بھگتو دھرمراج دی وحی۔
مریادا وچ رہے سی رام اپنے دربار،
تاں ہی راجے رام نوں دنیاں مندی ہے اوتار۔
دریودھن ہن راجے جیہڑے کرن پرزا دا گھان،
اتِ خدا دا ویر ہے، ایہہ وی سچ فرمان۔
پرزا ہے تاں راج ہے، پرزا بن راج نہ کوئی،
راجا کلا کی کرو جے پرزا ہی سبھ ٹروئی۔
پرزا ولّ وی ویکھ راجیا، چنگا نہیں ہنکار،
دساں سراں والے وی جاسن توں کس پانینہار۔
کیسا ایہہ دریا ہے راجے اتے پرزا وچکار،
نفرت دا ہڑ آ گیا کداں لنگھسی پار۔
راجیا وے ارداس کر، پرزا ساری تیار،
ساری پرزا نال جے راجے دا ہو جائ پیار۔
راجیا وے راج کریندیا، توں آر اسیں اس پار۔
اسیں تیری پرجا بھاء توں ساڈی سرکار۔

ਦੁਨੀਆਂ ਝੂਠ ਬੋਲਦੀ ਹੈ

ਤੂੰ ਸੱਚ ਮੰਨਣਾਂ ਤਾਂ ਮੰਨੀਂ ਜਾਹ, ਮੈਨੂੰ ਕੀ ਜਾਹ ਖਸਮਾਂ ਨੂੰ ਖਾਹ,
ਪਰ ਜਦ ਇਤਹਾਸ ਦੀ ਗੱਲ ਕਰਦੀ, ਦੁਨੀਆਂ ਝੂਠ ਬੋਲਦੀ ਹੈ।
ਪੰਜ ਸੌ ਸਾਲ ਪਹਿਲਾਂ ਫੁਰਮਾਇਆ, ਪੰਦਰਾਂ ਸੌ ਵਿਚ ਝੂਠ ਰਲਾਇਆ,
ਇਤਹਾਸ ਤੇ ਕਬਜ਼ਾ ਕਰਕੇ ਦੁਨੀਆਂ ਕੁਫਰ ਤੋਲਦੀ ਹੈ।
ਖਾਰਾ ਹੁੰਦਾ ਸਮੁੰਦਰੀ ਪਾਣੀਂ, ਨਹੀਂ ਗ੍ਰੀਕ ਤੋਂ ਤੁਰੀ ਕਹਾਣੀਂ,
ਇਹ ਦੁਨੀਆਂ ਦਰਿਆਵਾਂ ਤੇ ਜਨਮੀਂ ਉਸਨੂੰ ਸਾਗਰ ਚ' ਟ੍ਰੋਲਦੀ ਹੈ।
ਕੁਝ ਨਾਂ ਜੰਮੇਂ ਪਹਾੜ ਦੀ ਟੀਸੀ, ਰੁੱਖ ਬੂਟਾ ਵੀ ਨਾਂ ਲੱਭੀਸੀ,
ਬਰਫ ਨਾਂ ਜੰਮਿਆਂ ਮੁਲਕਾਂ ਦੇ ਵਿਚ ਕਿਉਂ ਦੁਨੀਆਂ ਜੁਨ ਰੋਲਦੀ ਹੈ।
ਨਾਂ ਹੀ ਮਾਰੂਥਲ ਉਪਜਾਊ, ਬੰਦਾ ਪਾਣੀਂ ਕਿਥੋਂ ਲਿਆਊ,
ਅਫਰੀਕਾ ਵਿਚ ਜਨਮੀਂ ਦੁਨੀਆਂ ਮੰਨਕੇ ਇਹ ਕੇਹੜੀ ਕੜ੍ਹੀ ਘੋਲਦੀ ਹੈ।
ਮਿਠਾ ਹੈ ਦਰਿਆਵੀ ਪਾਣੀ, ਮੈਂ ਇਹ ਜੋੜੀ ਨਹੀਂ ਕਹਾਣੀ,
ਦੁਨੀਆਂ ਦਾ ਜਨਮ ਪੰਜਾਬ ਵਿਚ ਮੰਨਣ ਤੋਂ ਦੁਨੀਆਂ ਕਿਉਂ ਡੋਲਦੀ ਹੈ।
ਅੱਖਰ ਲਿਖਣ ਦਾ ਵਿਧੀ ਵਿਧਾਨ, ਇਹ ਵੀ ਪੰਜਾਬੀ ਹੈ ਗਿਆਨ,
ਮੁਢਲੀ ਭਾਸ਼ਾ ਸੀ ਪੰਜਾਬੀ, ਸੰਸਕਰਿਤ ਇਸਦਾ ਭੇਦ ਖੋਲਦੀ ਹੈ।
ਰਿਗਵੇਦ ਹੈ ਪਹਿਲਾ ਗ੍ਰੰਥ, ਬਾਕੀ ਮਗਰੋਂ ਲਿਖੇ ਛੜਯੰਤ,
ਲਿਖੇ ਪੰਜਾਬ ਚ' ਚਾਰੋਂ ਵੇਦ ਮਹਾਂਭਾਰਤ ਰਾਮਾਇਣ ਦੀ ਕਥਾ ਬੋਲਦੀ ਹੈ।
ਤੂੰ ਸੱਚ ਮੰਨਣਾਂ ਤਾਂ ਮੰਨੀਂ ਜਾਹ, ਮੈਨੂੰ ਕੀ ਜਾਹ ਖਸਮਾਂ ਨੂੰ ਖਾਹ,
ਪਰ ਜਦ ਇਤਹਾਸ ਦੀ ਗੱਲ ਕਰਦੀ, ਦਨੀਆਂ ਝੂਠ ਬੋਲਦੀ ਹੈ॥

دُنیا جُھوٹھ بولدی ہے

توں سچ منّنا تاں منی جا، مینوں کیہ جا کھسماں نوں کھا
پر جد اتہاس دی گلّ کردی، دنیاں جھوٹھ بولدی ہے
پنج سو سال پہلاں فرمایا، پندراں سو وچ جھوٹھ رلایا
اتہاس تے قبضہ کرکے دنیاں کفر تولدی ہے
کھارا ہوندا سمندری پانی، نہیں گریک توں تری کہانی
ایہہ دنیا دریاواں تے جنمیں اسنوں ساگر چ' ٹھولدی ہے
کجھ ناں جمیں پہاڑ دی ٹیسی، رکھ بوٹا وی ناں لبھیسی،
برف ناں جمیاں ملکاں دے وچ کیوں دنیاں جون رولدی ہے
ناں ہی ماروتھل اپجاؤ، بندہ پانیں کتھوں لیاؤ
افریقہ وچ جنمیں دنیاں منکے ایہہ کیہڑی کڑھی گھولدی ہے
مٹھا ہے دریاوی پانی، میں ایہہ جوڑی نہیں کہانی
دنیا دا جنم پنجاب وچ منن توں دنیاں کیوں ڈولدی ہے۔
اکھر لکھن دا ودھی ودھان، ایہہ وی پنجابی ہے گیان
مڈھلی بھاشا سی پنجابی، سنسکرت اسدا بھید کھولدی ہے
رگ وید ہے پہلا گرنتھ، باقی مگروں لکھے چھڑینت
لکھے پنجاب چ' چاروں وید مہامبھارت رامائن دی کتھا بولدی ہے
توں سچ منّنا تاں منی جا، مینوں کیہ جاہ کھسماں نوں کھا
پر جد اتہاس دی گلّ کردی، دنیاں جھوٹھ بولدی ہے۔۔

ਲੁੰਬੜ

ਦੁਨੀਆਂ ਨੂੰ ਮੱਤਾਂ ਦੇਂਦੇ ਦੋ ਲੁੰਬੜ ਵਾਰੋ ਵਾਰੀ।
ਦੋਵੇਂ ਨਿੱਤ ਬਹਿੰਦੇ ਸ਼ਿਸਤ ਲਗਾ ਕੇ ਦੋਵੇਂ ਬੜੇ ਸ਼ਿਕਾਰੀ।
ਕੋਨੇ ਕੋਨੇ ਤੋਂ ਵਾਕਿਫ ਉਹ ਸਾਰੀ ਜੂਹ ਦੇ ਜਾਣੀਂ,
ਕਰਦੇ ਫਿਰਦੇ ਉਹ ਗਰਦਾਉਰੀ ਦੋਵੇ ਹੀ ਪਟਵਾਰੀ।
ਇਕ ਦੂਜੇ ਤੋਂ ਬਚਕੇ ਰਹਿੰਦੇ ਇਕ ਦੂਜੇ ਤੋਂ ਜਾਨੂੰ,
ਹਾਥੀ ਦੇ ਦੰਦਾਂ ਵਰਗੀ ਪਰ ਦੋਹਾਂ ਦੇ ਵਿਚਲੀ ਯਾਰੀ।
ਸਾਰਾ ਪਿੰਡ ਲੜਾ ਕੇ ਰੱਖਦੇ ਦੋਹਾਂ ਧਿਰਾਂ ਚ' ਦੋਵੇਂ,
ਸਾਰਾ ਪਿੰਡ ਡਾਂਗੋਸੋਟੀ ਉਹ ਦੋਵੇਂ ਕਰਨ ਸਰਦਾਰੀ।
ਕਦੇ ਧਰਮ ਦਾ ਪੰਗਾ ਪਾ ਚੋਣਾਂ ਜਿਤ ਜਾਂਦੇ ਨੇਂ,
ਬਿਨਾਂ ਪਾਣੀਂ ਤੋਂ ਪਾਣੀਂ ਦੇ ਵਿਚ ਕਦੇ ਲਗਾਉਂਦੇ ਤਾਰੀ।
ਅੰਨਦਾਤਾ ਕਿਰਸਾਣ ਤੇ ਕਿਰਤੀ ਦੋਵੇਂ ਹਾਰੇ ਬੈਠੇ,
ਲੇਕਿਨ ਲੁੰਬੜ ਤਾਂ ਜਿਤ ਜਾਂਦੇ ਦੋਵੇਂ ਹੀ ਵਾਰੋ ਵਾਰੀ।
ਜੱਗ ਦੀ ਜਨਮ ਭੂਮੀਂ ਨੂੰ ਦੇਖੋ ਲੀਰੋ ਲੀਰੀ ਕੀਤਾ,
ਜੋ ਪਾਣੀਆਂ ਦੀ ਧਰਤੀ ਸੀ ਪਿਆਸੀ ਅੱਜ ਵਿਚਾਰੀ।
ਕੀ ਭੁੱਲ ਸਾਡੇ ਤੋਂ ਹੋਗੀ ਕਾਹਦੀ ਸਜ਼ਾ ਮਿਲੀ ਹੈ,
ਬੜੀ ਬਹਾਦਰ ਕੌਮ ਹੈ ਜੇਹੜੀ ਝੱਲੇ ਖੱਜਲ ਖੁਆਰੀ।
ਜੰਮਣਵਾਲੀ ਮਾਂ ਧਰਤੀ ਤੇ ਸਾਡੀ ਮਾਂ ਬੋਲੀ ਨੂੰ,
ਗੈਰਾਂ ਦੇ ਆਖੇ ਲੱਗਕੇ ਇਹ ਦੋਵੇਂ ਬੈਠੇ ਅੱਜ ਵਿਸਾਰੀ।
ਸਿਰ ਉਠਦਾ ਹੈ ਜੇਹੜਾ ਉਸਨੂੰ ਓਥੇ ਕਾਬੂ ਕਰਦੇ,
ਦੋਵੇਂ ਹੀ ਲੁੰਬੜ ਰਲਕੇ ਉਸਤੇ ਫੌਜ ਚੜ੍ਹਾਉਂਦੇ ਭਾਰੀ।
ਲੱਜਵਲੱਜਾ ਜੇਕਰ ਆਪਣੇ ਅੰਦਰ ਵੜਿਆ ਬੈਠਾ,
ਦੇਸ਼ ਧਰੋ ਉਸਨੂੰ ਕਹਿੰਦੇ ਜਿਸਨੂੰ ਮਾਂ ਬੜੀ ਪਿਆਰੀ।
ਆਓ ਰਲ ਮਿਲ ਸਾਰੇ ਦੋਵੇਂ ਲੁੰਬੜ ਸਿਰ ਤੋਂ ਲਾਹੋ,
ਨਹੀਂ ਤਾਂ ਸਾਨੂੰ ਭਰਨੀਂ ਪੈਣੀਂ ਇਸਦੀ ਕੀਮਤ ਭਾਰੀ।
ਤਕੜੇ ਹੋ ਕੇ ਤੁਰਨਾਂ ਪੈਣਾਂ ਸਭ ਨੂੰ ਕੱਠੇ ਹੋ ਕੇ,
ਨਹੀਂ ਤਾਂ ਲੁੰਬੜ ਤਾਂ ਕਰਦੇ ਨੇ ਹੁਣੇ ਹੀ ਅਗਲੀ ਤਿਆਰੀ।
ਸੁੱਨੜ ਦੇ ਜ਼ੁੰਮੇਂ ਵੀ ਜੇਹੜਾ ਕੰਮ ਤੁਸੀਂ ਲਾਵੋਗੇ,
ਜਾਨ ਵਾਰਦੂ ਪਰ ਉਸਨੇ ਪਿਛੇ ਨਹੀਂ ਹਟਣਾਂ ਇਸ ਵਾਰੀ।

لُومبڑ

دُنیا نوں متاں دیندے دو لومبڑ وارو واری
دوویں نت بہندے شست لگا کے دوویں بڑے شکاری
کونے کونے توں واقف اوہ ساری جوہ دے جانیں
کردے پھردے اوہ گرداؤری دووے ہی پٹواری
اک دوجے توں بچکے رہندے اک دوجے توں جانوں
ہاتھی دے دنداں ورگی پر دوہاں دے وچلی یاری
سارا پنڈ لڑا کے رکھدے دوہاں دھراں چ دوویں
سارا پنڈ ڈانگوسوٹی اوہ دوویں کرن سرداری
کدے دھرم دا پنگا پا چوناں جت جاندے نیں
بناں پانی توں پانی دے وچ کدے لگاؤندے تاری
ان داتا کرسان تے کرتی دوویں ہارے بیٹھے
لیکن لومبڑ تاں جت جاندے دوویں ہی وارو واری
جگّ دی جنم بھومی نوں دیکھو لیرو لیری کیتا
جو پانیاں دی دھرتی سی پیاسی اج وچاری
کیہ بھلّ ساڈے توں ہوگی کاہدی سزا ملی ہے
بڑی بہادر قوم ہے جیہڑی جھلے کھجل خواری
جمن والی ماں دھرتی تے ساڈی ماں بولی نوں
غیراں دے آکھے لگ کے ایہہ دوویں بیٹھے اج وساری
سر ٹھدا ہے جیہڑا اسنوں اوتھے قابو کردے
دوویں ہی لومبڑ رل کے استے فوج چڑھاؤندے بھاری
لجولجا جیکر اپنے اندر وڑیا بیٹھا
دیش دھرو اسنوں کہندے جسنوں ماں بڑی پیاری
آؤ رل مل سارے دوویں لومبڑ سر توں لاہو
نہیں تاں سانوں بھرنی پینیں اسدی قیمت بھاری
تکڑے ہو کے ترناں پیناں سبھ نوں کٹھے ہو کے
نہیں تاں لومبڑ تاں کردے نے ہنے ہی اگلی تیاری
سُنڑ دے زمیں وی جیہڑا کم تسیں لاووگے
جان واردو پر اسنے پچھے نہیں ہٹناں اس واری